
# ਲੈਨਿਨ

## ਇਨਕਲਾਬੀ ਲੱਫ਼ਾਜ਼ੀ



ਸਭਨਾਂ ਦੇਸਾਂ ਦੇ ਮਜ਼ਦੂਰੋ, ਇਕ ਹੋ ਜਾਓ!

# ਵ· ਇ· ਲੈਨਿਨ

# ਇਨਕਲਾਬੀ ਲੱਫ਼ਾਜ਼ੀ

(ਬਰੇਸਤ ਅਮਨ ਬਾਰੇ "ਖੱਬੇ ਕਮਿਊਨਿਸਟਾਂ" ਦੀਆਂ ਗ਼ਲਤੀਆਂ—
ਲੇਖ ਤੇ ਤਕਰੀਰਾਂ)

ਪ੍ਰਗਤੀ ਪ੍ਰਕਾਸ਼ਨ
ਮਾਸਕੋ

## ਤਤਕਰਾ

ਬਦਕਿਸਮਤ ਅਮਨ ਦੇ ਸਵਾਲ ਦੇ ਇਤਿਹਾਸ ਬਾਰੇ . . . . . . . . ੫

ਵਖਰਾ ਤੇ ਅਲਹਾਕਵਾਦੀ ਅਮਨ ਸਮਝੌਤਾ ਤੁਰਤ ਕਰਨ ਦੇ ਸਵਾਲ ਬਾਰੇ ਪ੍ਰਸਤਾਵਾਂ ਦੇ ਮਗਰੋਂ . . . . . . . . . . . . . . . ੧੫

ਰੂ: ਸੋ: ਡੈ: ਲੇ: ਪਾ: (ਬਾ:) ਦੀ ਕੇਂਦਰੀ ਕਮੇਟੀ ਦੀ ਮੀਟਿੰਗ ਵਿਚ ਜੰਗ ਤੇ ਅਮਨ ਬਾਰੇ ਤਕਰੀਰਾਂ — ੧੧(੨੪) ਜਨਵਰੀ, ੧੯੧੮ . . . . . . ੧੭

ਇਨਕਲਾਬੀ ਲੱਫ਼ਾਜ਼ੀ . . . . . . . . . . . . . . ੨੧

ਖਾਰਸ਼ . . . . . . . . . . . . . . . . ੩੪

ਅਮਨ ਜਾਂ ਜੰਗ? . . . . . . . . . . . . . . . ੩੯

ਰੂ: ਸੋ: ਡੈ: ਲੇ: ਪਾ: (ਬਾ:) ਦੀ ਕੇਂਦਰੀ ਕਮੇਟੀ ਦੀ ਮੀਟਿੰਗ ਵਿਚ ਤਕਰੀਰਾਂ — ੨੩ ਫਰਵਰੀ, ੧੯੧੮ . . . . . . . . . . . . . . ੪੨

ਗ਼ਲਤੀ ਕਿਥੇ ਹੈ? . . . . . . . . . . . . . . ੪੫

ਕੁੱਲ-ਰੂਸ ਕੇਂਦਰੀ ਕਾਰਜ-ਕਰਨੀ ਕਮੇਟੀ ਦੀ ਮੀਟਿੰਗ ਵਿਚ ਰੀਪੋਰਟ — ੨੪ ਫਰਵਰੀ, ੧੯੧੮ . . . . . . . . . . . . . . ੪੮

'ਬਦਕਿਸਮਤ ਅਮਨ' ਵਿਚੋਂ . . . . . . . . . . . . ੫੩

ਵਖਰੇ ਤੇ ਅਲਹਾਕਵਾਦੀ ਅਮਨ ਬਾਰੇ ਰੂ: ਸੋ: ਡੈ: ਲੇ: ਪਾ: (ਬਾ:) ਦੀ ਕੇਂਦਰੀ ਕਮੇਟੀ ਦੀ ਪੁਜ਼ੀਸ਼ਨ . . . . . . . . . . . . . ੫੫

ਦੁਖਦਾਈ ਪਰ ਜ਼ਰੂਰੀ ਸਬਕ . . . . . . . . . . . ੫੯

ਅਨੋਖਾ ਤੇ ਘੋਰ ਬੇਹੂਦਾ . . . . . . . . . . . . ੬੪

ਗੰਭੀਰ ਸਬਕ ਤੇ ਗੰਭੀਰ ਜ਼ਿਮੇਵਾਰੀ . . . . . . . . . . ੭੪

ਰੂ: ਕ: ਪਾ: (ਬਾ:) ਦੀ ਅਸਾਧਾਰਨ ਸਤਵੀਂ ਕਾਂਗਰਸ ੬-੮ ਮਾਰਚ, ੧੯੧੮. ਕੇਂਦਰੀ ਕਮੇਟੀ ਦੀ ਰਾਜਸੀ ਰੀਪੋਰਟ — ੧ ਮਾਰਚ . . . . . . . ੮੧

ਕੇਂਦਰੀ ਕਮੇਟੀ ਦੀ ਰਾਜਸੀ ਰੀਪੋਰਟ ਉੱਪਰ ਬਹਿਸ ਦਾ ਜਵਾਬ — ੮ ਮਾਰਚ . . ੧੦੮
"ਖੱਬੇ ਕਮਿਊਨਿਸਟਾਂ" ਵਲੋਂ ਕੇਂਦਰੀ ਕਮੇਟੀ ਦੇ ਮੈਂਬਰ ਬਨਣ ਤੋਂ ਇਨਕਾਰ ਕਰਨ ਬਾਰੇ ਮਤਾ . . . . . . . . . . . . . . . . . ੧੧੭
"ਖੱਬੇ ਕਮਿਊਨਿਸਟਾਂ" ਦੇ ਵਤੀਰੇ ਬਾਰੇ ਟਿੱਪਣੀ . . . . . . . . ੧੧੮
ਸਾਡੇ ਸਮੇਂ ਦਾ ਮੁਖ ਕਾਰਜ . . . . . . . . . . . . . ੧੧੯
ਸੋਵੀਅਤਾਂ ਦੀ ਅਸਾਧਾਰਨ ਚੌਥੀ ਕੁੱਲ-ਰੂਸ ਕਾਂਗਰਸ — ੧੪-੧੬ ਮਾਰਚ, ੧੯੧੮.
ਅਮਨ ਸੰਧੀ ਦੀ ਪੁਸ਼ਟੀ-ਕਰਨ ਬਾਰੇ ਰੀਪੋਰਟ — ੧੪ ਮਾਰਚ . . . . ੧੨੫
ਅਮਨ ਸੰਧੀ ਦੇ ਪੁਸ਼ਟੀ-ਕਰਨ ਬਾਰੇ ਰੀਪੋਰਟ ਉੱਪਰ ਬਹਿਸ ਦਾ ਜਵਾਬ — ੧੫ ਮਾਰਚ . . . . . . . . . . . . . . . . . . . ੧੪੭
ਬਰੇਸਤ ਸੰਧੀ ਦੇ ਪੁਸ਼ਟੀ-ਕਰਨ ਬਾਰੇ ਮਤਾ . . . . . . . . . . ੧੫੮
ਮਜ਼ਦੂਰਾਂ, ਕਿਸਾਨਾਂ ਤੇ ਲਾਲ ਫੌਜ ਦੇ ਡਿਪਟੀਆਂ ਦੀ ਮਾਸਕੋ ਸੋਵੀਅਤ ਵਿਚ ਤਕਰੀਰ ਵਿਚੋਂ — ੨੩ ਅਪਰੈਲ, ੧੯੧੮ . . . . . . . . . ੧੬੧
ਸੋਵੀਅਤ ਸਰਕਾਰ ਦੇ ਫੌਰੀ ਕੰਮਾਂ ਬਾਰੇ ਰੀਪੋਰਟ ਵਿਚੋਂ, ਜਿਹੜੀ ਕੁੱਲ-ਰੂਸ ਕੇਂਦਰੀ ਕਾਰਜ-ਕਰਨੀ ਕਮੇਟੀ ਦੀ ਮੀਟਿੰਗ ਵਿਚ ਪੇਸ਼ ਕੀਤੀ ਗਈ—੨੯ ਅਪਰੈਲ, ੧੯੧੮ ੧੬੩
"'ਖੱਬੇ ਪੱਖੀ' ਬਚਗਾਨਾਪਣ ਤੇ ਪੈਟੀ-ਬੁਰਜੂਆ ਜ਼ਿਹਨੀਅਤ" ਵਿਚੋਂ . . . ੧੭੩
"'ਖੱਬੇ ਪੱਖੀ' ਕਮਿਊਨਿਜ਼ਮ ਇਕ ਬੱਚਗਾਨਾ ਰੋਗ" ਵਿਚੋਂ . . . . ੧੮੩
ਨੋਟ . . . . . . . . . . . . . . . . . . . ੧੮੯

# ਬਦਕਿਸਮਤ ਅਮਨ ਦੇ ਸਵਾਲ ਦੇ ਇਤਿਹਾਸ ਬਾਰੇ

ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਇਹ ਕੋਈ ਇਤਿਹਾਸ ਦੀ ਗੱਲ ਕਰਨ ਦਾ ਵੇਲਾ ਨਹੀਂ। ਯਕੀਨਨ, ਇਸ ਤਰ੍ਹਾਂ ਦੇ ਦਾਅਵੇ ਦੀ ਆਗਿਆ ਦਿਤੀ ਜਾ ਸਕਦੀ ਹੈ ਜੇ ਬੀਤੇ ਦਾ ਕੋਈ ਖਾਸ ਸਵਾਲ ਅਮਲ ਵਿਚ ਵਰਤਮਾਨ ਨਾਲ ਅਨਿੱਖੜ ਤੌਰ ਉਤੇ ਤੇ ਸਿਧਾ ਸੰਬੰਧਤ ਨਾ ਹੋਵੇ। ਪਰ, ਬਦਕਿਸਮਤ ਅਮਨ ਦਾ ਸਵਾਲ, ਅਸਾਧਾਰਨ ਤੌਰ ਤੇ ਕੁਰੱਖਤ ਅਮਨ ਦਾ ਸਵਾਲ, ਐਸਾ ਭਖਦਾ ਸਵਾਲ ਹੈ ਕਿ ਇਹ ਵਿਆਖਿਆ ਦੀ ਮੰਗ ਕਰਦਾ ਹੈ। ਇਸ ਲਈ ਮੈਂ ਇਸ ਵਿਸ਼ੇ ਬਾਰੇ ਆਪਣੇ ਪ੍ਰਸਤਾਵ ਪੇਸ਼ ਕਰ ਰਿਹਾ ਹਾਂ ਜਿਹੜੇ ੮ ਜਨਵਰੀ, ੧੯੧੮ ਨੂੰ ਲਗਭਗ ਸੱਠ ਉਘੇ ਪੀਤਰੋਗਰਾਦ ਪਾਰਟੀ ਕਾਰਕੁਨਾਂ ਦੀ ਮੀਟਿੰਗ ਵਿਚ ਪੜ੍ਹੇ ਗਏ ਸਨ।

ਇਹ ਹਨ ਇਹ ਪ੍ਰਸਤਾਵ:

ਜਨਵਰੀ ੭, ੧੯੧੮

### ਵਖਰੇ ਤੇ ਅਲਹਾਕਵਾਦੀ ਅਮਨ[1]
### ਬਾਰੇ ਤੁਰਤ ਸਮਝੌਤਾ ਕਰਨ ਦੇ ਸਵਾਲ ਬਾਰੇ
### ਪ੍ਰਸਤਾਵ

੧. ਇਸ ਵੇਲੇ ਰੂਸੀ ਇਨਕਲਾਬ ਦੀ ਐਸੀ ਅਵਸਥਾ ਹੈ ਕਿ ਲਗਭਗ ਸਾਰੇ ਮਜ਼ਦੂਰ ਤੇ ਕਿਸਾਨਾਂ ਦੀ ਭਾਰੀ ਬਹੁ-ਗਿਣਤੀ, ਨਿਰਸੰਦੇਹ, ਸੋਵੀਅਤ ਸੱਤਾ ਦੀ ਤੇ ਸੋਸ਼ਲਿਸਟ ਇਨਕਲਾਬ ਦੀ, ਜਿਹੜਾ ਇਸਨੇ ਸ਼ੁਰੂ ਕੀਤਾ ਹੋਇਆ ਹੈ, ਧਿਰ ਲੈਂਦੀ ਹੈ। ਉਸ ਹੱਦ ਤੱਕ ਰੂਸ ਵਿਚ ਸੋਸ਼ਲਿਸਟ ਇਨਕਲਾਬ ਯਕੀਨੀ ਹੈ।

੨. ਇਸਦੇ ਨਾਲ ਹੀ, ਧਨੀ ਜਮਾਤਾਂ ਦੇ, ਜਿਨ੍ਹਾਂ ਨੇ ਪੂਰੀ ਤਰ੍ਹਾਂ ਸਮਝ ਲਿਆ ਹੈ ਕਿ ਉਹ ਭੂਮੀ ਦੀ ਤੇ ਉਤਪਾਦਨ ਦੇ ਸਾਧਨਾਂ ਦੀ ਨਿੱਜੀ ਮਾਲਕੀ ਨੂੰ ਕਾਇਮ ਰੱਖਣ

ਲਈ ਅੰਤਮ ਤੇ ਫੈਸਲਾਕੁਨ ਲੜਾਈ ਦਾ ਸਾਮ੍ਹਣਾ ਕਰ ਰਹੀਆਂ ਹਨ, ਜਨੂਨੀ ਵਿਰੋਧ ਦੀ ਭੜਕਾਈ ਹੋਈ ਘਰੇਲੂ ਜੰਗ ਅਜੇ ਆਪਣੇ ਸਿਖਰ ਤੇ ਨਹੀਂ ਪੁੱਜੀ। ਇਸ ਜੰਗ ਵਿਚ ਸੋਵੀਅਤ ਸੱਤਾ ਦੀ ਜਿੱਤ ਯਕੀਨੀ ਹੈ, ਪਰ ਇਸ ਤੋਂ ਪਹਿਲਾਂ ਕਿ ਬੁਰਜੂਆਜ਼ੀ ਦੇ ਵਿਰੋਧ ਨੂੰ ਕੁਚਲਿਆ ਜਾ ਸਕੇ, ਕੁਝ ਸਮਾਂ ਅਟੱਲ ਤੌਰ ਤੇ ਲੱਗੇਗਾ, ਅਟੱਲ ਤੌਰ ਤੇ ਕਾਫੀ ਜ਼ਿਆਦਾ ਯਤਨ ਕਰਨ ਦੀ ਲੋੜ ਹੋਵੇਗੀ, ਤੀਖਣ ਆਰਥਕ ਉਖੜ-ਪੁਖੜ ਤੇ ਬਦਇੰਤਜ਼ਾਮੀ ਦਾ ਕੁਝ ਦੌਰ ਅਟੱਲ ਹੋਵੇਗਾ, ਜਿਹੜਾ ਸਭ ਜੰਗਾਂ ਨਾਲ ਤੇ ਖਾਸ ਕਰਕੇ ਘਰੇਲੂ ਜੰਗ ਨਾਲ ਆਉਂਦਾ ਹੈ।

੩. ਇਸਦੇ ਨਾਲ ਹੀ, ਆਪਣੇ ਘੱਟ ਸਰਗਰਮ ਤੇ ਗੈਰ-ਫੌਜੀ ਰੂਪਾਂ — ਜਿਵੇਂ ਕਿ ਸਾਬੋਤਾਜ, ਜਮਾਤ-ਹੀਨ ਹੋਏ ਅਨਸਰਾਂ ਨੂੰ ਤੇ ਬੁਰਜੂਆਜ਼ੀ ਦੇ ਏਜੰਟਾਂ ਨੂੰ ਭਾੜੇ ਤੇ ਕਰਨਾ ਜਿਹੜੇ ਸੋਸ਼ਲਿਸਟਾਂ ਦੀਆਂ ਸਫਾਂ ਵਿਚ ਆਪਣਾ ਰਾਹ ਬਣਾ ਲੈਂਦੇ ਹਨ ਤਾਂ ਕਿ ਉਹਨਾਂ ਦੇ ਉਦੇਸ਼ ਨੂੰ ਤਬਾਹ ਕਰ ਸਕਣ, ਵਗੈਰਾ ਵਗੈਰਾ — ਵਿਚ ਇਹ ਵਿਰੋਧ ਏਨਾਂ ਸਿਰੜੀ ਤੇ ਏਨੇ ਤਰ੍ਹਾਂ ਤਰ੍ਹਾਂ ਦੇ ਰੂਪ ਧਾਰਨ ਦੇ ਯੋਗ ਸਿਧ ਹੋਇਆ ਹੈ ਕਿ ਇਸਦੇ ਖਿਲਾਫ ਲੜਾਈ ਲਈ ਅਟੱਲ ਤੌਰ ਤੇ ਕੁਝ ਹੋਰ ਵਕਤ ਦੀ ਲੋੜ ਹੋਵੇਗੀ ਤੇ, ਆਪਣੇ ਮੁਖ ਰੂਪਾਂ ਵਿਚ, ਸ਼ਾਇਦ ਹੀ ਹੈ ਕਈ ਮਹੀਨੇ ਬੀਤ ਜਾਣ ਤੋਂ ਪਹਿਲਾਂ ਖਤਮ ਹੋਵੇ। ਤੇ ਜਿੰਨਾਂ ਚਿਰ ਤੱਕ ਬੁਰਜੂਆਜ਼ੀ ਤੇ ਇਸਦੇ ਹਿਮਾਇਤੀਆਂ ਦਾ ਇਹ ਅਕਰਮਕ ਤੇ ਲੁਕਵਾਂ ਵਿਰੋਧ ਯਕੀਨੀ ਤੌਰ ਤੇ ਕੁਚਲ ਨਹੀਂ ਦਿੱਤਾ ਜਾਂਦਾ, ਸੋਸ਼ਲਿਸਟ ਇਨਕਲਾਬ ਸਫਲ ਨਹੀਂ ਹੋ ਸਕਦਾ।

੪. ਆਖਰੀ ਗੱਲ, ਰੂਸ ਦੀ ਸੋਸ਼ਲਿਸਟ ਕਾਇਆ-ਪਲਟ ਦੇ ਜਥੇਬੰਦਕ ਮਸਲੇ ਏਨੇ ਜ਼ਿਆਦਾ ਤੇ ਮੁਸ਼ਕਲ ਹਨ ਕਿ — ਸੋਸ਼ਲਿਸਟ ਪ੍ਰੋਲਤਾਰੀਆਂ ਦੇ ਅਣਗਿਣਤ ਪੈਟੀ-ਬੁਰਜੂਆ ਹਮਰਾਹੀਆਂ ਨੂੰ ਤੇ ਸੋਸ਼ਲਿਸਟ ਪ੍ਰੋਲਤਾਰੀਆਂ ਦੇ ਨੀਵੇਂ ਸਭਿਆਚਾਰਕ ਪੱਧਰ ਨੂੰ ਧਿਆਨ ਵਿਚ ਰਖਦਿਆਂ — ਉਹਨਾਂ ਨੂੰ ਹਲ ਕਰਨ ਲਈ ਵੀ ਕਾਫੀ ਸਮੇਂ ਦੀ ਲੋੜ ਹੋਵੇਗੀ।

੫. ਇਹਨਾਂ ਸਾਰੀਆਂ ਹਾਲਤਾਂ ਨੂੰ ਮਿਲਾ ਕੇ ਦੇਖਿਆਂ ਇਹ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਰੂਸ ਵਿਚ ਸੋਸ਼ਲਿਜ਼ਮ ਦੀ ਸਫਲਤਾ ਲਈ ਕੁਝ ਸਮਾਂ, ਘਟੋ ਘਟ ਕਈ ਮਹੀਨੇ, ਲੁੜੀਂਦੇ ਹੋਣਗੇ, ਜਿਸਦੇ ਦੌਰਾਨ ਸੋਸ਼ਲਿਸਟ ਸਰਕਾਰ ਦੇ ਹੱਥ ਪਹਿਲੀ ਥਾਂ ਤੇ ਆਪਣੇ ਦੇਸ ਵਿਚਲੀ ਬੁਰਜੂਆਜ਼ੀ ਉਪਰ ਜਿੱਤ ਪ੍ਰਾਪਤ ਕਰਨ ਲਈ ਤੇ ਵਡੇ ਪੈਮਾਨੇ ਤੇ ਡੂੰਘੇ ਵਿਸ਼ਾਲ ਜਥੇਬੰਦਕ ਕੰਮ ਸ਼ੁਰੂ ਕਰਨ ਲਈ ਬਿਲਕੁਲ ਆਜ਼ਾਦ ਹੋਣੇ ਚਾਹੀਦੇ ਹਨ।

੬. ਰੂਸ ਵਿਚ ਸੋਸ਼ਲਿਸਟ ਇਨਕਲਾਬ ਦੀ ਅਵਸਥਾ ਸਾਡੀ ਸੋਵੀਅਤ ਸੱਤਾ ਦੇ ਕੌਮਾਂਤਰੀ ਕਰਤਵਾਂ ਦੀ ਕਿਸੇ ਵੀ ਪ੍ਰੀਭਾਸ਼ਾ ਦਾ ਆਧਾਰ ਬਨਣੀ ਚਾਹੀਦੀ ਹੈ, ਕਿਉਂਕਿ

ਜੰਗ ਦੇ ਚੌਥੇ ਸਾਲ ਵਿਚ ਕੌਮਾਂਤਰੀ ਹਾਲਤ ਅਸੀ ਹੈ ਕਿ ਇਨਕਲਾਬ ਦੇ ਸ਼ੁਰੂ ਹੋਣ ਤੇ ਕਿਸੇ ਵੀ ਯੂਰਪੀ ਸਾਮਰਾਜੀ ਸਰਕਾਰ ਦੇ (ਸਮੇਤ ਜਰਮਨ ਸਰਕਾਰ ਦੇ) ਉਲਟਾਏ ਜਾਣ ਦੀ ਸੰਭਵ ਘੜੀ ਬਾਰੇ ਭਵਿਖਬਾਣੀ ਕਰਨਾ ਬਿਲਕੁਲ ਅਸੰਭਵ ਹੈ। ਇਹ ਗੱਲ ਸ਼ੱਕੋਂ ਬਾਹਰੀ ਹੈ ਕਿ ਯੂਰਪ ਵਿਚ ਸੋਸ਼ਲਿਸਟ ਇਨਕਲਾਬ ਹੋਣਾ ਚਾਹੀਦਾ ਹੈ ਤੇ ਹੋਵੇਗਾ। ਸੋਸ਼ਲਿਜ਼ਮ ਦੀ **ਅੰਤਮ** ਜਿੱਤ ਲਈ ਸਾਡੀਆਂ ਸਾਰੀਆਂ ਆਸਾਂ ਇਸ ਯਕੀਨੀ ਗੱਲ ਉਪਰ ਤੇ ਇਸ ਵਿਗਿਆਨਕ ਪੇਸ਼ਗੋਈ ਉਪਰ ਆਧਾਰਤ ਹਨ। ਸਾਡੀਆਂ ਪਰਚਾਰ ਸਰਗਰਮੀਆਂ ਆਮ ਤੌਰ ਉਤੇ, ਤੇ ਭਰਾਤਰੀਕਰਨ ਨੂੰ ਜਥੇਬੰਦ ਕਰਨਾ ਖਾਸ ਤੌਰ ਉਤੇ, ਤੇਜ਼ ਕੀਤਾ ਜਾਣਾ ਤੇ ਪਸਾਰਿਆ ਜਾਣਾ ਚਾਹੀਦਾ ਹੈ। ਪਰ ਰੂਸੀ ਸੋਸ਼ਲਿਸਟ ਸਰਕਾਰ ਦੇ ਦਾਅ-ਪੇਚਾਂ ਨੂੰ ਇਹ ਨਿਸਚਿਤ ਕਰਨ ਦੇ ਯਤਨਾਂ ਉਪਰ ਆਧਾਰਤ ਕਰਨਾ ਗ਼ਲਤੀ ਹੋਵੇਗੀ ਕਿ ਕੀ ਅਗਲੇ ਛੇ ਮਹੀਨਿਆਂ ਵਿਚ (ਜਾਂ ਇਹੋ ਜਿਹੇ ਸੰਖੇਪ ਸਮੇਂ ਵਿਚ) ਯੂਰਪੀ ਤੇ ਖਾਸ ਕਰਕੇ ਜਰਮਨ ਸੋਸ਼ਲਿਸਟ ਇਨਕਲਾਬ ਵਾਪਰੇਗਾ ਜਾਂ ਨਹੀਂ। ਜਿਥੋਂ ਤੱਕ ਕਿ ਇਹ ਨਿਸਚਿਤ ਕਰਨਾ ਬਿਲਕੁਲ ਅਸੰਭਵ ਹੈ, ਇਹੋ ਜਿਹੇ ਸਾਰੇ ਯਤਨ, ਯਥਾਰਥਕ ਬੋਲੀ ਵਿਚ, ਸਿਵਾਏ ਅੰਨ੍ਹੇ ਜੂਏ ਦੇ ਹੋਰ ਕੁਝ ਨਹੀਂ ਹੋਣਗੇ।

੭. ਬਰੇਸਤ-ਲਿਤੋਵਸਕ ਵਿਚ ਹੁਣ — ੭ ਜਨਵਰੀ, ੧੯੧੮ — ਤੱਕ ਚੱਲੀ ਅਮਨ ਗੱਲਬਾਤ ਨੇ ਇਹ ਪੂਰੀ ਤਰ੍ਹਾਂ ਸਪਸ਼ਟ ਕਰ ਦਿਤਾ ਹੈ ਕਿ ਜਰਮਨ ਸਰਕਾਰ ਵਿਚ ਜੰਗ-ਪੱਖੀ ਪਾਰਟੀ (ਚੌਹਰੇ ਗਠਜੋੜ[2] ਦੀਆਂ ਬਾਕੀ ਸਰਕਾਰਾਂ ਜਿਸਦੇ ਅੰਗਸੰਗ ਹਨ) ਦਾ ਹਥ ਨਿਰਸੰਦੇਹ ਤੌਰ ਤੇ ਉੱਪਰ ਹੋ ਗਿਆ ਹੈ ਤੇ ਉਸਨੇ ਪਹਿਲਾਂ ਹੀ ਰੂਸ ਨੂੰ ਇਕ ਤਰ੍ਹਾਂ ਨਾਲ ਅਲਟੀਮੇਟਮ ਦੇ ਦਿੱਤਾ ਹੈ (ਤੇ ਇਸਦੀ ਆਸ ਕੀਤੀ ਜਾ ਸਕਦੀ ਹੈ, ਬਿਲਕੁਲ ਯਕੀਨੀ ਤੌਰ ਤੇ ਆਸ ਕੀਤੀ ਜਾ ਸਕਦੀ ਹੈ, ਕਿ ਹੁਣ ਕਿਸੇ ਵੀ ਦਿਨ ਇਹ ਅਲਟੀਮੇਟਮ ਰਸਮ ਅਨੁਸਾਰ ਵੀ ਦੇ ਦਿਤਾ ਜਾਵੇਗਾ)। ਅਲਟੀਮੇਟਮ ਇਸ ਪ੍ਰਕਾਰ ਹੈ: ਜਾਂ ਤਾਂ ਜੰਗ ਜਾਰੀ ਰਖੀ ਜਾਏ, ਜਾਂ ਅਲਹਾਕ ਨਾਲ ਅਮਨ ਕੀਤਾ ਜਾਏ, ਅਰਥਾਤ ਇਸ ਸ਼ਰਤ ਉਤੇ ਅਮਨ ਕਿ ਅਸੀਂ ਉਹ ਸਾਰਾ ਇਲਾਕਾ ਛੱਡ ਦੇਈਏ ਜਿਸ ਉੱਪਰ ਅਸੀਂ ਕਬਜ਼ਾ ਕੀਤਾ ਹੋਇਆ ਹੈ ਜਦ ਕਿ ਜਰਮਨ ਉਹ **ਸਾਰਾ** ਇਲਾਕਾ ਆਪਣੇ ਕਬਜ਼ੇ ਹੇਠ ਰੱਖਣ ਜਿਸ ਉਪਰ ਉਹਨਾਂ ਕਬਜ਼ਾ ਕੀਤਾ ਹੋਇਆ ਹੈ ਤੇ ਸਾਡੇ ਉਪਰ ਹਰਜਾਨਾ ਠੋਸਣ (ਜਿਸਦਾ ਬਾਹਰੀ ਰੂਪ ਕੈਦੀਆਂ ਦੀ ਸੰਭਾਲ ਲਈ ਅਦਾਇਗੀ ਹੋਵੇਗਾ) — ਲਗਭਗ ਤਿੰਨ ਅਰਬ ਰੂਬਲ ਦਾ ਹਰਜਾਨਾ ਜਿਹੜਾ ਕਈ ਸਾਲਾਂ ਵਿਚ ਅਦਾ ਕਰਨਾ ਹੋਵੇਗਾ।

੮. ਰੂਸ ਵਿਚਲੀ ਸੋਸ਼ਲਿਸਟ ਸਰਕਾਰ ਸਾਮ੍ਹਣੇ ਇਹ ਸਵਾਲ ਹੈ — ਐਸਾ ਸਵਾਲ ਜਿਸਨੂੰ ਹਲ ਕਰਨ ਵਿਚ ਬਿਲਕੁਲ ਦੇਰੀ ਨਹੀਂ ਹੋਣੀ ਚਾਹੀਦੀ — ਕਿ ਕੀ ਹੁਣ ਇਹਨਾਂ ਅਲਹਾਕਾਂ ਦੇ ਨਾਲ ਅਮਨ ਨੂੰ ਪ੍ਰਵਾਨ ਕਰੀਏ, ਜਾਂ ਤੁਰਤ ਇਨਕਲਾਬੀ ਜੰਗ ਚਲਾਈਏ।

ਅਸਲ ਵਿਚ ਵਿਚ-ਵਿਚਾਲੇ ਦਾ ਕੋਈ ਰਾਹ ਨਹੀਂ। ਹੁਣ ਮਾਮਲਾ ਹੋਰ ਪਿੱਛੇ ਨਹੀਂ ਪਾਇਆ ਜਾ ਸਕਦਾ, ਕਿਉਂਕਿ ਅਸੀਂ ਗੱਲਬਾਤ ਨੂੰ ਜਾਣ-ਬੁਝ ਕੇ ਲਮਕਾਉਣ ਲਈ ਸੰਭਵ ਤੇ ਅਸੰਭਵ ਸਭ ਕੁਝ **ਪਹਿਲਾਂ ਹੀ** ਕਰ ਚੁੱਕੇ ਹਾਂ।

੯. ਤੁਰਤ ਇਨਕਲਾਬੀ ਜੰਗ ਦੇ ਹੱਕ ਵਿਚ ਦਲੀਲਾਂ ਦੀ ਨਿਰਖ-ਪਰਖ ਕਰਨ 'ਤੇ, ਪਹਿਲੀ ਦਲੀਲ ਸਾਡੇ ਸਾਮ੍ਹਣੇ ਇਹ ਆਉਂਦੀ ਹੈ ਕਿ ਇਸ ਮੌਕੇ ਉਤੇ ਵਖਰਾ ਅਮਨ, ਯਥਾਰਥਕ ਰੂਪ ਵਿਚ, ਜਰਮਨ ਸਾਮਰਾਜੀਆਂ ਨਾਲ ਸਮਝੌਤਾ, ਇਕ "ਸਾਮਰਾਜੀ ਸੌਦਾ" ਆਦਿ ਹੋਵੇਗਾ, ਤੇ ਇਹ ਕਿ ਇਸਦੇ ਸਿੱਟੇ ਵਜੋਂ ਇਹੋ ਜਿਹੇ ਅਮਨ ਦਾ ਮਤਲਬ ਪ੍ਰੋਲਤਾਰੀ ਕੌਮਾਂਤਰੀਵਾਦ ਦੇ ਬੁਨਿਆਦੀ ਅਸੂਲਾਂ ਨਾਲੋਂ ਬਿਲਕੁਲ ਤੋੜ-ਵਿਛੋੜਾ ਹੋਵੇਗਾ।

ਪਰ ਇਹ ਦਲੀਲ, ਪ੍ਰਤੱਖ ਤੌਰ ਤੇ, ਗ਼ਲਤ ਹੈ। ਜਿਹੜੇ ਮਜ਼ਦੂਰ ਹੜਤਾਲ ਵਿਚ ਹਾਰ ਜਾਂਦੇ ਹਨ ਤੇ ਕੰਮ ਮੁੜ-ਸ਼ੁਰੂ ਕਰਨ ਦੀਆਂ ਐਸੀਆਂ ਸ਼ਰਤਾਂ ਉਤੇ ਦਸਖਤ ਕਰਦੇ ਹਨ ਜਿਹੜੀਆਂ ਉਹਨਾਂ ਦੇ ਹੱਕ ਵਿਚ ਨਹੀਂ ਤੇ ਸਰਮਾਇਦਾਰਾਂ ਦੇ ਹੱਕ ਵਿਚ ਹਨ, ਉਹ ਸੋਸ਼ਲਿਜ਼ਮ ਨਾਲ ਦਗਾ ਨਹੀਂ ਕਰਦੇ। ਇਕੋ ਇਕ ਲੋਕ ਜਿਹੜੇ ਸੋਸ਼ਲਿਜ਼ਮ ਨਾਲ ਗ਼ੱਦਾਰੀ ਕਰਦੇ ਹਨ, ਉਹ ਹਨ ਜਿਹੜੇ ਸਰਮਾਇਦਾਰਾਂ ਦੇ ਮੁਨਾਫੇ ਦੇ ਵਟਾਂਦਰੇ ਵਿਚ ਮਜ਼ਦੂਰਾਂ ਦੇ ਇਕ ਹਿੱਸੇ ਲਈ ਲਾਭ ਪ੍ਰਾਪਤ ਕਰਦੇ ਹਨ; ਸਿਰਫ ਇਹੋ ਜਿਹੇ ਸਮਝੌਤਿਆਂ ਦੀ ਹੀ ਅਸੂਲੀ ਤੌਰ ਤੇ ਆਗਿਆ ਨਹੀਂ ਹੋ ਸਕਦੀ।

ਸੋਸ਼ਲਿਜ਼ਮ ਨਾਲ ਗ਼ੱਦਾਰੀ ਉਹ ਕਰਦਾ ਹੈ ਜਿਹੜਾ ਜਰਮਨ ਸਾਮਰਾਜ ਨਾਲ ਜੰਗ ਨੂੰ ਰਾਖੀ ਦੀ ਤੇ ਨਿਆਈਂ ਜੰਗ ਕਹਿੰਦਾ ਹੈ, ਪਰ ਅਸਲ ਵਿਚ ਐਂਗਲੋ-ਫਰਾਂਸੀਸੀ ਸਾਮਰਾਜੀਆਂ ਤੋਂ ਮਦਦ ਲੈਂਦਾ ਹੈ, ਤੇ ਉਹਨਾਂ ਨਾਲ ਕੀਤੀਆਂ ਖੁਫੀਆ ਸੰਧੀਆਂ ਨੂੰ ਲੋਕਾਂ ਤੋਂ ਲੁਕਾਉਂਦਾ ਹੈ। ਉਹ ਬੰਦਾ ਸੋਸ਼ਲਿਜ਼ਮ ਨਾਲ ਬਿਲਕੁਲ ਗ਼ੱਦਾਰੀ ਨਹੀਂ ਕਰਦਾ, ਜਿਹੜਾ ਲੋਕਾਂ ਤੋਂ ਕੁਝ ਵੀ ਲੁਕਾਏ ਤੋਂ ਬਿਨਾਂ, ਤੇ ਸਾਮਰਾਜੀਆਂ ਨਾਲ ਕੋਈ ਵੀ ਖੁਫੀਆ ਸੰਧੀ ਕਰਨ ਤੋਂ ਬਿਨਾਂ, ਅਮਨ ਦੀਆਂ ਐਸੀਆਂ ਸ਼ਰਤਾਂ ਉਪਰ ਦਸਖਤ ਕਰਨੇ ਮੰਨ ਜਾਂਦਾ ਹੈ ਜਿਹੜੀਆਂ ਕਮਜ਼ੋਰ ਕੌਮ ਦੇ ਹੱਕ ਵਿਚ ਨਹੀਂ ਜਾਂਦੀਆਂ ਤੇ ਇਕ ਧੜੇ ਦੇ ਸਾਮਰਾਜੀਆਂ ਦੇ ਹੱਕ ਵਿਚ ਜਾਂਦੀਆਂ ਹਨ, ਜੇ ਉਸ ਮੌਕੇ 'ਤੇ ਜੰਗ ਨੂੰ ਜਾਰੀ ਰੱਖਣ ਦੀ ਤਾਕਤ ਨਾ ਹੋਵੇ ਤਾਂ।

੧੦. ਤੁਰਤ ਜੰਗ ਦੇ ਹੱਕ ਵਿਚ ਇਕ ਹੋਰ ਦਲੀਲ ਇਹ ਹੈ ਕਿ ਅਮਨ ਬਾਰੇ ਸਮਝੌਤਾ ਕਰਕੇ, ਅਸੀਂ ਬਾਹਰਮੁਖੀ ਤੌਰ ਤੇ ਜਰਮਨ ਸਾਮਰਾਜ ਦੇ ਏਜੰਟ ਬਣ ਜਾਂਦੇ ਹਾਂ, ਕਿਉਂਕਿ ਅਸੀਂ ਇਸਨੂੰ ਮੌਕਾ ਦੇਂਦੇ ਹਾਂ ਕਿ ਸਾਡੇ ਮਹਾਜ਼ ਤੋਂ ਆਪਣੀਆਂ ਫੌਜਾਂ ਵਿਹਲੀਆਂ ਕਰ ਲਵੇ, ਲੱਖਾਂ ਅਖਾਂ ਹੀ ਜੰਗੀ ਕੈਦੀ ਇਸਦੇ ਹਵਾਲੇ ਕਰ ਦੇਂਦੇ ਹਾਂ, ਵਗੈਰਾ ਵਗੈਰਾ। ਪਰ ਇਹ ਦਲੀਲ ਵੀ ਪ੍ਰਤੱਖ ਤੌਰ ਤੇ ਗ਼ਲਤ ਹੈ ਕਿਉਂਕਿ ਇਸ

ਮੌਕੇ ਤੇ ਇਨਕਲਾਬੀ ਜੰਗ, ਬਾਹਰਮੁਖੀ ਤੌਰ ਤੇ ਗੱਲ ਕੀਤਿਆਂ, ਸਾਨੂੰ ਐਂਗਲੋ-ਫਰਾਂਸੀਸੀ ਸਾਮਰਾਜ ਦੇ ਏਜੰਟ ਬਣਾ ਦੇਵੇਗੀ, ਇਸਨੂੰ ਐਸੀਆਂ ਸ਼ਕਤੀਆਂ ਮੁਹਈਆ ਕਰਕੇ ਜਿਹੜੀਆਂ ਇਸਦੇ ਨਿਸ਼ਾਨਿਆਂ ਨੂੰ ਅੱਗੇ ਖੜਣਗੀਆਂ। ਬਰਤਾਨਵੀਆਂ ਨੇ ਸਾਡੇ ਕਮਾਂਡਰ-ਇਨ-ਚੀਫ ਕਰੀਲੇਨਕੋ ਨੂੰ ਸਾਫ ਸਾਫ ਇਹ ਪੇਸ਼ਕਸ਼ ਕੀਤੀ ਸੀ ਕਿ ਜੇ ਅਸੀਂ ਜੰਗ ਜਾਰੀ ਰਖੀਏ ਤਾਂ ਉਹ ਸਾਡੇ ਹਰ ਸਿਪਾਹੀ ਪਿੱਛੇ ਇਕ ਸੌ ਰੂਬਲ ਫੀ ਮਹੀਨਾ ਦੇਣਗੇ। ਜੇ ਅਸੀਂ ਐਂਗਲੋ-ਫਰਾਂਸੀਸੀਆਂ ਤੋਂ ਇਕ ਵੀ ਕਾਪੇਕ ਨਾ ਲਈਏ, ਤਾਂ ਵੀ ਅਸੀਂ ਜਰਮਨ ਫੌਜ ਦੇ ਇਕ ਹਿੱਸੇ ਨੂੰ ਹੋਰ ਪਾਸੇ ਲਾ ਕੇ, ਬਾਹਰਮੁਖੀ ਤੌਰ ਤੇ, ਉਹਨਾਂ ਦੀ ਸਹਾਇਤਾ ਕਰ ਰਹੇ ਹੋਵਾਂਗੇ।

ਉਸ ਦ੍ਰਿਸ਼ਟੀਕੋਨ ਤੋਂ, ਕਿਸੇ ਵੀ ਸੂਰਤ ਵਿਚ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਦੀ ਸਾਮਰਾਜੀ ਬੰਦਸ਼ ਤੋਂ ਪੂਰੀ ਤਰ੍ਹਾਂ ਨਹੀਂ ਬਚ ਰਹੇ ਹੋਵਾਂਗੇ, ਤੇ ਇਹ ਸਪਸ਼ਟ ਹੈ ਕਿ ਸੰਸਾਰ ਸਾਮਰਾਜ ਨੂੰ ਉਲਟਾਏ ਤੋਂ ਬਿਨਾਂ ਇਸ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾਉਣਾ ਅਸੰਭਵ ਹੈ। ਇਸ ਤੋਂ ਠੀਕ ਸਿੱਟਾ ਇਹ ਨਿਕਲਦਾ ਹੈ ਕਿ ਜਿਉਂ ਹੀ ਸੋਸ਼ਲਿਸਟ ਸਰਕਾਰ ਕਿਸੇ ਇਕ ਦੇਸ ਵਿਚ ਜਿੱਤ ਜਾਂਦੀ ਹੈ ਤਾਂ ਸਵਾਲਾਂ ਦਾ ਫੈਸਲਾ ਇਸ ਪੱਖੋਂ ਨਹੀਂ ਕੀਤਾ ਜਾਣਾ ਚਾਹੀਦਾ ਕਿ ਇਸ ਸਾਮਰਾਜ ਨੂੰ ਤਰਜੀਹ ਦਿਤੀ ਜਾਵੇ ਜਾਂ ਉਸ ਸਾਮਰਾਜ ਨੂੰ, ਸਗੋਂ ਨਿਰੋਲ ਰੂਪ ਵਿਚ ਉਹਨਾਂ ਹਾਲਤਾਂ ਦੇ ਦ੍ਰਿਸ਼ਟੀਕੋਨ ਤੋਂ ਕੀਤਾ ਜਾਣਾ ਚਾਹੀਦਾ ਹੈ ਜਿਹੜੀਆਂ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਸੋਸ਼ਲਿਸਟ ਇਨਕਲਾਬ ਦੇ ਵਿਕਾਸ ਤੇ ਪਰਪੱਕਤਾ ਲਈ ਸਭ ਤੋਂ ਚੰਗੀ ਤਰ੍ਹਾਂ ਸਹਾਈ ਹੋਣ।

ਦੂਜੇ ਸ਼ਬਦਾਂ ਵਿਚ, ਸਾਡੇ ਦਾਅ-ਪੇਚਾਂ ਦੇ ਪਿੱਛੇ ਕੰਮ ਕਰਦਾ ਅਸੂਲ ਇਹ ਨਹੀਂ ਹੋਣਾ ਚਾਹੀਦਾ ਕਿ ਇਸ ਮੌਕੇ ਤੇ ਦੋਹਾਂ ਸਾਮਰਾਜਾਂ ਵਿਚੋਂ ਕਿਹੜੇ ਦੀ ਸਹਾਇਤਾ ਕਰਨੀ ਵਧੇਰੇ ਲਾਹੇਵੰਦੀ ਹੈ, ਸਗੋਂ ਇਹ ਹੋਣਾ ਚਾਹੀਦਾ ਹੈ ਕਿ ਸੋਸ਼ਲਿਸਟ ਇਨਕਲਾਬ ਨੂੰ ਆਪਣੇ ਆਪ ਨੂੰ ਮਜ਼ਬੂਤ ਕਰਨ ਦੀ, ਜਾਂ ਘੱਟੋ-ਘੱਟ, ਆਪਣੇ ਆਪ ਨੂੰ ਇਕ ਦੇਸ ਵਿਚ ਕਾਇਮ ਰਖ ਸੱਕਣ ਦੀ, ਜਿੰਨਾਂ ਚਿਰ ਤੱਕ ਕਿ ਦੂਜੇ ਦੇਸ ਇਸ ਨਾਲ ਨਹੀਂ ਰਲ ਜਾਂਦੇ, ਸੰਭਵਨਾ ਵਧ ਤੋਂ ਵਧ ਪੱਕੀ ਤਰ੍ਹਾਂ ਤੇ ਭਰੋਸੇਯੋਗ ਢੰਗ ਨਾਲ ਕਿਵੇਂ ਯਕੀਨੀ ਬਣਾਈ ਜਾ ਸਕਦੀ ਹੈ।

੧੧. ਇਹ ਕਿਹਾ ਜਾ ਰਿਹਾ ਹੈ ਕਿ ਜੰਗ ਦੇ ਜਰਮਨ ਸੋਸ਼ਲ-ਡੈਮੋਕਰੈਟਿਕ ਵਿਰੋਧੀ ਹੁਣ "ਭਾਂਜਵਾਦੀ" ਹੋ ਗਏ ਹਨ ਤੇ ਹੁਣ ਸਾਨੂੰ ਬੇਨਤੀ ਕਰ ਰਹੇ ਹਨ ਕਿ ਜਰਮਨ ਸਾਮਰਾਜ ਅੱਗੇ ਨਾ ਝੁਕੀਏ। ਪਰ ਅਸੀਂ ਸਿਰਫ **ਕਿਸੇ ਦੀ ਆਪਣੀ** ਸਾਮਰਾਜੀ ਬੁਰਜੂਆਜ਼ੀ ਦੇ ਸੰਬੰਧ ਵਿਚ ਹੀ ਭਾਂਜਵਾਦ ਨੂੰ ਮਾਣਤਾ ਦਿੱਤੀ ਸੀ, ਤੇ ਕਿਸੇ "ਦੋਸਤਾਨਾ" ਸਾਮਰਾਜ ਨਾਲ ਰਸਮੀ ਜਾਂ ਹਕੀਕੀ ਗਠਜੋੜ ਕਰਕੇ ਦੂਜੇ ਸਾਮਰਾਜ ਉਪਰ ਪ੍ਰਾਪਤ ਕੀਤੀ

ਜਿੱਤ ਨੂੰ ਹਮੇਸ਼ਾ ਹੀ ਐਸੇ ਢੰਗ ਦੇ ਤੌਰ ਤੇ ਨਿੰਦਿਆ ਹੈ ਜਿਹੜਾ ਅਸੂਲੀ ਤੌਰ ਤੇ ਨਾ-ਆਗਿਆਯੋਗ ਤੇ ਆਮ ਤੌਰ ਉਤੇ ਗ਼ਲਤ ਹੈ।

ਇਸ ਲਈ ਇਹ ਦਲੀਲ ਸਿਰਫ ਪਹਿਲੀ ਦਲੀਲ ਦਾ ਬਦਲਿਆ ਰੂਪ ਹੈ। ਜੇ ਜਰਮਨ ਖੱਬੇ ਸੋਸ਼ਲ-ਡੈਮੋਕਰੈਟ ਇਹ ਤਜਵੀਜ਼ ਦੇ ਰਹੇ ਹੁੰਦੇ ਕਿ ਅਸੀਂ **ਨਿਸਚਿਤ ਸਮੇਂ ਲਈ** ਵਖਰਾ ਅਮਨ ਸਮਝੌਤਾ ਕਰਨਾ ਪਿੱਛੇ ਪਾ ਦੇਈਏ, ਤੇ ਜਰਮਨੀ ਵਿਚ ਇਸ ਸਮੇਂ ਵਿਚ ਇਨਕਲਾਬੀ ਕਾਰਵਾਈ ਦਾ ਯਕੀਨ ਦੁਆਉਂਦੇ ਹੁੰਦੇ, ਤਾਂ **ਹੋ ਸਕਦਾ ਸੀ** ਸਵਾਲ ਸਾਡੇ ਲਈ ਵਖਰੀ ਸ਼ਕਲ ਇਖਤਿਆਰ ਕਰ ਜਾਂਦਾ। ਪਰ, ਇੰਝ ਕਹਿਣਾ ਤਾਂ ਇਕ ਪਾਸੇ, ਜਰਮਨ ਖੱਬੇ-ਪੱਖੀ ਸਿਰਫ ਏਨਾਂ ਐਲਾਨ ਕਰਦੇ ਹਨ: "ਡਟੇ ਰਹੋ ਜਿੰਨਾਂ ਚਿਰ ਡਟ ਸਕਦੇ ਹੋ, ਪਰ ਸਵਾਲ ਦਾ ਫੈਸਲਾ **ਰੂਸੀ** ਸੋਸ਼ਲਿਸਟ ਇਨਕਲਾਬ ਵਿਚਲੇ ਹਾਲਾਤ ਦੇ ਦ੍ਰਿਸ਼ਟੀਕੋਣ ਤੋਂ ਕਰੋ, ਕਿਉਂਕਿ ਜਰਮਨ ਇਨਕਲਾਬ ਬਾਰੇ ਅਸੀਂ ਤੁਹਾਨੂੰ ਕਿਸੇ ਹਾਂ-ਪਖੀ ਗੱਲ ਦਾ ਵਾਅਦਾ ਨਹੀਂ ਕਰਦੇ।"

੧੨. ਇਹ ਕਿਹਾ ਜਾ ਰਿਹਾ ਹੈ ਕਿ ਕਈ ਪਾਰਟੀ ਬਿਆਨਾਂ ਵਿਚ ਅਸੀਂ ਅਸਲ ਵਿਚ ਇਨਕਲਾਬੀ ਜੰਗ ਦਾ "ਵਾਅਦਾ ਕੀਤਾ ਸੀ", ਤੇ ਵਖਰਾ ਅਮਨ ਸਮਝੌਤਾ ਕਰਕੇ ਅਸੀਂ ਆਪਣੇ ਵਾਅਦੇ ਤੋਂ ਫਿਰ ਰਹੇ ਹੋਵਾਂਗੇ।

ਇਹ ਸਚਾਈ ਨਹੀਂ। ਅਸੀਂ ਕਿਹਾ ਸੀ ਕਿ ਸਾਮਰਾਜ ਦੇ ਦੌਰ ਵਿਚ ਇਕ ਸੋਸ਼ਲਿਸਟ ਸਰਕਾਰ ਲਈ ਇਨਕਲਾਬੀ ਜੰਗ ਵਾਸਤੇ "**ਤਿਆਰ ਰਹਿਣਾ ਤੇ ਇਸਨੂੰ ਚਲਾਉਣਾ**" **ਜ਼ਰੂਰੀ ਹੈ**; ਅਸੀਂ ਇਹ ਭਾਵਵਾਚੀ ਸ਼ਾਂਤੀਵਾਦ ਦਾ ਤੇ ਇਸ ਸਿਧਾਂਤ ਦਾ ਮੁਕਾਬਲਾ ਕਰਨ ਲਈ ਕਿਹਾ ਸੀ ਕਿ ਸਾਮਰਾਜ ਦੇ ਦੌਰ ਵਿਚ "ਪਿਤਾਭੂਮੀ ਦੀ ਰਾਖੀ" ਨੂੰ ਪੂਰੀ ਤਰ੍ਹਾਂ ਰੱਦ ਕਰ ਦੇਣਾ ਚਾਹੀਦਾ ਹੈ, ਤੇ ਅਖੀਰ ਤੇ, ਸਿਪਾਹੀਆਂ ਦੇ ਨਿਰੋਲ ਖ਼ੁਦਗਰਜ਼ ਭਾਵਾਂ ਦਾ ਮੁਕਾਬਲਾ ਕਰਨ ਲਈ ਕਿਹਾ ਸੀ, ਪਰ ਅਸੀਂ ਬਿਨਾਂ ਇਹ ਸੋਚੇ-ਸਮਝੇ ਦੇ ਕਿ ਕੀ ਕਿਸੇ ਖਾਸ ਮੌਕੇ ਤੇ ਇਨਕਲਾਬੀ ਜੰਗ ਚਲਾਉਣੀ ਸੰਭਵ ਹੈ ਜਾਂ ਨਹੀਂ, ਇਸਨੂੰ ਸ਼ੁਰੂ ਕਰਨ ਦੀ ਕਦੀ ਵੀ ਸੌਂਹ ਨਹੀਂ ਸੀ ਚੁੱਕੀ।

ਨਿਰਸੰਦੇਹ ਤੌਰ ਤੇ, ਇਸ ਵੇਲੇ ਵੀ ਸਾਨੂੰ ਇਨਕਲਾਬੀ ਜੰਗ ਲਈ **ਤਿਆਰੀ ਕਰਨੀ** ਚਾਹੀਦੀ ਹੈ। ਅਸੀਂ ਇਸ ਵਾਅਦੇ ਨੂੰ ਪੂਰਾ ਕਰ ਰਹੇ ਹਾਂ, ਜਿਵੇਂ ਕਿ ਅਸੀਂ, ਆਮ ਰੂਪ ਵਿਚ, ਆਪਣੇ ਉਹਨਾਂ ਵਾਅਦਿਆਂ ਨੂੰ ਪੂਰਾ ਕੀਤਾ ਹੈ ਜਿਨ੍ਹਾਂ ਨੂੰ ਇਕਦਮ ਪੂਰਾ ਕੀਤਾ ਜਾ ਸਕਦਾ ਸੀ: ਅਸੀਂ ਖੁਫੀਆ ਸੰਧੀਆਂ ਖਤਮ ਕੀਤੀਆਂ, ਸਾਰੀਆਂ ਕੌਮਾਂ ਨੂੰ ਨਿਆਈਂ ਅਮਨ ਦੀ ਪੇਸ਼ਕਸ਼ ਕੀਤੀ, ਤੇ ਕਈ ਵਾਰੀ ਅਮਨ ਗੱਲਬਾਤ ਨੂੰ ਲਮਕਾਉਣ ਲਈ ਆਪਣੀ ਪੂਰੀ ਵਾਹ ਲਾਈ ਤਾਂ ਕਿ ਦੂਜੀਆਂ ਕੌਮਾਂ ਨੂੰ ਸਾਡੇ ਨਾਲ ਰਲਣ ਦਾ ਮੌਕਾ ਮਿਲ ਸਕੇ।

ਪਰ ਇਸ ਸਵਾਲ ਦਾ, ਕਿ **ਕੀ** ਇਨਕਲਾਬੀ ਜੰਗ **ਹੁਣ**, **ਤੁਰਤ**, ਚਲਾਉਣੀ

ਸੰਭਵ ਹੈ, ਨਿਰੋਲ ਰੂਪ ਵਿਚ ਇਸ ਦ੍ਰਿਸ਼ਟੀਕੋਨ ਤੋਂ ਕਿ ਕੀ ਠੋਸ ਹਾਲਤਾਂ ਇਸ ਦੀ ਆਗਿਆ ਦੇਂਦੀਆਂ ਹਨ, ਤੇ ਸੋਸ਼ਲਿਸਟ ਇਨਕਲਾਬ ਦੇ ਹਿਤਾਂ ਤੋਂ ਫੈਸਲਾ ਕੀਤਾ ਜਾਣਾ ਚਾਹੀਦਾ ਹੈ ਜਿਹੜਾ ਇਨਕਲਾਬ ਕਿ ਸ਼ੁਰੂ ਹੋ ਵੀ ਚੁੱਕਾ ਹੈ।

੧੩. ਤੁਰਤ ਇਨਕਲਾਬੀ ਜੰਗ ਦੇ ਹੱਕ ਵਿਚਲੀਆਂ ਦਲੀਲਾਂ ਦਾ ਨਿਚੋੜ ਕਢਦਿਆਂ ਸਾਨੂੰ ਨਤੀਜਾ ਕੱਢਣਾ ਪੈਂਦਾ ਹੈ ਕਿ ਸ਼ਾਇਦ ਇਹੋ ਜਿਹੀ ਨੀਤੀ, ਹੋ ਸਕਦਾ ਹੈ, ਸੁੰਦਰ, ਨਾਟਕੀ ਤੇ ਉਘੜਵੀਂ ਚੀਜ਼ ਵਾਸਤੇ ਮਨੁਖੀ ਲਾਲਸਾ ਨੂੰ ਸੰਤੁਸ਼ਟ ਕਰੇ, ਪਰ ਇਹ ਇਸ ਵੇਲੇ ਚਲਾਏ ਜਾ ਰਹੇ ਸੋਸ਼ਲਿਸਟ ਇਨਕਲਾਬ ਦੇ ਮੌਜੂਦਾ ਪੜਾਅ ਤੇ ਜਮਾਤੀ ਤਾਕਤਾਂ ਤੇ ਪਦਾਰਥਕ ਅੰਸਾਂ ਦੇ ਬਾਹਰਮੁਖੀ ਸੰਤੁਲਨ ਨੂੰ ਪੂਰੀ ਤਰ੍ਹਾਂ ਅੱਖੋਂ ਉਹਲੇ ਕਰ ਰਹੀ ਹੋਵੇਗੀ।

੧੪. ਇਸ ਵਿਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਸਾਡੀ ਫੌਜ ਇਸ ਵੇਲੇ ਬਿਲਕੁਲ ਇਸ ਹਾਲਤ ਵਿਚ ਨਹੀਂ ਤੇ ਅਗਲੇ ਕੁਝ ਹਫਤਿਆਂ ਲਈ (ਤੇ ਸ਼ਾਇਦ ਅਗਲੇ ਕੁਝ ਮਹੀਨਿਆਂ ਲਈ) ਵੀ ਇਸ ਹਾਲਤ ਵਿਚ ਨਹੀਂ ਹੋਵੇਗੀ ਕਿ ਜਰਮਨ ਹਮਲੇ ਨੂੰ ਪਛਾੜ ਸਕੇ; ਇਸਦਾ ਕਾਰਨ, ਪਹਿਲੀ ਥਾਂ ਤੇ, ਸਿਪਾਹੀਆਂ ਦੀ ਬਹੁ-ਗਿਣਤੀ ਦਾ ਅਤਿ ਦਾ ਥਕੇਵਾਂ ਤੇ ਖੀਣਤਾ ਹੈ, ਜਿਸ ਨਾਲ ਮਿਲੀ ਹੋਈ ਹੈ ਖੁਰਾਕ ਸਪਲਾਈ ਕਰਨ, ਬਹੁਤ ਥੱਕਿਆਂ ਹੋਇਆਂ ਦੀ ਥਾਂ ਦੂਜੇ ਭੇਜਣ ਆਦਿ ਦੇ ਮਾਮਲਿਆਂ ਵਿਚ ਯਕੀਨੋਂ ਬਾਹਰੀ ਗੜਬੜ; ਦੂਜੀ ਥਾਂ ਤੇ, ਘੋੜੇ ਪੂਰੀ ਤਰ੍ਹਾਂ ਅਨ-ਫਿੱਟ ਹਨ ਤੇ ਇਸਦੇ ਸਿੱਟੇ ਵਜੋਂ ਸਾਡੇ ਤੋਪਖਾਨੇ ਦਾ ਅਟੱਲ ਨਾਸ ਹੋਇਆ ਹੋਇਆ ਹੈ; ਤੇ ਤੀਜੀ ਗੱਲ, ਰੀਗਾ ਤੋਂ ਲੈ ਕੇ ਰੇਵਲ ਤੱਕ ਦੇ ਤੱਟ ਦੀ ਰਾਖੀ ਕਰਨਾ ਬਿਲਕੁਲ ਅਸੰਭਵ ਹੈ, ਜਿਸ ਨਾਲ ਦੁਸ਼ਮਨ ਨੂੰ ਬਾਕੀ ਦਾ ਲੀਫਲਾਂਦ ਤੇ ਫਿਰ ਏਸਤਲਾਂਦ ਨੂੰ ਕਾਬੂ ਕਰਨ ਦਾ, ਤੇ ਸਾਡੀਆਂ ਫੌਜਾਂ ਦੇ ਭਾਰੇ ਹਿੱਸੇ ਨੂੰ ਪਾਸਿਆਂ ਤੋਂ ਘੇਰਣ ਤੇ ਅਖੀਰ ਤੇ ਪੀਤਰੋਗਰਾਦ ਕਾਬੂ ਕਰਨ ਦਾ ਬਿਲਕੁਲ ਯਕੀਨੀ ਮੌਕਾ ਮਿਲਦਾ ਹੈ।

੧੫. ਫਿਰ, ਇਸ ਵਿਚ ਰਤਾ ਭਰ ਵੀ ਸ਼ੱਕ ਨਹੀਂ ਕਿ ਸਾਡੀ ਫੌਜ ਦੀ ਕਿਸਾਨ ਬਹੁ-ਗਿਣਤੀ ਇਸ ਮੌਕੇ ਤੇ ਬਿਨਾਂ ਕਿਸੇ ਰੱਖ-ਰਖਾਅ ਦੇ ਅਲਹਾਕਾਂ ਦੇ ਨਾਲ ਅਮਨ ਦੇ ਹੱਕ ਵਿਚ ਐਲਾਨ ਕਰੇਗੀ, ਨਾ ਕਿ ਤੁਰਤ ਇਨਕਲਾਬੀ ਜੰਗ ਦੇ ਹੱਕ ਵਿਚ; ਫੌਜ ਦੀ ਸੋਸ਼ਲਿਸਟ ਮੁੜ-ਜਥੇਬੰਦੀ, ਲਾਲ ਗਾਰਦਾਂ ਦੇ ਦਸਤਿਆਂ ਨੂੰ ਇਸ ਨਾਲ ਮਿਲਾਉਣ ਦਾ ਕੰਮ ਆਦਿ ਅਜੇ ਸ਼ੁਰੂ ਹੀ ਹੋਇਆ ਹੈ।

ਫੌਜ ਦੇ ਪੂਰੀ ਤਰ੍ਹਾਂ ਜਮਹੂਰੀਕਰਨ ਨਾਲ, ਸਿਪਾਹੀਆਂ ਦੀ ਬਹੁ-ਗਿਣਤੀ ਦੀਆਂ ਇੱਛਾਵਾਂ ਦੇ ਖਿਲਾਫ ਜੰਗ ਜਾਰੀ ਰੱਖਣਾ ਅੰਧਾਧੁੰਦ ਜੂਆ ਹੋਵੇਗਾ, ਜਦ ਕਿ ਸਚਮੁਚ ਦੀ ਸਿਰੜੀ ਤੇ ਵਿਚਾਰਧਾਰਕ ਤੌਰ ਤੇ ਸਥਿਰ ਸੋਸ਼ਲਿਸਟ ਮਜ਼ਦੂਰਾਂ ਤੇ ਕਿਸਾਨ੍ਹਾਂ ਦੀ ਫੌਜ ਸਿਰਜਣ ਨੂੰ ਘੱਟੋ ਘੱਟ ਵੀ ਕਈ ਮਹੀਨੇ ਲੱਗਣਗੇ।

੧੬. ਰੂਸ ਦੇ ਗ਼ਰੀਬ ਕਿਸਾਨ ਮਜ਼ਦੂਰ ਜਮਾਤ ਦੀ ਅਗਵਾਈ ਹੇਠ ਸੋਸ਼ਲਿਸਟ ਇਨਕਲਾਬ ਦੀ ਹਿਮਾਇਤ ਕਰਨ ਦੇ ਸਮਰੱਥ ਹਨ, ਪਰ ਉਹ, ਇਸ ਮੌਕੇ ਤੇ, ਤੁਰਤ ਗੰਭੀਰ ਇਨਕਲਾਬੀ ਜੰਗ ਲੜਨ ਲਈ ਸਹਿਮਤ ਹੋਣ ਦੇ ਸਮਰੱਥ ਨਹੀਂ। ਇਸ ਮਸਲੇ ਉਤੇ ਜਮਾਤੀ ਤਾਕਤਾਂ ਦੇ ਬਾਹਰਮੁਖੀ ਸੰਤੁਲਨ ਨੂੰ ਅਖੋਂ ਉਹਲੇ ਕਰਨਾ ਮਾਰੂ ਗ਼ਲਤੀ ਹੋਵੇਗਾ।

੧੭. ਸਿੱਟੇ ਦੇ ਤੌਰ ਤੇ, ਇਨਕਲਾਬੀ ਜੰਗ ਦੇ ਸੰਬੰਧ ਵਿਚ ਇਸ ਵੇਲੇ ਅਵਸਥਾ ਇਸ ਪ੍ਰਕਾਰ ਹੈ:

ਜੇ ਜਰਮਨ ਇਨਕਲਾਬ ਅਗਲੇ ਤਿੰਨਾਂ ਜਾਂ ਚਾਰ ਮਹੀਨਿਆਂ ਵਿਚ ਸ਼ੁਰੂ ਹੋ ਪਵੇ ਤੇ ਜਿੱਤ ਜਾਵੇ, ਤਾਂ ਤੁਰਤ ਇਨਕਲਾਬੀ ਜੰਗ ਦੇ ਦਾਅ-ਪੇਚ ਸ਼ਾਇਦ ਸਾਡੇ ਸੋਸ਼ਲਿਸਟ ਇਨਕਲਾਬ ਨੂੰ ਤਬਾਹ ਨਾ ਕਰ ਸੱਕਣ।

ਪਰ ਜੇ ਜਰਮਨ ਇਨਕਲਾਬ ਅਗਲੇ ਕੁਝ ਮਹੀਨਿਆਂ ਵਿਚ ਨਹੀਂ ਵਾਪਰਦਾ, ਤਾਂ ਜੇ ਜੰਗ ਜਾਰੀ ਰੱਖੀ ਜਾਂਦੀ ਹੈ ਤਾਂ ਘਟਣਾਵਾਂ ਦਾ ਰੁਖ ਅਟੱਲ ਤੌਰ ਤੇ ਐਸਾ ਹੋਵੇਗਾ ਕਿ ਗੰਭੀਰ ਹਾਰਾਂ ਰੂਸ ਨੂੰ ਹੋਰ ਵੀ ਵਧੇਰੇ ਹਾਨੀਕਾਰਕ ਵਖਰੇ ਅਮਨ ਸਮਝੌਤੇ ਕਰਨ ਲਈ ਮਜਬੂਰ ਕਰਨਗੀਆਂ, ਤੇ ਨਾਲ ਹੀ, ਐਸੇ ਅਮਨ ਸਮਝੌਤੇ ਲਈ ਜਿਸਨੂੰ ਸੋਸ਼ਲਿਸਟ ਸਰਕਾਰ ਨਹੀਂ, ਸਗੋਂ ਕੋਈ ਹੋਰ ਸਰਕਾਰ (ਮਿਸਾਲ ਦੇ ਤੌਰ ਤੇ, ਬੁਰਜੂਆ ਰਾਦਾ[3] ਤੇ ਚੇਰਨੋਵ ਦੇ ਸਮਰਥਕਾਂ ਦੇ ਬਲਾਕ[4] ਦੀ, ਜਾਂ ਇਹੋ ਜਿਹੀ ਹੀ ਕੋਈ ਹੋਰ) ਕਰੇਗੀ। ਕਿਉਂਕਿ ਕਿਸਾਨ ਫੌਜ, ਜਿਸ ਦਾ ਜੰਗ ਨੇ ਆਖਰੀ ਹੱਦ ਤੱਕ ਸਾਹ-ਸਤ ਖਤਮ ਕਰ ਦਿੱਤਾ ਹੈ, ਬਿਲਕੁਲ ਪਹਿਲੀਆਂ ਹਾਰਾਂ ਪਿਛੋਂ ਹੀ — ਤੇ ਬਿਲਕੁਲ ਹੋ ਸਕਦਾ ਹੈ ਹਫਤਿਆਂ ਦੇ ਸਮੇਂ ਵਿਚ ਹੀ, ਨਾ ਕਿ ਮਹੀਨਿਆਂ ਦੇ ਸਮੇਂ ਵਿਚ — ਸੋਸ਼ਲਿਸਟ ਮਜ਼ਦੂਰ ਸਰਕਾਰ ਦਾ ਤਖਤਾ ਉਲਟਾ ਦੇਵੇ।

੧੮. ਹਾਲਾਤ ਇਸ ਤਰ੍ਹਾਂ ਦੇ ਹਨ, ਤੇ ਇਹਨਾਂ ਹਾਲਾਤ ਵਿਚ ਸੋਸ਼ਲਿਸਟ ਇਨਕਲਾਬ, ਜੋ ਕਿ ਰੂਸ ਵਿਚ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ, ਦੀ ਹੋਣੀ ਨੂੰ ਸਿਰਫ ਇਸ ਇਤਫਾਕ ਉਤੇ ਦਾਅ ਤੇ ਲਾ ਦੇਣ ਦੇ ਦਾਅ-ਪੇਚਾਂ ਦੀ ਬਿਲਕੁਲ ਆਗਿਆ ਨਹੀਂ ਦਿੱਤੀ ਜਾ ਸਕਦੀ, ਕਿ ਹੋ ਸਕਦਾ ਹੈ ਜਰਮਨ ਇਨਕਲਾਬ ਨਿਕਟ ਭਵਿਖ ਵਿਚ, ਕੁਝ ਹਫਤਿਆਂ ਦੇ ਅਰਸੇ ਵਿਚ ਹੀ ਸ਼ੁਰੂ ਹੋ ਜਾਏ। ਇਹੋ ਜਿਹੇ ਦਾਅ-ਪੇਚ ਅੰਧਾਧੁੰਦ ਜੂਆ ਹੋਣਗੇ। ਇਹੋ ਜਿਹੇ ਖਤਰੇ ਸਹੇੜਨ ਦਾ ਸਾਨੂੰ ਕੋਈ ਹੱਕ ਨਹੀਂ।

੧੯. ਜੇ ਅਸੀਂ ਵਖਰਾ ਅਮਨ ਸਮਝੌਤਾ ਕਰ ਲਈਏ ਤਾਂ ਜਰਮਨ ਇਨਕਲਾਬ ਨੂੰ ਨੇਪਰੇ ਚੜ੍ਹਾਉਣਾ ਕਿਸੇ ਤਰ੍ਹਾਂ ਵੀ ਵਧੇਰੇ ਮੁਸ਼ਕਲ ਨਹੀਂ ਹੋ ਜਾਇਗਾ ਜਿਥੋਂ ਤੱਕ ਇਸਦੇ ਬਾਹਰਮੁਖੀ ਪੂਰਵ-ਆਧਾਰਾਂ ਦਾ ਸੰਬੰਧ ਹੈ। ਹੋ ਸਕਦਾ ਹੈ ਅੰਧਰਾਸ਼ਟਰਵਾਦੀ ਮਸਤੀ ਇਸਨੂੰ ਕੁਝ ਸਮੇਂ ਲਈ ਕਮਜ਼ੋਰ ਕਰ ਦੇਵੇ, ਪਰ ਜਰਮਨੀ ਦੀ ਅਵਸਥਾ ਬੇਹੱਦ ਗੰਭੀਰ ਬਣੀ ਰਹੇਗੀ, ਬਰਤਾਨੀਆ ਤੇ ਅਮਰੀਕਾ ਨਾਲ ਜੰਗ ਲਮਕਵੀਂ ਹੋਵੇਗੀ ਤੇ ਦੋਵਾਂ ਪਾਸਿਆਂ ਤੋਂ ਹਮਲਾਵਰ ਸਾਮਰਾਜ ਦਾ ਪੂਰੀ ਤਰ੍ਹਾਂ ਪਾਜ ਉਘੜ ਜਾਵੇਗਾ। ਰੂਸ ਵਿਚ ਇਕ

ਸੋਸ਼ਲਿਸਟ ਸੋਵੀਅਤ ਰੀਪਬਲਿਕ ਸਾਰੇ ਦੇਸਾਂ ਦੇ ਲੋਕਾਂ ਲਈ ਇਕ ਜਿਊਂਦੀ-ਜਾਗਦੀ ਮਿਸਾਲ ਦੇ ਤੌਰ ਤੇ ਕਾਇਮ ਰਹੇਗੀ, ਤੇ ਇਸ ਮਿਸਾਲ ਦਾ ਪਰਚਾਰ ਤੇ ਕਰਾਂਤੀਕਾਰੀ ਅਸਰ ਬੇਹੱਦ ਜ਼ਿਆਦਾ ਹੋਵੇਗਾ। ਉਧਰ — ਬੁਰਜੂਆ ਨਿਜ਼ਾਮ ਤੇ ਡਾਕੂਆਂ ਦੇ ਦੋ ਟੋਲਿਆਂ ਵਿਚਕਾਰ ਪੂਰੀ ਤਰ੍ਹਾਂ ਨੰਗੀ ਹੋਈ ਹੋਈ ਧਾੜਵੀਆਨਾ ਜੰਗ। ਇਧਰ — ਅਮਨ ਤੇ ਸੋਸ਼ਲਿਸਟ ਸੋਵੀਅਤ ਰੀਪਬਲਿਕ।

੨੦. ਵਖਰਾ ਅਮਨ ਸਮਝੌਤਾ ਕਰਕੇ ਅਸੀਂ ਆਪਣੇ ਆਪ ਨੂੰ, ਜਿਥੋਂ ਤਕ **ਇਸ ਵੇਲੇ ਸੰਭਵ ਹੋ ਸਕਦਾ ਹੈ**, ਦੋਹਾਂ ਵਿਰੋਧੀ ਸਾਮਰਾਜੀ ਟੋਲਿਆਂ ਤੋਂ ਮੁਕਤ ਕਰ ਲੈਂਦੇ ਹਾਂ, ਅਸੀਂ ਉਹਨਾਂ ਦੀ ਪ੍ਰਸਪਰ ਦੁਸ਼ਮਨੀ ਤੇ ਜੰਗ ਦਾ ਲਾਭ ਉਠਾਉਂਦੇ ਹਾਂ ਜਿਹੜੀ ਜੰਗ ਉਹਨਾਂ ਨੂੰ ਸਾਡੇ ਖਿਲਾਫ ਬੱਝਵੀਂ ਕਾਰਵਾਈ ਕਰਨ ਤੋਂ ਰੋਕਦੀ ਹੈ, ਤੇ ਕੁਝ ਸਮੇਂ ਲਈ ਸਾਡੇ ਹੱਥ ਸੋਸ਼ਲਿਸਟ ਇਨਕਲਾਬ ਨੂੰ ਅੱਗੇ ਤੋਰਨ ਤੇ ਮਜ਼ਬੂਤ ਕਰਨ ਲਈ ਵਿਹਲੇ ਹੋ ਜਾਂਦੇ ਹਨ। ਪ੍ਰੋਲਤਾਰੀਆਂ ਦੀ ਡਿਕਟੇਟਰਸ਼ਿਪ ਦੇ ਆਧਾਰ ਤੇ ਰੂਸ ਦੀ ਮੁੜ-ਜਥੇਬੰਦੀ, ਤੇ ਵੱਡੇ ਪੈਮਾਨੇ ਦੀ ਸਨਅਤ ਦਾ ਕੌਮੀਕਰਨ, ਤੇ ਇਸਦੇ ਨਾਲ ਹੀ ਸ਼ਹਿਰਾਂ ਤੇ ਕਿਸਾਨਾਂ ਦੀਆਂ ਖਪਤਕਾਰ ਸਭਾਵਾਂ ਵਿਚਕਾਰ ਜਿਨਸ ਵਿਚ **ਉਪਜਾਂ ਦਾ ਵਟਾਂਦਰਾ** ਅਰਥਕ ਤੌਰ ਤੇ ਬਿਲਕੁਲ ਸੰਭਵ ਹੈ, ਬਸ਼ਰਤੇਕਿ ਸਾਨੂੰ ਕੁਝ ਮਹੀਨਿਆਂ ਦਾ ਯਕੀਨ ਹੋਵੇ ਜਿਨ੍ਹਾਂ ਵਿਚ ਅਸੀਂ ਅਮਨ ਨਾਲ ਕੰਮ ਕਰ ਸਕੀਏ। ਤੇ ਇਹੋ ਜਿਹੀ ਮੁੜ-ਜਥੇਬੰਦੀ ਸੋਸ਼ਲਿਜ਼ਮ ਨੂੰ ਰੂਸ ਵਿਚ ਵੀ ਤੇ ਕੁੱਲ ਦੁਨੀਆਂ ਵਿਚ ਵੀ ਅਜਿੱਤ ਬਣਾ ਦੇਵੇਗੀ ਤੇ ਇਸਦੇ ਨਾਲ ਹੀ ਸ਼ਕਤੀਸ਼ਾਲੀ ਮਜ਼ਦੂਰਾਂ ਤੇ ਕਿਸਾਨਾਂ ਦੀ ਲਾਲ ਫੌਜ ਲਈ ਠੋਸ ਆਰਥਕ ਆਧਾਰ ਸਿਰਜ ਦੇਵੇਗੀ।

੨੧. ਇਸ ਮੌਕੇ ਤੇ ਸਚਮੁਚ ਦੀ ਇਨਕਲਾਬੀ ਜੰਗ ਉਹ ਜੰਗ ਹੋਵੇਗੀ ਜਿਹੜੀ ਸੋਸ਼ਲਿਸਟ ਰੀਪਬਲਿਕ ਵਲੋਂ ਦੂਜੇ ਦੇਸਾਂ ਵਿਚ ਬੁਰਜੂਆਜ਼ੀ ਦਾ ਤਖਤਾ ਉਲਟਾਉਣ ਦੇ ਨਿਸ਼ਾਨੇ ਨਾਲ — ਸੋਸ਼ਲਿਸਟ ਫੌਜ ਵਲੋਂ ਸਪਸ਼ਟ ਤੌਰ ਤੇ ਪ੍ਰੀਭਾਸ਼ਤ ਕੀਤੇ ਗਏ ਤੇ ਪੂਰੀ ਤਰ੍ਹਾਂ ਪ੍ਰਵਾਨ ਕੀਤੇ ਗਏ ਨਿਸ਼ਾਨੇ ਨਾਲ — ਬੁਰਜੂਆ ਦੇਸਾਂ ਦੇ ਖਿਲਾਫ ਚਲਾਈ ਗਈ ਜੰਗ ਹੋਵੇਗੀ। ਪਰ ਜ਼ਾਹਰ ਹੈ ਕਿ ਅਸੀਂ **ਇਸ ਵੇਲੇ** ਆਪਣੇ ਸਾਮ੍ਹਣੇ ਇਹ ਨਿਸ਼ਾਨਾ ਨਹੀਂ ਰੱਖ ਸਕਦੇ। ਬਾਹਰਮੁਖੀ ਤੌਰ ਤੇ, ਅਸੀਂ ਹੁਣ ਪੋਲੈਂਡ, ਲਿਥੂਆਨੀਆ ਤੇ ਕੂਰਲਾਂਦ ਦੀ ਆਜ਼ਾਦੀ ਲਈ ਲੜ ਰਹੇ ਹੋਵਾਂਗੇ। ਪਰ ਕੋਈ ਵੀ ਮਾਰਕਸਵਾਦੀ, ਮਾਰਕਸਵਾਦ ਦੇ ਤੇ ਆਮ ਤੌਰ ਤੇ ਸੋਸ਼ਲਿਜ਼ਮ ਦੇ ਅਸੂਲਾਂ ਨੂੰ ਤਿਆਗਣ ਤੋਂ ਬਿਨਾਂ, ਇਸ ਗੱਲ ਤੋਂ ਇਨਕਾਰੀ ਨਹੀਂ ਹੋ ਸਕਦਾ ਕਿ ਸੋਸ਼ਲਿਜ਼ਮ ਦੇ ਹਿਤ ਕੌਮਾਂ ਦੇ ਆਤਮ-ਨਿਰਣੇ ਦੇ ਹਿਤਾਂ ਨਾਲੋਂ ਉਚੇਰੇ ਹਨ। ਸਾਡੀ ਸੋਸ਼ਲਿਸਟ ਰੀਪਬਲਿਕ ਨੇ ਫਿਨਲੈਂਡ, ਯੂਕਰੇਨ ਆਦਿ ਦੇ ਆਤਮ-ਨਿਰਣੇ ਦੇ ਹੱਕ ਨੂੰ ਅਮਲੀ ਰੂਪ ਦੇਣ ਲਈ ਜੋ ਕੁਝ ਕਰ ਸਕਦੀ ਸੀ, ਕੀਤਾ ਹੈ ਤੇ ਜੋ ਕੁਝ ਕਰ ਸਕਦੀ ਹੈ, ਕਰਨਾ ਜਾਰੀ ਰੱਖ ਰਹੀ ਹੈ।

ਪਰ ਜੇ ਠੋਸ ਅਵਸਥਾ ਇਸ ਤਰ੍ਹਾਂ ਦੀ ਹੈ ਕਿ ਕਈ ਕੌਮਾਂ (ਪੋਲੈਂਡ, ਲਿਥੂਆਨੀਆ, ਕੂਰਲਾਂਦ ਆਦਿ) ਦੇ ਆਤਮ-ਨਿਰਣੇ ਦੇ ਹੱਕ ਦੀ ਉਲੰਘਣਾ ਦੀ ਵਜ੍ਹਾ ਕਰਕੇ ਇਸ ਵੇਲੇ ਸੋਸ਼ਲਿਸਟ ਰੀਪਬਲਿਕ ਦੀ ਹੋਂਦ ਖਤਰੇ ਵਿਚ ਪਈ ਹੋਈ ਹੈ, ਤਾਂ ਕੁਦਰਤੀ ਤੌਰ ਤੇ ਸੋਸ਼ਲਿਸਟ ਰੀਪਬਲਿਕ ਨੂੰ ਕਾਇਮ ਰੱਖਣਾ ਉਚੇਰਾ ਦਾਅਵਾ ਰੱਖਦਾ ਹੈ।

ਸਿੱਟੇ ਵਜੋਂ, ਜਿਹੜਾ ਵੀ ਕੋਈ ਕਹਿੰਦਾ ਹੈ ਕਿ "ਅਸੀਂ ਅਪਮਾਨਜਨਕ, ਘ੍ਰਿਣਤ, ਆਦਿ, ਅਮਨ ਸਮਝੌਤਾ ਨਹੀਂ ਕਰ ਸਕਦੇ, ਪੋਲੈਂਡ ਨਾਲ ਦਗ਼ਾ ਨਹੀਂ ਕਰ ਸਕਦੇ, ਵਗੈਰਾ, ਵਗੈਰਾ," ਉਹ ਇਹ ਨਹੀਂ ਸਮਝਦਾ ਕਿ ਇਸ ਸ਼ਰਤ ਤੇ ਕਿ ਪੋਲੈਂਡ ਆਜ਼ਾਦ ਕੀਤਾ ਜਾਏ, ਅਮਨ ਸਮਝੌਤਾ ਕਰਕੇ ਉਹ ਬਰਤਾਨੀਆ, ਬੈਲਜੀਅਮ, ਸਰਬੀਆ ਤੇ ਦੂਜੇ ਦੇਸਾਂ ਦੇ ਖਿਲਾਫ ਜਰਮਨ ਸਾਮਰਾਜ ਨੂੰ **ਹੋਰ ਵੀ ਵਧੇਰੇ** ਮਜ਼ਬੂਟ ਹੀ ਕਰ ਰਿਹਾ ਹੋਵੇਗਾ। ਪੋਲੈਂਡ, ਲਿਥੂਆਨੀਆ ਤੇ ਕੂਰਲਾਂਦ ਦੀ ਆਜ਼ਾਦੀ ਦੀ ਸ਼ਰਤ ਉਤੇ ਅਮਨ **ਰੂਸ ਦੇ ਦ੍ਰਿਸ਼ਟੀਕੋਨ ਤੋਂ** "ਦੇਸ਼ਭਗਤ" ਅਮਨ ਹੋਵੇਗਾ, ਪਰ ਇਹ ਕਿਸੇ ਤਰ੍ਹਾਂ ਵੀ **ਅਲਹਾਕਵਾਦੀਆਂ ਨਾਲ**, ਜਰਮਨ ਸਾਮਰਾਜੀਆਂ ਨਾਲ ਅਮਨ ਹੋਣੋਂ ਨਹੀਂ ਹਟ ਜਾਇਗਾ।

੨੧ ਜਨਵਰੀ, ੧੯੧੮। ਉਪ੍ਰੋਕਤ ਪ੍ਰਸਤਾਵਾਂ ਵਿਚ ਇਹ ਸਤਰਾਂ ਜਮਾਂ ਕਰ ਲੈਣੀਆਂ ਚਾਹੀਦੀਆਂ ਹਨ:

੨੨. ਆਸਟਰੀਆ ਤੇ ਜਰਮਨੀ ਵਿਚ ਵਿਸ਼ਾਲ ਹੜਤਾਲਾਂ ਤੇ, ਮਗਰੋਂ, ਬਰਲਿਨ ਤੇ ਵੀਆਨਾ ਵਿਚ ਮਜ਼ਦੂਰ ਡਿਪਟੀਆਂ ਦੀਆਂ ਸੋਵੀਅਤਾਂ ਦੀ ਕਾਇਮੀ, ਤੇ ਅਖੀਰ ਤੇ, ੧੮-੨੦ ਜਨਵਰੀ ਤੋਂ ਬਰਲਿਨ ਵਿਚ ਹਥਿਆਰਬੰਦ ਟੱਕਰਾਂ ਤੇ ਗਲੀਆਂ ਬਾਜ਼ਾਰਾਂ ਵਿਚ ਲੜਾਈਆਂ—ਇਸ ਸਭ ਕੁਝ ਨੂੰ ਇਸ ਤੱਥ ਦਾ ਸਬੂਤ ਸਮਝਿਆ ਜਾਣਾ ਚਾਹੀਦਾ ਹੈ ਕਿ ਜਰਮਨੀ ਵਿਚ ਇਨਕਲਾਬ ਸ਼ੁਰੂ ਹੋ ਗਿਆ ਹੈ।

ਇਹ ਤੱਥ ਸਾਨੂੰ, ਹਾਲ ਦੀ ਘੜੀ, ਅਮਨ ਗੱਲਬਾਤ ਨੂੰ ਹੋਰ ਪਿੱਛੇ ਪਾਉਣ ਤੇ ਲਮਕਾਉਣ ਦਾ ਮੌਕਾ ਪੇਸ਼ ਕਰਦਾ ਹੈ।

ਲਿਖਿਆ: ਪ੍ਰਸਤਾਵ—੭ (੨੦) ਜਨਵਰੀ
ਨੂੰ; ਪ੍ਰਸਤਾਵ ੨੨, ੨੧ ਜਨਵਰੀ
(੩ ਫਰਵਰੀ) ਨੂੰ; ਭੂਮਿਕਾ ੧੧(੨੪)
ਫਰਵਰੀ, ੧੯੧੮ ਤੋਂ ਪਹਿਲਾਂ।
ਪ੍ਰਕਾਸ਼ਤ (ਬਿਨਾਂ ਪ੍ਰਸਤਾਵ ੨੨ ਦੇ)
"ਪਰਾਵਦਾ" ਨੰ: ੩੪ ਵਿਚ, ੨੪ (੧੧)
ਫਰਵਰੀ, ੧੯੧੮।

ਸੈਂਚੀ ੩੫,
ਸਫੇ ੨੪੩—੨੫੨।

ਦਸਖਤ: ਨ. ਲੈਨਿਨ

ਪ੍ਰਸਤਾਵ ੨੨ ਪਹਿਲੀ ਵਾਰੀ ਲੈਨਿਨ
ਦੇ ਕਿਰਤ ਸੰਗ੍ਰਹਿ ਦੀ ਚੌਥੀ ਐਡੀਸ਼ਨ (੧੯੪੯)
ਦੀ ਸੈਂਚੀ ੨੬ ਵਿਚ ਛਾਪਿਆ ਗਿਆ।

# ਵਖਰਾ ਤੇ ਅਲਹਾਕਵਾਦੀ ਅਮਨ ਸਮਝੌਤਾ ਤੁਰਤ ਕਰਨ ਦੇ ਸਵਾਲ ਬਾਰੇ ਪ੍ਰਸਤਾਵਾਂ ਦੇ ਮਗਰੋਂ

ਮੈਂ ਉਪ੍ਰੋਕਤ ਪ੍ਰਸਤਾਵ ੮ ਜਨਵਰੀ, ੧੯੧੮ ਨੂੰ ਪਾਰਟੀ ਕਾਰਕੁਨਾਂ ਦੀ ਛੋਟੀ ਜਿਹੀ ਪ੍ਰਾਈਵੇਟ ਮੀਟਿੰਗ ਵਿਚ ਪੜ੍ਹੇ ਸਨ। ਉਹਨਾਂ ਉਤੇ ਹੋਈ ਬਹਿਸ ਨੇ ਪਾਰਟੀ ਵਿਚ ਇਸ ਸਵਾਲ ਬਾਰੇ ਤਿੰਨ ਰਾਵਾਂ ਨੂੰ ਸਾਮ੍ਹਣੇ ਲਿਆਂਦਾ — ਹਾਜ਼ਰ ਬੰਦਿਆਂ ਵਿਚੋਂ ਲਗਭਗ ਅੱਧੇ ਇਨਕਲਾਬੀ ਜੰਗ ਦੇ ਹੱਕ ਵਿਚ ਬੋਲੇ (ਇਸਨੂੰ ਕਦੀ ਕਦੀ "ਮਾਸਕੋ" ਦ੍ਰਿਸ਼ਟੀਕੋਨ ਕਿਹਾ ਜਾਂਦਾ ਸੀ ਕਿਉਂਕਿ ਸਾਡੀ ਪਾਰਟੀ ਦੇ ਮਾਸਕੋ ਇਲਾਕਾਈ ਬਿਊਰੋ ਨੇ ਇਸਨੂੰ ਦੂਜੀਆਂ ਜਥੇਬੰਦੀਆਂ ਨਾਲੋਂ ਪਹਿਲਾਂ ਪਾਸ ਕੀਤਾ ਸੀ); ਫਿਰ ਲਗਭਗ ਚੌਥਾ ਹਿੱਸਾ ਸਾਥੀ ਟਰਾਟਸਕੀ ਨਾਲ ਸਨ ਜਿਸਨੇ "ਲੜਾਈ ਬੰਦ ਕਰਨ ਦਾ ਐਲਾਨ ਕਰਨ, ਫੌਜ ਨੂੰ ਤੋੜਨ, ਸਿਪਾਹੀਆਂ ਨੂੰ ਘਰੀਂ ਭੇਜਣ ਪਰ ਸੰਧੀ ਉਤੇ ਦਸਖਤ ਕਰਨ ਤੋਂ ਬਾਜ਼ ਰਹਿਣ ਦਾ ਸੁਝਾਅ ਦਿੱਤਾ," ਤੇ ਅਖੀਰ, ਲਗਭਗ ਚੌਥਾ ਹਿੱਸਾ ਮੇਰਾ ਸਮਰਥਣ ਕਰਦੇ ਸਨ।

ਇਸ ਵੇਲੇ ਪਾਰਟੀ ਵਿਚ ਜਿਹੜੀ ਹਾਲਤ ਪਾਈ ਜਾਂਦੀ ਹੈ, ਉਹ ਮੈਨੂੰ ਬਹੁਤ ਜ਼ੋਰਦਾਰ ਢੰਗ ਨਾਲ ੧੯੦੭ ਦੀਆਂ ਗਰਮੀਆਂ ਵਿਚਲੀ ਹਾਲਤ ਯਾਦ ਕਰਾਉਂਦੀ ਹੈ ਜਦੋਂ ਬਾਲਸ਼ਵਿਕਾਂ ਦੀ ਭਾਰੀ ਬਹੁਗਿਣਤੀ ਤੀਜੀ ਦੂਮਾ[5] ਦੇ ਬਾਈਕਾਟ ਦੇ ਹੱਕ ਵਿਚ ਸੀ ਤੇ ਮੈਂ ਦਾਨ ਦੇ ਨਾਲ ਮੋਢੇ ਨਾਲ ਮੋਢਾ ਡਾਹ ਕੇ ਸ਼ਮੂਲੀਅਤ ਦੇ ਹੱਕ ਵਿਚ ਸਾਂ ਤੇ ਮੇਰੀ ਮੌਕਾਪ੍ਰਸਤੀ ਲਈ ਮੇਰੀ ਰੋਹ ਭਰੀ ਆਲੋਚਨਾ ਕੀਤੀ ਗਈ ਸੀ। ਬਾਹਰਮੁਖੀ ਤੌਰ ਤੇ, ਮੌਜੂਦਾ ਮਸਲਾ ਬਿਲਕੁਲ ਉਸੇ ਤਰ੍ਹਾਂ ਦਾ ਹੈ; ਉਦੋਂ ਵਾਂਗ ਹੀ, ਪਾਰਟੀ ਕਾਰਕੁਨਾਂ ਦੀ ਬਹੁ-ਗਿਣਤੀ, ਅਤਿ ਦੇ ਚੰਗੇ ਇਨਕਲਾਬੀ ਮੰਤਵਾਂ ਤੇ ਅਤਿ ਚੰਗੀਆਂ ਪਾਰਟੀ ਪ੍ਰੰਪਰਾਵਾਂ ਤੋਂ ਚਲਦਿਆਂ, ਆਪਣੇ ਆਪ ਨੂੰ "ਤਟ ਫਟ" ਨਾਅਰੇ ਨਾਲ ਵਹਿ ਜਾਣ ਦੇਂਦੇ ਹਨ ਤੇ **ਨਵੀਂ** ਸਮਾਜੀ-ਆਰਥਕ ਤੇ ਰਾਜਨੀਤਕ ਅਵਸਥਾ ਨੂੰ **ਨਹੀਂ ਸਮਝਦੇ**, **ਹਾਲਤਾਂ ਵਿਚਲੀਆਂ ਤਬਦੀਲੀਆਂ** ਨੂੰ ਧਿਆਨ ਵਿਚ ਨਹੀਂ ਰਖਦੇ ਜਿਹੜੀਆਂ ਦਾਅ-ਪੇਚਾਂ ਵਿਚ ਤੇਜ਼ੀ ਨਾਲ ਤੇ ਇਕਦਮ ਤਬਦੀਲੀ ਲਿਆਉਣ ਦੀ ਮੰਗ ਕਰਦੀਆਂ ਹਨ। ਉਦੋਂ ਵਾਂਗ ਹੀ ਅੱਜ ਵੀ ਮੇਰੀ ਦਲੀਲ ਦਾ ਤੱਤ ਇਹ ਸਪਸ਼ਟ ਕਰਨਾ ਹੈ ਕਿ ਮਾਰਕਸਵਾਦ ਬਾਹਰਮੁਖੀ ਹਾਲਤਾਂ ਤੇ ਉਹਨਾਂ ਵਿਚਲੀਆਂ ਤਬਦੀਲੀਆਂ ਨੂੰ ਧਿਆਨ

ਵਿਚ ਰੱਖਣ ਦੀ ਮੰਗ ਕਰਦਾ ਹੈ, ਕਿ ਸਵਾਲ ਨੂੰ ਠੋਸ ਢੰਗ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਕਿ ਇਹ ਉਹਨਾਂ ਹਾਲਤਾਂ ਉਪਰ ਲਾਗੂ ਹੁੰਦਾ ਹੈ, ਕਿ ਸਭ ਤੋਂ ਵਧ ਮਹਤਵਪੂਰਨ ਤਬਦੀਲੀ ਜੋ ਵਾਪਰੀ ਹੈ ਉਹ ਇਹ ਕਿ ਰੂਸੀ ਸੋਵੀਅਤ ਰੀਪਬਲਿਕ ਦੀ ਬੁਨਿਆਦ ਰਖੀ ਜਾ ਚੁੱਕੀ ਹੈ; ਤੇ ਉਸ ਰੀਪਬਲਿਕ ਨੂੰ, ਜਿਸਨੇ ਸੋਸ਼ਲਿਸਟ ਇਨਕਲਾਬ ਸ਼ੁਰੂ ਕਰ ਦਿਤਾ ਹੋਇਆ ਹੈ, ਕਾਇਮ ਰੱਖਣਾ ਸਾਡੇ ਲਈ **ਤੇ ਕੌਮਾਂਤਰੀ ਸੋਸ਼ਲਿਸਟ ਲਹਿਰ ਲਈ** ਸਭ ਤੋਂ ਵਧ ਮਹਤਵਪੂਰਨ ਹੈ; ਕਿ ਇਸ ਵੇਲੇ ਰੂਸ ਵਲੋਂ ਐਲਾਨੀ ਗਈ ਇਨਕਲਾਬੀ ਜੰਗ ਦਾ ਨਾਅਰਾ ਜਾਂ ਤਾਂ ਖਾਲੀ ਸ਼ਬਦ-ਅਡੰਬਰ ਤੇ ਬੇਬੁਨਿਆਦ ਵਿਖਾਵਾ ਹੋਵੇਗਾ, ਜਾਂ, ਬਾਹਰਮੁਖੀ ਤੌਰ ਤੇ, ਇਸਦਾ ਮਤਲਬ ਉਸ ਜਾਲ ਵਿਚ ਫਸਣ ਤੋਂ ਹੋਵੇਗਾ ਜਿਹੜਾ ਸਾਮਰਾਜੀਆਂ ਨੇ ਸਾਡੇ ਲਈ ਵਿਛਾਇਆ ਹੈ, ਜਿਹੜੇ ਸਾਨੂੰ ਵਰਗਲਾ ਕੇ **ਸਾਮਰਾਜੀ** ਜੰਗ ਜਾਰੀ ਰਖਣ ਵਲ **ਲਿਆਉਣਾ** ਚਾਹੁੰਦੇ ਹਨ, ਜਦ ਕਿ ਅਸੀਂ ਅਜੇ ਇਕ ਕਮਜ਼ੋਰ ਇਕਾਈ ਹਾਂ, ਤਾਂ ਕਿ ਨਵੀਂ ਨਵੀਂ ਸੋਵੀਅਤ ਰੀਪਬਲਿਕ ਜਿਥੋਂ ਤੱਕ ਹੋ ਸਕੇ ਸਸਤੀ ਤੋਂ ਸਸਤੀ ਤਰ੍ਹਾਂ **ਕੁਚਲੀ** ਜਾ ਸਕੇ।

"ਮੈਂ ਲੈਨਿਨ ਦੀ ਪੁਰਾਨੀ ਪੁਜ਼ੀਸ਼ਨ ਦਾ ਸਮਰਥਨ ਕਰਦਾ ਹਾਂ," ਇਕ ਨੌਜਵਾਨ ਮਾਸਕੋਵਾਸੀ ਕਹਿਣ ਲੱਗਾ। (ਜਵਾਨੀ ਸਭ ਤੋਂ ਵਡੇ ਗੁਣਾਂ ਵਿਚੋਂ ਇਕ ਸੀ ਜਿਹੜਾ ਬੋਲਣ ਵਾਲਿਆਂ ਦੇ ਉਸ ਟੋਲੇ ਨੂੰ ਨਿਖੇੜਦਾ ਸੀ।) ਤੇ ਉਸੇ ਹੀ ਬੋਲਣ ਵਾਲੇ ਨੇ ਜਰਮਨੀ ਵਿਚ ਇਨਕਲਾਬ ਦੀ ਅਸੰਭਵਤਾ ਬਾਰੇ ਰੱਖਿਆਵਾਦੀਆਂ ਦੀਆਂ ਪੁਰਾਣੀਆਂ ਦਲੀਲਾਂ ਦੁਹਰਾਉਣ ਲਈ ਮੈਨੂੰ ਚੰਗਾ-ਮੰਦਾ ਕਿਹਾ।

ਸਾਰੀ ਮੁਸੀਬਤ ਇਹ ਹੈ ਕਿ ਮਾਸਕੋਵਾਸੀ ਪੁਰਾਣੀ **ਦਾਅ-ਪੇਚਾਂ ਵਾਲੀ** ਪੁਜ਼ੀਸ਼ਨ ਉਤੇ ਡਟੇ ਰਹਿਣਾ ਚਾਹੁੰਦੇ ਹਨ ਤੇ ਉਸ **ਤਬਦੀਲੀ ਨੂੰ** ਜਿਹੜੀ ਵਾਪਰ ਚੁੱਕੀ ਹੈ, **ਨਵੀਂ ਬਾਹਰਮੁਖੀ** ਅਵਸਥਾ ਨੂੰ, ਜਿਹੜੀ ਪੈਦਾ ਹੋ ਗਈ ਹੈ ਦੇਖਣ ਤੋਂ ਇਨਕਾਰ ਕਰਦੇ ਹਨ।

ਪੁਰਾਣੇ ਨਾਅਰਿਆਂ ਨੂੰ ਜੋਸ਼ ਨਾਲ ਦੁਹਰਾਉਣ ਲੱਗਿਆਂ ਮਾਸਕੋਵਾਸੀਆਂ ਨੇ ਇਹ ਤਥ ਵੀ ਧਿਆਨ ਵਿਚ ਨਹੀਂ ਰਖਿਆ ਕਿ ਅਸੀਂ ਬਾਲਸ਼ਵਿਕ ਹੁਣ ਸਾਰੇ ਹੀ ਰਖਿਆਵਾਦੀ ਬਣ ਗਏ ਹਾਂ। ਬੁਰਜੂਆਜ਼ੀ ਦਾ ਤਖਤਾ ਉਲਟਾ ਲੈਣ ਪਿਛੋਂ, ਖੁਫੀਆ ਸੰਧੀਆਂ ਦੀ ਨਿਖੇਧੀ ਕਰਨ ਤੇ ਪਾਜ ਉਘਾੜਣ ਪਿਛੋਂ, ਸਾਰੀਆਂ ਕੌਮਾਂ ਨੂੰ ਅਮਨ ਦੀ ਤਜਵੀਜ਼ ਦੇਣ ਪਿਛੋਂ, ਅਸਲ ਵਿਚ ...*

੮ ਤੇ ੧੧ (੨੧ ਤੇ ੨੪) ਜਨਵਰੀ
੧੯੧੮ ਵਿਚਕਾਰ ਲਿਖਿਆ ਗਿਆ।
ਪਹਿਲਾਂ ੧੯੨੯ ਵਿਚ "ਲੈਨਿਨ:
ਫੁਟਕਲ ਰਚਨਾਵਾਂ" ਨੰ: XI ਵਿਚ ਛਪਿਆ।

ਸੈਂਚੀ ੩੫,
ਸਫੇ ੨੫੩—੨੫੪।

---

*ਇਥੇ ਖਰੜੇ ਦੀ ਲੜੀ ਟੁੱਟ ਜਾਂਦੀ ਹੈ।—**ਸੰਪਾ:**

# ਰੂ: ਸੋ: ਡੈ: ਲੇ: ਪਾ: (ਬਾ:) ਦੀ ਕੇਂਦਰੀ ਕਮੇਟੀ ਦੀ ਮੀਟਿੰਗ ਵਿਚ ਜੰਗ ਤੇ ਅਮਨ ਬਾਰੇ ਤਕਰੀਰਾਂ — ੧੧(੨੪) ਜਨਵਰੀ, ੧੯੧੮[6]

**( ਸੰਖੇਪ ਕਾਰਵਾਈ ਵਿਚੋਂ )**

੧

ਸਭ ਤੋਂ ਪਹਿਲਾਂ ਬੋਲਣ ਵਾਲਾ ਸਾਥੀ ਲੈਨਿਨ ਹੈ, ਜੋ ਕਹਿੰਦਾ ਹੈ ਕਿ ੮(੨੧) ਜਨਵਰੀ ਦੀ ਮੀਟਿੰਗ ਵਿਚ ਇਸ ਮਸਲੇ ਬਾਰੇ ਤਿੰਨ ਦ੍ਰਿਸ਼ਟੀਕੋਨ ਸਾਮ੍ਹਣੇ ਆਏ ਸਨ ਅਤੇ ਪੁੱਛਦਾ ਹੈ ਕਿ ਕੀ ਸਵਾਲ ਬਾਰੇ ਖੁਲ੍ਹੀ ਬਹਿਸ ਕੀਤੀ ਜਾਏ ਜਾਂ ਇਹਨਾਂ ਪ੍ਰਸਤਾਵਾਂ ਦੇ ਨੁਕਤਿਆਂ ਨੂੰ ਲੈ ਕੇ ਕੀਤੀ ਜਾਵੇ। ਪਹਿਲਾ ਤਰੀਕਾ ਪ੍ਰਵਾਨ ਕੀਤਾ ਜਾਂਦਾ ਹੈ ਤੇ ਸਾਥੀ ਲੈਨਿਨ ਬੋਲਣ ਲਈ ਉੱਠਦਾ ਹੈ।

ਉਹ ਪਿਛਲੀ ਮੀਟਿੰਗ ਵਿਚ ਸਾਮ੍ਹਣੇ ਆਏ ਤਿੰਨ ਦ੍ਰਿਸ਼ਟੀਕੋਨਾਂ ਨੂੰ ਬਿਆਨ ਕਰਨ ਨਾਲ ਸ਼ੁਰੂ ਕਰਦਾ ਹੈ: ੧) ਇਕ ਵੱਖਰਾ ਅਲਹਾਕਵਾਦੀ ਅਮਨ; ੨) ਇਨਕਲਾਬੀ ਜੰਗ ਤੇ ੩) ਜੰਗ ਨੂੰ ਖਤਮ ਕਰਨ, ਫੌਜ ਨੂੰ ਤੋੜਨ ਬਾਰੇ ਐਲਾਨ ਪਰ ਅਮਨ ਸਮਝੌਤਾ ਨਾ ਕਰਨਾ। ਪਿਛਲੀ ਮੀਟਿੰਗ ਵਿਚ ਪਹਿਲੇ ਦ੍ਰਿਸ਼ਟੀਕੋਨ ਨੂੰ ੧੫ ਵੋਟ ਮਿਲੇ ਸਨ, ਦੂਜੇ ਨੂੰ ੩੨ ਤੇ ਤੀਜੇ ਨੂੰ ੧੬।

ਸਾਥੀ ਲੈਨਿਨ ਕਹਿੰਦਾ ਹੈ ਕਿ ਬਾਲਸ਼ਵਿਕਾਂ ਨੇ ਰੱਖਿਆ ਨੂੰ ਕਦੀ ਰੱਦ ਨਹੀਂ ਕੀਤਾ, ਬਸ਼ਰਤੇਕਿ ਇਹ ਤੇ ਪਿਤਾਭੂਮੀ ਦੀ ਰਾਖੀ ਨਿਸਚਿਤ ਤੇ ਠੋਸ ਪ੍ਰਸੰਗ ਵਿਚ ਹੋਣ, ਜਿਵੇਂ ਕਿ ਇਸ ਵੇਲੇ ਇਹ ਹੈ, ਅਰਥਾਤ, ਅਸਾਧਾਰਨ ਤੌਰ ਤੇ ਤਗੜੇ ਕੌਮਾਂਤਰੀ ਸਾਮਰਾਜ ਦੇ ਖਿਲਾਫ ਸੋਸ਼ਲਿਸਟ ਰੀਪਬਲਿਕ ਦੀ ਰਖਿਆ। ਇਕੋ ਇਕ ਸਵਾਲ ਇਹ ਹੈ ਕਿ ਅਸੀਂ ਆਪਣੀ ਪਿਤਾਭੂਮੀ, ਇਸ ਸੋਸ਼ਲਿਸਟ ਰੀਪਬਲਿਕ ਦੀ ਕਿਵੇਂ ਰੱਖਿਆ ਕਰਨੀ ਹੈ। ਫੌਜ ਜੰਗ ਤੋਂ ਬੇਹਦ ਥੱਕੀ ਹੱਈ ਹੈ; ਇਸਦੇ ਘੋੜੇ ਇਹੋ ਜਿਹੀ ਹਾਲਤ ਵਿਚ ਹਨ ਕਿ ਜੇ ਹਮਲਾ ਹੋ ਜਾਏ ਤਾਂ ਇਹ ਤੋਪਾਂ ਨੂੰ ਖਿੱਚਣ ਤੋਂ ਅਸਮਰਥ ਰਹਿਣਗੇ; ਬਾਲਟਿਕ ਸਾਗਰ ਵਿਚਲੇ ਟਾਪੂਆਂ ਉਪਰ ਜਰਮਨ ਪੁਜ਼ੀਸ਼ਨਾਂ ਏਨੀਆਂ ਚੰਗੀਆਂ ਹਨ ਕਿ ਹਮਲੇ ਵੇਲੇ ਉਹ ਰੇਵੇਲ ਤੇ ਪੀਤਰੋਗਰਾਦ ਨੂੰ ਆਪਣੇ ਖਾਲੀ ਹਥਾਂ ਨਾਲ ਹੀ ਲੈ ਸਕਦੇ ਹਨ। ਇਹਨਾਂ ਹਾਲਤਾਂ ਵਿਚ ਜੰਗ ਜਾਰੀ ਰੱਖ ਕੇ ਅਸੀਂ ਜਰਮਨ ਸਾਮਰਾਜ ਦੀ ਮਦਦ ਕਰ ਰਹੇ ਹੋਵਾਂਗੇ ਕਿ ਇਹ ਆਪਣੇ ਆਪਨੂੰ ਬੇਮਿਸਾਲ ਤੌਰ ਤੇ ਮਜ਼ਬੂਤ ਕਰ

ਲਵੇ, ਅਮਨ ਸਮਝੌਤੇ ਉੱਪਰ ਕਿਸੇ ਵੀ ਸੂਰਤ ਵਿਚ ਦਸਖਤ ਕਰਨੇ ਹੀ ਪੈਣਗੇ, ਪਰ ਫੇਰ ਇਹ ਸੰਭਵ ਭੈੜੀ ਤੋਂ ਭੈੜੀ ਕਿਸਮ ਦਾ ਅਮਨ ਹੋਵੇਗਾ, ਕਿਉਂਕਿ ਇਸ ਉਪਰ ਦਸਖਤ ਫਿਰ ਅਸੀਂ ਨਹੀਂ ਕਰਾਂਗੇ। ਜਿਸ ਅਮਨ ਬਾਰੇ ਹੁਣ ਸਾਨੂੰ ਸਮਝੌਤਾ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ, ਉਹ ਨਿਰਸੰਦੇਹ ਤੌਰ ਤੇ ਗੰਦਾ ਅਮਨ ਹੈ, ਪਰ ਜੇ ਜੰਗ ਮੁੜ ਸ਼ੁਰੂ ਕੀਤੀ ਜਾਂਦੀ ਹੈ ਤਾਂ ਸਾਡੀ ਸਰਕਾਰ ਹੂੰਝੀ ਜਾਇਗੀ ਤੇ ਅਮਨ ਸਮਝੌਤੇ ਉਤੇ ਕੋਈ ਹੋਰ ਸਰਕਰ ਦਸਖਤ ਕਰੇਗੀ। ਇਸ ਵੇਲੇ ਸਾਨੂੰ ਸਿਰਫ ਪ੍ਰੋਲਤਾਰੀਆਂ ਦਾ ਹੀ ਨਹੀਂ, ਸਗੋਂ ਗ਼ਰੀਬ ਕਿਸਾਨਾਂ ਦਾ ਸਮਰਥਣ ਵੀ ਪ੍ਰਾਪਤ ਹੈ, ਜਿਹੜੇ ਸਾਨੂੰ ਛੱਡ ਜਾਣਗੇ ਜੇ ਜੰਗ ਜਾਰੀ ਰੱਖੀ ਗਈ ਤਾਂ। ਲਮਕਵੀਂ ਜੰਗ ਫਰਾਂਸੀਸੀ, ਬਰਤਾਨਵੀ ਤੇ ਅਮਰੀਕੀ ਸਾਮਰਾਜੀਆਂ ਦੇ ਹਿਤਾਂ ਵਿਚ ਹੈ ਤੇ ਕਰੀਲੇਂਕੋ ਦੇ ਜਨਰਲ ਹੈਡਕੁਆਰਟਰ ਵਿਚ ਅਮਰੀਕਨਾਂ ਵਲੋਂ ਹਰ ਰੂਸੀ ਸਿਪਾਹੀ ਪਿੱਛੇ ਸੌ ਰੂਬਲ ਦੇਣ ਦੀ ਪੇਸ਼ਕਸ਼ ਇਸਦਾ ਚੰਗਾ ਸਬੂਤ ਹੈ। ਜਿਹੜੇ ਇਨਕਲਾਬੀ ਜੰਗ ਦੀ ਹਿਮਾਇਤ ਕਰਦੇ ਹਨ, ਉਹ ਕਹਿੰਦੇ ਹਨ ਕਿ ਇਹ ਸਾਨੂੰ ਜਰਮਨ ਸਾਮਰਾਜ ਨਾਲ ਘਰੇਲੂ ਜੰਗ ਵੱਲ ਲੈ ਜਾਇਗੀ ਤੇ ਇਹ ਗੱਲ ਜਰਮਨੀ ਨੂੰ ਇਨਕਲਾਬ ਕਰਨ ਲਈ ਉਭਾਰੇਗੀ। ਪਰ ਆਖਰ, ਜਰਮਨੀ ਅਜੇ ਸਿਰਫ ਇਨਕਲਾਬ ਨਾਲ ਹਾਮਲਾ ਹੀ ਹੈ ਜਦ ਕਿ ਸਾਡੇ ਇਥੇ ਇਕ ਰਿਸ਼ਟ-ਪੁਸ਼ਟ ਬੱਚਾ — ਸੋਸ਼ਲਿਸਟ ਰੀਪਬਲਿਕ — ਜਨਮ ਲੈ ਚੁੱਕਾ ਹੈ, ਜਿਸਨੂੰ ਅਸੀਂ, ਹੋ ਸਕਦਾ ਹੈ, ਜੰਗ ਸ਼ੁਰੂ ਕਰਕੇ ਮਾਰ ਦੇਈਏ, ਸਾਡੇ ਸਾਮ੍ਹਣੇ ਜਰਮਨ ਸੋਸ਼ਲ-ਡੈਮੋਕਰੈਟਿਕ ਸਰਕੂਲਰ ਹੈ; ਸਾਨੂੰ ਪਤਾ ਹੈ ਕਿ ਵਿਚ-ਵਿਚਾਲੇ ਦੇ ਦੋ ਰੁਝਾਣ ਸਾਡੇ ਵੱਲ ਕੀ ਵਤੀਰਾ ਰਖਦੇ ਹਨ, ਜਿਨ੍ਹਾਂ ਵਿਚੋਂ ਇਕ ਦਾ ਵਿਸ਼ਵਾਸ ਹੈ ਕਿ ਸਾਨੂੰ ਰਿਸ਼ਵਤ ਦਿੱਤੀ ਗਈ ਹੈ ਤੇ ਬਰੇਸਤ ਵਿਚ ਜੋ ਕੁਝ ਹੋ ਰਿਹਾ ਹੈ ਉਹ ਸਿਰਫ ਦਿਖਾਵੇ ਲਈ ਸਵਾਂਗ ਹੈ। ਇਹ ਹਿੱਸਾ ਸਾਡੀ ਜੰਗਬੰਦੀ ਲਈ ਆਲੋਚਨਾ ਕਰ ਰਿਹਾ ਹੈ। ਦੂਜਾ ਕਾਉਟਸਕੀਵਾਦੀ ਹਿੱਸਾ ਕਹਿੰਦਾ ਹੈ ਕਿ ਬਾਲਸ਼ਵਿਕ ਆਗੂਆਂ ਦੀ ਨਿੱਜੀ ਈਮਾਨਦਾਰੀ ਉਪਰ ਕਦੀ ਵੀ ਸ਼ੱਕ ਨਹੀਂ ਸੀ ਪਰ ਉਹਨਾਂ ਦਾ ਵਤੀਰਾ ਮਾਨਸਿਕ ਅੜਾਉਣੀ ਹੈ। ਸਾਨੂੰ ਖੱਬੇ ਸੋਸ਼ਲ-ਡੈਮੋਕਰੈਟਾਂ ਦੀ ਰਾਇ ਬਾਰੇ ਕੁਝ ਪਤਾ ਨਹੀਂ। ਬਰਤਾਨਵੀ ਮਜ਼ਦੂਰ ਸਾਡੀ ਅਮਨ ਲਈ ਇੱਛਾ ਦੀ ਹਿਮਾਇਤ ਕਰਦੇ ਹਨ। ਇਹ ਕਹਿਣ ਦੀ ਲੋੜ ਨਹੀਂ ਕਿ ਅਸੀਂ ਜਿਹੜਾ ਅਮਨ ਸਮਝੌਤਾ ਕਰਾਂਗੇ ਉਹ ਗੰਦਾ ਅਮਨ ਹੋਵੇਗਾ, ਪਰ ਸਾਨੂੰ ਸਮਾਜਕ ਸੁਧਾਰ ਨੇਪਰੇ ਚੜ੍ਹਾਉਣ ਲਈ (ਇਕੋ ਇਕ ਮਿਸਾਲ ਟਰਾਂਸਪੋਰਟ ਦੀ ਲੈ ਲਓ) ਸਾਹ ਲੈਣ ਦਾ ਸਮਾਂ ਚਾਹੀਦਾ ਹੈ; ਸਾਡੇ ਲਈ ਆਪਣੀ ਪੁਜ਼ੀਸ਼ਨ ਮਜ਼ਬੂਤ ਕਰਨੀ ਜ਼ਰੂਰੀ ਹੈ, ਤੇ ਇਸ ਉਤੇ ਵਕਤ ਲੱਗਦਾ ਹੈ। ਬੁਰਜੂਆਜ਼ੀ ਨੂੰ ਢਾਹ ਮਾਰਨ ਲਈ ਸਾਡੇ ਦੋਵੇਂ ਹੱਥ ਖਾਲੀ ਚਾਹੀਦੇ ਹਨ। ਇਕ ਵਾਰੀ ਜਦੋਂ ਅਸੀਂ ਇੰਝ ਕਰ ਲਿਆ ਤਾਂ ਅਸੀਂ ਕੌਮਾਂਤਰੀ ਸਾਮਰਾਜ ਦੇ ਖਿਲਾਫ ਇਨਕਲਾਬੀ ਜੰਗ ਲੜਣ ਲਈ ਆਜ਼ਾਦ ਹੋਵਾਂਗੇ। ਇਨਕਲਾਬੀ-ਵਾਲੰਟੀਅਰ-ਫੌਜ ਦੀਆਂ

ਸਫਾਂ ਜਿਹੜੀਆਂ ਅਸੀਂ ਹੁਣ ਕਾਇਮ ਕੀਤੀਆਂ ਹਨ, ਉਹ ਸਾਡੀ ਭਵਿਖ ਦੀ ਫੌਜ ਦੇ ਅਫਸਰ ਹਨ।

ਜੰਗ ਖਤਮ ਕਰਨਾ, ਅਮਨ ਸੰਧੀ ਉਪਰ ਦਸਖਤ ਕਰਨ ਤੋਂ ਇਨਕਾਰ ਕਰਨਾ ਤੇ ਫੌਜ ਨੂੰ ਤੋੜ ਦੇਣਾ, ਜਿਵੇਂ ਕਿ ਸਾਥੀ ਟਰਾਟਸਕੀ ਦੀ ਤਜਵੀਜ਼ ਹੈ, ਕੌਮਾਂਤਰੀ ਰਾਜਸੀ ਮੁਜ਼ਾਹਰਾ ਹੋਵੇਗਾ। ਅਸੀਂ ਆਪਣੀਆਂ ਫੌਜਾਂ ਕਢ ਕੇ ਜੋ ਪ੍ਰਾਪਤ ਕਰਾਂਗੇ ਉਹ ਇਹ ਕਿ ਐਸਤੋਨੀਅਨ ਸੋਸ਼ਲਿਸਟ ਰੀਪਬਲਿਕ ਜਰਮਨਾਂ ਦੇ ਹਵਾਲੇ ਕਰ ਦੇਵਾਂਗੇ। ਕੁਝ ਲੋਕ ਕਹਿੰਦੇ ਹਨ ਕਿ ਅਮਨ ਸਮਝੌਤਾ ਕਰਕੇ ਅਸੀਂ ਜਾਪਾਨੀਆਂ ਤੇ ਅਮਰੀਕਨਾਂ ਦੇ ਹੱਥ ਖੋਹਲ ਦੇਵਾਂਗੇ, ਤੇ ਉਹ ਇਕਦਮ ਵਲਾਦੀਵੋਸਤੋਕ ਉੱਪਰ ਕਬਜ਼ਾ ਕਰ ਲੈਣਗੇ। ਪਰ ਇਸ ਤੋਂ ਪਹਿਲਾਂ ਕਿ ਉਹ ਇਰਕੁਤਸਕ ਤੱਕ ਪੁੱਜਣ, ਅਸੀਂ ਆਪਣੀ ਸੋਸ਼ਲਿਸਟ ਰੀਪਬਲਿਕ ਨੂੰ ਮਜ਼ਬੂਤ ਕਰਨ ਵਿਚ ਸਫਲ ਹੋ ਚੁੱਕੇ ਹੋਵਾਂਗੇ। ਬੇਸ਼ਕ, ਅਮਨ ਸਮਝੌਤਾ ਕਰਕੇ ਅਸੀਂ ਪੋਲੈਂਡ ਨਾਲ ਗ਼ੱਦਾਰੀ ਕਰ ਰਹੇ ਹੋਵਾਂਗੇ, ਜਿਸਨੇ ਆਤਮ-ਨਿਰਣੇ ਨੂੰ ਪ੍ਰਾਪਤ ਕਰ ਲਿਆ ਹੈ, ਪਰ ਅਸੀਂ ਐਸਤੋਨੀਅਨ ਸੋਸ਼ਲਿਸਟ ਰੀਪਬਲਿਕ ਨੂੰ ਆਪਣੇ ਕੋਲ ਰੱਖ ਰਹੇ ਹੋਵਾਂਗੇ ਤੇ ਆਪਣੇ ਆਪ ਨੂੰ ਆਪਣੀਆਂ ਪ੍ਰਾਪਤੀਆਂ ਪੱਕੇ ਪੈਰੀਂ ਕਰਨ ਦਾ ਮੌਕਾ ਦੇ ਰਹੇ ਹੋਵਾਂਗੇ। ਬੇਸ਼ਕ, ਅਸੀਂ ਸੱਜੇ ਨੂੰ ਮੋੜ ਕੱਟ ਰਹੇ ਹੋਵਾਂਗੇ ਜਿਹੜਾ ਸਾਨੂੰ ਕਾਫੀ ਗੰਦੇ ਵਾੜੇ ਵੱਲ ਲੈ ਜਾਇਗਾ, ਪਰ ਸਾਡੇ ਲਈ ਇਹ ਕੱਟਣਾ ਜ਼ਰੂਰੀ ਹੈ। ਇਕ ਵਾਰੀ ਜਰਮਨਾਂ ਨੇ ਹਮਲਾ ਸ਼ੁਰੂ ਕਰ ਦਿੱਤਾ ਤਾਂ ਅਸੀਂ ਕਿਸੇ ਵੀ ਤਰ੍ਹਾਂ ਦੇ ਅਮਨ ਸਮਝੌਤੇ ਉਤੇ ਦਸਖਤ ਕਰਨ ਲਈ ਮਜਬੂਰ ਹੋ ਜਾਵਾਂਗੇ, ਤੇ ਉਹ ਭੈੜੀ ਤੋਂ ਭੈੜੀ ਸੰਭਵ ਕਿਸਮ ਦਾ ਹੋਵੇਗਾ। ਤਿੰਨ ਅਰਬ ਦਾ ਹਰਜਾਨਾ ਸੋਸ਼ਲਿਸਟ ਰੀਪਬਲਿਕ ਦੇ ਬਚਾਅ ਵਾਸਤੇ ਅਦਾ ਕਰਨ ਲਈ ਕੋਈ ਵੱਡੀ ਕੀਮਤ ਨਹੀਂ। ਇਸ ਮੌਕੇ ਉਤੇ ਅਮਨ ਸਮਝੌਤਾ ਕਰਕੇ ਅਸੀਂ ਵਿਸ਼ਾਲ ਜਨਤਾ ਨੂੰ ਪ੍ਰਤੱਖ ਸਬੂਤ ਦੇ ਰਹੇ ਹੋਵਾਂਗੇ ਕਿ ਸਾਮਰਾਜੀਏ (ਜਰਮਨੀ, ਬਰਤਾਨੀਆਂ ਤੇ ਫਰਾਂਸ ਦੇ) ਰੀਗਾ ਤੇ ਬਗ਼ਦਾਦ ਲੈ ਕੇ ਵੀ ਲੜਣਾ ਜਾਰੀ ਰੱਖ ਰਹੇ ਹਨ ਜਦ ਕਿ ਅਸੀਂ, ਸੋਸ਼ਲਿਸਟ ਰੀਪਬਲਿਕ, ਵਿਕਾਸ ਕਰ ਰਹੇ ਹਾਂ।

## ੨

ਸਾਥੀ ਲੈਨਿਨ ਕਹਿੰਦਾ ਹੈ ਕਿ ਮੈਂ ਸਟਾਲਿਨ ਤੇ ਜ਼ਿਨੋਵੀਏਵ[7] ਨਾਲ, ਜਿਹੜੇ ਉਸਦੇ ਵਿਚਾਰਾਂ ਨਾਲ ਸਹਿਮਤ ਹਨ, ਕੁਝ ਨੁਕਤਿਆਂ ਉਤੇ ਮਤਭੇਦ ਰੱਖਦਾ ਹਾਂ। ਇਕ ਪਾਸੇ, ਬੇਸ਼ਕ, ਪੱਛਮ ਵਿਚ ਵਿਸ਼ਾਲ ਲਹਿਰ ਹੈ, ਪਰ ਉਥੇ ਇਨਕਲਾਬ ਅਜੇ ਸ਼ੁਰੂ ਨਹੀਂ ਹੋਇਆ। ਪਰ ਜੇ ਅਸੀਂ ਉਸ ਦੇ ਬਲ-ਬੂੱਤੇ ਉਤੇ ਆਪਣੇ ਦਾਅ-ਪੇਚ ਬਦਲ ਲਏ ਤਾਂ ਅਸੀਂ ਕੌਮਾਂਤਰੀ ਸੋਸ਼ਲਿਜ਼ਮ ਨਾਲ ਗ਼ੱਦਾਰੀ ਕਰ ਰਹੇ ਹੋਵਾਂਗੇ। ਉਹ ਜ਼ਿਨੋਵੀਏਵ ਨਾਲ ਸਹਿਮਤ ਨਹੀਂ ਕਿ ਅਮਨ ਸਮਝੌਤਾ ਕਰਨਾ ਪੱਛਮ ਵਿਚਲੀ ਲਹਿਰ ਨੂੰ ਆਰਜ਼ੀ

ਤੌਰ ਤੇ ਮਧਮ ਕਰ ਦੇਵੇਗਾ। ਸਾਨੂੰ ਆਪਣੀ ਜ਼ਰੂਰ ਬਲੀ ਦੇ ਦੇਣੀ ਚਾਹੀਦੀ ਹੈ ਜੇ ਸਾਨੂੰ ਵਿਸ਼ਵਾਸ ਹੋਵੇ ਕਿ ਅਮਨ ਗੱਲਬਾਤ ਮੁਲਤਵੀ ਕਰ ਦੇਣ ਦੇ ਨਾਲ ਤੁਰਤ ਹੀ ਜਰਮਨ ਲਹਿਰ ਵਿਕਸ ਸਕਦੀ ਹੈ, ਕਿਉਂਕਿ ਜਰਮਨ ਇਨਕਲਾਬ ਸਾਡੇ ਇਨਕਲਾਬ ਨਾਲੋਂ ਕਿਤੇ ਜ਼ਿਆਦਾ ਤਾਕਤਵਰ ਹੋਵੇਗਾ। ਪਰ ਮਸਲਾ ਇਹ ਹੈ ਕਿ ਉਥੇ ਲਹਿਰ ਅਜੇ ਸ਼ੁਰੂ ਵੀ ਨਹੀਂ ਹੋਈ, ਜਦ ਕਿ ਇਥੇ ਸਾਡੇ ਕੋਲ ਇਕ ਨਵ-ਜਨਮਿਆ ਤੇ ਜ਼ੋਰ ਜ਼ੋਰ ਦੀ ਚੀਕ ਰਿਹਾ ਬੱਚਾ ਹੈ, ਤੇ ਜਿੰਨਾਂ ਚਿਰ ਤੱਕ ਅਸੀਂ ਸਪਸ਼ਟ ਨਹੀਂ ਕਹਿ ਦੇਂਦੇ ਕਿ ਅਸੀਂ ਅਮਨ ਚਾਹੁੰਦੇ ਹਾਂ, ਅਸੀਂ ਨਹੀਂ ਬਚਾਂਗੇ। ਸਾਨੂੰ ਉਦੋਂ ਤੱਕ ਡਟਣਾ ਚਾਹੀਦਾ ਹੈ ਜਦੋਂ ਤੱਕ ਆਮ ਸੋਸ਼ਲਿਸਟ ਇਨਕਲਾਬ ਸ਼ੁਰੂ ਨਹੀਂ ਹੋ ਜਾਂਦਾ, ਤੇ ਅਸੀਂ ਇਸ ਤਰ੍ਹਾਂ ਸਿਰਫ ਅਮਨ ਸਮਝੌਤਾ ਕਰਕੇ ਹੀ ਕਰ ਸਕਦੇ ਹਾਂ।

## ੩

ਸਾਥੀ ਲੈਨਿਨ ਇਸ ਤਜਵੀਜ਼ ਉਪਰ ਵੋਟਾਂ ਵਾਸਤੇ ਪ੍ਰਸਤਾਵ ਪੇਸ਼ ਕਰਦਾ ਹੈ ਕਿ ਸਾਨੂੰ ਅਮਨ ਸਮਝੌਤਾ ਕਰਨ ਨੂੰ ਹਰ ਸੰਭਵ ਤਰੀਕੇ ਨਾਲ ਪਿੱਛੇ ਪਾਉਣਾ ਚਾਹੀਦਾ ਹੈ।

ਪਹਿਲਾਂ ਪ੍ਰਕਾਸ਼ਤ
ਹੋਇਆ ੧੯੨੨ ਵਿਚ
ਨ. ਲੈਨਿਨ (ਵ. ਉਲਿਆਨੋਵ)
ਕਿਰਤ ਸੰਗ੍ਰਹਿ, ਸੈਂਚੀ ੧੫।
ਮਦ ੩, ਪਹਿਲੀ ਵਾਰੀ ੧੯੨੯ ਵਿਚ
"ਰੂ: ਸੋ: ਡੈ: ਲੇ: ਪਾ: ਕੇਂਦਰੀ ਕਮੇਟੀ
ਦੀ ਸੰਖੇਪ ਕਾਰਵਾਈ, ਅਗਸਤ
੧੯੧੭ — ਫਰਵਰੀ ੧੯੧੮",
ਪੈਮਫਲਟ ਵਿਚ ਛਪੀ।

ਸੈਂਚੀ ੩੫,
ਸਫ਼ੇ ੨੫੫—੨੫੮।

# ਇਨਕਲਾਬੀ ਲੱਫ਼ਾਜ਼ੀ[8]

ਜਦੋਂ ਮੈਂ ਇਕ ਪਾਰਟੀ ਮੀਟਿੰਗ ਵਿਚ ਕਿਹਾ ਕਿ ਇਨਕਲਾਬੀ ਜੰਗ ਬਾਰੇ ਇਨਕਲਾਬੀ ਲੱਫਾਜ਼ੀ ਹੋ ਸਕਦਾ ਹੈ ਸਾਡੇ ਇਨਕਲਾਬ ਨੂੰ ਤਬਾਹ ਕਰ ਦੇਵੇ, ਤਾਂ ਮੈਨੂੰ ਆਪਣੇ ਵਿਵਾਦ ਦੇ ਕਾਟਵੇਂ ਹੋਣ ਕਰਕੇ ਬੁਰਾ-ਭਲਾ ਕਿਹਾ ਗਿਆ ਸੀ। ਪਰ ਐਸੇ ਮੌਕੇ ਹੁੰਦੇ ਹਨ ਜਦੋਂ ਸਵਾਲ ਦਾ ਤਿਖੇ ਢੰਗ ਨਾਲ ਉਠਾਉਣਾ ਤੇ ਚੀਜ਼ਾਂ ਨੂੰ ਉਹਨਾਂ ਦੇ ਯੋਗ ਨਾਂ ਦੇਣਾ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਖਤਰਾ ਇਹ ਹੁੰਦਾ ਹੈ ਕਿ ਪਾਰਟੀ ਤੇ ਇਨਕਲਾਬ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪੁੱਜ ਸੱਕਦਾ ਹੈ।

ਇਨਕਲਾਬੀ ਫਿਕਰੇਬਾਜ਼ੀ, ਅਕਸਰ ਹੀ, ਐਸੀ ਬੀਮਾਰੀ ਹੈ ਜਿਹੜੀ ਇਨਕਲਾਬੀ ਪਾਰਟੀਆਂ ਨੂੰ ਐਸੇ ਸਮਿਆਂ ਵਿਚ ਲੱਗੀ ਹੁੰਦੀ ਹੈ ਜਦੋਂ ਉਹ ਸਿੱਧੀ ਜਾਂ ਅਸਿੱਧੀ ਤਰ੍ਹਾਂ, ਪ੍ਰੋਲਤਾਰੀ ਤੇ ਪੈਟੀ-ਬੁਰਜੂਆ ਅਨਸਰਾਂ ਦਾ ਮੇਲ, ਗਠਜੋੜ ਜਾਂ ਰਲਾ ਹੁੰਦੀਆਂ ਹਨ ਤੇ ਜਦੋਂ ਇਨਕਲਾਬੀ ਘਟਨਾਵਾਂ ਦਾ ਵਹਾਅ ਭਾਰੀ, ਤੇਜ਼ ਵਿੰਗ-ਵਲੇਵਿਆਂ ਨਾਲ ਭਰਿਆ ਹੁੰਦਾ ਹੈ। ਇਨਕਲਾਬੀ ਫਿਕਰੇਬਾਜ਼ੀ ਤੋਂ ਸਾਡਾ ਮਤਲਬ ਇਨਕਲਾਬੀ ਨਾਅਰਿਆਂ ਨੂੰ ਦੁਹਰਾਈ ਜਾਣਾ ਹੈ ਭਾਵੇਂ ਘਟਨਾਵਾਂ ਵਿਚਲੇ, ਉਸ ਵੇਲੇ ਪਾਈਆਂ ਜਾਂਦੀਆਂ ਖਾਸ ਹਾਲਤਾਂ ਵਿਚਲੇ ਕਿਸੇ ਮੋੜ ਤੇ ਬਾਹਰਮੁਖੀ ਹਾਲਤਾਂ ਭਾਵੇਂ ਕੋਈ ਵੀ ਹੋਣ। ਨਾਅਰੇ ਸ਼ਾਨਦਾਰ, ਦਿਲਕਸ਼, ਖੁਮਾਰੀ ਲਿਆਉਣ ਵਾਲੀ ਚੀਜ਼ ਹੁੰਦੇ ਹਨ, ਪਰ ਉਹਨਾਂ ਵਾਸਤੇ ਆਧਾਰ ਕੋਈ ਨਹੀਂ ਹੁੰਦਾ, ਇਨਕਲਾਬੀ ਲੱਫਾਜ਼ੀ ਦਾ ਖਾਸਾ ਇਸ ਤਰ੍ਹਾਂ ਦਾ ਹੁੰਦਾ ਹੈ।

ਆਓ ਅੱਜ ਦੇ, ਜਨਵਰੀ ਤੇ ਫਰਵਰੀ, ੧੯੧੮ ਵਿਚਲੇ ਰੂਸ ਵਿਚ ਇਨਕਲਾਬੀ ਜੰਗ ਦੇ ਹੱਕ ਵਿਚ ਦਲੀਲਾਂ ਦੇ ਸਮੂਹਾਂ, ਘਟੋ ਘਟ ਜੋ ਉਹਨਾਂ ਵਿਚੋਂ ਸਭ ਤੋਂ ਵਧ ਮਹਤਵਪੂਰਨ ਹਨ, ਦੀ ਨਿਰਖ-ਪਰਖ ਕਰੀਏ ਤੇ ਇਸ ਨਾਅਰੇ ਦੀ ਬਾਹਰਮੁਖੀ ਹਕੀਕਤ ਨਾਲ ਤੁਲਣਾ ਸਾਨੂੰ ਦੱਸੇਗੀ ਕਿ ਜਿਹੜੀ ਪ੍ਰੀਭਾਸ਼ਾ ਮੈਂ ਦਿੱਤੀ ਹੈ, ਉਹ ਠੀਕ ਹੈ ਜਾਂ ਨਹੀਂ।

## ੧

ਸਾਡੀ ਪਰੈਸ ਨੇ ਹਮੇਸ਼ਾ ਹੀ ਇਨਕਲਾਬੀ ਜੰਗ ਲਈ ਤਿਆਰੀ ਕਰਨ ਦੀ ਲੋੜ ਉਪਰ ਜ਼ੋਰ ਦਿੱਤਾ ਹੈ, ਜਦੋਂ ਸੋਸ਼ਲਿਜ਼ਮ ਇਕ ਦੇਸ ਵਿਚ ਜਿੱਤ ਜਾਂਦਾ ਹੈ ਤੇ ਗੁਆਂਢੀ ਦੇਸਾਂ ਵਿਚ ਸਰਮਾਇਦਾਰੀ ਅਜੇ ਵੀ ਮੌਜੂਦ ਹੁੰਦੀ ਹੈ। ਇਸ ਬਾਰੇ ਕੋਈ ਸ਼ੱਕ ਨਹੀਂ।

ਸਵਾਲ ਇਹ ਹੈ—ਸਾਡੇ ਅਕਤੂਬਰ ਇਨਕਲਾਬ ਤੋਂ ਲੈ ਕੇ ਇਹ ਤਿਆਰੀਆਂ **ਹਕੀਕਤ ਵਿਚ** ਕਿਵੇਂ ਕੀਤੀਆਂ ਗਈਆਂ ਹਨ?

ਅਸੀਂ ਇਸ ਤਰ੍ਹਾਂ ਨਾਲ ਤਿਆਰੀ ਕੀਤੀ ਹੈ: ਸਾਨੂੰ ਫੌਜ ਤੋੜਨੀ ਪਈ, ਅਸੀਂ ਇਸ ਵਾਸਤੇ ਮਜਬੂਰ ਹੋ ਗਏ ਸਾਂ, ਹਾਲਾਤ ਤੋਂ ਮਜਬੂਰ ਹੋ ਗਏ ਸਾਂ ਜੋ ਏਨੇ ਪ੍ਰਤੱਖ, ਏਨੇ ਵਜ਼ਨਦਾਰ ਤੇ ਏਨੇ ਨਾ ਸਰ ਹੋਣ ਵਾਲੇ ਸਨ ਕਿ, ਫੌਜ ਤੋੜਣ ਦੇ ਖਿਲਾਫ ਪਾਰਟੀ ਵਿਚ ਕੋਈ "ਰੁਝਾਣ" ਜਾਂ ਮੂਡ ਪੈਦਾ ਹੋਣਾ ਤਾਂ ਇਕ ਪਾਸੇ, ਇਸਦੇ ਖਿਲਾਫ ਇਕ ਵੀ ਆਵਾਜ਼ ਨਹੀਂ ਸੀ ਉਠਾਈ ਗਈ। ਜਿਹੜਾ ਵੀ ਬੰਦਾ ਗੁਆਂਢੀ ਸਾਮਰਾਜੀ ਰਾਜ ਨਾਲ ਜੰਗ ਦੇ ਖਤਮ ਹੋਣ ਤੋਂ ਪਹਿਲਾਂ ਹੀ ਸੋਵੀਅਤ ਸੋਸ਼ਲਿਸਟ ਰੀਪਬਲਿਕ ਵਲੋਂ ਫੌਜ ਨੂੰ ਤੋੜ ਦੇਣ ਵਰਗੇ ਅਸਾਧਾਰਨ ਵਰਤਾਰੇ ਦੇ ਜਮਾਤੀ ਕਾਰਨਾਂ ਵੱਲ ਜ਼ਰਾ ਵੀ **ਧਿਆਨ ਦੇਣਾ** ਚਾਹੁੰਦਾ ਹੈ, ਉਹ ਬਿਨਾਂ ਬਹੁਤੀ ਮੁਸ਼ਕਲ ਦੇ ਇਹਨਾਂ ਕਾਰਨਾਂ ਨੂੰ ਛੋਟੀ-ਕਿਸਾਨ ਆਰਥਕਤਾ ਵਾਲੇ ਪੱਛੜੇ ਦੇਸ ਦੀ ਸਮਾਜਕ ਬਣਤਰ ਵਿਚ ਲਭ ਲਵੇਗਾ, ਜਿਹੜਾ ਦੇਸ ਤਿੰਨ ਸਾਲਾਂ ਦੀ ਜੰਗ ਤੋਂ ਪਿਛੋਂ ਅਤਿ ਦੀ ਆਰਥਕ ਤਬਾਹੀ ਵਿਚ ਜਾ ਡਿੱਗਾ ਹੈ। ਕਈ ਲੱਖ ਸਿਪਾਹੀਆਂ ਦੀ ਫੌਜ ਨੂੰ ਤੋੜਿਆ ਗਿਆ ਤੇ **ਵਾਲੰਟਰੀ ਲੀਹਾਂ ਉਤੇ** ਲਾਲ ਫੌਜ ਦੀ ਸਿਰਜਣਾ ਸ਼ੁਰੂ ਕੀਤੀ ਗਈ ਸੀ—ਇਹੋ ਜਿਹੀਆਂ ਹਨ ਹਕੀਕਤਾਂ।

ਇਹਨਾਂ ਹਕੀਕਤਾਂ ਦੀ ਤੁਲਨਾ ਜਨਵਰੀ ਤੇ ਫਰਵਰੀ ੧੯੧੮ ਵਿਚ ਇਨਕਲਾਬੀ ਜੰਗ ਦੀਆਂ ਗੱਲਾਂ ਨਾਲ ਕਰੋ, ਤੇ ਇਨਕਲਾਬੀ ਲੱਫਾਜ਼ੀ ਦਾ ਖਾਸਾ ਤੁਹਾਨੂੰ ਸਪਸ਼ਟ ਹੋ ਜਾਇਗਾ।

ਜੇ ਪੀਤਰੋਗਰਾਦ ਤੇ ਮਾਸਕੋ ਜਥੇਬੰਦੀਆਂ ਵਲੋਂ, ਮਿਸਾਲ ਦੇ ਤੌਰ ਤੇ, ਇਨਕਲਾਬੀ ਜੰਗ ਦੀ ਇਹ "ਵਕਾਲਤ" ਫੋਕੀ ਲੱਫਾਜ਼ੀ ਨਾ ਹੁੰਦੀ ਤਾਂ ਅਕਤੂਬਰ ਤੇ ਜਨਵਰੀ ਵਿਚਕਾਰ ਸਾਡੇ ਸਾਮ੍ਹਣੇ ਜ਼ਰੂਰ ਦੂਜੇ **ਤੱਥ** ਆਉਂਦੇ: ਅਸੀਂ ਫੌਜ ਤੋੜਣ ਦੇ ਖਿਲਾਫ ਉਹਨਾਂ ਵਲੋਂ ਦਰਿੜ੍ਹ ਘੋਲ ਦੇਖਦੇ। ਪਰ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਈ।

ਸਾਡੇ ਦੇਖਣ ਵਿਚ ਇਹ ਆਉਣਾ ਚਾਹੀਦਾ ਸੀ ਕਿ ਪੀਤਰੋਗਰਾਦ ਵਾਲੇ ਤੇ ਮਾਸਕੋ ਵਾਲੇ **ਹਜ਼ਾਰਾਂ ਹੀ** ਅੰਦੋਲਨਕਾਰੀਆਂ ਨੂੰ ਤੇ ਸਿਪਾਹੀਆਂ ਨੂੰ ਮਹਾਜ਼ ਉਤੇ ਭੇਜ ਰਹੇ ਹਨ ਤੇ ਉਥੋਂ ਫੌਜ ਤੋੜਣ ਦੇ ਖਿਲਾਫ ਉਹਨਾਂ ਦੇ ਘੋਲ ਬਾਰੇ, ਉਹਨਾਂ ਦੇ ਘੋਲ ਦੀਆਂ ਸਫਲਤਾਵਾਂ ਬਾਰੇ, ਫੌਜ ਤੋੜਣ ਨੂੰ ਰੋਕਣ ਬਾਰੇ ਰੋਜ਼ਾਨਾ ਰੀਪੋਰਟਾਂ ਮਿਲਣੀਆਂ ਚਾਹੀਦੀਆਂ ਸਨ।

ਇਸ ਤਰ੍ਹਾਂ ਦੀ ਬਿਲਕੁਲ ਕੋਈ ਚੀਜ਼ ਨਹੀਂ ਹੋਈ।

ਸਾਨੂੰ ਸੈਂਕੜੇ ਹੀ ਰੀਪੋਰਟਾਂ ਮਿਲਣੀਆਂ ਚਾਹੀਦੀਆਂ ਸਨ ਕਿ ਰਜਮੈਂਟਾਂ ਲਾਲ ਫੌਜ ਵਿਚ ਇਕੱਠੀਆਂ ਹੋ ਰਹੀਆਂ ਹਨ, ਫੌਜ ਤੋੜਨ ਨੂੰ ਰੋਕਣ ਵਾਸਤੇ ਦਹਿਸ਼ਤ ਵਰਤ ਰਹੀਆਂ ਹਨ, ਜਰਮਨ ਸਾਮਰਾਜ ਦੇ ਸੰਭਵ ਹਮਲੇ ਦੇ ਖਿਲਾਫ ਰੱਖਿਆ ਪ੍ਰਬੰਧਾਂ ਤੇ ਮੋਰਚਾਬੰਦੀਆਂ ਨੂੰ ਮੁੜ ਨਵੇਂ ਸਿਰਿਉਂ ਉਸਾਰ ਰਹੀਆਂ ਹਨ।

ਇਸ ਤਰ੍ਹਾਂ ਦੀ ਬਿਲਕੁਲ ਕੋਈ ਚੀਜ਼ ਨਹੀਂ ਹੋਈ। ਫੌਜ ਤੋੜਨ ਦਾ ਕੰਮ ਪੂਰੇ ਜ਼ੋਰਾਂ ਤੇ ਹੈ। ਪੁਰਾਣੀ ਫੌਜ ਦੀ ਹੁਣ ਕੋਈ ਹੋਂਦ ਨਹੀਂ। ਨਵੀਂ ਫੌਜ ਅਜੇ ਮਸਾਂ ਜਨਮ ਹੀ ਲੈ ਰਹੀ ਹੈ।

ਜਿਹੜਾ ਵੀ ਕੋਈ ਬੰਦਾ ਆਪਣੇ ਮਨ ਨੂੰ ਸਿਰਫ ਲਫਜ਼ਾਂ ਨਾਲ, ਲਫੌੜੀ ਐਲਾਨਾਂ ਨਾਲ ਤੇ ਵਿਸਮਿਕ ਕਥਨਾਂ ਨਾਲ ਹੀ ਆਰਾਮ ਨਹੀਂ ਦੇਣਾ ਚਾਹੁੰਦਾ, ਉਸਨੂੰ ਦੇਖਣਾ ਚਾਹੀਦਾ ਹੈ ਕਿ ਫਰਵਰੀ ੧੯੧੮ ਵਿਚ ਇਨਕਲਾਬੀ ਜੰਗ ਦਾ "ਨਾਅਰਾ" ਸਭ ਤੋਂ ਵੱਧ ਫੋਕੀ ਲੱਫਾਜ਼ੀ ਹੈ, ਇਸ ਦੇ ਪਿਛੇ ਕੁਝ ਵੀ ਯਥਾਰਥਕ, ਕੁਝ ਵੀ ਬਾਹਰਮੁਖੀ ਨਹੀਂ ਹੈ। ਇਸ ਨਾਅਰੇ ਵਿੱਚ ਅੱਜ ਕੁਝ ਵੀ **ਵਸਤੂ** ਨਹੀਂ ਹੈ ਸਿਵਾਏ ਉਪਭਾਵਕਤਾ, ਸ਼ੁਭ ਇਛਾਵਾਂ, ਰੋਹ ਤੇ ਗੁੱਸੇ ਦੇ। ਤੇ ਇਹੋ ਜਿਹੇ ਵਸਤੂ ਵਾਲੇ ਨਾਅਰੇ ਨੂੰ ਇਨਕਲਾਬੀ ਲੱਫਾਜ਼ੀ ਕਿਹਾ ਜਾਂਦਾ ਹੈ।

ਸਾਡੀ ਆਪਣੀ ਪਾਰਟੀ ਤੇ ਸਮੁੱਚੇ ਤੌਰ ਤੇ ਸੋਵੀਅਤ ਸੱਤਾ ਦੇ ਜਿਸ ਤਰ੍ਹਾਂ ਦੇ ਹਾਲਾਤ ਹਨ, ਪੀਤਰੋਗਰਾਦ ਤੇ ਮਾਸਕੋ ਦੇ ਬਾਲਸ਼ਵਿਕਾਂ ਦੇ ਜਿਸ ਤਰ੍ਹਾਂ ਦੇ ਹਾਲਾਤ ਹਨ, ਉਹਨਾਂ ਤੋਂ ਪਤਾ ਲਗਦਾ ਹੈ ਕਿ **ਹੁਣ ਤੱਕ** ਅਸੀਂ ਵਾਲੰਟੀਅਰਾਂ ਦੀ ਲਾਲ ਫੌਜ ਕਾਇਮ ਕਰਨ ਵਿਚ ਪਹਿਲੇ ਕਦਮ ਚੁੱਕਣ ਤੋਂ ਪਰ੍ਹੇ ਜਾਣ ਵਿਚ ਸਫਲ ਨਹੀਂ ਹੋਏ। ਇਸ ਅਣਸੁਖਾਵੀਂ ਹਕੀਕਤ ਵਲੋਂ — ਤੇ ਹਕੀਕਤ ਇਹ ਹੈ — ਲਫਜ਼ਾਂ ਦੇ ਪਰਦੇ ਪਿੱਛੇ ਲੁਕਣਾ ਤੇ ਇਸਦੇ ਨਾਲ ਹੀ ਨਾ ਸਿਰਫ ਇਹ ਕਿ ਫੌਜ ਤੋੜਨ ਨੂੰ ਰੋਕਣ ਲਈ **ਕੁਝ** ਨਾ ਕਰਨਾ ਸਗੋਂ ਇਸ ਉਤੇ **ਕੋਈ ਇਤਰਾਜ਼ ਵੀ ਨਾ ਕਰਨਾ** ਲਫਜ਼ਾਂ ਦੀ ਆਵਾਜ਼ ਦੇ ਨਾਲ ਖੁਮਾਰੀ ਵਿਚ ਆ ਜਾਣਾ ਹੈ।

ਜੋ ਕੁਝ ਕਿਹਾ ਗਿਆ ਹੈ ਉਸਦੀ ਪ੍ਰਤਿਨਿਧ ਮਿਸਾਲ, ਉਦਾਹਰਣ ਵਜੋਂ, ਇਹ ਹਕੀਕਤ ਹੈ ਕਿ ਸਾਡੀ ਪਾਰਟੀ ਦੀ ਕੇਂਦਰੀ ਕਮੇਟੀ ਵਿਚ ਵਖਰੇ ਅਮਨ ਦੇ ਸਭ ਤੋਂ ਉਘੇ ਵਿਰੋਧੀਆਂ ਦੀ **ਬਹੁ-ਗਿਣਤੀ** ਨੇ ਇਨਕਲਾਬੀ ਜੰਗ **ਦੇ ਖਿਲਾਫ** ਵੋਟ ਪਾਏ, ਜਨਵਰੀ ਵਿਚ ਵੀ ਤੇ ਫਰਵਰੀ[9] ਵਿਚ ਵੀ ਇਸਦੇ ਖਿਲਾਫ ਵੋਟ ਪਾਏ। ਇਸਦਾ **ਮਤਲਬ ਕੀ** ਹੈ? ਇਸਦਾ ਮਤਲਬ ਹੈ ਕਿ ਹਰ ਉਹ ਬੰਦਾ ਜਿਹੜਾ ਸੱਚ ਨੂੰ ਸਿਧੀ **ਤਰ੍ਹਾਂ ਦੇਖਣ** ਤੋਂ ਨਹੀਂ ਡਰਦਾ, ਇਨਕਲਾਬੀ ਜੰਗ ਦੀ ਅਸੰਭਵਤਾ ਨੂੰ ਪਛਾਣਦਾ ਹੈ।

ਇਹੋ ਜਿਹੀਆਂ ਸੂਰਤਾਂ ਵਿਚ ਦਲੀਲਾਂ ਪੇਸ਼ ਕਰਕੇ ਜਾਂ ਦਲੀਲਾਂ ਪੇਸ਼ ਕਰਨ ਦੀ ਕੋਸ਼ਿਸ਼ ਕਰਕੇ ਸਚਾਈ ਤੋਂ ਅੱਖ ਬਚਾਈ ਜਾਂਦੀ ਹੈ। ਆਓ ਜ਼ਰਾ ਇਹਨਾਂ ਦਲੀਲਾਂ ਦੀ ਨਿਰਖ-ਪਰਖ ਕਰੀਏ।

## ੨

ਦਲੀਲ ਨੰ: ੧। ੧੭੯੨ ਵਿਚ ਫਰਾਂਸ ਵੀ ਕੋਈ ਘਟ ਆਰਥਕ ਬਰਬਾਦੀ ਦਾ ਸ਼ਿਕਾਰ ਨਹੀਂ ਸੀ ਹੋਇਆ, ਪਰ ਇਨਕਲਾਬੀ ਜੰਗ ਨੇ ਇਸਨੂੰ ਠੀਕ ਠਾਕ ਕਰ ਦਿਤਾ, ਹਰ ਇਕ ਲਈ ਪਰੇਰਨਾ ਬਣਿਆ, ਇਸਨੇ ਉਤਸ਼ਾਹ ਪੈਦਾ ਕੀਤਾ ਤੇ ਸਭ ਕੁਝ ਵਹਾਅ ਕੇ ਲੈ ਗਿਆ। ਸਿਰਫ ਉਹ ਹੀ, ਜਿਹੜੇ ਇਨਕਲਾਬ ਵਿਚ ਯਕੀਨ ਨਹੀਂ ਰਖਦੇ, ਸਿਰਫ ਮੌਕਾਪ੍ਰਸਤ ਹੀ ਸਾਡੇ, ਵਧੇਰੇ ਡੂੰਘੇ ਇਨਕਲਾਬ ਵਿਚ ਇਨਕਲਾਬੀ ਜੰਗ ਦਾ ਵਿਰੋਧ ਕਰ ਸਕਦੇ ਹਨ।

ਆਓ ਇਸ ਤਰਕ, ਜਾਂ ਇਸ ਦਲੀਲ ਦੀ ਤਥਾਂ ਨਾਲ ਤੁਲਨਾ ਕਰੀਏ। ਇਹ ਹਕੀਕਤ ਹੈ ਕਿ ਫਰਾਂਸ ਵਿਚ ਅਠਾਰਵੀਂ ਸਦੀ ਦੇ ਅਖੀਰ ਤੇ ਉਤਪਾਦਨ ਦੇ ਨਵੇਂ, ਉਚੇਰੇ ਢੰਗ ਦਾ **ਆਰਥਕ** ਆਧਾਰ **ਪਹਿਲਾਂ** ਸਿਰਜਿਆ ਗਿਆ ਸੀ, ਤੇ ਫਿਰ, ਇਸਦੇ ਸਿੱਟੇ ਵਜੋਂ, ਪਰਾ-ਬਣਤਰ ਦੇ ਤੌਰ ਤੇ, ਸ਼ਕਤੀਸ਼ਾਲੀ ਇਨਕਲਾਬੀ ਫੌਜ ਕਾਇਮ ਹੋਈ ਸੀ। ਫਰਾਂਸ ਨੇ ਦੂਜੇ ਦੇਸਾਂ ਤੋਂ ਪਹਿਲਾਂ ਸਾਮੰਤਸ਼ਾਹੀ ਨੂੰ ਛੱਡ ਦਿਤਾ, ਜੇਤੂ ਇਨਕਲਾਬ ਦੇ **ਕੁਝ ਸਾਲਾਂ ਦੇ ਅਰਸੇ ਵਿਚ** ਇਸਨੂੰ ਹੂੰਝ ਕੇ ਲਾਂਭੇ ਕਰ ਦਿਤਾ ਤੇ ਐਸੀ ਕੌਮ ਨੂੰ ਜਿਹੜੀ ਕਿਸੇ ਜੰਗ ਨਾਲ ਥੱਕੀ-ਟੁੱਟੀ ਨਹੀਂ ਸੀ ਹੋਈ, ਜਿਸਨੇ ਭੂਮੀ ਤੇ ਆਜ਼ਾਦੀ ਜਿੱਤ ਲਈ ਸੀ, ਜਿਹੜੀ ਸਾਮੰਤਵਾਦ ਦੇ ਖਾਤਮੇ ਨਾਲ ਵਧੇਰੇ ਮਜ਼ਬੂਤ ਬਣਾਈ ਜਾ ਚੁਕੀ ਸੀ, ਐਸੀ ਕੌਮ ਨੂੰ ਆਰਥਕ ਤੇ ਰਾਜਨੀਤਕ ਤੌਰ ਤੇ ਕਈ ਪੱਛੜੀਆਂ ਹੋਈਆਂ ਕੌਮਾਂ ਦੇ ਖਿਲਾਫ ਜੰਗ ਵੱਲ ਲੈ ਗਿਆ।

ਇਸਦੀ ਤੁਲਨਾ ਸਮਕਾਲੀ ਰੂਸ ਨਾਲ ਕਰੋ। ਜੰਗ ਕਾਰਨ ਯਕੀਨੋਂ ਬਾਹਰੀ ਥਕਾਵਟ। ਤਕਨੀਕੀ ਤੌਰ ਤੇ ਚੰਗੀ ਤਰ੍ਹਾਂ ਲੈਸ ਜਰਮਨੀ ਦੀ ਸੰਗਠਿਤ ਰਾਜਕੀ ਸਰਮਾਇਦਾਰੀ ਨਾਲੋਂ ਉਚੇਰਾ ਨਵਾਂ ਆਰਥਕ ਪ੍ਰਬੰਧ **ਅਜੇ ਤੱਕ** ਕਾਇਮ ਨਹੀਂ ਹੋਇਆ। ਇਸਦੀ ਸਿਰਫ ਨੀਂਹ ਰੱਖੀ ਜਾ ਰਹੀ ਹੈ। ਸਾਡੇ ਕਿਸਾਨਾਂ ਨੂੰ ਅਜੇ ਤੱਕ ਸਿਰਫ ਭੂਮੀ ਦੇ ਸਮਾਜੀਕਰਨ ਦਾ ਕਾਨੂੰਨ ਹੀ ਮਿਲਿਆ ਹੈ ਪਰ ਇਕ ਵੀ ਸਾਲ (ਭੂਮੀਪਤੀਆਂ ਤੋਂ ਤੇ ਜੰਗ ਦੇ ਤਸੀਹਿਆਂ ਤੋਂ) ਆਜ਼ਾਦ ਕੰਮ ਦਾ ਨਹੀਂ ਮਿਲਿਆ। ਸਾਡੇ ਮਜ਼ਦੂਰਾਂ ਨੇ ਸਰਮਾਇਦਾਰਾਂ ਨੂੰ ਪਟਕਾ ਮਾਰਨਾ ਸ਼ੁਰੂ ਕੀਤਾ ਹੈ ਪਰ ਉਤਪਾਦਨ ਨੂੰ ਜਥੇਬੰਦ ਕਰਨ, ਉਪਜਾਂ ਦੇ ਵਟਾਂਦਰੇ ਦਾ ਪ੍ਰਬੰਧ ਕਰਨ, ਅਨਾਜ ਦੀ ਸਪਲਾਈ ਦਾ ਪ੍ਰਬੰਧ ਕਰਨ ਤੇ ਕਿਰਤ ਦੀ ਉਤਪਾਦਕਤਾ **ਵਧਾਉਣ** ਵਿਚ ਅਜੇ ਸਫਲ ਨਹੀਂ ਹੋਏ।

ਇਹ ਚੀਜ਼ ਹੈ ਜਿਸ ਵੱਲ ਅਸੀਂ ਵਧੇ ਸਾਂ, ਇਹ ਰਾਹ ਹੈ ਜਿਹੜਾ ਅਸੀਂ ਫੜਿਆ ਸੀ, ਪਰ ਇਹ ਪ੍ਰਤੱਖ ਹੈ ਕਿ ਨਵਾਂ ਤੇ ਉਚੇਰਾ ਆਰਥਕ ਪ੍ਰਬੰਧ **ਅਜੇ ਹੋਂਦ ਵਿਚ ਨਹੀਂ ਆਇਆ**।

ਪਰਾਜਿਤ ਸਾਮੰਤਵਾਦ, ਪੱਕੀ ਹੋਈ ਹੋਈ ਬੁਰਜੂਆ ਆਜ਼ਾਦੀ, ਤੇ ਸਾਮੰਤੀ ਦੇਸਾਂ ਦੇ ਮੁਕਾਬਲੇ ਉਤੇ ਚੰਗਾ ਰੱਜਿਆ-ਪੁੱਜਿਆ ਕਿਸਾਨ—ਇਹ ਸੀ ੧੭੯੨ ਤੇ ੧੭੯੩ ਵਿਚ ਜੰਗ ਦੇ ਖੇਤਰ ਵਿਚ "ਚਮਤਕਾਰਾਂ" ਦਾ ਆਰਥਕ ਆਧਾਰ।

ਜੰਗ ਨਾਲ ਭੁੱਖੇ-ਮਾਰੇ ਤੇ ਸਤਾਏ ਹੋਏ ਛੋਟੇ ਕਿਸਾਨਾਂ ਦੀ ਕੌਮ, ਜਿਸਦੇ ਅਜੇ ਜ਼ਖਮ ਭਰਨੇ ਸ਼ੁਰੂ ਹੀ ਹੋ ਰਹੇ ਹਨ, ਜਿਸਦੇ ਮੁਕਾਬਲੇ ਤੇ ਹੈ ਤਕਨੀਕੀ ਤੇ ਜਥੇਬੰਦਕ ਤੌਰ ਤੇ ਉਚੇਰੀ ਕਿਰਤ-ਉਤਪਾਦਕਤਾ—ਇਹੋ ਜਿਹੀ ਹੈ ਬਾਹਰਮੁਖੀ ਅਵਸਥਾ ੧੯੧੮ ਦੇ ਅਰੰਭ ਵਿਚ।

ਇਸੇ ਕਰਕੇ ਹੀ ੧੭੯੨ ਆਦਿ ਦੀ ਕੋਈ ਵੀ ਯਾਦ ਲਿਆਉਣੀ ਕੁਝ ਵੀ ਨਹੀਂ ਸਿਵਾਏ ਇਨਕਲਾਬੀ ਲੱਫਾਜ਼ੀ ਦੇ। ਲੋਕ ਨਾਅਰੇ, ਲਫਜ਼, ਜੰਗੀ ਬੋਲਿਆਂ ਨੂੰ ਦੁਹਰਾਉਂਦੇ ਹਨ, ਪਰ ਬਾਹਰਮੁਖੀ ਹਕੀਕਤ ਦਾ ਵਿਸ਼ਲੇਸ਼ਣ ਕਰਨ ਤੋਂ ਡਰਦੇ ਹਨ।

### ੩

ਦਲੀਲ ਨੰ: ੨। ਜਰਮਨੀ "ਹਮਲਾ ਨਹੀਂ ਕਰ ਸਕਦਾ," **ਉਸਦਾ** ਵਧਦਾ ਇਨਕਲਾਬ ਇਸ ਗੱਲ ਦੀ ਆਗਿਆ ਨਹੀਂ ਦੇਵੇਗਾ।

ਜਰਮਨ "ਹਮਲਾ ਨਹੀਂ ਕਰ ਸਕਦੇ" ਉਹ ਦਲੀਲ ਸੀ ਜਿਹੜੀ ਜਨਵਰੀ ਵਿਚ ਤੇ ਫਰਵਰੀ ੧੯੧੮ ਦੇ ਸ਼ੁਰੂ ਵਿਚ ਵਖਰੇ ਅਮਨ ਦੇ ਵਿਰੋਧੀਆਂ ਵੱਲੋਂ ਲੱਖਾਂ ਵਾਰੀ ਦੁਹਰਾਈ ਗਈ। ਉਹਨਾਂ ਵਿਚੋਂ ਜਿਹੜੇ ਵਧੇਰੇ ਚੌਕਸ ਸਨ, ਉਹਨਾਂ ਨੇ ਕਿਹਾ ਕਿ ਜਰਮਨਾਂ ਦੇ ਹਮਲੇ ਦੇ ਅਸਮਰਥ ਹੋਣ ਦੀ ੨੫ ਤੋਂ ੩੩ ਫੀ ਸਦੀ ਤੱਕ (ਬੇਸ਼ਕ, ਲਗਭਗ) ਸੰਭਾਵਨਾ ਹੈ।

ਤਥਾਂ ਨੇ ਇਹਨਾਂ ਗਿਣਤੀਆਂ-ਮਿਣਤੀਆਂ ਨੂੰ ਗ਼ਲਤ ਸਿਧ ਕੀਤਾ। ਇਥੇ ਵੀ ਵਖਰੇ ਅਮਨ ਦੇ ਵਿਰੋਧੀ ਆਮ ਤੌਰ ਤੇ ਹਕੀਕਤਾਂ ਦੇ ਆਹਣੀ ਮੰਤਕ ਤੋਂ ਡਰਦੇ ਹੋਏ ਉਹਨਾਂ ਨੂੰ ਲਾਂਭੇ ਰੱਖ ਦੇਂਦੇ ਹਨ।

ਇਸ ਗ਼ਲਤੀ ਦਾ ਸੋਮਾ ਕੀ ਸੀ, ਜਿਹੜੀ ਗ਼ਲਤੀ ਅਸਲੀ ਇਨਕਲਾਬੀਆਂ ਨੂੰ (ਨਾ ਕਿ ਉਪਭਾਵਕਤਾ ਵਾਲੇ ਇਨਕਲਾਬੀਆਂ ਨੂੰ) ਪਛਾਨਣ ਤੇ ਵਿਸ਼ਲੇਸ਼ਨ ਕਰਨ ਦੇ ਯੋਗ ਹੋਣਾ ਚਾਹੀਦਾ ਹੈ?

ਕੀ ਇਹ ਇਸ ਲਈ ਸੀ ਕਿ ਅਸੀਂ, ਆਮ ਤੌਰ ਤੇ, ਅਮਨ ਗੱਲਬਾਤ **ਦੇ ਸੰਬੰਧ ਵਿਚ** ਪੈਂਤੜੇਬਾਜ਼ੀ ਕੀਤੀ ਤੇ ਅੰਦੋਲਨ ਚਲਾਇਆ? ਨਹੀਂ। ਸਾਨੂੰ **ਪੈਂਤੜੇਬਾਜ਼ੀ**

ਤੇ ਅੰਦੋਲਨ ਕਰਨੇ ਪਏ। ਪਰ ਸਾਨੂੰ ਪੈਂਤੜੇਬਾਜ਼ੀਆਂ ਤੇ ਅੰਦੋਲਨ ਲਈ, — ਜਦ ਕਿ ਪੈਂਤੜੇਬਾਜ਼ੀ ਤੇ ਅੰਦੋਲਨ ਅਜੇ ਸੰਭਵ ਸਨ — ਤੇ ਜਦੋਂ ਮਾਮਲਾ ਸ਼ਿੱਦਤ ਧਾਰਨ ਕਰ ਗਿਆ ਤਾਂ ਸਭ ਪੈਂਤੜੇਬਾਜ਼ੀਆਂ ਨੂੰ ਖਤਮ ਕਰਨ ਲਈ ਵੀ "ਆਪਣਾ ਹੀ ਸਮਾਂ" ਚੁਨਣਾ ਪਿਆ।

ਗ਼ਲਤੀ ਦਾ ਸੋਮਾ ਇਹ ਸੀ ਕਿ ਜਰਮਨ ਇਨਕਲਾਬੀ ਮਜ਼ਦੂਰਾਂ ਨਾਲ ਇਨਕਲਾਬੀ ਮਿਲਵਰਤਣ ਦੇ ਸਾਡੇ ਸੰਬੰਧਾਂ ਨੂੰ ਖਾਲੀ ਲੱਫ਼ਾਜ਼ੀ ਵਿਚ ਬਦਲ ਦਿੱਤਾ ਗਿਆ ਸੀ। ਅਸੀਂ ਜਰਮਨ ਇਨਕਲਾਬੀ ਮਜ਼ਦੂਰਾਂ ਦੀ ਜਿਸ ਤਰੀਕੇ ਨਾਲ ਵੀ ਕਰ ਸਕਦੇ ਸਾਂ ਸਹਾਇਤਾ ਕੀਤੀ ਤੇ ਕਰ ਰਹੇ ਹਾਂ — ਭਰੱਪਣ ਪੈਦਾ ਕਰਨ, ਅੰਦੋਲਨ, ਖੁਫੀਆ ਸੰਧੀਆਂ ਛਾਪਣ ਆਦਿ ਨਾਲ। ਇਹ ਸੀ ਮਦਦ, ਕਰਨੀ ਵਿਚ, ਕਾਰੋਬਾਰੀ ਢੰਗ ਦੀ ਮਦਦ।

ਪਰ ਸਾਡੇ ਕੁਝ ਸਾਥੀਆਂ ਦਾ ਐਲਾਨ — "ਜਰਮਨ ਹਮਲਾ ਨਹੀਂ ਕਰ ਸਕਦੇ" — ਫੋਕੀ ਲੱਫਾਜ਼ੀ ਸੀ। ਅਸੀਂ ਖੁਦ ਆਪਣੇ ਦੇਸ ਵਿਚ ਅਜੇ ਹੁਣੇ ਹੁਣੇ ਇਨਕਲਾਬ ਵਿਚੋਂ ਲੰਘੇ ਹਾਂ। ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਯੂਰਪ ਨਾਲੋਂ ਰੂਸ ਵਿਚ ਇਨਕਲਾਬ ਦਾ **ਸ਼ੁਰੂ ਹੋਣਾ** ਕਿਉਂ ਵਧੇਰੇ ਸੌਖਾ ਸੀ। ਅਸੀਂ ਦੇਖਿਆ ਕਿ ਅਸੀਂ ਜੂਨ ੧੯੧੭ ਵਿਚ ਰੂਸੀ ਸਾਮਰਾਜ ਦੇ ਧਾਵੇ ਨੂੰ ਨਹੀਂ ਠਲ੍ਹ ਸਕਦੇ, ਭਾਵੇਂ ਸਾਡਾ ਇਨਕਲਾਬ ਸਿਰਫ ਸ਼ੁਰੂ ਹੀ ਨਹੀਂ ਸੀ ਹੋ ਚੁੱਕਾ। ਇਸਨੇ ਤਾਜਸ਼ਾਹੀ ਨੂੰ ਸਿਰਫ ਉਲਟਾ ਹੀ ਨਹੀਂ ਸੀ ਦਿੱਤਾ ਹੋਇਆ ਸਗੋਂ ਹਰ ਥਾਂ ਸੋਵੀਅਤਾਂ ਕਾਇਮ ਕਰ ਦਿੱਤੀਆਂ ਹੋਈਆਂ ਸਨ। ਅਸੀਂ ਦੇਖਿਆ, ਅਸੀਂ ਜਾਣਿਆ, ਅਸੀਂ ਮਜ਼ਦੂਰਾਂ ਨੂੰ ਸਮਝਾਇਆ — ਜੰਗਾਂ ਸਰਕਾਰਾਂ ਵਲੋਂ ਚਲਾਈਆਂ ਜਾਂਦੀਆਂ ਹਨ। ਬੁਰਜੂਆ ਜੰਗ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਬੁਰਜੂਆ ਸਰਕਾਰ ਨੂੰ ਤਖਤੋਂ ਲਾਹ ਦਿਤਾ ਜਾਏ।

ਇਸ ਲਈ ਇਸ ਐਲਾਨ ਦਾ ਕਿ "ਜਰਮਨ ਹਮਲਾ ਨਹੀਂ ਕਰ ਸਕਦੇ" ਮਤਲਬ ਇਹ ਐਲਾਨ ਕਰਨ ਤੋਂ ਨਿਕਲਦਾ ਸੀ ਕਿ "ਸਾਨੂੰ ਪਤਾ ਹੈ ਕਿ ਜਰਮਨ ਸਰਕਾਰ ਅਗਲੇ **ਕੁਝ ਹਫਤਿਆਂ ਦੇ ਅੰਦਰ ਅੰਦਰ** ਉਲਟਾ ਦਿਤੀ ਜਾਇਗੀ।" ਅਸਲ ਵਿਚ ਸਾਨੂੰ ਨਹੀਂ ਸੀ ਪਤਾ, ਨਾ ਹੀ ਅਸੀਂ ਇਹ ਜਾਣ ਸਕਦੇ ਸਾਂ, ਤੇ ਇਸ ਕਰਕੇ ਇਹ ਐਲਾਨ ਸਿਰਫ ਫੋਕੀ ਲੱਫਾਜ਼ੀ ਸੀ।

ਇਸ ਬਾਰੇ ਯਕੀਨੀ ਹੋਣਾ ਕਿ ਜਰਮਨ ਇਨਕਲਾਬ ਪੱਕ ਰਿਹਾ ਹੈ ਤੇ ਇਸਦੇ ਪੱਕਣ ਵਿਚ ਸਹਾਇਤਾ ਕਰਨ ਵਿਚ ਆਪਣਾ ਹਿੱਸਾ ਪਾਉਣਾ, **ਕੰਮ ਨਾਲ**, ਅੰਦੋਲਨ ਨਾਲ ਤੇ ਭਰੱਪਣ ਪੈਦਾ ਕਰਨ ਨਾਲ, ਜਿਸ ਤਰ੍ਹਾਂ ਵੀ ਤੁਹਾਨੂੰ ਚੰਗਾ ਲੱਗੇ, ਜਿਥੋਂ ਤੱਕ ਹੋ ਸਕੇ ਇਸਦੀ ਸੇਵਾ ਕਰਨਾ, **ਪਰ ਕੰਮ ਨਾਲ** ਇਨਕਲਾਬ ਦੇ ਪੱਕਣ ਵਿਚ ਸਹਾਈ ਹੋਣਾ ਇਕ ਗੱਲ ਹੈ। ਇਹ ਹੈ ਇਨਕਲਾਬੀ ਪ੍ਰੋਲਤਾਰੀ ਕੌਮਾਂਤਰੀਵਾਦ ਦਾ ਅਰਥ।

ਪਰ ਸਿਧੇ ਜਾਂ ਅਸਿੱਧੇ ਤੌਰ ਤੇ, ਪ੍ਰੱਤਖ ਜਾਂ ਪ੍ਰੋਖ ਢੰਗ ਨਾਲ ਇਹ ਐਲਾਨ ਕਰਨਾ ਕਿ ਜਰਮਨ ਇਨਕਲਾਬ **ਪਹਿਲਾਂ ਹੀ ਪੱਕ ਚੁੱਕਾ ਹੈ** (ਭਾਵੇਂ ਕਿ, ਜ਼ਾਹਰ ਹੈ, ਇਹ

ਪੱਕ ਨਹੀਂ ਚੁੱਕਾ) ਤੇ ਇਸ ਉਪਰ ਆਪਣੇ ਦਾਅ-ਪੇਚ ਆਧਾਰਤ ਕਰਨਾ ਦੂਜੀ ਗੱਲ ਹੈ। ਇਸ ਵਿਚ ਇਨਕਲਾਬੀਪੁਣੇ ਦਾ ਇਕ ਕਣ ਵੀ ਨਹੀਂ, ਇਸ ਵਿਚ ਫਿਕਰੇਬਾਜ਼ੀ ਤੋਂ ਛੁੱਟ ਹੋਰ ਕੁਝ ਵੀ ਨਹੀਂ।

ਇਹ ਹੈ ਉਸ ਗ਼ਲਤੀ ਦਾ ਸੋਮਾ ਜਿਹੜੀ "ਮਾਨ ਭਰੇ" "ਉਘੜਵੇਂ" "ਚਮਤਕਾਰੀ" "ਗੂੰਜਵੇਂ" ਐਲਾਨ ਵਿਚ ਪਾਈ ਜਾਂਦੀ ਹੈ ਕਿ "ਜਰਮਨ ਹਮਲਾ ਨਹੀਂ ਕਰ ਸਕਦੇ।"

## ੪

ਇਹ ਦਾਅਵਾ ਕਿ "ਜਰਮਨ ਸਾਮਰਾਜ ਦਾ ਮੁਕਾਬਲਾ ਕਰਕੇ ਅਸੀਂ ਜਰਮਨ ਇਨਕਲਾਬ ਦੀ ਸਹਾਇਤਾ ਕਰ ਰਹੇ ਹਾਂ ਤੇ ਇਸ ਤਰ੍ਹਾਂ ਵਿਲਹੇਲਮ ਉਪਰ ਲੀਬਕਨੇਖਤ[10] ਦੀ ਜਿੱਤ ਨੂੰ ਨੇੜੇ ਲਿਆ ਰਹੇ ਹਾਂ," ਸਿਵਾਇ ਉਸੇ ਬੜਬੋਲੀ ਬਕਵਾਸ ਦੇ ਹੋਰ ਕੁਝ ਨਹੀਂ।

ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਲੀਬਕਨੇਖਤ ਦੀ ਜਿੱਤ-ਜਿਹੜੀ ਸੰਭਵ ਤੇ ਅਟੱਲ ਹੋਵੇਗੀ ਜਦੋਂ ਜਰਮਨ ਇਨਕਲਾਬ ਪੱਕਣ ਤੇ ਪਹੁੰਚ ਗਿਆ — ਸਾਡਾ ਸਾਰੀਆਂ ਕੌਮਾਂਤਰੀ ਮੁਸ਼ਕਲਾਂ ਤੋਂ, ਸਮੇਤ ਇਨਕਲਾਬੀ ਜੰਗ ਦੇ, ਛੁਟਕਾਰਾ ਦੁਆ ਦੇਵੇਗੀ। ਲੀਬਕਨੇਖਤ ਦੀ ਜਿੱਤ ਸਾਡੀ ਕਿਸੇ ਵੀ ਬੇਵਕੂਫ਼ਾਂ ਵਾਲੀ ਕਾਰਵਾਈ ਦੇ ਸਿੱਟਿਆਂ ਤੋਂ ਸਾਡਾ ਛੁਟਕਾਰਾ ਦੁਆ ਦੇਵੇਗੀ। ਪਰ, ਯਕੀਨਨ, ਇਸ ਨਾਲ ਸਾਡੀਆਂ ਬੇਵਕੂਫੀਆਂ ਯੋਗ ਸਿਧ ਨਹੀਂ ਹੁੰਦੀਆਂ?

ਕੀ ਜਰਮਨ ਸਾਮਰਾਜ ਦਾ ਕਿਸੇ ਤਰ੍ਹਾਂ ਦਾ ਵੀ "ਵਿਰੋਧ" ਜਰਮਨ ਇਨਕਲਾਬ ਦੀ ਸਹਾਇਤਾ ਕਰਦਾ ਹੈ? ਜੋ ਵੀ ਕੋਈ ਜ਼ਰਾ ਵੀ ਸੋਚਣ ਦੀ ਜਾਂ ਰੂਸ ਵਿਚ ਇਨਕਲਾਬੀ ਲਹਿਰ ਦੇ ਇਤਿਹਾਸ ਨੂੰ ਯਾਦ ਕਰਨ ਦੀ ਵੀ ਪ੍ਰਵਾਹ ਕਰਦਾ ਹੈ, ਉਹ ਬਿਲਕੁਲ ਸੌਖੀ ਤਰ੍ਹਾਂ ਸਮਝ ਜਾਵੇਗਾ ਕਿ ਪਿਛਾਖੜ ਦਾ ਵਿਰੋਧ ਇਨਕਲਾਬ ਦੀ ਸਹਾਇਤਾ ਸਿਰਫ ਉਦੋਂ ਕਰਦਾ ਹੈ ਜਦੋਂ ਇਹ **ਉਪਯੋਗੀ** ਹੋਵੇ। ਰੂਸ ਵਿਚ ਇਨਕਲਾਬੀ ਲਹਿਰ ਦੀ ਅੱਧੀ ਸਦੀ ਦੇ ਦੌਰਾਨ ਪਿਛਾਖੜ ਦਾ ਵਿਰੋਧ ਕਰਨ ਦੇ ਐਸੇ ਕਈ ਕੇਸ ਸਾਡੇ ਤਜਰਬੇ ਵਿਚੋਂ ਲੰਘੇ ਹਨ ਜਿਹੜੇ ਉਪਯੋਗੀ ਨਹੀਂ ਸਨ। ਸਾਨੂੰ ਮਾਰਕਸਵਾਦੀਆਂ ਨੂੰ ਇਸ ਗੱਲ ਉੱਤੇ ਹਮੇਸ਼ਾ ਮਾਨ ਰਿਹਾ ਹੈ ਕਿ ਅਸੀਂ ਜਨਤਕ ਸ਼ਕਤੀਆਂ ਤੇ ਜਮਾਤੀ ਸੰਬੰਧਾਂ ਦੀ ਠੀਕ ਠੀਕ ਗਿਣਤੀ-ਮਿਣਤੀ ਨਾਲ ਘੋਲ ਦੇ ਕਿਸੇ ਰੂਪ ਦੀ ਉਪਯੋਗਤਾ ਨੂੰ ਸਿਖਿਆ। ਅਸੀਂ ਕਿਹਾ ਹੈ ਕਿ ਕੋਈ ਬਗ਼ਾਵਤ ਹਮੇਸ਼ਾ ਹੀ ਉਪਯੋਗੀ ਨਹੀਂ ਹੁੰਦੀ; ਜਿੰਨਾਂ ਚਿਰ ਤੱਕ ਜਨਤਾ ਵਿਚ ਪੂਰਵ-ਲੋੜਾਂ ਮੌਜੂਦ ਨਹੀਂ, ਇਹ ਇਕ ਜੂਆ ਹੈ; ਅਸੀਂ ਵਿਅਕਤੀਆਂ ਵਲੋਂ ਵਿਰੋਧ ਦੇ ਅਤਿ ਦੇ ਬਹਾਦਰ ਰੂਪਾਂ ਦੀ ਵੀ ਇਨਕਲਾਬ ਦੇ ਪਖੋਂ ਅਣ-ਉਪਯੋਗੀ ਤੇ ਹਾਨੀਕਾਰਕ ਦੱਸ ਕੇ ਅਕਸਰ ਨਿਖੇਧੀ ਕੀਤੀ ਹੈ। ੧੯੦੭ ਵਿਚ, ਕੌੜੇ ਤਜਰਬੇ ਦੇ

ਆਧਾਰ ਉਤੇ ਅਸੀਂ ਤੀਜੀ ਦੂਮਾ ਵਿਚ ਸ਼ਮੂਲੀਅਤ ਦੇ ਵਿਰੋਧ ਨੂੰ ਅਣ-ਉਪਯੋਗੀ ਕਹਿ ਕੇ ਰੱਦ ਕਰ ਦਿੱਤਾ, ਵਗੈਰਾ, ਵਗੈਰਾ।

ਜਰਮਨ ਇਨਕਲਾਬ ਦੀ ਸਹਾਇਤਾ ਕਰਨ ਲਈ ਸਾਨੂੰ ਆਪਣੇ ਆਪ ਨੂੰ ਜਾਂ ਤਾਂ ਪਰਚਾਰ, ਅੰਦੋਲਨ ਤੇ ਭਰੱਪਣ ਪੈਦਾ ਕਰਨ ਤੱਕ ਸੀਮਤ ਰੱਖਣਾ ਚਾਹੀਦਾ ਹੈ, ਜਦੋਂ ਤੱਕ ਕਿ ਸ਼ਕਤੀਆਂ ਏਨੀਆਂ ਮਜ਼ਬੂਤ ਨਹੀਂ ਹੋ ਜਾਂਦੀਆਂ ਕਿ ਖੁਲ੍ਹਮ-ਖੁਲ੍ਹਾ ਫੌਜੀ ਜਾਂ ਬਗ਼ਾਵਤੀ ਟੱਕਰ ਵਿਚ ਪੱਕੀ, ਗੰਭੀਰ, ਫੈਸਲਾਕੁਨ ਸੱਟ ਮਾਰ ਸੱਕਣ, ਜਾਂ ਸਾਨੂੰ ਉਹ ਟੱਕਰ ਪ੍ਰਵਾਨ ਕਰਨੀ ਚਾਹੀਦੀ ਹੈ ਜੇ **ਸਾਨੂੰ ਯਕੀਨ ਹੋਵੇ** ਕਿ ਇਹ ਦੁਸ਼ਮਨ ਦੀ ਮਦਦ ਨਹੀਂ ਕਰੇਗੀ।

ਇਹ ਗੱਲ ਹਰ ਇਕ ਨੂੰ ਸਪਸ਼ਟ ਹੈ (ਸਿਵਾਏ ਉਹਨਾਂ ਦੇ ਜਿਹੜੇ ਫੋਕੀਆਂ ਫਿਕਰੇਬਾਜ਼ੀਆਂ ਦੀ ਮਸਤੀ ਵਿਚ ਹਨ) ਕਿ **ਇਹ ਜਾਣਦਿਆਂ** ਕਿ ਸਾਡੇ ਕੋਲ ਸ਼ਕਤੀਆਂ ਨਹੀਂ, **ਇਹ ਜਾਣਦਿਆਂ** ਕਿ ਸਾਡੇ ਕੋਲ ਫੌਜ ਨਹੀਂ, ਕੋਈ ਗੰਭੀਰ ਬਗ਼ਾਵਤੀ ਜਾਂ ਫੌਜੀ ਟੱਕਰ ਸ਼ੁਰੂ ਕਰਨਾ ਐਸਾ ਜੂਆ ਹੈ ਜਿਹੜਾ ਜਰਮਨ ਮਜ਼ਦੂਰਾਂ ਦੀ ਸਹਾਇਤਾ ਨਹੀਂ ਕਰੇਗਾ ਸਗੋਂ ਉਹਨਾਂ ਦੇ ਘੋਲ ਨੂੰ ਹੋਰ ਮੁਸ਼ਕਲ ਬਣਾ ਦੇਵੇਗਾ ਤੇ ਉਹਨਾਂ ਦੇ ਦੁਸ਼ਮਨ ਲਈ ਤੇ ਸਾਡੇ ਦੁਸ਼ਮਨ ਲਈ ਹੋਰ ਸੌਖ ਪੈਦਾ ਕਰ ਦੇਵੇਗਾ।

## ੫

ਇਕ ਹੋਰ ਵੀ ਦਲੀਲ ਹੈ ਜਿਹੜੀ ਏਨੀਂ ਬੱਚਗਾਨਾ ਹੱਦ ਤੱਕ ਹਾਸੋਹੀਣੀ ਹੈ ਕਿ ਮੈਂ ਕਦੀ ਵਿਸ਼ਵਾਸ ਹੀ ਨਾ ਕਰਦਾ ਕਿ ਇਹ ਸੰਭਵ ਹੈ ਜੇ ਇਸਨੂੰ ਮੈਂ ਆਪਣੇ ਕੰਨਾਂ ਨਾਲ ਨਾ ਸੁਣਿਆ ਹੁੰਦਾ।

"ਪਿੱਛੇ ਅਕਤੂਬਰ ਵਿਚ ਕੀ ਮੌਕਾਪ੍ਰਸਤ ਇਹ ਨਹੀਂ ਸਨ ਕਹਿੰਦੇ ਕਿ ਸਾਡੇ ਕੋਲ ਕੋਈ ਸ਼ਕਤੀਆਂ, ਕੋਈ ਫੌਜਾਂ, ਕੋਈ ਮਸ਼ੀਨਗੱਨਾਂ, ਕੋਈ ਸਾਜ਼ਸਾਮਾਨ ਨਹੀਂ, ਪਰ ਘੋਲ ਦੇ ਦੌਰਾਨ, ਜਦੋਂ ਜਮਾਤ ਦੇ ਖਿਲਾਫ ਜਮਾਤ ਦਾ ਘੋਲ ਸ਼ੁਰੂ ਹੋਇਆ, ਤਾਂ ਇਹ ਸਭ ਚੀਜ਼ਾਂ ਆ ਗਈਆਂ। ਰੂਸ ਦੇ ਪ੍ਰੋਲਤਾਰੀਆਂ ਵਲੋਂ ਜਰਮਨੀ ਦੇ ਸਰਮਾਇਦਾਰਾਂ ਦੇ ਖਿਲਾਫ ਘੋਲ ਵਿਚ ਵੀ ਉਹ ਆ ਹੀ ਜਾਣਗੀਆਂ। ਜਰਮਨ ਪ੍ਰੋਲਤਾਰੀ ਸਾਡੀ ਸਹਾਇਤਾ ਤੇ ਬਹੁੜਨਗੇ।"

ਅਕਤੂਬਰ ਵਿਚ ਜੋ ਪੁਜ਼ੀਸ਼ਨ ਸੀ, ਅਸੀਂ **ਜਨਤਕ** ਤਾਕਤਾਂ ਦਾ ਠੀਕ ਠੀਕ ਹਿਸਾਬ-ਕਿਤਾਬ ਲਾਇਆ ਸੀ, ਅਸੀਂ ਨਾ ਸਿਰਫ ਸੋਚਦੇ ਸਾਂ, ਸਗੋਂ ਸੋਵੀਅਤਾਂ ਦੀਆਂ **ਵਿਸ਼ਾਲ** ਚੋਣਾਂ ਦੇ ਤਜਰਬੇ ਤੋਂ ਯਕੀਨੀ ਢੰਗ ਨਾਲ **ਜਾਣਦੇ ਸਾਂ** ਕਿ ਮਜ਼ਦੂਰਾਂ ਤੇ ਸਿਪਾਹੀਆਂ ਦੀ ਭਾਰੀ ਬਹੁ-ਗਿਣਤੀ ਸਤੰਬਰ ਵਿਚ ਤੇ ਸ਼ੁਰੂ ਅਕਤੂਬਰ ਵਿਚ ਸਾਡੇ ਵੱਲ

**ਪਹਿਲਾਂ ਹੀ** ਆ ਚੁੱਕੀ ਹੋਈ ਸੀ। ਅਸੀਂ ਜਾਣਦੇ ਸਾਂ, ਭਾਵੇਂ ਜਮਹੂਰੀ ਕਾਨਫਰੰਸ[11] ਵਿਚ ਪਈਆਂ ਵੋਟਾਂ ਤੋਂ ਹੀ ਸਹੀ, ਕਿ ਕੁਲੀਸ਼ਨ ਕਿਸਾਨੀ ਦੀ ਹਿਮਾਇਤ ਵੀ ਗੁਆ ਚੁੱਕੀ ਹੋਈ ਹੈ—ਤੇ ਇਸਦਾ ਮਤਲਬ ਸੀ ਕਿ ਸਾਡਾ ਉਦੇਸ਼ **ਪਹਿਲਾਂ ਹੀ** ਜਿੱਤ ਚੁਕਾ ਸੀ।

ਅਕਤੂਬਰ ਬਗ਼ਾਵਤੀ ਘੋਲ ਲਈ **ਬਾਹਰਮੁਖੀ** ਹਾਲਤਾਂ ਇਹ ਸਨ:

੧) ਸਿਪਾਹੀਆਂ ਦੇ ਸਿਰਾਂ ਉਪਰ ਕੋਈ ਸੋਟਾ ਨਹੀਂ ਸੀ ਰਿਹਾ—ਇਹ ਫਰਵਰੀ ੧੯੧੭[12] ਵਿਚ ਖਤਮ ਕਰ ਦਿਤਾ ਗਿਆ ਸੀ (ਜਰਮਨੀ ਅਜੇ "ਆਪਣੀ" ਫਰਵਰੀ ਤੱਕ ਨਹੀਂ ਪੁੱਜਾ);

੨) ਮਜ਼ਦੂਰਾਂ ਵਾਂਗ ਸਿਪਾਹੀ ਵੀ ਕੁਲੀਸ਼ਨ ਦਾ ਕਾਫੀ ਸੁਆਦ ਦੇਖ ਚੁੱਕੇ ਸਨ ਤੇ ਇਸ ਵਿਚੋਂ ਆਪਣੇ ਚੇਤੰਨ, ਵਿਉਂਤਬੰਦ, ਦਿਲੀ **ਨਿਕਾਸ ਨੂੰ** ਖਤਮ ਕਰ ਚੁੱਕੇ ਸਨ।

ਇਸ ਗੱਲ ਨੇ, ਤੇ ਸਿਰਫ ਇਸੇ ਗੱਲ ਨੇ, **ਅਕਤੂਬਰ ਵਿਚ** "ਬਗਾਵਤ ਲਈ" **ਨਾਅਰੇ ਦਾ ਠੀਕ ਹੋਣਾ** ਨਿਸਚਿਤ ਕੀਤਾ (ਜੁਲਾਈ ਵਿਚ ਇਹ ਨਾਅਰਾ ਗ਼ਲਤ ਹੁੰਦਾ, ਜਦੋਂ ਅਸੀਂ ਇਸਨੂੰ ਘੜਿਆ **ਨਹੀਂ** ਸੀ)।

ਅਕਤੂਬਰ[13] ਦੇ ਮੌਕਾਪ੍ਰਸਤਾਂ ਦੀ ਗ਼ਲਤੀ ਬਾਹਰਮੁਖੀ ਹਾਲਤਾਂ ਲਈ ਉਹਨਾਂ ਦਾ "ਫਿਕਰ" ਨਹੀਂ ਸੀ (ਸਿਰਫ ਬੱਚੇ ਹੀ ਸੋਚ ਸਕਦੇ ਹਨ ਕਿ ਇਹ ਸੀ) ਸਗੋਂ **ਹਕੀਕਤਾਂ** ਦਾ ਉਹਨਾਂ ਵਲੋਂ **ਗ਼ਲਤ** ਮੁਲੰਕਣ ਸੀ—ਉਹ ਨਿਗੂਣੀਆਂ ਚੀਜ਼ਾਂ ਨਾਲ ਚੰਬੜ ਗਏ ਤੇ **ਮੁਖ ਚੀਜ਼** ਨਾ ਦੇਖੀ ਕਿ ਸੋਵੀਅਤਾਂ ਸੁਲਹ-ਸਫਾਈ ਤੋਂ ਸਾਡੇ ਵੱਲ ਆ ਗਈਆਂ ਹਨ।

ਜਰਮਨੀ ਨਾਲ (ਜੋ ਅਜੇ "ਆਪਣੀ" ਫਰਵਰੀ ਜਾਂ ਆਪਣੀ "ਜੁਲਾਈ" ਵਿਚੋਂ ਨਹੀਂ ਲੰਘਿਆ, ਅਕਤੂਬਰ ਦੀ ਤਾਂ ਗੱਲ ਹੀ ਛੱਡੋ) ਹਥਿਆਰਬੰਦ ਟੱਕਰ ਦੀ ਤਿਆਰੀ ਲਈ, ਐਸੇ ਜਰਮਨੀ ਨਾਲ ਜਿਸਦੀ ਸਰਕਾਰ **ਤਾਜਸ਼ਾਹੀ**, ਬੁਰਜੂਆ-ਸਾਮਰਾਜੀ ਸਰਕਾਰ ਹੈ—ਜਿਸਦਾ ਮੁਕਾਬਲਾ ਸੋਵੀਅਤਾਂ ਦੇ, ਜਿਹੜੀਆਂ ਫਰਵਰੀ ੧੯੧੭ ਤੋਂ ਪਰੌਢ ਅਵਸਥਾ ਵਿਚ ਪੁੱਜ ਗਈਆਂ ਸਨ, ਦੁਸ਼ਮਨਾਂ ਦੇ ਖਿਲਾਫ ਅਕਤੂਬਰ ਬਗ਼ਾਵਤੀ ਘੋਲ ਨਾਲ ਕਰੀਏ ਤਾਂ—ਐਸਾ ਬੱਚਗਾਨਾਪਣ ਕਿ ਇਸ ਉਪਰ ਸਿਰਫ ਹੱਸਿਆ ਹੀ ਜਾ ਸੱਕਦਾ ਹੈ। ਇਹ ਹੈ ਬੇਹੂਦਗੀ ਜਿਥੋਂ ਤੱਕ ਲੋਕ ਫੋਕੀ ਲੱਫਾਜ਼ੀ ਨਾਲ ਪੁਜ ਜਾਂਦੇ ਹਨ!

## ੬

ਇਕ ਹੋਰ ਤਰ੍ਹਾਂ ਦੀ ਦਲੀਲ ਇਹ ਹੈ, "ਪਰ ਜਰਮਨੀ ਵਖਰੀ ਅਮਨ ਸੰਧੀ ਨਾਲ ਆਰਥਕ ਤੌਰ ਤੇ ਸਾਡਾ ਗਲਾ ਘੁੱਟ ਦੇਵੇਗਾ, ਉਹ ਕੋਇਲਾ ਤੇ ਅਨਾਜ ਖੋਹ ਲਵੇਗਾ ਤੇ ਸਾਨੂੰ ਗ਼ੁਲਾਮ ਬਣਾ ਲਵੇਗਾ।"

ਬੜੀ ਸਿਆਣੀ ਦਲੀਲ ਹੈ — **ਬਿਨਾਂ ਫੌਜ ਦੇ** ਸਾਨੂੰ ਹਥਿਆਰਬੰਦ ਟੱਕਰ ਸਵੀਕਾਰ ਕਰਨੀ ਚਾਹੀਦੀ ਹੈ, ਭਾਵੇਂ ਉਸ ਟੱਕਰ ਦਾ ਯਕੀਨੀ ਨਤੀਜਾ ਨਾ ਸਿਰਫ ਸਾਡੇ ਗ਼ੁਲਾਮ ਬਨਣ ਵਿਚ ਸਗੋਂ ਸਾਡਾ ਗਲਾ ਘੁੱਟੇ ਜਾਣ ਵਿਚ, ਬਿਨਾਂ ਮੁਆਵਜ਼ੇ ਦੇ ਅਨਾਜ ਖੋਹੇ ਜਾਣ ਵਿਚ, ਸਾਨੂੰ ਸਰਬੀਆ ਜਾਂ ਬੈਲਜੀਅਮ ਦੀ ਅਵਸਥਾ ਵਿਚ ਸੁੱਟੇ ਜਾਣ ਵਿਚ ਨਿਕਲੇ; ਸਾਨੂੰ ਇਹ ਪ੍ਰਵਾਨ ਕਰਨਾ ਪਵੇਗਾ ਕਿਉਂਕਿ **ਨਹੀਂ ਤਾਂ** ਸਾਨੂੰ ਸਾਡੇ ਖਿਲਾਫ ਜਾਂਦੀ ਸੰਧੀ ਮਿਲੇਗੀ, ਜਰਮਨੀ ਸਮਝੌਤਿਆਂ ਨਾਲ ਸਾਡੇ ਕੋਲੋਂ ਕਿਸ਼ਤਾਂ ਵਿਚ ਛੇ ਅਰਬ ਜਾਂ ੧੨ ਅਰਬ ਤਾਵਾਨ ਲੈ ਜਾਵੇਗਾ, ਮਸ਼ੀਨਾਂ ਦੇ ਬਦਲੇ ਅਨਾਜ ਲੈ ਜਾਵੇਗਾ, ਆਦਿ।

ਓ ਇਨਕਲਾਬੀ ਲੱਫ਼ਾਜ਼ੀ ਦੇ ਯੋਧਿਓ! ਸਾਮਰਾਜੀਆਂ ਦੀ "ਗ਼ੁਲਾਮੀ" ਨੂੰ ਤਿਆਗਦੇ ਹੋਏ ਉਹ ਇਸ ਤੱਥ ਨੂੰ **ਬੜੀ ਸਾਦਗੀ ਨਾਲ** ਚੁੱਪ ਕੀਤਿਆਂ ਅੱਖੋਂ ਉਹਲੇ ਕਰ ਦੇਂਦੇ ਹਨ ਕਿ ਗ਼ੁਲਾਮੀ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾਉਣ ਲਈ ਸਾਮਰਾਜ ਨੂੰ **ਹਰਾਉਣਾ** ਜ਼ਰੂਰੀ ਹੈ।

ਅਸੀਂ ਆਪਣੇ ਉਲਟ ਜਾਂਦੀ ਸੰਧੀ ਨੂੰ ਤੇ ਵਖਰੇ ਅਮਨ ਨੂੰ ਪ੍ਰਵਾਨ ਕਰ ਰਹੇ ਹਾਂ, ਇਹ ਜਾਣਦੇ ਹੋਏ ਕਿ **ਅੱਜ** ਅਜੇ ਅਸੀਂ ਇਨਕਲਾਬੀ ਜੰਗ ਲਈ ਤਿਆਰ ਨਹੀਂ, ਕਿ ਸਾਨੂੰ ਸਮਾਂ ਟਪਾਉਣਾ ਪੈਣਾ ਹੈ (ਜਿਸ ਤਰ੍ਹਾਂ ਅਸੀਂ ਉਦੋਂ ਟਪਾਇਆ ਸੀ ਜਦੋਂ ਅਸੀਂ ਕੇਰੇਂਸਕੀ[14] ਦੀ ਗ਼ੁਲਾਮੀ ਨੂੰ ਬਰਦਾਸ਼ਤ ਕੀਤਾ ਸੀ, ਆਪਣੀ ਹੀ ਬੁਰਜੂਆਜ਼ੀ ਦੀ ਗ਼ੁਲਾਮੀ ਨੂੰ ਜੁਲਾਈ ਤੋਂ ਅਕਤੂਬਰ ਤੱਕ ਬਰਦਾਸ਼ਤ ਕੀਤਾ ਸੀ), ਸਾਨੂੰ ਉਡੀਕਣਾ ਚਾਹੀਦਾ ਹੈ ਜਦ ਤੱਕ ਕਿ ਅਸੀਂ ਵਧੇਰੇ ਮਜ਼ਬੂਤ ਨਹੀਂ ਹੋ ਜਾਂਦੇ। ਇਸ ਲਈ **ਜੇ** ਅਤਿ ਦਾ ਗ਼ੈਰ-ਵਾਜਬ ਵਖਰਾ ਅਮਨ ਪ੍ਰਾਪਤ ਕਰਨ ਦਾ **ਕੋਈ ਵੀ ਮੌਕਾ** ਮਿਲਦਾ ਹੈ, ਤਾਂ ਸਾਨੂੰ ਇਹ ਸੋਸ਼ਲਿਸਟ ਇਨਕਲਾਬ ਦੇ ਹਿਤਾਂ ਵਿਚ **ਪ੍ਰਵਾਨ ਕਰ ਲੈਣਾ ਚਾਹੀਦਾ ਹੈ**, ਜਿਹੜਾ ਕਿ **ਅਜੇ ਵੀ** ਕਮਜ਼ੋਰ ਹੈ (ਕਿਉਂਕਿ ਜਰਮਨ ਵਿਚ ਪੱਕ ਰਿਹਾ ਇਨਕਲਾਬ **ਅਜੇ** ਸਾਡੀ ਸਹਾਇਤਾ ਲਈ, ਰੂਸੀਆਂ ਦੀ ਸਹਾਇਤਾ ਲਈ ਨਹੀਂ ਬਹੁੜਿਆ)। ਜੇ ਵਖਰਾ ਅਮਨ **ਬਿਲਕੁਲ** ਅਸੰਭਵ ਹੋ ਜਾਂਦਾ ਹੈ, ਸਿਰਫ ਉਦੋਂ ਹੀ ਸਾਨੂੰ ਤੁਰਤ ਲੜਾਈ ਕਰਨੀ ਪਵੇਗੀ — **ਇਸ ਲਈ ਨਹੀਂ ਕਿ ਇਹ ਠੀਕ ਦਾਅ-ਪੇਚ ਹੋਣਗੇ**, **ਸਗੋਂ ਇਸ ਲਈ ਕਿ ਸਾਡੇ ਕੋਲ ਹੋਰ ਕੋਈ ਰਾਹ ਨਹੀਂ ਹੋਵੇਗਾ।** ਜੇ ਇਹ ਅਸੰਭਵ ਸਿਧ ਹੁੰਦਾ ਹੈ ਤਾਂ ਦਾਅ-ਪੇਚਾਂ ਉਪਰ ਝਗੜੇ ਦਾ ਕੋਈ ਮੌਕਾ ਹੀ ਨਹੀਂ ਹੋਵੇਗਾ। ਫਿਰ ਅਤਿ ਦੇ ਗਜ਼ਬਨਾਕ ਵਿਰੋਧ ਦੀ ਅਟੱਲਤਾ ਤੋਂ ਛੁੱਟ ਕੁਝ ਨਹੀਂ ਹੋਵੇਗਾ। ਪਰ ਜਦੋਂ ਤੱਕ ਅਸੀਂ ਚੋਣ ਕਰ ਸਕਦੇ ਹਾਂ, ਸਾਨੂੰ ਵਖਰੇ ਅਮਨ ਨੂੰ ਤੇ ਬੇਹਦ ਗ਼ੈਰ-ਵਾਜਬ ਸੰਧੀ ਨੂੰ ਚੁਨਣਾ ਚਾਹੀਦਾ ਹੈ ਕਿਉਂਕਿ ਉਹ ਤਾਂ ਵੀ ਬੈਲਜੀਅਮ ਦੀ ਪੁਜ਼ੀਸ਼ਨ ਨਾਲੋਂ ਸੌ ਦਰਜੇ ਚੰਗੀ ਹੋਵੇਗੀ।[15]

ਹਰ ਲੰਘਦੇ ਮਹੀਨੇ ਨਾਲ ਅਸੀਂ ਵਧੇਰੇ ਮਜ਼ਬੂਤ ਹੋ ਰਹੇ ਹਾਂ, ਭਾਵੇਂ ਅੱਜ ਅਸੀਂ ਹਾਲੇ ਵੀ ਕਮਜ਼ੋਰ ਹਾਂ। ਹਰ ਲੰਘਦੇ ਮਹੀਨੇ ਨਾਲ ਯੂਰਪ ਵਿਚ ਕੌਮਾਂਤਰੀ ਸੋਸ਼ਲਿਸਟ

ਇਨਕਲਾਬ ਪੱਕ ਰਿਹਾ ਹੈ, ਭਾਵੇਂ ਅਜੇ ਇਹ ਪੂਰੀ ਤਰ੍ਹਾਂ ਨਹੀਂ ਪੱਕਿਆ। ਇਸ ਲਈ... ਇਸ ਲਈ, "ਇਨਕਲਾਬੀ" (ਪਰਮਾਤਮਾ ਸਾਨੂੰ ਉਹਨਾਂ ਤੋਂ ਬਚਾਏ) ਦਲੀਲ ਦੇਂਦੇ ਹਨ ਕਿ ਸਾਨੂੰ ਲੜਾਈ ਪ੍ਰਵਾਨ ਕਰ ਲੈਣੀ ਚਾਹੀਦੀ ਹੈ ਜਦ ਕਿ ਜਰਮਨ ਸਾਮਰਾਜ **ਪ੍ਰਤੱਖ ਤੌਰ ਤੇ** ਸਾਡੇ ਨਾਲੋਂ ਵਧੇਰੇ ਮਜ਼ਬੂਤ ਹੈ ਪਰ (ਜਰਮਨੀ ਵਿਚ ਹੌਲੀ ਹੌਲੀ ਪਰ ਯਕੀਨਨ ਪੱਕ ਰਹੇ ਇਨਕਲਾਬ ਕਰਕੇ) ਹਰ ਲੰਘਦੇ ਮਹੀਨੇ ਨਾਲ **ਕਮਜ਼ੋਰ ਹੋ ਰਿਹਾ ਹੈ।**

ਉਪਭਾਵਾਂ ਦੇ "ਇਨਕਲਾਬੀ" ਸ਼ਾਨਦਾਰ ਢੰਗ ਨਾਲ ਦਲੀਲ ਦੇਂਦੇ ਹਨ, ਉਹ ਅਤਿ ਉਚੀ ਤਰ੍ਹਾਂ ਦੀ ਦਲੀਲ ਦੇਂਦੇ ਹਨ!

## ੭

ਆਖਰੀ ਦਲੀਲ, ਸਭ ਤੋਂ ਵਧ 'ਚੁਸਤ' ਤੇ ਸਭ ਤੋਂ ਵਧ ਪ੍ਰਚੱਲਤ, ਇਹ ਹੈ ਕਿ "ਇਹ ਗੰਦਾ ਅਮਨ ਅਪਮਾਨ ਹੈ, ਇਹ ਲਤਵੀਆ, ਪੋਲੈਂਡ, ਕੂਰਲਾਂਦ ਤੇ ਲਿਥੂਆਨੀਆ ਨਾਲ ਗ਼ੱਦਾਰੀ ਹੈ।"

ਇਹ ਕੋਈ ਹੈਰਾਨੀ ਦੀ ਗੱਲ ਹੈ ਕਿ ਰੂਸੀ **ਬੁਰਜੂਆਜ਼ੀ** (ਤੇ ਉਹਨਾਂ ਦੇ ਲੜਗੁੱਛ, "ਨੋਵੀ ਲੂਚ", "ਦੀਏਲੋ ਨਾਰੋਦਾ" ਤੇ "ਨੋਵਾਯਾ ਜਿਜ਼ਨ"[16] ਗਰੋਹ) ਇਸ ਕਥਿਤ ਤੌਰ ਤੋਂ ਕੌਮਾਂਤਰੀਵਾਦੀ ਦਲੀਲ ਨੂੰ ਵਿਸਥਾਰਨ ਵਿਚ ਸਭ ਤੋਂ ਵਧ ਉਤਸ਼ਾਹੀ ਹਨ?

ਹੁਣ, ਕੋਈ ਹੈਰਾਨੀ ਵਾਲੀ ਗੱਲ ਨਹੀਂ, ਕਿਉਂਕਿ ਇਹ ਦਲੀਲ ਇਕ ਜਾਲ ਹੈ ਜਿਸ ਵਿਚ ਬੁਰਜੂਆਜ਼ੀ ਰੂਸੀ ਬਾਲਸ਼ਵਿਕਾਂ ਨੂੰ ਜਾਣਬੁਝ ਕੇ ਧੱਕ ਰਹੀ ਹੈ, ਤੇ ਜਿਸ ਵਿਚ ਉਹਨਾਂ ਵਿਚੋਂ ਕੁਝ ਫਿਕਰੇਬਾਜ਼ੀ ਲਈ ਆਪਣੇ ਪਿਆਰ ਕਾਰਨ ਬਿਨਾਂ ਸੋਚੇ ਸਮਝੇ ਫਸ ਰਹੇ ਹਨ।

ਆਓ ਜ਼ਰਾ ਸਿਧਾਂਤ ਦੇ ਦ੍ਰਿਸ਼ਟੀਕੋਨ ਤੋਂ ਇਸ ਦਲੀਲ ਨੂੰ ਪਰਖੀਏ: ਕਿਹੜੀ ਚੀਜ਼ ਨੂੰ ਪਹਿਲੀ ਥਾਂ ਦਿਤੀ ਜਾਣੀ ਚਾਹੀਦੀ ਹੈ, ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਨੂੰ ਜਾਂ ਸੋਸ਼ਲਿਜ਼ਮ ਨੂੰ?

ਸੋਸ਼ਲਿਜ਼ਮ ਨੂੰ ਦਿਤੀ ਜਾਣੀ ਚਾਹੀਦੀ ਹੈ। ਕਿਉਂਕਿ ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਦੀ ਉਲੰਘਣਾ ਹੋ ਰਹੀ ਹੈ, ਇਸ ਲਈ ਕੀ ਇਹ ਗੱਲ ਆਗਿਆਯੋਗ ਹੈ ਕਿ ਸੋਵੀਅਤ ਸੋਸ਼ਲਿਸਟ ਰੀਪਬਲਿਕ ਨੂੰ ਨਿਗਲੀ ਜਾਣ ਦਿਤਾ ਜਾਏ, ਇਸਨੂੰ ਐਸੇ ਵੇਲੇ, ਜਦੋਂ ਕਿ ਸਾਮਰਾਜ ਪ੍ਰਤੱਖ ਤੌਰ ਤੇ ਵਧੇਰੇ ਮਜ਼ਬੂਤ ਤੇ ਸੋਵੀਅਤ ਰੀਪਬਲਿਕ ਪ੍ਰੱਤਖ ਤੌਰ ਤੇ ਵਧੇਰੇ ਕਮਜ਼ੋਰ ਹੈ, ਸਾਮਰਾਜ ਦੇ ਹਮਲਿਆਂ ਲਈ ਖੁਲ੍ਹਾ ਛੱਡ ਦਿਤਾ ਜਾਏ?

ਨਹੀਂ, ਇਸਦੀ ਆਗਿਆ ਨਹੀਂ ਦਿਤੀ ਜਾ ਸਕਦੀ—ਇਹ **ਬੁਰਜੂਆ** ਸਿਆਸਤ ਹੈ ਨਾ ਕਿ ਸੋਸ਼ਲਿਸਟ ਸਿਆਸਤ।

ਨਾਲੇ, ਕੀ ਇਸ ਸ਼ਰਤ ਉਤੇ ਪ੍ਰਾਪਤ ਕੀਤਾ ਗਿਆ ਅਮਨ **ਘੱਟ** ਅਪਮਾਨਜਨਕ ਹੋਵੇਗਾ, ਜ਼ਰਾ ਵੀ ਘਟ ਅਲਹਾਕਵਾਦੀ ਅਮਨ ਹੋਵੇਗਾ ਕਿ ਪੋਲੈਂਡ, ਲਿਥੂਆਨੀਆ ਤੇ ਕੂਰਲਾਂਦ "ਸਾਨੂੰ" ਮੋੜ ਦਿਤੇ ਜਾਣ?

ਰੂਸੀ ਬੁਰਜੂਆ ਦੇ ਪੱਖ ਤੋਂ, **ਇਹ ਘੱਟ ਅਪਮਾਨਜਨਕ ਹੋਵੇਗਾ।**

ਸੋਸ਼ਲਿਸਟ ਕੌਮਾਂਤਰੀਵਾਦੀ ਦੇ ਪੱਖ ਤੋਂ, **ਇਹ ਘੱਟ ਅਪਮਾਨਜਨਕ ਨਹੀਂ ਹੋਵੇਗਾ।**

ਕਿਉਂਕਿ ਜੇ ਜਰਮਨ ਸਾਮਰਾਜ ਪੋਲੈਂਡ ਨੂੰ ਆਜ਼ਾਦ ਕਰ ਦੇਵੇ (ਜਿਸਦੀ ਕਿ ਇਕ ਸਮੇਂ ਜਰਮਨੀ ਵਿਚਲੇ ਕੁਝ **ਬੁਰਜੂਆ** ਇੱਛਾ ਰਖਦੇ ਸਨ), ਤਾਂ ਇਹ ਸਰਬੀਆ, ਬੈਲਜੀਅਮ, ਆਦਿ ਨੂੰ **ਹੋਰ ਵੀ ਵਧੇਰੇ** ਨਿਚੋੜੇਗਾ।

ਜਦੋਂ ਰੂਸੀ ਬੁਰਜੂਆਜ਼ੀ "ਗੰਦੇ" ਅਮਨ ਦੇ ਖਿਲਾਫ ਵਿਰਲਾਪ ਕਰਦੀ ਹੈ, ਤਾਂ ਉਹ ਆਪਣੇ ਜਮਾਤੀ ਹਿਤਾਂ ਨੂੰ ਠੀਕ ਠੀਕ ਪ੍ਰਗਟ ਕਰ ਰਹੀ ਹੁੰਦੀ ਹੈ।

ਪਰ ਜਦੋਂ ਕੁਝ ਬਾਲਸ਼ਵਿਕ (ਲੱਫਾਜ਼ੀ ਦੀ ਬੀਮਾਰੀ ਦੇ ਸ਼ਿਕਾਰ) ਇਸ ਦਲੀਲ ਨੂੰ ਦੁਹਰਾਉਂਦੇ ਹਨ, ਤਾਂ ਇਹ ਸਿਰਫ ਬਹੁਤ ਅਫਸੋਸਨਾਕ ਹੀ ਹੁੰਦਾ ਹੈ।

ਐਂਗਲੋ-ਫਰਾਂਸੀਸੀ ਬੁਰਜੂਆਜ਼ੀ ਦੇ ਵਤੀਰੇ ਨਾਲ ਸੰਬੰਧਤ **ਤਥਾਂ** ਦੀ ਪਰਖ ਕਰੋ। ਉਹ ਜਰਮਨੀ ਦੇ ਖਿਲਾਫ ਜੰਗ ਵਿਚ ਸਾਨੂੰ ਹੁਣ ਖਿੱਚਣ ਲਈ ਜੋ ਕੁਝ ਕਰ ਸੱਕਦੇ ਹਨ, ਕਰ ਰਹੇ ਹਨ, ਉਹ ਸਾਨੂੰ ਲੱਖਾਂ ਨਿਆਮਤਾਂ, ਬੂਟ, ਆਲੂ, ਗੋਲੇ, ਇੰਜਣ (ਕਰਜ਼ੇ ਤੇ... ਇਹ "ਗ਼ੁਲਾਮੀ" ਨਹੀਂ, ਇਸ ਤੋਂ ਡਰੋ ਨਾ! ਇਹ "ਸਿਰਫ" ਕਰਜ਼ਾ ਹੈ!) ਪੇਸ਼ ਕਰ ਰਹੇ ਹਨ। ਉਹ ਚਾਹੁੰਦੇ ਹਨ ਕਿ ਅਸੀਂ **ਹੁਣ** ਜਰਮਨੀ ਦੇ ਖਿਲਾਫ ਲੜੀਏ।

ਇਹ ਪ੍ਰਤੱਖ ਹੈ ਕਿ ਉਹ ਇਸਦੀ ਇੱਛਾ ਕਿਉਂ ਰਖਦੇ ਹਨ; ਉਹ ਇਹ ਚਾਹੁੰਦੇ ਹਨ ਕਿਉਂਕਿ, ਪਹਿਲੀ ਥਾਂ ਤੇ, ਅਸੀਂ ਜਰਮਨ ਫੌਜਾਂ ਦੇ ਇਕ ਹਿੱਸੇ ਨੂੰ ਰੁਝਾਈ ਰੱਖਾਂਗੇ। ਤੇ ਦੂਜੀ ਗੱਲ, ਕਿਉਂਕਿ ਜਰਮਨ ਸਾਮਰਾਜ ਨਾਲ ਬੇਵਕਤ ਹਥਿਆਰਬੰਦ ਟੱਕਰ ਨਾਲ ਹੋ ਸਕਦਾ ਹੈ ਸੋਵੀਅਤ ਸੱਤਾ ਸਭ ਤੋਂ ਵਧ ਸੌਖੀ ਤਰ੍ਹਾਂ ਢਹਿ ਢੇਰੀ ਹੋ ਜਾਏ।

ਐਂਗਲੋ-ਫਰਾਂਸੀਸੀ ਬੁਰਜੂਆਜ਼ੀ ਸਾਡੇ ਲਈ ਜਾਲ ਵਿੱਛਾ ਰਹੀ ਹੈ; ਮਿਹਰਬਾਨੀ ਕਰਕੇ ਏਨੀ ਕਿਰਪਾ ਕਰੋ ਕਿ ਜਾਓ ਤੇ **ਹੁਣ** ਲੜੋ, ਸਾਡਾ ਲਾਭ ਸ਼ਾਨਦਾਰ ਹੋਵੇਗਾ। ਜਰਮਨ ਤੁਹਾਨੂੰ ਲੁੱਟਣਗੇ, ਪੂਰਬ ਵਿਚ ਉਹ "ਚੰਗੇ ਰਹਿਣਗੇ", ਪਛੱਮ ਵਿਚ ਉਹ ਸਸਤੀਆਂ ਸ਼ਰਤਾਂ ਤੇ ਸਹਿਮਤ ਹੋ ਜਾਣਗੇ, ਤੇ ਨਾਲੇ, ਸੋਵੀਅਤ ਸੱਤਾ ਹੂੰਝੀ ਜਾਇਗੀ।... ਕਿਰਪਾ ਕਰਕੇ ਜ਼ਰੂਰ ਲੜੋ, ਬਾਲਸ਼ਵਿਕ "ਇਤਿਹਾਦੀਓ," ਅਸੀਂ ਤੁਹਾਡੀ ਸਹਾਇਤਾ ਕਰਾਂਗੇ!

ਤੇ "ਖੱਬੇ" (ਰੱਬ ਸਾਨੂੰ ਉਹਨਾਂ ਤੋਂ ਬਚਾਏ) ਬਾਲਸ਼ਵਿਕ ਅਤਿ ਦੇ ਇਨਕਲਾਬੀ ਫਿਕਰਿਆਂ ਨੂੰ ਰਟਦੇ ਹੋਏ ਇਸ ਜਾਲ ਵਿਚ ਫਸਣ ਜਾ ਰਹੇ ਹਨ।...

ਓ, ਹਾਂ, ਪੈਟੀ-ਬੁਰਜੂਆ ਭਾਵਨਾ ਦੇ ਨਿਸ਼ਾਨਾਂ ਦਾ ਇਕ ਪ੍ਰਗਟਾਅ ਇਨਕਲਾਬੀ ਲੱਫਾਜ਼ੀ ਅੱਗੇ ਗੋਡੇ ਟੇਕ ਦੇਣਾ ਹੈ। ਇਹ ਇਕ ਪੁਰਾਣੀ ਕਹਾਣੀ ਹੈ, ਜਿਹੜੀ ਸਦੀਵੀ ਤੌਰ ਤੇ ਨਵੀਂ ਹੈ...

## ੮

੧੯੦੭ ਦੀਆਂ ਗਰਮੀਆਂ ਵਿਚ ਵੀ ਸਾਡੀ ਪਾਰਟੀ ਨੂੰ ਇਨਕਲਾਬੀ ਲੱਫਾਜ਼ੀ ਦੇ ਹਮਲੇ ਦਾ ਤਜਰਬਾ ਹੋਇਆ ਸੀ ਜਿਹੜਾ, ਕੁਝ ਪੱਖਾਂ ਤੋਂ, ਇਸੇ ਵਰਗਾ ਸੀ।

ਸੇਂਟ ਪੀਟਰਸਬਰਗ ਤੇ ਮਾਸਕੋ ਦੇ ਲਗਭਗ ਸਾਰੇ ਦੇ ਸਾਰੇ ਬਾਲਸ਼ਵਿਕ ਤੀਜੀ ਦੂਮਾ ਦਾ ਬਾਈਕਾਟ ਕਰਨ ਦੇ ਹੱਕ ਵਿਚ ਸਨ; ਉਹ ਬਾਹਰਮੁਖੀ ਵਿਸ਼ਲੇਸ਼ਨ ਦੀ ਥਾਂ "ਭਾਵਕਤਾ" ਤੋਂ ਅਗਵਾਈ ਲੈ ਰਹੇ ਸਨ ਤੇ ਜਾਲ ਵਿਚ ਫਸ ਗਏ।

ਬੀਮਾਰੀ ਦਾ ਦੌਰਾ ਮੁੜ ਪੈ ਗਿਆ ਹੈ।

ਸਮੇਂ ਵਧੇਰੇ ਮੁਸ਼ਕਲ ਹਨ। ਮਸਲਾ ਲੱਖਾਂ ਗੁਣਾਂ ਵਧੇਰੇ ਮਹਤਵਪੂਰਨ ਹੈ। ਇਹੋ ਜਿਹੇ ਮੌਕੇ ਤੇ ਬੀਮਾਰ ਪੈਣਾ ਇਨਕਲਾਬ ਨੂੰ ਤਬਾਹ ਕਰਨ ਦਾ ਖਤਰਾ ਸਹੇੜਨਾ ਹੈ।

ਸਾਨੂੰ ਇਨਕਲਾਬੀ ਲੱਫ਼ਾਜ਼ੀ ਦੇ ਖਿਲਾਫ ਲੜਾਈ ਕਰਨੀ ਚਾਹੀਦੀ ਹੈ, ਸਾਨੂੰ ਬਿਲਕੁਲ ਪੂਰੀ ਤਰ੍ਹਾਂ ਲੜਾਈ ਕਰਨੀ ਚਾਹੀਦੀ ਹੈ ਤਾਂ ਕਿ ਕਿਸੇ ਵੇਲੇ ਭਵਿਖ ਵਿਚ ਲੋਕ ਸਾਡੇ ਬਾਰੇ ਇਹ ਕੌੜੀ ਸਚਾਈ ਨਹੀਂ ਕਹਿਣਗੇ ਕਿ "ਇਨਕਲਾਬੀ ਜੰਗ ਬਾਰੇ ਇਨਕਲਾਬੀ ਲੱਫਾਜ਼ੀ ਨੇ ਇਨਕਲਾਬ ਨੂੰ ਤਬਾਹ ਕਰ ਦਿਤਾ।"

"ਪਰਾਵਦਾ" ਨੇ: ੩੧
੨੧ (੮) ਫਰਵਰੀ, ੧੯੧੮
ਦਸਖਤ: ਕਾਰਪੋਵ

ਸੈਂਚੀ ੩੫,
ਸਫੇ ੩੪੨—੩੫੩।

# ਖਾਰਸ਼[17]

ਖਾਰਸ਼ ਇਕ ਤਕਲੀਫ ਦੇਣ ਵਾਲੀ ਬੀਮਾਰੀ ਹੁੰਦੀ ਹੈ, ਤੇ ਜਦੋਂ ਲੋਕੀਂ ਇਨਕਲਾਬੀ ਫਿਕਰੇਬਾਜ਼ੀ ਦੀ ਖਾਰਸ਼ ਵਿਚ ਗ੍ਰਸੇ ਜਾਂਦੇ ਹਨ, ਤਾਂ ਇਸ ਬੀਮਾਰੀ ਨੂੰ ਦੇਖਣਾ ਹੀ ਅਸਹਿ ਕਸ਼ਟ ਹੁੰਦਾ ਹੈ।

ਜਿਹੜੀਆਂ ਸਚਾਈਆਂ ਉਹਨਾਂ ਸਾਰਿਆਂ ਨੂੰ ਜਿਹੜੇ ਮਜ਼ਦੂਰ ਜਮਾਤ ਨਾਲ ਸੰਬੰਧ ਰਖਦੇ ਹਨ ਸਾਦਾ, ਸਪਸ਼ਟ, ਸਮਝ ਆਉਣ ਵਾਲੀਆਂ, ਸਾਫ ਤੇ ਪ੍ਰਤੱਖ ਤੌਰ ਤੇ ਨਿਰਸੰਦੇਹ ਹੁੰਦੀਆਂ ਹਨ, ਉਹਨਾਂ ਨੂੰ ਉਪੋ੍ਕਤ ਤਰ੍ਹਾਂ ਦੀ ਖਾਰਸ਼ ਦਾ ਸ਼ਿਕਾਰ ਹੋਏ ਲੋਕ ਵਿਗਾੜ ਕੇ ਦੇਖਦੇ ਹਨ। ਅਕਸਰ ਇਹ ਵਿਗਾੜ ਸਭ ਤੋਂ ਚੰਗੀਆਂ, ਸਭ ਤੋਂ ਉੱਤਮ ਤੇ ਉੱਚੀਆਂ-ਸੁੱਚੀਆਂ ਭਾਵਨਾਵਾਂ ਤੋਂ ਪੈਦਾ ਹੁੰਦਾ ਹੈ, "ਸਿਰਫ" ਚੰਗੀਆਂ ਜਾਣੀਆਂ-ਜਾਂਦੀਆਂ ਸਿਧਾਂਤਕ ਸਚਾਈਆਂ ਨੂੰ ਹਜ਼ਮ ਕਰਨ ਤੋਂ ਅਸਮਰਥ ਰਹਿਣ ਕਾਰਨ ਜਾਂ ਉਹਨਾਂ ਨੂੰ, ਬਿਨਾਂ ਪ੍ਰਸੰਗ ਦੇ, ਬੱਚਿਆਂ ਵਾਂਗ ਕਚ-ਘਰੜ, ਸਕੂਲੀ ਮੁੰਡਿਆਂ ਵਾਂਗ ਗ਼ੁਲਾਮ ਤਰੀਕੇ ਨਾਲ ਰਟੀ ਜਾਣਾ ਜਿਸਦਾ ਕਾਰਨ ਹੁੰਦਾ ਹੈ। (ਲੋਕਾਂ ਨੂੰ ਪਤਾ ਨਹੀਂ ਹੁੰਦਾ ਕਿ "ਕਿਹੜੀ ਚੀਜ਼ ਕੀ ਹੈ।") ਪਰ ਖਾਰਸ਼ ਇਸ ਕਰਕੇ ਹਾਨੀਕਾਰਕ ਹੋਣੋਂ ਨਹੀਂ ਰੁਕ ਜਾਂਦੀ।

ਉਦਾਹਰਣ ਵਜੋਂ, ਹੇਠ ਲਿਖੀ ਸਚਾਈ ਨਾਲੋਂ ਹੋਰ ਕਿਹੜੀ ਚੀਜ਼ ਵਧੇਰੇ ਨਿਰਣੇਈ ਤੇ ਸਪਸ਼ਟ ਹੋ ਸਕਦੀ ਹੈ: ਇਕ ਸਰਕਾਰ, ਜਿਸਨੇ ਤਿੰਨ ਸਾਲਾਂ ਤੋਂ ਧਾੜਵੀਆਨਾ ਜੰਗ ਦੇ ਸਤਾਏ ਲੋਕਾਂ ਨੂੰ ਸੋਵੀਅਤ ਸੱਤਾ, ਭੂਮੀ, ਮਜ਼ਦੂਰਾਂ ਦਾ ਕੰਟਰੋਲ ਤੇ **ਅਮਨ** ਦਿਤਾ, ਅਜਿੱਤ ਹੋਵੇਗੀ? ਅਮਨ ਮੁਖ ਚੀਜ਼ ਹੈ। ਜੇ ਆਮ ਤੇ ਨਿਆਈਂ ਅਮਨ ਪ੍ਰਾਪਤ ਕਰਨ ਦੇ **ਈਮਾਨਦਾਰ** ਯਤਨਾਂ ਪਿਛੋਂ, ਅਸਲ ਹਕੀਕਤ ਵਿਚ ਪਤਾ ਇਹ ਲੱਗੇ ਕਿ **ਇਸ ਮੌਕੇ ਉਤੇ** ਇਸਨੂੰ ਪ੍ਰਾਪਤ ਕਰਨਾ ਅਸੰਭਵ ਹੈ, ਤਾਂ ਹਰ ਕਿਸਾਨ ਸਮਝ ਜਾਵੇਗਾ ਕਿ ਆਮ ਅਮਨ ਨਹੀਂ, ਸਗੋਂ ਵਖਰਾ ਤੇ ਅਨਿਆਈਂ ਅਮਨ ਪ੍ਰਵਾਨ ਕਰਨਾ ਪਵੇਗਾ। **ਹਰ ਕਿਸਾਨ,**

ਏਥੋਂ ਤੱਕ ਕਿ ਅਤਿ ਦਾ ਜਾਹਲ ਤੇ ਅਨਪੜ੍ਹ ਕਿਸਾਨ ਵੀ ਇਹ ਗੱਲ ਸਮਝ ਜਾਵੇਗਾ ਤੇ ਐਸੀ ਸਰਕਾਰ ਦੀ **ਪ੍ਰਸੰਸਾ ਕਰੇਗਾ** ਜਿਸਨੇ ਐਸਾ ਅਮਨ ਵੀ ਦਿੱਤਾ।

ਬਾਲਸ਼ਵਿਕ ਜ਼ਰੂਰ ਫਿਕਰੇਬਾਜ਼ੀ ਦੀ ਗੰਦੀ ਖਾਰਸ਼ ਵਿਚ ਗ੍ਰਸੇ ਗਏ ਹੋਣਗੇ ਕਿ ਉਹ ਇਸ ਗੱਲ ਨੂੰ ਭੁੱਲ ਜਾਣ ਤੇ ਆਪਣੇ ਨਾਲ ਕਿਸਾਨਾਂ ਦੇ ਬੇਹਦ ਹੱਕੀ ਅਸੰਤੋਖ ਨੂੰ ਪੈਦਾ ਕਰਨ ਜਦ ਕਿ ਇਹ ਖਾਰਸ਼ ਹੱਦੋਂ ਵਧ ਥੱਕੇ ਰੂਸ ਦੇ ਖਿਲਾਫ ਧਾੜਵੀ ਜਰਮਨੀ ਵਲੋਂ ਸ਼ੁਰੂ ਕੀਤੀ ਜਾ ਰਹੀ ਨਵੀਂ ਜੰਗ ਵੱਲ ਲੈ ਗਈ ਹੈ! ਮੈਂ "ਇਨਕਲਾਬੀ ਲੱਫ਼ਾਜ਼ੀ" ਦੇ ਸਿਰਲੇਖ ਹੇਠ ਆਪਣੇ ਇਕ ਲੇਖ ਵਿਚ ("ਪਰਾਵਦਾ", ੨੧ (੮) ਫਰਵਰੀ)* ਉਹਨਾਂ ਹਾਸੋਹੀਣੀਆਂ ਤੇ ਤਰਸਯੋਗ "ਸਿਧਾਂਤਕ" ਤੁੱਛਤਾਈਆਂ ਤੇ ਛਲ-ਉਕਤੀਆਂ ਵੱਲ ਇਸ਼ਾਰਾ ਕੀਤਾ ਹੈ ਜਿਨ੍ਹਾਂ ਦੇ ਉਹਲੇ ਹੇਠ ਇਹ ਖਾਰਸ਼ ਲੁਕਾਈ ਜਾਂਦੀ ਹੈ। ਮੈਂ ਇਥੇ ਉਸ ਬਾਰੇ ਯਾਦ ਨਾ ਦੁਆਉਂਦਾ ਜੇ ਅੱਜ ਉਹੀ ਖਾਰਸ਼ ਕਿਸੇ ਨਵੀਂ ਥਾਂ ਮੁੜ ਨਾ ਪੁੰਗਰ ਪੈਂਦੀ। (ਕਿੰਨੀਂ ਛੂਤ ਦੀ ਬੀਮਾਰੀ ਹੈ!)

ਇਸਦੀ ਵਿਆਖਿਆ ਕਰਨ ਲਈ ਕਿ ਇਹ ਕਿਵੇਂ ਵਾਪਰਿਆ ਹੈ, ਮੈਂ ਸਭ ਤੋਂ ਪਹਿਲਾਂ ਇਕ ਨਿੱਕੀ ਜਿਹੀ ਉਦਾਹਰਣ ਦਾ ਹਵਾਲਾ ਦੇਵਾਂਗਾ, ਬਿਲਕੁਲ ਸਾਦੀ ਤੇ ਸਪਸ਼ਟ ਤਰ੍ਹਾਂ, ਬਿਨਾਂ ਕਿਸੇ "ਸਿਧਾਂਤ" ਦੇ—ਜੇ "ਖਾਰਸ਼" ਸਿਧਾਂਤ ਦਾ ਦਾਅਵਾ ਕਰਨ ਲੱਗ ਪਵੇ ਤਾਂ ਇਹ ਅਸਹਿ ਹੁੰਦੀ ਹੈ—ਤੇ ਬਿਨਾਂ ਪੰਡਤਾਊ ਲਫਜ਼ਾਂ ਦੇ ਜਾਂ ਕਿਸੇ ਵੀ ਐਸੀ ਚੀਜ਼ ਦੇ ਜਿਸਨੂੰ ਜਨਤਾ ਨਹੀਂ ਸਮਝ ਸਕਦੀ।

ਆਓ ਫਰਜ਼ ਕਰੀਏ ਕਿ ਕਿਸੇ ਜ਼ਾਲਮ ਤੇ ਦੈਂਤ ਨੂੰ ਮਾਰਨ ਲਈ ਕਾਲਾਯੇਵ[18] ਕਿਸੇ ਨਿਰੋਲ ਬਦਮਾਸ਼, ਕਿਸੇ ਗੁੰਡੇ ਤੇ ਡਾਕੂ ਤੋਂ, ਉਸਦੀਆਂ ਸੇਵਾਵਾਂ ਲਈ ਰੋਟੀ, ਪੈਸੇ ਤੇ ਵੋਦਕਾ ਦਾ ਵਾਅਦਾ ਕਰਕੇ ਇਕ ਪਿਸਤੌਲ ਪ੍ਰਾਪਤ ਕਰ ਲੈਂਦਾ ਹੈ।

ਕੀ ਮਾਰੂ ਹਥਿਆਰ ਪ੍ਰਾਪਤ ਕਰਨ ਲਈ "ਡਾਕੂ ਨਾਲ ਸੌਦਾ ਕਰਨ" ਵਾਸਤੇ ਕਾਲਾਯੇਵ ਦੀ ਕੋਈ ਨਿਖੇਧੀ ਕਰ ਸਕਦਾ ਹੈ? ਹਰ ਅਕਲ ਵਾਲਾ ਆਦਮੀ ਜਵਾਬ ਦੇਵੇਗਾ—"ਨਹੀਂ"। ਜੇ ਕਾਲਾਯੇਵ ਕੋਲ ਪਿਸਤੌਲ ਲੈਣ ਲਈ ਹੋਰ ਕੋਈ ਥਾਂ ਨਹੀਂ, ਤੇ ਜੇ ਉਸਦਾ ਆਸ਼ਾ ਸਚਮੁਚ ਸਤਿਕਾਰਯੋਗ ਹੈ (ਜ਼ਾਲਮ ਨੂੰ ਮਾਰਨਾ, ਨਾ ਕਿ ਲੁੱਟਣ ਲਈ ਮਾਰਨਾ), ਤਾਂ ਇਸ ਤਰ੍ਹਾਂ ਪਿਸਤੌਲ ਪ੍ਰਾਪਤ ਕਰਨ ਲਈ ਉਸਨੂੰ ਗਾਹਲਾਂ ਨਹੀਂ ਦਿਤੀਆਂ ਜਾਣੀਆਂ ਚਾਹੀਦੀਆਂ, ਸਗੋਂ ਉਸਨੂੰ ਵਡਿਆਇਆ ਜਾਣਾ ਚਾਹੀਦਾ ਹੈ।

ਪਰ ਜੇ ਕੋਈ ਡਾਕੂ, ਲੁੱਟਣ ਲਈ ਕਤਲ ਕਰਨ ਵਾਸਤੇ, ਕਿਸੇ ਦੂਜੇ **ਡਾਕੂ** ਤੋਂ ਪੈਸਿਆਂ, ਵੋਦਕਾ ਜਾਂ ਰੋਟੀ ਦੇ ਇਵਜ਼ਾਨੇ ਵਿਚ ਪਿਸਤੌਲ ਪ੍ਰਾਪਤ ਕਰ ਲੈਂਦਾ **ਹੈ ਤਾਂ** ਕੀ ਅਸੀਂ **ਇਹੋ ਜਿਹੇ** "ਡਾਕੂ ਨਾਲ ਕੀਤੇ ਸੌਦੇ" ਦੀ ਕਾਲਾਯੇਵ ਵਲੋਂ ਕੀਤੇ **ਗਏ ਸੌਦੇ**

---

* ਦੇਖੋ ਸਫੇ ੨੧—੩੩।—**ਸੰਪਾ**:।

ਨਾਲ ਤੁਲਨਾ ਕਰ ਸਕਦੇ ਹਾਂ (ਇਕੋ ਜਿਹਾ ਸਮਝਣ ਦੀ ਤਾਂ ਗੱਲ ਹੀ ਛੱਡੋ)?

ਨਹੀਂ, ਹਰ ਕੋਈ, ਜਿਹੜਾ ਪਾਗ਼ਲ ਨਹੀਂ ਜਾਂ ਜਿਸਨੂੰ ਖਾਰਸ਼ ਨਹੀਂ ਹੋਈ ਹੋਈ, ਇਸ ਗੱਲ ਨਾਲ ਸਹਿਮਤ ਹੋਵੇਗਾ ਕਿ ਇਹ ਤੁਲਨਾ ਨਹੀਂ ਕੀਤੀ ਜਾ ਸਕਦੀ। ਕੋਈ ਵੀ ਕਿਸਾਨ, ਜਿਹੜਾ ਕਿਸੇ "ਬੁਧੀਮਾਨ" ਨੂੰ ਫਿਕਰੇਬਾਜ਼ੀ ਰਾਹੀਂ ਇਹੋ ਜਿਹੀ ਪ੍ਰਤੱਖ ਸਚਾਈ ਤੋਂ ਇਨਕਾਰ ਕਰਦਿਆਂ ਦੇਖੇਗਾ, ਕਹੇਗਾ: ਤੁਹਾਨੂੰ, ਸ਼ਿਰੀਮਾਨ ਜੀ, ਰਾਜ ਦਾ ਪ੍ਰਬੰਧ ਨਹੀਂ ਕਰਦੇ ਹੋਣਾ ਚਾਹੀਦਾ ਸਗੋਂ ਲਫਜ਼ੀ ਮਸਖਰਿਆਂ ਦੀ ਕੰਪਨੀ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ ਜਾਂ ਸਿਰਫ ਆਪਣੇ ਆਪ ਨੂੰ ਭਾਫ-ਇਸ਼ਨਾਨ ਕਰਾਉਣਾ ਚਾਹੀਦਾ ਹੈ ਤੇ ਇਸ ਖਾਰਸ਼ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ।

ਜੇ ਕੇਰੇਂਸਕੀ, ਬੁਰਜੂਆਜ਼ੀ ਦੀ, ਅਰਥਾਤ, ਲੋਟੂਆਂ ਦੀ ਹਾਕਮ ਜਮਾਤ ਦਾ ਪ੍ਰਤਿਨਿਧ, ਐਂਗਲੋ-ਫਰਾਂਸੀਸੀ ਲੋਟੂਆਂ ਤੋਂ ਹਥਿਆਰ ਤੇ ਆਲੂ ਲੈਣ ਲਈ ਉਹਨਾਂ ਨਾਲ ਕੋਈ ਸੌਦਾ ਕਰਦਾ ਹੈ ਤੇ ਨਾਲ ਹੀ ਲੋਕਾਂ ਤੋਂ ਉਹ ਸੰਧੀਆਂ ਲੁਕਾ ਛੱਡਦਾ ਹੈ ਜਿਹੜੀਆਂ (ਜੇ ਸਫਲ ਹੋ ਗਏ ਤਾਂ) ਇਕ ਲੁਟੇਰੇ ਨੂੰ ਆਰਮੀਨੀਆ, ਗਾਲੀਸ਼ੀਆ ਤੇ ਕਨਸਤਨਤੁਨੀਆ ਦੇਣ ਦਾ, ਤੇ ਦੂਜੇ ਲੁਟੇਰੇ ਨੂੰ ਬਗ਼ਦਾਦ, ਸੀਰੀਆ ਆਦਿ ਦੇਣ ਦਾ ਵਾਅਦਾ ਕਰਦੀਆਂ ਹਨ, ਤਾਂ ਕੀ ਇਹ ਸਮਝਣਾ ਮੁਸ਼ਕਲ ਹੈ ਕਿ ਇਹ ਸੌਦਾ ਕੇਰੇਂਸਕੀ ਤੇ ਉਸਦੇ ਦੋਸਤਾਂ ਵਲੋਂ ਕੀਤਾ ਗਿਆ ਧਾੜਵੀਆਨਾ, ਠੱਗੀ ਵਾਲਾ, ਨੀਚ ਸੌਦਾ ਹੈ?

ਨਹੀਂ, ਇਹ ਸਮਝਣਾ ਮੁਸ਼ਕਲ ਨਹੀਂ। ਕੋਈ ਵੀ ਕਿਸਾਨ, ਅਤਿ ਦਾ ਜਾਹਲ ਤੇ ਅਨਪੜ੍ਹ ਕਿਸਾਨ ਵੀ, ਇਹ ਗੱਲ ਸਮਝ ਲਵੇਗਾ।

ਪਰ ਜੇ ਲੁੱਟੀ-ਪੁੱਟੀ ਜਾਂਦੀ, ਦਬਾਈ ਜਮਾਤ ਦਾ ਪ੍ਰਤਿਨਿਧ, ਇਸ ਜਮਾਤ ਵਲੋਂ ਲੋਟੂਆਂ ਦਾ ਤਖਤਾ ਉਲਟਾ ਦਿਤੇ ਜਾਣ ਤੋਂ ਪਿਛੋਂ, ਤੇ ਸਾਰੀਆਂ ਖੁਫੀਆ ਤੇ ਅਲਹਾਕਵਾਦੀ ਸੰਧੀਆਂ ਪ੍ਰਕਾਸ਼ਤ ਕਰਨ ਤੇ ਖਤਮ ਕਰਨ ਪਿਛੋਂ, ਜਰਮਨੀ ਦੇ ਸਾਮਰਾਜੀਆਂ ਵਲੋਂ ਧਾੜਵੀਆਨਾ ਹਮਲੇ ਦਾ ਸ਼ਿਕਾਰ ਬਣਾਇਆ ਜਾਂਦਾ ਹੈ, ਤਾਂ ਕੀ ਐਂਗਲੋ-ਫਰਾਂਸੀਸੀ ਡਾਕੂਆਂ ਤੋਂ ਪੈਸਿਆਂ ਜਾਂ ਲੱਕੜ ਆਦਿ ਦੇ ਇਵਜ਼ਾਨੇ ਵਿਚ ਹਥਿਆਰ ਤੇ ਆਲੂ ਪ੍ਰਾਪਤ ਕਰਨ ਲਈ ਉਹਨਾਂ ਨਾਲ "ਸੌਦਾ" ਕਰਨ ਵਾਸਤੇ ਉਸਦੀ ਨਿਖੇਧੀ ਕੀਤੀ ਜਾ ਸਕਦੀ ਹੈ? ਕੀ ਇਹੋ ਜਿਹੇ ਸੌਦੇ ਨੂੰ ਅਪਮਾਣਜਨਕ, ਨਿਰਾਦਰੀ ਵਾਲਾ, ਗੰਦਾ ਸਮਝਿਆ ਜਾ ਸਕਦਾ ਹੈ?

ਨਹੀਂ, ਨਹੀਂ ਸਮਝਿਆ ਜਾ ਸਕਦਾ। ਹਰ ਅਕਲ ਵਾਲਾ ਆਦਮੀ ਇਹ ਸਮਝ ਲਵੇਗਾ ਤੇ ਐਸੇ ਬੰਦਿਆਂ ਦਾ ਝੱਲੇ ਮੂਰਖ ਕਹਿ ਕੇ ਮਜ਼ਾਕ ਉਡਾਇਗਾ, ਜਿਹੜੇ "ਸਾਹਿਬਾਂ ਵਾਲਾ" ਤੇ ਪੰਡਤਾਊ ਚਿਹਰਾ ਬਣਾ ਕੇ ਇਹ ਸਿਧ ਕਰਨ ਦਾ ਕੰਮ ਹੱਥ ਲੈਂਦੇ ਹਨ ਕਿ ਜਨਤਾ ਸਾਮਰਾਜੀ ਕੇਰੇਂਸਕੀ ਦੀ ਲੁਟੇਰਾ ਜੰਗ (ਤੇ ਰਲ ਕੇ ਲੁੱਟੇ ਮਾਲ ਨੂੰ ਵੰਡਣ ਲਈ ਦੂਜੇ ਡਾਕੂਆਂ ਨਾਲ ਉਸਦੇ ਬਦਨਾਮ ਸੌਦਿਆਂ) ਤੇ ਜਰਮਨ ਡਾਕੂ ਨੂੰ

ਪਛਾੜਣ ਲਈ ਹਥਿਆਰ ਤੇ ਆਲੂ ਲੈਣ ਵਾਸਤੇ ਐਂਗਲੋ-ਫਰਾਂਸੀਸੀ ਡਾਕੂਆਂ ਨਾਲ ਬਾਲਸ਼ਵਿਕ ਸਰਕਾਰ ਦੇ **ਕਾਲਾਯੇਵ** ਸੌਦੇ ਵਿਚਲੇ ਫਰਕ ਨੂੰ "ਨਹੀਂ ਸਮਝੇਗੀ।"

ਹਰ ਅਕਲ ਵਾਲਾ ਆਦਮੀ ਕਹੇਗਾ: ਕਿਸੇ ਡਾਕੂ ਤੋਂ ਡਕੈਤੀ ਦੇ ਮੰਤਵ ਨਾਲ ਹਥਿਆਰ ਖਰੀਦ ਕੇ ਪ੍ਰਾਪਤ ਕਰਨਾ ਘਿਨਾਉਣੀ ਤੇ ਬਦਮਾਸ਼ਾਂ ਵਾਲੀ ਗ਼ੱਲ ਹੈ, ਪਰ ਉਸੇ ਡਾਕੂ ਤੋਂ ਹਮਲਾਵਰ ਦੇ ਖਿਲਾਫ਼ ਨਿਆਈਂ ਜੰਗ ਦੇ ਮੰਤਵ ਨਾਲ ਹਥਿਆਰ ਖਰੀਦਣੇ ਬਿਲਕੁਲ ਹੱਕੀ ਚੀਜ਼ ਹੈ। ਸਿਰਫ ਨਖਰੇਲੂ ਜ਼ਨਾਨੀਆਂ ਤੇ ਢੌਂਗੀ ਨੌਜਵਾਨ ਹੀ, ਜਿਨ੍ਹਾਂ ਨੇ "ਕਿਤਾਬਾਂ ਪੜ੍ਹੀਆਂ" ਹੋਈਆਂ ਹਨ ਤੇ ਉਹਨਾਂ ਤੋਂ ਸਿਵਾਏ ਦਿਖਾਵੇ ਦੇ ਕੁਝ ਨਹੀਂ ਸਿੱਖਿਆ, ਇਸ ਵਿਚ ਕੁਝ "ਗੰਦਾ" ਦੇਖ ਸਕਦੇ ਹਨ। ਉਸ ਵਰਗ ਦੇ ਲੋਕਾਂ ਤੋਂ ਛੁੱਟ ਸਿਰਫ ਉਹੀ ਲੋਕ, ਜਿਨ੍ਹਾਂ ਨੂੰ ਖਾਰਸ਼ ਹੋਈ ਹੋਈ ਹੈ, ਇਹੋ ਜਿਹੀ "ਗਲਤੀ" ਵਿਚ ਡਿੱਗ ਸੱਕਦੇ ਹਨ।

ਪਰ ਕੀ ਜਰਮਨ ਮਜ਼ਦੂਰ, ਤੁਰਕਾਂ ਤੋਂ ਕਨਸਤਨਤੁਨੀਆ, ਆਸਟਰੀਅਨਾਂ ਤੋਂ ਗਾਲੀਸ਼ੀਆ ਤੇ ਜਰਮਨਾਂ ਤੋਂ ਪੂਰਬੀ ਪਰੂਸ਼ੀਆ ਖੋਹਣ ਦੇ ਮੰਤਵ ਨਾਲ ਕੇਰੇਂਸਕੀ ਵਲੋਂ ਐਂਗਲੋ-ਫਰਾਂਸੀਸੀ ਡਾਕੂਆਂ ਤੋਂ ਹਥਿਆਰ ਖਰੀਦਣ, ਤੇ ਉਹਨਾਂ ਹੀ ਡਾਕੂਆਂ ਕੋਲੋਂ ਵਿਲਹੇਲਮ ਨੂੰ ਪਛਾੜਣ ਲਈ ਬਾਲਸ਼ਵਿਕਾਂ ਵਲੋਂ ਹਥਿਆਰ ਖਰੀਦੇ ਜਾਣ ਵਿਚਕਾਰ ਫਰਕ ਨੂੰ ਸਮਝ ਲਵੇਗਾ ? ਜਦੋਂ ਕਿ ਵਿਲਹੇਲਮ ਨੇ ਸੋਸ਼ਲਿਸਟ ਰੂਸ ਉਤੇ ਫੌਜਾਂ ਚੜ੍ਹਾ ਦਿਤੀਆਂ ਹਨ ਜਿਸ ਰੂਸ ਨੇ ਕਿ ਸਾਰਿਆਂ ਨੂੰ ਸਤਿਕਾਰਯੋਗ ਤੇ ਨਿਆਈਂ ਅਮਨ ਦੀ ਪੇਸ਼ਕਸ਼ ਕੀਤੀ ਸੀ, ਉਸ ਰੂਸ ਦੇ ਖਿਲਾਫ ਜਿਸਨੇ ਜੰਗ ਦੇ ਖਾਤਮੇ ਦਾ ਐਲਾਨ ਕਰ ਦਿਤਾ ਹੋਇਆ ਹੈ ?

ਇਹ ਮਿਥ ਲੈਣਾ ਚਾਹੀਦਾ ਹੈ ਕਿ ਜਰਮਨ ਮਜ਼ਦੂਰ ਇਸਨੂੰ "ਸਮਝ ਲਵੇਗਾ", ਪਹਿਲੀ ਥਾਂ ਤੇ, ਕਿਉਂਕਿ ਉਹ ਸਿਆਣਾ ਤੇ ਪੜ੍ਹਿਆ-ਲਿਖਿਆ ਹੈ, ਤੇ ਦੂਜੀ ਗੱਲ, ਕਿਉਂਕਿ ਉਹ ਸਾਫ ਤੇ ਸਭਯ ਜੀਵਨ ਦਾ ਆਦੀ ਹੈ ਤੇ ਨਾ ਤਾਂ ਉਹ ਆਮ ਤੌਰ ਤੇ ਰੂਸੀ ਖਾਰਸ਼ ਦਾ ਮਰੀਜ਼ ਹੈ ਤੇ ਨਾ ਹੀ ਖਾਸ ਕਰਕੇ ਇਨਕਲਾਬੀ ਫਿਕਰੇਬਾਜ਼ੀ ਦੀ ਖਾਰਸ਼ ਦਾ।

ਕੀ ਡਕੈਤੀ ਦੇ ਮੰਤਵ ਨਾਲ ਮਾਰਨ ਤੇ ਹਮਲਾਵਰ ਨੂੰ ਮਾਰਨ ਵਿਚਕਾਰ ਕੋਈ ਫਰਕ ਹੈ ?

ਕੀ ਲੁੱਟੇ ਮਾਲ ਦੀ ਵੰਡ ਲਈ ਲੁਟੇਰਿਆਂ ਦੀਆਂ ਦੋ ਟੋਲੀਆਂ ਦੀ ਜੰਗ ਤੇ ਐਸੇ ਲੋਕਾਂ ਉਪਰ, ਜਿਨਾਂ ਨੇ ਲੁਟੇਰਿਆਂ ਨੂੰ ਪਟਕਾ ਮਾਰਿਆ ਹੈ, ਕਿਸੇ ਲੁਟੇਰੇ ਦੇ ਹਮਲੇ ਤੋਂ ਮੁਕਤੀ ਲਈ ਨਿਆਈਂ ਜੰਗ ਵਿਚਕਾਰ ਕੋਈ ਫਰਕ ਹੈ ?

ਕੀ ਇਸ ਗੱਲ ਦਾ ਮੁਲੰਕਣ, ਕਿ ਮੈਂ ਕਿਸੇ ਲੁਟੇਰੇ ਤੋਂ ਹਥਿਆਰ ਪ੍ਰਾਪਤ ਕਰਨ ਵਿਚ ਚੰਗਾ ਕੰਮ ਕਰਦਾ ਹਾਂ ਜਾਂ ਬੁਰਾ, ਇਹਨਾਂ ਹਥਿਆਰਾਂ ਦੇ ਨਿਸ਼ਾਨੇ ਤੇ **ਮੰਤਵ**

ਉਪਰ ਨਿਰਭਰ ਨਹੀਂ ਕਰਦਾ ? ਐਸੀ ਜੰਗ ਲਈ ਉਹਨਾਂ ਦੀ ਵਰਤੋਂ ਉਪਰ ਜਿਹੜੀ ਨੀਚ ਤੇ ਬਦਨਾਮ ਹੈ ਜਾਂ ਐਸੀ ਲਈ ਜਿਹੜੀ ਨਿਆਈਂ ਤੇ ਮਾਨਯੋਗ ਹੈ ?

ਉਫ਼ ! ਖਾਰਸ਼ ਬਹੁਤ ਬੁਰੀ ਬੀਮਾਰੀ ਹੈ। ਤੇ ਉਸ ਆਦਮੀ ਦਾ ਪੇਸ਼ਾ ਬੜਾ ਮੁਸ਼ਕਲ ਹੈ ਜਿਸਨੂੰ ਇਸ ਬੀਮਾਰੀ ਦੇ ਸ਼ਿਕਾਰ ਹੋਏ ਬੰਦਿਆਂ ਨੂੰ ਭਾਫ-ਇਸ਼ਨਾਨ ਕਰਾਉਣਾ ਪੈਂਦਾ ਹੈ...

ਪ:ਸ: —ਅਠ੍ਹਾਰਵੀਂ ਸਦੀ ਦੇ ਅਖੀਰ ਤੇ ਇੰਗਲੈਂਡ ਦੇ ਖਿਲਾਫ ਆਪਣੀ ਆਜ਼ਾਦੀ ਦੀ ਜੰਗ ਵਿਚ ਉਤੱਰੀ ਅਮਰੀਕਨਾਂ ਨੇ ਸਪੇਨ ਤੇ ਫਰਾਂਸ ਤੋਂ ਮਦਦ ਲਈ ਸੀ ਜਿਹੜੇ ਇੰਗਲੈਂਡ ਦੇ ਰਕੀਬ ਤੇ ਉਸ ਜਿੰਨੇ ਹੀ ਬਸਤੀਵਾਦੀ ਲੁਟੇਰੇ ਸਨ। ਕਿਹਾ ਜਾਂਦਾ ਹੈ ਕਿ ਕੁਝ "ਖੱਬੇ ਬਾਲਸ਼ਵਿਕ" ਮਿਲਦੇ ਸਨ ਜਿਹੜੇ ਇਹਨਾਂ ਅਮਰੀਕਨਾਂ ਦੇ "ਗੰਦੇ ਸੌਦੇ" ਬਾਰੇ "ਪੰਡਤਾਊ ਰਚਨਾ" ਲਿਖਣ ਦੀ ਸੋਚ ਰਹੇ ਸਨ...

ਲਿਖਿਆ — ੨੨ ਫਰਵਰੀ, ੧੯੧੮

ਪ੍ਰਕਾਸ਼ਤ ਹੋਇਆ —
੨੨ (੯) ਫਰਵਰੀ, ੧੯੧੮
ਨੂੰ "ਪਰਾਵਦਾ" ਨੰ: ੩੩
ਦੀ ਸ਼ਾਮ ਦੀ ਐਡੀਸ਼ਨ ਵਿਚ

ਸੈਂਚੀ ੩੫,
ਸਫ਼ੇ ੩੬੧ — ੩੬੪।

ਦਸਖਤ : **ਕਾਰਪੋਵ**

# ਅਮਨ ਜਾਂ ਜੰਗ ?

ਜਰਮਨਾਂ ਦਾ ਜਵਾਬ, ਜਿਵੇਂ ਕਿ ਪਾਠਕ ਦੇਖਦਾ ਹੈ, ਅਮਨ ਦੀਆਂ ਸ਼ਰਤਾਂ ਨੂੰ ਬਰੇਸਤ-ਲਿਤੋਵਸਕ ਦੀਆਂ ਸ਼ਰਤਾਂ ਨਾਲੋਂ ਵੀ ਵਧੇਰੇ ਬੋਝਲ ਬਣਾ ਦੇਂਦਾ ਹੈ। ਤਾਂ ਵੀ, ਮੈਨੂੰ ਪੂਰੀ ਤਰ੍ਹਾਂ ਯਕੀਨ ਹੈ ਕਿ ਇਨਕਲਾਬੀ ਫਿਕਰੇਬਾਜ਼ੀ ਨਾਲ ਪੂਰਨ ਬੇਹੋਸ਼ੀ ਹੀ ਕੁਝ ਲੋਕਾਂ ਨੂੰ ਇਹਨਾਂ ਸ਼ਰਤਾਂ ਉਪਰ ਦਸਖਤ ਕਰਨ ਤੋਂ ਇਨਕਾਰ ਲਈ ਪਰੇਰ ਸਕਦੀ ਹੈ। ਬਿਲਕੁਲ ਇਸੇ ਹੀ ਕਰਕੇ "ਪਰਾਵਦਾ" ਵਿਚ (ਕਾਰਪੋਵ ਦੇ ਨਾਂ ਹੇਠ) "ਇਨਕਲਾਬੀ ਲੱਫਾਜ਼ੀ" ਤੇ "ਖਾਰਸ਼"* ਵਾਲੇ ਲੇਖਾਂ ਨਾਲ ਮੈਂ ਇਨਕਲਾਬੀ ਫਿਕਰੇਬਾਜ਼ੀ ਦੇ ਖਿਲਾਫ ਬੇਕਿਰਕ ਘੋਲ ਸ਼ੁਰੂ ਕੀਤਾ ਸੀ, ਜਿਸਨੂੰ ਮੈਂ ਸਾਡੀ ਪਾਰਟੀ ਲਈ (ਤੇ ਸਿੱਟੇ ਵਜੋਂ, ਇਨਕਲਾਬ ਲਈ ਵੀ) ਸਭ ਤੋਂ ਵਡਾ ਖਤਰਾ ਸਮਝਦਾ ਸਾਂ ਤੇ ਹੁਣ ਵੀ ਸਮਝਦਾ ਹਾਂ। ਇਤਿਹਾਸ ਵਿਚ ਕਈ ਮੌਕਿਆਂ ਤੇ ਇਨਕਲਾਬੀ ਪਾਰਟੀਆਂ, ਜਿਹੜੀਆਂ ਇਨਕਲਾਬੀ ਨਾਅਰਿਆਂ ਨੂੰ ਪੂਰੀ ਪੂਰੀ ਤਰ੍ਹਾਂ ਅਮਲ ਵਿਚ ਲਿਆ ਰਹੀਆਂ ਸਨ, ਨੂੰ ਇਨਕਲਾਬੀ ਫਿਕਰੇਬਾਜ਼ੀ ਦੀ ਛੂਤ ਲਗ ਗਈ ਤੇ ਇਸਦੇ ਸਿੱਟੇ ਵਜੋਂ ਤਬਾਹ ਹੋ ਗਈਆਂ।

ਹੁਣ ਤੱਕ ਮੈਂ ਪਾਰਟੀ ਨੂੰ ਇਨਕਲਾਬੀ ਫਿਕਰੇਬਾਜ਼ੀ ਦੇ ਖਿਲਾਫ ਲੜਣ ਲਈ ਪਰੇਰਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਹੁਣ ਮੈਨੂੰ ਇਹ ਖੁਲ੍ਹਮ-ਖੁਲ੍ਹਾ ਕਰਨਾ ਚਾਹੀਦਾ ਹੈ। ਕਿਉਂਕਿ, ਅਫਸੋਸ ਕਿ ਮੇਰੀਆਂ ਅਤਿ ਦੀਆਂ ਭੈੜੀਆਂ ਮਣੌਤਾਂ ਵੀ ਠੀਕ ਸਿਧ ਹੋਈਆਂ ਹਨ।

੮ ਜਨਵਰੀ, ੧੯੧੮ ਨੂੰ ਪੀਤਰੋਗਰਾਦ ਦੇ ਲਗਭਗ ੬੦ ਮੁਖ ਪਾਰਟੀ ਕਾਰਕੁਨਾਂ ਦੀ ਮੀਟਿੰਗ ਵਿਚ ਮੈਂ ਆਪਣੇ "ਵੱਖਰਾ ਤੇ ਅਲਹਾਕਵਾਦੀ ਅਮਨ ਸਮਝੌਤਾ ਤੁਰਤ ਕਰਨ ਦੇ ਸਵਾਲ ਬਾਰੇ ਪ੍ਰਸਤਾਵ" (੨੧ ਪ੍ਰਸਤਾਵ, ਜਿਹੜੇ ਕੱਲ ਪ੍ਰਕਾਸ਼ਤ ਕਰ ਦਿਤੇ ਜਾਣਗੇ) ਪੜ੍ਹੇ। ਇਹਨਾਂ ਪ੍ਰਸਤਾਵਾਂ ਵਿਚ (ਪੈਰਾ ੧੩) ਮੈਂ ਇਨਕਲਾਬੀ ਫਿਕਰੇਬਾਜ਼ੀ

---

* ਦੇਖੋ—ਸਫੇ ੨੧—੩੩, ੩੪—੩੮। — **ਸੰਪਾ :**

ਦੇ ਖਿਲਾਫ ਜੰਗ ਦਾ ਐਲਾਨ ਕੀਤਾ, ਪਰ ਅਤਿ ਨਰਮ ਤੇ ਅਤਿ ਦੇ ਸਾਥੀਆਂ ਵਾਲੇ ਢੰਗ ਨਾਲ। (ਹੁਣ ਮੈਂ ਆਪਣੀ ਇਸ ਨਰਮਾਈ ਦੀ ਪੂਰੀ ਤਰ੍ਹਾਂ ਨਿਖੇਧੀ ਕਰਦਾ ਹਾਂ।) ਮੈਂ ਕਿਹਾ ਸੀ ਕਿ ਪੇਸ਼ ਕੀਤੇ ਗਏ ਅਮਨ ਨੂੰ ਰੱਦ ਕਰਨ ਦੀ ਨੀਤੀ "ਹੋ ਸਕਦਾ ਹੈ, ਸ਼ਾਇਦ ਸੁੰਦਰ, ਨਾਟਕੀ ਤੇ ਉਘੜਵੇਂ ਲਈ ਮਨੁਖੀ ਲਾਲਸਾ ਨੂੰ ਸੰਤੁਸ਼ਟ ਕਰਦੀ ਹੋਵੇ, ਪਰ ਇਹ ਇਸ ਵੇਲੇ ਚੱਲ ਰਹੇ ਸੋਸ਼ਲਿਸਟ ਇਨਕਲਾਬ ਦੇ ਮੌਜੂਦਾ ਪੜਾਅ ਉਤੇ ਜਮਾਤੀ ਤਾਕਤਾਂ ਤੇ ਪਦਾਰਥਕ ਅੰਸ਼ਾਂ ਢੇ ਬਾਹਰਮੁਖੀ ਸੰਤੁਲਨ ਨੂੰ ਪੂਰੀ ਤਰ੍ਹਾਂ ਅਖੋਂ ਉਹਲੇ ਕਰ ਰਹੀ ਹੋਵੇਗੀ।"*

੧੭-ਵੇਂ ਪ੍ਰਸਤਾਵ ਵਿਚ ਮੈਂ ਲਿਖਿਆ ਸੀ ਕਿ ਜੇ ਅਸੀਂ ਤਜਵੀਜ਼ ਕੀਤੇ ਗਏ ਅਮਨ ਉਪਰ ਦਸਖਤ ਕਰਨ ਤੋਂ ਇਨਕਾਰ ਕਰਦੇ ਹਾਂ ਤਾਂ "ਗੰਭੀਰ ਹਾਰਾਂ ਰੂਸ ਨੂੰ ਹੋਰ ਵੀ ਵਧੇਰੇ ਹਾਨੀਕਾਰਕ ਵੱਖਰੇ ਅਮਨ ਲਈ ਸਮਝੌਤਾ ਕਰਨ ਲਈ ਮਜਬੂਰ ਕਰ ਦੇਣਗੀਆਂ।"

ਚੀਜ਼ਾਂ ਹੋਰ ਵੀ ਭੈੜੀਆਂ ਨਿਕਲੀਆਂ ਹਨ, ਕਿਉਂਕਿ ਸਾਡੀ ਫੌਜ, ਜਿਹੜੀ ਪਿੱਛੇ ਹਟ ਰਹੀ ਤੇ ਤੋੜੀ ਜਾ ਰਹੀ ਹੈ, ਲੜਨ ਤੋਂ ਬਿਲਕੁਲ ਇਨਕਾਰ ਕਰ ਰਹੀ ਹੈ।

ਇਹੋ ਜਿਹੀਆਂ ਹਾਲਤਾਂ ਵਿਚ, ਸਿਰਫ ਬੇਲਗਾਮ ਫਿਕਰੇਬਾਜ਼ੀ ਹੀ ਇਸ ਮੌਕੇ ਉਤੇ ਰੂਸ ਨੂੰ ਜੰਗ ਵਿਚ ਧੱਕਣ ਦੇ ਸਮਰਥ ਹੋ ਸਕਦੀ ਹੈ, ਮੈਂ ਨਿੱਜੀ ਤੌਰ ਤੇ, ਬੇਸ਼ਕ, ਇਕ ਸਕਿੰਟ ਲਈ ਵੀ ਸਰਕਾਰ ਵਿਚ ਜਾਂ ਆਪਣੀ ਪਾਰਟੀ ਦੀ ਕੇਂਦਰੀ ਕਮੇਟੀ ਵਿਚ ਨਹੀਂ ਰਹਾਂਗਾ ਜੇ ਫਿਕਰੇਬਾਜ਼ੀ ਦੀ ਨੀਤੀ ਭਾਰੂ ਹੋ ਗਈ ਤਾਂ।

ਕੌੜੀ ਸਚਾਈ ਹੁਣ ਏਨੀ ਭਿਆਣਕ ਸਪਸ਼ਟਤਾ ਨਾਲ ਸਾਮ੍ਹਣੇ ਆਈ ਹੈ ਕਿ ਇਸ ਨੂੰ ਨਾ ਦੇਖਣਾ ਅਸੰਭਵ ਹੈ। ਰੂਸ ਵਿਚਲੀ ਸਾਰੀ ਬੁਰਜੂਆਜ਼ੀ ਜਰਮਨਾਂ ਦੇ ਪੁੱਜਣ ਉਤੇ ਖੁਸ਼ ਹੋ ਰਹੀ ਤੇ ਜਸ਼ਨ ਮਣਾ ਰਹੀ ਹੈ, ਸਿਰਫ ਉਹੀ ਲੋਕ ਜਿਹੜੇ ਅੰਨ੍ਹੇ ਹਨ ਜਾਂ ਫਿਕਰੇਬਾਜ਼ੀ ਦੀ ਖੁਮਾਰੀ ਵਿਚ ਆਏ ਹੋਏ ਹਨ, ਇਸ ਤੱਥ ਵਲੋਂ ਅੱਖਾਂ ਮੀਟ ਸਕਦੇ ਹਨ ਕਿ ਇਨਕਲਾਬੀ ਜੰਗ ਦੀ ਨੀਤੀ (**ਬਿਨਾਂ ਫੌਜ ਦੇ...**) ਸਾਡੀ ਬੁਰਜੂਆਜ਼ੀ ਦੀ ਚੱਕੀ ਵਿਚ ਹੀ ਗਲਾ ਸੁੱਟਦੀ ਹੈ। ਦਵਿੰਸਕ ਵਿਚ ਰੂਸੀ ਅਫਸਰ ਪਹਿਲਾਂ ਹੀ ਆਪਣੀਆਂ ਫੀਤੀਆਂ ਲਾਈ ਫਿਰ ਤੁਰ ਰਹੇ ਹਨ।

ਰੇਜੀਤਸਾ ਵਿਚ ਬੁਰਜੂਆਜ਼ੀ ਨੇ ਬਾਘੀਆਂ ਪਾਕੇ ਜਰਮਨਾਂ ਦਾ ਸੁਆਗਤ ਕੀਤਾ। ਪੀਤਰੋਗਰਾਦ ਵਿਚ, ਨੇਵਸਕੀ ਪ੍ਰਾਸਪੇਕਟ ਉੱਤੇ ਤੇ ਬੁਰਜੂਆ ਅਖਬਾਰ ("ਰੇਚ", "ਦੀਏਲੋ ਨਾਰੋਦਾ", "ਨੋਵੀ ਲੂਚ", ਆਦਿ) ਜਰਮਨਾਂ ਵਲੋਂ ਭਵਿਖ ਵਿਚ ਸੋਵੀਅਤ ਤਾਕਤ ਦਾ ਤਖਤਾ ਉਲਟਾਏ ਜਾਣ ਉਤੇ ਖੁਸ਼ੀ ਨਾਲ ਆਪਣੇ ਬੁਲ੍ਹ ਚੱਟ ਰਹੇ ਹਨ।

---

*ਦੇਖੋ ਸਫੇ ੧੧। — **ਸੰਪਾ:**

ਹਰ ਕੋਈ ਸੁਣ ਲਵੇ: ਜਿਹੜਾ ਵੀ ਕੋਈ ਤੁਰਤ, ਭਾਵੇਂ ਅਤਿ ਦਾ ਬੋਝਲ ਹੀ, ਅਮਨ ਸਮਝੌਤਾ ਕਰਨ ਦੇ ਖਿਲਾਫ ਹੈ, ਉਹ ਸੋਵੀਅਤ ਸੱਤਾ ਨੂੰ ਖਤਰੇ ਵਿਚ ਪਾ ਰਿਹਾ ਹੈ।

ਅਸੀਂ ਬੋਝਲ ਅਮਨ ਬਰਦਾਸ਼ਤ ਕਰਨ ਲਈ ਮਜਬੂਰ ਹਾਂ। ਇਹ ਜਰਮਨੀ ਤੇ ਯੂਰਪ ਵਿਚ ਇਨਕਲਾਬ ਨੂੰ ਰੋਕ ਨਹੀਂ ਪਾਇਗਾ। ਅਸੀਂ ਇਨਕਲਾਬੀ ਫੌਜ ਤਿਆਰ ਕਰਨ ਵਿਚ ਜੁੱਟ ਜਾਵਾਂਗੇ, ਲੱਫਾਜ਼ੀ ਨਾਲ ਤੇ ਵਿਸਮਿਕ ਕਥਨਾਂ ਰਾਹੀਂ ਨਹੀਂ (ਉਹਨਾਂ ਲੋਕਾਂ ਵਾਂਗ ਜਿਨ੍ਹਾਂ ਨੇ ੭ ਜਨਵਰੀ ਤੋਂ ਲੈ ਕੇ ਸਾਡੀਆਂ ਨੱਠ ਰਹੀਆਂ ਫੌਜਾਂ ਨੂੰ ਰੋਕਣ ਲਈ ਵੀ ਕੁਝ ਨਹੀਂ ਕੀਤਾ), ਸਗੋਂ **ਜਥੇਬੰਦਕ ਕੰਮ ਰਾਹੀਂ**, ਕਰਨੀ ਰਾਹੀਂ, ਸਾਰੇ ਲੋਕਾਂ ਦੀ ਯੋਗ, ਸ਼ਕਤੀਸ਼ਾਲੀ ਫੌਜ ਦੀ ਸਿਰਜਣਾ ਰਾਹੀਂ।

ਲਿਖਿਆ ੨੩ ਫਰਵਰੀ, ੧੯੧੮

ਛਪਿਆ — ੨੩ (੧੦) ਫਰਵਰੀ,
੧੯੧੮, "ਪਰਾਵਦਾ" ਨੰ: ੩੪
ਦੀ ਸ਼ਾਮ ਦੀ ਐਡੀਸ਼ਨ ਵਿਚ
ਦਸਖਤ: **ਲੈਨਿਨ**

ਸੈਂਚੀ ੩੫,
ਸਫੇ ੩੬੬ — ੩੬੮।

# ਰੂ: ਸੋ: ਡੈ: ਲੇ: ਪਾ: (ਬਾ:) ਦੀ ਕੇਂਦਰੀ ਕਮੇਟੀ ਦੀ ਮੀਟਿੰਗ ਵਿਚ ਤਕਰੀਰਾਂ — ੨੩ ਫਰਵਰੀ, ੧੯੧੮[19]

## ਸੰਖੇਪ ਕਾਰਵਾਈ ਵਿਚੋਂ

### ੧

ਸਾਥੀ ਲੈਨਿਨ ਦਾ ਵਿਸ਼ਵਾਸ ਹੈ ਕਿ ਇਨਕਲਾਬੀ ਲੱਫਾਜ਼ੀ ਦੀ ਨੀਤੀ ਅੰਤ ਤੇ ਪੁੱਜ ਗਈ ਹੈ। ਜੇ ਇਸਨੂੰ ਜਾਰੀ ਰੱਖਿਆ ਗਿਆ ਤਾਂ ਉਹ ਸਰਕਾਰ ਤੋਂ ਤੇ ਕੇਂਦਰੀ ਕਮੇਟੀ ਤੋਂ ਅਸਤੀਫਾ ਦੇਣ ਦੀ ਇੱਛਾ ਰਖਦਾ ਹੈ। ਇਨਕਲਾਬੀ ਜੰਗ ਫੌਜ ਦੀ ਮੰਗ ਕਰਦੀ ਹੈ ਤੇ ਫੌਜ ਕੋਈ ਹੈ ਨਹੀਂ। ਇਸਦਾ ਮਤਲਬ ਹੈ ਕਿ ਸਭ ਸ਼ਰਤਾਂ ਮੰਨਣੀਆਂ ਪੈਣਗੀਆਂ।

### ੨

**ਸਾਥੀ ਲੈਨਿਨ**। ਤੁਹਾਡੇ ਵਿਚੋਂ ਕਈਆਂ ਨੇ ਅਲਟੀਮੇਟਮ ਦੇਣ ਵਾਸਤੇ ਮੈਨੂੰ ਚੰਗਾ-ਮੰਦਾ ਕਿਹਾ ਹੈ। ਮੈਂ ਅਤਿ ਤੇ ਪੁੱਜ ਕੇ ਇੰਝ ਕੀਤਾ ਹੈ। ਸਾਡੀ ਕੇਂਦਰੀ ਕਮੇਟੀ ਦੇ ਮੈਂਬਰਾਂ ਲਈ ਕੌਮਾਂਤਰੀ ਘਰੇਲੂ ਜੰਗ ਦੀ ਗੱਲ ਕਰਨਾ ਹਾਸੋਹੀਣਾ ਹੈ। ਰੂਸ ਵਿਚ ਤਾਂ ਘਰੇਲੂ ਜੰਗ ਹੈ, ਪਰ ਜਰਮਨੀ ਵਿਚ ਕੋਈ ਨਹੀਂ। ਸਾਡਾ ਅੰਦੋਲਨ ਜਾਰੀ ਰਹੇਗਾ। ਇਸਨੂੰ ਸਿਰਫ ਲਫਜ਼ਾਂ ਨਾਲ ਨਹੀਂ, ਇਨਕਲਾਬੀ ਕਾਰਵਾਈ ਨਾਲ ਜਾਰੀ ਰਖਿਆ ਜਾ ਰਿਹਾ ਹੈ। ਇਹ ਵੀ ਕਾਇਮ ਹੈ। ਸਟਾਲਿਨ ਗ਼ਲਤ ਹੈ ਜਦੋਂ ਉਹ ਕਹਿੰਦਾ ਹੈ ਕਿ ਅਸੀਂ ਦਸਖਤ ਨਾ ਕਰਕੇ ਸਾਰ ਸਕਦੇ ਹਾਂ। ਇਹ ਸ਼ਰਤਾਂ ਪ੍ਰਵਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਜੇ ਤੁਸੀਂ ਇਹ ਨਹੀਂ ਕਰਦੇ ਤਾਂ ਤੁਸੀਂ ਆਪਣੇ ਆਪ ਨੂੰ ਤਿੰਨ ਹਫਤਿਆਂ ਦੇ ਅੰਦਰ ਅੰਦਰ ਸੋਵੀਅਤ ਸੱਤਾ ਦੇ ਮੌਤ ਦੇ ਵਾਰੰਟਾਂ ਉਪਰ ਦਸਖਤ ਕਰਦਿਆਂ ਦੇਖੋਗੇ। ਇਹ ਸ਼ਰਤਾਂ ਕਿਸੇ ਤਰ੍ਹਾਂ ਵੀ ਸੋਵੀਅਤ ਸੱਤਾ ਉਪਰ ਅਸਰ ਨਹੀਂ ਪਾਉਂਦੀਆਂ। ਮੈਨੂੰ ਇਸ ਵਿਚ ਜ਼ਰਾ ਵੀ ਝਿਜਕ ਮਹਿਸੂਸ ਨਹੀਂ ਹੁੰਦੀ। ਮੈਂ ਅਲਟੀਮੇਟਮ ਵਾਪਸ ਲੈਣ ਲਈ ਨਹੀਂ ਦੇ ਰਿਹਾ। ਮੇਰਾ ਇਤਰਾਜ਼ ਇਨਕਲਾਬੀ ਲੱਫਾਜ਼ੀ ਉਪਰ ਹੈ।

ਜਰਮਨ ਇਨਕਲਾਬ ਅਜੇ ਉਭਰ ਕੇ ਨਹੀਂ ਆਇਆ। ਇਸ ਲਈ ਇਸਨੂੰ ਕਈ ਮਹੀਨੇ ਲੱਗਣਗੇ। ਇਹ ਸ਼ਰਤਾਂ ਪ੍ਰਵਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਜੇ ਮਗਰੋਂ ਕੋਈ ਸੱਜਰਾ ਅਲਟੀਮੇਟਮ ਮਿਲਿਆ ਤਾਂ ਹਾਲਤ ਬਿਲਕੁਲ ਬਦਲ ਚੁੱਕੀ ਹੋਵੇਗੀ।

੩

**ਸਾਥੀ ਲੈਨਿਨ**। ਮੇਰਾ ਵੀ ਵਿਸ਼ਵਾਸ ਹੈ ਕਿ ਇਨਕਲਾਬੀ ਜੰਗ ਲਈ ਤਿਆਰੀ ਕਰਨਾ ਜ਼ਰੂਰੀ ਹੈ। ਸੰਧੀ ਨੂੰ ਵਿਆਖਿਆ ਦੀ ਲੋੜ ਹੋਵੇਗੀ ਤੇ ਅਸੀਂ ਇਸ ਦੇ ਅਰਥ ਕਢਾਂਗੇ। ਇਸ ਸੂਰਤ ਵਿਚ ਫੌਜ ਤੋੜਨੀ ਨਿਰੋਲ ਫੌਜੀ ਰੂਪ ਵਿਚ ਹੈ। ਆਖਰ, ਜੰਗ ਤੋਂ ਪਹਿਲਾਂ ਵੀ ਸਾਡੇ ਕੋਲ ਫੌਜ ਸੀ। ਇਨਕਲਾਬੀ ਜੰਗ ਗੰਭੀਰ ਤਿਆਰੀ ਦੀ ਮੰਗ ਕਰਦੀ ਹੈ। ਮੈਨੂੰ ਇਸ ਵਿਚ ਬਿਲਕੁਲ ਕੋਈ ਸ਼ੱਕ ਨਹੀਂ ਕਿ ਜਨਤਾ ਅਮਨ ਚਾਹੁੰਦੀ ਹੈ।

੪

ਲੈਨਿਨ ਦਾ ਸੁਝਾਅ ਹੈ ਕਿ ਇਹਨਾਂ ਗੱਲਾਂ ਉਤੇ ਵੋਟਾਂ ਪੈਣੀਆਂ ਚਾਹੀਦੀਆਂ ਹਨ: ੧) ਕੀ ਅਸੀਂ ਜਰਮਨ ਤਜਵੀਜ਼ਾਂ ਨੂੰ ਤੁਰਤ ਪ੍ਰਵਾਨ ਕਰ ਲਈਏ; ੨) ਕੀ ਅਸੀਂ ਤੁਰਤ ਇਨਕਲਾਬੀ ਜੰਗ ਦੀ ਤਿਆਰੀ ਕਰੀਏ; ੩) ਕੀ ਪੀਤਰੋਗਰਾਦ ਤੇ ਮਾਸਕੋ ਵਿਚ ਸੋਵੀਅਤ ਚੋਣਕਾਰਾਂ ਦੀਆਂ ਵੋਟਾਂ ਤੁਰਤ ਪੁਆਈਆਂ ਜਾਣ।

੫

ਏ. ਲੋਮੋਵ ਲੈਨਿਨ ਨੂੰ ਪੁੱਛਦਾ ਹੈ ਕਿ ਉਹ ਅਮਨ ਸਮਝੌਤੇ ਉਪਰ ਦਸਖਤ ਕਰਨ ਦੇ ਖਿਲਾਫ ਪਾਰਟੀ ਸੈੱਲਾਂ ਵਿਚ ਜਾਂ ਪਰੈਸ ਵਿਚ ਅੰਦੋਲਨ ਚਲਾਉਣ ਨੂੰ ਆਗਿਆ ਯੋਗ ਸਮਝਦਾ ਹੈ।

ਸਾਥੀ ਲੈਨਿਨ 'ਹਾਂ' ਵਿਚ ਜਵਾਬ ਦੇਂਦਾ ਹੈ।

੬

ਕੇਂਦਰੀ ਕਮੇਟੀ ਦੇ ਕਈ ਮੈਂਬਰਾਂ ਵਲੋਂ ਸਾਰੀਆਂ ਸੋਵੀਅਤ ਤੇ ਪਾਰਟੀ ਪਦਵੀਆਂ ਤੋਂ ਅਸਤੀਫੇ ਦੇ ਐਲਾਨ ਨੂੰ ਮੁਖ ਰਖਦਿਆਂ, ਯ. ਮ. ਸਵੇਰਦਲੋਵ ਤਜਵੀਜ਼ ਪੇਸ਼ ਕਰਦਾ ਹੈ ਉਹ ਕਾਂਗਰਸ ਤੱਕ ਆਪਣੇ ਅਹੁਦਿਆਂ ਉਪਰ ਰਹਿਣ ਤੇ ਪਾਰਟੀ ਹਲਕਿਆਂ ਵਿਚ ਆਪਣੇ ਵਿਚਾਰ ਦੱਸਣ।

ਸਾਥੀ ਲੈਨਿਨ ਸਵੇਰਦਲੋਵ ਵਲੋਂ ਉਠਾਏ ਗਏ ਸਵਾਲ ਉਪਰ ਬਹਿਸ ਦੇ ਹੱਕ ਵਿਚ ਹੈ, ਕਿਉਂਕਿ, ਪਹਿਲੀ ਗੱਲ, ਅਜੇ ਵੀ ਦਸਖਤ ਹੋਣ ਨੂੰ ਤਿੰਨ ਦਿਨ ਰਹਿੰਦੇ ਹਨ ਤੇ ਪੁਸ਼ਟੀਕਰਨ ਨੂੰ ਬਾਰਾਂ ਦਿਨ; ਇਹ ਗੱਲ, ਸਿੱਟੇ ਵਜੋਂ, ਪਾਰਟੀ ਦੀ ਰਾਏ ਨੂੰ ਆਪਣੇ ਪੱਖ ਵਿਚ ਕਰਨਾ ਸੰਭਵ ਬਣਾਉਂਦੀ ਹੈ; ਜੇ ਇਹ ਦਸਖਤ ਕਰਨ ਦੇ ਖਿਲਾਫ ਨਿਕਲੀ, ਤਾਂ ਮਗਰੋਂ ਪੁਸ਼ਟੀ ਨਹੀਂ ਕੀਤੀ ਜਾਵੇਗੀ; ਪਰ ਇਹ ਦੇਖਦਿਆਂ ਕਿ ਸਾਡੇ ਕੋਲ ਅੱਜ ਸਮਾਂ ਬਹੁਤ ਥੋਹੜਾ ਹੈ, ਉਹ ਤਜਵੀਜ਼ ਰਖਦਾ ਹੈ ਕਿ ਇਸ ਮਾਮਲੇ ਨੂੰ ਕੱਲ ਤੱਕ ਅੱਗੇ ਪਾ ਦਿਤਾ ਜਾਵੇ।

੭

ਜੇ. ਵੀ ਸਟਾਲਿਨ ਪੁੱਛਦਾ ਹੈ ਕਿ ਕੀ ਸਾਰੀਆਂ ਪਦਵੀਆਂ ਤੋਂ ਅਸਤੀਫਾ ਪਾਰਟੀ ਵਿਚੋਂ ਨਿਕਲਣ ਦੇ ਬਰਾਬਰ ਹੈ ਜਾਂ ਨਹੀਂ।
ਸਾਥੀ ਲੈਨਿਨ ਕਹਿੰਦਾ ਹੈ ਕਿ ਕੇਂਦਰੀ ਕਮੇਟੀ ਤੋਂ ਅਸਤੀਫੇ ਦਾ ਮਤਲਬ ਪਾਰਟੀ ਵਿਚੋਂ ਨਿਕਲਣਾ ਨਹੀਂ।

੮

ਸਾਥੀ ਲੈਨਿਨ ਤਜਵੀਜ਼ ਦੇਂਦਾ ਹੈ ਕਿ ਜਦੋਂ ਵੋਟਾਂ ਪਾਈਆਂ ਜਾਣ ਤਾਂ ਸਾਥੀ ਬਾਹਰ ਚਲੇ ਜਾਣ ਤੇ ਕਿਸੇ ਵੀ ਦਸਤਾਵੇਜ਼ ਉਪਰ ਦਸਖਤ ਨਾ ਕਰਨ ਤਾਂ ਕਿ ਉਹਨਾਂ ਉਪਰ ਕੋਈ ਜ਼ਿੰਮੇਵਾਰੀ ਨਾ ਆਏ, ਪਰ ਉਹਨਾਂ ਨੂੰ ਕੌਂਸਲ ਵਿਚਲੇ ਆਪਣੇ ਕੰਮਾਂ ਨੂੰ ਨਹੀਂ ਛੱਡਣਾ ਚਾਹੀਦਾ।

ਪਹਿਲਾਂ ਛਪਿਆ: ੧—੩, ੧੯੨੨
ਵਿਚ ਨ. ਲੈਨਿਨ
(ਵ. ਉਲੀਆਨੋਵ) ਕਿਰਤ
ਸੰਗ੍ਰਹਿ ਸੈਂਚੀ ੧੫ ਵਿਚ;
੪—੮ ਰਸਾਲੇ
"ਪ੍ਰੋਲੀਤਰਸਕਾਯਾ ਰੇਵੋਲਿਊਤਸੀਆ"
ਦੇ ਨੰ: ੨, ੧੯੨੮ ਵਿਚ।

ਸੈਂਚੀ ੩੫,
ਸਫੇ ੩੬੯—੩੭੧।

# ਗ਼ਲਤੀ ਕਿਥੇ ਹੈ ?

ਬਰੇਸਤ ਸ਼ਰਤਾਂ ਉਤੇ ਵਖਰਾ ਅਮਨ ਸਮਝੌਤਾ ਕਰਨ ਦੇ ਉਘੇ ਤੇ ਸਭ ਤੋਂ ਵਧ ਜ਼ਿੰਮੇਵਾਰ ਵਿਰੋਧੀਆਂ ਨੇ ਆਪਣੀਆਂ ਦਲੀਲਾਂ ਦਾ ਤੱਤ ਇਸ ਰੂਪ ਵਿਚ ਪੇਸ਼ ਕੀਤਾ ਹੈ :

"... — — — — — — —
— — — — — — —
— — — — — — — ..."

ਇਥੇ ਪੇਸ਼ ਕੀਤੀਆਂ ਗਈਆਂ ਹਨ ਸਭ ਤੋਂ ਵਧ ਸੰਘਣੇ ਰੂਪ ਵਿਚ, ਸਭ ਤੋਂ ਵਧ ਮਹਤਵਪੂਰਣ ਦਲੀਲਾਂ, ਜਿਨ੍ਹਾਂ ਨੂੰ ਲਗਭਗ ਮਤੇ ਦੇ ਰੂਪ ਵਿਚ ਰੱਖਿਆ ਗਿਆ ਹੈ। ਦਲੀਲਾਂ ਦੇ ਵਿਸ਼ਲੇਸ਼ਣ ਦੀ ਸਹੂਲਤ ਵਾਸਤੇ, ਅਸੀਂ ਹਰ ਮਿਥਣ ਨੂੰ ਵੱਖਰਾ ਨੰਬਰ ਦਿੱਤਾ ਹੈ।

ਜਦੋਂ ਕੋਈ ਇਹਨਾਂ ਦਲੀਲਾਂ ਦੀ ਪਰਖ ਕਰਦਾ ਹੈ ਤਾਂ ਘੜਨਹਾਰਿਆਂ ਦੀ ਮੁਖ ਗ਼ਲਤੀ ਤੁਰਤ ਅੱਖਾਂ ਨੂੰ ਚੁਭਦੀ ਹੈ। ਉਹ ਮੌਜੂਦਾ ਸਮੇਂ ਤੇ ਇਨਕਲਾਬੀ ਜੰਗ ਦੀਆਂ ਠੋਸ ਹਾਲਤਾਂ ਬਾਰੇ ਇਕ ਲਫਜ਼ ਵੀ ਨਹੀਂ ਬੋਲਦੇ। ਅਮਨ ਦੇ ਸਮਰਥਕਾਂ ਦੇ ਧਿਆਨ ਵਿਚ ਜਿਹੜੀ ਮੁਖ ਤੇ ਬੁਨਿਆਦੀ ਗੱਲ ਹੈ, ਅਰਥਾਤ **ਇਸ ਸਮੇਂ** ਸਾਡੇ ਲਈ ਲੜਨਾ ਅਸੰਭਵ ਹੈ, ਉਸਤੋਂ ਬਿਲਕੁਲ ਕੰਨੀਂ ਕਤਰਾਈ ਜਾਂਦੀ ਹੈ। ਜਵਾਬ ਵਿਚ— ਕਹਿ ਲਵੋ ਕਿ ਮੇਰੇ ਪ੍ਰਸਤਾਵਾਂ * ਦੇ ਜਵਾਬ ਵਿਚ, ਜਿਨ੍ਹਾਂ ਨੂੰ ਇਸ ਮਤੇ ਦੇ **ਘੜਨਹਾਰੇ** ੮ ਜਨਵਰੀ ਤੋਂ ਚੰਗੀ ਤਰ੍ਹਾਂ ਜਾਣਦੇ ਹਨ — ਉਹ ਬਿਲਕੁਲ **ਆਮ** ਵਿਚਾਰਾਂ, **ਭਾਵਵਾਦੀ**

---

* ਦੇਖੋ ਸਫੇ ੫—੧੪। — **ਸੰਪਾ :**

ਕਥਨਾਂ ਨੂੰ ਪੇਸ਼ ਕਰਦੇ ਹਨ ਜਿਹੜੇ ਅਟੱਲ ਤੌਰ ਤੇ ਖਾਲੀ ਲੱਫਾਜ਼ੀ ਵਿਚ ਬਦਲ ਜਾਂਦੇ ਹਨ। ਕਿਉਂਕਿ ਕਿਸੇ ਖਾਸ ਕੇਸ ਦੀਆਂ ਹਾਲਤਾਂ ਦਾ ਉਚੇਚਾ ਵਿਸ਼ਲੇਸ਼ਨ ਕਰਨ ਤੋਂ ਬਿਨਾਂ, ਉਸ ਖਾਸ ਕੇਸ ਉਪਰ ਲਾਗੂ ਕੀਤਾ ਗਿਆ ਆਮ ਇਤਿਹਾਸਕ ਬਿਆਨ ਫੋਕੀ ਲੱਫਾਜ਼ੀ ਬਣ ਜਾਂਦਾ ਹੈ।

ਪਹਿਲਾ ਮਸਲਾ ਲਵੋ। ਇਸਦਾ ਸਾਰਾ "ਨੁਕਤਾ" ਗਾਹਲੀ-ਗਲੋਚ, ਚੀਕ-ਪੁਕਾਰ ਭਾਵਕ ਭਾਸ਼ਨ ਦੇਣਾ, ਵਿਰੋਧੀਆਂ ਨੂੰ "ਲਾਅਨਤ" ਪਾਉਣ ਦੀ ਕੋਸ਼ਿਸ਼ ਕਰਨਾ, ਭਾਵਾਂ ਨੂੰ ਅਪੀਲ ਕਰਨਾ ਹੈ। ਦੇਖੋ ਤੁਸੀਂ ਕਿੰਨੇ ਬੁਰੇ ਲੋਕ ਹੋ, ਉਹ ਕਹਿੰਦੇ ਹਨ: ਸਾਮਰਾਜੀਏ ਤੁਹਾਡੇ ਉਪਰ ਹਮਲਾ ਕਰ ਰਹੇ ਹਨ, ਪ੍ਰੋਲਤਾਰੀ ਇਨਕਲਾਬ ਨੂੰ ਦਬਾਉਣਾ ਆਪਣਾ ਨਿਸ਼ਾਨਾ "ਐਲਾਨ" ਰਹੇ ਹਨ, ਤੇ ਤੁਸੀਂ ਅਮਨ ਕਰਨ ਬਾਰੇ ਸਹਿਮਤ ਹੋ ਕੇ ਉਹਨਾਂ ਦਾ ਜਵਾਬ ਦੇਂਦੇ ਹੋ! ਪਰ ਜਿਵੇਂ ਕਿ ਇਹ ਲੇਖਕ ਚੰਗੀ ਤਰ੍ਹਾਂ ਜਾਣਦੇ ਹਨ, ਸਾਡੀ ਦਲੀਲ ਹੀ ਇਹ ਹੈ ਕਿ ਬੋਝਲ ਅਮਨ ਨੂੰ ਰੱਦ ਕਰਕੇ ਅਸੀਂ **ਅਸਲ ਵਿਚ** ਦੁਸ਼ਮਨ ਵਾਸਤੇ ਪ੍ਰੋਲਤਾਰੀ ਇਨਕਲਾਬ ਨੂੰ ਦਬਾਉਣਾ **ਸੌਖਾ ਬਣਾ ਦੇਂਦੇ ਹਾਂ**। ਤੇ ਸਾਡੇ ਇਸ ਸਿੱਟੇ ਨੂੰ (ਉਦਾਹਰਣ ਵਜੋਂ ਮੇਰੇ ਪ੍ਰਸਤਾਵਾਂ ਵਿਚ) ਫੌਜ ਦੀ ਹਾਲਤ ਬਾਰੇ, ਇਸਦੀ ਜਮਾਤੀ ਬਣਤਰ ਆਦਿ ਬਾਰੇ ਕਿੰਨੀਆਂ ਸਾਰੀਆਂ ਬਹੁਤ ਠੋਸ ਅਲਾਮਤਾਂ, ਪੱਕਿਆਂ ਕਰਦੀਆਂ ਹਨ। ਲੇਖਕਾਂ ਨੇ ਹਰ ਠੋਸ ਚੀਜ਼ ਤੋਂ ਕੰਨੀਂ ਕਤਰਾਈ ਹੈ, ਤੇ ਜਿਸ ਸਿੱਟੇ ਉਤੇ ਉਹ ਪੁੱਜੇ ਹਨ, ਉਹ ਫੋਕੀ ਲੱਫਾਜ਼ੀ ਹੈ। ਕਿਉਂਕਿ ਜੇ ਦੁਸ਼ਮਨ "ਐਲਾਨ ਕਰ ਰਹੇ ਹਨ" ਕਿ ਉਹਨਾਂ ਦਾ ਨਿਸ਼ਾਨਾ ਇਨਕਲਾਬ ਨੂੰ ਦਬਾਉਣਾ ਹੈ, ਤਾਂ ਉਹ ਬੰਦਾ ਭੈੜਾ ਇਨਕਲਾਬੀ ਹੋਵੇਗਾ ਜਿਹੜਾ ਵਿਰੋਧ ਦੇ ਮੰਨੇਂ ਹੋਏ ਅਸੰਭਵ ਰੂਪ ਨੂੰ ਚੁਣਦਿਆਂ ਦੁਸ਼ਮਨ ਦੇ ਨਿਸ਼ਾਨਿਆਂ ਦੇ "ਐਲਾਨ ਕੀਤੇ ਜਾਣ" ਨੂੰ ਉਹਨਾਂ ਦੀ **ਪੂਰਤੀ ਵਿਚ** ਬਦਲਣ ਵਿਚ ਸਹਾਈ ਹੋਵੇ।

ਦੂਜੀ ਦਲੀਲ: "ਗਾਹਲਾਂ" ਤੇਜ਼ ਹੋ ਜਾਂਦੀਆਂ ਹਨ। ਉਹ ਕਹਿੰਦੇ ਹਨ, ਤੁਸੀਂ ਦੁਸ਼ਮਨ ਦੇ ਪਹਿਲੇ ਧਾਵੇ ਤੇ ਹੀ ਅਮਨ ਲਈ ਸਹਿਮਤ ਹੋ ਜਾਂਦੇ ਹੋ...। ਕੀ ਲੇਖਕ ਗੰਭੀਰ ਤਰ੍ਹਾਂ ਨਾਲ ਫਰਜ਼ ਕਰ ਰਹੇ ਹਨ ਕਿ ਇਹ ਗੱਲ ਉਹਨਾਂ ਬੰਦਿਆਂ ਲਈ ਮਣਾਵੀਂ ਹੋ ਸਕਦੀ ਹੈ ਜਿਨ੍ਹਾਂ ਨੇ ਜਨਵਰੀ ਤੋਂ ਲੈ ਕੇ, "ਧਾਵੇ" ਤੋਂ ਬਹੁਤ ਸਮਾਂ ਪਹਿਲਾਂ ਹੀ, ਉਸ ਸਮੇਂ ਤਾਕਤਾਂ ਦੇ ਸੰਬੰਧ ਦਾ ਤੇ ਜੰਗ ਦੀਆਂ ਠੋਸ ਹਾਲਤਾਂ ਦਾ ਵਿਸ਼ਲੇਸ਼ਨ ਕਰ ਲਿਆ ਸੀ? ਕੀ ਇਹ ਫਿਕਰੇਬਾਜ਼ੀ ਨਹੀਂ ਜੇ ਵਿਸ਼ਲੇਸ਼ਨ ਦੇ ਖਿਲਾਫ਼ "ਗਾਹਲੀ-ਗਲੋਚ" ਨੂੰ ਦਲੀਲ ਮੰਨ ਲਿਆ ਜਾਏ ਤਾਂ??

ਮੌਜੂਦਾ ਹਾਲਤਾਂ ਵਿਚ ਅਮਨ ਲਈ ਸਹਿਮਤ ਹੋਣਾ, ਸਾਨੂੰ ਦਸਿਆ ਜਾਂਦਾ ਹੈ, "ਕੌਮਾਂਤਰੀ ਪ੍ਰੋਲਤਾਰੀਆਂ ਦੇ ਸਭ ਤੋਂ ਮੂਹਰਲੇ ਦਸਤੇ ਵਲੋਂ ਕੌਮਾਂਤਰੀ ਬੁਰਜੂਆਜ਼ੀ ਸਾਮ੍ਹਣੇ ਹਥਿਆਰ ਸੁੱਟਣਾ ਹੈ।"

ਫਿਰ, ਫੋਕੀ ਲੱਫਾਜ਼ੀ। ਆਮ ਸਚਾਈਆਂ ਨੂੰ ਇਸ ਤਰੀਕੇ ਨਾਲ ਫੁਲਾਇਆ ਜਾਂਦਾ ਹੈ ਕਿ ਉਹ ਤਕਰੀਰਬਾਜ਼ੀ ਬਣ ਜਾਂਦੀਆਂ ਹਨ। ਜਰਮਨ ਬੁਰਜੂਆਜ਼ੀ "ਕੌਮਾਂਤਰੀ" ਨਹੀਂ ਹੈ, ਕਿਉਂਕਿ ਅਮਨ ਕਰਨ ਤੋਂ ਸਾਡੇ ਇਨਕਾਰ ਦਾ ਐਂਗਲੋ-ਫਰਾਂਸੀਸੀ ਸਰਮਾਇਦਾਰ **ਸੁਆਗਤ ਕਰਦੇ ਹਨ**। ਆਮ ਤੌਰ ਤੇ ਗੱਲ ਕਰਦੇ ਹੋਈਏ ਤਾਂ "ਹਥਿਆਰ ਸੁੱਟਣਾ" ਮਾੜੀ ਚੀਜ਼ ਹੈ, ਪਰ ਇਹ ਸ਼ਲਾਘਾਯੋਗ ਸਚਾਈ ਹਰ ਵਖਰੇ ਮਿਥਣ ਦਾ ਫੈਸਲਾ ਨਹੀਂ ਕਰਦੀ ਕਿਉਂਕਿ ਪ੍ਰਤੱਖ ਤੌਰ ਤੇ ਪ੍ਰਤਿਕੂਲ ਹਾਲਤਾਂ ਵਿਚ ਲੜਣ ਤੋਂ ਇਨਕਾਰ ਕਰਨ ਨੂੰ ਵੀ ਹਥਿਆਰ ਸੁੱਟਣਾ ਕਿਹਾ ਜਾ ਸਕਦਾ ਹੈ, ਪਰ **ਇਹੋ ਜਿਹੇ** ਹਥਿਆਰ ਸੁੱਟਣਾ ਗੰਭੀਰ ਇਨਕਲਾਬੀ ਲਈ ਲਾਜ਼ਮੀ ਹੈ। ਤੀਜੀ ਦੂਮਾ ਵਿਚ ਦਾਖਲ ਹੋਣ ਲਈ ਸਹਿਮਤ ਹੋਣਾ, ਸਤੋਲੀਪਿਨ[20] ਨਾਲ ਅਮਨ ਕਾਰਵਾਈ ਜਿਵੇਂ ਕਿ "ਖੱਬੇ" ਤਕਰੀਰਬਾਜ਼ ਇਸਨੂੰ ਉਦੋਂ ਕਹਿੰਦੇ ਸਨ, ਆਮ ਤੌਰ ਤੇ ਗੱਲ ਕੀਤਿਆਂ, ਹਥਿਆਰ ਸੁੱਟਣਾ ਹੀ ਸੀ।

ਅਸੀਂ ਇਨਕਲਾਬੀ ਆਰੰਭ ਦੇ ਅਰਥਾਂ ਵਿਚ ਸਭ ਤੋਂ ਮੁਹਰਲਾ ਦਸਤਾ ਹਾਂ, ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ, ਪਰ ਸਭ ਤੋਂ ਮੁਹਰੀ ਸਾਮਰਾਜ ਦੀਆਂ ਤਾਕਤਾਂ ਨਾਲ ਫੌਜੀ ਟੱਕਰ ਦੇ ਅਰਥਾਂ ਵਿਚ ਸਭ ਤੋਂ ਮੁਹਰਲਾ ਦਸਤਾ ਬਨਣ ਲਈ...*

੨੩ ਜਾਂ ੨੪ ਫਰਵਰੀ,
੧੯੧੮ ਨੂੰ ਲਿਖਿਆ।

ਸੈਂਚੀ ੩੫,
ਸਫੇ ੩੭੩ — ੩੭੫।

ਲੈਨਿਨ ਦੀਆਂ ਫੁਟਕਲ
ਕਿਰਤਾਂ XI ਵਿਚ
੧੯੨੯ ਵਿਚ ਸਭ ਤੋਂ
ਪਹਿਲਾਂ ਛਪਿਆ

---

*ਇਥੇ ਹਥਲਿਖਤ ਦੀ ਲੜੀ ਟੁੱਟ ਜਾਂਦੀ ਹੈ। — **ਸੰਪਾ:**

# ਕੁੱਲ-ਰੂਸ ਕੇਂਦਰੀ ਕਾਰਜ-ਕਰਨੀ ਕਮੇਟੀ ਦੀ ਮੀਟਿੰਗ ਵਿਚ ਰੀਪੋਰਟ — ੨੪ ਫਰਵਰੀ, ੧੯੧੮[21]

ਸਾਥੀਓ, ਜਰਮਨ ਸਾਮਰਾਜ ਦੇ ਪ੍ਰਤਿਨਿਧਾਂ ਵਲੋਂ ਸਾਡੇ ਸਾਮ੍ਹਣੇ ਰਖੀਆਂ ਗਈਆਂ ਸ਼ਰਤਾਂ ਬੇਮਿਸਾਲ ਤੌਰ ਤੇ ਕਰੜੀਆਂ, ਬੇਹਦ ਜਾਬਰ, ਧਾੜਵੀ ਸ਼ਰਤਾਂ ਹਨ। ਰੂਸ ਦੀ ਕਮਜ਼ੋਰੀ ਤੋਂ ਫਾਇਦਾ ਉਠਾਉਂਦਿਆਂ, ਜਰਮਨ ਸਾਮਰਾਜੀਆਂ ਨੇ ਸਾਡੀ ਛਾਤੀ ਉੱਤੇ ਗੋਡਾ ਰਖਿਆ ਹੋਇਆ ਹੈ। ਉਸ ਕੌੜੀ ਸਚਾਈ ਨੂੰ, ਜਿਸ ਬਾਰੇ ਮੈਨੂੰ ਡੂੰਘੀ ਤਰ੍ਹਾਂ ਯਕੀਨ ਹੈ, ਤੁਹਾਡੇ ਤੋਂ ਨਾ ਲੁਕਾਉਂਦਿਆਂ, ਕਿਉਂਕਿ ਹਾਲਤ ਹੀ ਐਸੀ ਹੈ, ਮੇਰੇ ਲਈ ਤੁਹਾਨੂੰ ਦੱਸਣਾ ਜ਼ਰੂਰੀ ਹੈ ਕਿ ਸਾਡੇ ਲਈ ਸਿਵਾਏ ਇਹਨਾਂ ਸ਼ਰਤਾਂ ਨੂੰ ਮਨਜ਼ੂਰ ਕਰਨ ਦੇ ਹੋਰ ਕੋਈ ਰਸਤਾ ਨਹੀਂ। ਤੇ ਕਿਸੇ ਵੀ ਹੋਰ ਤਜਵੀਜ਼ ਦਾ ਮੰਤਵ, ਆਪਣੀ ਇੱਛਾ ਨਾਲ ਜਾਂ ਇੱਛਾ ਤੋਂ ਬਿਨਾਂ, ਹੋਰ ਵੀ ਭੈੜੀ ਬੁਰਾਈ ਨੂੰ ਸਹੇੜਨਾ ਤੇ ਇਸ ਤੋਂ ਵੀ ਵਧ (ਜੇ ਇਥੇ ਦਰਜਿਆਂ ਦੀ ਗੱਲ ਕੀਤੀ ਜਾ ਸਕਦੀ ਹੈ ਤਾਂ) ਸੋਵੀਅਤ ਰੀਪਬਲਿਕ ਦੀ ਪੂਰਨ ਅਧੀਨਗੀ, ਇਸ ਵਲੋਂ ਜਰਮਨ ਸਾਮਰਾਜ ਦੀ ਪੂਰਨ ਗ਼ੁਲਾਮੀ ਹੋਵੇਗਾ, ਜਾਂ ਇਹ ਭਿਆਣਕ, ਬੇਹਦ ਜ਼ਾਲਮ, ਪਰ ਇਨਕਾਰ ਨਾ ਕੀਤੇ ਜਾਣ ਯੋਗ ਹਕੀਕਤ ਤੋਂ ਕਤਰਾਊਣ ਲਈ ਲਫਜ਼ਾਂ ਨੂੰ ਵਰਤਣ ਦਾ ਤਰਸਯੋਗ ਯਤਨ ਹੈ। ਸਾਥੀਓ, ਤੁਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹੋ ਤੇ ਤੁਹਾਡੇ ਵਿਚੋਂ ਕਈ ਜ਼ਾਤੀ ਤਜਰਬੇ ਤੋਂ ਜਾਣਦੇ ਹਨ, ਕਿ ਸਾਮਰਾਜੀ ਜੰਗ ਵਿਚ ਰੂਸ ਨੂੰ ਜਿਹੜਾ ਬੋਝ ਸਹਿਣਾ ਪਿਆ ਉਹ, ਨਿਰਵਿਵਾਦ ਕਾਰਨਾਂ ਕਰਕੇ ਜਿਨ੍ਹਾਂ ਨੂੰ ਹਰ ਕੋਈ ਸਮਝ ਸਕਦਾ ਹੈ, ਉਸ ਨਾਲੋਂ ਵਧੇਰੇ ਭਿਆਣਕ ਤੇ ਕਰੜਾ ਸੀ ਜਿਹੜਾ ਦੂਜੇ ਦੇਸਾਂ ਨੂੰ ਸਹਿਣਾ ਪਿਆ। ਇਸ ਲਈ, ਤੁਹਾਨੂੰ ਪਤਾ ਹੈ ਕਿ ਸਾਡੀ ਫੌਜ ਜੰਗ ਨਾਲ ਏਨੀਂ ਸ਼ਹੀਦ ਕੀਤੀ ਗਈ ਤੇ ਉਸਨੂੰ ਏਨੇ ਤਸੀਹੇ ਸਹਿਣੇ ਪਏ ਜਿੰਨੇ ਹੋਰ ਕਿਸੇ ਫੌਜ ਨੂੰ ਨਹੀਂ; ਕਿ ਬੁਰਜੂਆ ਪਰੈਸ ਤੇ ਪਾਰਟੀਆਂ ਵਲੋਂ, ਜਿਹੜੀਆਂ ਇਸ ਦੀ ਹਿਮਾਇਤ ਕਰਦੀਆਂ ਸਨ ਜਾਂ ਜਿਹੜੀਆਂ ਸੋਵੀਅਤ ਸਰਕਾਰ ਦੀਆਂ ਦੁਸ਼ਮਨ ਸਨ, ਸਾਡੇ ਉੱਤੇ ਉਛਾਲਿਆ ਗਿਆ ਸਾਰਾ ਚਿੱਕੜ ਬੇਹੂਦਾ ਸੀ ਕਿ ਬਾਲਸ਼ਵਿਕ ਫੌਜਾਂ ਦਾ ਦਿਲ ਢਾਹ ਰਹੇ ਹਨ। ਮੈਂ ਤੁਹਾਨੂੰ ਇਕ ਵਾਰੀ ਫਿਰ ਉਸ ਐਲਾਨਨਾਮੇ ਦੀ ਯਾਦ ਦੁਆਉਂਦਾ ਹਾਂ ਜਿਹੜਾ ਕਰੀਲੇਨਕੋ ਨੇ, ਜਦੋਂ ਉਹ ਅਜੇ ਕੇਰੇਂਸਕੀ ਹੇਠ ਛੋਟਾ ਅਫਸਰ ਸੀ, ਫੌਜਾਂ ਵਿਚ ਵੰਡਿਆ ਸੀ ਜਦੋਂ ਉਹ ਪੀਤਰੋਗਰਾਦ ਲਈ ਗਿਆ ਸੀ, ਤੇ

ਜਿਹੜਾ "ਪਰਾਵਦਾ" ਵਿਚ ਮੁੜ-ਛਾਪਿਆ ਗਿਆ ਸੀ, ਜਿਸ ਵਿਚ ਉਸਨੇ ਕਿਹਾ ਸੀ: ਅਸੀਂ ਤੁਹਾਨੂੰ ਕਿਸੇ ਤਰ੍ਹਾਂ ਦੀ ਬਗ਼ਾਵਤ ਲਈ ਨਹੀਂ ਪਰੇਰਦੇ, ਅਸੀਂ ਤੁਹਾਨੂੰ ਸੰਗਠਿਤ ਰਾਜਸੀ ਕਾਰਵਾਈਆਂ ਲਈ ਪਰੇਰਦੇ ਹਾਂ; ਜਿਥੋਂ ਤੱਕ ਸੰਭਵ ਹੋਵੇ ਸੰਗਠਿਤ ਹੋਣ ਕੀ ਕੋਸ਼ਿਸ਼ ਕਰੋ। ਇਹੋ ਜਿਹਾ ਸੀ ਬਾਲਸ਼ਵਿਕਾਂ ਦੇ ਸਭ ਤੋਂ ਵਧ ਜੋਸ਼ੀਲੇ ਪ੍ਰਤਿਨਿਧਾਂ ਵਿਚੋਂ ਇਕ ਦਾ ਪ੍ਰਚਾਰ, ਉਸਦਾ ਜਿਹੜਾ ਫੌਜ ਨਾਲ ਸਭ ਤੋਂ ਵਧ ਡੂੰਘੀ ਤਰ੍ਹਾਂ, ਸੰਬੰਧ ਰਖਦਾ ਸੀ। ਇਸ ਬੇਮਿਸਾਲ ਤੌਰ ਤੇ, ਅਥਾਹ ਤੌਰ ਤੇ ਥੱਕ-ਟੁੱਟ ਚੁੱਕੀ ਫੌਜ ਨੂੰ ਇਕੱਠਿਆਂ ਰੱਖਣ ਲਈ ਤੇ ਇਸਨੂੰ ਵਧੇਰੇ ਮਜ਼ਬੂਤ ਬਨਾਉਣ ਲਈ ਜੋ ਕੁਝ ਵੀ ਕੀਤਾ ਜਾ ਸਕਦਾ ਸੀ, ਕੀਤਾ ਗਿਆ ਸੀ। ਤੇ ਹੁਣ ਜੇ ਅਸੀਂ ਦੇਖਦੇ ਹਾਂ, ਭਾਵੇਂ ਪਿਛਲੇ ਮਹੀਨੇ ਦੇ ਦੌਰਾਣ, ਉਦਾਹਰਣ ਵਜੋਂ, ਆਪਣਾ ਵਿਚਾਰ ਸਾਮ੍ਹਣੇ ਰੱਖਣ ਤੋਂ ਮੈਂ ਪੂਰੀ ਤਰ੍ਹਾਂ ਗੁਰੇਜ਼ ਕੀਤਾ ਹੈ ਜਿਹੜਾ ਨਿਰਾਸ਼ਾਵਾਦੀ ਲੱਗ ਸਕਦਾ ਸੀ, ਜੇ ਅਸੀਂ ਇਹ ਦੇਖ ਲਿਆ ਹੈ, ਜਿਥੋਂ ਤੱਕ ਫੌਜ ਦਾ ਸੰਬੰਧ ਹੈ ਪਿਛਲੇ ਮਹੀਨੇ ਦੇ ਦੌਰਾਣ ਹਾਲਤ ਨੂੰ ਸੌਖਿਆਂ ਕਰਨ ਲਈ ਅਸੀਂ ਜੋ ਕੁਝ ਕਿਹਾ ਜਾ ਸਕਦਾ ਸੀ, ਕਿਹਾ ਹੈ, ਜੋ ਕੁਝ ਕੀਤਾ ਜਾ ਸਕਦਾ ਸੀ, ਕੀਤਾ ਹੈ, ਹਕੀਕਤ ਨੇ ਸਾਨੂੰ ਦਰਸਾਇਆ ਹੈ ਕਿ ਜੰਗ ਦੇ ਤਿੰਨਾਂ ਸਾਲਾਂ ਤੋਂ ਪਿਛੋਂ ਸਾਡੀ ਫੌਜ ਲੜਨ ਦੇ ਬਿਲਕੁਲ ਅਸਮਰਥ ਤੇ ਬੇਦਿਲ ਹੈ। ਇਹ ਹੈ ਬੁਨਿਆਦੀ ਕਾਰਨ, ਸਾਦਾ, ਸਪਸ਼ਟ ਤੇ ਅਤਿ ਦਰਜੇ ਦਾ ਕੌੜਾ ਤੇ ਦੁਖਦਾਈ ਪਰ ਬਿਲਕੁਲ ਸਪਸ਼ਟ, ਕਿ ਕਿਉਂ ਇਕ ਸਾਮਰਾਜੀ ਲੁਟੇਰੇ ਦੇ ਨਾਲੋ ਨਾਲ ਰਹਿੰਦਿਆਂ, ਅਸੀਂ ਅਮਨ ਦੀਆਂ ਸ਼ਰਤਾਂ ਉਪਰ ਦਸਖਤ ਕਰਨ ਤੇ ਮਜਬੂਰ ਹੋ ਗਏ ਹਾਂ ਜਦੋਂ ਉਸਨੇ ਆਪਣਾ ਗੋਡਾ ਸਾਡੀ ਛਾਤੀ ਉੱਤੇ ਰੱਖ ਦਿਤਾ ਹੈ। ਇਹੀ ਕਾਰਨ ਹੈ ਕਿ ਮੈਂ ਕਹਿੰਦਾ ਹਾਂ, ਆਪਣੇ ਉੱਤੇ ਆਉਂਦੀ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਚੇਤੰਨ, ਤੇ ਦੁਹਰਾਉਂਦਾ ਹਾਂ ਕਿ ਸੋਵੀਅਤ ਸਰਕਾਰ ਦੇ ਇਕ ਵੀ ਮੈਂਬਰ ਨੂੰ ਇਸ ਜ਼ਿੰਮੇਵਾਰੀ ਤੋਂ ਕਤਰਾਉਣ ਦਾ ਹੱਕ ਨਹੀਂ। ਬੇਸ਼ਕ, ਮਜ਼ਦੂਰਾਂ, ਕਿਸਾਨਾਂ ਤੇ ਸਿਪਾਹੀਆਂ ਨੂੰ ਇਹ ਦੱਸਣਾ ਸੁਖਦਾਈ ਤੇ ਸੌਖਾ ਹੈ, ਜਿਵੇਂ ਇਹ ਦੇਖਣਾ ਸੁਖਦਾਈ ਤੇ ਸੌਖਾ ਹੈ, ਕਿ ਅਕਤੂਬਰ ਦੀ ਬਗ਼ਾਵਤ ਤੋਂ ਪਿਛੋਂ ਇਨਕਲਾਬ ਕਿਵੇਂ ਅੱਗੇ ਵਧਿਆ ਹੈ, ਪਰ ਜਦੋਂ ਸਾਨੂੰ ਕੌੜੀ, ਦੁਖਦਾਈ, ਨਾ ਇਨਕਾਰ ਕੀਤੇ ਜਾਣ ਯੋਗ ਸਚਾਈ—ਇਨਕਲਾਬੀ ਜੰਗ ਦੀ ਅਸੰਭਵਤਾ—ਨੂੰ ਮੰਨਣਾ ਪੈ ਰਿਹਾ ਹੈ ਤਾਂ ਇਸ ਜ਼ਿੰਮੇਵਾਰੀ ਤੋਂ ਕਤਰਾਉਣ ਦੀ ਆਗਿਆ ਨਹੀਂ ਦਿਤੀ ਜਾ ਸਕਦੀ ਤੇ ਸਾਨੂੰ ਇਹ ਸਾਫ ਸਾਫ ਆਪਣੇ ਮੋਢਿਆਂ ਉਤੇ ਲੈਣੀ ਚਾਹੀਦੀ ਹੈ। ਮੈਂ ਇਸਨੂੰ ਆਪਣਾ ਫਰਜ਼ ਸਮਝਦਾ ਹਾਂ, ਮੈਂ ਆਪਣਾ ਫਰਜ਼ ਪੂਰਾ ਕਰਨਾ ਤੇ ਸਾਫ ਸਾਫ ਕਹਿਣਾ ਜ਼ਰੂਰੀ ਸਮਝਦਾ ਹਾਂ ਕਿ ਹਾਲਾਤ ਕੈਸੇ ਹਨ ਤੇ ਇਸ ਲਈ ਮੈਨੂੰ ਯਕੀਨ ਹੈ ਕਿ ਰੂਸ ਦੇ ਮਿਹਨਤਕਸ਼ਾਂ ਦੀ ਜਮਾਤ, ਜਿਹੜੇ ਜਾਣਦੇ ਹਨ ਕਿ ਜੰਗ ਕੀ ਹੈ, ਕਿ ਮਜ਼ਦੂਰ ਲੋਕਾਂ ਨੂੰ ਇਸਦਾ ਕੀ ਮੁੱਲ ਤਾਰਨਾ ਪਿਆ ਹੈ ਤੇ ਖੀਣਤਾ ਦੀ ਕਿਸ ਹੱਦ ਤੱਕ ਇਹ ਉਹਨਾਂ ਨੂੰ ਲੈ ਗਈ ਹੈ, ਕਿ—ਮੈਨੂੰ ਇਸ ਉੱਪਰ ਘੜੀ ਪਲ ਲਈ ਵੀ ਸ਼ੱਕ ਨਹੀਂ—ਉਹ ਸਾਡੇ ਨਾਲ ਰਲ ਕੇ ਇਹਨਾਂ

ਅਮਨ ਸ਼ਰਤਾਂ ਦੀ ਬੇਮਿਸਾਲ ਕਰੜਾਈ, ਗੰਦਗੀ ਤੇ ਨੀਚਤਾ ਨੂੰ ਮੰਨਦੇ ਹਨ, ਪਰ ਤਾਂ ਵੀ ਸਾਡੇ ਵਿਹਾਰ ਦੀ ਪ੍ਰੋੜ੍ਹਤਾ ਕਰਦੇ ਹਨ। ਉਹ ਕਹਿਣਗੇ: ਤੁਸੀਂ ਤੁਰਤ ਤੇ ਨਿਆਈਂ ਅਮਨ ਦੀਆਂ ਸ਼ਰਤਾਂ ਤਜਵੀਜ਼ ਕਰਨ ਦਾ ਕੰਮ ਸਿਰ ਤੇ ਲਿਆ, ਤੁਹਾਨੂੰ ਚਾਹੀਦਾ ਸੀ ਕਿ ਅਮਨ ਨੂੰ ਪਿੱਛੇ ਪਾਉਣ ਦੀ ਹਰ ਸੰਭਾਵਨਾ ਵਰਤਦੇ ਇਹ ਦੇਖਣ ਲਈ ਕਿ ਦੂਜੇ ਦੇਸ ਨਾਲ ਰਲਦੇ ਹਨ ਜਾਂ ਨਹੀਂ, ਕਿ ਯੂਰਪੀ ਪ੍ਰੋਲ਼ਤਾਰੀ, ਜਿਨ੍ਹਾਂ ਦੀ ਸਹਾਇਤਾ ਤੋਂ ਬਿਨਾਂ ਅਸੀਂ ਸਥਾਈ ਸੋਸ਼ਲਿਸਟ ਜਿੱਤ ਪ੍ਰਾਪਤ ਨਹੀਂ ਕਰ ਸਕਦੇ, ਸਾਡੀ ਸਹਾਇਤਾ ਤੇ ਆਉਂਦੇ ਹਨ ਜਾਂ ਨਹੀਂ। ਅਸੀਂ ਗੱਲਬਾਤ ਨੂੰ ਲਮਕਾਉਣ ਲਈ ਜੋ ਕੁਝ ਕਰ ਸਕਦੇ ਸਾਂ ਕੀਤਾ, ਅਸੀਂ ਸਗੋਂ ਜੋ ਕੁਝ ਸੰਭਵ ਸੀ, ਉਸ ਨਾਲੋਂ ਵੀ ਬਹੁਤਾ ਕੁਝ ਕੀਤਾ; ਅਸੀਂ ਜੋ ਕੀਤਾ ਉਹ ਇਹ ਸੀ ਕਿ ਬਰੇਸਤ ਗੱਲਬਾਤ ਤੋਂ ਪਿਛੋਂ ਅਸੀਂ ਐਲਾਨ ਕੀਤਾ ਕਿ ਜੰਗ ਦੀ ਹਾਲਤ ਖਤਮ ਹੋ ਗਈ ਹੈ, ਇਸ ਗੱਲ ਤੇ ਵਿਸ਼ਵਾਸ ਕਰਦਿਆਂ, ਜਿਵੇਂ ਕਿ ਸਾਡੇ ਵਿਚੋਂ ਕਈਆਂ ਨੂੰ ਸੀ, ਕਿ ਜਰਮਨੀ ਵਿਚਲੀ ਹਾਲਤ ਉਸਨੂੰ ਰੂਸ ਉਪਰ ਵਹਿਸ਼ੀ ਤੇ ਦਰਿੰਦਿਆਂ ਵਾਲਾ ਹਮਲਾ ਕਰਨ ਦੀ ਆਗਿਆ ਨਹੀਂ ਦੇਵੇਗੀ। ਇਸ ਵਾਰੀ ਸਾਨੂੰ ਭਾਰੀ ਹਾਰ ਸਹਿਣੀ ਪਈ ਹੈ, ਤੇ ਸਾਨੂੰ ਇਸਦੇ ਸਮਰੱਥ ਹੋਣਾ ਪੈਣਾ ਹੈ, ਕਿ ਇਸ ਹਾਰ ਨੂੰ ਪਛਾਣੀਏ। ਹਾਂ, ਹੁਣ ਤੱਕ ਇਨਕਲਾਬ, ਇਕ ਜਿੱਤ ਤੋਂ ਦੂਜੀ ਜਿੱਤ ਤੱਕ, ਚੜ੍ਹਦੀ ਰੇਖਾ ਦੇ ਨਾਲ ਨਾਲ ਚੱਲਦਾ ਰਿਹਾ ਹੈ; ਹੁਣ ਇਸਨੂੰ ਭਾਰੀ ਹਾਰ ਹੋਈ ਹੈ। ਜਰਮਨ ਮਜ਼ਦੂਰ ਜਮਾਤ ਲਹਿਰ, ਜਿਹੜੀ ਏਨੀਂ ਤੇਜ਼ੀ ਨਾਲ ਸ਼ੁਰੂ ਹੋਈ, ਹਾਲ ਦੀ ਘੜੀ ਰੁਕ ਗਈ ਹੈ। ਸਾਨੂੰ ਪਤਾ ਹੈ ਕਿ ਇਸਦੇ ਮੁਖ ਕਾਰਨ ਖਤਮ ਨਹੀਂ ਹੋ ਗਏ, ਅਤੇ ਇਹ ਵਧਣਗੇ ਤੇ ਅੱਟਲ ਤੌਰ ਤੇ ਫੈਲਣਗੇ ਕਿਉਂਕਿ ਇਹ ਪੀਸਵੀਂ ਜੰਗ ਲਮਕਾਈ ਜਾ ਰਹੀ ਹੈ, ਕਿਉਂਕਿ ਸਾਮਰਾਜ ਦੀ ਦਰਿਦਗੀ ਦਿਨੋ ਦਿਨ ਵਧੇਰੇ ਪੂਰੀ ਤਰ੍ਹਾਂ ਤੇ ਪ੍ਰਤਖ ਤਰ੍ਹਾਂ ਨੰਗੀ ਹੋ ਰਹੀ ਹੈ, ਤੇ ਲੋਕਾਂ ਦੇ ਸਮੂਹਾਂ ਦੀਆਂ ਅਖਾਂ ਖੋਹਲ ਰਹੀ ਹੈ ਜਿਹੜੇ ਦੇਖਣ ਨੂੰ ਰਾਜਨੀਤੀ ਤੋਂ ਬਹੁਤ ਦੂਰ, ਜਾਂ ਸੋਸ਼ਲਿਸਟ ਨੀਤੀ ਨੂੰ ਸਮਝਣ ਤੋਂ ਅਸਮਰਥ ਲੱਗ ਸਕਦੇ ਹਨ। ਇਹੀ ਕਾਰਨ ਹੈ ਕਿ ਇਹ ਅਤਿ ਭੈੜੀ, ਦੁਖਦਾਈ ਅਵਸਥਾ ਪੈਦਾ ਹੋ ਗਈ ਹੈ, ਜਿਹੜੀ ਸਾਨੂੰ ਇਸ ਵੇਲੇ ਅਮਨ ਕਬੂਲਣ ਲਈ ਮਜਬੂਰ ਕਰਦੀ ਹੈ ਤੇ ਮਜ਼ਦੂਰ ਲੋਕਾਂ ਦੇ ਸਮੂਹਾਂ ਨੂੰ ਇਹ ਕਹਿਣ ਲਈ ਮਜਬੂਰ ਕਰੇਗੀ: ਹਾਂ ਉਹਨਾਂ ਨੇ ਠੀਕ ਕੰਮ ਕੀਤਾ, ਨਿਆਈਂ ਅਮਨ ਲਈ ਤਜਵੀਜ਼ ਰੱਖਣ ਲਈ ਉਹ ਜੋ ਕੁਝ ਕਰ ਸਕਦੇ ਸਨ, ਉਹਨਾਂ ਕੀਤਾ, ਉਹਨਾਂ ਨੂੰ ਅਤਿ ਦੇ ਜਾਬਰ ਤੇ ਬਦਕਿਸਮਤ ਅਮਨ ਅੱਗੇ ਝੁਕਣਾ ਪਿਆ ਕਿਉਂਕਿ ਦੇਸ ਲਈ ਹੋਰ ਕੋਈ ਰਾਹ ਹੀ ਨਹੀਂ ਸੀ। ਉਹਨਾਂ ਦੀ ਅਵਸਥਾ ਐਸੀ ਹੈ ਕਿ ਉਹ ਸੋਵੀਅਤ ਰੀਪਬਲਿਕ ਦੇ ਖਿਲਾਫ ਜ਼ਿੰਦਗੀ ਮੌਤ ਦਾ ਘੋਲ ਘੁਲਣ ਲਈ ਮਜਬੂਰ ਹਨ; ਜੇ ਉਹ ਪੀਤਰੋਗਰਾਦ ਤੇ ਮਾਸਕੋ ਵੱਲ ਵਧਣ ਦੀ ਆਪਣੀ ਇੱਛਾ ਜਾਰੀ ਰੱਖਣ ਤੋਂ ਅਸਮਰਥ ਹਨ ਤਾਂ ਸਿਰਫ ਇਸ ਲਈ ਕਿ ਉਹ ਬਰਤਾਨੀਆ ਨਾਲ ਖੂਨੀ ਤੇ ਧਾੜਵੀਆਨਾ ਜੰਗ ਵਿਚ ਬੱਝੇ ਹੋਏ ਹਨ, ਤੇ ਕਿਉਂਕਿ ਘਰੇਲੂ ਸੰਕਟ

ਵੀ ਹੈ। ਜਦੋਂ ਮੇਰਾ ਧਿਆਨ ਇਸ ਗੱਲ ਵੱਲ ਦੁਆਇਆ ਜਾਂਦਾ ਹੈ ਕਿ ਹੋ ਸਕਦਾ ਹੈ ਕੱਲ ਜਾਂ ਪਰਸੋਂ ਜਰਮਨ ਸਾਮਰਾਜੀਏ ਸਾਡੇ ਸਾਮ੍ਹਣੇ ਹੋਰ ਵੀ ਭੈੜੀਆਂ ਸ਼ਰਤਾਂ ਰੱਖਣ, ਤਾਂ ਮੈਂ ਕਹਿੰਦਾ ਹਾਂ ਕਿ ਸਾਨੂੰ ਉਸ ਲਈ ਤਿਆਰ ਰਹਿਣਾ ਚਾਹੀਦਾ ਹੈ; ਕੁਦਰਤੀ ਤੌਰ ਤੇ, ਦਰਿੰਦੇ ਲੁਟੇਰਿਆਂ ਦੇ ਨਾਲੋਂ ਨਾਲ ਰਹਿੰਦਿਆਂ, ਸੋਵੀਅਤ ਰੀਪਬਲਿਕ ਨੂੰ ਹਮਲੇ ਦੀ ਉਮੀਦ ਰੱਖਣੀ ਚਾਹੀਦੀ ਹੈ। ਜੇ ਇਸ ਵੇਲੇ ਅਸੀਂ ਜੰਗ ਨਾਲ ਜਵਾਬ ਨਹੀਂ ਦੇ ਸਕਦੇ ਤਾਂ ਕਾਰਨ ਇਹ ਹੈ ਕਿ ਸ਼ਕਤੀਆਂ ਦੀ ਘਾਟ ਹੈ, ਕਿਉਂਕਿ ਜੰਗ ਸਿਰਫ ਲੋਕਾਂ ਦੇ ਨਾਲ ਰਲ ਕੇ ਹੀ ਚਲਾਈ ਜਾ ਸਕਦੀ ਹੈ। ਇਨਕਲਾਬ ਦੀਆਂ ਸਫਲਤਾਵਾਂ ਕਈ ਸਾਥੀਆਂ ਨੂੰ ਇਸਦੇ ਉਲਟ ਕਹਿਣ ਲਈ ਕਾਰਨ ਦੇਂਦੀਆਂ ਹਨ ਕਿ ਇਹ ਵਿਸ਼ਾਲ ਵਰਤਾਰਾ ਨਹੀਂ, ਇਹ ਅਸਲੀ ਜਨਤਾ ਦੀ ਮਰਜ਼ੀ ਤੇ ਰਾਏ ਨੂੰ ਪ੍ਰਗਟ ਨਹੀਂ ਕਰਦਾ। ਜੇ ਤੁਸੀਂ ਅਸਲੀ ਮਿਹਨਤਕਸ਼ਾਂ ਦੀ ਜਮਾਤ ਕੋਲ, ਮਜ਼ਦੂਰਾਂ ਤੇ ਕਿਸਾਨਾਂ ਕੋਲ ਜਾਓ, ਤਾਂ ਤੁਹਾਨੂੰ ਸਿਰਫ ਇਕ ਜਵਾਬ ਮਿਲੇਗਾ, ਕਿ ਅਸੀਂ ਜੰਗ ਲੜਣ ਦੇ ਬਿਲਕੁਲ ਅਸਮਰਥ ਹਾਂ, ਸਾਡੇ ਵਿਚ ਸਰੀਰਕ ਤਾਕਤ ਦੀ ਘਾਟ ਹੈ, ਖੂਨ ਵਿਚ ਸਾਨੂੰ ਡੋਬੇ ਆ ਰਹੇ ਹਨ, ਜਿਵੇਂ ਕਿ ਇਕ ਸਿਪਾਹੀ ਨੇ ਕਿਹਾ ਸੀ। ਇਹ ਜਨਤਕ-ਸਮੂਹ ਸਾਨੂੰ ਸਮਝ ਜਾਣਗੇ ਤੇ ਇਸ ਠੋਸੇ ਗਏ ਤੇ ਬੇਮਿਸਾਲ ਤੌਰ ਤੇ ਬੋਝਲ ਅਮਨ ਦੀ ਪ੍ਰੋੜਤਾ ਕਰਣਗੇ। ਹੋ ਸਕਦਾ ਹੈ ਕਿ ਜਨਤਾ ਦੇ ਉਭਾਰ ਲਈ ਲੁੜੀਂਦਾ ਆਰਾਮ ਦਾ ਵਕਫਾ ਕੋਈ ਘਟ ਸਮਾਂ ਨਾ ਲਵੇ, ਪਰ ਜਿਨ੍ਹਾਂ ਲੋਕਾਂ ਨੂੰ ਇਨਕਲਾਬ ਦੇ ਉਭਾਰ ਦੇ ਦੌਰ ਵਿਚ ਤੇ ਉਸ ਦੌਰ ਵਿਚ, ਜਦੋਂ ਇਨਕਲਾਬ ਮੰਦਾ ਪੈ ਗਿਆ, ਜਦੋਂ ਜਨਤਾ ਨੂੰ ਦਿੱਤੇ ਗਏ ਇਨਕਲਾਬੀ ਨਾਅਰਿਆਂ ਨੂੰ ਉਹਨਾਂ ਵਲੋਂ ਕੋਈ ਹੁੰਗਾਰਾ ਨਹੀਂ ਸੀ ਮਿਲਦਾ, ਇਨਕਲਾਬੀ ਲੜਾਈਆਂ ਦੇ ਲੰਮੇਂ ਸਾਲਾਂ ਵਿਚੋਂ ਲੰਘਣਾ ਪਿਆ, ਉਹ ਲੋਕ ਜਾਣਦੇ ਹਨ ਕਿ ਹਰ ਹਾਲਤ ਵਿਚ ਇਨਕਲਾਬ ਸੱਜਰਾ ਹੋ ਕੇ ਉਭਰਿਆ, ਇਸ ਲਈ ਅਸੀਂ ਕਹਿੰਦੇ ਹਾਂ: ਹਾਂ, ਇਸ ਵੇਲੇ ਲੋਕ ਜੰਗ ਲੜਣ ਦੀ ਹਾਲਤ ਵਿਚ ਨਹੀਂ, ਇਸ ਵੇਲੇ ਸੋਵੀਅਤ ਸਰਕਾਰ ਦੇ ਹਰ ਪ੍ਰਤਿਨਿਧ ਦਾ ਫਰਜ਼ ਹੈ ਕਿ ਸਾਰੀ ਕੌੜੀ ਸਚਾਈ ਨੂੰ ਸਾਫ ਸਾਫ ਲੋਕਾਂ ਸਾਮ੍ਹਣੇ ਰਖੇ। ਅਕਹਿ ਮੁਸ਼ਕਲਾਂ ਦਾ ਸਮਾਂ ਤੇ ਜੰਗ ਦੇ ਤਿੰਨ ਸਾਲਾਂ ਦਾ ਤੇ ਜ਼ਾਰਸ਼ਾਹੀ ਵਲੋਂ ਛੱਡੀ ਅਤਿ ਭੈੜੀ ਤੋੜਫੋੜ ਦਾ ਸਮਾਂ ਲੰਘ ਜਾਵੇਗਾ, ਤੇ ਲੋਕਾਂ ਵਿਚ ਉਹਨਾਂ ਦੀ ਤਾਕਤ ਫਿਰ ਆ ਜਾਇਗੀ, ਤੇ ਉਹ ਮੁਕਾਬਲਾ ਕਰਨ ਦੇ ਸਮਰਥ ਮਹਿਸੂਸ ਕਰਣਗੇ। ਇਸ ਵੇਲੇ ਜ਼ਾਲਮ ਸਾਡੇ ਸਾਮ੍ਹਣੇ ਹੈ; ਬੇਸ਼ਕ ਸਭ ਤੋਂ ਚੰਗੀ ਗੱਲ ਇਨਕਲਾਬੀ ਜੰਗ ਨਾਲ, ਬਗ਼ਾਵਤ ਨਾਲ ਜ਼ਾਲਮ ਨੂੰ ਜਵਾਬ ਦੇਣਾ ਹੈ, ਪਰ ਬਦਕਿਸਮਤੀ ਨੂੰ, ਇਤਿਹਾਸ ਨੇ ਦਰਸਾਇਆ ਹੈ ਕਿ ਜ਼ੁਲਮ ਦਾ ਜਵਾਬ ਬਗ਼ਾਵਤ ਨਾਲ ਦੇਣਾ ਹਮੇਸ਼ਾ ਹੀ ਸੰਭਵ ਨਹੀਂ ਹੁੰਦਾ। ਪਰ ਬਗ਼ਾਵਤ ਤੋਂ ਰੁਕੇ ਰਹਿਣ ਦਾ ਮਤਲਬ ਇਨਕਲਾਬ ਤੋਂ ਰੁਕੇ ਰਹਿਣਾ ਨਹੀਂ। ਸੋਵੀਅਤ ਸੱਤਾ ਦੇ ਦੁਸ਼ਮਨਾਂ, ਬੁਰਜੂਆ ਅਖਬਾਰਾਂ, ਵਲੋਂ ਮਿਲ ਰਹੀ ਭੜਕਾਹਟ ਦਾ ਸ਼ਿਕਾਰ ਨਾ ਹੋਵੋ। ਬੇਸ਼ਕ, ਉਹਨਾਂ ਕੋਲ "ਗੰਦੇ ਅਮਨ" ਦੀਆਂ ਗੱਲਾਂ ਕਰਨ ਤੇ ਅਮਨ

ਬਾਰੇ "ਲਾਅਨਤ!" ਦੇ ਨਾਅਰੇ ਲਾਉਣ ਤੋਂ ਛੁੱਟ ਹੋਰ ਕੁਝ ਨਹੀਂ, ਪਰ ਅਸਲ ਵਿਚ ਇਹ ਬੁਰਜੂਆਜ਼ੀ ਜਰਮਨ ਜੇਤੂਆਂ ਦਾ ਖੁਸ਼ੀ ਨਾਲ ਸੁਆਗਤ ਕਰਦੀ ਹੈ। ਉਹ ਕਹਿੰਦੇ ਹਨ: "ਹੁਣ, ਆਖਰ, ਜਰਮਨ ਆਉਣਗੇ ਤੇ ਅਮਨ-ਚੈਨ ਸਥਾਪਤ ਕਰਣਗੇ," ਇਹ ਹੈ ਜੋ ਉਹ ਚਾਹੁੰਦੇ ਹਨ ਤੇ ਇਸ ਲਈ ਉਹ "ਗੰਦੇ ਅਮਨ, ਸ਼ਰਮਨਾਕ ਅਮਨ" ਦੀਆਂ ਚੀਜ਼ਾਂ ਨਾਲ ਸਾਨੂੰ ਜਾਲ ਵਿਚ ਫਸਾਉਂਦੇ ਹਨ। ਉਹ ਚਾਹੁੰਦੇ ਹਨ ਕਿ ਸੋਵੀਅਤ ਸਰਕਾਰ ਲੜਾਈ ਲੜੇ, ਅਣਸੁਣੀ ਲੜਾਈ ਲੜੇ, ਜਾਣਦਿਆਂ ਹੋਇਆਂ ਕਿ ਸਾਡੇ ਵਿਚ ਤਾਕਤ ਦੀ ਘਾਟ ਹੈ, ਤੇ ਉਹ ਜਰਮਨ ਪੁਲੀਸ ਨਾਲ ਸੌਦਾ ਕਰਨ ਲਈ ਸਾਨੂੰ ਜਰਮਨ ਸਾਮਰਾਜੀਆਂ ਦੀ ਪੂਰਨ ਗ਼ੁਲਾਮੀ ਵੱਲ ਧੱਕ ਰਹੇ ਹਨ, ਪਰ ਉਹ ਸਿਰਫ ਆਪਣੇ ਜਮਾਤੀ ਹਿਤ ਪ੍ਰਗਟ ਕਰ ਰਹੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਸੋਵੀਅਤ ਸਰਕਾਰ ਵਧੇਰੇ ਮਜ਼ਬੂਤ ਹੋ ਰਹੀ ਹੈ। ਅਮਨ ਦੇ ਖਿਲਾਫ ਇਹ ਆਵਾਜ਼ਾਂ, ਇਹ ਹਾਲ-ਪਾਹਰਿਆ, ਮੇਰੇ ਖਿਆਲ ਵਿਚ, ਇਸ ਤੱਥ ਦਾ ਸਭ ਤੋਂ ਚੰਗਾ ਸਬੂਤ ਹੈ ਕਿ ਜਿਹੜੇ ਲੋਕ ਇਸ ਅਮਨ ਨੂੰ ਰੱਦ ਕਰਦੇ ਹਨ, ਉਹ ਨਾ ਸਿਰਫ ਆਪਣੇ ਆਪ ਨੂੰ ਅਯੋਗ ਝਾਵਲਿਆਂ ਨਾਲ ਤਸੱਲੀਆਂ ਦੇਂਦੇ ਰਹੇ ਹਨ, ਸਗੋਂ ਉਹ ਭੜਕਾਹਟ ਵਿਚ ਆ ਗਏ ਹਨ। ਨਹੀਂ, ਸਾਨੂੰ ਤਬਾਹਕੁਨ ਸਚਾਈ ਨੂੰ ਸਿੱਧੀ ਤਰ੍ਹਾਂ, ਪਛਾਨਣਾ ਚਾਹੀਦਾ ਹੈ; ਸਾਡੇ ਸਾਮ੍ਹਣੇ ਸਾਡੀ ਛਾਤੀ ਉਤੇ ਗੋਡਾ ਰੱਖੀ ਇਕ ਜ਼ਾਲਮ ਖੜਾ ਹੈ, ਤੇ ਅਸੀਂ ਇਨਕਲਾਬੀ ਘੋਲ ਦੇ ਸਾਰੇ ਸਾਧਨਾਂ ਰਾਹੀਂ ਲੜਾਂਗੇ। ਪਰ ਇਸ ਵੇਲੇ ਅਸੀਂ ਅਤਿ ਦੀ ਨਿਰਾਸ਼ਾਜਨਕ ਮੁਸ਼ਕਲ ਹਾਲਤ ਵਿਚ ਹਾਂ, ਸਾਡੇ ਇਤਿਹਾਦੀ ਕਾਹਲੀ ਨਾਲ ਸਾਡੀ ਸਹਾਇਤਾ ਉੱਤੇ ਨਹੀਂ ਆ ਸਕਦੇ, ਕੌਮਾਂਤਰੀ ਪ੍ਰੋਲਤਾਰੀ ਹੁਣ ਅਜੇ ਨਹੀਂ ਆ ਸਕਦੇ, ਪਰ ਉਹ ਆਉਣਗੇ। ਇਹ ਇਨਕਲਾਬੀ ਲਹਿਰ, ਜਿਸ ਕੋਲ ਇਸ ਵੇਲੇ ਦੁਸ਼ਮਨ ਦਾ ਹਥਿਆਰਬੰਦ ਮੁਕਾਬਲਾ ਕਰਨ ਦੀ ਸੰਭਾਵਨਾ ਨਹੀਂ, ਉੱਠ ਰਹੀ ਹੈ ਤੇ ਇਹ ਮਗਰੋਂ ਮੁਕਾਬਲਾ ਕਰੇਗੀ, ਪਰ ਮੁਕਾਬਲਾ ਇਹ ਜ਼ਰੂਰ ਕਰੇਗੀ।" (**ਤਾਲੀਆਂ**)

ਇਸ ਤਕਰੀਰ ਦੀ ਸੰਖੇਪ ਰੀਪੋਰਟ
੨੫ (੧੨) ਫਰਵਰੀ, ੧੯੧੮ ਨੂੰ
"ਪਰਾਵਦਾ" ਨੰ: ੩੫ (ਸ਼ਾਮ ਦੀ
ਐਡੀਸ਼ਨ) ਵਿਚ ਛਪੀ ਸੀ।

ਪੂਰੀ ਪਹਿਲੀ ਵਾਰੀ
੧੯੨੬ ਵਿਚ ਨ. ਲੈਨਿਨ
(ਵ. ਉਲੀਆਨੋਵ)
ਕਿਰਤ ਸੰਗ੍ਰਹਿ, ਸੈਂਚੀ ੨੦,
ਭਾਗ ਦੂਜੇ ਵਿਚ ਛਪੀ।

ਸੈਂਚੀ ੩੫,
ਸਫੇ ੩੭੬—੩੮੦।

# 'ਬਦਕਿਸਮਤ ਅਮਨ' ਵਿਚੋਂ

ਬਦਕਿਸਮਤ, ਅਥਾਹ ਤੌਰ ਤੇ ਕਰੜੇ, ਬੇਹਦ ਅਪਮਾਨਜਨਕ ਅਮਨ ਸਮਝੌਤੇ ਉਪਰ ਦਸਖਤ ਕਰਨਾ ਯਕੀਨੋਂ ਬਾਹਰਾ, ਬੇਮਿਸਾਲ ਤੌਰ ਤੇ ਮੁਸ਼ਕਲ ਹੈ, ਜਦੋਂ ਤਗੜੇ ਨੇ ਮਾੜੇ ਨੂੰ ਗਲੋਂ ਫੜਿਆ ਹੋਵੇ। ਪਰ ਨਿਰਾਸ਼ਾ ਵਿਚ ਡਿੱਗਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ, ਇਹ ਭੁੱਲਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਕਿ ਇਤਿਹਾਸ ਵਿਚ ਹੋਰ ਵੀ ਵਧੇਰੇ ਅਪਮਾਨਾਂ ਦੀਆਂ, ਹੋਰ ਵੀ ਵਧੇਰੇ ਬਦਕਿਸਮਤ, ਬੋਝਲ ਅਮਨ ਸ਼ਰਤਾਂ ਦੀਆਂ ਮਿਸਾਲਾਂ ਮਿਲਦੀਆਂ ਹਨ। ਤਾਂ ਵੀ, ਦਰਿੰਦਗੀ ਦੀ ਹੱਦ ਤੱਕ ਜ਼ਾਲਮ ਜੇਤੂਆਂ ਦੀਆਂ ਕੁਚਲੀਆਂ ਕੌਮਾਂ ਮੁੜ ਤਾਕਤ ਫੜਣ ਤੇ ਉੱਠਣ ਦੇ ਯੋਗ ਹੋ ਸੱਕੀਆਂ।

ਨੈਪੋਲੀਅਨ ਪਹਿਲੇ ਨੇ ਪਰੂਸ਼ੀਆ ਨੂੰ ਉਸ ਨਾਲੋਂ ਅਥਾਹ ਤੌਰ ਤੇ ਵਧੇਰੇ ਬੁਰੀ ਤਰ੍ਹਾਂ ਕੁਚਲਿਆ ਤੇ ਅਪਮਾਨਿਤ ਕੀਤਾ ਸੀ ਜਿੰਨਾਂ ਅੱਜ ਵਿਲਹੈਲਮ ਰੂਸ[22] ਨੂੰ ਕੁਚਲ ਤੇ ਅਪਮਾਨਿਤ ਕਰ ਰਿਹਾ ਹੈ। ਕਈ ਸਾਲਾਂ ਤੱਕ ਨੈਪੋਲੀਅਨ ਪਹਿਲਾ ਯੂਰਪੀ ਮਹਾਂਦੀਪ ਵਿਚ ਪੂਰਨ ਜੇਤੂ ਰਿਹਾ; ਪਰੂਸ਼ੀਆ ਉਪਰ ਉਸਦੀ ਜਿੱਤ ਰੂਸ ਉਪਰ ਵਿਲਹੈਲਮ ਦੀ ਜਿੱਤ ਨਾਲੋਂ ਕਿਤੇ ਜ਼ਿਆਦਾ ਫੈਸਲਾਕੁਨ ਸੀ। ਤਾਂ ਵੀ ਕੁਝ ਸਾਲਾਂ ਮਗਰੋਂ ਪਰੂਸ਼ੀਆ ਫਿਰ ਪੈਰਾਂ ਉਤੇ ਖੜਾ ਹੋ ਗਿਆ ਤੇ ਆਜ਼ਾਦੀ ਦੀ ਜੰਗ ਵਿਚ ਉਸਨੇ ਨੈਪੋਲੀਅਨੀ ਜੂਲੇ ਨੂੰ ਲਾਹ ਮਾਰਿਆ, ਬੇਸ਼ਕ ਲੁਟੇਰੇ ਰਾਜਾਂ ਦੀ ਮੱਦਦ ਤੋਂ ਬਿਨਾਂ ਨਹੀਂ ਜਿਹੜੇ ਨੈਪੋਲੀਅਨ ਦੇ ਖਿਲਾਫ ਕਿਸੇ ਤਰ੍ਹਾਂ ਵੀ ਆਜ਼ਾਦੀ ਦੀ ਜੰਗ ਨਹੀਂ ਸਗੋਂ ਸਾਮਰਾਜੀ ਜੰਗ ਲੜ ਰਹੇ ਸਨ।

ਨੈਪੋਲੀਅਨ ਦੀਆਂ ਸਾਮਰਾਜੀ ਜੰਗਾਂ ਕਈ ਸਾਲਾਂ ਤੱਕ ਜਾਰੀ ਰਹੀਆਂ, ਪੂਰਾ ਦੌਰ ਲੈ ਗਈਆਂ ਤੇ ਉਹ ਕੌਮੀ ਆਜ਼ਾਦੀ ਦੀਆਂ ਲਹਿਰਾਂ ਨਾਲ ਘੁਲਮਿਲ ਕੇ ਸਾਮਰਾਜੀ * ਸੰਬੰਧਾਂ ਦੇ ਅਤਿ ਗੁੰਝਲਦਾਰ ਤਾਣੇ-ਪੇਟੇ ਦਾ ਪ੍ਰਗਟਾਅ ਕਰਦੀਆਂ ਸਨ।

---

*ਮੈਂ ਇਥੇ ਸਾਮਰਾਜ ਆਮ ਕਰਕੇ ਦੂਜੇ ਦੇਸਾਂ ਦੀ ਲੁੱਟ ਨੂੰ ਤੇ ਸਾਮਰਾਜੀ ਜੰਗ ਇਹੋ ਜਿਹੀ ਲੁੱਟ ਨੂੰ ਵੰਡਣ ਲਈ ਲੁਟੇਰਿਆਂ ਵਿਚਕਾਰ ਜੰਗ ਨੂੰ ਕਹਿੰਦਾ ਹਾਂ।

ਤੇ ਸਿੱਟੇ ਵਜੋਂ, ਇਸ ਸਾਰੇ ਦੌਰ ਦੇ ਵਿਚੋਂ ਦੀ, ਜੋ ਕਿ ਜੰਗਾਂ ਤੇ ਦੁਖਾਂਤਾਂ (ਪੂਰੀਆਂ ਦੀਆਂ ਪੂਰੀਆਂ ਕੌਮਾਂ ਦੇ ਦੁਖਾਂਤਾਂ) ਨਾਲ ਅਸਾਧਾਰਨ ਤੌਰ ਤੇ ਭਰਿਆ ਪਿਆ ਹੈ, ਇਤਿਹਾਸ ਸਾਮੰਤਸ਼ਾਹੀ ਤੋਂ "ਆਜ਼ਾਦ" ਸਰਮਾਇਦਾਰੀ ਵੱਲ ਅੱਗੇ ਵਧਿਆ।

ਹੁਣ ਇਤਿਹਾਸ ਹੋਰ ਵੀ ਤੇਜ਼ੀ ਨਾਲ ਵਧ ਰਿਹਾ ਹੈ, ਪੂਰੀਆਂ ਦੀਆਂ ਪੂਰੀਆਂ ਕੌਮਾਂ ਦੇ ਦੁਖਾਂਤ, ਜਿਨ੍ਹਾਂ ਕੌਮਾਂ ਨੂੰ ਸਾਮਰਾਜੀ ਜੰਗ ਰਾਹੀਂ ਕੁਚਲਿਆ ਜਾ ਚੁੱਕਾ ਹੈ ਅਤੇ ਕੁਚਲਿਆ ਜਾ ਰਿਹਾ ਹੈ, ਅਥਾਹ ਤੌਰ ਉਤੇ ਵਧੇਰੇ ਭਿਆਣਕ ਹਨ। ਸਾਮਰਾਜੀ ਤੇ ਕੌਮੀ ਆਜ਼ਾਦੀ ਦੇ ਰੁਝਾਣਾਂ, ਲਹਿਰਾਂ ਤੇ ਆਸ਼ਾਵਾਂ ਦਾ ਘੁਲਣਾ-ਮਿਲਣਾ ਵੀ ਦੇਖਣ ਵਿਚ ਆਉਂਦਾ ਹੈ, ਭਾਰੀ ਫਰਕ ਸਿਰਫ ਇਹ ਹੈ ਕਿ ਕੌਮੀ ਆਜ਼ਾਦੀ ਦੀਆਂ ਲਹਿਰਾਂ ਬੇਹੱਦ ਜ਼ਿਆਦਾ ਕਮਜ਼ੋਰ ਤੇ ਸਾਮਰਾਜੀ ਲਹਿਰਾਂ ਬੇਹੱਦ ਵਧੇਰੇ ਤਗੜੀਆਂ ਹਨ। ਪਰ ਇਤਿਹਾਸ ਨਿਰੰਤਰ ਵਧਦਾ ਜਾਂਦਾ ਹੈ ਤੇ ਸਾਰੇ ਉੱਨਤ ਦੇਸਾਂ ਦੀਆਂ ਡੂੰਘਾਈਆਂ ਵਿਚ, ਸਭ ਕੁਝ ਦੇ ਬਾਵਜੂਦ, ਸੋਸ਼ਲਿਸਟ ਇਨਕਲਾਬ ਪੱਕ ਰਿਹਾ ਹੈ, ਐਸਾ ਇਨਕਲਾਬ ਜੋ ਪਿਛਲੇ ਬੁਰਜੂਆ ਇਨਕਲਾਬ ਨਾਲੋਂ ਬੇਹੱਦ ਡੂੰਘੇਰਾ, ਲੋਕਾਂ ਦੇ ਵਧੇਰੇ ਨੇੜੇ ਤੇ ਵਧੇਰੇ ਸ਼ਕਤੀਸ਼ਾਲੀ ਹੈ।

ਇਸ ਲਈ, ਮੁੜਕੇ, ਤੇ ਫਿਰ ਮੁੜਕੇ: ਸਾਰੀਆਂ ਚੀਜ਼ਾਂ ਵਿਚੋਂ ਸਭ ਤੋਂ ਵਧ ਅਣ-ਆਗਿਆਯੋਗ ਨਿਰਾਸ਼ਾ ਹੈ। ਅਮਨ ਦੀਆਂ ਸ਼ਰਤਾਂ ਅਸਹਿ ਤੌਰ ਉਤੇ ਕਰੜੀਆਂ ਹਨ। ਤਾਂ ਵੀ ਇਤਿਹਾਸ ਆਪਣੇ ਰੰਗ ਵਿਚ ਆਇਗਾ; ਸਾਡੀ ਮਦਦ ਤੇ ਆਇਗਾ — ਭਾਵੇਂ ਏਨੀਂ ਛੇਤੀ ਨਹੀਂ ਜਿੰਨੀਂ ਛੇਤੀ ਅਸੀਂ ਚਾਹਾਂਗੇ — ਦੂਜੇ ਦੇਸਾਂ ਵਿਚ ਲਗਾਤਾਰ ਪੱਕ ਰਿਹਾ ਸੋਸ਼ਲਿਸਟ ਇਨਕਲਾਬ।

ਲੁਟੇਰੇ ਨੇ ਸਾਨੂੰ ਘੇਰ ਲਿਆ ਹੈ, ਦਬਾ ਲਿਆ ਹੈ ਤੇ ਅਪਮਾਨਿਤ ਕੀਤਾ ਹੈ — ਅਸੀਂ ਇਹ ਸਭ ਬੋਝ ਸਹਾਰਣ ਦੇ ਯੋਗ ਹੋਵਾਂਗੇ। ਅਸੀਂ ਦੁਨੀਆਂ ਵਿਚ ਇਕੱਲੇ ਨਹੀਂ। ਸਾਡੇ ਕੋਲ ਮਿੱਤਰ, ਹਿਮਾਇਤੀ, ਬਹੁਤ ਵਫਾਦਾਰ ਸਹਾਇਕ ਹਨ। ਉਹ ਲੇਟ ਹਨ — ਕਈ ਹਾਲਤਾਂ ਕਰਕੇ ਜੋ ਉਹਨਾਂ ਦੀ ਮਰਜ਼ੀ ਤੋਂ ਆਜ਼ਾਦ ਹਨ — ਪਰ ਉਹ ਬਹੁੜਣਗੇ।

ਆਓ, ਜਥੇਬੰਦ ਕਰਨ ਲਈ, ਜਥੇਬੰਦ ਕਰਨ ਲਈ ਤੇ ਫਿਰ ਜਥੇਬੰਦ ਕਰਨ ਲਈ ਕੰਮ ਕਰੀਏ! ਸਾਰੀਆਂ ਅਜ਼ਮਾਇਸ਼ਾਂ ਦੇ ਬਾਵਜੂਦ, ਭਵਿੱਖ ਸਾਡਾ ਹੈ।

"ਪਰਾਵਦਾ" ਨੰ: ੩੪, ੨੪ ਫਰਵਰੀ, ੧੯੧੮। — ਸੈਂਚੀ ੩੫, ਸਫੇ ੩੮੨—੩੮੩।

# ਵਖਰੇ ਤੇ ਅਲਹਾਕਵਾਦੀ ਅਮਨ ਬਾਰੇ ਰੂ:ਸੋ:ਡੈ:ਲੇ ਪਾ:(ਬਾ:) ਦੀ ਕੇਂਦਰੀ ਕਮੇਟੀ ਦੀ ਪੁਜ਼ੀਸ਼ਨ

ਪਿਆਰੇ ਸਾਥੀਓ,

ਕੇਂਦਰੀ ਕਮੇਟੀ ਦਾ ਜਥੇਬੰਦਕ ਬਿਊਰੋ ਜ਼ਰੂਰੀ ਸਮਝਦਾ ਹੈ ਕਿ ਤੁਹਾਡੇ ਸਾਮ੍ਹਣੇ ਉਹਨਾਂ ਮੰਤਵਾਂ ਦੀ ਵਿਆਖਿਆ ਰੱਖੀ ਜਾਏ ਜਿਨ੍ਹਾਂ ਨੇ ਕੇਂਦਰੀ ਕਮੇਟੀ ਨੂੰ ਜਰਮਨ ਸਰਕਾਰ ਵਲੋਂ ਤਜਵੀਜ਼ ਕੀਤੀਆਂ ਗਈਆਂ ਅਮਨ ਸ਼ਰਤਾਂ ਨਾਲ ਸਹਿਮਤ ਹੋਣ ਲਈ ਪਰੇਰਿਆ। ਸਾਥੀਓ, ਜਥੇਬੰਦਕ ਬਿਊਰੋ ਇਹ ਵਿਆਖਿਆ ਤੁਹਾਨੂੰ ਸੰਬੋਧਨ ਕਰ ਰਿਹਾ ਹੈ ਤਾਂ ਕਿ ਸਾਰੇ ਪਾਰਟੀ ਮੈਂਬਰਾਂ ਨੂੰ ਕੇਂਦਰੀ ਕਮੇਟੀ ਦੇ ਦ੍ਰਿਸ਼ਟੀਕੋਨ ਤੋਂ ਪੂਰੀ ਤਰ੍ਹਾਂ ਸੂਚਿਤ ਕੀਤਾ ਜਾਏ, ਜਿਹੜੀ ਕਿ ਕਾਂਗਰਸਾਂ ਵਿਚਲੇ ਸਮੇਂ ਵਿਚ ਸਾਰੀ ਪਾਰਟੀ ਦੀ ਪ੍ਰਤਿਨਿਧਤਾ ਕਰਦੀ ਹੈ। ਜਥੇਬੰਦਕ ਬਿਊਰੋ ਇਹ ਦੱਸਣਾ ਜ਼ਰੂਰੀ ਸਮਝਦਾ ਹੈ ਕਿ ਕੇਂਦਰੀ ਕਮੇਟੀ ਅਮਨ ਸ਼ਰਤਾਂ ਉੱਪਰ ਦਸਖਤ ਕਰਨ ਦੇ ਮਾਮਲੇ ਵਿਚ ਇਕ ਰਾਇ ਨਹੀਂ ਸੀ ਰੱਖਦੀ। ਪਰ ਕਿਉਂਕਿ ਫੈਸਲਾ ਲੈ ਲਿਆ ਗਿਆ ਹੈ, ਇਸ ਲਈ ਸਾਰੀ ਪਾਰਟੀ ਨੂੰ ਇਸਦੀ ਹਿਮਾਇਤ ਕਰਨੀ ਚਾਹੀਦੀ ਹੈ। ਕੁਝ ਦਿਨਾਂ ਵਿਚ ਹੀ ਪਾਰਟੀ ਕਾਂਗਰਸ ਹੋਣ ਵਾਲੀ ਹੈ, ਤੇ ਸਿਰਫ ਉਦੋਂ ਹੀ ਇਸ ਸਵਾਲ ਦਾ ਫੈਸਲਾ ਕਰਨਾ ਸੰਭਵ ਹੋਵੇਗਾ ਕਿ ਕੇਂਦਰੀ ਕਮੇਟੀ ਨੇ ਕਿਸ ਹੱਦ ਤੱਕ ਸਾਰੀ ਪਾਰਟੀ ਦੀ ਹਕੀਕੀ ਪੁਜ਼ੀਸ਼ਨ ਨੂੰ ਠੀਕ ਠੀਕ ਪ੍ਰਗਟ ਕੀਤਾ। ਕਾਂਗਰਸ ਤੱਕ, ਸਾਰੇ ਪਾਰਟੀ ਮੈਂਬਰ, ਪਾਰਟੀ ਵੱਲ ਆਪਣੇ ਫਰਜ਼ ਦੀ ਪਾਲਣਾ ਕਰਦੇ ਹੋਏ ਤੇ ਸਾਡੀ ਪਾਰਟੀ ਦੀਆਂ ਸਫਾਂ ਵਿਚ ਏਕਤਾ ਕਾਇਮ ਰੱਖਣ ਦੇ ਵਾਸਤੇ, ਆਪਣੇ ਕੇਂਦਰੀ ਆਗੂ ਅਦਾਰੇ, ਪਾਰਟੀ ਦੀ ਕੇਂਦਰੀ ਕਮੇਟੀ, ਦੇ ਫੈਸਲਿਆਂ ਨੂੰ ਅਮਲ ਵਿਚ ਲਿਆਉਣਗੇ।

ਇਸ ਸੰਬੰਧਿਤ ਮੌਕੇ ਉਤੇ (੨੪ ਫਰਵਰੀ, ੧੯੧੮) ਜਰਮਨੀ ਨਾਲ ਅਲਹਾਕਵਾਦੀ ਤੇ ਵਿਸ਼ਵਾਸੋਂ-ਬਾਹਰੀ ਕਰੜੀ ਅਮਨ ਸੰਧੀ ਉਪਰ ਦਸਖਤ ਕਰਨ ਦੀ ਮੁਕੰਮਲ ਲੋੜ ਦਾ ਪਹਿਲਾ ਕਾਰਨ ਇਹ ਤੱਥ ਹੈ ਕਿ ਸਾਡੇ ਕੋਲ ਕੋਈ ਫੌਜ ਨਹੀਂ ਤੇ ਅਸੀਂ ਆਪਣੀ ਰਾਖੀ ਨਹੀਂ ਕਰ ਸਕਦੇ।

ਹਰ ਕੋਈ ਜਾਣਦਾ ਹੈ ਕਿ ੨੫ ਅਕਤੂਬਰ, ੧੯੧੭ ਤੋਂ ਲੈ ਕੇ, ਪ੍ਰੋਲਤਾਰੀਆਂ ਤੇ ਗ਼ਰੀਬ ਕਿਸਾਨੀ ਦੀ ਡਿਕਟੇਟਰਸ਼ਿਪ ਤੋਂ ਲੈ ਕੇ, ਅਸੀਂ ਸਾਰੇ ਕਿਉਂ ਰੱਖਿਆਵਾਦੀ ਹੋ ਗਏ ਹਾਂ, ਅਸੀਂ ਪਿਤਾਭੂਮੀ ਦੀ ਰਾਖੀ ਦੇ ਹੱਕ ਵਿਚ ਹਾਂ।

ਪਿਤਾਭੂਮੀ ਦੀ ਰਾਖੀ ਦੇ ਦ੍ਰਿਸ਼ਟੀਕੋਨ ਤੋਂ, ਸਾਡੇ ਲਈ ਇਹ ਆਗਿਆਯੋਗ ਨਹੀਂ ਕਿ ਆਪਣੇ ਆਪ ਨੂੰ ਹਥਿਆਰਬੰਦ ਟੱਕਰ ਵਿਚ ਖਿੱਚੇ ਜਾਣ ਦੀ ਆਗਿਆ ਦੇਈਏ ਜਦੋਂ ਸਾਡੇ ਕੋਲ ਕੋਈ ਫੌਜ ਨਹੀਂ ਤੇ ਦੁਸ਼ਮਨ ਪੂਰੀ ਤਰ੍ਹਾਂ ਹਥਿਆਰਬੰਦ ਤੇ ਸ਼ਾਨਦਾਰ ਤਿਆਰੀ ਵਿਚ ਹੈ।

ਸੋਵੀਅਤ ਸੋਸ਼ਲਿਸਟ ਰੀਪਬਲਿਕ ਜੰਗ ਨਹੀਂ ਲੜ ਸਕਦੀ ਜਦੋਂ ਮਜ਼ਦੂਰਾਂ, ਕਿਸਾਨਾਂ ਤੇ ਸਿਪਾਹੀਆਂ ਦੇ, ਜਿਹੜੇ ਸੋਵੀਅਤਾਂ ਲਈ ਡਿਪਟੀ ਚੁਣਦੇ ਹਨ, ਜਨਸਮੂਹਾਂ ਦੀ ਪ੍ਰਤੱਖ ਤੌਰ ਤੇ ਭਾਰੀ ਬਹੁ-ਗਿਣਤੀ ਜੰਗ ਦੇ ਖਿਲਾਫ ਹੈ। ਇਹ ਅੰਧਾਧੁੰਦ ਜੂਆ ਹੋਵੇਗਾ। ਇਹ ਵਖਰੀ ਗੱਲ ਹੋਵੇਗੀ ਜੇ ਇਸ ਜੰਗ ਦਾ ਖਾਤਮਾ ਕਰ ਦਿੱਤਾ ਜਾਂਦਾ ਹੈ, ਭਾਵੇਂ ਕਿ ਅਮਨ ਦੀਆਂ ਸ਼ਰਤਾਂ ਬਹੁਤ ਜ਼ਿਆਦਾ ਕਰੜੀਆਂ ਹੀ ਕਿਉਂ ਨਾ ਹੋਣ, ਤੇ ਜਰਮਨ ਸਾਮਰਾਜ ਰੂਸ ਦੇ ਖਿਲਾਫ ਫਿਰ ਹਮਲਾਵਰ ਜੰਗ ਸ਼ੁਰੂ ਕਰਨ ਦਾ ਫੈਸਲਾ ਕਰਦਾ ਹੈ। ਉਦੋਂ ਸੋਵੀਅਤਾਂ ਦੀ ਬਹੁ-ਗਿਣਤੀ, ਪੂਰੇ ਯਕੀਨ ਨਾਲ , ਜੰਗ ਦੇ ਹੱਕ ਵਿਚ ਹੋਵੇਗੀ।

ਅੱਜ ਜੰਗ ਲੜਨ ਦਾ ਬਾਹਰਮੁਖੀ ਤੌਰ ਤੇ ਮਤਲਬ ਰੂਸੀ ਬੁਰਜੂਆਜ਼ੀ ਦੀ ਭੜਕਾਹਟ ਵਿਚ ਆਉਣਾ ਹੋਵੇਗਾ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਸ ਵੇਲੇ ਰੂਸ ਬੇਹਥਿਆਰ ਹੈ ਤੇ ਅਤਿ ਦੀਆਂ ਨਿਗੂਣੀਆਂ ਜਰਮਨ ਫੌਜਾਂ ਹਥੋਂ ਵੀ ਕੁਚਲਿਆ ਜਾਇਗਾ, ਜਿਨ੍ਹਾਂ ਲਈ ਸਿਰਫ ਮੁਖ ਰੇਲਵੇ ਲਾਈਨਾਂ ਨੂੰ ਕੱਟਣਾ ਜ਼ਰੂਰੀ ਹੋਵੇਗਾ ਤਾ ਕਿ ਪੀਤਰੋਗਰਾਦ ਤੇ ਮਾਸਕੋ ਭੁੱਖ ਨਾਲ ਮਰਦੇ ਹਥਿਆਰ ਸੁੱਟ ਦੇਣ। ਬੁਰਜੂਆਜ਼ੀ ਜੰਗ ਚਾਹੁੰਦੀ ਹੈ, ਕਿਉਂਕਿ ਉਹ ਸੋਵੀਅਤ ਸੱਤਾ ਨੂੰ ਉਲਟਾਉਣਾ ਤੇ ਜਰਮਨ ਬੁਰਜੂਆਜ਼ੀ ਨਾਲ ਸਮਝੌਤਾ ਕਰਨਾ ਚਾਹੁੰਦੀ ਹੈ। ਜਦੋਂ ਜਰਮਨ ਫੌਜਾਂ ਦਵਿੰਸਕ ਤੇ ਰੇਜੀਤਸਾ, ਵੇਨਦਨ ਤੇ ਗਾਪਸਲ, ਮਿੰਸਕ ਤੇ ਦਰੀਸਾ ਪੁੱਜੀਆਂ ਤਾਂ ਬੁਰਜੂਆਜ਼ੀ ਦਾ ਕੱਛਾਂ ਵਜਾਉਣਾ ਇਸ ਗੱਲ ਦੀ ਏਨੀਂ ਸਪਸ਼ਟ ਪੁਸ਼ਟੀ ਕਰਦਾ ਹੈ, ਜਿੰਨੀਂ ਕਿ ਹੋ ਸਕਦੀ ਹੈ।

ਇਸ ਮੌਕੇ ਉਤੇ ਇਨਕਲਾਬੀ ਜੰਗ ਦੀ ਰਾਖੀ ਸਿਵਾਏ ਫੋਕੀ ਇਨਕਲਾਬੀ ਲੱਫਾਜ਼ੀ ਦੇ ਹੋਰ ਕੁਝ ਨਹੀਂ। ਤਬਾਹ ਹੋਏ ਕਿਸਾਨ ਦੇਸ ਲਈ ਬਿਨਾਂ ਫੌਜ ਤੇ ਬਿਨਾਂ ਅਤਿ ਦੀ ਗੰਭੀਰ ਆਰਥਕ ਤਿਆਰੀ ਦੇ ਉੱਨਤ ਸਾਮਰਾਜ ਦੇ ਖਿਲਾਫ ਆਧੁਨਿਕ ਜੰਗ ਚਲਾਉਣਾ ਅਸੰਭਵ ਹੈ। ਇਹ ਗੱਲ ਸ਼ੱਕੋਂ ਪਰ੍ਹੇ ਹੈ ਕਿ ਜਰਮਨ ਸਾਮਰਾਜ ਦਾ ਮੁਕਾਬਲਾ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਇਹ ਸਾਨੂੰ ਕੁਚਲ ਦੇਵੇਗਾ ਤੇ ਕੈਦੀ ਬਣਾ ਲਵੇਗਾ। ਪਰ ਖਾਸ ਕਰਕੇ ਹਥਿਆਰਬੰਦ ਬਗ਼ਾਵਤ ਰਾਹੀਂ ਮੁਕਾਬਲੇ ਦੀ ਮੰਗ ਕਰਨਾ ਫੋਕੀ ਗੱਲ

ਹੈ, ਖਾਸ ਕਰਕੇ ਹੁਣ, ਜਦੋਂ ਕਿ **ਇਹੋ ਜਿਹਾ** ਮੁਕਾਬਲਾ ਸਾਡੇ ਲਈ ਪ੍ਰਤੱਖ ਤੌਰ ਤੇ ਨਿਰਾਸ਼ਾਜਨਕ ਹੈ, ਤੇ ਪ੍ਰਤੱਖ ਤੌਰ ਤੇ ਜਰਮਨ ਤੇ ਰੂਸੀ ਬੁਰਜੂਆਜ਼ੀ ਦੇ ਭਲੇ ਵਿਚ ਹੈ।

ਕੌਮਾਂਤਰੀ ਸੋਸ਼ਲਿਸਟ ਲਹਿਰ ਲਈ ਹਿਮਾਇਤ ਦੀਆਂ ਬੁਨਿਆਦਾਂ ਉੱਪਰ ਇਸ ਮੌਕੇ ਤੇ ਇਨਕਲਾਬੀ ਜੰਗ ਕੇ ਹੱਕ ਵਿਚ ਦਲੀਲ ਦੇਣਾ ਵੀ ਓਨੀ ਹੀ ਖਾਲੀ ਗੱਲ ਹੈ। ਜੇ ਅਸੀਂ ਜੰਗ ਨੂੰ ਕੁਵੇਲੇ ਪ੍ਰਵਾਨ ਕਰਕੇ ਜਰਮਨ ਸਾਮਰਾਜ ਲਈ ਸੋਵੀਅਤ ਰੀਪਬਲਿਕ ਨੂੰ ਕੁਚਲਣਾ ਸੌਖਾ ਬਣਾ ਦੇਈਏ, ਤਾਂ ਅਸੀਂ ਜਰਮਨ ਤੇ ਕੌਮਾਂਤਰੀ ਮਜ਼ਦੂਰ ਜਮਾਤ ਲਹਿਰ ਨੂੰ ਤੇ ਸੋਸ਼ਲਿਜ਼ਮ ਦੇ ਉਦੇਸ਼ ਨੂੰ ਨੁਕਸਾਨ ਪੁਚਾਵਾਂਗੇ, ਮਦਦ ਨਹੀਂ। ਸਾਨੂੰ ਸਾਰੇ ਦੇਸਾਂ ਵਿਚਲੇ ਸਿਰਫ ਇਨਕਲਾਬੀ ਕੌਮਾਂਤਰੀਵਾਦੀਆਂ ਦੀ ਸਰਬ-ਪੱਖੀ, ਸਿਰੜੀ ਤੇ ਬਾਕਾਇਦਾ ਕੰਮ ਨਾਲ ਸਹਾਇਤਾ ਕਰਨੀ ਚਾਹੀਦੀ ਹੈ; ਪਰ ਐਸੇ ਸਮੇਂ ਹਥਿਆਰਬੰਦ ਬਗ਼ਾਵਤ ਸ਼ੁਰੂ ਕਰਨ ਦਾ ਜੂਆ ਖੇਡਣਾ, ਜਦੋਂ ਕਿ ਇਹ ਪ੍ਰਤੱਖ ਤੌਰ ਉਤੇ ਜੂਆ ਹੋਵੇਗਾ, ਇਕ ਮਾਰਕਸਵਾਦੀ ਨੂੰ ਨਹੀਂ ਸੋਭਦਾ।

ਜੇ ਦੋ ਜਾਂ ਤਿੰਨ ਹਫਤਿਆਂ ਵਿਚ ਲੀਬਕਨੇਖਤ ਜੇਤੂ ਹੋ ਜਾਂਦਾ ਹੈ (ਜੋ ਕਿ ਸੰਭਵ ਹੈ) ਤਾਂ ਉਹ, ਬੇਸ਼ਕ, ਸਾਨੂੰ ਮੁਸ਼ਕਲਾਂ ਵਿਚੋਂ ਕਢ ਲਵੇਗਾ। ਪਰ ਇਹ ਸਿਧੀ-ਸਾਦੀ ਬੇਵਕੂਫੀ ਹੋਵੇਗੀ ਤੇ ਸਾਰੇ ਦੇਸਾਂ ਦੇ ਮਜ਼ਦੂਰ ਲੋਕਾਂ ਦੀ ਇਕਮੁਠਤਾ ਦੇ ਮਹਾਨ ਨਾਅਰੇ ਨੂੰ ਨਿਰੋਲ ਮਜ਼ਾਕ ਵਿਚ ਬਦਲਣਾ ਹੋਵੇਗਾ ਜੇ ਅਸੀਂ ਲੋਕਾਂ ਨੂੰ ਇਹ ਯਕੀਨ ਦੁਆਈਏ ਕਿ ਲੀਬਕਨੇਖਤ ਅਗਲੇ ਕੁਝ ਹਫਤਿਆਂ ਵਿਚ ਯਕੀਨੀ ਤੇ ਅਟੱਲ ਤੌਰ ਤੇ ਜਿੱਤ ਹਾਸਲ ਕਰ ਲਵੇਗਾ। ਬੇਸ਼ਕ, ਇਸ ਤਰ੍ਹਾਂ ਨਾਲ ਦਲੀਲ ਦੇ ਕੇ ਅਸੀਂ ਇਸ ਮਹਾਨ ਨਾਅਰੇ ਨੂੰ, ਕਿ "ਅਸੀਂ ਸੰਸਾਰ ਇਨਕਲਾਬ ਉਪਰ ਟੇਕ ਰੱਖਦੇ ਸਾਂ," ਫੋਕੀ ਲੱਫਾਜ਼ੀ ਵਿਚ ਬਦਲ ਰਹੇ ਹੋਵਾਂਗੇ।

ਬਾਹਰਮੁਖੀ ਤੌਰ ਤੇ ਅਵਸਥਾ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦੀ ੧੯੦੭ ਦੀਆਂ ਗਰਮੀਆਂ ਵਿਚ ਸੀ। ਉਦੋਂ, ਰੂਸੀ ਸ਼ਾਹ-ਪਸੰਦ ਸਤੋਲੀਪਿਨ ਸੀ ਜਿਸਨੇ ਸਾਨੂੰ ਕੁਚਲਿਆ ਤੇ ਕੈਦੀ ਬਣਾ ਲਿਆ; ਅੱਜ ਇਹ ਜਰਮਨ ਸਾਮਰਾਜ ਹੈ। ਉਦੋਂ, ਤੁਰਤ ਬਗ਼ਾਵਤ ਦਾ ਨਾਅਰਾ, ਜਿਸਦੀ, ਬਦਕਿਸਮਤੀ ਨੂੰ, ਕੁੱਲ ਸੋਸ਼ਲਿਸਟ-ਇਨਕਲਾਬੀ ਪਾਰਟੀ[23] ਹਿਮਾਇਤ ਕਰਦੀ ਸੀ, ਫੋਕੀ ਲੱਫਾਜ਼ੀ ਸਿਧ ਹੋਇਆ। ਅੱਜ, ਬਿਲਕੁਲ ਇਸ ਵੇਲੇ, ਇਨਕਲਾਬੀ ਜੰਗ ਦਾ ਨਾਅਰਾ ਪ੍ਰਤੱਖ ਤੌਰ ਤੇ ਫੋਕੀ ਲੱਫਾਜ਼ੀ ਹੈ ਜਿਹੜੀ ਖੱਬੇ ਸੋਸ਼ਲਿਸਟ-ਇਨਕਲਾਬੀਆਂ ਨੂੰ ਖਿੱਚਦੀ ਹੈ। ਅਸੀਂ ਜਰਮਨ ਸਾਮਰਾਜ ਦੇ ਕੈਦੀ ਹਾਂ ਤੇ ਸਾਡੇ ਸਾਮ੍ਹਣੇ ਸੰਸਾਰ ਸਾਮਰਾਜ ਦੇ ਉਸ ਮੁਹਰੀ ਨੂੰ ਉਲਟਾਉਣ ਲਈ ਲੰਮਾਂ ਤੇ ਮੁਸ਼ਕਲ ਘੋਲ ਪਿਆ ਹੈ; ਇਹ ਘੋਲ, ਨਿਰਸੰਦੇਹ, ਸੋਸ਼ਲਿਜ਼ਮ ਵਾਸਤੇ ਆਖਰੀ ਫੈਸਲਾਕੁਨ ਘੋਲ ਹੈ, ਪਰ ਉਹ ਘੋਲ ਇਸ ਵੇਲੇ ਸਾਮਰਾਜ ਦੇ ਆਗੂ ਦੇ ਖਿਲਾਫ ਹਥਿਆਰਬੰਦ ਬਗ਼ਾਵਤ ਨਾਲ ਸ਼ੁਰੂ ਕਰਨਾ ਐਸਾ ਜੂਆ ਹੋਵੇਗਾ ਜਿਹੜਾ ਕੋਈ ਵੀ ਮਾਰਕਸਵਾਦੀ ਨਹੀਂ ਖੇਡੇਗਾ।

ਦੇਸ ਦੀ ਰੱਖਿਆ ਸਮਰੱਥਾ ਨੂੰ ਬਾਕਾਇਦਾ, ਅਣੁਕ, ਸਰਬਪੱਖੀ ਤੌਰ ਤੇ ਉਸਾਰਨਾ, ਹਰ ਥਾਂ ਤੇ ਸਵੈ-ਡਿਸਿਪਲਿਨ, ਅਫਸੋਸਨਾਕ ਹਾਰ ਨੂੰ ਦੇਸ ਦੀ ਆਰਥਕ ਤਰੱਕੀ ਤੇ ਸੋਵੀਅਤ ਸੱਤਾ ਦੀ ਮਜ਼ਬੂਤੀ ਦੇ ਮੰਤਵ ਲਈ ਜ਼ਿੰਦਗੀ ਦੇ ਸਭ ਖੇਤਰਾਂ ਵਿਚ ਡਿਸਿਪਲਿਨ ਨੂੰ ਸੁਧਾਰਨ ਲਈ ਵਰਤਣਾ—ਇਹ ਹੈ ਅੱਜ ਦਾ ਕੰਮ, ਇਹ ਹੈ ਕਰਨੀ ਵਿਚ, ਨਾ ਕਿ ਸਿਰਫ ਕਥਨੀ ਵਿਚ, ਇਨਕਲਾਬੀ ਜੰਗ ਲਈ ਤਿਆਰੀ ਕਰਨ ਦਾ ਰਾਹ।

ਅਖੀਰ ਵਿਚ, ਜਥੇਬੰਦਕ ਬਿਊਰੋ ਇਹ ਦੱਸਣਾ ਜ਼ਰੂਰੀ ਸਮਝਦਾ ਹੈ ਕਿ, ਕਿਉਂਕਿ ਜਰਮਨ ਸਾਮਰਾਜ ਦਾ ਧਾਵਾ ਅਜੇ ਰੁਕਿਆ ਨਹੀਂ, ਪਾਰਟੀ ਦੇ ਸਾਰੇ ਮੈਂਬਰਾਂ ਨੂੰ ਚਾਹੀਦਾ ਹੈ ਕਿ ਇਸਦਾ ਬੱਝਵਾਂ ਵਿਰੋਧ ਜਥੇਬੰਦ ਕਰਨ। ਜੇ ਅਮਨ ਸੰਧੀ ਉਪਰ, ਅਤਿ ਦੀ ਕਰੜੀ ਉਪਰ ਵੀ, ਦਸਖਤ ਕਰਨਾ, ਤੇ ਨਵੀਆਂ ਲੜਾਈਆਂ ਲਈ ਤਿਆਰੀ ਵਾਸਤੇ ਸਮਾਂ ਲੈਣਾ ਅਸੰਭਵ ਹੈ, ਤਾਂ ਸਾਡੀ ਪਾਰਟੀ ਨੂੰ ਮੁਕੰਮਲ ਵਿਰੋਧ ਲਈ ਹਰ ਯਤਨ ਕਰਨ ਦੀ ਲੋੜ ਉੱਤੇ ਜ਼ੋਰ ਦੇਣਾ ਚਾਹੀਦਾ ਹੈ।

ਜੇ ਅਸੀਂ ਸਮਾਂ ਲੈ ਸਕਦੇ ਹਾਂ, ਜਥੇਬੰਦਕ ਕੰਮ ਲਈ ਥੋਹੜਾ ਜਿਹਾ ਵਕਫਾ ਵੀ ਲੈ ਸਕਦੇ ਹਾਂ, ਤਾਂ ਸਾਨੂੰ ਇਹ ਲੈਣ ਲਈ ਪੂਰੀ ਵਾਹ ਲਾਉਣੀ ਚਾਹੀਦੀ ਹੈ। ਜੇ ਸਾਨੂੰ ਕੋਈ ਢਿਲ ਨਹੀਂ ਮਿਲਦੀ ਤਾਂ ਸਾਡੀ ਪਾਰਟੀ ਨੂੰ ਚਾਹੀਦਾ ਹੈ ਕਿ ਜਨਤਾ ਨੂੰ ਲੜਣ ਦੀ, ਅਤਿ ਦੀ ਜੋਸ਼ੀਲੀ ਸਵੈ-ਰੱਖਿਆ ਵਿਚ ਜੁੱਟਣ ਦੀ ਅਪੀਲ ਕਰੇ। ਸਾਨੂੰ ਵਿਸ਼ਵਾਸ ਹੈ ਕਿ ਸਾਰੇ ਪਾਰਟੀ ਮੈਂਬਰ ਪਾਰਟੀ ਵੱਲ, ਆਪਣੇ ਦੇਸ ਦੀ ਮਜ਼ਦੂਰ ਜਮਾਤ ਵੱਲ, ਲੋਕਾਂ ਵੱਲ ਤੇ ਪ੍ਰੋਲਤਾਰੀਆਂ ਵੱਲ ਆਪਣੇ ਫਰਜ਼ ਨੂੰ ਨਿਭਾਹੁਣਗੇ। ਸੋਵੀਅਤ ਸੱਤਾ ਕਾਇਮ ਰੱਖ ਕੇ ਅਸੀਂ ਸਾਰੇ ਦੇਸਾਂ ਦੇ ਪ੍ਰੋਲਤਾਰੀਆਂ ਦੀ ਆਪਣੀ ਆਪਣੀ ਬੁਰਜੂਆਜ਼ੀ ਦੇ ਖਿਲਾਫ ਉਹਨਾਂ ਦੇ ਯਕੀਨੋਂ-ਬਾਹਰੇ ਮੁਸ਼ਕਲ ਘੋਲ ਵਿਚ ਸਭ ਤੋਂ ਚੰਗੀ, ਸਭ ਤੋਂ ਸ਼ਕਤੀਸ਼ਾਲੀ ਸਹਾਇਤਾ ਕਰ ਰਹੇ ਹਾਂ। ਅੱਜ ਜੇ ਰੂਸ ਵਿਚ ਸੋਵੀਅਤ ਸੱਤਾ ਢਹਿ ਢੇਰੀ ਹੋ ਜਾਏ ਤਾਂ ਸੋਸ਼ਲਿਜ਼ਮ ਦੇ ਉਦੇਸ਼ ਨੂੰ ਇਸ ਨਾਲੋਂ ਵਧੇਰੇ ਸਖਤ ਧੱਕਾ ਨਹੀਂ ਲੱਗ ਸਕਦਾ।

ਸਾਥੀਆਂ ਵਾਲੀਆਂ ਸ਼ੁਭ-ਇਛਾਵਾਂ ਨਾਲ ਰੂ: ਸੋ:
ਡੈ: ਲੇ: ਪਾ: (ਬਾਲਸ਼ਵਿਕ) ਦੀ ਕੇਂਦਰੀ ਕਮੇਟੀ
ਦਾ ਜਥੇਬੰਦਕ ਬਿਊਰੋ।

੨੪ ਫਰਵਰੀ, ੧੯੧੮ ਨੂੰ ਲਿਖਿਆ। ਸੈਂਚੀ ੩੫,
੨੬ (੧੩) ਫਰਵਰੀ, ੧੯੧੮ ਨੂੰ ਸਫੇ ੩੯੦—੩੯੨।
"ਪਰਾਵਦਾ" ਨੰ: ੩੫ ਵਿਚ ਪ੍ਰਕਾਸ਼ਤ ਹੋਇਆ।

# ਦੁਖਦਾਈ ਪਰ ਜ਼ਰੂਰੀ ਸਬਕ

੧੮ ਤੋਂ ੨੪ ਫਰਵਰੀ, ੧੯੧੮ ਤੱਕ ਦਾ ਹਫਤਾ ਐਸ ' ਹਫਤਾ ਸੀ ਜਿਹੜਾ ਰੂਸੀ — ਤੇ ਕੌਮਾਂਤਰੀ — ਇਨਕਲਾਬ ਦੇ ਇਤਿਹਾਸ ਵਿਚ ਮਹਾਨ ਮੋੜ ਦੇ ਤੌਰ ਤੇ ਯਾਦ ਕੀਤਾ ਜਾਇਆ ਕਰੇਗਾ।

੨੭ ਫਰਵਰੀ, ੧੯੧੭ ਨੂੰ ਰੂਸੀ ਪ੍ਰੋਲਤਾਰੀਆਂ ਨੇ ਕਿਸਾਨੀ ਦੇ ਇਕ ਹਿਸੇ ਨਾਲ, ਜਿਹੜਾ ਕਿ ਜੰਗ ਵਲੋਂ ਫੜੇ ਜਾ ਰਹੇ ਰੁਖ ਤੋਂ ਟੁੰਭਿਆ ਗਿਆ ਸੀ, ਤੇ ਬੁਰਜੂਆਜ਼ੀ ਨਾਲ ਵੀ ਰਲ ਕੇ ਜ਼ਾਰਸ਼ਾਹੀ ਨੂੰ ਉਲਟਾ ਦਿਤਾ। ੨੧ ਅਪਰੈਲ, ੧੯੧੭ ਨੂੰ ਪ੍ਰੋਲਤਾਰੀਆਂ ਨੇ ਸਾਮਰਾਜੀ ਬੁਰਜੂਆਜ਼ੀ ਦੀ ਨਿਰੰਕੁਸ਼ ਹਕੂਮਤ ਨੂੰ ਉਲਟਾ ਦਿਤਾ ਤੇ ਤਾਕਤ ਬਦਲ ਕੇ ਬੁਰਜੂਆਜ਼ੀ ਨਾਲ ਸਮਝੌਤੇ ਦੇ ਵਕੀਲ ਪੈਟੀ-ਬੁਰਜੂਆ ਲੋਕਾਂ ਦੇ ਹੱਥ ਦੇ ਦਿਤੀ। ੩ ਜੁਲਾਈ ਨੂੰ, ਸ਼ਹਿਰੀ ਪ੍ਰੋਲਤਾਰੀਆਂ ਨੇ ਆਪਣੇ ਆਪ-ਮੁਹਾਰੇ ਮੁਜ਼ਾਹਰਿਆਂ ਨਾਲ ਸਮਝੌਤਾ-ਵਾਦੀਆਂ ਦੀ ਸਰਕਾਰ ਨੂੰ ਸਖਤ ਝਟਕਾ ਦਿਤਾ। ੨੫ ਅਕਤੂਬਰ ਨੂੰ, ਇਸਨੇ ਉਹ ਸਰਕਾਰ ਉਲਟਾ ਦਿਤੀ ਤੇ ਪ੍ਰੋਲਤਾਰੀਆਂ ਤੇ ਗ਼ਰੀਬ ਕਿਸਾਨਾਂ ਦੀ ਡਿਕਟੇਟਰਸ਼ਿਪ ਸਥਾਪਤ ਕਰ ਦਿਤੀ।

ਇਸ ਜਿੱਤ ਦੀ ਰਾਖੀ ਘਰੇਲੂ ਜੰਗ ਵਿਚ ਕਰਨੀ ਜ਼ਰੂਰੀ ਸੀ। ਇਸ ਨੂੰ ਲਗਭਗ ਤਿੰਨ ਮਹੀਨੇ ਲੱਗੇ — ਗਾਤਚੀਨਾ ਦੇ ਨੇੜੇ ਕੇਰੇਂਸਕੀ ਉੱਪਰ ਜਿੱਤ ਤੋਂ ਸ਼ੁਰੂ ਕਰਕੇ, ਮਾਸਕੋ, ਇਰਕੁਤਸਕ, ਓਰੇਨਬੁਰਗ ਤੇ ਕੀਵ ਵਿਚ ਬੁਰਜੂਆਜ਼ੀ, ਜੁਨਕਰ[24] ਤੇ ਉਲਟ-ਇਨਕਲਾਬੀ ਕੱਸਾਕਾਂ ਦੇ ਇਕ ਹਿੱਸੇ ਉਪਰ ਜਿੱਤ ਵਿਚੋਂ ਦੀ ਹੁੰਦੀ ਹੋਈ ਕਾਲੇਦੀਨ, ਕੋਰਨੀਲੋਵ ਤੇ ਅਲੈਕਸੇਯੇਵ[25] ਉਪਰ ਰੋਸਤੋਵ-ਓੱਨ-ਦੋਨ ਵਿਖੇ ਜਿੱਤ ਨਾਲ ਸਮਾਪਤ ਹੋਈ।

ਪ੍ਰੋਲਤਾਰੀ ਬਗ਼ਾਵਤ ਦੀ ਅੱਗ ਫਿਨਲੈਂਡ ਵਿਚ ਮੱਚ ਉਠੀ ਤੇ ਭਾਂਬੜ ਰੁਮਾਨੀਆ ਤੱਕ ਪੁੱਜ ਗਏ।

ਘਰੇਲੂ ਮਹਾਜ਼ ਉੱਪਰ ਜਿੱਤਾਂ ਮੁਕਾਬਲਤਨ ਸੌਖ ਨਾਲ ਪ੍ਰਾਪਤ ਹੋ ਗਈਆਂ ਕਿਉਂਕਿ ਦੁਸ਼ਮਨ ਕੋਲ ਕੋਈ ਪਦਾਰਥਕ ਜਾਂ ਜਥੇਬੰਦਕ ਉੱਚਤਾ ਨਹੀਂ ਸੀ, ਤੇ ਨਾਲੇ, ਉਸ

ਕੋਲ ਕੋਈ ਠੋਸ ਆਰਥਕ ਆਧਾਰ ਜਾਂ ਜਨਤਾ ਦੀ ਹਿਮਾਇਤ ਨਹੀਂ ਸੀ। ਜਿਸ ਸੌਖ ਨਾਲ ਇਹ ਜਿੱਤਾਂ ਪ੍ਰਾਪਤ ਕੀਤੀਆਂ ਗਈਆਂ, ਉਸ ਨਾਲ ਕਈ ਆਗੂਆਂ ਦੇ ਸਿਰ ਫਿਰਨੇ ਜ਼ਰੂਰੀ ਸਨ। ਉਹਨਾਂ ਦਾ ਵਤੀਰਾ ਇਹ ਰਿਹਾ ਹੈ: "ਦੁਸ਼ਮਨ ਮੈਦਾਨ ਛੱਡ ਜਾਵੇਗਾ"।

ਉਹਨਾਂ ਨੇ ਫੌਜ ਵਿਚ ਵਿਸ਼ਾਲ ਤੌਰ ਤੇ ਫੈਲੇ ਹੋਏ ਇੰਤਸ਼ਾਰ ਨੂੰ ਅੱਖੋਂ ਉਹਲੇ ਕਰ ਦਿਤਾ ਹੈ, ਜਿਹੜੀ ਫੌਜ ਕਿ ਆਪਣੇ ਆਪ ਨੂੰ ਤੋੜ ਰਹੀ ਤੇ ਮੁਹਾਜ਼ ਨੂੰ ਛਡ ਰਹੀ ਹੈ। ਉਹ ਇਨਕਲਾਬੀ ਲੱਫਾਜ਼ੀ ਨਾਲ ਨਸ਼ੇ ਵਿਚ ਆ ਗਏ ਹਨ। ਉਹਨਾਂ ਨੇ ਸੰਸਾਰ ਸਾਮਰਾਜ ਦੇ ਖਿਲਾਫ ਘੋਲ ਉਤੇ ਆਪਣੇ ਆਪ ਨੂੰ ਲਾ ਲਿਆ ਹੈ। ਉਹਨਾਂ ਨੇ ਸਾਮਰਾਜੀ ਦਬਾਅ ਤੋਂ ਰੂਸ ਦੀ ਆਰਜ਼ੀ ਆਜ਼ਾਦੀ ਨੂੰ ਗ਼ਲਤੀ ਨਾਲ ਸਾਧਾਰਨ ਚੀਜ਼ ਸਮਝ ਲਿਆ ਹੈ, ਭਾਵੇਂ ਕਿ ਅਸਲ ਵਿਚ ਇਹ "ਆਜ਼ਾਦੀ" ਜਰਮਨ ਤੇ ਐਂਗਲੋ-ਫਰਾਂਸੀਸੀ ਲੁਟੇਰਿਆਂ ਵਿਚਕਾਰ ਜੰਗ ਵਿਚ ਆਏ ਅਟਕਾਅ ਕਾਰਨ ਹੀ ਮਿਲੀ। ਉਹਨਾਂ ਨੇ ਆਸਟਰੀਆ ਤੇ ਜਰਮਨੀ ਵਿਚ ਸ਼ੁਰੂ ਹੋ ਰਹੀਆਂ ਆਮ ਹੜਤਾਲਾਂ ਨੂੰ ਗ਼ਲਤੀ ਨਾਲ ਇਨਕਲਾਬ ਸਮਝ ਲਿਆ ਹੈ, ਜਿਸ ਬਾਰੇ ਫਰਜ਼ ਕੀਤਾ ਜਾਂਦਾ ਹੈ ਕਿ ਉਹ ਸਾਨੂੰ ਜਰਮਨ ਸਾਮਰਾਜ ਤੋਂ ਕਿਸੇ ਵੀ ਗੰਭੀਰ ਖਤਰੇ ਤੋਂ ਬਚਾ ਲਵੇਗਾ। ਜਰਮਨ ਇਨਕਲਾਬ, ਜਿਹੜਾ ਖਾਸ ਤੌਰ ਤੇ ਮੁਸ਼ਕਲ ਤੇ ਦੁਖਦਾਈ ਹਾਲਤਾਂ ਵਿਚ ਜਨਮ ਲੈ ਰਿਹਾ ਹੈ, ਦੀ ਸਹਾਇਤਾ ਵਾਸਤੇ ਗੰਭੀਰ, ਅਸਰਦਾਰ, ਸਿਰੜੀ ਕੰਮ ਕਰਨ ਦੀ ਬਜਾਏ, ਸਾਡੇ ਕੋਲ ਐਸੇ ਲੋਕ ਹਨ ਜਿਹੜੇ ਬਾਹਵਾਂ ਹਿਲਾ ਹਿਲਾ ਕੇ ਕਹਿ ਰਹੇ ਹਨ—"ਉਹ ਜਰਮਨ ਸਾਮਰਾਜੀਏ ਕੀ ਕਰ ਸਕਦੇ ਨੇ—ਲੀਬਕਨੇਖਤ ਸਾਡੇ ਵੱਲ ਹੋਵੇ ਤਾਂ ਅਸੀਂ ਉਹਨਾਂ ਨੂੰ ਘੜੀਉਂ ਪਹਿਲੇ ਮਾਰ ਕੇ ਭਜਾ ਦੇਵਾਂਗੇ।"

੧੮ ਫਰਵਰੀ ਤੋਂ ੨੪ ਫਰਵਰੀ, ੧੯੧੮ ਤੱਕ ਦਾ ਹਫ਼ਤਾ, ਦਵਿੰਸਕ ਉਪਰ ਕਬਜ਼ੇ ਤੋਂ ਲੈ ਕੇ ਪਸਕੋਵ ਉਪਰ ਕਬਜ਼ੇ (ਜਿਸ ਤੇ ਮੁੜ-ਕਬਜ਼ਾ ਕੀਤਾ ਗਿਆ) ਤੱਕ ਦਾ ਹਫ਼ਤਾ, ਸੋਵੀਅਤ ਸੋਸ਼ਲਿਸਟ ਰੀਪਬਲਿਕ ਦੇ ਖਿਲਾਫ ਸਾਮਰਾਜੀ ਜਰਮਨੀ ਦੇ ਫੌਜੀ ਧਾਵੇ ਦਾ ਹਫ਼ਤਾ ਇਕ ਕੌੜਾ, ਪਰੇਸ਼ਾਨੀ ਵਾਲਾ ਤੇ ਦੁਖਦਾਈ ਸਬਕ ਰਿਹਾ ਹੈ, ਪਰ ਇਹ ਜ਼ਰੂਰੀ, ਲਾਹੇਵੰਦਾ ਤੇ ਕਲਿਆਨਕਾਰੀ ਸਬਕ ਰਿਹਾ ਹੈ। ਪਿਛਲੇ ਹਫਤੇ ਵਿਚ ਕੇਂਦਰੀ ਸਰਕਾਰ ਤੱਕ ਟੈਲੀਫੂਨ ਤੇ ਤਾਰ ਰਾਹੀਂ ਪੁੱਜੀਆਂ ਦੋ ਤਰ੍ਹਾਂ ਦੀਆਂ ਸੂਚਨਾਵਾਂ ਵਿਚਕਾਰ ਤੁਲਨਾ ਕਰਨਾ ਕਿੰਨਾਂ ਸਿਖਿਆਦਾਇਕ ਰਿਹਾ ਹੈ! ਇਕ ਪਾਸੇ "ਮਤਿਆਂ ਵਰਗੀਆਂ" ਇਨਕਲਾਬੀ ਫਿਕਰੇਬਾਜ਼ੀਆਂ ਦਾ ਅਰੁਕ ਹੜ ਆਇਆ ਰਿਹਾ ਹੈ—ਜਿਨ੍ਹਾਂ ਨੂੰ ਸ਼ਟੈਨਬਰਗ ਫਿਕਰੇਬਾਜ਼ੀਆਂ ਕਿਹਾ ਜਾ ਸਕਦਾ ਹੈ, ਜੇ ਉਸ ਸ਼ੈਲੀ ਵਿਚ ਉਸਤਾਦੀ ਨੂੰ, ਕੇਂਦਰੀ ਕਾਰਜਕਰਨੀ ਕਮੇਟੀ ਦੀ ਸ਼ਨਿਚਰਵਾਰੀ ਮੀਟਿੰਗ ਵਿਚ "ਖੱਬੇ" (ਹੂੰ... ਹੂੰ) ਸੋਸ਼ਲਿਸਟ-ਇਨਕਲਾਬੀ ਸ਼ਟੈਨਬਰਗ ਦੀ ਤਕਰੀਰ ਨੂੰ ਯਾਦ ਕੀਤਾ ਜਾਏ ਤਾਂ। ਦੂਜੇ ਪਾਸੇ ਦੁਖਦਾਈ ਤੇ ਅਪਮਾਨਜਨਕ ਰੀਪੋਰਟਾਂ ਮਿਲਦੀਆਂ ਰਹੀਆਂ ਹਨ ਕਿ ਰਜਮੈਂਟਾਂ

ਆਪਣੇ ਟਿਕਾਣਿਆਂ ਤੇ ਡਟੀਆਂ ਰਹਿਣ ਤੋਂ ਇਨਕਾਰੀ ਹਨ, ਏਥੋਂ ਤੱਕ ਕਿ ਨਾਰਵਾ ਰੇਖਾ ਦੀ ਰਾਖੀ ਕਰਨ ਤੋਂ ਇਨਕਾਰੀ ਹਨ, ਤੇ ਇਸ ਹੱਦ ਤੱਕ ਹੁਕਮ ਅਦੂਲੀ ਕਰ ਰਹੀਆਂ ਹਨ ਕਿ ਨੱਠ ਜਾਣਾ, ਹਫੜਾ-ਦਫੜੀ, ਬੇਹੂਦਗੀ, ਲਾਚਾਰੀ ਤੇ ਬਦਤਮੀਜ਼ੀ ਦੀ ਤਾਂ ਗੱਲ ਹੀ ਛੱਡੋ, ਪਿੱਛੇ ਹਟਣ ਦੀ ਸੂਰਤ ਵਿਚ ਸਭ ਕੁਝ ਤਬਾਹ ਕਰੀ ਜਾ ਰਹੀਆਂ ਹਨ।

ਕੌੜਾ, ਪਰੇਸ਼ਾਨ ਕਰਨ ਵਾਲਾ, ਦੁਖਦਾਈ ਪਰ ਜ਼ਰੂਰੀ, ਲਾਹੇਵੰਦਾ ਤੇ ਕਲਿਆਨਕਾਰੀ ਸਬਕ!

ਸੋਚਵਾਨ, ਜਮਾਤੀ ਚੇਤੰਨਤਾ ਵਾਲੇ ਕਾਮੇ ਇਸ ਇਤਿਹਾਸਕ ਸਬਕ ਤੋਂ ਤਿੰਨ ਸਿੱਟੇ ਕਢਣਗੇ—ਪਿਤਾਭੂਮੀ ਦੀ ਰਾਖੀ ਵੱਲ ਸਾਡੇ ਵਤੀਰੇ, ਇਸਦੀ ਰਖਿਆ ਸਮਰਥਾ ਤੇ ਸੋਸ਼ਲਿਸਟ ਇਨਕਲਾਬੀ ਜੰਗ ਬਾਰੇ; ਉਹਨਾਂ ਹਾਲਤਾਂ ਬਾਰੇ ਜਿਹਨਾਂ ਵਿਚ ਸਾਡੀ ਸੰਸਾਰ ਸਾਮਰਾਜ ਨਾਲ ਟੱਕਰ ਹੋ ਸੱਕਦੀ ਹੈ; ਸੰਸਾਰ ਸੋਸ਼ਲਿਸਟ ਲਹਿਰ ਵੱਲ ਸਾਡੇ ਵਤੀਰੇ ਦੇ ਸਵਾਲ ਨੂੰ ਠੀਕ ਤਰ੍ਹਾਂ ਪੇਸ਼ ਕਰਨ ਬਾਰੇ।

੨੫ ਅਕਤੂਬਰ, ੧੯੧੭ ਤੋਂ ਲੈ ਕੇ ਅਸੀਂ ਰੱਖਿਆ-ਵਾਦੀ ਹਾਂ ਤੇ ਰਹੇ ਹਾਂ, ਉਸ ਦਿਨ ਤੋਂ ਲੈ ਕੇ ਅਸੀਂ ਪਿਤਾਭੂਮੀ ਦੀ ਰਾਖੀ ਦਾ ਸਮਰਥਣ ਕਰਦੇ ਹਾਂ। ਇਹ ਇਸ ਲਈ ਹੈ ਕਿ ਅਸੀਂ **ਕੰਮਾਂ ਰਾਹੀਂ** ਦਿਖਾ ਦਿੱਤਾ ਹੈ ਕਿ ਅਸੀਂ ਸਾਮਰਾਜ ਨਾਲੋਂ ਨਾਤਾ ਤੋੜ ਲਿਆ ਹੈ। ਅਸੀਂ ਸਾਮਰਾਜੀ ਸਾਜ਼ਸ਼ੀਆਂ ਦੀਆਂ ਗੰਦੀਆਂ, ਲਹੂਰੰਗੀਆਂ ਸੰਧੀਆਂ ਨੂੰ ਪ੍ਰਕਾਸ਼ਤ ਕੀਤਾ ਹੈ ਤੇ ਉਹਨਾਂ ਦੀ ਨਿਖੇਧੀ ਕੀਤੀ ਹੈ। ਅਸੀਂ **ਆਪਣੀ** ਬੁਰਜੂਆਜ਼ੀ ਨੂੰ ਲਾਹਮਾਰਿਆ ਹੈ। ਅਸੀਂ ਉਹਨਾਂ ਕੌਮਾਂ ਨੂੰ ਆਜ਼ਾਦੀ ਦੇ ਦਿਤੀ ਹੈ ਜਿਨ੍ਹਾਂ ਨੂੰ **ਅਸੀਂ** ਪਹਿਲਾਂ ਦਬਾਇਆ ਹੋਇਆ ਸੀ। ਅਸੀਂ ਲੋਕਾਂ ਨੂੰ ਜ਼ਮੀਨ ਦਿੱਤੀ ਹੈ ਤੇ ਮਜ਼ਦੂਰਾਂ ਦੇ ਕੰਟਰੋਲ ਨੂੰ ਲਾਗੂ ਕੀਤਾ ਹੈ। ਅਸੀਂ ਰੂਸੀ ਸੋਵੀਅਤ ਸੋਸ਼ਲਿਸਟ ਰੀਪਬਲਿਕ ਦੀ ਰਾਖੀ ਕਰਨ ਦੇ ਹੱਕ ਵਿਚ ਹਾਂ।

ਤੇ ਕਿਉਂਕਿ ਅਸੀਂ ਪਿਤਾਭੂਮੀ ਦੀ ਰਾਖੀ ਕਰਨ ਦੇ ਹੱਕ ਵਿਚ ਹਾਂ, ਅਸੀਂ ਦੇਸ ਦੀ ਰੱਖਿਆ ਸਮਰੱਥਾ ਤੇ ਜੰਗ ਲਈ ਤਿਆਰੀ ਵੱਲ **ਗੰਭੀਰ** ਵਤੀਰੇ ਦੀ ਮੰਗ ਕਰਦੇ ਹਾਂ। ਅਸੀਂ ਇਨਕਲਾਬੀ ਜੰਗ ਬਾਰੇ ਇਨਕਲਾਬੀ ਲੱਫਾਜ਼ੀ ਦੇ ਖਿਲਾਫ ਬੇਕਿਰਕ ਜੰਗ ਦਾ ਐਲਾਨ ਕਰਦੇ ਹਾਂ। ਆਰਥਕ ਤਰੱਕੀ ਤੋਂ, ਰੇਲਵੇ ਦੀ ਮੁੜਬਹਾਲੀ (ਕਿਉਂਕਿ ਰੇਲਵੇ ਤੋਂ ਬਿਨਾਂ ਆਧੁਨਿਕ ਜੰਗੀ ਕਾਰਵਾਈ ਫੋਕੀ ਲੱਫਾਜ਼ੀ ਹੈ) ਤੋਂ ਸ਼ੁਰੂ ਕਰਕੇ ਤੇ ਹਰ ਥਾਂ ਤੇ ਕਰੜੇ ਤੋਂ ਕਰੜੇ ਇਨਕਲਾਬੀ ਜ਼ਬਤ ਤੇ ਸਵੈ-ਜ਼ਬਤ ਦੀ ਸਥਾਪਤੀ ਦੇ ਨਾਲ, ਇਸ ਵਾਸਤੇ ਲੰਮੀਂ, ਗੰਭੀਰ ਤਿਆਰੀ ਹੋਣੀ ਚਾਹੀਦੀ ਹੈ।

ਪਿਤਾਭੂਮੀ ਦੀ ਰਾਖੀ ਦੇ ਦ੍ਰਿਸ਼ਟੀਕੋਨ ਤੋਂ ਬੇਹੱਦ ਜ਼ਿਆਦਾ ਸ੍ਰੇਸ਼ਠ ਤੇ ਤਿਆਰ-ਬਰ-ਤਿਆਰ ਦੁਸ਼ਮਨ ਨਾਲ ਹਥਿਆਰਬੰਦ ਟੱਕਰ ਲੈਣੀ ਜੁਰਮ ਹੈ, ਜਦੋਂ ਪ੍ਰਤੱਖ ਤੌਰ ਤੇ

ਸਾਡੇ ਕੋਲ ਕੋਈ ਫੌਜ ਨਹੀਂ। ਪਿਤਾਭੂਮੀ ਦੀ ਰਾਖੀ ਦੇ ਦ੍ਰਿਸ਼ਟੀਕੋਨ ਤੋਂ ਸਾਨੂੰ ਅਤਿ ਦੀ ਕਰੜੀ, ਜ਼ਾਲਮ, ਵਹਿਸ਼ੀ, ਅਪਮਾਨਜਨਕ ਅਮਨ ਸੰਧੀ ਕਰਨੀ ਪਵੇਗੀ — ਸਾਮਰਾਜ ਅੱਗੇ "ਗੋਡੇ ਟੇਕਣ ਵਾਸਤੇ" ਨਹੀਂ ਸਗੋਂ ਸਾਮਰਾਜ ਦੇ ਖਿਲਾਫ ਗੰਭੀਰ ਤੇ ਕਾਰਗਰ ਤਰੀਕੇ ਨਾਲ ਲੜਨਾ ਸਿੱਖਣ ਤੇ ਤਿਆਰੀ ਕਰਨ ਵਾਸਤੇ।

ਪਿਛਲੇ ਹਫਤੇ ਨੇ ਰੂਸੀ ਇਨਕਲਾਬ ਨੂੰ ਉੱਚਾ ਚੁੱਕ ਕੇ ਇਤਿਹਾਸਕ ਵਿਕਾਸ ਦੇ ਬੇਹੱਦ ਉਚੇਰੀ ਪੱਧਰ ਤੱਕ ਲੈ ਆਂਦਾ ਹੈ। ਇਸ ਹਫਤੇ ਦੇ ਦੌਰਾਣ ਇਤਿਹਾਸ ਅੱਗੇ ਵਧਿਆ ਹੈ, ਕਈ ਪੌੜੀਆਂ ਇਕ ਦਮ ਚੜ੍ਹ ਗਿਆ ਹੈ।

ਹੁਣ ਤੱਕ ਸਾਡਾ ਮੁਕਾਬਲਾ (ਸੰਸਾਰ ਸਾਮਰਾਜ ਦੇ ਦ੍ਰਿਸ਼ਟੀਕੋਨ ਤੋਂ) ਨੀਚ, ਜ਼ਲੀਲ ਦੁਸ਼ਮਨਾਂ ਨਾਲ — ਰੋਮਾਨੋਵ[26] ਨਾਂ ਦੇ ਅਹਿਮਕ, ਸ਼ੇਖੀਖੋਰ ਕੇਰੇਂਸਕੀ, ਜੁਨਕਰਾਂ ਦੇ ਗਰੋਹਾਂ ਤੇ ਬੁਰਜੂਆਜ਼ੀ ਨਾਲ — ਸੀ। ਹੁਣ ਸਾਡੇ ਖਿਲਾਫ ਸੰਸਾਰ ਸਾਮਰਾਜ ਦਾ ਦੈਂਤ ਉੱਠ ਖੜ੍ਹਾ ਹੋਇਆ ਹੈ, ਸ਼ਾਨਦਾਰ ਢੰਗ ਨਾਲ ਸੰਗਠਿਤ ਤੇ ਟੈਕਨੀਕਲ ਤੌਰ ਉਤੇ ਚੰਗੀ ਤਰ੍ਹਾਂ ਲੈਸ, ਸਭਯ ਦੈਂਤ। ਇਸ ਦੈਂਤ ਦਾ ਮੁਕਾਬਲਾ ਕੀਤਾ ਜਾਣਾ **ਚਾਹੀਦਾ ਹੈ**। ਤੇ ਬੰਦੇ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸਦਾ ਮੁਕਾਬਲਾ **ਕਿਵੇਂ** ਕਰਨਾ ਹੈ। ਇਕ ਕਿਸਾਨ ਦੇਸ ਨੂੰ, ਜਿਹੜਾ ਜੰਗ ਦੇ ਤਿੰਨ ਸਾਲਾਂ ਨਾਲ ਬੇਮਿਸਾਲ ਤਬਾਹੀ ਦਾ ਸ਼ਿਕਾਰ ਹੋਇਆ ਰਿਹਾ ਹੈ, ਤੇ ਜਿਸਨੇ ਸੋਸ਼ਲਿਸਟ ਇਨਕਲਾਬ ਸ਼ੁਰੂ ਕੀਤਾ ਹੈ, ਹਥਿਆਰਬੰਦ ਟੱਕਰਾਂ ਨੂੰ ਟਾਲਣਾ ਚਾਹੀਦਾ ਹੈ — ਜ਼ਰੂਰ ਟਾਲਣੀਆਂ ਚਾਹੀਦੀਆਂ ਹਨ ਜਦੋਂ ਤੱਕ ਇਹ ਸੰਭਵ ਹੈ, ਭਾਰੀ ਕੁਰਬਾਨੀਆਂ ਦੀ ਕੀਮਤ ਉੱਤੇ ਵੀ — ਤਾਂ ਕਿ "ਆਖਰੀ, ਫੈਸਲਾਕੁਨ ਲੜਾਈ" ਦੇ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਇਹ ਕੁਝ ਮਹਤਵਪੂਰਨ ਕਰ ਸਕੇ।

ਇਹ ਜੰਗ ਸਿਰਫ ਉਦੋਂ ਸ਼ੁਰੂ ਹੋਵੇਗੀ ਜਦੋਂ ਸੋਸ਼ਲਿਸਟ ਇਨਕਲਾਬ ਉਘੇ ਸਾਮਰਾਜੀ ਦੇਸਾਂ ਵਿਚ ਸ਼ੁਰੂ ਹੋ ਜਾਂਦਾ ਹੈ। ਇਹ ਇਨਕਲਾਬ, ਨਿਰਸੰਦੇਹ, ਪੱਕ ਰਿਹਾ ਹੈ ਤੇ ਹਰ ਲੰਘਦੇ ਮਹੀਨੇ ਨਾਲ, ਹਰ ਲੰਘਦੇ ਹਫਤੇ ਨਾਲ ਜ਼ੋਰ ਫੜ ਰਿਹਾ ਹੈ। ਇਸ ਵਧਦੇ ਜ਼ੋਰ ਦੀ ਸਹਾਇਤਾ ਕੀਤੀ ਜਾਣੀ **ਚਾਹੀਦਾ ਹੈ**। ਤੇ ਸਾਨੂੰ ਇਹ ਜਾਨਣਾ ਪਵੇਗਾ ਕਿ ਇਸਦੀ **ਕਿਵੇਂ** ਸਹਾਇਤਾ ਕਰਨੀ ਹੈ। ਜੇ ਅਸੀਂ ਗੁਆਂਢੀ ਸੋਵੀਅਤ ਸੋਸ਼ਲਿਸਟ ਰੀਪਬਲਿਕ ਨੂੰ ਐਸੇ ਵੇਲੇ, ਜਦੋਂ ਇਸ ਕੋਲ ਪ੍ਰਤੱਖ ਤੌਰ ਉਤੇ ਕੋਈ ਫੌਜ ਨਹੀਂ, ਤਬਾਹੀ ਦੇ ਹਵਾਲੇ ਕਰ ਦੇਈਏ ਤਾਂ ਇਸ ਨਾਲ ਇਸ ਵਧਦੀ ਤਾਕਤ ਨੂੰ ਨੁਕਸਾਨ ਹੀ ਪੁੱਜੇਗਾ, ਸਹਾਇਤਾ ਨਹੀਂ ਮਿਲੇਗੀ।

ਸਾਨੂੰ "ਅਸੀਂ ਯੂਰਪ ਵਿਚ ਸੋਸ਼ਲਿਜ਼ਮ ਦੀ ਜਿੱਤ ਉਪਰ ਟੇਕ ਰਖਦੇ ਹਾਂ" ਦੇ ਮਹਾਨ ਨਾਅਰੇ ਨੂੰ ਫੋਕੀ ਲੱਫਾਜ਼ੀ ਵਿਚ ਨਹੀਂ ਬਦਲ ਦੇਣਾ ਚਾਹੀਦਾ। ਇਹ ਨਾਅਰਾ ਸੱਚਾ ਹੈ ਜੇ ਅਸੀਂ ਸੋਸ਼ਲਿਜ਼ਮ ਦੀ ਪੂਰੀ ਜਿੱਤ ਤੱਕ ਦੇ ਲੰਮੇਂ ਤੇ ਮੁਸ਼ਕਲ ਰਾਹ ਨੂੰ ਧਿਆਨ ਵਿਚ ਰੱਖੀਏ। "ਸੋਸ਼ਲਿਸਟ ਇਨਕਲਾਬ ਦੇ ਕੁੱਲ ਦੌਰ" ਦੇ ਸੰਬੰਧ ਵਿਚ ਇਹ

ਨਿਰਵਿਵਾਦ ਦਾਰਸ਼ਨਿਕ-ਇਤਿਹਾਸਕ ਸਚਾਈ ਹੈ। ਪਰ ਕੋਈ ਵੀ ਭਾਵਵਾਚਕ ਸਚਾਈ ਫੋਕੀ ਲੱਫਾਜ਼ੀ ਬਣ ਜਾਂਦੀ ਹੈ ਜੇ ਇਸਨੂੰ **ਕਿਸੇ ਵੀ** ਠੋਸ ਅਵਸਥਾ ਉਪਰ ਲਾਗੂ ਕਰ ਦਿੱਤਾ ਜਾਏ ਤਾਂ। ਇਹ ਗੱਲ ਨਿਰਵਿਵਾਦ ਹੈ ਕਿ "ਹਰ ਹੜਤਾਲ ਵਿਚ ਸਮਾਜਕ ਇਨਕਲਾਬ ਦਾ ਸ਼ੇਸ਼-ਨਾਗ ਲੁਕਿਆ ਹੁੰਦਾ ਹੈ।" ਪਰ ਇਹ ਸੋਚਣਾ ਵਿਅਰਥ ਹੈ ਕਿ ਅਸੀਂ ਹੜਤਾਲ ਤੋਂ ਛਲਾਂਗ ਮਾਰ ਕੇ ਸਿੱਧੇ ਇਨਕਲਾਬ ਤੱਕ ਪੁੱਜ ਸਕਦੇ ਹਾਂ। ਜੇ ਅਸੀਂ "ਯੂਰਪ ਵਿਚ ਸੋਸ਼ਲਿਜ਼ਮ ਦੀ ਜਿੱਤ ਉਪਰ ਟੇਕ ਰਖਦੇ ਹਾਂ" ਇਹਨਾਂ ਅਰਥਾਂ ਵਿਚ ਕਿ ਅਸੀਂ ਲੋਕਾਂ ਨੂੰ ਯਕੀਨ ਦੁਆਈਏ ਕਿ ਅਗਲੇ ਕੁਝ ਹਫਤਿਆਂ ਵਿਚ, ਯਕੀਨਨ ਜਰਮਨਾਂ ਨੂੰ ਪੀਤਰੋਗਰਾਦ, ਮਾਸਕੋ ਜਾਂ ਕੀਵ ਪੁੱਜਣ ਦਾ ਸਮਾਂ ਮਿਲਣ ਤੋਂ ਪਹਿਲਾਂ ਹੀ, ਇਸ ਤੋਂ ਪਹਿਲਾਂ ਹੀ ਕਿ ਉਹਨਾਂ ਨੂੰ ਸਾਡੀ ਰੇਲਵੇ ਟਰਾਂਸਪੋਰਟ "ਖਤਮ ਕਰਨ" ਦਾ ਸਮਾਂ ਮਿਲੇ, ਯੂਰਪੀ ਇਨਕਲਾਬ ਸ਼ੁਰੂ ਹੋ ਜਾਇਗਾ ਤੇ ਯਕੀਨੀ ਤੌਰ ਉਤੇ ਜੇਤੂ ਹੋ ਜਾਇਗਾ, ਤਾਂ ਅਸੀਂ ਗੰਭੀਰ ਕੌਮਾਂਤਰੀਵਾਦੀ ਇਨਕਲਾਬੀ ਵਜੋਂ ਨਹੀਂ, ਸਗੋਂ ਮਾਅਰਕੇਬਾਜ਼ਾਂ ਦੇ ਤੌਰ ਤੇ ਚੱਲ ਰਹੇ ਹੋਵਾਂਗੇ।

ਜੇ ਦੋ ਜਾਂ ਤਿੰਨ ਹਫਤਿਆਂ ਵਿਚ ਲੀਬਕਨੇਖਤ ਬੁਰਜੂਆਜ਼ੀ ਉੱਪਰ ਜੇਤੂ ਹੋ ਜਾਂਦਾ ਹੈ (ਇਹ ਅਸੰਭਵ ਨਹੀਂ), ਤਾਂ ਉਹ ਸਾਨੂੰ ਸਭ ਮੁਸ਼ਕਲਾਂ ਵਿਚੋਂ ਕੱਢ ਲਵੇਗਾ। ਇਸ ਉਪਰ ਸ਼ੱਕ ਨਹੀਂ ਹੋ ਸਕਦਾ। ਪਰ, ਜੇ ਅਸੀਂ ਅੱਜ ਦੇ ਸਾਮਰਾਜ ਦੇ ਖਿਲਾਫ ਆਪਣੇ ਘੋਲ ਵਿਚ ਅੱਜ ਵਾਸਤੇ ਆਪਣੇ ਦਾਅ-ਪੇਚ ਇਸ ਆਸ ਉੱਤੇ ਨਿਸਚਿਤ ਕਰੀਏ ਕਿ ਲੀਬਕਨੇਖਤ ਸ਼ਾਇਦ ਅਗਲੇ ਕੁਝ ਹਫਤਿਆਂ ਵਿਚ ਜੇਤੂ ਹੋ ਜਾਏ ਤਾਂ ਅਸੀਂ ਸਿਰਫ ਮਜ਼ਾਕ ਉਡਾਏ ਜਾਣ ਦੇ ਹੀ ਹੱਕਦਾਰ ਹੋਵਾਂਗੇ। ਅਸੀਂ ਅੱਜ ਦੇ ਸਭ ਤੋਂ ਮਹਾਨ ਇਨਕਲਾਬੀ ਨਾਅਰੇ ਨੂੰ ਫੋਕੀ ਇਨਕਲਾਬੀ ਲੱਫਾਜ਼ੀ ਵਿਚ ਬਦਲ ਰਹੇ ਹੋਵਾਂਗੇ।

ਮਜ਼ਦੂਰ ਸਾਥੀਓ, ਇਨਕਲਾਬ ਦੇ ਦੁਖਦਾਈ ਪਰ ਲਾਭਕਾਰੀ ਸਬਕਾਂ ਤੋਂ ਸਿਖੋ! ਪਿਤਾਭੂਮੀ ਦੀ ਰਾਖੀ ਕਰਨ ਲਈ, ਸੋਵੀਅਤ ਸੋਸ਼ਲਿਸਟ ਰੀਪਬਲਿਕ ਦੀ ਰਾਖੀ ਕਰਨ ਲਈ ਗੰਭੀਰਤਾ ਨਾਲ, ਜ਼ੋਰਸ਼ੋਰ ਨਾਲ ਤੇ ਦ੍ਰਿੜ੍ਹਤਾ ਨਾਲ ਤਿਆਰੀ ਕਰੋ।

"ਪਰਾਵਦਾ" (ਸ਼ਾਮ ਦੀ ਐਡੀਸ਼ਨ) — ਸੈਂਚੀ ੩੫,
ਨੰ: ੩੫, ੨੫ (੧੨) ਫਰਵਰੀ, ੧੯੧੮ — ਸਫੇ ੩੯੩—੩੯੭।
ਦਸਖਤ: **ਲੈਨਿਨ**

# ਅਨੋਖਾ ਤੇ ਘੋਰ ਬੇਹੂਦਾ

ਸਾਡੀ ਪਾਰਟੀ ਦੇ ਮਾਸਕੋ ਇਲਾਕਾਈ ਬਿਊਰੋ ਨੇ ੨੪ ਫਰਵਰੀ, ੧੯੧੮ ਨੂੰ ਪਾਸ ਕੀਤੇ ਇਕ ਮਤੇ ਵਿਚ ਕੇਂਦਰੀ ਕਮੇਟੀ ਵਿਚ ਬੇਵਿਸ਼ਵਾਸੀ ਪ੍ਰਗਟ ਕੀਤੀ ਹੈ, ਇਸਦੇ ਉਹਨਾਂ ਫੈਸਲਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਜਿਹੜੇ "ਆਸਟਰੀਆ ਤੇ ਜਰਮਨੀ ਨਾਲ ਅਮਨ ਸੰਧੀ ਦੀਆਂ ਸ਼ਰਤਾਂ ਨੂੰ ਅਮਲ ਵਿਚ ਲਿਆਉਣ ਨਾਲ ਸੰਬੰਧਤ ਹੋਣਗੇ", ਤੇ ਮਤੇ ਦੀ "ਵਿਆਖਿਆ ਕਰਦੇ ਇਕ ਨੋਟ" ਵਿਚ ਐਲਾਨ ਕੀਤਾ ਹੈ ਕਿ ਇਹ "ਸਮਝਦਾ ਹੈ ਕਿ ਬੜੇ ਨੇੜਲੇ ਭਵਿਖ ਵਿਚ ਹੀ ਪਾਰਟੀ ਵਿਚ ਦੁਫੇੜ ਸ਼ਾਇਦ ਹੀ ਹੈ ਟਾਲੀ ਜਾ ਸੱਕੇ।" *

ਇਸ ਸਭ ਕੁਝ ਵਿਚ ਕੁਝ ਵੀ ਘੋਰ ਬੇਹੂਦਾ, ਏਥੋਂ ਤੱਕ ਅਨੋਖਾ ਵੀ ਨਹੀਂ ਹੈ। ਇਹ ਬਿਲਕੁਲ ਕੁਦਰਤੀ ਹੈ ਕਿ ਜਿਹੜੇ ਸਾਥੀ ਵੱਖਰੇ ਅਮਨ ਦੇ ਸਵਾਲ ਬਾਰੇ ਕੇਂਦਰੀ ਕਮੇਟੀ ਨਾਲ ਤਿੱਖੇ ਮਤਭੇਦ ਰਖਦੇ ਹਨ, ਉਹ ਕੇਂਦਰੀ ਕਮੇਟੀ ਦੀ ਤਿੱਖੀ ਨਿਖੇਧੀ ਕਰਨ ਤੇ ਵਿਸ਼ਵਾਸ ਪ੍ਰਗਟ ਕਰਨ ਕਿ ਦੁਫੇੜ ਅਟੱਲ ਹੈ। ਇਹ ਸਾਰਾ ਕੁਝ ਪਾਰਟੀ ਮੈਂਬਰਾਂ ਦਾ ਬਿਲਕੁਲ ਕਾਨੂੰਨੀ ਹੱਕ ਹੈ, ਜੋ ਬਿਲਕੁਲ ਸਮਝ ਆ ਸਕਦਾ ਹੈ।

---

*ਮਤੇ ਦਾ ਪੂਰਾ ਪਾਠ ਇਸ ਪ੍ਰਕਾਰ ਹੈ: "ਕੇਂਦਰੀ ਕਮੇਟੀ ਦੀਆਂ ਸਰਗਰਮੀਆਂ ਉਤੇ ਵਿਚਾਰ ਕਰਨ ਪਿਛੋਂ, ਰੂ:ਸੋ:ਡੈ:ਲੇ:ਪਾ: ਦਾ ਮਾਸਕੋ ਇਲਾਕਾਈ ਬਿਊਰੋ ਕੇਂਦਰੀ ਕਮੇਟੀ ਦੀ ਰਾਜਸੀ ਸੇਧ ਤੇ ਬਣਤਰ ਨੂੰ ਸਾਮ੍ਹਣੇ ਰਖਦਿਆਂ ਇਸ ਵਿਚ ਬੇਵਿਸ਼ਵਾਸੀ ਪ੍ਰਗਟ ਕਰਦਾ ਹੈ, ਤੇ ਪਹਿਲਾ ਮੌਕਾ ਮਿਲਣ ਉਤੇ ਜ਼ੋਰ ਦੇਵੇਗਾ ਕਿ ਨਵੀਂ ਕੇਂਦਰੀ ਕਮੇਟੀ ਚੁਣੀ ਜਾਏ। ਇਸ ਤੋਂ ਛੁੱਟ, ਮਾਸਕੋ ਇਲਾਕਾਈ ਬਿਊਰੋ ਕੇਂਦਰੀ ਕਮੇਟੀ ਦੇ ਉਹਨਾਂ ਫੈਸਲਿਆਂ ਨੂੰ ਬਿਨਾਂ ਰੱਖ-ਰਖਾਅ ਦੇ ਮੰਨਣਾ ਆਪਣੇ ਲਈ ਲਾਜ਼ਮੀ ਨਹੀਂ ਸਮਝਦਾ, ਜਿਹੜੇ ਆਸਟਰੀਆ ਤੇ ਜਰਮਨੀ ਨਾਲ ਅਮਨ ਸੰਧੀ ਦੀਆਂ ਸ਼ਰਤਾਂ ਨੂੰ ਅਮਲ ਵਿਚ ਲਿਆਉਣ ਨਾਲ ਸੰਬੰਧਤ ਹੋਣਗੇ।" ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ।

ਪਰ ਜੋ ਅਨੋਖਾ ਤੇ ਘੋਰ ਬੇਹੂਦਾ ਹੈ, ਉਹ ਇਹ ਹੈ। ਮਤੇ ਦੇ ਨਾਲ "ਵਿਆਖਿਆ ਕਰਦਾ ਨੋਟ" ਨੱਥੀ ਕੀਤਾ ਗਿਆ ਹੈ। ਇਹ ਪੂਰਾ ਹੇਠਾਂ ਦਿੱਤਾ ਜਾਂਦਾ ਹੈ:

> "ਮਾਸਕੋ ਇਲਾਕਾਈ ਬਿਊਰੋ ਸਮਝਦਾ ਹੈ ਕਿ ਨੇੜਲੇ ਭਵਿਖ ਵਿਚ ਹੀ ਪਾਰਟੀ ਵਿਚ ਦੁਫੇੜ ਸ਼ਾਇਦ ਹੀ ਹੈ ਟਲ ਸੱਕੇ, ਤੇ ਇਹ ਉਹਨਾਂ ਸਾਰੇ ਸਿਰੜੀ ਇਨਕਲਾਬੀ ਕਮਿਊਨਿਸਟਾਂ ਨੂੰ ਇਕਮੁੱਠ ਕਰਨ ਵਿਚ ਸਹਾਇਤਾ ਕਰਨ ਦਾ ਨਿਸ਼ਾਨਾ ਆਪਣੇ ਸਾਮ੍ਹਣੇ ਰੱਖਦਾ ਹੈ, ਜਿਹੜੇ ਵਖਰਾ ਅਮਨ ਸਮਝੌਤਾ ਕਰਨ ਦੇ ਵਕੀਲਾਂ ਤੇ ਪਾਰਟੀ ਵਿਚਲੇ ਸਾਰੇ ਨਰਮ-ਖਿਆਲੀ ਮੌਕਾਪ੍ਰਸਤਾਂ, ਦੋਹਾਂ ਦੀ ਹੀ ਇੱਕੋ ਜਿੰਨੀਂ ਵਿਰੋਧਤਾ ਕਰਦੇ ਹਨ। **ਸੰਸਾਰ ਇਨਕਲਾਬ ਦੇ ਹਿਤਾਂ ਵਿਚ, ਅਸੀਂ ਸੋਵੀਅਤ ਸੱਤਾ ਨੂੰ, ਜਿਹੜੀ ਕਿ ਇਸ ਵੇਲੇ ਨਿਰੋਲ ਰਸਮੀ ਬਣਦੀ ਜਾ ਰਹੀ ਹੈ, ਗੁਆ ਬੈਠਣ ਦੀ ਸੰਭਾਵਨਾ ਨੂੰ ਪ੍ਰਵਾਨ ਕਰਨਾ ਵਾਜਬ ਸਮਝਦੇ ਹਾਂ।** ਜਿਵੇਂ ਕਿ ਇਸ ਤੋਂ ਪਹਿਲਾਂ ਸੀ, ਅਸੀਂ ਇਹ ਵਿਸ਼ਵਾਸ ਰੱਖਦੇ ਹਾਂ ਕਿ ਸਾਡਾ ਪਹਿਲਾ ਕਰਤੱਵ ਸੋਸ਼ਲਿਸਟ ਇਨਕਲਾਬ ਦੇ ਵਿਚਾਰਾਂ ਨੂੰ ਦੂਜੇ ਸਾਰੇ ਦੇਸਾਂ ਤੱਕ ਫੈਲਾਉਣਾ ਤੇ ਰੂਸ ਵਿਚ ਮਜ਼ਦੂਰਾਂ ਦੀ ਡਿਕਟੇਟਰਸ਼ਿਪ ਨੂੰ ਅੱਗੇ ਖੜਣਾ, ਬੁਰਜੂਆ ਉਲਟ-ਇਨਕਲਾਬ ਨੂੰ ਬੇਕਿਰਕੀ ਨਾਲ ਦਬਾਉਣਾ ਹੈ।"

ਇਸ ਪੈਰੇ ਵਿਚ ਜਿਨ੍ਹਾਂ ਸ਼ਬਦਾਂ ਉੱਪਰ ਅਸੀਂ ਜ਼ੋਰ ਦਿੱਤਾ ਹੈ, ਉਹ ਸ਼ਬਦ ਹਨ ਜਿਹੜੇ—ਅਨੋਖੇ ਤੇ ਘੋਰ ਬੇਹੂਦਾ ਹਨ।

ਇਹ ਲਫਜ਼ ਹਨ ਜਿਨ੍ਹਾਂ ਵਿਚ ਮਾਮਲੇ ਦਾ ਨਿਚੋੜ ਪਾਇਆ ਜਾਂਦਾ ਹੈ।

ਇਹ ਲਫਜ਼ ਮਤੇ ਦੇ ਘੜਨਹਾਰਿਆਂ ਵਲੋਂ ਪੇਸ਼ ਕੀਤੀ ਗਈ ਸਾਰੀ ਸੇਧ ਨੂੰ ਬੇਹੂਦਾ ਬਣਾ ਦੇਂਦੇ ਹਨ। ਇਹ ਲਫਜ਼ ਅਸਾਧਾਰਨ ਸਪਸ਼ਟਤਾ ਨਾਲ ਉਹਨਾਂ ਦੀ ਗ਼ਲਤੀ ਦੀ ਜੜ੍ਹ ਨੂੰ ਨੰਗਿਆਂ ਕਰ ਦੇਂਦੇ ਹਨ।

"ਸੰਸਾਰ ਇਨਕਲਾਬ ਦੇ ਹਿਤਾਂ ਵਿਚ ਸੋਵੀਅਤ ਸੱਤਾ ਨੂੰ ਗੁਆ ਬੈਠਣ ਦੀ ਸੰਭਾਵਨਾ ਨੂੰ ਪ੍ਰਵਾਨ ਕਰਨਾ ਵਾਜਬ ਹੈ...।" ਇਹ ਅਜੀਬ ਹੈ ਕਿਉਂਕਿ ਪੂਰਵ-ਆਧਾਰ ਤੇ ਉਸਤੋਂ ਕੱਢੇ ਸਿੱਟੇ ਵਿਚ ਕੋਈ ਵੀ ਸੰਬੰਧ ਨਹੀਂ ਹੈ। "ਸੰਸਾਰ ਇਨਕਲਾਬ ਦੇ ਹਿਤਾਂ ਵਿਚ ਸੋਵੀਅਤ ਸੱਤਾ ਦੀ **ਫੌਜੀ ਹਾਰ** ਨੂੰ ਪ੍ਰਵਾਨ ਕਰਨਾ ਵਾਜਬ ਹੈ"—ਇਹੋ ਜਿਹਾ ਕਥਨ ਠੀਕ ਜਾਂ ਗ਼ਲਤ ਹੋ ਸਕਦਾ ਹੈ ਪਰ ਇਸਨੂੰ ਅਨੋਖਾ ਨਹੀਂ ਕਿਹਾ ਜਾ ਸਕਦਾ। ਇਹ ਹੈ ਪਹਿਲੀ ਚੀਜ਼।

ਦੂਜੀ ਚੀਜ਼: ਸੋਵੀਅਤ ਸੱਤਾ "ਹੁਣ ਨਿਰੋਲ ਰਸਮੀ ਬਣਦੀ ਜਾ ਰਹੀ ਹੈ।" ਹੁਣ, ਇਹ ਸਿਰਫ ਅਨੋਖਾ ਨਹੀਂ, ਸਗੋਂ ਨਿਰੋਲ ਰੂਪ ਵਿਚ ਘੋਰ ਬੇਹੂਦਾ ਹੈ। ਜ਼ਾਹਰ

ਹੈ ਕਿ ਲੇਖਕਾਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁੰਝਲ ਵਿਚ ਫਸਾ ਲਿਆ ਹੈ। ਉਹਨਾਂ ਨੂੰ ਗੁੰਝਲ ਵਿਚੋਂ ਕਢਣਾ ਸਾਡੇ ਲਈ ਜ਼ਰੂਰੀ ਹੋਵੇਗਾ।

ਜਿਥੋਂ ਤਕ ਪਹਿਲੇ ਸਵਾਲ ਦਾ ਸੰਬੰਧ ਹੈ, ਲੇਖਕਾਂ ਦਾ ਵਿਚਾਰ ਪ੍ਰਤੱਖ ਤੌਰ ਤੇ ਇਹ ਹੈ ਕਿ ਸੰਸਾਰ ਇਨਕਲਾਬ ਦੇ ਹਿਤਾਂ ਵਿਚ ਜੰਗ ਵਿਚ ਹਾਰ ਦੀ ਸੰਭਾਵਨਾ ਨੂੰ ਪ੍ਰਵਾਨ ਕਰਨਾ ਵਧੇਰੇ ਵਾਜਬ ਹੋਵੇਗਾ, ਜਿਸਦਾ ਸਿੱਟਾ ਸੋਵੀਅਤ ਸੱਤਾ ਗੁਆ ਬੈਠਣ ਵਿਚ, ਦੂਜੇ ਸ਼ਬਦਾਂ ਵਿਚ, ਰੂਸ ਵਿਚ ਬੁਰਜੂਆਜ਼ੀ ਦੀ ਜਿੱਤ ਵਿਚ ਨਿਕਲੇਗਾ। ਇਸ ਵਿਚਾਰ ਨੂੰ ਪ੍ਰਗਟ ਕਰਕੇ ਲੇਖਕ ਅਸਿਧੇ ਢੰਗ ਨਾਲ, ਜੋ ਕੁਝ ਮੈਂ ਪ੍ਰਸਤਾਵਾਂ ਵਿਚ ਕਿਹਾ ਸੀ, (੮ ਜਨਵਰੀ, ੧੯੧੮ ਨੂੰ, ਜੋ ੨੪ ਫਰਵਰੀ, ੧੯੧੮ ਨੂੰ "ਪਰਾਵਦਾ" ਵਿਚ ਪ੍ਰਕਾਸ਼ਤ ਹੋਏ*) ਉਸਦੀ ਸਚਾਈ ਨੂੰ ਕਬੂਲ ਕਰਦੇ ਹਨ, ਅਰਥਾਤ, ਕਿ ਜਰਮਨੀ ਵਲੋਂ ਪੇਸ਼ ਕੀਤੀਆਂ ਗਈਆਂ ਅਮਨ ਸ਼ਰਤਾਂ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਦਾ ਸਿੱਟਾ ਰੂਸ ਦੀ ਹਾਰ ਤੇ ਸੋਵੀਅਤ ਸਰਕਾਰ ਦਾ ਤਖਤਾ ਉਲਟਣ ਵਿਚ ਨਿਕਲੇਗਾ।

ਤੇ ਇਸ ਤਰ੍ਹਾਂ la raison finit toujours par avoir raison ਜਾਦੂ ਉਹ ਜੋ ਸਿਰ ਚੜ੍ਹ ਬੋਲੇ। ਮੇਰੇ "ਅਤਿਵਾਦੀ" ਵਿਰੋਧੀ, ਮਾਸਕੋਵਾਸੀ, ਜਿਹੜੇ ਦੂਫੇੜ ਦਾ ਡਰਾਵਾ ਦੇਂਦੇ ਹਨ, ਮਜਬੂਰ ਹੋ ਗਏ ਹਨ — ਬਿਲਕੁਲ ਇਸ ਲਈ ਕਿਉਂਕਿ ਉਹ ਦੂਫੇੜ ਦੀ ਖੁਲ੍ਹਮ-ਖੁਲ੍ਹਾ ਗੱਲਬਾਤ ਕਰਨ ਦੇ ਨੁਕਤੇ ਤੱਕ ਪੁੱਜ ਗਏ ਹਨ — ਕਿ ਉਹ ਆਪਣੇ **ਅਸਲੀ** ਕਾਰਨਾਂ ਬਾਰੇ ਓਨੇ ਹੀ ਸਪਸ਼ਟ ਤਰ੍ਹਾਂ ਕਹਿਣ, ਜਿਨ੍ਹਾਂ ਕਾਰਨਾਂ ਬਾਰੇ ਉਹ ਲੋਕ, ਜਿਹੜੇ ਆਪਣੇ ਆਪ ਨੂੰ ਇਨਕਲਾਬੀ ਜੰਗ ਬਾਰੇ ਆਮ ਫਿਕਰੇਬਾਜ਼ੀ ਤੱਕ ਸੀਮਤ ਰਖਦੇ ਹਨ, ਚੁਪ ਕੀਤਿਆਂ ਛੱਡ ਜਾਣ ਨੂੰ ਤਰਜੀਹ ਦੇਂਦੇ ਹਨ। ਮੇਰੇ ਪ੍ਰਸਤਾਵਾਂ ਤੇ ਦਲੀਲਾਂ ਦਾ ਬਿਲਕੁਲ ਤੱਤ (ਜਿਵੇਂ ਕਿ ਕੋਈ ਵੀ, ਜਿਹੜਾ ਮੇਰੇ ੭ ਜਨਵਰੀ, ੧੯੧੮ ਦੇ ਪ੍ਰਸਤਾਵਾਂ ਨੂੰ ਧਿਆਨ ਨਾਲ ਪੜ੍ਹਣ ਦੀ ਪ੍ਰਵਾਹ ਕਰਦਾ ਹੈ, ਦੇਖ ਸਕਦਾ ਹੈ) ਇਹ ਹੈ ਕਿ ਇਹ ਅਤਿ ਦਾ ਕਰੜਾ ਅਮਨ ਸਾਨੂੰ **ਹੁਣ**, ਇਕਦਮ, ਪ੍ਰਵਾਨ ਕਰ ਲੈਣਾ ਚਾਹੀਦਾ ਹੈ ਜਦ ਕਿ ਇਸਦੇ ਨਾਲ ਹੀ ਇਨਕਲਾਬੀ ਜੰਗ ਲਈ ਗੰਭੀਰ ਤੌਰ ਉਤੇ **ਤਿਆਰੀ ਕਰਨੀ** ਚਾਹੀਦੀ ਹੈ (ਤੇ, ਨਾਲੇ, ਇਸਨੂੰ ਬਿਲਕੁਲ ਇਹੋ ਜਿਹੀਆਂ **ਗੰਭੀਰ** ਤਿਆਰੀਆਂ ਦੇ **ਹਿਤਾਂ ਵਿਚ** ਹੀ ਪ੍ਰਵਾਨ ਕਰਨਾ ਚਾਹੀਦਾ ਹੈ)। ਜਿਨ੍ਹਾਂ ਨੇ ਆਪਣੇ ਆਪ ਨੂੰ ਇਨਕਲਾਬੀ ਜੰਗ ਬਾਰੇ ਆਮ ਫਿਕਰੇਬਾਜ਼ੀ ਤੱਕ ਸੀਮਤ ਰੱਖਿਆ, ਉਹਨਾਂ ਨੇ ਮੇਰੀਆਂ ਦਲੀਲਾਂ ਦੇ ਬਿਲਕੁਲ ਤੱਤ ਨੂੰ ਹੀ ਅੱਖੋਂ ਉਹਲੇ ਕਰ ਦਿੱਤਾ ਜਾਂ ਦੇਖਣ ਤੋਂ ਅਸਮਰਥ ਰਹੇ, ਜਾਂ ਦੇਖਣਾ ਚਾਹੁੰਦੇ ਨਹੀਂ ਸਨ। ਤੇ ਹੁਣ ਮੇਰੇ "ਅਤਿਵਾਦੀ" ਵਿਰੋਧੀ, ਮਾਸਕੋ ਵਾਲੇ, ਹਨ, ਜਿਨ੍ਹਾਂ ਦਾ ਮੈਨੂੰ, ਮੇਰੀਆਂ ਦਲੀਲਾਂ ਦੇ **ਤੱਤ** ਬਾਰੇ "ਚੁੱਪ ਭਰੀ

---

* ਦੇਖੋ ਸਫੇ ੫-੧੪ — **ਸੰਪਾ:**

ਸਾਜ਼ਸ਼" ਨੂੰ ਤੋੜਣ ਲਈ ਆਪਣੇ ਦਿਲ ਦੀਆਂ ਡੂੰਘਾਣਾਂ ਤੋਂ ਧੰਨਵਾਦ ਕਰਨਾ ਪਵੇਗਾ। ਉਹਨਾਂ ਦਾ ਜਵਾਬ ਦੇਣ ਵਿਚ ਮਾਸਕੋ ਵਾਲੇ **ਪਹਿਲੇ** ਲੋਕ ਹਨ।

ਤੇ ਉਹਨਾਂ ਦਾ ਜਵਾਬ ਕੀ ਸੀ ?

ਉਹਨਾਂ ਦਾ ਜਵਾਬ ਮੇਰੀਆਂ **ਠੋਸ** ਦਲੀਲਾਂ ਦੇ **ਠੀਕ ਹੋਣ ਨੂੰ ਮੰਨਣਾ** ਸੀ। ਹਾਂ, ਮਾਸਕੋ ਵਾਲੇ ਮੰਨ ਗਏ ਹਨ ਕਿ ਅਸੀਂ ਯਕੀਨੀ ਤੌਰ ਉਤੇ ਹਾਰ ਜਾਵਾਂਗੇ ਜੇ ਅਸੀਂ ਹੁਣ ਜਰਮਨਾਂ ਨਾਲ ਲੜਾਈ ਕਰੀਏ ਤਾਂ। * ਹਾਂ, ਇਹ ਹਾਰ ਯਕੀਨੀ ਤੌਰ ਤੇ ਸੋਵੀਅਤ ਸੱਤਾ ਦੇ ਢਹਿਣ ਵੱਲ ਲੈ ਜਾਇਗੀ।

ਮੁੜ ਮੁੜ ਕੇ ਮੈਂ, ਮੇਰੀਆਂ ਠੋਸ ਦਲੀਲਾਂ ਦੇ ਤੱਤ ਦੇ ਖਿਲਾਫ, ਅਰਥਾਤ, ਮੇਰੇ ਠੋਸ ਬਿਆਨ ਦੇ ਖਿਲਾਫ ਕਿ ਜੰਗ ਦੀਆਂ ਹਾਲਤਾਂ ਕੀ ਹੋਣਗੀਆਂ ਜੇ ਅਸੀਂ ਇਸਨੂੰ ਇਕਦਮ ਪ੍ਰਵਾਨ ਕਰ ਲਈਏ ਤਾਂ, "ਚੁੱਪ ਦੀ ਸਾਜ਼ਸ਼" ਤੋੜਣ ਵਾਸਤੇ, ਤੇ ਨਿਡਰ ਹੋ ਕੇ ਮੇਰੇ **ਠੋਸ** ਬਿਆਨ ਦੇ ਠੀਕ ਹੋਣ ਨੂੰ ਮੰਨਣ ਵਾਸਤੇ ਆਪਣੇ "ਅਤਿਵਾਦੀ" ਵਿਰੋਧੀਆਂ, ਮਾਸਕੋ ਵਾਲਿਆਂ, ਦਾ ਆਪਣੇ ਦਿਲ ਦੀ ਡੂੰਘਾਨ ਤੋਂ ਧੰਨਵਾਦ ਕਰਦਾ ਹਾਂ।

ਨਾਲੇ, ਮੇਰੀਆਂ ਦਲੀਲਾਂ, ਜਿਨ੍ਹਾਂ ਦਾ ਵਾਸਤਵਿਕ ਤੌਰ ਤੇ ਠੀਕ ਹੋਣਾ ਮਾਸਕੋ ਵਾਲੇ ਮੰਨਣ ਲਈ ਮਜਬੂਰ ਹੋ ਗਏ ਹਨ, ਕਿਨ੍ਹਾਂ ਬੁਨਿਆਦਾਂ ਉੱਤੇ ਰੱਦ ਕੀਤੀਆਂ ਜਾ ਰਹੀਆਂ ਹਨ ?

ਇਹਨਾਂ ਬੁਨਿਆਦਾਂ ਉੱਤੇ ਕਿ ਸੰਸਾਰ ਇਨਕਲਾਬ ਦੇ ਹਿਤਾਂ ਵਿਚ ਸਾਨੂੰ ਸੋਵੀਅਤ ਸੱਤਾ ਨੂੰ ਗੁਆ ਬੈਠਣਾ ਕਬੂਲ ਕਰਨਾ **ਚਾਹੀਦਾ ਹੈ**!

ਸੰਸਾਰ ਇਨਕਲਾਬ ਦੇ ਹਿੱਤ ਇਹ ਮੰਗ ਕਿਉਂ ਕਰਨ ? ਇਹ ਮਾਮਲੇ ਦਾ ਨਿਚੋੜ ਹੈ; ਇਹ ਉਹਨਾਂ ਲੋਕਾਂ ਦੇ ਦਲੀਲ-ਢੰਗ ਦਾ ਬਿਲਕੁਲ ਤੱਤ ਹੈ, ਜਿਹੜੇ ਮੇਰੀਆਂ ਦਲੀਲਾਂ ਨੂੰ ਹਰਾਉਣਾ ਚਾਹੁਣਗੇ। ਤੇ ਇਹ ਸਭ ਤੋਂ ਵਧ ਮਹਤਵਪੂਰਨ, ਮੁਢਲਾ ਤੇ ਬੁਨਿਆਦੀ ਨੁਕਤਾ ਹੈ, ਜਿਸ ਬਾਰੇ ਨਾ ਮਤੇ ਵਿਚ ਤੇ ਨਾ ਹੀ ਵਿਆਖਿਆਮਈ ਨੋਟ ਵਿਚ ਇਕ ਲਫਜ਼ ਵੀ ਕਿਹਾ ਗਿਆ ਹੈ। ਮਤੇ ਦੇ ਲੇਖਕਾਂ ਨੂੰ ਉਹ ਕੁਝ ਕਹਿਣ ਬਾਰੇ

---

*ਜਿਥੋਂ ਤੱਕ ਜਵਾਬੀ ਦਲੀਲ ਦਾ ਸਵਾਲ ਹੈ, ਕਿ ਲੜਾਈ ਨੂੰ ਟਾਲਣਾ ਕਿਸੇ ਤਰ੍ਹਾਂ ਵੀ ਅਸੰਭਵ ਸੀ, ਤੱਥਾਂ ਵਲੋਂ ਜਵਾਬ ਦਿੱਤਾ ਜਾ ਚੁੱਕਾ ਹੈ: ੮ ਜਨਵਰੀ ਨੂੰ ਮੇਰੇ ਪ੍ਰਸਤਾਵ ਪੜ੍ਹੇ ਗਏ; ੧੫ ਜਨਵਰੀ ਤੱਕ ਅਸੀਂ ਅਮਨ ਪ੍ਰਾਪਤ **ਕਰ ਸਕਦੇ ਸਾਂ**। ਆਰਾਮ ਦਾ ਵਕਫਾ ਜ਼ਰੂਰ ਹੀ ਯਕੀਨੀ ਹੋ ਸਕਦਾ ਸੀ (ਤੇ ਸਾਡੇ ਵਾਸਤੇ ਛੋਟੇ ਤੋਂ ਛੋਟਾ ਵਕਫਾ ਵੀ, ਪਦਾਰਥਕ ਤੌਰ ਉਤੇ ਵੀ ਤੇ ਇਖਲਾਕੀ ਤੌਰ ਉਤੇ ਵੀ, ਬਹੁਤ ਭਾਰੀ ਮਹੱਤਤਾ ਵਾਲਾ ਹੁੰਦਾ, ਕਿਉਂਕਿ **ਜਰਮਨਾਂ ਨੂੰ ਨਵੀਂ** ਜੰਗ ਦਾ ਐਲਾਨ ਕਰਨਾ ਪੈਂਦਾ), ਜੇ... ਜੇ ਇਨਕਲਾਬੀ ਫਿਕਰੇਬਾਜ਼ੀ ਨਾ ਅੜਿਚਣ ਪਾਉਂਦੀ ਤਾਂ।

ਸਮਾਂ ਤੇ ਥਾਂ ਮਿਲ ਗਈ ਹੈ ਜੋ ਕੁਝ ਸਾਰੇ ਜਾਣਦੇ ਹਨ, ਤੇ ਜੋ ਨਿਰਵਿਵਾਦ ਹੈ— "ਰੂਸ ਵਿਚ ਬੁਰਜੂਆ ਉਲਟ-ਇਨਕਲਾਬ ਨੂੰ ਬੇਕਿਰਕੀ ਨਾਲ ਕੁਚਲਣ" ਬਾਰੇ (ਐਸੀ ਨੀਤੀ ਦੇ ਢੰਗ ਤੇ ਸਾਧਨ ਵਰਤਦਿਆਂ ਜਿਹੜੀ ਸੋਵੀਅਤ ਸੱਤਾ ਦੇ ਖਤਮ ਹੋਣ ਵੱਲ ਲੈ ਜਾਇਗੀ ?) ਤੇ ਪਾਰਟੀ ਵਿਚਲੇ ਸਾਰੇ ਨਰਮ-ਖਿਆਲੀਏ ਮੌਕਾਪ੍ਰਸਤਾਂ ਦੀ ਵਿਰੋਧਤਾ ਕਰਨ ਬਾਰੇ — ਪਰ ਉਸ ਗੱਲ ਬਾਰੇ ਜਿਹੜੀ ਸਚਮੁਚ ਵਿਵਾਦ ਵਾਲੀ ਹੈ ਤੇ ਜਿਹੜੀ ਅਮਨ ਦੇ ਵਿਰੋਧੀਆਂ ਦੀ ਪੁਜ਼ੀਸ਼ਨ ਦੇ ਬਿਲਕੁਲ ਤੱਤ ਨਾਲ ਸੰਬੰਧ ਰੱਖਦੀ ਹੈ—ਇਕ ਲਫਜ਼ ਵੀ ਨਹੀਂ।

ਅਜੀਬ ਹੈ। ਬੇਹਦ ਅਜੀਬ। ਕੀ ਮਤੇ ਦੇ ਲੇਖਕ ਇਸ ਬਾਰੇ ਚੁੱਪ ਇਸ ਕਰਕੇ ਰਹੇ ਹਨ ਕਿ ਉਹ ਮਹਿਸੂਸ ਕਰਦੇ ਸਨ ਕਿ ਇਸ ਨੁਕਤੇ ਉਪਰ ਉਹ ਖਾਸ ਕਰਕੇ ਕਮਜ਼ੋਰ ਹਨ ? ਇਹ ਸਾਫ ਸਾਫ ਕਹਿਣਾ ਕਿ **ਕਿਉਂ** (ਸੰਸਾਰ ਇਨਕਲਾਬ ਦੇ ਹਿੱਤ ਇਸ ਗੱਲ ਦੀ ਮੰਗ ਕਰਦੇ ਹਨ) ਦਾ ਬਿਲਕੁਲ ਸੰਭਵ ਮਤਲਬ ਆਪਣੇ ਆਪ ਦਾ ਪਾਜ ਉਘੇੜਨਾ ਹੁੰਦਾ...

ਭਾਵੇਂ ਇਹ ਕਿਸੇ ਤਰ੍ਹਾਂ ਵੀ ਹੋਵੇ, ਸਾਡੇ ਲਈ ਉਹਨਾਂ ਦਲੀਲਾਂ ਨੂੰ **ਢੂੰਡਣਾ** ਜ਼ਰੂਰੀ ਹੈ ਜਿਨ੍ਹਾਂ ਨੇ ਹੋ ਸਕਦਾ ਹੈ ਮਤੇ ਦੇ ਲੇਖਕਾਂ ਦੀ ਅਗਵਾਈ ਕੀਤੀ **ਹੋਵੇ**।

ਸ਼ਾਇਦ ਲੇਖਕਾਂ ਦਾ ਵਿਸ਼ਵਾਸ ਹੈ ਕਿ ਸੰਸਾਰ ਇਨਕਲਾਬ ਦੇ ਹਿਤ ਸਾਮਰਾਜ ਨਾਲ ਕੋਈ ਵੀ ਅਮਨ ਕਰਨ ਦੀ ਮਨਾਹੀ ਕਰਦੇ ਹਨ ? ਪੀਤਰੋਗਰਾਦ ਦੀ ਇਕ ਮੀਟਿੰਗ ਵਿਚ ਅਮਨ ਦੇ ਕੁਝ ਵਿਰੋਧੀਆਂ ਵਲੋਂ ਇਹ ਰਾਇ ਪ੍ਰਗਟ ਕੀਤੀ ਗਈ ਸੀ, ਪਰ ਵਖਰੇ ਅਮਨ ਦਾ ਵਿਰੋਧ ਕਰਨ ਵਾਲਿਆਂ ਵਿਚੋਂ ਨਾਂ-ਮਾਤਰ ਘੱਟ-ਗਿਣਤੀ ਇਸਦੀ ਹਿਮਾਇਤ ਕਰਦੀ ਸੀ। ਇਹ ਸਪਸ਼ਟ ਹੈ ਕਿ ਇਹ ਰਾਇ ਬਰੇਸਤ ਗੱਲਬਾਤ ਦੇ ਵਾਜਬ ਹੋਣ ਤੋਂ ਇਨਕਾਰ ਕਰਨ ਵੱਲ ਤੇ ਅਮਨ ਨੂੰ ਰੱਦ ਕਰਨ ਵੱਲ ਲੈ ਜਾਇਗੀ, ਜੇ ਇਸਦੇ ਨਾਲ ਪੋਲੈਂਡ ਲਤਵੀਆ ਤੇ ਕੂਰਲਾਂਦ ਮਿਲਦੇ ਹੋਣ, "ਤਾਂ ਵੀ"। ਇਸ ਦ੍ਰਿਸ਼ਟੀਕੋਣ (ਜਿਸਨੂੰ ਅਸੀਂ, ਉਦਾਹਰਣ ਵਜੋਂ, ਅਮਨ ਦੇ ਪੀਤਰੋਗਰਾਦ ਵਿਰੋਧੀਆਂ ਦੀ ਬਹੁ-ਗਿਣਤੀ ਨਾਲ ਰੱਦ ਕੀਤਾ) ਦੀ ਗ਼ਲਤੀ ਦਿਨ ਵਾਂਗ ਸਾਫ ਹੈ। ਸਾਮਰਾਜੀ ਤਾਕਤਾਂ ਨਾਲ ਘਿਰੀ ਹੋਈ ਸੋਸ਼ਲਿਸਟ ਰੀਪਬਲਿਕ, ਇਸ ਦ੍ਰਿਸ਼ਟੀਕੋਣ ਤੋਂ, ਕੋਈ ਆਰਥਕ ਸੰਧੀਆਂ ਨਹੀਂ ਕਰ ਸੱਕਦੀ, ਤੇ ਉੱਡ ਕੇ ਚੰਨ ਉਤੇ ਚਲੀ ਜਾਣ ਤੋਂ ਬਿਨਾਂ ਕਾਇਮ ਨਹੀਂ ਰਹਿ ਸਕਦੀ।

ਸ਼ਾਇਦ ਲੇਖਕਾਂ ਦਾ ਵਿਸ਼ਵਾਸ ਹੈ ਕਿ ਸੰਸਾਰ ਇਨਕਲਾਬ ਦੇ ਹਿਤ ਮੰਗ ਕਰਦੇ ਹਨ ਕਿ ਇਸ ਨੂੰ **ਧੱਕਿਆ ਜਾਣਾ** ਚਾਹੀਦਾ ਹੈ, ਤੇ ਇਹੋ ਜਿਹਾ ਧੱਕਾ ਸਿਰਫ ਜੰਗ ਨਾਲ ਹੀ, ਤੇ ਅਮਨ ਨਾਲ ਕਦੀ ਵੀ ਨਹੀਂ, ਲਾਇਆ ਜਾ ਸਕਦਾ ਹੈ, ਜਿਸ ਤੋਂ ਲੋਕਾਂ ਨੂੰ ਇਹ ਪ੍ਰਭਾਵ ਪੈ ਸੱਕਦਾ ਹੈ ਕਿ ਸਾਮਰਾਜ ਨੂੰ "ਕਾਨੂੰਨੀ" ਬਣਾਇਆ ਜਾ ਰਿਹਾ ਹੈ ? ਇਹੋ ਜਿਹਾ "ਸਿਧਾਂਤ" ਮਾਰਕਸਵਾਦ ਨਾਲੋਂ ਬਿਲਕੁਲ ਵੱਖਰੀ ਚੀਜ਼ ਹੋਵੇਗਾ

ਕਿਉਂਕਿ ਮਾਰਕਸਵਾਦ ਇਨਕਲਾਬਾਂ ਨੂੰ "ਧੱਕਣ" ਦੇ ਹਮੇਸ਼ਾ ਵਿਰੁਧ ਰਿਹਾ ਹੈ, ਜਿਹੜੇ ਕਿ ਇਨਕਲਾਬਾਂ ਨੂੰ ਜਨਮ ਦੇਣ ਵਾਲੀਆਂ ਜਮਾਤੀ ਵਿਰੋਧਤਾਈਆਂ ਦੀ ਵਧਦੀ ਤੀਖਣਤਾ ਦੇ ਨਾਲ ਵਧਦੇ ਹਨ। ਇਹੋ ਜਿਹੇ ਸਿਧਾਂਤ ਦਾ ਮਤਲਬ ਇਹ ਵਿਚਾਰ ਹੋਵੇਗਾ ਕਿ ਹਥਿਆਰਬੰਦ ਬਗ਼ਾਵਤ ਘੋਲ ਦਾ ਉਹ ਰੂਪ ਹੈ ਜਿਹੜਾ ਹਮੇਸ਼ਾ ਤੇ ਸਾਰੀਆਂ ਹਾਲਤਾਂ ਵਿਚ ਲਾਜ਼ਮੀ ਹੋਵੇਗਾ। ਪਰ, ਅਸਲ ਵਿਚ, ਸੰਸਾਰ ਇਨਕਲਾਬ ਦੇ ਹਿਤ ਮੰਗ ਕਰਦੇ ਹਨ ਕਿ ਸੋਵੀਅਤ ਸੱਤਾ, ਸਾਡੇ ਦੇਸ ਵਿਚ ਬੁਰਜੂਆਜ਼ੀ ਦਾ ਤਖਤਾ ਉਲਟਾ ਲੈਣ ਪਿਛੋਂ, ਇਨਕਲਾਬ ਦੀ **ਸਹਾਇਤਾ ਕਰੇ**, ਪਰ ਇਹ ਸਹਾਇਤਾ ਦਾ ਐਸਾ **ਰੂਪ** ਚੁਣੇ ਜਿਹੜਾ ਇਸਦੀ ਆਪਣੀ ਤਾਕਤ ਦੇ ਮੇਚ ਆਉਂਦਾ ਹੋਵੇ। **ਖੁਦ ਆਪਣੇ** ਦੇਸ ਵਿਚ ਸੋਸ਼ਲਿਸਟ ਇਨਕਲਾਬ ਦੀ ਹਾਰ ਦੀ ਸੰਭਾਵਨਾ ਨੂੰ ਪ੍ਰਵਾਨ ਕਰਕੇ ਕੌਮਾਂਤਰੀ ਪੈਮਾਨੇ ਉੱਤੇ ਉਸ ਇਨਕਲਾਬ ਦੀ ਸਹਾਇਤਾ ਕਰਨਾ ਐਸਾ ਦ੍ਰਿਸ਼ਟੀਕੋਨ ਹੈ ਜਿਹੜਾ "ਧੱਕਾ ਲਾਉਣ" ਵਾਲੇ ਸਿਧਾਂਤ ਵਿਚੋਂ ਵੀ ਨਹੀਂ ਨਿਕਲਦਾ।

ਸ਼ਾਇਦ ਮਤੇ ਦੇ ਲੇਖਕ ਵਿਸ਼ਵਾਸ ਰਖਦੇ ਹਨ ਕਿ ਜਰਮਨੀ ਵਿਚ ਇਨਕਲਾਬ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ ਤੇ ਪਹਿਲਾਂ ਹੀ ਖੁਲ੍ਹਮ-ਖੁਲ੍ਹਾ ਘਰੇਲੂ ਜੰਗ ਦੇ ਪੜਾਅ ਤੱਕ ਪੁੱਜ ਚੁੱਕਾ ਹੈ, ਕਿ ਇਸ ਵਾਸਤੇ ਸਾਨੂੰ ਜਰਮਨ ਮਜ਼ਦੂਰਾਂ ਦੀ ਸਹਾਇਤਾ ਕਰਨ ਉਤੇ ਆਪਣੀ ਤਾਕਤ ਲਾ ਦੇਣੀ ਚਾਹੀਦੀ ਹੈ ਤੇ ਜਰਮਨ ਇਨਕਲਾਬ ਨੂੰ **ਬਚਾਉਣ ਲਈ**, ਜਿਹੜਾ ਪਹਿਲਾਂ ਹੀ ਆਪਣੀ ਫੈਸਲਾਕੁਨ ਲੜਾਈ ਸ਼ੁਰੂ ਕਰ ਚੁੱਕਾ ਹੈ ਤੇ ਮੁਸ਼ਕਲ ਵਿਚ ਫਸਿਆ ਹੋਇਆ ਹੈ, ਆਪਣੇ ਆਪ ਨੂੰ ਤਬਾਰ ਕਰ ਲੈਣਾ ਚਾਹੀਦਾ ਹੈ ("ਸੋਵੀਅਤ ਸੱਤਾ ਨੂੰ ਗੁਆ ਬੈਠਣਾ")? ਇਸ ਸਿਧਾਂਤ ਅਨੁਸਾਰ, ਆਪ ਤਬਾਹ ਹੁੰਦੇ ਹੋਏ, ਜਰਮਨ ਉਲਟ-ਇਨਕਲਾਬ ਦੀਆਂ ਤਾਕਤਾਂ ਦੇ ਇਕ ਹਿੱਸੇ ਦਾ ਰੁਖ ਬਦਲ ਰਹੇ ਹੋਵਾਂਗੇ ਤੇ ਇਸ ਤਰ੍ਹਾਂ ਜਰਮਨ ਇਨਕਲਾਬ ਨੂੰ ਬਚਾ ਰਹੇ ਹੋਵਾਂਗੇ।

ਇਹ ਬਿਲਕੁਲ ਸਮਝ ਆਉਂਦਾ ਹੈ ਕਿ ਜੇ ਇਹ ਪੂਰਵ-ਆਧਾਰ ਕਾਇਮ ਹੋਣ, ਤਾਂ ਹਾਰ ਦੀ ਸੰਭਾਵਨਾ ਨੂੰ ਤੇ ਸੋਵੀਅਤ ਸੱਤਾ ਗੁਆ ਬੈਠਣ ਦੀ ਸੰਭਾਵਨਾ ਨੂੰ ਪ੍ਰਵਾਨ ਕਰਨਾ (ਜਿਵੇਂ ਕਿ ਮਤੇ ਦੇ ਲੇਖਕ ਲਿਖਦੇ ਹਨ) ਨਾ ਸਿਰਫ "ਵਾਜਬੀ" ਹੀ ਹੋਵੇਗਾ ਸਗੋਂ ਸਿਧਾ "**ਫਰਜ਼**"ਵੀ ਹੋਵੇਗਾ। ਪਰ ਪ੍ਰਤੱਖ ਤੌਰ ਤੇ, ਇਹ ਪੂਰਵ-ਆਧਾਰ ਮੌਜੂਦ ਨਹੀਂ। ਜਰਮਨ ਇਨਕਲਾਬ ਪੱਕ ਰਿਹਾ ਹੈ, ਪਰ ਇਹ ਪ੍ਰਤੱਖ ਤੌਰ ਤੇ ਜਰਮਨੀ ਵਿਚ ਵਿਸਫੋਟ ਦੇ, ਜਰਮਨੀ ਵਿਚ ਘਰੇਲੂ ਜੰਗ ਦੇ ਪੜਾਅ ਤੱਕ ਨਹੀਂ ਪੁੱਜਾ। "ਸੋਵੀਅਤ ਸੱਤਾ ਨੂੰ ਗੁਆ ਬੈਠਣ ਦੀ ਸੰਭਾਵਨਾ ਨੂੰ ਪ੍ਰਵਾਨ ਕਰਕੇ" ਅਸੀਂ, ਯਕੀਨਨ, ਜਰਮਨ ਇਨਕਲਾਬ ਦੀ ਪਕਿਆਈ ਦੀ ਹੱਦ ਤੱਕ ਪੁੱਜਣ ਵਿਚ ਸਹਾਇਤਾ ਨਹੀਂ ਕਰ ਰਹੇ ਹੋਵਾਂਗੇ, ਸਗੋਂ ਇਸ ਵਿਚ **ਰੁਕਾਵਟ ਪਾ ਰਹੇ ਹੋਵਾਂਗੇ**। ਅਸੀਂ ਜਰਮਨ ਪਿਛਾਖੜ ਦੀ ਸਹਾਇਤਾ ਕਰ ਰਹੇ ਹੋਵਾਂਗੇ, ਇਸਦੇ ਹਥਾਂ ਵਿਚ ਖੇਡ ਰਹੇ ਹੋਵਾਂਗੇ, ਜਰਮਨੀ ਵਿਚ

ਸੋਸ਼ਲਿਸਟ ਲਹਿਰ ਵਿਚ ਰੁਕਾਵਟ ਪਾ ਰਹੇ ਹੋਵਾਂਗੇ ਤੇ ਜਰਮਨ ਪ੍ਰੋਲਤਾਰੀਆਂ ਤੇ ਅਰਧ-ਪ੍ਰੋਲਤਾਰੀਆਂ ਦੇ ਵਡੇ ਸਮੂਹਾਂ ਨੂੰ ਸੋਸ਼ਲਿਜ਼ਮ ਤੋਂ ਡਰਾ ਕੇ ਪਰ੍ਹੇ ਕਰ ਰਹੇ ਹੋਵਾਂਗੇ, ਜਿਹੜੇ ਅਜੇ ਸੋਸ਼ਲਿਜ਼ਮ ਵੱਲ ਆਏ ਨਹੀਂ ਤੇ ਸੋਵੀਅਤ ਰੂਸ ਦੀ ਹਾਰ ਤੋਂ ਤ੍ਰਾਹ ਜਾਣਗੇ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ੧੮੭੧ ਵਿਚ ਪੈਰਿਸ ਕਮਿਊਨ[27] ਦੀ ਹਾਰ ਨਾਲ ਬਰਤਾਨਵੀ ਮਜ਼ਦੂਰ ਤ੍ਰਾਹ ਗਏ ਸਨ।

ਭਾਵੇਂ ਇਹਨਾਂ ਨੂੰ ਕਿਸੇ ਤਰ੍ਹਾਂ ਵੀ ਮਰੋੜਾ ਦੇ ਲਵੋ, ਤੁਹਾਨੂੰ ਲੇਖਕਾਂ ਦੇ ਦਾਅਵਿਆਂ ਵਿਚ ਕੋਈ ਦਲੀਲ ਨਹੀਂ ਮਿਲ ਸਕਦੀ। ਇਸ ਵਿਚਾਰ ਦੀ ਪ੍ਰੋੜ੍ਹਤਾ ਵਾਸਤੇ ਕੋਈ ਸਿਆਣੀ ਦਲੀਲ ਨਹੀਂ ਕਿ "ਸੰਸਾਰ ਇਨਕਲਾਬ ਦੇ ਹਿਤਾਂ ਵਿਚ ਸੋਵੀਅਤ ਸੱਤਾ ਨੂੰ ਗੁਆ ਬੈਠਣ ਦੀ ਸੰਭਾਵਨਾ ਨੂੰ ਪ੍ਰਵਾਨ ਕਰਨਾ ਵਾਜਬੀ ਹੈ।"

"ਸੋਵੀਅਤ ਸੱਤਾ ਹੁਣ ਨਿਰੋਲ ਰਸਮੀ ਬਣਦੀ ਜਾ ਰਹੀ ਹੈ"—ਇਹ, ਜਿਵੇਂ ਕਿ ਅਸੀਂ ਦੇਖਦੇ ਹਾਂ, ਘੋਰ ਬੇਹੂਦਾ ਵਿਚਾਰ ਹੈ ਜਿਸ ਦਾ ਮਾਸਕੋ ਮਤੇ ਦੇ ਲੇਖਕ ਐਲਾਨ ਕਰਨ ਲੱਗ ਪਏ ਹਨ।

ਕਿਉਂਕਿ ਜਰਮਨ ਸਾਮਰਾਜੀਏ ਸਾਨੂੰ ਹਰਜਾਨੇ ਦੇਣ ਲਈ ਮਜਬੂਰ ਕਰਨ ਵਾਲੇ ਤੇ ਜਰਮਨੀ ਦੇ ਖਿਲਾਫ ਪ੍ਰਚਾਰ ਤੇ ਅੰਦੋਲਨ ਚਲਾਉਣ ਲਈ ਮਨਾਹੀ ਕਰਨ ਵਾਲੇ ਹਨ, ਇਸ ਲਈ ਸੋਵੀਅਤ ਸੱਤਾ ਸਾਰੀ ਮਹੱਤਤਾ ਗੁਆ ਬੈਠਦੀ ਹੈ ਤੇ "ਨਿਰੋਲ ਰਸਮੀ ਬਣ ਜਾਂਦੀ ਹੈ"—ਇਹ ਹੈ ਸ਼ਾਇਦ ਮਤੇ ਦੇ ਲੇਖਕਾਂ ਦੀ "ਦਲੀਲ" ਦੀ ਸੇਧ। ਅਸੀਂ ਕਹਿੰਦੇ ਹਾਂ "ਸ਼ਾਇਦ", ਕਿਉਂਕਿ ਲੇਖਕ ਆਪਣੇ ਪ੍ਰਸਤਾਵ ਦੀ ਪ੍ਰੋੜ੍ਹਤਾ ਵਿਚ ਕੁਝ ਵੀ ਸਾਫ ਤੇ ਵਿਸ਼ੇਸ਼ ਨਹੀਂ ਪੇਸ਼ ਕਰਦੇ।

ਘੋਰ ਤੇ ਮਾਯੂਸ ਨਿਰਾਸ਼ਾਵਾਦ ਤੇ ਪੂਰਨ ਢਹਿੰਦੀਆਂ ਕਲਾਂ—ਇਹ ਹੈ ਇਸ "ਸਿਧਾਂਤ" ਦਾ ਨਿਚੋੜ ਕਿ ਸੋਵੀਅਤ ਸੱਤਾ ਦੀ ਮਹੱਤਤਾ ਸਿਰਫ ਰਸਮੀ ਹੈ, ਤੇ ਉਹਨਾਂ ਦਾਅ-ਪੇਚਾਂ ਦੀ ਆਗਿਆ ਹੈ ਜਿਹੜੇ ਸੋਵੀਅਤ ਸੱਤਾ ਦੇ ਸੰਭਵ ਖਾਤਮੇ ਦਾ ਖਤਰਾ ਸਹੇੜਨਗੇ। ਕਿਉਂਕਿ ਕਿਤੇ ਵੀ ਕੋਈ ਮੁਕਤੀ ਨਹੀਂ, ਤਾਂ ਸੋਵੀਅਤ ਸੱਤਾ ਵੀ ਤਬਾਹ ਹੋਣ ਦਿਓ—ਇਹੋ ਜਿਹੇ ਹਨ ਹਾਵਭਾਵ ਜਿਨ੍ਹਾਂ ਨੇ ਇਹੋ ਜਿਹਾ ਘੋਰ ਬੇਹੂਦਾ ਮਤਾ ਲਿਖਵਾਇਆ। ਕਥਿਤ ਤੌਰ ਤੇ "ਆਰਥਕ" ਦਲੀਲਾਂ, ਜਿਨ੍ਹਾਂ ਵਿਚ ਇਹੋ ਜਿਹੇ ਵਿਚਾਰਾਂ ਨੂੰ ਕਦੀ ਕਦੀ ਲਪੇਟਿਆ ਜਾਂਦਾ ਹੈ, ਉਹੀ ਮਾਯੂਸ ਨਿਰਾਸ਼ਾਵਾਦ ਪ੍ਰਗਟ ਕਰਦੀਆਂ ਹਨ: ਇਸਦਾ ਮਤਲਬ ਇਹ ਹੈ ਕਿ ਇਹ ਕੈਸੀ ਸੋਵੀਅਤ ਰੀਪਬਲਿਕ ਹੈ ਜੋ ਸਿਰਫ ਤਾਵਾਨ ਨਹੀਂ ਸਗੋਂ ਐਸੇ ਪੈਮਾਨੇ ਉਪਰ ਤਾਵਾਨ ਇਸ ਤੋਂ ਕੱਢਿਆ ਜਾ ਸਕਦਾ ਹੈ?

ਸਿਵਾਏ ਢਹਿੰਦੀਆਂ ਕਲਾਂ ਦੇ ਹੋਰ ਕੁਝ ਨਹੀਂ: ਅਸੀਂ ਹਰ ਹਾਲ ਤਬਾਹ ਹੀ ਹੋਣਾ ਹੈ!

ਅਤਿ ਦੀ ਮੰਦੀ ਅਵਸਥਾ ਵਿਚ, ਜਿਸ ਵਿਚ ਰੂਸ ਆਪਣੇ ਆਪ ਨੂੰ ਦੇਖ ਰਿਹਾ ਹੈ, ਇਹ ਬਿਲਕੁਲ ਸਮਝ ਆਉਣ ਵਾਲੀ ਮਨੋਵਸਥਾ ਹੈ। ਪਰ ਚੇਤੰਨ ਇਨਕਲਾਬੀਆਂ

ਵਿਚ ਇਹ "ਸਮਝ ਆਉਣ ਵਾਲੀ" ਨਹੀਂ। ਇਸ ਬਾਰੇ ਵਿਲੱਖਣ ਗੱਲ ਇਹ ਹੈ ਕਿ ਇਥੇ ਸਾਡੇ ਸਾਮ੍ਹਣੇ ਮਾਸਕੋ ਵਾਲਿਆਂ ਦੇ ਬੇਹੂਦਗੀ ਤੱਕ ਪੁੱਜੇ ਹੋਏ ਵਿਚਾਰ ਹਨ। ੧੭੯੩ ਦੇ ਫਰਾਂਸੀਸੀ ਕਦੀ ਵੀ ਇਹ ਨਾ ਕਹਿੰਦੇ ਕਿ ਉਹਨਾਂ ਦੀਆਂ ਪ੍ਰਾਪਤੀਆਂ—ਰੀਪਬਲਿਕ ਤੇ ਲੋਕਰਾਜ—ਨਿਰੋਲ ਰਸਮੀ ਰੂਪ ਧਾਰਦੀਆਂ ਜਾ ਰਹੀਆਂ ਹਨ ਤੇ ਉਹਨਾਂ ਨੂੰ ਰੀਪਬਲਿਕ ਗੁਆ ਬੈਠਣ ਦੀ ਸੰਭਾਵਨਾ ਸਵੀਕਾਰ ਕਰਨੀ ਪਵੇਗੀ। ਉਹ ਨਿਰਾਸ਼ਾ ਨਾਲ ਨਹੀਂ ਸਗੋਂ ਜਿੱਤ ਵਿਚ ਵਿਸ਼ਵਾਸ ਨਾਲ ਭਰਪੂਰ ਸਨ। ਇਨਕਲਾਬੀ ਜੰਗ ਦਾ ਨਾਅਰਾ ਲਾਉਣਾ ਤੇ ਨਾਲ ਹੀ ਅਧਿਕਾਰਿਤ ਮਤੇ ਵਿਚ "ਸੋਵੀਅਤ ਸੱਤਾ ਨੂੰ ਗੁਆ ਬੈਠਣ ਦੀ ਸੰਭਾਵਨਾ ਪ੍ਰਵਾਨ ਕਰਨ" ਦੀ ਗੱਲ ਕਰਨਾ, ਆਪਣੇ ਆਪ ਨੂੰ ਪੂਰੀ ਤਰ੍ਹਾਂ ਨੰਗਿਆਂ ਕਰਨਾ ਹੈ।

੧੯੧੮ ਵਿਚ ਰੂਸ ਜੋ ਕੁਝ ਸਹਿ ਰਿਹਾ ਹੈ, ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ, ਨੈਪੋਲੀਅਨੀ ਜੰਗਾਂ ਦੇ ਸਮੇਂ, ਪਰੂਸ਼ੀਆ ਤੇ ਕਈ ਹੋਰ ਦੇਸਾਂ ਨੇ ਉਸ ਤੋਂ ਕਿਤੇ ਜ਼ਿਆਦਾ ਤੇ ਅਤੋਲਵੀਆਂ ਵਧੇਰੇ ਮੁਸ਼ਕਲਾਂ ਤੇ ਹਾਰ ਦੇ ਬੋਝਾਂ ਨੂੰ, ਜੇਤੂ ਦੀ ਜਿੱਤ, ਅਪਮਾਨ ਤੇ ਜਬਰ ਨੂੰ ਬਰਦਾਸ਼ਤ ਕੀਤਾ ਸੀ। ਤਾਂ ਪਰੂਸ਼ੀਆ ਵਿਚਲੇ ਚੰਗੇ ਤੋਂ ਚੰਗੇ ਆਦਮੀ ਉਸ ਵੇਲੇ ਢਹਿੰਦੀਆਂ ਕਲਾਂ ਵਿਚ ਨਹੀਂ ਗਏ ਜਦੋਂ ਨੈਪੋਲੀਅਨ ਦੇ ਫੌਜੀ ਜੈਕਬੂਟ ਉਹਨਾਂ ਨੂੰ ਉਸ ਤੋਂ ਸੌ ਗੁਣਾ ਜ਼ਿਆਦਾ ਬੁਰੀ ਤਰ੍ਹਾਂ ਦਰੜ ਰਹੇ ਸਨ ਜਿੰਨਾਂ ਕਿ ਅੱਜ ਸਾਨੂੰ ਦਰੜਿਆ ਜਾ ਸਕਦਾ ਹੈ, ਤੇ ਉਹਨਾਂ ਇਹ ਨਹੀਂ ਸੀ ਕਿਹਾ ਕਿ ਉਹਨਾਂ ਦੀਆਂ ਕੌਮੀ ਰਾਜਸੀ ਸੰਸਥਾਵਾਂ "ਨਿਰੋਲ ਰਸਮੀ" ਹਨ। ਉਹਨਾਂ ਨੇ ਹਥਿਆਰ ਨਹੀਂ ਸੁੱਟੇ, ਉਹਨਾਂ ਇਸ ਭਾਵਨਾ ਅੱਗੇ ਗੋਡੇ ਨਹੀਂ ਟੇਕੇ: "ਅਸੀਂ ਹਰ ਹਾਲ ਤਬਾਹ ਹੀ ਹੋਣਾ ਹੈ।" ਉਹਨਾਂ ਨੇ ਬਰੇਸਤ ਸੰਧੀ ਨਾਲੋਂ ਬੇਹਦ ਜ਼ਿਆਦਾ ਕਰੜੀਆਂ, ਵਹਿਸ਼ੀ, ਅਪਮਾਨਜਨਕ ਤੇ ਜਾਬਰ ਅਮਨ ਸੰਧੀਆਂ ਉੱਪਰ ਦਸਖਤ ਕੀਤੇ, ਤੇ ਫਿਰ ਉਹਨਾਂ ਨੂੰ ਪਤਾ ਸੀ ਕਿ ਆਪਣਾ ਵਕਤ ਕਿਵੇਂ ਟਪਾਉਣਾ ਹੈ; ਉਹਨਾਂ ਨੇ ਦ੍ਰਿੜ੍ਹਤਾ ਨਾਲ ਜੇਤੂ ਦੇ ਜੂਲੇ ਨੂੰ ਸਹਿਣ ਕੀਤਾ, ਫਿਰ ਲੜੇ, ਫਿਰ ਜੇਤੂ ਦੇ ਜੂਲੇ ਹੇਠ ਆਏ, ਫਿਰ ਘਿਨਾਉਣੀਆਂ ਤੋਂ ਘਿਨਾਉਣੀਆਂ ਅਮਨ ਸੰਧੀਆਂ ਉਤੇ ਦਸਖਤ ਕੀਤੇ, ਤੇ ਫਿਰ ਉੱਠੇ, ਤੇ **ਅਖੀਰ ਵਿਚ ਆਪਣੇ ਆਪ ਨੂੰ ਆਜ਼ਾਦ ਕਰਵਾ ਲਿਆ** (ਵਧੇਰੇ ਤਗੜੇ ਰਕੀਬ ਜੇਤੂਆਂ ਵਿਚਲੇ ਮਤਭੇਦਾਂ ਨੂੰ ਵਰਤਣ ਤੋਂ ਬਿਨਾਂ ਨਹੀਂ)।

ਸਾਡੇ ਇਤਿਹਾਸ ਵਿਚ ਇਹ ਕਿਉਂ ਨਹੀਂ ਦੁਹਰਾਇਆ ਜਾਣਾ ਚਾਹੀਦਾ?

ਅਸੀਂ ਕਿਉਂ ਢਹਿੰਦੀਆਂ ਕਲਾਂ ਵਿਚ ਡਿੱਗੀਏ ਤੇ ਐਸੇ ਮਤੇ ਲਿਖੀਏ—ਜਿਹੜੇ, ਸਚਮੁਚ, ਅਤਿ ਦੇ ਅਪਮਾਣਜਨਕ ਹਨ, ਅਮਨ ਨਾਲੋਂ ਵਧੇਰੇ ਅਪਮਾਣਜਨਕ—**ਇਹ** ਕਹਿੰਦੇ ਹੋਏ ਕਿ "ਸੋਵੀਅਤ ਸੱਤਾ ਨਿਰੋਲ ਰਸਮੀ ਬਣਦੀ ਜਾ ਰਹੀ ਹੈ"?

ਆਧੁਨਿਕ ਸਾਮਰਾਜ ਦੇ ਦੈਂਤਾਂ ਦੇ ਖਿਲਾਫ ਘੋਲ ਵਿਚ ਅਤਿ ਦੀਆਂ **ਦਰੜ**

ਸੁੱਟਣ ਵਾਲੀਆਂ ਹਾਰਾਂ ਰੂਸ ਵਿਚ ਵੀ ਕੌਮੀ ਆਚਰਨ ਨੂੰ ਪਾਣ ਕਿਉਂ ਨਾ ਚੜ੍ਹਾਉਣ, ਸਵੈ-ਡਿਸਿਪਲਿਨ ਨੂੰ ਮਜ਼ਬੂਤ ਕਿਉਂ ਨਾ ਕਰਨ, ਬਕੜਵਾਹ ਕਰਨ ਤੇ ਫਿਕਰੇਬਾਜ਼ੀ ਦਾ ਅੰਤ ਕਿਉਂ ਨਾ ਕਰਨ, ਸਾਹਸ ਕਿਉਂ ਨਾ ਸਿਖਾਉਣ ਤੇ ਲੋਕਾਂ ਨੂੰ ਪਰੂਸ਼ੀਅਨਾਂ ਦੇ ਠੀਕ ਦਾਅ-ਪੇਚਾਂ ਵੱਲ ਕਿਉਂ ਨਾ ਲੈ ਆਉਣ ਜਦੋਂ ਉਹਨਾਂ ਨੂੰ ਨੈਪੋਲੀਅਨ ਨੇ ਦਰੜ ਦਿੱਤਾ ਸੀ — ਅਤਿ ਦੀਆਂ ਅਪਮਾਣਜਨਕ ਅਮਨ ਸੰਧੀਆਂ ਉਤੇ ਦਸਖਤ ਕਰਨ ਦੇ ਦਾਅ-ਪੇਚਾਂ ਵੱਲ, ਜਦੋਂ ਤੁਹਾਡੇ ਕੋਲ ਕੋਈ ਫੌਜ ਨਾ ਹੋਵੇ, ਫਿਰ ਆਪਣੀਆਂ ਤਾਕਤਾਂ ਇਕੱਠੀਆਂ ਕਰਨ ਤੇ ਮੁੜ ਮੁੜ ਕੇ ਉੱਠਣ ਵੱਲ ?

ਅਸੀਂ ਪਹਿਲੀ ਅਮਨ ਸੰਧੀ ਉੱਤੇ ਹੀ ਕਿਉਂ ਢਹਿੰਦੀ ਆਂਕਲਾਂ ਵਿਚ ਚਲੇ ਜਾਈਏ, ਭਾਵੇਂ ਇਹ ਕਿੰਨੀਂ ਹੀ ਕਰੜੀ ਕਿਉਂ ਨਾ ਹੋਵੇ, ਜਦ ਕਿ ਦੂਜੀਆਂ ਕੌਮਾਂ ਹੋਰ ਵੀ ਵਧੇਰੇ ਕਰੜੀਆਂ ਬਦਕਿਸਮਤੀਆਂ ਨੂੰ ਹਿੰਮਤ ਨਾਲ ਬਰਦਾਸ਼ਤ ਕਰਨ ਦੇ ਯੋਗ ਹੋ ਸਕਦੀਆਂ ਸਨ ?

ਕੀ ਇਹ ਪ੍ਰੋਲਤਾਰੀਆਂ ਦਾ ਸਿਦਕ ਹੈ, ਜਿਹੜੇ ਜਾਣਦੇ ਹਨ ਕਿ ਜਦੋਂ ਤਾਕਤ ਦੀ ਘਾਟ ਹੋਵੇ ਤਾਂ ਬੰਦੇ ਨੂੰ ਝੁਕ ਜਾਣਾ ਚਾਹੀਦਾ ਹੈ, ਤੇ ਫਿਰ ਕਿਸੇ ਵੀ ਕੀਮਤ ਉਤੇ ਮੁੜ ਮੁੜ ਕੇ ਉੱਠਣ ਦੇ, ਤੇ **ਸਭ** ਹਾਲਤਾਂ ਵਿਚ ਤਾਕਤ ਖੜੀ ਕਰਨ ਦੇ ਯੋਗ ਹੁੰਦੇ ਹਨ, ਜਿਹੜਾ ਢਹਿੰਦੀਆਂ ਕਲਾਂ ਦੇ ਇਹਨਾਂ ਦਾਅ-ਪੇਚਾਂ ਨਾਲ ਮੇਲ ਖਾਂਦਾ ਹੈ, ਜਾਂ ਕਿ ਪੈਟੀ-ਬੁਰਜੂਆ ਦੀ ਨਿਰਬਲਤਾ ਹੈ, ਜਿਨ੍ਹਾਂ ਨੇ ਸਾਡੇ ਦੇਸ ਵਿਚ, ਖੱਬੀ ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਰੂਪ ਵਿਚ, ਇਨਕਲਾਬੀ ਜੰਗ ਬਾਰੇ ਫਿਕਰੇਬਾਜ਼ੀ ਦੇ ਰੀਕਾਰਡ ਤੋੜ ਦਿੱਤੇ ਹਨ ?

ਨਹੀਂ, ਪਿਆਰੇ ਮਾਸਕੋ "ਅਤਿਵਾਦੀ" ਸਾਥੀਓ, ਅਜ਼ਮਾਇਸ਼ ਦਾ ਹਰ ਦਿਨ ਬਿਲਕੁਲ ਉਹਨਾਂ ਮਜ਼ਦੂਰਾਂ ਨੂੰ ਤੁਹਾਥੋਂ ਦੂਰ ਲਿਜਾਈ ਜਾਏਗਾ, ਜਿਹੜੇ ਸਭ ਤੋਂ ਵਧ ਜਮਾਤੀ ਚੇਤੰਨਤਾ ਵਾਲੇ ਤੇ ਸਭ ਤੋਂ ਵਧ ਦ੍ਰਿੜ੍ਹ ਹਨ। ਉਹ ਕਹਿਣਗੇ ਕਿ ਸੋਵੀਅਤ ਸੱਤਾ ਨਿਰੋਲ ਰਸਮੀ ਨਹੀਂ **ਬਣ ਰਹੀ** ਤੇ ਨਾ ਹੀ **ਬਣੇਗੀ**; ਤੇ ਸਿਰਫ ਹੁਣ ਨਹੀਂ, ਜਦੋਂ ਜੇਤੂ ਪਸਕੋਵ ਵਿਚ ਹੈ ਤੇ ਸਾਨੂੰ ਅਨਾਜ, ਕੱਚੀ ਧਾਤ ਤੇ ਪੈਸਿਆਂ ਦੇ ਰੂਪ ਵਿਚ ਦੱਸ ਅਰਬ ਰੂਬਲ ਤਾਵਾਨ ਅਦਾ ਕਰਨ ਲਈ ਮਜਬੂਰ ਕਰ ਰਿਹਾ ਹੈ, ਸਗੋਂ ਉਦੋਂ ਵੀ ਜਦੋਂ ਉਹ ਨੀਜਨੀ-ਨੋਵਗੋਰੋਦ ਤੇ ਰੋਸਤੋਵ-ਓਨ-ਦੋਨ ਜਿੰਨੀ ਦੂਰ ਰਹਿ ਜਾਇਗਾ ਤੇ ਸਾਨੂੰ ਵੀਹ ਅਰਬ ਰੂਬਲ ਦਾ ਤਾਵਾਨ ਅਦਾ ਕਰਨ ਲਈ ਕਹੇਗਾ।

ਕਦੀ ਵੀ ਕੋਈ ਬਦੇਸ਼ੀ ਜਿੱਤ ਕਿਸੇ ਹਰਮਨ-ਪਿਆਰੀ ਰਾਜਸੀ ਸੰਸਥਾ ਨੂੰ "ਨਿਰੋਲ ਰਸਮੀ" ਨਹੀਂ ਬਣਾ ਦੇਵੇਗੀ (ਤੇ ਸੋਵੀਅਤ ਸੱਤਾ ਸਿਰਫ ਰਾਜਸੀ ਸੰਸਥਾ **ਨਹੀਂ** ਹੈ, ਜਿਹੜੀ ਇਤਿਹਾਸ ਵਿਚ ਆਉਂਦੀ ਕਿਸੇ ਵੀ ਚੀਜ਼ ਨਾਲੋਂ ਵਧੇਰੇ ਉੱਤਮ ਹੈ)। ਇਸਦੇ ਉਲਟ ਬਦੇਸ਼ੀ ਜਿੱਤ ਸੋਵੀਅਤ ਸੱਤਾ ਲਈ ਲੋਕਾਂ ਦੀ ਹਮਦਰਦੀ ਨੂੰ ਸਿਰਫ ਬਲ ਹੀ

ਪਵੇਗੀ, ਬਸ਼ਰਤਿਕਿ — ਬਸ਼ਰਤਿਕਿ ਇਹ ਅੰਧਾਧੁੰਦ ਬੇਵਕੂਫੀਆਂ ਵਿੱਚ ਨਾ ਡਿੱਗ ਪਵੇ।

ਤੇ ਜਦੋਂ ਤੁਹਾਡੇ ਕੋਲ ਕੋਈ ਫੌਜ ਨਹੀਂ, ਉਦੋਂ ਗੰਦੀ ਤੋਂ ਗੰਦੀ ਅਮਨ ਸੰਧੀ ਵੀ ਕਰਨ ਤੋਂ ਇਨਕਾਰ ਕਰਨਾ ਅੰਧਾਧੁੰਦ ਜੂਆ ਹੋਵੇਗਾ, ਜਿਸ ਵਾਸਤੇ ਲੋਕ ਉਸ ਸਰਕਾਰ ਦੀ ਨਿਖੇਧੀ ਕਰਨ ਵਿਚ ਠੀਕ ਹੋਣਗੇ ਜਿਹੜੀ ਇੰਝ ਕਰਨ ਤੋਂ ਇਨਕਾਰ ਕਰਦੀ ਹੈ।

ਬਰੇਸਤ ਸੰਧੀ ਨਾਲੋਂ ਬੇਹੱਦ ਜ਼ਿਆਦਾ ਕਰੜੀਆਂ ਤੇ ਅਪਮਾਣਜਨਕ ਅਮਨ ਸੰਧੀਆਂ ਉਤੇ, ਬਿਨਾਂ ਨਿਜ਼ਾਮ ਦੀ ਬਦਨਾਮੀ ਜਾਂ ਇਸਨੂੰ ਰਸਮੀ ਬਣਾ ਦੇਣ ਦੇ, ਪਹਿਲਾਂ ਇਤਿਹਾਸ ਵਿਚ ਦਸਖਤ ਕੀਤੇ ਜਾ ਚੁੱਕੇ ਹੋਏ ਹਨ; ਉਹਨਾਂ ਨੇ ਨਾ ਲੋਕਾਂ ਨੂੰ ਤੇ ਨਾ ਹੀ ਨਿਜ਼ਾਮ ਨੂੰ ਤਬਾਹ ਕੀਤਾ, ਸਗੋਂ ਲੋਕਾਂ ਨੂੰ ਪਾਣ ਚੜ੍ਹਾਈ, ਅਤਿ ਦੀਆਂ ਮਾਯੂਸ ਹਾਲਤਾਂ ਵਿਚ ਤੇ ਜੇਤੂ ਦੀਆਂ ਅੱਡੀਆਂ ਹੇਠਾਂ ਵੀ ਅਸਰਦਾਰ ਫੌਜ ਉਸਾਰਨ ਦੀ ਕਰੜੀ ਤੇ ਮੁਸ਼ਕਲ ਸਾਇੰਸ ਉਹਨਾਂ ਨੂੰ **ਸਿਖਾਈ**।

ਰੂਸ ਨਵੀਂ ਤੇ ਸੱਚੀ ਦੇਸ਼ਭਗਤਕ ਜੰਗ ਦੀ ਤਿਆਰੀ ਕਰ ਰਿਹਾ ਹੈ, ਸੋਵੀਅਤ ਸੱਤਾ ਨੂੰ ਕਾਇਮ ਰੱਖਣ ਤੇ ਮਜ਼ਬੂਤ ਬਨਾਉਣ ਲਈ ਜੰਗ ਦੀ। ਇਹ ਸੰਭਵ ਹੈ ਕਿ ਇਕ ਹੋਰ ਦੌਰ ਸੋਵੀਅਤ ਰੂਸ ਉਪਰ ਹਮਲਾਵਰਾਂ ਵਲੋਂ ਠੋਸੀਆਂ ਗਈਆਂ ਆਜ਼ਾਦੀ ਦੀਆਂ **ਜੰਗਾਂ** (ਇਕ ਜੰਗ ਨਹੀਂ, ਸਗੋਂ ਜੰਗਾਂ) ਦਾ ਦੌਰ ਹੋਵੇਗਾ — ਜਿਵੇਂ ਕਿ ਨੈਪੋਲੀਅਨੀ ਜੰਗਾਂ ਦਾ ਦੌਰ ਸੀ। ਇਹ ਸੰਭਵ ਹੈ।

ਤੇ, ਇਸ ਲਈ, ਕਿਸੇ ਵੀ ਕਰੜੇ, ਜਾਂ ਸਗੋਂ ਅਤਿ ਦੇ ਕਰੜੇ ਅਮਨ, ਜੋ ਕਿ ਫੌਜ ਦੀ ਘਾਟ ਕਾਰਨ ਲਾਜ਼ਮੀ ਹੋ ਗਿਆ ਹੋਵੇ, ਨਾਲੋਂ ਵਧੇਰੇ ਅਪਮਾਣਜਨਕ, ਕਿਸੇ ਵੀ ਅਪਮਾਣਜਨਕ ਅਮਨ ਨਾਲੋਂ ਵਧੇਰੇ ਅਪਮਾਣਜਨਕ, ਅਪਮਾਣਜਨਕ ਨਿਰਾਸ਼ਾ ਹੈ। ਜੇ ਅਸੀਂ ਬਗ਼ਾਵਤ ਤੇ ਜੰਗ ਨੂੰ **ਗੰਭੀਰਤਾ** ਨਾਲ ਲਈਏ ਤਾਂ ਦਰਜਨ ਗੰਦੀਆਂ ਅਮਨ ਸੰਧੀਆਂ ਨਾਲ ਵੀ ਅਸੀਂ ਤਬਾਹ ਨਹੀਂ ਹੋਣ ਲੱਗੇ। ਕੋਈ ਵੀ ਜੇਤੂ ਸਾਨੂੰ ਤਬਾਹ ਨਹੀਂ ਕਰ ਸੱਕਦਾ ਜੇ ਅਸੀਂ ਮਾਯੂਸੀ ਤੇ ਫਿਕਰੇਬਾਜ਼ੀ ਨਾਲ ਆਪਣੇ ਆਪ ਨੂੰ ਤਬਾਹ ਨਾ ਕਰ ਲਈਏ ਤਾਂ।

"ਪਰਾਵਦਾ" ਨੰ: ੩੭ ਤੇ ੩੮,
੨੮ (੧੫) ਫਰਵਰੀ, ਤੇ ੧
ਮਾਰਚ (੧੬ ਫਰਵਰੀ) ੧੯੧੮
ਦਸਖਤ: **ਨ. ਲੈਨਿਨ**

ਸੈਂਚੀ ੩੫,
ਸਫੇ ੩੯੯—੪੦੭।

# ਗੰਭੀਰ ਸਬਕ ਤੇ ਗੰਭੀਰ ਜ਼ਿਮੇਵਾਰੀ

ਸਾਡੇ ਨਕਲੀ-ਖੱਬੇ, ਜਿਨ੍ਹਾਂ ਨੇ ਕੱਲ ਆਪਣਾ ਅਖਬਾਰ "ਕੋਮੂਨਿਸਟ" (ਪੂਰਵ-ਮਾਰਕਸੀ ਯੁਗ ਦਾ ਕਮਿਊਨਿਸਟ, ਨਾਲ ਮਿਲਾ ਦੇਣਾ ਚਾਹੀਦਾ ਹੈ) ਕਢਿਆ ਹੈ, ਇਤਿਹਾਸ ਦੇ ਸਬਕ ਤੇ ਸਬਕਾਂ ਨੂੰ ਝਾਂਸਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ, ਜ਼ਿਮੇਵਾਰੀ ਨੂੰ ਝਾਂਸਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ।

ਪਰ ਉਹ ਵਿਅਰਥ ਝਾਂਸਾ ਦੇ ਰਹੇ ਹਨ। ਉਹ ਇਸਨੂੰ ਝਾਂਸਾ ਦੇਣ ਵਿਚ ਸਫਲ ਨਹੀਂ ਹੋਣਗੇ।

ਇਹ ਝਾਂਸਾ ਦੇਣ ਵਾਲੇ "ਸਾਹ ਲੈਣ ਦੇ ਵਕਫੇ" ਦੇ "ਸਿਧਾਂਤ" ਨੂੰ ਬੇਬੁਨਿਆਦ ਤੇ ਕੱਚਾ "ਸਿਧਾਂਤ" ਸਿਧ ਕਰਨ ਲਈ ਵਧ ਤੋਂ ਵਧ ਵਾਹ ਲਾ ਰਹੇ ਹਨ, ਅਖਬਾਰਾਂ ਦੇ ਅਣਗਿਣਤ ਸਫੇ ਭਰ ਰਹੇ ਹਨ, ਪਸੀਨਾ ਪਸੀਨਾ ਹੋ ਰਹੇ ਹਨ, ਇਥੋਂ ਤੱਕ ਕਿ, ਜਿਵੇਂ ਉਹ ਕਹਿੰਦੇ ਹਨ, ਛਾਪਕ ਦੀ ਸਿਆਹੀ ਦੀ ਵੀ ਪ੍ਰਵਾਹ ਨਹੀਂ ਕਰ ਰਹੇ।

ਕਾਸ਼, ਉਹਨਾਂ ਦੇ ਯਤਨ ਤੱਥਾਂ ਨੂੰ ਗ਼ਲਤ ਸਿਧ ਕਰਨ ਦੇ ਅਸਮਰੱਥ ਹਨ। ਤੱਥ ਢੀਠ ਚੀਜ਼ ਹੁੰਦੇ ਹਨ, ਜਿਵੇਂ ਕਿ ਅੰਗਰੇਜ਼ੀ ਦੀ ਕਹਾਵਤ ਠੀਕ ਹੀ ਕਹਿੰਦੀ ਹੈ। ਇਹ ਇਕ ਹਕੀਕਤ ਹੈ ਕਿ ੩ ਮਾਰਚ ਤੋਂ ਲੈ ਕੇ ਜਦੋਂ ਦਿਨ ਦੇ ੧ ਵਜੇ ਜਰਮਨਾਂ ਨੇ ਲੜਾਈ ਬੰਦ ਕੀਤੀ, ੫ ਮਾਰਚ ਸ਼ਾਮ ਦੇ ਸੱਤ ਵਜੇ ਤੱਕ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ, ਸਾਨੂੰ ਸਾਹ ਲੈਣ ਦਾ ਵਕਫਾ ਮਿਲਿਆ ਹੈ ਤੇ ਅਸੀਂ ਇਹਨਾਂ ਦੋ ਦਿਨਾਂ ਦੀ ਵਰਤੋਂ ਸੋਸ਼ਲਿਸਟ ਪਿਤਾਭੂਮੀ ਦੀ **ਕਾਰੋਬਾਰੀ ਢੰਗ** ਦੀ (ਜਿਵੇਂ ਕਿ ਕਰਨੀ ਵਿਚ ਪ੍ਰਗਟ ਹੁੰਦੀ ਹੈ, ਫਿਕਰੇਬਾਜ਼ੀ ਵਿਚ ਨਹੀਂ) ਰਾਖੀ ਲਈ ਪਹਿਲਾਂ ਹੀ ਕਰ **ਚੁੱਕੇ** ਹਾਂ। ਇਹ ਇਕ ਹਕੀਕਤ ਹੈ ਜਿਹੜੀ ਹਰ ਲੰਘਦੇ ਦਿਨ ਨਾਲ ਜਨਤਾ ਨੂੰ ਵਧੇਰੇ ਸਪਸ਼ਟ ਹੁੰਦੀ ਜਾਇਗੀ। ਇਹ ਇਕ ਹਕੀਕਤ ਹੈ ਕਿ ਐਸੇ ਸਮੇਂ ਜਦੋਂ ਮਹਾਜ਼ ਉਤੇ ਫੌਜ, ਲੜਨ ਦੀ ਹਾਲਤ ਵਿਚ ਨਾ ਹੁੰਦੀ ਹੋਈ, ਹਫੜਾ-ਦਫੜੀ ਵਿਚ ਨੱਠ ਰਹੀ ਹੈ,

ਆਪਣੀਆਂ ਤੋਪਾਂ ਛੱਡ ਰਹੀ ਹੈ ਤੇ ਪੁਲ ਉਡਾਉਣ ਲਈ ਵੀ ਨਹੀਂ ਰੁਕ ਰਹੀ, ਪਿਤਾਭੂਮੀ ਦੀ ਰਾਖੀ ਤੇ ਇਸਦੀ ਰੱਖਿਆ ਸਮਰੱਥਾ ਨੂੰ **ਵਧਾਉਣਾ** ਇਨਕਲਾਬੀ ਜੰਗ ਬਾਰੇ ਬਕੜਵਾਹ ਕਰਨ ਵਿਚ ਨਹੀਂ (ਫੌਜ ਦੇ ਇਸ ਹਫੜਾ-ਦਫੜੀ ਵਿਚ ਭੱਜਣ ਦੇ ਸਾਮ੍ਹਣੇ ਬਕੜਵਾਹ ਬਿਲਕੁਲ ਸ਼ਰਮਨਾਕ ਹੈ—ਜਿਸਦਾ **ਇਕ ਵੀ** ਦਸਤਾ ਇਨਕਲਾਬੀ ਜੰਗ ਦੇ ਵਕੀਲਾਂ ਵਲੋਂ **ਰੋਕਿਆ ਨਹੀਂ** ਸੀ ਗਿਆ), ਸਗੋਂ ਚੰਗੀ ਤਰਤੀਬ ਵਿਚ ਪਿੱਛੇ ਹਟਣ ਵਿਚ ਹੈ, ਤਾ ਕਿ ਫੌਜ ਦੇ ਬਾਕੀ ਬਚੇ ਹਿਸਿਆਂ ਨੂੰ, ਆਰਾਮ ਦੇ ਵਕਫੇ ਦੇ ਮਿਲੇ ਹਰ ਦਿਨ ਤੋਂ ਇਸ ਮੰਤਵ ਲਈ ਲਾਭ ਉਠਾਉਂਦੇ ਹੋਏ, ਬਚਾ ਸਕੀਏ।

ਹਕੀਕਤਾਂ ਢੀਠ ਚੀਜ਼ ਹੁੰਦੀਆਂ ਹਨ।

ਸਾਡੇ ਨਕਲੀ-ਖੱਬੇ, ਹਕੀਕਤਾਂ ਨੂੰ, ਉਹਨਾਂ ਤੋਂ ਨਿਕਲਦੇ ਸਬਕਾਂ ਨੂੰ ਤੇ ਜ਼ਿਮੇਵਾਰੀ ਦੇ ਸਵਾਲ ਨੂੰ ਝਾਂਸਾ ਦੇਣ ਦੇ ਆਪਣੇ ਯਤਨਾਂ ਵਿਚ, ਆਪਣੇ ਪਾਠਕਾਂ ਤੋਂ ਹੁਣੇ ਹੁਣੇ ਦਾ, ਬਿਲਕੁਲ ਤਾਜ਼ਾ ਤੇ ਇਤਿਹਾਸਕ ਤੌਰ ਉਤੇ ਮਹਤਵਪੂਰਨ ਬੀਤਿਆ ਸਮਾਂ **ਲੁਕਾਉਣ** ਦੀ ਕੋਸ਼ਿਸ਼ ਕਰ ਰਹੇ ਹਨ, ਤੇ ਦੂਰ ਦੇ ਤੇ ਗੈਰ-ਮਹਤਵਪੂਰਨ ਬੀਤੇ ਦੇ ਹਵਾਲਿਆਂ ਨਾਲ ਇਸ ਉਤੇ **ਮੁਲੰਮਾਂ ਚੜ੍ਹਾਉਣ** ਦੀ ਕੋਸ਼ਿਸ਼ ਕਰ ਰਹੇ ਹਨ। ਉਦਾਹਰਣ ਵਜੋਂ, ਕ. ਰਾਦੇਕ ਆਪਣੇ ਲੇਖ ਵਿਚ ਯਾਦ ਕਰਦਾ ਹੈ ਕਿ ਦਸੰਬਰ ਵਿਚ (ਦਸੰਬਰ, ਜ਼ਰਾ ਖਿਆਲ ਕਰੋ!) "ਲੋਕ ਕੋਮੀਸਾਰਾਂ ਦੀ ਕੌਂਸਲ ਨੂੰ ਭੇਜੇ ਇਕ ਯਾਦ-ਪੱਤਰ" ਵਿਚ ਫੌਜ ਦੀ ਡਟਣ ਵਿਚ ਸਹਾਇਤਾ ਕਰਨ ਦੀ ਲੋੜ ਬਾਰੇ ਲਿਖਿਆ ਗਿਆ ਸੀ। ਇਹ ਯਾਦ-ਪੱਤਰ ਪੜ੍ਹਣ ਦਾ ਮੈਨੂੰ ਮੌਕਾ ਨਹੀਂ ਮਿਲਿਆ ਤੇ ਮੈਂ ਆਪਣੇ ਆਪ ਨੂੰ ਪੁੱਛਦਾ ਹਾਂ: ਕਾਰਲ ਰਾਦੇਕ ਇਸਨੂੰ **ਪੂਰਾ** ਕਿਉਂ ਨਹੀਂ ਛਾਪਦਾ? ਉਹ ਸਪਸ਼ਟ ਤੌਰ ਉਤੇ ਤੇ ਸਾਫ ਸਾਫ ਕਿਉਂ ਨਹੀਂ ਖੋਹਲ ਕੇ ਦੱਸਦਾ ਕਿ ਉਦੋਂ "ਸੁਲਹ-ਸਫਾਈ ਵਾਲੇ ਅਮਨ" ਤੋਂ ਉਸਦਾ ਕੀ ਮਤਲਬ ਸੀ? ਉਹ ਵਧੇਰੇ ਨੇੜੇ ਦੇ ਭੂਤ ਨੂੰ ਕਿਉਂ ਨਹੀਂ ਯਾਦ ਕਰਦਾ ਜਦੋਂ ਉਸਨੇ "ਪਰਾਵਦਾ" ਵਿਚ ਆਪਣੇ ਭੁਲੇਖੇ (ਸਭ ਤੋਂ ਭੈੜੇ ਭੁਲੇਖੇ) ਬਾਰੇ ਲਿਖਿਆ ਸੀ ਕਿ ਪੋਲੈਂਡ ਨੂੰ ਬਹਾਲ ਕਰਨ ਦੀ ਸ਼ਰਤ ਉਪਰ ਜਰਮਨ ਸਾਮਰਾਜੀਆਂ ਨਾਲ ਅਮਨ ਸਮਝੌਤਾ ਕੀਤਾ ਜਾ ਸਕਦਾ ਹੈ?

ਕਿਉਂ?

ਕਿਉਂਕਿ ਨਕਲੀ-ਖੱਬੇ ਹਕੀਕਤਾਂ ਉਪਰ ਮੁਲੰਮਾਂ ਚੜ੍ਹਾਉਣ ਲਈ ਮਜਬੂਰ ਹਨ ਜਿਹੜੀਆਂ ਉਹਨਾਂ ਝਾਵਲਿਆਂ ਨੂੰ ਬੀਜਣ ਵਿਚ **ਉਹਨਾਂ** ਦੀ, ਖੱਬਿਆਂ ਦੀ, ਜ਼ਿਮੇਵਾਰੀ ਨੂੰ ਪ੍ਰਗਟ ਕਰਦੀਆਂ ਹਨ, ਜਿਨ੍ਹਾਂ ਝਾਵਲਿਆਂ ਨੇ ਅਸਲ ਵਿਚ ਜਰਮਨ ਸਾਮਰਾਜ ਦੀ **ਸਹਾਇਤਾ ਕੀਤੀ** ਤੇ ਜਰਮਨ ਵਿਚ ਇਨਕਲਾਬ ਦੇ ਵਾਧੇ ਤੇ ਵਿਕਾਸ ਵਿਚ **ਰੁਕਾਵਟ ਪਾਈ।**

ਨ. ਬੁਖਾਰੀਨ ਤਾਂ ਸਗੋਂ ਹੁਣ ਇਸ ਤੱਥ ਤੋਂ ਇਨਕਾਰੀ ਹੋਣ ਦੀ ਵੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਤੇ ਉਸਦੇ ਦੋਸਤ ਦਾਅਵਾ ਕਰਦੇ ਸਨ ਕਿ ਜਰਮਨਾਂ ਲਈ ਹਮਲਾ ਕਰਨਾ ਅਸੰਭਵ ਹੈ। ਪਰ ਬਹੁਤ ਬਹੁਤ ਲੋਕ ਜਾਣਦੇ ਹਨ ਕਿ ਇਹ ਹਕੀਕਤ ਹੈ ਕਿ ਬੁਖਾਰੀਨ ਤੇ ਉਸਦੇ ਦੋਸਤ ਇਸਦਾ ਦਾਅਵਾ ਜ਼ਰੂਰ ਕਰਦੇ ਸਨ, ਤੇ ਇਸ ਤਰ੍ਹਾਂ ਦਾ ਭ੍ਰਾਵਲਾ ਬੀਜਣ ਨਾਲ ਉਹਨਾਂ ਨੇ ਜਰਮਨ ਸਾਮਰਾਜ ਦੀ ਸਹਾਇਤਾ ਕੀਤੀ ਤੇ ਜਰਮਨ ਇਨਕਲਾਬ ਵਿਚ ਰੁਕਾਵਟ ਪਾਈ ਜਿਹੜਾ ਹੁਣ ਇਸ ਹਕੀਕਤ ਕਰਕੇ ਕਮਜ਼ੋਰ ਹੋ ਗਿਆ ਹੈ ਕਿ ਕਿਸਾਨ ਫੌਜ ਦੀ ਘਬਰਾਹਟ-ਭਰੀ ਲੜਾਈ ਦੇ ਦੌਰਾਣ, ਮਹਾਨ-ਰੂਸੀ ਸੋਵੀਅਤ ਰੀਪਬਲਿਕ ਹਜ਼ਾਰਾਂ ਹੀ ਤੋਪਾਂ ਤੋਂ ਤੇ ਕਰੋੜਾਂ ਦੀ ਕੀਮਤ ਦੇ ਧਨ ਤੋਂ ਵਾਂਝੀ ਗਈ ਹੈ। ਮੈਂ ੭ ਜਨਵਰੀ ਵਾਲੇ ਪ੍ਰਸਤਾਵਾਂ ਵਿਚ ਇਸਦੀ ਨਿਸਚਿਤ ਤੇ ਸਾਫ ਸਾਫ ਭਵਿਖਬਾਣੀ ਕੀਤੀ ਸੀ।* ਜੇ ਨ. ਬੁਖਾਰੀਨ ਹੁਣ ਥੁੱਕਿਆ ਚੱਟਣ ਉਤੇ ਮਜਬੂਰ ਹੋ ਗਿਆ ਹੈ, ਤਾਂ ਹੋਰ ਵੀ ਮਾੜਾ ਹੈ। ਉਹ ਸਾਰੇ ਲੋਕ, ਜਿਹੜੇ ਯਾਦ ਰਖਦੇ ਹਨ ਕਿ ਬੁਖਾਰੀਨ ਤੇ ਉਸਦੇ ਦੋਸਤਾਂ ਨੇ ਕਿਹਾ ਸੀ ਕਿ ਜਰਮਨਾਂ ਲਈ ਹਮਲਾ ਕਰਨਾ ਅਸੰਭਵ ਹੈ, ਹੁਣ ਸਿਰਫ ਆਪਣੇ ਮੋਢੇ ਹੀ ਸੁੰਗੇੜਣਗੇ ਕਿ ਨ. ਬੁਖਾਰੀਨ ਥੁੱਕਿਆ ਚੱਟਣ ਉਤੇ ਮਜਬੂਰ ਹੋ ਗਿਆ ਹੈ।

ਤੇ ਉਹਨਾਂ ਲੋਕਾਂ ਦੇ ਭਲੇ ਲਈ ਜਿਨ੍ਹਾਂ ਨੂੰ ਇਹ ਯਾਦ ਨਹੀਂ, ਉਹਨਾਂ ਵਾਸਤੇ ਜਿਨ੍ਹਾਂ ਨੇ ਇਹ ਨਹੀਂ ਸਨ ਸੁਣੇ, ਆਓ ਜ਼ਰਾ ਉਸ ਦਸਤਾਵੇਜ਼ ਦਾ ਹਵਾਲਾ ਦੇਈਏ ਜਿਹੜੀ **ਹੁਣ** ਉਸ ਨਾਲੋਂ ਵਧੇਰੇ ਕੀਮਤੀ, ਦਿਲਚਸਪ ਤੇ ਸਿਖਿਆਦਾਇਕ ਹੈ, ਜੋ ਕੁਝ ਕਿ ਕ. ਰਾਦੇਕ ਨੇ ਦਸੰਬਰ ਵਿਚ ਲਿਖਿਆ ਸੀ। ਇਹ ਦਸਤਾਵੇਜ਼ (੧) ੨੧ ਜਨਵਰੀ ਨੂੰ ਸਾਡੀ ਪਾਰਟੀ ਦੀ ਕੇਂਦਰੀ ਕਮੇਟੀ ਦੀ ਮੌਜੂਦਾ "ਖੱਬੇ" ਵਿਰੋਧੀ ਧੜੇ ਨਾਲ ਮੀਟਿੰਗ ਵਿਚ ਪਈਆਂ ਵੋਟਾਂ ਦਾ, ਤੇ (੨) ੧੭ ਫਰਵਰੀ, ੧੯੧੮ ਨੂੰ ਕੇਂਦਰੀ ਕਮੇਟੀ ਵਿਚ ਪਈਆਂ ਵੋਟਾਂ ਦਾ ਰੀਕਾਰਡ ਹੈ ਜੋ ਕਿ ਬਦਕਿਸਮਤੀ ਨਾਲ "ਖੱਬਿਆਂ" ਨਾਲੋਂ ਆਪਣੇ ਪਾਠਕਾਂ ਤੋਂ ਲੁਕਾਇਆ ਜਾ ਰਿਹਾ ਹੈ।

੨੧ ਜਨਵਰੀ, ੧੯੧੮ ਨੂੰ, ਇਸ ਸਵਾਲ ਉੱਤੇ ਕਿ ਕੀ ਜਰਮਨਾਂ ਨਾਲ ਗੱਲਬਾਤ ਤੁਰਤ ਤੋੜ ਲਈ ਜਾਏ, ਸਿਰਫ ਸਤੂਕੋਵ ਨੇ (ਨਕਲੀ-ਖੱਬੇ ਕੋਮੂਨਿਸਟ ਵਿਚ ਲਿਖਣ ਵਾਲਿਆਂ ਵਿਚੋਂ) ਹੱਕ ਵਿਚ ਵੋਟ ਪਾਇਆ। ਬਾਕੀ ਸਾਰਿਆਂ ਨੇ ਖਿਲਾਫ ਵੋਟ ਪਾਏ।

ਇਸ ਸਵਾਲ ਉਤੇ, ਕਿ ਜੇ ਜਰਮਨ ਗੱਲਬਾਤ ਤੋੜਣ ਜਾਂ ਅਲਟੀਮੇਟਮ ਦੇਣ ਤਾਂ ਕੀ ਅਲਹਾਕਵਾਦੀ ਅਮਨ ਸਮਝੌਤੇ ਉੱਤੇ ਦਸਖਤ ਕਰਨਾ **ਯੋਗ** ਹੈ ਜਾਂ ਨਹੀਂ, ਸਿਰਫ

---

* ਦੇਖੋ ਸਫੇ ੪-੧੪। **—ਸੰਪਾ:**

(ਓਬੋਲੈਂਸਕੀ ਨੇ ( "ਉਸ ਦੇ" ਪ੍ਰਸਤਾਵ ਕਦੋਂ ਛਪਣਗੇ ? ਕੌਮੂਨਿਸਤ ਉਹਨਾਂ ਬਾਰੇ ਕਿਉਂ ਚੁੱਪ ਹੈ ?) ਤੇ ਸਤੂਕੋਵ ਨੇ **ਖਿਲਾਫ** ਵੋਟ ਪਾਏ। ਬਾਕੀ ਸਾਰਿਆਂ ਨੇ ਹੱਕ ਵਿਚ ਵੋਟ ਪਾਏ।

ਇਸ ਸਵਾਲ ਉੱਤੇ ਕਿ ਇਸ ਸੂਰਤ ਵਿਚ ਕੀ ਤਜਵੀਜ਼ ਕੀਤਾ ਗਿਆ ਅਮਨ ਸਮਝੌਤਾ ਕੀਤਾ **ਜਾਏ** ਜਾਂ ਨਾ, ਸਿਰਫ ਓਬੋਲੈਂਸਕੀ ਤੇ ਸਤੂਕੋਵ ਨੇ **ਖਿਲਾਫ** ਵੋਟ ਪਾਏ। ਬਾਕੀ "ਖੱਬਿਆਂ" ਨੇ **ਵੋਟ ਨਾ ਪਾਏ**। ਇਹ ਇਕ ਹਕੀਕਤ ਹੈ।

੧੭ ਫਰਵਰੀ, ੧੯੧੮ ਨੂੰ, ਜਦੋਂ ਇਹ ਸਵਾਲ ਰੱਖਿਆ ਗਿਆ ਸੀ: ਇਨਕਲਾਬੀ ਜੰਗ ਦੇ ਹੱਕ ਵਿਚ ਕੌਣ ਹੈ ?—ਬੁਖਾਰੀਨ ਤੇ ਲੋਮੋਵ ਨੇ "ਇਸ ਸਵਾਲ ਉਪਰ, ਜਿਵੇਂ ਕਿ ਇਹ ਪੇਸ਼ ਕੀਤਾ ਗਿਆ ਹੈ, ਵੋਟਾਂ ਪਾਉਣ ਤੋਂ ਇਨਕਾਰ ਕਰ ਦਿਤਾ।" ਕਿਸੇ ਨੇ ਵੀ **ਹੱਕ ਵਿਚ** ਵੋਟਾਂ ਨਾ ਪਾਈਆਂ। ਇਹ ਇਕ ਹਕੀਕਤ ਹੈ।

ਇਸ ਸਵਾਲ ਉਤੇ ਕਿ ਕੀ "ਉਦੋਂ ਤੱਕ ਅਮਨ ਗੱਲਬਾਤ ਮੁੜ ਸ਼ੁਰੂ ਕਰਨ ਤੋਂ ਪਰਹੇਜ਼ ਕੀਤਾ ਜਾਏ ਜਦੋਂ ਤੱਕ ਜਰਮਨ ਹਮਲਾ ਕਾਫੀ (ਸ਼ੀ!) ਪ੍ਰਤੱਖ ਨਹੀਂ ਹੋ ਜਾਂਦਾ ਤੇ ਜਰਮਨ ਮਜ਼ਦੂਰ ਜਮਾਤ ਉਪਰ ਇਸਦਾ ਅਸਰ ਸਪਸ਼ਟ ਨਹੀਂ ਹੋ ਜਾਂਦਾ", "ਖੱਬੇ" ਅਖਬਾਰ ਵਿਚ ਮੌਜੂਦਾ ਲਿਖਣ ਵਾਲਿਆਂ ਵਿਚੋਂ ਸਿਰਫ ਬੁਖਾਰੀਨ, ਲੋਮੋਵ ਤੇ ਉਰਿਤਸਕੀ ਨੇ "**ਹਾਂ**" **ਵਿਚ** ਵੋਟ ਪਾਏ।

ਇਸ ਸਵਾਲ ਉੱਤੇ ਕਿ "ਜੇ ਜਰਮਨ ਹਮਲਾ ਹਕੀਕਤ ਵਿਚ ਬਦਲ ਜਾਂਦਾ ਹੈ ਤੇ ਜਰਮਨੀ ਤੇ ਆਸਟਰੀਆ ਵਿਚ ਇਨਕਲਾਬੀ ਉਭਾਰ ਪੈਦਾ ਹੋਣ ਤੋਂ ਅਸਮਰੱਥ ਰਹਿੰਦਾ ਹੈ ਤਾਂ ਕੀ ਅਸੀਂ ਅਮਨ ਸਮਝੌਤਾ ਕਰ ਲਈਏ ?"—ਲੋਮੋਵ, ਬੁਖਾਰੀਨ ਤੇ ਉਰਿਤਸਕੀ ਨੇ **ਵੋਟਾਂ ਨਾ ਪਾਈਆਂ**।

ਹਕੀਕਤਾਂ ਢੀਠ ਚੀਜ਼ ਹੁੰਦੀਆਂ ਹਨ। ਤੇ ਹਕੀਕਤਾਂ ਦਰਸਾਉਂਦੀਆਂ ਹਨ ਕਿ ਬੁਖਾਰੀਨ ਨੇ ਜਰਮਨ ਹਮਲੇ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਤੇ ਭੁਲੇਖੇ ਬੀਜੇ, ਜਿਨ੍ਹਾਂ ਨਾਲ ਉਸਨੇ **ਅਸਲ ਵਿਚ**, ਆਪਣੀਆਂ ਇੱਛਾਵਾਂ ਦੇ ਖਿਲਾਫ, ਜਰਮਨ ਸਾਮਰਾਜੀਆਂ ਦੀ **ਮਦਦ ਕੀਤੀ**, ਜਰਮਨ ਇਨਕਲਾਬ ਦੇ ਵਾਧੇ ਵਿਚ **ਰੁਕਾਵਟ ਪਾਈ**। ਇਹ ਹੈ, ਸਚਮੁਚ, ਇਨਕਲਾਬੀ ਫਿਕਰੇਬਾਜ਼ੀ ਦਾ ਤੱਤ। ਤੁਸੀਂ ਕੋਸ਼ਿਸ਼ ਇਕ ਚੀਜ਼ ਦੀ ਕਰਦੇ ਹੋ ਤੇ ਪਰਾਪਤ ਬਿਲਕੁਲ ਉਲਟ ਕਰਦੇ ਹੋ।

ਨ. ਬੁਖਾਰੀਨ ਮੌਜੂਦਾ ਅਮਨ ਦੀਆਂ ਸ਼ਰਤਾਂ ਦਾ ਠੋਸ ਵਿਸ਼ਲੇਸ਼ਨ ਨਾ ਦੇਣ ਕਰਕੇ ਮੈਨੂੰ ਮੰਦਾ-ਚੰਗਾ ਬੋਲਦਾ ਹੈ। ਪਰ ਇਹ ਸਮਝਣਾ ਮੁਸ਼ਕਲ ਨਹੀਂ ਹੋਣਾ ਚਾਹੀਦਾ ਕਿ ਮੇਰੀ ਦਲੀਲ ਦੇ ਤੇ ਮਾਮਲੇ ਦੇ ਤੱਤ ਦੇ ਦ੍ਰਿਸ਼ਟੀਕੋਣ ਤੋਂ, ਇਸਦੀ ਨਾ ਲੋੜ ਸੀ ਤੇ ਨਾ ਹੀ ਹੁਣ ਹੈ। ਇਹ ਦਰਸਾਉਣਾ ਕਾਫੀ ਸੀ ਕਿ ਸਾਡੇ ਸਾਮ੍ਹਣੇ ਸਿਰਫ ਇਕ ਅਸਲੀ —ਕਲਪਿਤ ਨਹੀਂ—ਅੜਾਉਣੀ ਹੈ: **ਇਹੋ ਜਿਹੀਆਂ** ਸ਼ਰਤਾਂ ਮੰਨ ਲਈਏ ਜਿਹੜੀਆਂ

ਘਟੋ ਘਟ ਕੁਝ ਦਿਨਾਂ ਲਈ ਸਾਹ ਲੈਣ ਦਾ ਵਕਫਾ ਦੇ ਦੇਣ , ਜਾਂ ਬੈਲਜੀਅਮ ਤੇ ਸਰਬੀਆ ਦੀ ਪੁਜ਼ੀਸ਼ਨ ਪ੍ਰਵਾਨ ਕਰ ਲਈਏ। ਤੇ ਪੀਤਰੋਗਰਾਦ ਦੀਆਂ ਨਜ਼ਰਾਂ ਵਿਚ ਵੀ ਬੁਖਾਰੀਨ ਨੇ ਇਸ ਨੂੰ ਨਾ ਝੁਠਲਾਇਆ। ਇਹ ਗੱਲ ਉਸਦੇ ਸਾਥੀ ਮ. ਨ. ਪਕਰੋਵਸਕੀ ਨੇ ਮੰਨੀ।

ਤੇ ਜੇ ਨਵੀਆਂ ਸ਼ਰਤਾਂ ਬਰੇਸਤ ਦੀਆਂ ਭੈੜੀਆਂ, ਬੋਝਲ ਤੇ ਅਪਮਾਣਜਨਕ ਸ਼ਰਤਾਂ ਨਾਲੋਂ ਹੋਰ ਭੈੜੀਆਂ, ਹੋਰ ਬੋਝਲ ਤੇ ਅਪਮਾਣਜਨਕ ਹਨ, ਤਾਂ **ਸਾਡੇ ਨਕਲੀ-ਖੱਬੇ**, ਬੁਖਾਰੀਨ, ਲੋਮੋਵ, ਉਰਿਤਸਕੀ ਐਂਡ ਕੰਪਨੀ ਹੀ ਹਨ ਜਿਹੜੇ ਮਹਾਨ-ਰੂਸੀ ਸੋਵੀਅਤ ਰੀਪਬਲਿਕ ਨਾਲ **ਐਸਾ ਵਾਪਰਣ ਲਈ ਦੋਸ਼ੀ ਹਨ**। ਇਹ ਇਤਿਹਾਸਕ ਤੱਥ ਹੈ, ਤੇ ਉਪ੍ਰੋਕਤ ਵੋਟਾਂ ਦਾ ਹਵਾਲਾ ਇਸਨੂੰ ਸਿਧ ਕਰਦਾ ਹੈ। ਇਹ ਐਸਾ ਤੱਥ ਹੈ ਜਿਸ ਤੋਂ ਤੁਸੀਂ ਬਚ ਨਹੀਂ ਸਕਦੇ, ਭਾਵੇਂ ਕਿੰਨੇਂ ਵੀ ਮਰੋੜੇ ਖਾਓ। ਤੁਹਾਨੂੰ ਬਰੇਸਤ ਸ਼ਰਤਾਂ **ਪੇਸ਼ ਕੀਤੀਆਂ ਸਨ**, ਤੇ ਤੁਸੀਂ ਧੌਂਸ ਜਮਾਉਣ ਤੇ ਦਮਗਜੇ ਮਾਰਨ ਨਾਲ ਜਵਾਬ ਦਿੱਤਾ, ਜਿਸਦਾ ਨਤੀਜਾ ਹੋਰ ਭੈੜੀਆਂ ਸ਼ਰਤਾਂ ਵਿਚ **ਨਿਕਲਿਆ**। ਇਹ ਤੱਥ ਹੈ। ਤੇ ਤੁਸੀਂ ਇਸ ਵਾਸਤੇ ਆਪਣੀ ਜ਼ਿਮੇਵਾਰੀ ਤੋਂ ਇਨਕਾਰ ਨਹੀਂ ਕਰ ਸਕਦੇ।

੭ ਜਨਵਰੀ, ੧੯੧੮ ਵਾਲੇ ਮੇਰੇ ਪ੍ਰਸਤਾਵਾਂ ਵਿਚ ਬੇਹੱਦ ਸਪਸ਼ਟਤਾ ਨਾਲ ਇਸ ਗੱਲ ਦੀ ਭਵਿਖਬਾਣੀ ਕੀਤੀ ਗਈ ਸੀ ਕਿ ਸਾਡੀ ਫੌਜ ਦੀ ਹਾਲਤ ਨੂੰ ਸਾਮ੍ਹਣੇ ਰਖਦਿਆਂ (ਜਿਸਨੂੰ ਥੱਕੀ ਹੋਈ ਕਿਸਾਨ ਜਨਤਾ "**ਦੇ ਖਿਲਾਫ**" ਫਿਕਰੇਬਾਜ਼ੀ ਨਾਲ ਬਦਲਿਆ ਨਹੀਂ ਸੀ ਜਾ ਸਕਦਾ), ਰੂਸ ਨੂੰ ਹੋਰ **ਭੈੜਾ** ਵਖਰਾ ਅਮਨ ਸਮਝੌਤਾ ਕਰਨਾ **ਪਵੇਗਾ** ਜੇ ਉਸਨੇ ਬਰੇਸਤ ਅਮਨ ਨੂੰ ਪ੍ਰਵਾਨ ਨਾ ਕੀਤਾ।

"ਖੱਬੇ" ਰੂਸੀ ਬੁਰਜੂਆਜ਼ੀ ਵਲੋਂ ਵਿਛਾਏ ਜਾਲ ਵਿਚ ਫਸ ਗਏ, ਜਿਸ ਲਈ ਸਾਨੂੰ **ਬਦਤਰ ਕਿਸਮ** ਦੀ ਜੰਗ ਵਿਚ ਉਲਝਾਉਣਾ **ਜ਼ਰੂਰੀ** ਸੀ ਜਿਸ ਵਿਚ ਸਾਡਾ ਉਲਝਾਇਆ ਜਾਣਾ ਸੰਭਵ ਹੋ ਸਕਦਾ ਸੀ।

ਇਹ ਤੱਥ ਹੈ ਕਿ **ਹੁਣ** ਜੰਗ ਦਾ ਐਲਾਨ ਕਰਕੇ ਇਹ ਖੱਬੇ ਸੋਸ਼ਲਿਸਟ-ਇਨਕਲਾਬੀ ਕਿਸਾਨੀ ਨਾਲੋਂ ਪ੍ਰਤੱਖ ਤੌਰ ਤੇ ਨਾਤਾ ਤੋੜ ਗਏ ਹਨ। ਤੇ ਇਹ ਤੱਥ ਖੱਬੇ ਸੋਸ਼ਲਿਸਟ-ਇਨਕਲਾਬੀਆਂ ਦੀ ਨੀਤੀ ਦੇ **ਹੋਛੇਪਣ** ਦੀ ਗਵਾਹੀ ਦੇਂਦਾ ਹੈ, ਜਿਵੇਂ ਕਿ ੧੯੦੭ ਦੀਆਂ ਗਰਮੀਆਂ ਵਿਚ ਸਾਰੇ ਸੋਸ਼ਲਿਸਟ-ਇਨਕਲਾਬੀਆਂ ਦੀ ਦਿੱਸਣ ਵਿੱਚ "ਇਨਕਲਾਬੀ" ਨੀਤੀ ਹੋਛੀ ਸੀ।

ਇਸ ਗੱਲ ਦਾ, ਕਿ ਜਮਾਤੀ ਚੇਤੰਨਤਾ ਵਾਲੇ ਤੇ ਉੱਨਤ ਕਾਮੇ ਛੇਤੀ ਛੇਤੀ ਇਨਕਲਾਬੀ ਫਿਕਰੇਬਾਜ਼ੀ ਦੇ ਧੂਏਂ ਨੂੰ ਦੂਰ ਕਰ ਰਹੇ ਹਨ, ਪੀਤਰੋਗਰਾਦ ਤੇ ਮਾਸਕੋ ਦੀ ਉਦਾਹਰਣ ਤੋਂ ਪਤਾ ਲਗਦਾ ਹੈ। ਪੀਤਰੋਗਰਾਦ ਵਿਚ ਮਜ਼ਦੂਰ ਜ਼ਿਲਿਆਂ ਵਿਚੋਂ ਸਭ ਤੋਂ ਚੰਗੇ — ਵੀਬੋਰਗ ਤੇ ਵਾਸੀਲੀਏਵਸਕੀ ਟਾਪੂ — ਪਹਿਲਾਂ ਹੀ ਹੋਸ਼ ਵਿਚ ਆ ਚੁੱਕੇ

ਹਨ। ਮਜ਼ਦੂਰ ਡਿਪਟੀਆਂ ਦੀ ਪੀਤਰੋਗਰਾਦ ਸੋਵੀਅਤ **ਹੁਣ** ਜੰਗ ਦੇ ਹੱਕ ਵਿਚ ਨਹੀਂ; ਉਹਨਾਂ ਨੇ ਸਮਝ ਲਿਆ ਹੈ ਕਿ ਇਸ ਦੀ **ਤਿਆਰੀ ਕਰਨੀ** ਜ਼ਰੂਰੀ ਹੈ, ਤੇ ਇਹ ਇਸਦੀ ਤਿਆਰੀ ਕਰ ਰਹੇ ਹਨ। ਮਾਸਕੋ ਵਿਚ, ੩ ਤੇ ੪ ਮਾਰਚ, ੧੯੧੮ ਨੂੰ ਬਾਲਸ਼ਵਿਕ ਸ਼ਹਿਰੀ ਕਾਨਫਰੰਸ ਵਿਚ, ਇਨਕਲਾਬੀ ਫਿਕਰੇਬਾਜ਼ੀ ਦੇ ਵਿਰੋਧੀਆਂ ਦੀ ਜਿੱਤ ਹੋਈ।

ਸਾਡੇ "ਖੱਬੇ" ਸਵੈ-ਭੁਲੇਖੇ ਵਿਚ ਕਿਸ ਘੋਰ ਬੇਹੂਦਾ ਹੱਦ ਤੱਕ ਲਹਿ ਗਏ ਹਨ, ਉਸ ਦਾ ਪਤਾ ਪਕਰੋਵਸਕੀ ਦੇ ਲੇਖ ਵਿਚਲੇ ਇਕ ਫਿਕਰੇ ਤੋਂ ਲੱਗਦਾ ਹੈ, ਜਿਸ ਵਿਚ ਲਿਖਿਆ ਹੈ: "ਜੇ ਅਸੀਂ ਲੜਨਾ ਹੈ ਤਾਂ ਸਾਨੂੰ **ਹੁਣ** ਲੜਨਾ ਚਾਹੀਦਾ ਹੈ" (ਜ਼ੋਰ ਪਕਰੋਵਸਕੀ ਨੇ ਦਿੱਤਾ ਹੈ), "ਜਦ ਕਿ" (ਜ਼ਰਾ ਧਿਆਨ ਦਿਓ!) "ਰੂਸੀ ਫੌਜ, ਜਿਸ ਵਿਚ ਨਵੇਂ ਬਣਾਏ ਦਸਤੇ ਸ਼ਾਮਲ ਹਨ, ਅਜੇ ਨਹੀਂ ਤੋੜੀ ਗਈ।"

ਪਰ ਜਿਹੜਾ ਵੀ ਕੋਈ ਹਕੀਕਤਾਂ ਵਲੋਂ ਅੱਖਾਂ ਬੰਦ ਨਹੀਂ ਰੱਖਦਾ, ਜਾਣਦਾ ਹੈ ਕਿ ਫਰਵਰੀ ੧੯੧੮ ਵਿਚ, ਭਾਵੇਂ ਇਹ ਮਹਾਨ ਰੂਸ ਵਿਚ ਸੀ, ਯੂਕਰੇਨ ਵਿਚ ਸੀ ਜਾਂ ਫਿਨਲੈਂਡ ਵਿਚ, ਜਰਮਨਾਂ ਦਾ ਮੁਕਾਬਲਾ ਕਰ ਸੱਕਣ ਵਿਚ ਸਭ ਤੋਂ ਵਡੀ **ਰੁਕਾਵਟ ਸਾਡੀ ਨਾ ਤੋੜੀ ਜਾ ਚੁਕੀ ਫੌਜ** ਸੀ। ਇਹ ਹਕੀਕਤ ਹੈ। ਕਿਉਂਕਿ ਇਹ ਹਫੜਾ-ਦਫੜੀ ਵਿਚ ਨੱਠਣ ਤੋਂ ਨਾ ਰਹਿ ਸੱਕੀ, ਤੇ ਲਾਲ ਫੌਜ ਦੇ ਦਸਤਿਆਂ ਨੂੰ ਵੀ ਆਪਣੇ ਨਾਲ ਲੈ ਗਈ।

ਜਿਹੜਾ ਵੀ ਕੋਈ ਇਤਿਹਾਸ ਦੇ ਸਬਕਾਂ ਤੋਂ ਲਾਭ ਉਠਾਉਣਾ ਚਾਹੁੰਦਾ ਹੈ, ਤੇ ਇਹਨਾਂ ਵਲੋਂ ਠੋਸੀ ਗਈ ਜ਼ਿਮੇਵਾਰੀ ਤੋਂ ਲੁਕਣਾ ਨਹੀਂ ਚਾਹੁੰਦਾ, ਉਸਨੂੰ ਘੱਟੋ-ਘਟ ਜਰਮਨੀ ਦੇ ਖਿਲਾਫ ਨੈਪੋਲੀਅਨ ਪਹਿਲੇ ਦੀਆਂ ਜੰਗਾਂ ਨੂੰ ਯਾਦ ਕਰਨਾ ਚਾਹੀਦਾ ਹੈ।

ਕਈ ਵਾਰੀ ਪਰੂਸ਼ੀਆ ਤੇ ਜਰਮਨੀ ਨੇ ਜੇਤੂ ਨਾਲ (ਸਾਡੇ ਨਾਲੋਂ) **ਦੱਸ ਗੁਣਾ** ਵਧੇਰੇ ਬੋਝਲ ਤੇ ਅਪਮਾਣਜਨਕ, ਬਦੇਸ਼ੀ ਪੁਲੀਸ ਨੂੰ ਪ੍ਰਵਾਨ ਕਰਨ ਦੀ ਹੱਦ ਤੱਕ ਵੀ, ਨੈਪੋਲੀਅਨ ਪਹਿਲੇ ਦੀਆਂ ਮੱਲਾਂ ਮਾਰਨ ਦੀਆਂ ਮੁਹਿੰਮਾਂ ਵਿਚ ਸਹਾਇਤਾ ਕਰਨ ਲਈ ਫੌਜਾਂ ਦਾ ਵਾਅਦਾ ਕਰਨ ਤੱਕ ਵੀ, ਸਮਝੌਤੇ ਕੀਤੇ। ਨੈਪੋਲੀਅਨ ਪਹਿਲੇ ਨੇ ਪਰੂਸ਼ੀਆ ਨਾਲ ਆਪਣੀਆਂ ਸੰਧੀਆਂ ਵਿਚ ਜਰਮਨੀ ਨੂੰ ਉਸ ਨਾਲੋਂ ਵੀ ਕਿਤੇ ਜ਼ਿਆਦਾ ਭੜਥੂ ਪਾਇਆ ਤੇ ਟੁਕੜੇ ਟੁਕੜੇ ਕੀਤਾ, ਜਿੰਨਾਂ ਹਿੰਡਨਬਰਗ[28] ਤੇ ਵਿਲਹੈਲਮ ਇਸ ਵੇਲੇ ਸਾਨੂੰ ਕਰ ਰਹੇ ਹਨ। ਫਿਰ ਵੀ ਪਰੂਸ਼ੀਆ ਵਿਚ ਐਸੇ ਲੋਕ ਸਨ ਜਿਨ੍ਹਾਂ ਨੇ ਡੀਂਗਾਂ ਨਹੀਂ ਮਾਰੀਆਂ, ਸਗੋਂ ਪੜ-"ਅਪਮਾਣਜਨਕ" ਅਮਨ ਸੰਧੀਆਂ ਉੱਪਰ ਦਸਖਤ ਕੀਤੇ, ਉਹਨਾਂ ਉਪਰ ਦਸਖਤ ਕੀਤੇ ਕਿਉਂਕਿ ਉਹਨਾਂ ਕੋਲ ਕੋਈ ਫੌਜ ਨਹੀਂ ਸੀ, ਦੱਸ ਗੁਣਾ ਜ਼ਿਆਦਾ ਜਾਬਰ ਤੇ ਅਪਮਾਣ ਭਰੀਆਂ ਸ਼ਰਤਾਂ ਉਪਰ ਦਸਖਤ ਕੀਤੇ ਤੇ **ਫਿਰ** ਸਭ ਕੁਝ ਦੇ ਬਾਵਜੂਦ ਬਗਾਵਤ ਵਿਚ ਤੇ ਜੰਗ ਲੜਣ ਵਾਸਤੇ ਉੱਠ ਖੜੇ ਹੋਏ। ਇਹ ਕੋਈ

ਇਕ ਵਾਰੀ ਨਹੀਂ , ਸਗੋਂ ਕਈ ਵਾਰੀ ਵਾਪਰਿਆ। ਇਤਿਹਾਸ ਵਿਚ ਕਈ ਐਸੀਆਂ ਅਮਨ ਸੰਧੀਆਂ ਤੇ ਜੰਗਾਂ ਦਾ ਜ਼ਿਕਰ ਆਉਂਦਾ ਹੈ। ਆਰਾਮ ਦੇ ਵਕਫਿਆਂ ਦੀਆਂ ਕਈ ਮਿਸਾਲਾਂ ਦਾ। ਜੇਤੂਆਂ ਵਲੋਂ ਜੰਗ ਦੇ ਕਈ ਨਵੇਂ ਸਿਰਿਉਂ ਐਲਾਨਾਂ ਦਾ। ਮਜ਼ਲੂਮ ਕੌਮ ਤੇ ਜ਼ਾਲਮ ਕੌਮ ਵਿਚਕਾਰ, ਜਿਹੜੀ ਜੇਤੂ ਦੀ ਰਕੀਬ ਸੀ ਤੇ ਆਪ ਘੱਟ ਜੇਤੂ ਨਹੀਂ ਸੀ (ਸਾਮਰਾਜੀਆਂ ਤੋਂ ਸਹਾਇਤਾ ਪ੍ਰਵਾਨ ਕੀਤੇ ਬਿਨਾਂ "ਇਨਕਲਾਬੀ ਜੰਗ" ਦੇ ਵਕੀਲ ਧਿਆਨ ਦੇਣ!) ਗਠਜੋੜ ਦੀਆਂ ਕਈ ਉਦਾਹਰਣਾਂ ਦਾ।

ਇਹੋ ਜਿਹਾ ਸੀ ਇਤਿਹਾਸ ਦਾ ਵਹਿਣ।

ਸੋ ਇਹ ਇੰਝ ਸੀ। ਇਸੇ ਤਰ੍ਹਾਂ ਹੀ ਇਹ ਹੋਵੇਗਾ। ਅਸੀਂ ਜੰਗਾਂ ਦੀ ਲੜੀ ਦੇ ਦੌਰ ਵਿਚ ਦਾਖਲ ਹੋ ਗਏ ਹਾਂ। ਅਸੀਂ ਨਵੀਂ, **ਦੇਸ਼ਭਗਤਕ** ਜੰਗ ਵੱਲ ਵਧ ਰਹੇ ਹਾਂ। ਪੱਕ ਰਹੇ ਸੋਸ਼ਲਿਸਟ ਇਨਕਲਾਬ ਦੇ ਦਰਮਿਆਨ ਅਸੀਂ ਇਸ ਜੰਗ ਤੱਕ ਪੁੱਜਾਂਗੇ। ਤੇ ਉਸ ਮੁਸ਼ਕਲ ਰਾਹ ਉਪਰ ਚੱਲਦਿਆਂ ਰੂਸੀ ਪ੍ਰੋਲਤਾਰੀ ਤੇ ਰੂਸੀ ਇਨਕਲਾਬ ਡੀਂਗਾਂ ਮਾਰਨ ਤੇ ਇਨਕਲਾਬੀ ਫਿਕਰੇਬਾਜ਼ੀ ਦੀ ਬੀਮਾਰੀ ਤੋਂ ਛੁਟਕਾਰਾ ਪਾ ਲੈਣਗੇ, ਜਾਣ ਜਾਣਗੇ ਕਿ ਅਤਿ ਦੀਆਂ ਬੋਝਲ ਅਮਨ ਸ਼ਰਤਾਂ ਵੀ ਕਿਵੇਂ ਕਬੂਲ ਕਰੀਦੀਆਂ ਹਨ, ਤੇ ਫਿਰ ਕਿਵੇਂ ਉੱਠੀਦਾ ਹੈ।

ਅਸੀਂ ਇਕ **ਤਿਲਸਿਤ ਅਮਨ** ਉੱਪਰ ਦਸਖਤ ਕੀਤੇ ਹਨ। ਅਸੀਂ ਆਪਣੀ ਜਿੱਤ ਤੇ ਆਪਣੀ ਆਜ਼ਾਦੀ ਪ੍ਰਾਪਤ ਕਰ ਲਵਾਂਗੇ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਜਰਮਨਾਂ ਨੇ ੧੮੦੭ ਦੇ ਅਮਨ ਤੋਂ ਪਿਛੋਂ, ੧੮੧੩ ਤੇ ੧੮੧੪ ਵਿਚ ਨੈਪੋਲੀਅਨ ਤੋਂ ਆਜ਼ਾਦੀ ਪ੍ਰਾਪਤ ਕਰ ਲਈ। ਸਾਡੇ ਤਿਲਸਿਤ ਅਮਨ ਤੇ ਸਾਡੀ ਆਜ਼ਾਦੀ ਵਿਚਕਾਰ ਵਕਫਾ ਸ਼ਾਇਦ ਹੋਰ ਵੀ ਛੋਟਾ ਹੋਵੇਗਾ, ਕਿਉਂਕਿ ਇਤਿਹਾਸ ਤੇਜ਼ ਚੱਲ ਰਿਹਾ ਹੈ।

ਡੀਂਗਾਂ ਮਾਰਨਾ ਮੁਰਦਾਬਾਦ! ਪੂਰੀ ਸਿਦਕਦਿਲੀ ਨਾਲ ਡਿਸਿਪਲਿਨ ਤੇ ਜਥੇਬੰਦੀ ਨੂੰ ਸੁਧਾਰਨ ਵੱਲ ਵਧੋ!

ਪ ਮਾਰਚ, ੧੯੧੮ ਨੂੰ ਲਿਖਿਆ।
੬ ਮਾਰਚ (੨੧ ਫਰਵਰੀ), ੧੯੧੮
ਨੂੰ "ਪਰਾਵਦਾ" ਨੰ: ੪੨ ਵਿਚ ਛਪਿਆ।
ਦਸਖਤ: ਨ. ਲੈਨਿਨ।

ਸੈਂਚੀ ੩੫,
ਸਫੇ ੪੧੫—੪੨੦।

# ਰੂ:ਕ:ਪਾ:(ਬਾ:) ਦੀ ਅਸਾਧਾਰਨ ਸਤਵੀਂ ਕਾਂਗਰਸ

## ੬-੮ ਮਾਰਚ, ੧੯੧੮

### ੧

# ਕੇਂਦਰੀ ਕਮੇਟੀ ਦੀ ਰਾਜਸੀ ਰੀਪੋਰਟ— ੭ ਮਾਰਚ

ਰਾਜਸੀ ਰੀਪੋਰਟ ਵਿਚ ਕੇਂਦਰੀ ਕਮੇਟੀ ਵਲੋਂ ਚੁੱਕੇ ਗਏ ਕਦਮਾਂ ਨੂੰ ਗਿਣਵਾਉਣਾ ਸ਼ਾਮਲ ਹੋ ਸਕਦਾ ਹੈ; ਪਰ ਮੌਜੂਦਾ ਸਮੇਂ ਦੀ ਜ਼ਰੂਰੀ ਚੀਜ਼ ਇਸ ਤਰ੍ਹਾਂ ਦੀ ਰੀਪੋਰਟ ਨਹੀਂ ਸਗੋਂ ਸਮੁੱਚੇ ਤੌਰ ਉਤੇ ਸਾਡੇ ਇਨਕਲਾਬ ਦਾ ਰੀਵੀਊ ਹੈ; ਇਹ ਇਕੋ ਇਕ ਚੀਜ਼ ਹੈ ਜਿਹੜੀ ਸਾਡੇ ਸਾਰੇ ਫੈਸਲਿਆਂ ਦੀ ਸੱਚੀ ਮਾਰਕਸਵਾਦੀ ਵਿਆਖਿਆ ਪੇਸ਼ ਕਰ ਸਕਦੀ ਹੈ। ਸਾਨੂੰ ਇਨਕਲਾਬ ਦੇ ਵਿਕਾਸ ਦੇ ਪਿਛਲੇ ਸਾਰੇ ਰਾਹ ਦੀ ਪਰਖ ਕਰਨੀ ਚਾਹੀਦੀ ਹੈ ਤੇ ਨਿਸਚਿਤ ਕਰਨਾ ਚਾਹੀਦਾ ਹੈ ਕਿ ਇਸਦੇ ਅਗਲੇ ਵਿਕਾਸ ਦਾ ਰਾਹ ਕਿਉਂ ਬਦਲ ਗਿਆ ਹੈ। ਸਾਡੇ ਇਨਕਲਾਬ ਵਿਚ ਐਸੇ ਮੋੜ ਆਏ ਹਨ, ਜਿਹੜੇ ਸੰਸਾਰ ਇਨਕਲਾਬ ਲਈ ਅਥਾਹ ਮਹੱਤਤਾ ਰੱਖਣਗੇ। ਇਹੋ ਜਿਹਾ ਇਕ ਮੋੜ ਅਕਤੂਬਰ ਇਨਕਲਾਬ ਸੀ।

ਫਰਵਰੀ ਇਨਕਲਾਬ ਦੀਆਂ ਪਹਿਲੀਆਂ ਸਫਲਤਾਵਾਂ ਇਸ ਹਕੀਕਤ ਕਾਰਨ ਹੋਈਆਂ ਕਿ ਪ੍ਰੋਲਤਾਰੀਆਂ ਦੇ ਪਿੱਛੇ ਸਿਰਫ ਪੇਂਡੂ ਵੱਸੋਂ ਦੇ ਜਨ-ਸਮੂਹ ਹੀ ਨਹੀਂ ਸਨ, ਸਗੋਂ ਬੁਰਜੂਆਜ਼ੀ ਵੀ ਸੀ। ਇਸ ਲਈ, ਜ਼ਾਰਸ਼ਾਹੀ ਉਪਰ ਸੌਖੀ ਤਰ੍ਹਾਂ ਜਿੱਤ ਹੋਈ, ਜੋ ਐਸੀ ਚੀਜ਼ ਸੀ ਜਿਸਨੂੰ ਅਸੀਂ ੧੯੦੫ ਵਿਚ ਪ੍ਰਾਪਤ ਕਰਨ ਤੋਂ ਅਸਮਰਥ ਰਹੇ। ਫਰਵਰੀ ਇਨਕਲਾਬ ਵਿਚ ਮਜ਼ਦੂਰ ਡਿਪਟੀਆਂ ਦੀਆਂ ਸੋਵੀਅਤਾਂ ਦਾ ਆਪ-ਮੁਹਾਰਾ ਬਣ ਜਾਣਾ ੧੯੦੫ ਦੇ ਤਜਰਬੇ ਦਾ ਦੁਹਰਾਅ ਸੀ—ਸਾਨੂੰ ਸੋਵੀਅਤ ਸੱਤਾ ਦੇ ਅਸੂਲ ਦਾ ਐਲਾਨ ਕਰਨਾ ਪਿਆ। ਜਨਤਾ ਨੇ ਘੋਲ ਦੇ ਆਪਣੇ ਤਜਰਬੇ ਤੋਂ ਇਨਕਲਾਬ ਦੇ ਕਾਰਜਾਂ ਬਾਰੇ ਸਿੱਖਿਆ ਲਈ। ੨੦-੨੧ ਅਪਰੈਲ[29] ਦੀਆਂ ਘਟਨਾਵਾਂ ਮੁਜ਼ਾਹਰਿਆਂ ਤੇ

ਹਥਿਆਰਬੰਦ ਬਗ਼ਾਵਤ ਦੀ ਕਿਸਮ ਦੀ ਚੀਜ਼ ਦਾ ਅਜੀਬ ਜਿਹਾ ਮੇਲ ਸੀ। ਇਹ ਬੁਰਜੂਆ ਸਰਕਾਰ ਦਾ ਤਖਤਾ ਉਲਟਾਉਣ ਲਈ ਕਾਫੀ ਸੀ। ਫਿਰ ਗੰਢ-ਸੰਢ ਦੀ ਨੀਤੀ ਦਾ ਲੰਮਾਂ ਦੌਰ ਸ਼ੁਰੂ ਹੋਇਆ, ਜੋ ਕਿ ਪੈਟੀ-ਬੁਰਜੂਆ ਸਰਕਾਰ ਦੇ, ਜਿਹੜੀ ਤਾਕਤ ਵਿਚ ਆ ਗਈ ਸੀ, ਖਾਸੇ ਵਿਚੋਂ ਹੀ ਨਿਕਲਦੀ ਸੀ। ਜੁਲਾਈ ਘਟਣਾਵਾਂ[30] ਉਦੋਂ ਪ੍ਰੋਲਤਾਰੀਆਂ ਦੀ ਡਿਕਟੇਟਰਸ਼ਿਪ ਸਥਾਪਿਤ ਨਾ ਕਰ ਸੱਕੀਆ—ਜਨਤਾ ਅਜੇ ਇਸ ਲਈ ਤਿਆਰ ਨਹੀਂ ਸੀ। ਇਹੀ ਕਾਰਨ ਸੀ ਕਿ ਇਕ ਵੀ ਜ਼ਿਮੇਵਾਰ ਜਥੇਬੰਦੀ ਨੇ ਉਹਨਾਂ ਨੂੰ ਇਸਦੀ ਸਥਾਪਨਾ ਲਈ ਨਾ ਕਿਹਾ। ਪਰ ਦੁਸ਼ਮਨ ਦੇ ਹਲਕੇ ਵਿਚ ਸੂਹ ਲਾਉਣ ਦੀ ਕਾਰਵਾਈ ਤੇ ਤੌਰ ਤੇ, ਜੁਲਾਈ ਘਟਣਾਵਾਂ ਅਥਾਹ ਮਹੱਤਤਾ ਰਖਦੀਆਂ ਸਨ। ਕੋਰਨੀਲੋਵ[31] ਬਗ਼ਾਵਤ ਤੇ ਪਿਛੋਂ ਦੀਆਂ ਘਟਣਾਵਾਂ ਨੇ ਅਮਲੀ ਸਬਕਾਂ ਦਾ ਕੰਮ ਦਿਤਾ ਤੇ ਅਕਤੂਬਰ ਦੀ ਜਿੱਤ ਨੂੰ ਸੰਭਵ ਬਣਾਇਆ। ਜਿਹੜੇ ਲੋਕ ਅਕਤੂਬਰ ਵਿਚ ਵੀ ਸੱਤਾ[32] ਨੂੰ ਵੰਡਣਾ ਚਾਹੁੰਦੇ ਸਨ, ਉਹਨਾਂ ਵਲੋਂ ਕੀਤੀ ਗਈ ਗ਼ਲਤੀ ਅਕਤੂਬਰ ਦੀ ਜਿੱਤ ਦਾ ਜੁਲਾਈ ਦੇ ਦਿਨਾਂ ਨਾਲ, ਧਾਵੇ ਨਾਲ, ਕੋਰਨੀਲੋਵ ਬਗ਼ਾਵਤ ਆਦਿ, ਆਦਿ ਨਾਲ, ਜਿਨ੍ਹਾਂ ਘਟਣਾਵਾਂ ਨੇ ਕਿ ਲੱਖਾਂ ਹੀ ਆਮ ਲੋਕਾਂ ਨੂੰ ਇਹ ਮਹਿਸੂਸ ਕਰਵਾਇਆ ਕਿ ਸੋਵੀਅਤ ਸੱਤਾ ਅਟੱਲ ਹੋ ਗਈ ਹੈ, ਸੰਬੰਧ ਜੋੜਣ ਵਿਚ ਉਹਨਾਂ ਦੀ ਅਸਫਲਤਾ ਸੀ। ਫਿਰ ਸਾਰੇ ਰੂਸ ਵਿਚ ਸਾਡੀ ਜੇਤੂ ਮਾਰਚ ਸ਼ੁਰੂ ਹੋਈ, ਜਿਸ ਦੇ ਨਾਲ ਨਾਲ ਅਮਨ ਲਈ ਸਰਬ-ਵਿਆਪਕ ਇੱਛਾ ਪੈਦਾ ਹੋਈ। ਸਾਨੂੰ ਪਤਾ ਹੈ ਕਿ ਅਸੀਂ ਜੰਗ ਵਿਚੋਂ ਇਕ-ਧਿਰੀ ਫੌਜਾਂ ਕੱਢਣ ਨਾਲ ਅਮਨ ਪ੍ਰਾਪਤ ਨਹੀਂ ਕਰ ਸਕਦੇ। ਅਸੀਂ ਅਪਰੈਲ ਕਾਨਫਰੰਸ ਜਿੰਨਾਂ ਪਹਿਲਾਂ ਹੀ ਇਸ ਗੱਲ ਵੱਲ ਇਸ਼ਾਰਾ ਕਰ ਦਿੱਤਾ ਸੀ। ਅਪਰੈਲ ਤੋਂ ਅਕਤੂਬਰ ਤੱਕ ਦੇ ਸਮੇਂ ਵਿਚ ਸਿਪਾਹੀਆਂ ਨੇ ਸਪਸ਼ਟ ਤਰ੍ਹਾਂ ਸਮਝ ਲਿਆ ਸੀ ਕਿ ਗੰਢ-ਸੰਢ ਦੀ ਨੀਤੀ ਜੰਗ ਨੂੰ ਲਮਕਾ ਰਹੀ ਹੈ ਤੇ ਨਵਾਂ ਧਾਵਾ ਸ਼ੁਰੂ ਕਰਨ ਤੇ ਜੰਗ ਵਿਚ, ਜਿਹੜੀ ਸਾਲਾਂ ਤੱਕ ਚੱਲੇਗੀ, ਹੋਰ ਵੀ ਵਧੇਰੇ ਉਲਝ ਜਾਣ ਦੇ ਸਾਮਰਾਜੀਆਂ ਦੇ ਵਹਿਸ਼ੀ, ਨਿਰਾਰਥ ਯਤਨਾਂ ਵੱਲ ਲਿਜਾ ਰਹੀ ਹੈ। ਇਹ ਕਾਰਨ ਸੀ ਕਿ ਕਿਉਂ ਜਿੰਨੀ ਛੇਤੀ ਹੋ ਸਕੇ ਹਰ ਕੀਮਤ ਉੱਤੇ ਅਮਨ ਦੀ ਸਰਗਰਮ ਨੀਤੀ ਅਪਨਾਉਣਾ ਜ਼ਰੂਰੀ ਸੀ, ਕਿਉਂ ਸੋਵੀਅਤਾਂ ਲਈ ਸੱਤਾ ਆਪਣੇ ਹੱਥਾਂ ਵਿਚ ਲੈਣਾ ਤੇ ਭੂਮੀਪਤੀ ਦੀ ਮਾਲਕੀ ਨੂੰ ਖਤਮ ਕਰਨਾ ਜ਼ਰੂਰੀ ਸੀ। ਸਾਨੂੰ ਪਤਾ ਹੈ ਕਿ ਭੂਮੀਪਤੀ ਦੀ ਮਾਲਕੀ ਦੇ ਹੱਕ ਵਿਚ ਸਿਰਫ ਕੇਰੇਂਸਕੀ ਹੀ ਨਹੀਂ ਸੀ ਸਗੋਂ ਅਵਕਸੇਂਤੀਏਵ[33] ਵੀ ਸੀ, ਜਿਹੜਾ ਭੂਮੀ ਕਮੇਟੀਆਂ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਜਾਰੀ ਕਰਨ ਦੀ ਹੱਦ ਤੱਕ ਵੀ ਗਿਆ ਸੀ। ਇਸ ਨੀਤੀ ਨੇ, ਜਿਹੜੀ ਅਸੀਂ ਪਰਵਾਨ ਕੀਤੀ, "ਸੋਵੀਅਤਾਂ ਨੂੰ ਸੱਤਾ" ਦੇ ਇਸ ਨਾਅਰੇ ਨੇ, ਜਿਹੜਾ ਅਸੀਂ ਲੋਕਾਂ ਦੀ ਬਹੁ-ਗਿਣਤੀ ਦੇ ਮਨਾਂ ਵਿਚ ਭਰ ਦਿੱਤਾ ਸੀ, ਸਾਨੂੰ ਅਕਤੂਬਰ ਵਿਚ ਸੇਂਟ ਪੀਟਰਸਬਰਗ ਵਿਚ ਬਹੁਤ ਸੌਖੀ ਤਰ੍ਹਾਂ

ਜਿੱਤ ਪ੍ਰਾਪਤ ਕਰਨ ਦੇ ਯੋਗ ਬਣਾਇਆ, ਤੇ ਰੂਸੀ ਇਨਕਲਾਬ ਦੇ ਪਿਛਲੇ ਦਿਨਾਂ ਨੂੰ ਇਕ ਨਿਰੰਤਰ ਜੇਤੂ ਮਾਰਚ ਵਿਚ ਬਦਲ ਦਿਤਾ।

ਘਰੇਲੂ ਜੰਗ ਇਕ ਹਕੀਕਤ ਬਣ ਗਈ। ਸਾਮਰਾਜੀ ਜੰਗ ਦੀ ਘਰੇਲੂ ਜੰਗ ਵਿਚ ਤਬਦੀਲੀ, ਜਿਸ ਬਾਰੇ ਅਸੀਂ ਇਨਕਲਾਬ ਦੇ ਸ਼ੁਰੂ ਵਿਚ ਹੀ, ਸਗੋਂ ਜੰਗ ਦੇ ਸ਼ੁਰੂ ਵਿਚ ਹੀ ਭਵਿਖਬਾਣੀ ਕੀਤੀ ਸੀ, ਤੇ ਜਿਸਨੂੰ ਸੋਸ਼ਲਿਸਟ ਹਲਕਿਆਂ ਦੇ ਭਾਰੀ ਹਿੱਸਿਆਂ ਨੇ ਸ਼ੱਕ ਦੀ ਨਜ਼ਰ ਨਾਲ ਸਗੋਂ ਮਜ਼ਾਕ ਨਾਲ ਲਿਆ ਸੀ, ੨੫ ਅਕਤੂਬਰ, ੧੯੧੭ ਨੂੰ ਲੜ ਰਹੇ ਦੇਸਾਂ ਵਿਚੋਂ ਸਭ ਤੋਂ ਵੱਡੇ ਤੇ ਸਭ ਤੋਂ ਪੱਛੜੇ ਇਕ ਦੇਸ ਵਿਚ, ਹਕੀਕਤ ਵਿਚ ਵਾਪਰ ਗਈ। ਇਸ ਘਰੇਲੂ ਜੰਗ ਵਿਚ ਵੱਸੋਂ ਦੀ ਭਾਰੀ ਬਹੁ-ਗਿਣਤੀ ਸਾਡੇ ਪਾਸੇ ਵੱਲ ਸਾਬਤ ਹੋਈ ਤੇ ਇਹੀ ਕਾਰਨ ਸੀ ਕਿ ਜਿੱਤ ਏਨੀ ਅਸਾਧਾਰਨ ਸੌਖ ਨਾਲ ਪ੍ਰਾਪਤ ਕਰ ਲਈ ਗਈ।

ਮਹਾਜ਼ ਨੂੰ ਛੱਡਣ ਵਾਲੇ ਫੌਜੀ ਜਿਥੇ ਵੀ ਕਿਤੇ ਗਏ ਗੰਢ-ਸੰਢ ਨੂੰ ਖਤਮ ਕਰਨ ਦੀ ਇਨਕਲਾਬੀ ਦ੍ਰਿੜ੍ਹਤਾ ਆਪਣੇ ਨਾਲ ਲੈ ਗਏ; ਤੇ ਗੰਢ-ਸੰਢ ਕਰਨ ਵਾਲੇ ਅਨਸਰਾਂ ਨੇ, ਸਫੇਦਗਾਰਦਾਂ ਤੇ ਭੂਮੀਪਤੀਆਂ ਦੇ ਬੇਟਿਆਂ ਨੇ ਆਪਣੇ ਆਪ ਨੂੰ ਵੱਸੋਂ ਵਿਚ ਬਿਨਾਂ ਹਿਮਾਇਤ ਦੇ ਪਾਇਆ। ਉਹਨਾਂ ਦੇ ਖਿਲਾਫ ਜੰਗ ਹੌਲੀ ਹੌਲੀ ਇਨਕਲਾਬ ਦੀ ਜੇਤੂ ਮਾਰਚ ਵਿਚ ਬਦਲ ਗਈ ਜਿਉਂ ਜਿਉਂ ਲੋਕਾਂ ਦੇ ਸਮੂਹ ਤੇ ਸਾਡੇ ਖਿਲਾਫ ਭੇਜੇ ਗਏ ਫੌਜੀ ਦਸਤੇ ਬਾਲਸ਼ਵਿਕਾਂ ਵੱਲ ਆਈ ਗਏ। ਅਸੀਂ ਪੀਤਰੋਗਰਾਦ ਵਿਚ, ਗਾਤਚੀਨਾ ਮਹਾਜ਼ ਉਤੇ ਇਹ ਦੇਖਿਆ, ਜਿਥੇ ਕੱਸਾਕ, ਜਿਨ੍ਹਾਂ ਦੀ ਕੇਰੇਂਸਕੀ ਤੇ ਕਰਾਸਨੋਵ[34] ਨੇ ਲਾਲ ਰਾਜਧਾਨੀ ਦੇ ਖਿਲਾਫ ਅਗਵਾਈ ਦੀ ਕੋਸ਼ਿਸ਼ ਕੀਤੀ, ਥਿੜਕ ਗਏ; ਮਗਰੋਂ ਅਸੀਂ ਇਹ ਮਾਸਕੋ ਵਿਚ, ਓਰੇਨਬਰਗ ਵਿਚ ਤੇ ਯੂਕਰੇਨ ਵਿਚ ਦੇਖਿਆ। ਘਰੇਲੂ ਜੰਗ ਦੀ ਇਕ ਲਹਿਰ ਸਾਰੇ ਰੂਸ ਵਿਚ ਫ਼ੈਲ ਗਈ, ਤੇ ਹਰ ਥਾਂ ਅਸੀਂ ਅਸਾਧਾਰਨ ਸੌਖ ਨਾਲ ਜਿੱਤ ਪ੍ਰਾਪਤ ਕੀਤੀ ਸਿਰਫ ਇਸ ਲਈ ਕਿ ਫਲ ਪੱਕ ਚੁੱਕਾ ਸੀ, ਕਿਉਂਕਿ ਜਨਤਾ ਪਹਿਲਾਂ ਹੀ ਬੁਰਜੂਆਜ਼ੀ ਨਾਲ ਗੰਢ-ਸੰਢ ਦੇ ਤਜਰਬੇ ਵਿਚੋਂ ਲੰਘ ਚੁੱਕੀ ਸੀ। "ਸਾਰੀ ਸੱਤਾ ਸੋਵੀਅਤਾਂ ਨੂੰ" ਦਾ ਸਾਡਾ ਨਾਅਰਾ, ਜਿਸਨੂੰ ਜਨਤਾ ਲੰਮੇਂ ਇਤਿਹਾਸਕ ਤਜਰਬੇ ਨਾਲ ਅਮਲ ਵਿਚ ਅਜ਼ਮਾ ਚੁੱਕੀ ਸੀ, ਉਸਦੀ ਹੋਂਦ ਦਾ ਇਕ ਹਿੱਸਾ ਬਣ ਚੁੱਕਾ ਸੀ।

ਇਹੀ ਕਾਰਨ ਹੈ ਕਿ ੨੫ ਅਕਤੂਬਰ, ੧੯੧੭ ਤੋਂ ਪਿਛੋਂ ਪਹਿਲੇ ਮਹੀਨਿਆਂ ਵਿਚ ਰੂਸੀ ਇਨਕਲਾਬ ਇਕ ਨਿਰੰਤਰ ਜੇਤੂ ਮਾਰਚ ਸੀ। ਇਸਦੇ ਸਿੱਟੇ ਵਜੋਂ, ਉਹ ਮੁਸ਼ਕਲਾਂ, ਜਿਹੜੀਆਂ ਸੋਸ਼ਲਿਸਟ ਇਨਕਲਾਬ ਸਾਮ੍ਹਣੇ ਤੁਰਤ ਆਈਆਂ, ਤੇ ਆਏ ਬਿਨਾਂ ਨਹੀਂ ਸੀ ਰਹਿ ਸਕਦੀਆਂ, ਭੁਲਾ ਦਿਤੀਆਂ ਗਈਆਂ, ਧੱਕ ਕੇ ਪਿੱਛੇ ਸੁੱਟ ਦਿੱਤੀਆਂ ਗਈਆਂ। ਬੁਰਜੂਆ ਇਨਕਲਾਬ ਤੇ ਸੋਸ਼ਲਿਸਟ ਇਨਕਲਾਬ ਵਿਚ ਇਕ ਬੁਨਿਆਦੀ ਫਰਕ ਇਹ ਹੈ ਕਿ ਬੁਰਜੂਆ ਇਨਕਲਾਬ ਲਈ, ਜਿਹੜਾ ਸਾਮੰਤਵਾਦ ਦੇ ਵਿਚੋਂ ਉਠਦਾ

ਹੈ, ਪੁਰਾਣੇ ਨਿਜ਼ਾਮ ਦੀ ਕੁੱਖ ਦੇ ਅੰਦਰ ਹੀ ਨਵੀਆਂ ਆਰਥਕ ਜਥੇਬੰਦੀਆਂ ਹੌਲੀ ਹੌਲੀ ਸਿਰਜੀਆਂ ਜਾਂਦੀਆਂ ਹਨ, ਜੋ ਹੌਲੀ ਹੌਲੀ ਸਾਮੰਤੀ ਸਮਾਜ ਦੇ ਸਾਰੇ ਪੱਖਾਂ ਨੂੰ ਬਦਲ ਦੇਂਦੀਆਂ ਹਨ। ਬੁਰਜੂਆ ਇਨਕਲਾਬ ਸਾਮ੍ਹਣੇ ਸਿਰਫ ਇਕ ਕੰਮ ਸੀ—ਪਿਛਲੇ ਸਮਾਜਕ ਨਿਜ਼ਾਮ ਨੂੰ ਹੂੰਝ ਦੇਣਾ, ਲਾਂਭੇ ਕਰ ਦੇਣਾ, ਇਸਦੀਆਂ ਸਾਰੀਆਂ ਜ਼ੰਜੀਰਾਂ ਨੂੰ ਤਬਾਹ ਕਰ ਦੇਣਾ। ਇਸ ਕੰਮ ਨੂੰ ਪੂਰਾ ਕਰਕੇ ਹਰ ਬੁਰਜੂਆ ਇਨਕਲਾਬ ਉਹ ਸਭ ਕੁਝ ਪੂਰਾ ਕਰ ਲੈਂਦਾ ਹੈ, ਜਿਸਦੀ ਇਸ ਤੋਂ ਮੰਗ ਕੀਤੀ ਜਾਂਦੀ ਹੈ; ਇਹ ਸਰਮਾਇਦਾਰੀ ਦੇ ਵਾਧੇ ਨੂੰ ਤੇਜ਼ ਕਰਦਾ ਹੈ।

ਸੋਸ਼ਲਿਸਟ ਇਨਕਲਾਬ ਬਿਲਕੁਲ ਵੱਖਰੀ ਅਵਸਥਾ ਵਿਚ ਹੁੰਦਾ ਹੈ। ਉਹ ਦੇਸ, ਜਿਹੜਾ ਇਤਿਹਾਸ ਦੇ ਵਲ-ਵਲੇਵਿਆਂ ਕਾਰਨ ਐਸਾ ਦੇਸ ਸਿਧ ਹੋਇਆ ਹੈ ਜਿਹੜਾ ਇਨਕਲਾਬ ਸ਼ੁਰੂ ਕਰੇ, ਜਿੰਨਾਂ ਜ਼ਿਆਦਾ ਪਛੜਿਆ ਹੋਇਆ ਹੋਵੇਗਾ, ਉਸ ਦੇਸ ਵਾਸਤੇ ਪੁਰਾਣੇ ਸਰਮਾਇਦਾਰੀ ਸੰਬੰਧਾਂ ਤੋਂ ਸੋਸ਼ਲਿਸਟ ਸੰਬੰਧਾਂ ਵੱਲ ਜਾਣਾ ਓਨਾ ਹੀ ਜ਼ਿਆਦਾ ਮੁਸ਼ਕਲ ਹੋਵੇਗਾ। ਤਬਾਹ ਕਰਨ ਦੇ ਕੰਮਾਂ ਦੇ ਨਾਲ ਨਵੇਂ ਯਕੀਨੋਂ-ਬਾਹਰੇ ਮੁਸ਼ਕਲ ਕੰਮ, ਜਥੇਬੰਦਕ ਕੰਮ, ਮਿਲ ਜਾਂਦੇ ਹਨ। ਜੇ ਰੂਸੀ ਇਨਕਲਾਬ ਦੀ ਜਨਤਕ ਰਚਣੇਈ ਭਾਵਨਾ, ਜਿਹੜੀ ੧੯੦੫ ਦੇ ਮਹਾਨ ਤਜਰਬੇ ਵਿਚੋਂ ਲੰਘੀ ਹੋਈ ਸੀ, ਨੇ ਫਰਵਰੀ ੧੯੧੭ ਵਿਚ ਹੀ ਸੋਵੀਅਤਾਂ ਨੂੰ ਜਨਮ ਨਾ ਦਿੱਤਾ ਹੁੰਦਾ, ਤਾਂ ਅਕਤੂਬਰ ਵਿਚ ਉਹ ਕਿਸੇ ਹਾਲਤ ਵਿਚ ਵੀ ਸੱਤਾ ਨੂੰ ਆਪਣੇ ਹੱਥ ਨਾ ਲੈ ਸਕਦੀਆਂ, ਕਿਉਂਕਿ ਸਫਲਤਾ ਪੂਰੀ ਤਰ੍ਹਾਂ ਲੱਖਾਂ ਲੋਕਾਂ ਨੂੰ ਆਪਣੀ ਲਪੇਟ ਵਿਚ ਲੈਂਦੀ ਲਹਿਰ ਦੇ ਮਿਲਦੇ ਜਥੇਬੰਦਕ ਰੂਪਾਂ ਦੀ ਹੋਂਦ ਉੱਪਰ ਨਿਰਭਰ ਕਰਦੀ ਸੀ। ਸੋਵੀਅਤਾਂ ਇਹ ਮਿਲਦਾ ਰੂਪ ਸਨ, ਤੇ ਇਹੀ ਕਾਰਨ ਹੈ ਕਿ ਰਾਜਸੀ ਖੇਤਰ ਵਿਚ ਭਵਿਖ ਸਾਡੇ ਲਈ ਉਹ ਸ਼ਾਨਦਾਰ ਸਫਲਤਾਵਾਂ, ਲਗਾਤਾਰ ਜੇਤੂ ਮਾਰਚ ਲਈ ਬੈਠਾ ਸੀ, ਜਿਹੜੀ ਸਾਨੂੰ ਮਿਲੀ; ਕਿਉਂਕਿ ਰਾਜਸੀ ਸੱਤਾ ਦਾ ਨਵਾਂ ਰੂਪ ਪਹਿਲਾਂ ਹੀ ਹਾਜ਼ਰ ਸੀ, ਤੇ ਅਸੀਂ ਬੱਸ ਏਨਾ ਕੁ ਕਰਨਾ ਸੀ ਕਿ ਕੁਝ ਫ਼ਰਮਾਨ ਜਾਰੀ ਕਰ ਦੇਈਏ ਤੇ ਸੋਵੀਅਤਾਂ ਦੀ ਸੱਤਾ ਨੂੰ ਬੀਜ ਰੂਪ ਅਵਸਥਾ ਤੋਂ, ਜਿਸ ਵਿਚ ਇਹ ਇਨਕਲਾਬ ਦੇ ਪਹਿਲੇ ਮਹੀਨਿਆਂ ਵਿਚ ਮੌਜੂਦ ਸੀ, ਕਾਨੂੰਨੀ ਤੌਰ ਤੇ ਪ੍ਰਵਾਨਿਤ ਰੂਪ ਵਿਚ ਬਦਲ ਦੇਈਏ ਜਿਹੜਾ ਰੂਸੀ ਰਾਜ ਵਿਚ—ਅਰਥਾਤ, ਰੂਸੀ ਸੋਵੀਅਤ ਰੀਪਬਲਿਕ ਵਿਚ ਪੱਕਾ ਹੋ ਚੁੱਕਾ ਸੀ। ਇਹ ਰੀਪਬਲਿਕ ਇਕੋ ਹੱਲੇ ਨਾਲ ਕਾਇਮ ਹੋ ਗਈ ਸੀ; ਇਸਨੇ ਏਨੀਂ ਸੌਖੀ ਤਰ੍ਹਾਂ ਜਨਮ ਲਿਆ ਸੀ ਕਿਉਂਕਿ ਫਰਵਰੀ ੧੯੧੭ ਵਿਚ ਪਹਿਲਾਂ ਹੀ ਲੋਕ ਸੋਵੀਅਤਾਂ ਸਿਰਜ ਚੁੱਕੇ ਸਨ ਤੇ ਪਾਰਟੀ ਇਹ ਨਾਅਰਾ ਦੇਣ ਵਿਚ ਸਫਲ ਹੋ ਸਕੀ ਸੀ। ਇਹ ਲੋਕਾਂ ਦੀ ਮਹਾਨ ਰਚਣੇਈ ਸਪਿਰਿਟ ਸੀ, ਜਿਹੜੀ ੧੯੦੫ ਦੇ ਕੌੜੇ ਤਜਰਬੇ ਵਿਚੋਂ ਲੰਘ ਚੁੱਕੀ ਸੀ ਤੇ ਇਸ ਨਾਲ ਸਿਆਣੀ ਬਣ ਚੁੱਕੀ ਸੀ, ਜਿਸਨੇ ਪ੍ਰੋਲਤਾਰੀ ਸੱਤਾ ਦੇ ਇਸ ਰੂਪ ਨੂੰ ਜਨਮ ਦਿੱਤਾ। ਘਰੇਲੂ ਦੁਸ਼ਮਨ

ਉੱਪਰ ਜਿੱਤ ਪ੍ਰਾਪਤ ਕਰਨ ਦਾ ਕੰਮ ਬੇਹੱਦ ਸੌਖਾ ਸੀ। ਰਾਜਸੀ ਸੱਤਾ ਪੈਦਾ ਕਰਨ ਦਾ ਕੰਮ ਬੇਹੱਦ ਸੌਖਾ ਸੀ ਕਿਉਂਕਿ ਜਨਤਾ ਇਸ ਸੱਤਾ ਦਾ ਆਧਾਰ ਢਾਂਚਾ ਕਾਇਮ ਕਰ ਚੁੱਕੀ ਸੀ। ਸੋਵੀਅਤਾਂ ਦੀ ਰੀਪਬਲਿਕ ਨੇ ਇਕੋ ਹੱਲੇ ਨਾਲ ਜਨਮ ਲੈ ਲਿਆ। ਪਰ ਦੋ ਬੇਹੱਦ ਮੁਸ਼ਕਲ ਮਸਲੇ ਅਜੇ ਵੀ ਕਾਇਮ ਸਨ, ਜਿਨ੍ਹਾਂ ਦਾ ਹਲ ਜੇਤੂ ਮਾਰਚ ਨਹੀਂ ਸੀ ਹੋ ਸਕਦਾ ਜਿਹੜੀ ਸਾਡੇ ਇਨਕਲਾਬ ਦੇ ਪਹਿਲੇ ਮਹੀਨਿਆਂ ਵਿਚ ਸਾਡੇ ਤਜਰਬੇ ਵਿਚ ਆਈ—ਸਾਨੂੰ ਇਸ ਬਾਰੇ ਸ਼ੱਕ ਨਹੀਂ ਸੀ, ਅਸੀਂ ਸ਼ੱਕ ਨਹੀਂ ਸਾਂ ਕਰ ਸਕਦੇ ਕਿ ਸੋਸ਼ਲਿਸਟ ਇਨਕਲਾਬ ਸਾਮ੍ਹਣੇ ਮਗਰੋਂ ਬੇਹਦ ਮੁਸ਼ਕਲ ਮਸਲੇ ਆਉਣਗੇ।

ਪਹਿਲਾ, ਘਰੇਲੂ ਜਥੇਬੰਦੀ ਦਾ ਮਸਲਾ ਸੀ, ਜਿਹੜਾ ਹਰ ਸੋਸ਼ਲਿਸਟ ਇਨਕਲਾਬ ਸਾਮ੍ਹਣੇ ਖੜਾ ਹੁੰਦਾ ਹੈ। ਸੋਸ਼ਲਿਸਟ ਇਨਕਲਾਬ ਤੇ ਬੁਰਜੂਆ ਇਨਕਲਾਬ ਵਿਚ ਫਰਕ ਇਹ ਹੈ ਕਿ ਬੁਰਜੂਆ ਇਨਕਲਾਬ ਦੀ ਸੂਰਤ ਵਿਚ ਸਰਮਾਇਦਾਰਾ ਸੰਬੰਧਾਂ ਦੇ ਬਣੇ-ਬਣਾਏ ਰੂਪ ਹੁੰਦੇ ਹਨ; ਸੋਵੀਅਤ ਸੱਤਾ—ਪ੍ਰੋਲਤਾਰੀ ਸੱਤਾ—ਨੂੰ ਇਹੋ ਜਿਹੇ ਬਣੇ-ਬਣਾਏ ਰੂਪ ਵਿਰਸੇ ਵਿਚ ਨਹੀਂ ਮਿਲਦੇ, ਜੇ ਅਸੀਂ ਸਰਮਾਇਦਾਰੀ ਦੇ ਅਤਿ ਵਿਕਸਤ ਰੂਪਾਂ ਨੂੰ ਛੱਡ ਦੇਈਏ ਤਾਂ, ਜਿਹੜੇ, ਹਕੀਕਤ ਵਿਚ, ਸਨਅਤ ਦੀ ਨਿੱਕੀ ਜਿਹੀ ਉਪਰਲੀ ਪਰਤ ਤੱਕ ਹੀ ਸਿਰਫ ਫੈਲੇ ਹੋਏ ਸਨ ਤੇ ਜ਼ਰਾਇਤ ਨੂੰ ਅਜੇ ਛੁਹਿਆ ਵੀ ਨਹੀਂ ਸੀ। ਲੇਖੇ-ਪੱਤੇ ਨੂੰ ਜਥੇਬੰਦ ਕਰਨਾ, ਵਡੇ ਵਡੇ ਅਦਾਰਿਆਂ ਦਾ ਕੰਟਰੋਲ, ਸਾਰੀ ਰਾਜਕੀ ਆਰਥਕ ਮਸ਼ੀਨਰੀ ਨੂੰ ਇਕੋ ਇਕ ਧੜਵੇਲ ਮਸ਼ੀਨ ਵਿਚ, ਇਕ ਆਰਥਕ ਵਜੂਦ ਵਿਚ ਬਦਲਣਾ, ਜਿਹੜਾ ਇਸ ਤਰ੍ਹਾਂ ਨਾਲ ਕੰਮ ਕਰੇਗਾ ਜਿਹੜਾ ਲੱਖਾਂ, ਕਰੋੜਾਂ ਬੰਦਿਆਂ ਨੂੰ ਇਕੋ ਇਕ ਯੋਜਨਾ ਤੋਂ ਸੇਧ ਲੈਣ ਦੇ ਯੋਗ ਬਣਾਇਗਾ—ਇਹੋ ਜਿਹਾ ਸੀ ਬੇਹੱਦ ਵੱਡਾ ਜਥੇਬੰਦਕ ਮਸਲਾ ਜਿਹੜਾ ਸਾਡੇ ਮੋਢਿਆਂ ਉੱਤੇ ਸੀ। ਕਿਰਤ ਦੀਆਂ ਮੌਜੂਦਾ ਹਾਲਤਾਂ ਵਿਚ ਇਹ ਮਸਲਾ ਸ਼ਾਇਦ "ਹੁੱਰਾ" ਢੰਗਾਂ ਨਾਲ ਨਹੀਂ ਸੀ ਹਲ ਕੀਤਾ ਜਾ ਸਕਦਾ, ਜਿਨ੍ਹਾਂ ਢੰਗਾਂ ਨਾਲ ਅਸੀਂ ਘਰੇਲੂ ਜੰਗ ਦੇ ਮਸਲੇ ਹਲ ਕਰਨ ਦੇ ਸਮਰਥ ਹੋਏ ਸਾਂ। ਮਸਲੇ ਦਾ ਖਾਸਾ ਹੀ ਇਹੋ ਜਿਹੇ ਢੰਗਾਂ ਨਾਲ ਹਲ ਨੂੰ ਰੋਕਦਾ ਸੀ। ਅਸੀਂ ਕਾਲੇਦੀਨ ਬਗ਼ਾਵਤ ਉਪਰ ਸੌਖੀ ਤਰ੍ਹਾਂ ਜਿੱਤਾਂ ਪ੍ਰਾਪਤ ਕਰ ਲਈਆਂ ਤੇ ਐਸੇ ਵਿਰੋਧ ਦੇ ਰੂਬਰੂ ਸੋਵੀਅਤ ਰੀਪਬਲਿਕ ਸਿਰਜ ਦਿਤੀ ਜਿਹੜਾ ਵਿਰੋਧ ਗੰਭੀਰ ਧਿਆਨ ਦੇ ਵੀ ਕਾਬਲ ਨਹੀਂ ਸੀ; ਘਟਨਾਵਾਂ ਦਾ ਵਹਿਣ ਸਾਰੇ ਪਹਿਲਾਂ ਹੋਏ ਬਾਹਰਮੁਖੀ ਵਿਕਾਸ ਵਲੋਂ ਨਿਸਚਿਤ ਕੀਤਾ ਜਾ ਚੁੱਕਾ ਸੀ, ਇਥੋਂ ਤੱਕ ਕਿ ਅਸੀਂ ਬੱਸ ਏਨਾਂ ਹੀ ਕਰਨਾ ਸੀ ਕਿ ਆਖਰੀ ਲਫਜ਼ ਕਹੀਏ ਤੇ ਫੱਟਾ ਬਦਲ ਦੇਈਏ, ਅਰਥਾਤ "ਸੋਵੀਅਤ ਦਾ ਵਜੂਦ ਟਰੇਡ ਯੂਨੀਅਨ ਜਥੇਬੰਦੀ ਦੇ ਤੌਰ ਉਤੇ ਹੈ" ਦਾ ਫੱਟਾ ਲਾਹ ਲਈਏ ਤੇ ਇਸਦੀ ਥਾਂ "ਸੋਵੀਅਤ ਰਾਜ ਸੱਤਾ ਦਾ ਇਕੋ ਇਕ ਰੂਪ ਹੈ" ਦਾ ਫੱਟਾ ਲਾ ਦੇਈਏ। ਪਰ ਜਥੇਬੰਦੀ ਦੇ ਮਸਲਿਆਂ ਦੇ ਸੰਬੰਧ ਵਿਚ ਹਾਲਤ ਬਿਲਕੁਲ ਵੱਖਰੀ ਸੀ। ਇਸ ਖੇਤਰ ਵਿਚ ਸਾਨੂੰ

ਅਥਾਹ ਮੁਸ਼ਕਲਾਂ ਪੇਸ਼ ਆਈਆਂ। ਹਰ ਇਕ ਨੂੰ, ਜਿਹੜਾ ਵੀ ਸਾਡੇ ਇਨਕਲਾਬ ਦੇ ਕਾਰਜਾਂ ਬਾਰੇ ਸੋਚਣ ਦੀ ਪ੍ਰਵਾਹ ਕਰਦਾ ਸੀ, ਇਹ ਇਕਦਮ ਸਪਸ਼ਟ ਹੋ ਗਿਆ ਕਿ ਸਵੈ-ਡਿਸਿਪਲਿਨ ਦੇ ਮੁਸ਼ਕਲ ਤੇ ਲੰਮੇਂ ਰਾਹ ਉਪਰੋਂ ਹੀ ਉਸ ਖੇਰੂੰ-ਖੇਰੂੰ ਅਵਸਥਾ ਉਪਰ ਕਾਬੂ ਪਾਉਣਾ ਸੰਭਵ ਹੋਵੇਗਾ, ਜਿਸ ਵਿਚ ਜੰਗ ਨੇ ਸਰਮਾਇਦਾਰਾ ਸਮਾਜ ਨੂੰ ਸੁੱਟ ਦਿੱਤਾ ਸੀ, ਕਿ ਸਿਰਫ ਅਸਾਧਾਰਨ ਤੌਰ ਉਤੇ ਮੁਸ਼ਕਲ, ਲੰਮੇਂ ਤੇ ਸਿਰੜੀ ਯਤਨ ਨਾਲ ਹੀ ਅਸੀਂ ਇਸ ਖੇਰੂੰ-ਖੇਰੂੰ ਅਵਸਥਾ ਨਾਲ ਨਜਿੱਠ ਸੱਕਦੇ ਹਾਂ ਤੇ ਇਸਨੂੰ ਗੰਭੀਰ ਬਨਾਉਣ ਵਾਲੇ ਅਨਸਰਾਂ ਨੂੰ ਹਾਰ ਦੇ ਸਕਦੇ ਹਾਂ, ਐਸੇ ਅਨਸਰਾਂ ਨੂੰ ਜਿਹੜੇ ਇਨਕਲਾਬ ਨੂੰ ਪੁਰਾਣੀਆਂ ਜ਼ੰਜੀਰਾਂ ਲਾਹ ਮਾਰਨ ਦੇ ਤੇ ਆਪਣੇ ਲਈ ਇਸ ਤੋਂ ਏਨਾਂ ਕੁਝ ਕਢ ਲੈਣ ਦੇ, ਜਿੰਨਾਂ ਉਹਨਾਂ ਲਈ ਸੰਭਵ ਸੀ, ਇਕ ਸਾਧਨ ਵਜੋਂ ਸਮਝਦੇ ਸਨ। ਯਕੀਨੋਂ ਬਾਹਰੀ ਆਰਥਕ ਗੜਬੜ ਦੇ ਸਮੇਂ ਵਿਚ ਛੋਟੇ-ਕਿਸਾਨ ਦੇਸ ਵਿਚ ਇਹੋ ਜਿਹੇ ਅਨਸਰਾਂ ਦਾ ਭਾਰੀ ਗਿਣਤੀ ਵਿਚ ਪੈਦਾ ਹੋ ਜਾਣਾ ਅਟੱਲ ਸੀ ਤੇ ਇਹਨਾਂ ਅਨਸਰਾਂ ਦੇ ਖਿਲਾਫ ਲੜਾਈ, ਜਿਹੜੀ ਅੱਗੇ ਆਉਣ ਵਾਲੀ ਹੈ, ਜਿਸਨੂੰ ਅਸੀਂ ਅਜੇ ਸਿਰਫ ਸ਼ੁਰੂ ਹੀ ਕੀਤਾ ਹੈ, ਸੌ ਗੁਣਾ ਵਧੇਰੇ ਮੁਸ਼ਕਲ ਹੋਵੇਗੀ, ਇਹ ਐਸੀ ਲੜਾਈ ਹੋਵੇਗੀ ਜਿਹੜੀ ਕੋਈ ਦਰਸ਼ਨੀ ਮੌਕਿਆਂ ਦਾ ਭਰੋਸਾ ਨਹੀਂ ਦੁਆਉਂਦੀ। ਅਸੀਂ ਇਸ ਲੜਾਈ ਦੇ ਸਿਰਫ ਪਹਿਲੇ ਪੜਾਅ ਉਤੇ ਹਾਂ। ਸਖਤ ਅਜ਼ਮਾਇਸ਼ਾਂ ਸਾਡੀ ਉਡੀਕ ਵਿਚ ਹਨ। ਬਾਹਰਮੁਖੀ ਅਵਸਥਾ ਸਾਨੂੰ ਆਪਣੇ ਆਪ ਨੂੰ ਲਹਿਰਾਉਂਦੇ ਝੰਡਿਆਂ ਨਾਲ ਜੇਤੂ ਮਾਰਚ ਤੱਕ ਜਿਹੜੀ ਕਿ ਕਾਲੇਦੀਨ ਦੇ ਖਿਲਾਫ ਲੜਾਈ ਵਿਚ ਅਸੀਂ ਕੀਤੀ ਸੀ, ਸੀਮਤ ਰੱਖਣ ਦੇ ਕਿਸੇ ਵੀ ਵਿਚਾਰ ਨੂੰ ਵਿਚ ਨਹੀਂ ਆਉਣ ਦੇਂਦੀ। ਕੋਈ ਵੀ ਬੰਦਾ, ਜਿਹੜਾ ਇਨਕਲਾਬ ਸਾਮ੍ਹਣੇ ਖੜੇ ਜਥੇਬੰਦਕ ਮਸਲਿਆਂ ਉਪਰ ਘੋਲ ਦੇ ਇਹਨਾਂ ਢੰਗਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰੇਗਾ, ਸਿਆਸਤਦਾਨ ਦੇ ਤੌਰ ਤੇ, ਸੋਸ਼ਲਿਸਟ ਦੇ ਤੌਰ ਤੇ, ਸੋਸ਼ਲਿਸਟ ਇਨਕਲਾਬ ਵਿਚ ਸਰਗਰਮ ਕਾਰਕੁਨ ਦੇ ਤੌਰ ਤੇ ਸਿਰਫ ਆਪਣੇ ਪੂਰੇ ਦੀਵਾਲੀਏਪਣ ਨੂੰ ਹੀ ਸਿੱਧ ਕਰੇਗਾ।

ਇਹੀ ਚੀਜ਼ ਸਾਡੇ ਨੌਜਵਾਨ ਸਾਥੀਆਂ ਦੀ, ਜਿਹੜੇ ਇਨਕਲਾਬ ਦੀ ਮੁਢਲੀ ਜੇਤੂ ਮਾਰਚ ਦੇ ਵਹਿਣ ਵਿਚ ਵਹਿ ਗਏ ਸਨ, ਉਡੀਕ ਵਿਚ ਸੀ ਜਦੋਂ ਇਨਕਲਾਬ ਸਾਮ੍ਹਣੇ ਦੂਜੀ—ਕੌਮਾਂਤਰੀ ਸਵਾਲ ਦੀ—ਬੇਹੱਦ ਵੱਡੀ ਮੁਸ਼ਕਲ ਠੋਸ ਤਰ੍ਹਾਂ ਆਈ। ਇਸਦਾ ਕਾਰਨ ਕਿ ਅਸੀਂ ਕੇਰੇਂਸਕੀ ਦੇ ਗਰੋਹਾਂ ਉਪਰ ਸੌਖੀ ਤਰ੍ਹਾਂ ਜਿੱਤ ਪ੍ਰਾਪਤ ਕਰ ਲਈ, ਇਸਦਾ ਕਾਰਨ ਕਿ ਅਸੀਂ ਏਨੀਂ ਸੌਖੀ ਤਰ੍ਹਾਂ ਆਪਣੀ ਸਰਕਾਰ ਕਾਇਮ ਕਰ ਲਈ ਤੇ ਬਿਨਾਂ ਰਤਾ ਵੀ ਮੁਸ਼ਕਲ ਦੇ ਭੂਮੀ ਦੇ ਸਮਾਜੀਕਰਨ ਬਾਰੇ ਤੇ ਮਜ਼ਦੂਰਾਂ ਦੇ ਕੰਟਰੋਲ ਬਾਰੇ ਫਰਮਾਨ ਪਾਸ ਕਰ ਦਿੱਤੇ, ਇਸਦਾ ਕਾਰਨ ਕਿ ਅਸੀਂ ਇਹ ਸਭ ਕੁਝ ਏਨੀਂ ਸੌਖੀ ਤਰ੍ਹਾਂ ਪ੍ਰਾਪਤ ਕਰ ਲਿਆ, ਹਾਲਾਤ ਦਾ ਸੁਭਾਗਾ ਸੁਮੇਲ ਸੀ ਜਿਸਨੇ ਕੁਝ ਸਮੇਂ

ਲਈ ਸਾਨੂੰ ਕੌਮਾਂਤਰੀ ਸਾਮਰਾਜ ਤੋਂ ਬਚਾਈ ਰਖਿਆ। ਕੌਮਾਂਤਰੀ ਸਾਮਰਾਜ, ਆਪਣੇ ਸਰਮਾਏ ਦੀ ਪੂਰੀ ਸ਼ਕਤੀ ਦੇ ਨਾਲ, ਆਪਣੀ ਅਤਿਅੰਤ ਸੰਗਠਿਤ ਜੰਗੀ ਮਸ਼ੀਨ ਨਾਲ ਜੋ ਕਿ ਅਸਲੀ ਸ਼ਕਤੀ ਹੈ, ਕੌਮਾਂਤਰੀ ਸਰਮਾਏ ਦਾ ਕਿਲ੍ਹਾ ਹੈ, ਕਿਸੇ ਵੀ ਹਾਲਤ ਵਿਚ, ਕਿਸੇ ਵੀ ਸੂਰਤ ਵਿਚ ਸੋਵੀਅਤ ਰੀਪਬਲਿਕ ਦੇ ਨਾਲ ਨਾਲ ਨਹੀਂ ਸੀ ਰਹਿ ਸਕਦਾ, ਆਪਣੀ ਬਾਹਰਮੁਖੀ ਪੁਜ਼ੀਸ਼ਨ ਕਰਕੇ ਵੀ, ਤੇ ਇਸ ਵਿਚ ਸਾਕਾਰ ਸਰਮਾਇਦਾਰਾ ਜਮਾਤ ਦੇ ਆਰਥਕ ਹਿਤਾਂ ਕਰਕੇ, ਵਪਾਰਕ ਸੰਬੰਧਾਂ ਕਰਕੇ, ਕੌਮਾਂਤਰੀ ਵਿੱਤੀ ਸੰਬੰਧਾਂ ਕਰਕੇ ਵੀ। ਇਸ ਖੇਤਰ ਵਿਚ ਟੱਕਰ ਅਟੱਲ ਹੈ। ਇਹ ਰੂਸੀ ਇਨਕਲਾਬ ਦੀ ਸਭ ਭੋਂ ਵੱਡੀ ਮੁਸ਼ਕਲ ਹੈ, ਇਸਦੀ ਸਭ ਤੋਂ ਵੱਡੀ ਇਤਿਹਾਸਕ ਸਮੱਸਿਆ ਹੈ—ਕੌਮਾਂਤਰੀ ਮਸਲੇ ਹਲ ਕਰਨ ਦੀ ਲੋੜ, ਸੰਸਾਰ ਇਨਕਲਾਬ ਪੈਦਾ ਕਰਨ ਦੀ, ਆਪਣੇ ਹਰ ਤਰ੍ਹਾਂ ਨਾਲ ਕੌਮੀ ਇਨਕਲਾਬ ਤੋਂ ਸੰਸਾਰ ਇਨਕਲਾਬ ਵੱਲ ਤਬਦੀਲੀ ਲਿਆਉਣ ਦੀ ਲੋੜ। ਇਹ ਮਸਲਾ ਆਪਣੀ ਸਾਰੀ ਯਕੀਨੋਂ ਬਾਹਰੀ ਮੁਸ਼ਕਲ ਨਾਲ ਸਾਡੇ ਸਾਮ੍ਹਣੇ ਖੜਾ ਹੈ। ਮੈਂ ਦੁਹਰਾਉਂਦਾ ਹਾਂ, ਸਾਡੇ ਨੌਜਵਾਨ ਦੋਸਤਾਂ ਵਿਚੋਂ ਬਹੁਤ ਸਾਰਿਆਂ ਨੇ, ਜਿਹੜੇ ਆਪਣੇ ਆਪ ਨੂੰ ਖੱਬੇ ਸਮਝਦੇ ਹਨ, ਸਭ ਤੋਂ ਵਧ ਮਹਤਵਪੂਰਨ ਚੀਜ਼ ਭੁੱਲਣੀ ਸ਼ੁਰੂ ਕਰ ਦਿੱਤੀ ਹੈ: ਅਕਤੂਬਰ ਤੋਂ ਪਿਛੋਂ ਅਥਾਹ ਜਿੱਤ ਦੇ ਹਫਤਿਆਂ ਤੇ ਮਹੀਨਿਆਂ ਦੇ ਦੌਰਾਣ ਅਸੀਂ ਇਕ ਤੋਂ ਦੂਜੀ ਜਿੱਤ ਵੱਲ ਸੌਖੀ ਤਰ੍ਹਾਂ ਜਾਣ ਵਿਚ ਕਿਵੇਂ ਸਫਲ ਹੋ ਸੱਕੇ। ਤੇ ਫਿਰ ਵੀ ਇਹ ਕੌਮਾਂਤਰੀ ਹਾਲਤਾਂ ਦੇ ਖਾਸ ਸੁਮੇਲ ਕਾਰਨ ਹੀ ਹੋਇਆ ਜਿਨ੍ਹਾਂ ਨੇ ਸਾਨੂੰ ਆਰਜ਼ੀ ਤੌਰ ਤੇ ਸਾਮਰਾਜ ਤੋਂ ਓਟ ਦੇ ਛੱਡੀ। ਸਾਮਰਾਜ ਸਾਮ੍ਹਣੇ ਸਾਡੇ ਤੋਂ ਛੁੱਟ ਹੋਰ ਵੀ ਸਿਰਦਰਦੀਆਂ ਸਨ। ਤੇ ਸਾਨੂੰ ਲੱਗਾ ਕਿ ਸਾਡੇ ਸਾਮ੍ਹਣੇ ਵੀ ਸਾਮਰਾਜ ਤੋਂ ਛੁੱਟ ਹੋਰ ਸਿਰਦਰਦੀਆਂ ਹਨ। ਇਕੱਲੇ ਇਕੱਲੇ ਸਾਮਰਾਜੀਆਂ ਕੋਲ ਸਾਡੇ ਨਾਲ ਮੱਥਾ ਮਾਰਨ ਦਾ ਸਮਾਂ ਨਹੀਂ ਸੀ, ਸਿਰਫ ਇਸ ਲਈ ਕਿ ਆਧੁਨਿਕ ਸੰਸਾਰ ਸਾਮਰਾਜ ਦੀ ਸਾਰੀ ਮਹਾਨ ਸਮਾਜਕ, ਰਾਜਨੀਤਕ ਤੇ ਫੌਜੀ ਸ਼ਕਤੀ ਪ੍ਰਸਪਰ ਵਿਨਾਸ਼ਕਾਰੀ ਜੰਗ ਕਾਰਨ ਦੋ ਟੋਲੀਆਂ ਵਿਚ ਵੰਡੀ ਹੋਈ ਸੀ। ਇਸ ਘੋਲ ਵਿਚ ਸ਼ਾਮਲ ਸਾਮਰਾਜੀ ਲੁਟੇਰੇ ਇਸ ਯਕੀਨੋਂ-ਬਾਹਰੀ ਹੱਦ ਤੱਕ ਚਲੇ ਗਏ ਸਨ, ਇਸ ਹੱਦ ਤੱਕ ਮਾਰੂ ਲੜਾਈ ਵਿਚ ਜੁੱਟੇ ਹੋਏ ਸਨ, ਕਿ ਦੋਹਾਂ ਟੋਲੀਆਂ ਵਿਚੋਂ ਕੋਈ ਵੀ ਰੂਸੀ ਇਨਕਲਾਬ ਦੇ ਖਿਲਾਫ ਕੋਈ ਕਾਰਗਰ ਸ਼ਕਤੀਆਂ ਇਕੱਠੀਆਂ ਕਰਨ ਦੇ ਯੋਗ ਨਹੀਂ ਸੀ। ਇਹ ਸਨ ਹਾਲਾਤ ਜਿਨ੍ਹਾਂ ਵਿਚ ਅਸੀਂ ਅਕਤੂਬਰ ਵਿਚ ਆਪਣੇ ਆਪ ਨੂੰ ਦੇਖਿਆ। ਇਹ ਵਿਰੋਧਾਭਾਸ ਹੈ ਪਰ ਹੈ ਸੱਚ ਕਿ ਸਾਡਾ ਇਨਕਲਾਬ ਐਸੇ ਖੁਸ਼ਕਿਸਮਤ ਸਮੇਂ ਸ਼ੁਰੂ ਹੋਇਆ, ਜਦੋਂ ਬੇਮਿਸਾਲ ਤਬਾਹੀ ਨੇ, ਜਿਸ ਵਿਚ ਲੱਖਾਂ ਮਨੁੱਖੀ ਜਾਨਾਂ ਖਤਮ ਹੋ ਗਈਆਂ ਸਨ, ਬਹੁਤੇ ਸਾਮਰਾਜੀ ਦੇਸਾਂ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਸੀ, ਜਦੋਂ ਜੰਗ ਕਾਰਨ ਆਈਆਂ ਬੇਮਿਸਾਲ ਬਿਪਤਾਵਾਂ ਕੌਮਾਂ ਨੂੰ ਚੂਸ ਚੁੱਕੀਆਂ ਸਨ, ਜਦੋਂ ਜੰਗ ਦੇ ਚੌਥੇ ਸਾਲ ਵਿਚ ਲੜ ਰਹੇ ਦੇਸ ਇਕ ਉਲਝਣ

ਤੱਕ, ਰਾਹਾਂ ਦੇ ਨਿਖੇੜ ਤੱਕ ਪੁੱਜ ਗਏ ਸਨ, ਜਦੋਂ ਇਹ ਸਵਾਲ ਬਾਹਰਮੁਖੀ ਤੌਰ ਤੇ ਪੈਦਾ ਹੋ ਗਿਆ ਸੀ — ਕੀ ਇਸ ਹਾਲਤ ਤੱਕ ਨਿੱਘਰ ਚੁੱਕੀਆਂ ਕੌਮਾਂ ਲੜਾਈ ਜਾਰੀ ਰੱਖ ਸਕਦੀਆਂ ਹਨ ? ਸਿਰਫ ਇਸ ਕਰਕੇ ਇਹ ਹੋਇਆ ਕਿਉਂਕਿ ਸਾਡਾ ਇਨਕਲਾਬ ਇਹੋ ਜਿਹੇ ਖੁਸ਼ਕਿਸਮਤ ਮੌਕੇ ਸ਼ੁਰੂ ਹੋਇਆ ਜਦੋਂ ਲੁਟੇਰਿਆਂ ਦੇ ਦੋ ਭਾਰੀ ਟੋਲਿਆਂ ਵਿਚੋਂ ਕੋਈ ਵੀ ਇਸ ਅਵਸਥਾ ਵਿਚ ਨਹੀਂ ਸੀ ਕਿ ਤੁਰਤ ਦੂਜੇ ਉਪਰ ਟੁੱਟ ਕੇ ਪੈ ਸੱਕੇ ਜਾਂ ਸਾਡੇ ਖਿਲਾਫ ਦੂਸਰੇ ਨਾਲ ਇਕਮੁਠ ਹੋ ਸਕੇ ; ਸਾਡਾ ਇਨਕਲਾਬ ਕੌਮਾਂਤਰੀ ਰਾਜਸੀ ਤੇ ਆਰਥਕ ਸੰਬੰਧਾਂ ਵਿਚ ਇਹੋ ਜਿਹੀ ਅਵਸਥਾ ਦਾ ਸਿਰਫ ਲਾਭ ਹੀ ਉਠਾ ਸੱਕਦਾ ਸੀ (ਤੇ ਇਸ ਨੇ ਉਠਾਇਆ ਵੀ) ਕਿ ਇਹ ਯੂਰਪੀ ਰੂਸ ਵਿਚ ਆਪਣੀ ਸ਼ਾਨਦਾਰ ਜੇਤੂ ਮਾਰਚ ਨੂੰ ਪੂਰਿਆਂ ਕਰ ਸਕੇ, ਫਿਨਲੈਂਡ ਤੱਕ ਫੈਲ ਜਾਏ ਤੇ ਕਾਕੇਸ਼ਸ ਤੇ ਰੁਮਾਨੀਆ ਨੂੰ ਜਿੱਤਣਾ ਸ਼ੁਰੂ ਕਰ ਦੇਵੇ। ਸਿਰਫ ਇਹ ਗੱਲ ਸਾਡੀ ਪਾਰਟੀ ਦੇ ਆਗੂ ਹਲਕਿਆਂ ਵਿਚ ਐਸੇ ਪਾਰਟੀ ਕਾਰਕੁਨਾਂ, ਬੁਧੀਮਾਨ ਪਰਾਮਨੁਖਾਂ ਦੇ ਪ੍ਰਗਟ ਹੋਣ ਦੀ ਵਿਆਖਿਆ ਕਰਦੀ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਇਸ ਜੇਤੂ ਮਾਰਚ ਦੇ ਨਾਲ ਹੀ ਵਹਿ ਜਾਣ ਦਿੱਤਾ ਤੇ ਜਿਨ੍ਹਾਂ ਕਿਹਾ ਕਿ ਅਸੀਂ ਕੌਮਾਂਤਰੀ ਸਾਮਰਾਜ ਨਾਲ ਨਜਿੱਠ ਸੱਕਦੇ ਹਾਂ ; ਉਥੇ ਵੀ ਜੇਤੂ ਮਾਰਚ ਹੋਵੇਗੀ, ਉਥੇ ਵੀ ਕੋਈ ਠੋਸ ਮੁਸ਼ਕਲਾਂ ਨਹੀਂ ਹੋਣ ਲੱਗੀਆਂ। ਇਹ ਗੱਲ ਰੂਸੀ ਇਨਕਲਾਬ ਦੀ ਬਾਹਰਮੁਖੀ ਅਵਸਥਾ ਨਾਲ ਮੇਲ ਨਹੀਂ ਸੀ ਖਾਂਦੀ, ਜਿਸ ਨੇ ਸਿਰਫ ਕੌਮਾਂਤਰੀ ਸਾਮਰਾਜ ਨੂੰ ਲੱਗੇ ਧੱਕੇ ਤੋਂ ਸਿਰਫ ਲਾਭ ਹੀ ਉਠਾਇਆ ਸੀ ; ਜਿਹੜਾ ਇੰਜਣ ਖਿਆਲ ਕੀਤਾ ਜਾਂਦਾ ਸੀ ਕਿ ਸਾਨੂੰ ਇਸ ਤਰ੍ਹਾਂ ਕੁਚਲ ਸੁੱਟੇਗਾ ਜਿਸ ਤਰ੍ਹਾਂ ਰੇਲਗੱਡੀ ਛਕੜੇ ਨੂੰ ਕੁਚਲ ਦੇਂਦੀ ਹੈ, ਉਹ ਇੰਜਣ ਰੁਕਿਆ ਖੜਾ ਸੀ — ਤੇ ਇੰਜਣ ਰੁਕਿਆ ਖੜਾ ਸੀ ਕਿਉਂਕਿ ਧਾੜਵੀਆਂ ਦੇ ਦੋ ਟੋਲਿਆਂ ਦੀ ਟੱਕਰ ਹੋ ਗਈ ਸੀ। ਕਿਤੇ ਕਿਤੇ ਇਨਕਲਾਬੀ ਲਹਿਰ ਵਧ ਰਹੀ ਸੀ, ਪਰ ਸਾਰੇ ਸਾਮਰਾਜੀ ਦੇਸਾਂ ਵਿਚ, ਬਿਨਾਂ ਕਿਸੇ ਛੋਟ ਦੇ, ਇਹ ਅਜੇ ਵੀ ਮੁਖ ਤੌਰ ਤੇ ਮੁਢਲੇ ਪੜਾਅ ਤੇ ਸੀ। ਇਸਦੀ ਵਾਧੇ ਦੀ ਰਫਤਾਰ ਸਾਡੇ ਨਾਲੋਂ ਬਿਲਕੁਲ ਵੱਖਰੀ ਸੀ। ਜਿਸਨੇ ਵੀ ਕਿਸੇ ਨੇ ਯੂਰਪ ਵਿਚ ਸੋਸ਼ਲਿਸਟ ਇਨਕਲਾਬ ਦੀਆਂ ਆਰਥਕ ਪੂਰਵ-ਲੋੜਾਂ ਬਾਰੇ ਧਿਆਨ ਨਾਲ ਸੋਚਿਆ ਹੈ, ਉਸਨੂੰ ਇਸ ਨੁਕਤੇ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ ਕਿ ਰੂਸ ਵਿਚ ਇਸ ਨੂੰ ਸ਼ੁਰੂ ਕਰਨਾ ਅਥਾਹ ਤੌਰ ਤੇ ਵਧੇਰੇ ਮੁਸ਼ਕਲ ਹੋਵੇਗਾ, ਜਦ ਕਿ ਯੂਰਪ ਵਿਚ ਇਹ ਸ਼ੁਰੂ ਕਰਨਾ ਸਾਡੇ ਲਈ ਅਥਾਹ ਤੌਰ ਤੇ ਸੌਖਾ ਸੀ। ਪਰ ਇਨਕਲਾਬ ਨੂੰ ਜਾਰੀ ਰੱਖਣਾ ਸਾਡੇ ਲਈ ਵਧੇਰੇ ਮੁਸ਼ਕਲ ਹੋਵੇਗਾ, ਜਿੰਨਾਂ ਕਿ ਉਥੇ ਨਹੀਂ ਹੋਵੇਗਾ। ਇਸ ਬਾਹਰਮੁਖੀ ਅਵਸਥਾ ਨੇ ਸਾਨੂੰ ਇਤਿਹਾਸ ਵਿਚ ਅਸਾਧਾਰਨ ਤੌਰ ਤੇ ਤਿੱਖਾ ਤੇ ਮੁਸ਼ਕਲ ਮੋੜ ਕੱਟਣ ਦੇ ਤਜਰਬੇ ਵਿਚੋਂ ਲੰਘਾਇਆ। ਆਪਣੇ ਘਰੇਲੂ ਮਹਾਜ਼ ਉੱਪਰ, ਆਪਣੇ ਉਲਟ ਇਨਕਲਾਬ ਦੇ ਖਿਲਾਫ, ਸੋਵੀਅਤ ਸੱਤਾ ਦੇ ਦੁਸ਼ਮਨਾਂ ਦੇ ਖਿਲਾਫ ਅਕਤੂਬਰ, ਨਵੰਬਰ ਤੇ ਦਸੰਬਰ

ਵਿਚ ਲਗਾਤਾਰ ਜੇਤੂ ਮਾਰਚ ਤੋਂ ਸਾਨੂੰ ਅਸਲੀ ਕੌਮਾਂਤਰੀ ਸਾਮਰਾਜ ਨਾਲ, ਜਿਹੜਾ ਸਾਡੇ ਵੱਲ ਅਸਲੀ ਦੁਸ਼ਮਨੀ ਰੱਖਦਾ ਸੀ, ਟੱਕਰ ਵੱਲ ਜਾਣਾ ਪਿਆ। ਜੇਤੂ ਮਾਰਚ ਦੇ ਦੌਰ ਤੋਂ ਸਾਨੂੰ ਐਸੇ ਦੌਰ ਵੱਲ ਜਾਣਾ ਪਿਆ ਜਿਸ ਵਿਚ ਅਸੀਂ ਅਸਾਧਾਰਨ ਤੌਰ ਤੇ ਮੁਸ਼ਕਲ ਤੇ ਦੁਖਦਾਈ ਅਵਸਥਾ ਵਿਚ ਸਾਂ, ਐਸੀ ਅਵਸਥਾ ਵਿਚ ਜਿਸਨੂੰ ਸ਼ਾਨਦਾਰ ਨਾਅਰਿਆਂ ਨਾਲ — ਭਾਵੇਂ ਉਹ ਕਿੰਨਾਂ ਵੀ ਸੁਖਦਾਈ ਕਿਉਂ ਨਾ ਹੁੰਦਾ — ਲਾਂਭੇ ਨਹੀਂ ਸੀ ਕੀਤਾ ਜਾ ਸਕਦਾ, ਕਿਉਂਕਿ ਆਪਣੇ ਗੜਬੜੀ ਵਾਲੇ ਦੇਸ ਵਿਚ ਸਾਨੂੰ ਯਕੀਨੋਂ ਬਾਹਰੀ ਥਕਾਵਟ ਨਾਲ ਮਾਰੇ ਲੋਕਾਂ ਨਾਲ ਨਜਿੱਠਣਾ ਪੈਣਾ ਸੀ, ਜਿਹੜੇ ਐਸੀ ਹਾਲਤ ਤੱਕ ਪੁੱਜ ਚੁੱਕੇ ਸਨ ਜਿਸ ਵਿਚ ਉਹ ਸੰਭਵ ਤੌਰ ਤੇ ਲੜਣਾ ਜਾਰੀ ਨਹੀਂ ਸਨ ਰੱਖ ਸਕਦੇ, ਜਿਹੜੇ ਤਸੀਹੇ ਦੇਣ ਵਾਲੀ ਜੰਗ ਦੇ ਤਿੰਨ ਸਾਲਾਂ ਨਾਲ ਏਨੇ ਚੂਰ-ਚੂਰ ਹੋਏ ਹੋਏ ਸਨ ਕਿ ਫੌਜੀ ਦ੍ਰਿਸ਼ਟੀਕੋਨ ਤੋਂ ਉਹ ਬਿਲਕੁਲ ਵਿਅਰਥ ਸਨ। ਅਕਤੂਬਰ ਇਨਕਲਾਬ ਤੋਂ ਪਹਿਲਾਂ ਵੀ ਸਾਨੂੰ ਸਿਪਾਹੀਆਂ ਦੇ ਜਨਸਮੂਹਾਂ ਦੇ ਪ੍ਰਤਿਨਿਧ ਮਿਲੇ, ਜਿਹੜੇ ਬਾਲਸ਼ਵਿਕ ਪਾਰਟੀ ਦੇ ਮੈਂਬਰ ਨਹੀਂ ਸਨ, ਜਿਹੜੇ ਬੁਰਜੂਆਜ਼ੀ ਨੂੰ ਇਹ ਸਚਾਈ ਦੱਸਣ ਤੋਂ ਨਹੀਂ ਸਨ ਝਿਜਕਦੇ ਕਿ ਰੂਸੀ ਫੌਜ ਲੜੇਗੀ ਨਹੀਂ। ਫੌਜ ਦੀ ਇਸ ਅਵਸਥਾ ਨੇ ਭਾਰਾ ਸੰਕਟ ਲੈ ਆਂਦਾ ਹੈ। ਛੋਟਾ-ਕਿਸਾਨ ਦੇਸ, ਜੰਗ ਨਾਲ ਖੇਰੂੰ-ਖੇਰੂੰ, ਯਕੀਨੋਂ-ਬਾਹਰੀ ਭੈੜੀ ਅਵਸਥਾ ਤੱਕ ਪੁੱਜਾ, ਅਤਿ ਦੀ ਭੈੜੀ ਹਾਲਤ ਵਿਚ ਪਿਆ ਹੋਇਆ ਹੈ। ਸਾਡੇ ਕੋਲ ਕੋਈ ਫੌਜ ਨਹੀਂ, ਪਰ ਸਾਨੂੰ ਉਸ ਧਾੜਵੀ ਦੇ ਨਾਲੋਂ ਨਾਲ ਰਹਿਣਾ ਜਾਰੀ ਰੱਖਣਾ ਪੈਣਾ ਹੈ ਜਿਹੜਾ ਪੂਰੀ ਤਰ੍ਹਾਂ ਹਥਿਆਰਬੰਦ ਹੈ, ਐਸੇ ਧਾੜਵੀ ਨਾਲ ਜਿਹੜਾ ਅਜੇ ਵੀ ਲੁਟੇਰਾ ਹੈ, ਤੇ ਲੁਟੇਰਾ ਬਣਿਆ ਰਹੇਗਾ ਤੇ ਜਿਸ ਉਪਰ, ਬੇਸ਼ਕ, ਬਿਨਾਂ ਅਲਹਾਕਾਂ ਤੇ ਹਰਜਾਨਿਆਂ ਵਾਲੇ ਅਮਨ ਦੇ ਹੱਕ ਵਿਚ ਅੰਦੋਲਨ ਦਾ ਕੋਈ ਅਸਰ ਨਹੀਂ ਹੁੰਦਾ। ਇਕ ਪਾਲਤੂ, ਘਰੇਲੂ ਜਾਨਵਰ ਸ਼ੇਰ ਦੇ ਨਾਲ ਪਿਆ ਰਿਹਾ ਹੈ ਤੇ ਉਸਨੂੰ ਮਨਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਕਿ ਬਿਨਾਂ ਅਲਹਾਕਾਂ ਤੇ ਹਰਜਾਨਿਆਂ ਦੇ ਅਮਨ ਸਮਝੌਤਾ ਕਰ ਲਵੇ, ਭਾਵੇਂ ਕਿ ਇਕੋ ਇਕ ਤਰੀਕਾ ਜਿਸ ਰਾਹੀਂ ਇਹੋ ਜਿਹਾ ਅਮਨ ਸਮਝੌਤਾ ਕੀਤਾ ਜਾ ਸਕਦਾ ਸੀ, ਸ਼ੇਰ ਉੱਪਰ ਹਮਲਾ ਕਰਨ ਦਾ ਸੀ। ਪਾਰਟੀ ਦੀ ਉਪਰਲੀ ਸਤਹ — ਬੁਧੀਮਾਨ ਤੇ ਕੁਝ ਮਜ਼ਦੂਰ ਜਥੇਬੰਦੀਆਂ — ਮੁਖ ਤੌਰ ਤੇ ਇਸ ਸੰਭਾਵਨਾ ਨੂੰ ਫਿਕਰੇਬਾਜ਼ੀਆਂ ਨਾਲ ਤੇ ਇਹੋ ਜਿਹੇ ਬਹਾਨਿਆਂ ਨਾਲ ਲਾਂਭੇ ਰੱਖ ਦੇਂਦੀ ਰਹੀ ਹੈ ਕਿ "ਇਹ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।" ਇਹ ਅਮਨ ਉਹਨਾਂ ਲਈ ਐਸੀ ਯਕੀਨੋਂ-ਬਾਹਰੀ ਸੰਭਾਵਨਾ ਸੀ ਕਿ ਇਹ ਵਿਸ਼ਵਾਸ ਨਹੀਂ ਸੀ ਕੀਤਾ ਜਾ ਸਕਦਾ ਕਿ ਅਸੀਂ, ਜਿਹੜੇ ਹੁਣ ਤੱਕ ਝੂਲਦੇ ਨਿਸ਼ਾਨਾਂ ਨਾਲ ਖੁਲ੍ਹੀ ਲੜਾਈ ਵਿਚ ਵਧਦੇ ਰਹੇ ਸਾਂ ਤੇ "ਹੁੱਰਾ", "ਹੁੱਰਾ" ਕਰਕੇ ਦੁਸ਼ਮਨ ਦੇ ਮੋਰਚਿਆਂ ਉੱਪਰ ਧਾਵੇ ਬੋਲਦ ਰਹੇ ਸਾਂ, ਝੁਕ ਸਕਦੇ ਸਾਂ ਤੇ ਇਹ ਅਪਮਾਣਜਨਕ ਸ਼ਰਤਾਂ ਸਵੀਕਾਰ ਕਰ ਸਕਦੇ ਸਾਂ। ਕਦੀ ਨਹੀਂ! ਅਸੀਂ ਬੇਹੱਦ ਮਾਨ ਵਾਲੇ ਇਨਕਲਾਬੀ

ਹਾਂ, ਅਸੀਂ ਸਭ ਤੋਂ ਵਧ ਇਹ ਐਲਾਨ ਕਰ ਸਕਦੇ ਹਾਂ: "ਜਰਮਨ ਹਮਲਾ ਨਹੀਂ ਕਰ ਸੱਕਦੇ।"

ਇਹ ਪਹਿਲੀ ਦਲੀਲ ਸੀ ਜਿਸ ਨਾਲ ਇਹਨਾਂ ਲੋਕਾਂ ਨੇ ਆਪਣੇ ਆਪ ਨੂੰ ਤਸੱਲੀ ਦਿੱਤੀ। ਇਤਿਹਾਸ ਨੇ ਹੁਣ ਸਾਨੂੰ ਅਸਾਧਾਰਨ ਤੌਰ ਤੇ ਮੁਸ਼ਕਲ ਅਵਸਥਾ ਵਿਚ ਪਾ ਦਿੱਤਾ ਹੈ; ਬੇਮਿਸਾਲ ਮੁਸ਼ਕਲਾਂ ਵਾਲੇ ਜਥੇਬੰਦਕ ਕੰਮ ਦੇ ਦੌਰਾਣ ਸਾਨੂੰ ਕਈ ਦੁਖਦਾਈ ਹਾਰਾਂ ਦੇ ਵਿਚੋਂ ਦੀ ਲੰਘਣਾ ਪਵੇਗਾ। ਸੰਸਾਰ ਇਤਿਹਾਸਕ ਦ੍ਰਿਸ਼ਟੀਕੋਨ ਤੋਂ ਦੇਖਿਆਂ, ਸਾਡੇ ਇਨਕਲਾਬ ਦੀ ਅੰਤਮ ਜਿੱਤ ਦੀ, ਨਿਰਸੰਦੇਹ, ਕੋਈ ਆਸ ਨਹੀਂ ਹੋਵੇਗੀ ਜੇ ਇਹ ਇਕੱਲਾ ਰਹਿੰਦਾ ਹੈ ਤਾਂ, ਜੇ ਦੂਜੇ ਦੇਸਾਂ ਵਿਚ ਕੋਈ ਇਨਕਲਾਬੀ ਲਹਿਰਾਂ ਨਹੀਂ ਹੁੰਦੀਆਂ। ਜਦੋਂ ਬਾਲਸ਼ਵਿਕ ਪਾਰਟੀ ਇਸ ਕੰਮ ਨੂੰ ਇਕੱਲਿਆਂ ਨਜਿੱਠ ਰਹੀ ਸੀ ਤਾਂ ਉਹ ਇਸ ਪੱਕੇ ਵਿਸ਼ਵਾਸ ਨਾਲ ਨਜਿੱਠ ਰਹੀ ਸੀ ਕਿ ਇਨਕਲਾਬ ਸਾਰੇ ਦੇਸਾਂ ਵਿਚ ਪੱਕ ਰਿਹਾ ਹੈ ਤੇ ਅਖੀਰ ਤੇ—ਬਿਲਕੁਲ ਸ਼ੁਰੂ ਵਿਚ ਨਹੀਂ—ਭਾਵੇਂ ਅਸੀਂ ਕਿਨ੍ਹਾਂ ਮੁਸ਼ਕਲਾਂ ਵਿਚੋਂ ਵੀ ਲੰਘੀਏ, ਭਾਵੇਂ ਸਾਨੂੰ ਕਿਨ੍ਹਾਂ ਹਾਰਾਂ ਦਾ ਵੀ ਸਾਮ੍ਹਣਾ ਕਰਨਾ ਪਵੇ, ਸੰਸਾਰ ਸੋਸ਼ਲਿਸਟ ਇਨਕਲਾਬ ਵਾਪਰੇਗਾ—ਕਿਉਂਕਿ ਇਹ ਆ ਰਿਹਾ ਹੈ; ਪੱਕੇਗਾ—ਕਿਉਂਕਿ ਇਹ ਪੱਕ ਰਿਹਾ ਹੈ ਤੇ ਪੂਰੀ ਪਕਿਆਈ ਤੱਕ ਪੁੱਜੇਗਾ। ਮੈਂ ਦੁਹਰਾਉਂਦਾ ਹਾਂ, ਇਹਨਾਂ ਸਾਰੀਆਂ ਮੁਸ਼ਕਲਾਂ ਤੋਂ ਸਾਡੀ ਮੁਕਤੀ ਕੁਲ-ਯੂਰਪੀ ਇਨਕਲਾਬ ਵਿਚ ਹੈ। ਸਚਾਈ ਨੂੰ, ਇਸ ਪੂਰੀ ਤਰ੍ਹਾਂ ਭਾਵਵਾਚੀ ਸਚਾਈ ਨੂੰ, ਆਪਣਾ ਆਰੰਭਕ ਨੁਕਤਾ ਮੰਨ ਕੇ, ਤੇ ਇਸ ਤੋਂ ਅਗਵਾਈ ਲੈਂਦੇ ਹੋਏ, ਸਾਨੂੰ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਇਹ ਸਮਾਂ ਪਾ ਕੇ ਸਿਰਫ ਲੱਫਾਜ਼ੀ ਨਾ ਬਣ ਜਾਏ, ਕਿਉਂਕਿ ਹਰ ਭਾਵਵਾਚੀ ਸਚਾਈ, ਜੇ ਇਸਨੂੰ ਵਿਸ਼ਲੇਸ਼ਨ ਤੋਂ ਬਿਨਾਂ ਸਵੀਕਾਰ ਕੀਤਾ ਜਾਏ, ਨਿਰੋਲ ਲੱਫਾਜ਼ੀ ਬਣ ਜਾਂਦੀ ਹੈ। ਜੇ ਤੁਸੀਂ ਕਹਿੰਦੇ ਹੋ ਕਿ ਹਰ ਹੜਤਾਲ ਵਿਚ ਇਨਕਲਾਬ ਦਾ ਸ਼ੇਸ਼ਨਾਗ ਲੁਕਿਆ ਹੁੰਦਾ ਹੈ, ਤੇ ਜਿਹੜਾ ਵੀ ਕੋਈ ਇਹ ਨਹੀਂ ਸਮਝ ਸਕਦਾ ਉਹ ਸੋਸ਼ਲਿਸਟ ਨਹੀਂ, ਤਾਂ ਤੁਸੀਂ ਠੀਕ ਹੋ। ਹਾਂ, ਹਰ ਹੜਤਾਲ ਪਿੱਛੇ ਸੋਸ਼ਲਿਸਟ ਇਨਕਲਾਬ ਝਾਤੀਆਂ ਮਾਰ ਰਿਹਾ ਹੁੰਦਾ ਹੈ। ਪਰ ਜੇ ਤੁਸੀਂ ਇਹ ਕਹੋ ਕਿ ਹਰ ਵੱਖਰੀ ਹੜਤਾਲ ਸੋਸ਼ਲਿਸਟ ਇਨਕਲਾਬ ਵੱਲ ਇਕ ਤੁਰਤ ਕਦਮ ਹੈ, ਤਾਂ ਤੁਸੀਂ ਬਿਲਕੁਲ ਫੋਕੀ ਲੱਫਾਜ਼ੀ ਵਿਚ ਪੈ ਰਹੇ ਹੋਵੋਗੇ। ਅਸੀਂ ਇਹੋ ਜਿਹੇ ਮੁਹਾਵਰੇ ਸੁਣੇ ਹਨ "ਹਰ ਭਾਗਾਂਵਾਲਾ ਸਮਾਂ ਉਸੇ ਹੀ ਥਾਂ," ਤੇ ਉਹਨਾਂ ਤੋਂ ਏਨੇ ਤੰਗ ਪੈ ਚੁੱਕੇ ਹਾਂ ਕਿ ਮਜ਼ਦੂਰਾਂ ਨੇ ਇਹੋ ਜਿਹੇ ਅਰਾਜਕਤਾਵਾਦੀ ਮੁਹਾਵਰੇ ਰੱਦ ਕਰ ਦਿੱਤੇ ਹਨ, ਕਿਉਂਕਿ ਨਿਰਸੰਦੇਹ ਤੌਰ ਤੇ, ਇਹ ਭਾਵੇਂ ਸਪਸ਼ਟ ਹੀ ਹੈ ਕਿ ਹਰ ਹੜਤਾਲ ਪਿੱਛੇ ਸੋਸ਼ਲਿਸਟ ਇਨਕਲਾਬ ਦਾ ਸ਼ੇਸ਼ਨਾਗ ਲੁਕਿਆ ਹੁੰਦਾ ਹੈ, ਇਹ ਵੀ ਏਨਾਂ ਹੀ ਸਪਸ਼ਟ ਹੈ ਕਿ ਇਹ ਦਾਅਵਾ ਬਿਲਕੁਲ ਵਿਅਰਥ ਹੈ ਕਿ ਹਰ ਹੜਤਾਲ ਇਨਕਲਾਬ ਵਿਚ ਬਦਲ ਸਕਦੀ ਹੈ। ਬਿਲਕੁਲ ਜਿਸ ਤਰ੍ਹਾਂ ਇਹ ਗੱਲ ਨਿਰਵਿਵਾਦ ਹੈ ਕਿ ਸਾਡੇ ਇਨਕਲਾਬ

ਵਿਚਲੀਆਂ ਸਾਰੀਆਂ ਮੁਸ਼ਕਲਾਂ ਸਿਰਫ ਉਦੋਂ ਹਲ ਹੋਣਗੀਆਂ ਜਦੋਂ ਸੰਸਾਰ ਸੋਸ਼ਲਿਸਟ ਇਨਕਲਾਬ ਪੱਕਦਾ ਹੈ — ਤੇ ਇਹ ਹੁਣ ਹਰ ਥਾਂ ਪੱਕ ਰਿਹਾ ਹੈ — ਇਹ ਐਲਾਨ ਕਰਨਾ ਬਿਲਕੁਲ ਫਜ਼ੂਲ ਹੈ ਕਿ ਸਾਨੂੰ ਅੱਜ ਆਪਣੇ ਇਨਕਲਾਬ ਦੀ ਹਰ ਠੋਸ ਮੁਸ਼ਕਲ ਨੂੰ ਲੁਕਾਉਣਾ ਚਾਹੀਦਾ ਹੈ ਤੇ ਕਹਿਣਾ ਚਾਹੀਦਾ ਹੈ: "ਮੈਂ ਕੌਮਾਂਤਰੀ ਸੋਸ਼ਲਿਸਟ ਲਹਿਰ ਉਪਰ ਨਿਰਭਰ ਕਰਦਾ ਹਾਂ — ਮੈਂ ਜਿਹੜੀ ਵੀ ਚਾਹਾਂ, ਬੇਵਕੂਫੀ ਕਰ ਸੱਕਦਾ ਹਾਂ।" "ਲੀਬਕਨੇਖਤ ਮਦਦ ਕਰਕੇ ਸਾਨੂੰ ਬਾਹਰ ਕੱਢ ਲਵੇਗਾ, ਕਿਉਂਕਿ ਉਹ, ਹਰ ਹਾਲਤ ਵਿਚ, ਜਿੱਤੇਗਾ ਹੀ।" ਉਹ ਐਸੀ ਸ਼ਾਨਦਾਰ ਜਥੇਬੰਦੀ ਸਿਰਜੇਗਾ, ਉਹ ਸਭ ਕੁਝ ਪਹਿਲਾਂ ਹੀ ਏਨੀਂ ਸੁਹਣੀ ਤਰ੍ਹਾਂ ਵਿਉਂਤੇਗਾ ਕਿ ਅਸੀਂ ਤਿਆਰ-ਬਰ-ਤਿਆਰ ਰੂਪ ਲੈ ਸਕਾਂਗੇ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਅਸੀਂ ਘੜਿਆ-ਘੜਾਇਆ ਮਾਰਕਸਵਾਦੀ ਸਿਧਾਂਤ ਪੱਛਮੀ ਯੂਰਪ ਤੋਂ ਲੈ ਲਿਆ ਸੀ — ਤੇ ਸ਼ਾਇਦ ਇਹੀ ਕਾਰਨ ਹੈ ਕਿ ਕੁਝ ਮਹੀਨਿਆਂ ਵਿਚ ਹੀ ਇਸ ਨੇ ਸਾਡੇ ਦੇਸ ਵਿਚ ਜਿੱਤ ਪ੍ਰਾਪਤ ਕਰ ਲਈ, ਜਦ ਕਿ ਪੱਛਮੀ ਯੂਰਪ ਵਿਚ ਜਿੱਤਣ ਲਈ ਦਹਾਕੇ ਲਗਦੇ ਜਾ ਰਹੇ ਹਨ। ਇਸ ਤਰ੍ਹਾਂ ਘੋਲ ਦੇ ਮਸਲੇ ਨੂੰ ਜੇਤੂ ਮਾਰਚ ਨਾਲ ਹਲ ਕਰਨ ਦੇ ਪੁਰਾਣੇ ਢੰਗ ਨੂੰ ਨਵੇਂ ਇਤਿਹਾਸਕ ਦੌਰ ਉਪਰ ਲਾਗੂ ਕਰਨਾ ਅੰਧਾਧੁੰਦ ਜੂਏਬਾਜ਼ੀ ਹੁੰਦਾ, ਜਿਹੜਾ ਦੌਰ ਕਿ ਸ਼ੁਰੂ ਹੋਇਆ ਹੈ, ਜਿਹੜਾ ਸਾਡੇ ਸਾਮ੍ਹਣੇ ਆਇਆ ਹੈ, ਕਮਜ਼ੋਰ ਕੇਰੇਂਸਕੀ ਤੇ ਕੋਰਨੀਲੋਵ ਨਾਲ ਨਹੀਂ, ਸਗੋਂ ਕੌਮਾਂਤਰੀ ਧਾੜਵੀ — ਜਰਮਨੀ ਦੇ ਸਾਮਰਾਜ ਨਾਲ, ਜਿਥੇ ਇਨਕਲਾਬ ਪੱਕਦਾ ਰਿਹਾ ਹੈ, ਪਰ, ਪ੍ਰਤੱਖ ਤੌਰ ਤੇ, ਅਜੇ ਪੱਕਿਆਂ ਨਹੀਂ। ਇਹ ਦਾਅਵਾ ਕਿ ਦੁਸ਼ਮਨ ਇਨਕਲਾਬ ਉੱਪਰ ਹਮਲਾ ਕਰਨ ਦੀ ਹਿੰਮਤ ਨਹੀਂ ਕਰੇਗਾ, ਇਹੋ ਜਿਹੀ ਜੂਏਬਾਜ਼ੀ ਸੀ। ਬਰੇਸਤ ਗੱਲਬਾਤ ਦੇ ਸਮੇਂ ਹਾਲਤ ਅਜੇ ਇਹੋ ਜਿਹੀ ਨਹੀਂ ਸੀ ਜਿਹੜੀ ਸਾਨੂੰ ਮਜਬੂਰ ਕਰਦੀ ਕਿ ਅਸੀਂ ਕੋਈ ਅਮਨ ਸ਼ਰਤਾਂ ਸਵੀਕਾਰ ਕਰੀਏ। ਤਾਕਤਾਂ ਦਾ ਬਾਹਰਮੁਖੀ ਸੰਗ-ਮੇਲ ਐਸਾ ਸੀ ਕਿ ਸਿਰਫ ਸਾਹ ਦਾ ਵਕਫਾ ਕਾਫੀ ਨਾ ਹੁੰਦਾ। ਇਹ ਦਰਸਾਉਣ ਦਾ ਕੰਮ ਬਰੇਸਤ ਗੱਲਬਾਤ ਦੇ ਸਿਰ ਆਇਆ ਕਿ ਜਰਮਨ ਹਮਲਾ ਕਰਨਗੇ, ਕਿ ਜਰਮਨ ਸਮਾਜ ਇਨਕਲਾਬ ਨਾਲ ਏਨਾਂ ਹੀ ਗਰਭਿਤ ਨਹੀਂ ਹੋਇਆ ਹੋਇਆ ਕਿ ਇਹ ਤੁਰਤ ਹੀ ਇਸ ਨੂੰ ਜਨਮ ਦੇ ਦੇਵੇਗਾ; ਤੇ ਅਸੀਂ ਜਰਮਨ ਸਾਮਰਾਜੀਆਂ ਨੂੰ ਦੋਸ਼ ਨਹੀਂ ਦੇ ਸਕਦੇ ਕਿ ਉਹਨਾਂ ਨੇ ਆਪਣੇ ਵਿਹਾਰ ਨਾਲ ਗ਼ਦਰ ਨੂੰ ਤਿਆਰ ਨਹੀਂ ਕੀਤਾ, ਜਾਂ ਜਿਵੇਂ ਕਿ ਸਾਡੇ ਉਹ ਨੌਜਵਾਨ ਦੋਸਤ ਕਹਿੰਦੇ ਹਨ, ਜਿਹੜੇ ਆਪਣੇ ਆਪ ਨੂੰ ਖੱਬੇ ਸਮਝਦੇ ਹਨ, ਐਸੀ ਅਵਸਥਾ ਪੈਦਾ ਨਹੀਂ ਕੀਤੀ ਜਿਸ ਵਿਚ ਜਰਮਨ ਹਮਲਾ ਨਾ ਕਰ ਸੱਕਣ। ਜਦੋਂ ਅਸੀਂ ਉਹਨਾਂ ਨੂੰ ਦੱਸਦੇ ਹਾਂ ਕਿ ਸਾਡੇ ਕੋਲ ਕੋਈ ਫੌਜ ਨਹੀਂ, ਕਿ ਅਸੀਂ ਫੌਜ ਤੋੜਣ ਲਈ ਮਜਬੂਰ ਸਾਂ — ਅਸੀਂ ਐਸਾ ਕਰਨ ਲਈ ਮਜਬੂਰ ਸਾਂ, ਭਾਵੇਂ ਅਸੀਂ ਕਦੀ ਨਹੀਂ ਭੁੱਲੇ ਕਿ ਸਾਡੇ ਪਾਲਤੂ, ਘਰੇਲੂ ਜਾਨਵਰ ਦੇ ਨਾਲ ਨਾਲ ਇਕ ਸ਼ੇਰ ਵੀ ਪਿਆ ਹੈ —

ਉਹ ਸਮਝਣ ਤੋਂ ਇਨਕਾਰ ਕਰਦੇ ਹਨ। ਭਾਵੇਂ ਅਸੀਂ ਫੌਜ ਤੋੜਣ ਲਈ ਮਜਬੂਰ ਸਾਂ, ਪਰ ਅਸੀਂ ਇਕ ਘੜੀ ਲਈ ਵੀ ਨਹੀਂ ਭੁੱਲੇ ਕਿ ਸੰਗੀਨਾਂ ਨੂੰ ਜ਼ਮੀਨ ਵਿਚ ਗੱਡ ਦੇਣ ਦਾ ਹੁਕਮ ਜਾਰੀ ਕਰਕੇ ਇਕਤਰਫਾ ਤੌਰ ਤੇ ਜੰਗ ਨੂੰ ਖਤਮ ਕਰਨਾ ਅਸੰਭਵ ਹੈ।

ਆਮ ਗੱਲ ਕਰਦਿਆਂ, ਇਹ ਕਿਸ ਤਰ੍ਹਾਂ ਹੈ ਕਿ ਸਾਡੀ ਪਾਰਟੀ ਵਿਚਲੇ ਇਕ ਵੀ ਰੁਝਾਣ, ਇਕ ਵੀ ਝੁਕਾਅ, ਇਕ ਵੀ ਜਥੇਬੰਦੀ ਨੇ ਇਸ ਲਾਮ-ਤੋੜੀ ਦਾ ਵਿਰੋਧ ਨਾ ਕੀਤਾ ? ਕੀ ਅਸੀਂ ਪਾਗ਼ਲ ਹੋ ਗਏ ਸਾਂ ? ਬਿਲਕੁਲ ਨਹੀਂ। ਬਾਲਸ਼ਵਿਕਾਂ ਨੇ ਨਹੀਂ, ਅਫਸਰਾਂ ਨੇ ਅਕਤੂਬਰ ਤੋਂ ਪਹਿਲਾਂ ਵੀ ਕਿਹਾ ਸੀ ਕਿ ਫੌਜ ਲੜ ਨਹੀਂ ਸਕਦੀ, ਕਿ ਇਸਨੂੰ ਕੁਝ ਹੋਰ ਹਫਤਿਆਂ ਲਈ ਵੀ ਮਹਾਜ਼ ਉੱਪਰ ਨਹੀਂ ਰਖਿਆ ਜਾ ਸਕਦਾ। ਅਕਤੂਬਰ ਤੋਂ ਪਿਛੋਂ ਇਹ ਹਰ ਇਕ ਨੂੰ ਸਪਸ਼ਟ ਹੋ ਗਿਆ, ਜਿਹੜਾ ਵੀ ਕੋਈ ਹਕੀਕਤਾਂ ਨੂੰ ਮੰਨਣ ਲਈ ਤਿਆਰ ਸੀ, ਅਸੁਖਾਵੀਂ, ਕੌੜੀ ਹਕੀਕਤ ਨੂੰ ਦੇਖਣ ਲਈ ਤਿਆਰ ਸੀ, ਨਾ ਕਿ ਛੁਪਾਉਣ ਲਈ, ਜਾਂ ਆਪਣੀ ਟੋਪੀ ਹੇਠਾਂ ਕਰਕੇ ਅਖਾਂ ਉੱਪਰ ਪਾਉਣ, ਤੇ ਮਾਣ-ਭਰੀ ਲਫਾਜ਼ੀ ਨੂੰ ਇਹਨਾਂ ਦੀ ਥਾਂ ਦੇਣ ਲਈ ਤਿਆਰ ਸੀ। ਸਾਡੇ ਕੋਲ ਕੋਈ ਫੌਜ ਨਹੀਂ, ਅਸੀਂ ਇਸਨੂੰ ਨਹੀਂ ਕਾਬੂ ਰੱਖ ਸਕਦੇ। ਸਭ ਤੋਂ ਚੰਗੀ ਚੀਜ਼ ਜਿਹੜੀ ਅਸੀਂ ਕਰ ਸਕਦੇ ਹਾਂ ਉਹ ਇਹ ਕਿ ਇਸਨੂੰ ਜਿੰਨੀ ਛੇਤੀ ਸੰਭਵ ਹੋ ਸੱਕੇ ਤੋੜ ਦੇਈਏ। ਇਹ ਸ਼ਰੀਰ ਦਾ ਬੀਮਾਰ ਅੰਗ ਹੈ, ਜਿਸਨੇ ਅਸਹਿ ਤਸੀਹੇ ਝੱਲੇ ਹਨ, ਜੰਗ ਦੇ ਜੱਫਰਾਂ ਦਾ ਸ਼ਿਕਾਰ ਹੋਇਆ ਹੈ ਜਿਸ ਜੰਗ ਵਿਚ ਇਹ ਟੈਕਨੀਕਲੀ ਬਿਨਾਂ ਤਿਆਰੀ ਦੇ ਦਾਖਲ ਹੋਇਆ, ਤੇ ਜਿਸ ਵਿਚੋਂ ਇਹ ਐਸੀ ਅਵਸਥਾ ਵਿਚ ਨਿਕਲਿਆ ਹੈ ਕਿ ਹਰ ਹਮਲੇ ਉਤੇ ਇਸ ਵਿਚ ਹਫੜਾ-ਦਫੜੀ ਫੈਲ ਜਾਂਦੀ ਹੈ। ਅਸੀਂ ਇਹਨਾਂ ਲੋਕਾਂ ਨੂੰ ਦੋਸ਼ ਨਹੀਂ ਦੇ ਸਕਦੇ ਜਿਨ੍ਹਾਂ ਨੇ ਅਕਹਿ ਕਸ਼ਟ ਝੱਲੇ ਹਨ। ਸੈਂਕੜੇ ਮਤਿਆਂ ਵਿਚ, ਇਥੋਂ ਤਕ ਕਿ ਰੂਸੀ ਇਨਕਲਾਬ ਦੇ ਪਹਿਲੇ ਦੌਰ ਵਿਚ ਵੀ, ਸਿਪਾਹੀਆਂ ਨੇ ਬੜੀ ਸਾਫਗੋਈ ਨਾਲ ਕਿਹਾ ਹੈ: "ਅਸੀਂ ਖ਼ੂਨ ਵਿਚ ਡੁੱਬਦੇ ਜਾ ਰਹੇ ਹਾਂ, ਅਸੀਂ ਲੜਾਈ ਜਾਰੀ ਨਹੀਂ ਰੱਖ ਸਕਦੇ।" ਜੰਗ ਦੇ ਖਾਤਮੇ ਨੂੰ ਨਕਲੀ ਤਰ੍ਹਾਂ ਨਾਲ ਪਿੱਛੇ ਪਾਇਆ ਜਾ ਸਕਦਾ ਸੀ, ਉਹ ਸਾਰੇ ਧੋਖੇ ਕੀਤੇ ਜਾ ਸਕਦੇ ਸਨ ਜਿਹੜੇ ਕੇਰੇਂਸਕੀ ਨੇ ਕੀਤੇ ਸਨ, ਇਸ ਖਾਤਮੇ ਨੂੰ ਕੁਝ ਹਫਤਿਆਂ ਤੱਕ ਟਾਲਿਆ ਜਾ ਸੱਕਦਾ ਸੀ, ਪਰ ਬਾਹਰਮੁਖੀ ਹਕੀਕਤ ਨੇ ਆਪਣਾ ਹੀ ਰਾਹ ਲਿਆ। ਇਹ ਰੂਸੀ ਰਾਜ ਦੇ ਸ਼ਰੀਰ ਦਾ ਬੀਮਾਰ ਅੰਗ ਹੈ ਜਿਹੜਾ ਜੰਗ ਦੇ ਭਾਰ ਨੂੰ ਹੋਰ ਨਹੀਂ ਸਹਿ ਸੱਕਦਾ। ਜਿੰਨੀਂ ਜਲਦੀ ਅਸੀਂ ਫੌਜ ਨੂੰ ਤੋੜ ਦੇਈਏ, ਓਨੀ ਜਲਦੀ ਹੀ ਇਸਨੂੰ ਉਹ ਅੰਗ ਆਪਣੇ ਵਿਚ ਸਮਾ ਲੈਣਗੇ ਜਿਹੜੇ ਏਨੇ ਬੀਮਾਰ ਨਹੀਂ ਤੇ ਦੇਸ ਓਨੀ ਜਲਦੀ ਹੀ ਨਵੀਆਂ ਕਰੜੀਆਂ ਅਜ਼ਮਾਇਸ਼ਾਂ ਲਈ ਤਿਆਰ ਹੋ ਜਾਵੇਗਾ। ਅਸੀਂ ਇਹ ਮਹਿਸੂਸ ਕੀਤਾ ਸੀ ਜਦੋਂ ਅਸੀਂ ਸਰਬ-ਸੰਮਤੀ ਨਾਲ, ਬਿਨਾਂ ਮਾੜੇ ਜਿਹੇ ਰੋਸ ਦੇ ਵੀ, ਫੌਜ ਨੂੰ ਤੋੜਣ ਦਾ ਫੈਸਲਾ ਪ੍ਰਵਾਨ ਕੀਤਾ ਸੀ, ਜਿਹੜਾ ਬਦੇਸ਼ੀ ਘਟਨਾਵਾਂ

ਦੇ ਦ੍ਰਿਸ਼ਟੀਕੋਨ ਤੋਂ ਬੇਹੂਦਾ ਸੀ। ਇਹ ਕਦਮ ਚੁੱਕਣਾ ਯੋਗ ਸੀ। ਅਸੀਂ ਕਿਹਾ ਕਿ ਇਹ ਵਿਸ਼ਵਾਸ ਕਰਨਾ ਇਕ ਮੂਰਖਾਂ ਵਾਲਾ ਝਾਵਲਾ ਹੈ ਕਿ ਅਸੀਂ ਫੌਜ ਨੂੰ ਕਾਬੂ ਰੱਖ ਸਕਦੇ ਹਾਂ। ਜਿੰਨੀਂ ਛੇਤੀ ਅਸੀਂ ਫੌਜ ਨੂੰ ਤੋੜ ਦੇਈਏ, ਓਨੀ ਛੇਤੀ ਹੀ ਸਮੁੱਚੇ ਤੌਰ ਤੇ ਸਮਾਜੀ ਸ਼ਰੀਰ ਰਾਜ਼ੀ ਹੋਵੇਗਾ। ਇਸੇ ਕਰਕੇ ਹੀ ਇਨਕਲਾਬੀ ਫਿਕਰਾ ਕਿ "ਜਰਮਨ ਹਮਲਾ ਨਹੀਂ ਕਰ ਸਕਦੇ," ਜਿਸ ਤੋਂ ਦੂਜਾ ਫਿਕਰਾ ("ਅਸੀਂ ਜੰਗ ਦੀ ਹਾਲਤ ਖਤਮ ਹੋਣ ਦਾ ਐਲਾਨ ਕਰ ਸਕਦੇ ਹਾਂ। ਨਾ ਜੰਗ, ਨਾ ਅਮਨ ਸਮਝੌਤੇ ਉਤੇ ਦਸਖਤ।") ਨਿਕਲਦਾ ਸੀ, ਬਹੁਤ ਗੰਭੀਰ ਗ਼ਲਤੀ ਸੀ, ਘਟਨਾਵਾਂ ਦਾ ਏਨਾਂ ਕੌੜਾ ਹੱਦੋਂ ਵਧ ਮੁਲੰਕਣ ਸੀ। ਪਰ ਫਰਜ਼ ਕਰੋ ਜਰਮਨ ਹਮਲਾ ਕਰ ਹੀ ਦੇਂਦੇ ਹਨ, ਤਾਂ? "ਨਹੀਂ, ਉਹ ਹਮਲਾ ਨਹੀਂ ਕਰ ਸਕਦੇ।" ਪਰ ਕੀ ਸੰਸਾਰ ਇਨਕਲਾਬ ਨੂੰ ਖਤਰੇ ਵਿਚ ਪਾਉਣ ਦਾ ਤੁਹਾਨੂੰ ਕੋਈ ਹੱਕ ਹੈ? ਇਸ ਠੋਸ ਸਵਾਲ ਬਾਰੇ ਕੀ ਖਿਆਲ ਹੈ ਕਿ ਤੁਸੀਂ ਜਰਮਨ ਸਾਮਰਾਜ ਦੇ ਪਿਛਲੱਗ ਹੀ ਸਿੱਧ ਨਾ ਹੋਵੋ ਜਦੋਂ ਉਹ ਘੜੀ ਆਉਂਦੀ ਹੈ? ਪਰ ਅਸੀਂ, ਜਿਹੜੇ ਅਕਤੂਬਰ ੧੯੧੭ ਤੋਂ ਸਾਰੇ ਰੱਖਿਆਵਾਦੀ ਬਣ ਗਏ ਹਾਂ, ਜਿਨ੍ਹਾਂ ਨੇ ਪਿਤਾ-ਭੂਮੀ ਦੀ ਰਾਖੀ ਦੇ ਅਸੂਲ ਨੂੰ ਮੰਨ ਲਿਆ ਹੈ, ਸਾਰੇ ਜਾਣਦੇ ਹਾਂ ਕਿ ਅਸੀਂ ਸਾਮਰਾਜ ਨਾਲੋਂ ਨਾਤਾ ਤੋੜ ਲਿਆ ਹੈ, ਸਿਰਫ ਕਥਨੀ ਵਿਚ ਨਹੀਂ, ਕਰਨੀ ਵਿਚ ਵੀ; ਅਸੀਂ ਖੁਫੀਆ ਸੰਧੀਆਂ[35] ਤਬਾਹ ਕਰ ਦਿੱਤੀਆਂ ਹਨ, ਆਪਣੇ ਦੇਸ ਵਿਚ ਬੁਰਜੂਆਜ਼ੀ ਨੂੰ ਹਰਾ ਦਿਤਾ ਹੈ ਤੇ ਖੁਲ੍ਹੇ ਤੇ ਈਮਾਨਦਾਰ ਅਮਨ ਦੀ ਤਜਵੀਜ਼ ਦਿੱਤੀ ਹੈ ਤਾਂ ਕਿ ਸਾਰੀਆਂ ਕੌਮਾਂ ਦੇਖ ਸੱਕਣ ਕਿ ਸਾਡੇ ਅਸਲੀ ਮਨਸ਼ੇ ਕੀ ਹਨ। ਐਸੇ ਲੋਕ, ਜਿਹੜੇ ਸੋਵੀਅਤ ਰੀਪਬਲਿਕ ਦੀ ਰਾਖੀ ਕਰਨ ਦੀ ਪੁਜ਼ੀਸ਼ਨ ਦਾ ਗੰਭੀਰਤਾ ਨਾਲ ਸਮਰਥਣ ਕਰਦੇ ਹਨ, ਇਸ ਜੂਏ ਲਈ ਕਿਵੇਂ ਸਹਿਮਤ ਹੋ ਸਕਦੇ ਸਨ, ਜਿਸ ਦੇ ਨਤੀਜੇ ਨਿਕਲ ਵੀ ਚੁੱਕੇ ਹਨ? ਤੇ ਇਹ ਇਕ ਹਕੀਕਤ ਹੈ, ਕਿਉਂਕਿ ਉਹ ਘੋਰ ਸੰਕਟ, ਜਿਸ ਵਿਚੋਂ ਸਾਡੀ ਪਾਰਟੀ ਇਸ ਵੇਲੇ ਲੰਘ ਰਹੀ ਹੈ ਕਿਉਂਕਿ ਇਸ ਵਿਚ ਇਕ "ਖੱਬਾ" ਵਿਰੋਧੀ ਧੜਾ ਬਣ ਗਿਆ ਹੈ, ਉਹਨਾਂ ਸਭ ਤੋਂ ਗੰਭੀਰ ਸੰਕਟਾਂ ਵਿਚੋਂ ਇਕ ਹੈ, ਜਿਹੜੇ ਰੂਸੀ ਇਨਕਲਾਬ ਨੇ ਦੇਖੇ ਹਨ।

ਇਹ ਸੰਕਟ ਦੂਰ ਕਰ ਲਿਆ ਜਾਵੇਗਾ। ਕਿਸੇ ਵੀ ਹਾਲਤ ਵਿਚ, ਇਹ ਸਾਡੀ ਪਾਰਟੀ ਦੀ, ਜਾਂ ਸਾਡੇ ਇਨਕਲਾਬ ਦੀ ਧੌਣ ਨਹੀਂ ਤੋੜੇਗਾ, ਭਾਵੇਂ ਕਿ ਇਸ ਵੇਲੇ ਇਹ ਐਸਾ ਕਰਨ ਦੇ ਬੜਾ ਨੇੜੇ ਪੁੱਜ ਗਿਆ ਹੈ, ਇਸਦੀ ਸੰਭਾਵਨਾ ਸੀ। ਇਸ ਗੱਲ ਦੀ, ਕਿ ਇਸ ਸਵਾਲ ਉਤੇ ਅਸੀਂ ਧੌਣ ਨਹੀਂ ਭੰਨਾਵਾਂਗੇ, ਜ਼ਮਾਨਤ ਇਹ ਹੈ: ਗੁੱਟਬੰਦਕ ਮਤਭੇਦਾਂ ਨੂੰ ਨਿਪਟਾਉਣ ਦੇ ਪੁਰਾਣੇ ਢੰਗ ਨੂੰ, ਭਾਰੀ ਮਾਤਰਾ ਵਿਚ ਸਾਹਿਤ ਜਾਰੀ ਕਰਨ ਦੇ, ਕਿੰਨੀਆਂ ਸਾਰੀਆਂ ਬਹਿਸਾਂ ਕਰਨ ਤੇ ਕਾਫੀ ਸਾਰੀਆਂ ਦੁਫੇੜਾਂ ਪਾਉਣ ਦੇ ਪੁਰਾਣੇ ਢੰਗ ਨੂੰ ਲਾਗੂ ਕਰਨ ਦੀ ਥਾਂ, ਇਸ ਪੁਰਾਣੇ ਢੰਗ ਦੀ ਥਾਂ, ਘਟਨਾਵਾਂ ਨੇ ਸਾਡੇ ਲੋਕਾਂ

ਨੂੰ ਚੀਜ਼ਾਂ ਸਿੱਖਣ ਦਾ ਨਵਾਂ ਢੰਗ ਮੁਹਈਆ ਕੀਤਾ ਹੈ। ਇਹ ਢੰਗ ਹੈ, ਸਭ ਕਾਸੇ ਨੂੰ ਤੱਥਾਂ, ਘਟਣਾਵਾਂ, ਸੰਸਾਰ ਸਾਹਿਤ ਦੇ ਸਬਕਾਂ ਦੀ ਕਸੌਟੀ ਤੇ ਪਰਖਣਾ। ਤੁਸੀਂ ਕਹਿੰਦੇ ਸੋ ਕਿ ਜਰਮਨ ਹਮਲਾ ਨਹੀਂ ਕਰ ਸਕਦੇ। ਤੁਹਾਡੇ ਦਾਅ-ਪੇਚਾਂ ਦਾ ਮੰਤਕ ਇਹ ਸੀ ਕਿ ਅਸੀਂ ਐਲਾਨ ਕਰ ਸਕਦੇ ਹਾਂ ਕਿ ਜੰਗ ਦੀ ਅਵਸਥਾ ਖਤਮ ਹੋ ਗਈ ਹੈ। ਇਤਿਹਾਸ ਨੇ ਤੁਹਾਨੂੰ ਸਬਕ ਸਿਖਾਇਆ ਹੈ, ਇਸਨੇ ਇਹ ਭੁਲੇਖਾ ਤੋੜ ਦਿੱਤਾ ਹੈ। ਹਾਂ, ਜਰਮਨ ਇਨਕਲਾਬ ਵਧ ਰਿਹਾ ਹੈ, ਪਰ ਇਸ ਤਰ੍ਹਾਂ ਨਾਲ ਨਹੀਂ ਜਿਸ ਤਰ੍ਹਾਂ ਅਸੀਂ ਚਾਹੁੰਦੇ ਹਾਂ, ਏਨੀਂ ਤੇਜ਼ੀ ਨਾਲ ਨਹੀਂ ਜਿੰਨੀਂ ਤੇਜ਼ੀ ਨਾਲ ਰੂਸੀ ਬੁਧੀਮਾਨ ਇਸਨੂੰ ਵਧਿਆ ਦੇਖਣਾ ਚਾਹੁੰਦੇ ਹਨ, ਉਸ ਰਫਤਾਰ ਨਾਲ ਨਹੀਂ ਜਿਸ ਰਫਤਾਰ ਨਾਲ ਸਾਡਾ ਇਤਿਹਾਸ ਅਕਤੂਬਰ ਵਿਚ ਵਧਿਆ — ਜਦੋਂ ਅਸੀਂ ਜਿਸ੍ਹ ਸ਼ਹਿਰ ਵਿਚ ਜੀਅ ਆਵੇ ਵੜ ਸਕਦੇ ਸਾਂ, ਸੋਵੀਅਤ ਸੱਤਾ ਦਾ ਐਲਾਨ ਕਰ ਸਕਦੇ ਸਾਂ ਤੇ ਕੁਝ ਹੀ ਦਿਨਾਂ ਦੇ ਅੰਦਰ ਅੰਦਰ ਮਜ਼ਦੂਰਾਂ ਦਾ ੯/੧੦ ਹਿੱਸਾ ਸਾਡੇ ਪਾਸੇ ਆ ਜਾਂਦਾ ਸੀ। ਜਰਮਨ ਇਨਕਲਾਬ ਦੀ ਬਦਕਿਸਮਤੀ ਹੈ ਕਿ ਇਹ ਏਨੀਂ ਤੇਜ਼ੀ ਨਾਲ ਨਹੀਂ ਚੱਲ ਰਿਹਾ। ਤੁਹਾਡਾ ਕੀ ਵਿਚਾਰ ਹੈ? ਕੀ ਅਸੀਂ ਇਨਕਲਾਬ ਨੂੰ ਸਮਝ ਕੇ ਚੱਲੀਏ ਜਾਂ ਇਨਕਲਾਬ ਸਾਨੂੰ ਸਮਝ ਕੇ ਚਲੇ? ਤੁਸੀਂ ਚਾਹੁੰਦੇ ਸੋ ਕਿ ਇਨਕਲਾਬ ਤੁਹਾਡੇ ਹਿਸਾਬ ਨਾਲ ਚੱਲੇ। ਪਰ ਇਤਿਹਾਸ ਨੇ ਤੁਹਾਨੂੰ ਸਬਕ ਸਿਖਾਇਆ ਹੈ। ਇਹ ਸਬਕ ਹੈ, ਕਿਉਂਕਿ ਇਹ ਪੂਰਨ ਸਚਾਈ ਹੈ ਕਿ ਜਰਮਨ ਇਨਕਲਾਬ ਤੋਂ ਬਿਨਾਂ ਅਸੀਂ ਮਾਰੇ ਜਾਵਾਂਗੇ — ਸ਼ਾਇਦ ਪੀਤਰੋਗਰਾਦ ਵਿਚ ਨਹੀਂ, ਮਾਸਕੋ ਵਿਚ ਨਹੀਂ, ਸਗੋਂ ਵਲਾਦੀਵੋਸਤੋਕ ਵਿਚ, ਵਧੇਰੇ ਦੂਰ-ਦੁਰਾਡੇ ਦੀਆਂ ਥਾਵਾਂ ਵਿਚ, ਜਿਨ੍ਹਾਂ ਤੱਕ ਸਾਨੂੰ ਸ਼ਾਇਦ ਪਿੱਛੇ ਹਟਣਾ ਪਵੇਗਾ, ਤੇ ਜਿਨ੍ਹਾਂ ਦਾ ਫਾਸਲਾ ਸ਼ਾਇਦ ਪੀਤਰੋਗਰਾਦ ਤੋਂ ਮਾਸਕੋ ਤੱਕ ਦੇ ਫਾਸਲੇ ਨਾਲੋਂ ਜ਼ਿਆਦਾ ਹੈ। ਕਿਸੇ ਵੀ ਸੂਰਤ ਵਿਚ, ਕਿਸੇ ਵੀ ਹਾਲਤ ਵਿਚ ਜਿਸਦੀ ਕਲਪਣਾ ਕੀਤੀ ਜਾ ਸਕਦੀ ਹੈ, ਜੇ ਜਰਮਨ ਇਨਕਲਾਬ ਨਹੀਂ ਵਾਪਰਦਾ, ਤਾਂ ਅਸੀਂ ਮਾਰੇ ਜਾਂਦੇ ਹਾਂ। ਤਾਂ ਵੀ ਇਹ ਗੱਲ ਸਾਡੇ ਵਿਸ਼ਵਾਸ ਨੂੰ ਜ਼ਰਾ ਨਹੀਂ ਡੁਲਾਉਂਦੀ ਕਿ ਬਿਨਾਂ ਸ਼ੇਖੀਆਂ ਮਾਰਨ ਦੇ ਸਾਨੂੰ ਅਤਿ ਮੁਸ਼ਕਲ ਹਾਲਤ ਵੀ ਬਰਦਾਸ਼ਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

ਇਨਕਲਾਬ ਏਨਾ ਛੇਤੀ ਨਹੀਂ ਆਇਗਾ ਜਿੰਨੀਂ ਸਾਨੂੰ ਆਸ ਸੀ। ਇਤਿਹਾਸ ਨੇ ਇਹ ਸਿਧ ਕਰ ਦਿੱਤਾ ਹੈ, ਤੇ ਸਾਨੂੰ ਇਸ ਦੇ ਯੋਗ ਹੋਣਾ ਚਾਹੀਦਾ ਹੈ ਕਿ ਇਸਨੂੰ ਹਕੀਕਤ ਸਮਝੀਏ, ਇਸ ਹਕੀਕਤ ਨਾਲ ਨਿਪਟੀਏ ਕਿ ਉੱਨਤ ਦੇਸਾਂ ਵਿਚ ਸੰਸਾਰ ਸੋਸ਼ਲਿਸਟ ਇਨਕਲਾਬ ਏਨੀਂ ਸੌਖੀ ਤਰ੍ਹਾਂ ਸ਼ੁਰੂ ਨਹੀਂ ਹੋ ਸਕਦਾ ਜਿੰਨੀਂ ਸੌਖੀ ਤਰ੍ਹਾਂ ਇਹ ਰੂਸ ਵਿਚ ਸ਼ੁਰੂ ਹੋ ਗਿਆ ਸੀ — ਨਿਕੋਲਾਸ ਤੇ ਰਾਸਪੂਤੀਨ[36] ਦੀ ਭੂਮੀ ਵਿਚ, ਉਸ ਭੂਮੀ ਵਿਚ ਜਿਥੇ ਵਸੋਂ ਦਾ ਭਾਰੀ ਹਿੱਸਾ ਇਸ ਗੱਲੋਂ ਬਿਲਕੁਲ ਹੀ ਬੇਪ੍ਰਵਾਹ ਸੀ ਕਿ ਸਰਹੱਦਾਂ ਨਾਲ ਲੱਗਦੇ ਇਲਾਕਿਆਂ ਵਿਚ ਕਿਹੜੇ ਲੋਕ ਰਹਿ ਰਹੇ ਹਨ, ਜਾਂ ਉਥੇ ਕੀ

ਹੋ ਰਿਹਾ ਹੈ। ਇਹੋ ਜਿਹੇ ਦੇਸ ਵਿਚ ਇਨਕਲਾਬ ਸ਼ੁਰੂ ਕਰਨਾ ਬਿਲਕੁਲ ਸੌਖਾ ਸੀ, ਏਨਾਂ ਸੌਖਾ ਜਿੰਨਾਂ ਖੰਭ ਚੁੱਕਣਾ।

ਪਰ ਐਸੇ ਦੇਸ ਵਿਚ ਬਿਨਾਂ ਤਿਆਰੀ ਦੇ ਇਨਕਲਾਬ ਸ਼ੁਰੂ ਕਰਨਾ, ਜਿਸ ਦੇਸ ਵਿਚ ਸਰਮਾਇਦਾਰੀ ਵਿਕਸਤ ਹੈ ਤੇ ਇਹ ਹਰ ਇਕ ਨੂੰ, ਆਖਰੀ ਆਦਮੀ ਤੱਕ, ਜਮਹੂਰੀ ਸਭਿਆਚਾਰ ਤੇ ਸੰਗਠਨ ਦੇ ਚੁੱਕੀ ਹੈ — ਐਸਾ ਕਰਨਾ ਗ਼ਲਤ ਹੋਵੇਗਾ, ਬੇਹੂਦਾ ਹੋਵੇਗਾ। ਉਥੇ ਅਸੀਂ ਸੋਸ਼ਲਿਸਟ ਇਨਕਲਾਬਾਂ ਦੇ ਸ਼ੁਰੂ ਹੋਣ ਦੇ ਦੁਖਦਾਈ ਦੌਰ ਨੂੰ ਸਿਰਫ ਪਹੁੰਚ ਹੀ ਰਹੇ ਹਾਂ। ਇਹ ਇਕ ਹਕੀਕਤ ਹੈ। ਸਾਨੂੰ ਨਹੀਂ ਪਤਾ, ਕਿਸੇ ਨੂੰ ਨਹੀਂ ਪਤਾ, ਸ਼ਾਇਦ — ਇਹ ਬਿਲਕੁਲ ਸੰਭਵ ਹੈ — ਇਹ ਕੁਝ ਹਫਤਿਆਂ ਵਿਚ ਹੀ, ਸਗੋਂ ਕੁਝ ਦਿਨਾਂ ਵਿਚ ਹੀ, ਜਿੱਤ ਜਾਵੇਗਾ, ਪਰ ਅਸੀਂ ਸਭ ਕੁਝ ਇਸੇ ਦਾਅ ਉਤੇ ਨਹੀਂ ਲਾ ਸਕਦੇ। ਸਾਨੂੰ ਅਸਾਧਾਰਨ ਮੁਸ਼ਕਲਾਂ ਲਈ, ਅਸਾਧਾਰਨ ਸਖਤ ਹਾਰਾਂ ਲਈ ਤਿਆਰ ਰਹਿਣਾ ਚਾਹੀਦਾ ਹੈ, ਜਿਹੜੀਆਂ ਅਟੱਲ ਹਨ ਕਿਉਂਕਿ ਯੂਰਪ ਵਿਚ ਇਨਕਲਾਬ ਅਜੇ ਸ਼ੁਰੂ ਨਹੀਂ ਹੋਇਆ, ਭਾਵੇਂ ਇਹ ਕੱਲ ਸ਼ੁਰੂ ਹੋ ਸਕਦਾ ਹੈ; ਤੇ ਜਦੋਂ ਇਹ ਸ਼ੁਰੂ ਹੋ ਹੀ ਜਾਂਦਾ ਹੈ ਤਾਂ, ਬੇਸ਼ਕ, ਸਾਨੂੰ ਸ਼ੱਕ ਨਹੀਂ ਕੁਹਣਗੇ, ਇਨਕਲਾਬੀ ਜੰਗ ਬਾਰੇ ਕੋਈ ਸਵਾਲ ਨਹੀਂ ਹੋਵੇਗਾ, ਸਗੋਂ ਇਕ ਨਿਰੰਤਰ ਜੇਤੂ ਮਾਰਚ ਹੋਵੇਗੀ। ਇਹ ਅਜੇ ਵਾਪਰਣਾ ਹੈ, ਇਹ ਅਟੱਲ ਤੌਰ ਤੇ ਇਸ ਤਰ੍ਹਾਂ ਹੋਵੇਗਾ, ਪਰ ਅਜੇ ਇਹ ਇਸ ਤਰ੍ਹਾਂ ਨਹੀਂ। ਇਹ ਸਾਦਾ ਜਿਹਾ ਤੱਥ ਹੈ ਜਿਹੜਾ ਇਤਿਹਾਸ ਨੇ ਸਾਨੂੰ ਸਿਖਾਇਆ ਹੈ, ਜਿਸ ਨਾਲ ਇਸਨੇ ਸਾਨੂੰ ਬੜੇ ਦੁਖਦਾਈ ਢੰਗ ਨਾਲ ਮਾਰਿਆ ਹੈ — ਤੇ ਇਹ ਕਿਹਾ ਜਾਂਦਾ ਹੈ ਕਿ ਮਾਰ ਵਿਚੋਂ ਲੰਘਿਆ ਇਕ ਆਦਮੀ ਉਹਨਾਂ ਦੋ ਆਦਮੀਆਂ ਨਾਲੋਂ ਚੰਗਾ ਹੁੰਦਾ ਹੈ ਜਿਨ੍ਹਾਂ ਮਾਰ ਨਾ ਖਾਧੀ ਹੋਵੇ। ਇਹੀ ਕਾਰਨ ਹੈ ਕਿ ਮੇਰਾ ਖਿਆਲ ਹੈ ਕਿ ਹੁਣ ਇਤਿਹਾਸ ਨੇ ਸਾਨੂੰ ਬੜੀ ਦੁਖਦਾਈ ਮਾਰ ਮਾਰੀ ਹੈ, ਸਾਡੀ ਇਸ ਆਸ ਕਰਕੇ ਕਿ ਜਰਮਨ ਹਮਲਾ ਨਹੀਂ ਕਰ ਸਕਦੇ ਤੇ ਅਸੀਂ "ਹੁੱਰਾ!" ਦਾ ਨਾਅਰਾ ਲਾ ਕੇ ਸਭ ਕੁਝ ਲੈ ਸਕਦੇ ਹਾਂ, ਇਹ ਸਬਕ ਸਾਡੀਆਂ ਸੋਵੀਅਤ ਜਥੇਬੰਦੀਆਂ ਦੀ ਸਹਾਇਤਾ ਨਾਲ ਸੋਵੀਅਤ ਰੂਸ ਭਰ ਵਿਚ ਜਨਤਾ ਦੀ ਸਮਝ ਵਿਚ ਬੜੀ ਛੇਤੀ ਨਾਲ ਲਿਆਂਦਾ ਜਾਵੇਗਾ। ਉਹ ਸਾਰੇ ਜਾਗੇ ਹੋਏ ਤੇ ਕੰਮ ਕਰ ਰਹੇ ਹਨ, ਇਕੱਠੇ ਹੋ ਰਹੇ ਹਨ, ਕਾਂਗਰਸ ਲਈ ਤਿਆਰੀ ਕਰ ਰਹੇ ਹਨ, ਮਤੇ ਪਾਸ ਕਰ ਰਹੇ ਹਨ, ਜੋ ਵਾਪਰਿਆ ਹੈ ਉਸ ਬਾਰੇ ਸੋਚ ਰਹੇ ਹਨ। ਜੋ ਕੁਝ ਇਸ ਮੌਕੇ ਤੇ ਵਾਪਰ ਰਿਹਾ ਹੈ, ਉਹ ਪੁਰਾਣੇ ਇਨਕਲਾਬੋਂ ਪਹਿਲਾਂ ਦੇ ਵਿਵਾਦਾਂ ਨਾਲ ਨਹੀਂ ਰਲਦਾ, ਜਿਹੜੇ ਤੰਗ ਪਾਰਟੀ ਹਲਕਿਆਂ ਦੇ ਅੰਦਰ ਰਹਿੰਦੇ ਸਨ; ਹੁਣ ਸਾਰੇ ਫੈਸਲੇ ਲੋਕਾਂ ਸਾਮ੍ਹਣੇ ਬਹਿਸ ਲਈ ਰੱਖੇ ਜਾਂਦੇ ਹਨ, ਜਿਹੜੇ ਮੰਗ ਕਰਦੇ ਹਨ ਕਿ ਉਹਨਾਂ ਨੂੰ ਤਜਰਬੇ ਨਾਲ, ਕਰਨੀ ਨਾਲ ਪਰਖਿਆ ਜਾਵੇ, ਜਿਹੜੇ ਆਪਣੇ ਆਪ ਨੂੰ ਕਦੀ ਵੀ ਹੋਛੀਆਂ ਤਕਰੀਰਾਂ ਦੇ ਵਹਿਣ ਵਿਚ ਨਹੀਂ ਰੁੜ੍ਹਣ

ਦੇਂਦੇ, ਤੇ ਆਪਣੇ ਆਪ ਨੂੰ ਘਟਣਾਵਾਂ ਦੇ ਬਾਹਰਮੁਖੀ ਵਿਕਾਸ ਵਲੋਂ ਦੱਸੇ ਗਏ ਰਾਹ ਤੋਂ ਕਦੇ ਵੀ ਲਾਂਭੇ ਨਹੀਂ ਲਿਜਾਣ ਦੇਂਦੇ। ਬੇਸ਼ਕ, ਇਕ ਬੁਧੀਮਾਨ, ਜਾਂ ਇਕ ਖੱਬਾ-ਬਾਲਸ਼ਵਿਕ ਗੱਲਾਂ ਨਾਲ ਮੁਸ਼ਕਲਾਂ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰ ਸੱਕਦਾ ਹੈ। ਉਹ ਗੱਲਾਂ ਨਾਲ ਇਹੋ ਜਿਹੇ ਤੱਥਾਂ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰ ਸਕਦਾ ਹੈ ਜਿਵੇਂ ਕਿ ਫੌਜ ਦੀ ਅਣਹੋਂਦ ਤੇ ਜਰਮਨੀ ਵਿਚ ਇਨਕਲਾਬ ਦਾ ਸ਼ੁਰੂ ਨਾ ਹੋਣਾ। ਕਰੋੜਾਂ ਲੋਕ — ਤੇ ਰਾਜਨੀਤੀ ਉਥੇ ਸ਼ੁਰੂ ਹੁੰਦੀ ਹੈ, ਜਿਥੇ ਕਰੋੜਾਂ ਇਸਤਰੀਆਂ ਮਰਦ ਹਨ; ਜਿਥੇ ਹਜ਼ਾਰਾਂ ਨਹੀਂ, ਲਖਾਂ ਲੋਕ ਹਨ, ਉਥੇ ਗੰਭੀਰ ਰਾਜਨੀਤੀ ਸ਼ੁਰੂ ਹੁੰਦੀ ਹੈ — ਲੋਕ ਜਾਣਦੇ ਹਨ ਕਿ ਫੌਜ ਕਿਸ ਤਰ੍ਹਾਂ ਦੀ ਹੁੰਦੀ ਹੈ, ਉਹਨਾਂ ਨੇ ਮਹਾਜ਼ ਤੋਂ ਮੁੜਦੇ ਸਿਪਾਹੀ ਦੇਖੇ ਹੋਏ ਹਨ। ਉਹ ਜਾਣਦੇ ਹਨ — ਇਹ ਤਾਂ, ਜੇ ਤੁਸੀਂ ਵਿਅਕਤੀਗਤ ਬੰਦਿਆਂ ਨੂੰ ਨਹੀਂ, ਸਗੋਂ ਅਸਲੀ ਜਨਤਾ ਨੂੰ ਲਵੋ — ਕਿ ਅਸੀਂ ਨਹੀਂ ਲੜ ਸਕਦੇ, ਕਿ ਮਹਾਜ਼ ਉਪਰਲਾ ਹਰ ਆਦਮੀ ਕਲਪਣਾ ਵਿਚ ਆਉਣ ਵਾਲੀ ਹਰ ਚੀਜ਼ ਸਹਿ ਚੁੱਕਾ ਹੈ। ਜਨਤਾ ਨੇ ਇਹ ਸਚਾਈ ਸਮਝ ਲਈ ਹੈ ਕਿ ਜੇ ਸਾਡੇ ਕੋਈ ਫੌਜ ਨਹੀਂ, ਤੇ ਇਕ ਧਾੜਵੀ ਸਾਡੇ ਨਾਲ ਪਿਆ ਹੋਇਆ ਹੈ, ਤਾਂ ਸਾਨੂੰ ਅਤਿ ਦੀ ਕਰੜੀ, ਅਪਮਾਣਭਰੀ ਅਮਨ ਸੰਧੀ ਉਪਰ ਦਸਖਤ ਕਰਨੇ ਪੈਣਗੇ। ਇਨਕਲਾਬ ਦੇ ਜਨਮ ਲੈਣ ਤੱਕ ਇਹ ਅਟੱਲ ਹੈ, ਜਦੋਂ ਤੱਕ ਤੁਸੀਂ ਆਪਣੀ ਫੌਜ ਨੂੰ ਸਵਸਥ ਨਹੀਂ ਬਣਾ ਲੈਂਦੇ, ਜਿੰਨਾਂ ਚਿਰ ਤੱਕ ਤੁਸੀਂ ਸਿਪਾਹੀਆਂ ਨੂੰ ਘਰ ਮੁੜਣ ਦੀ ਆਗਿਆ ਨਹੀਂ ਦੇਂਦੇ। ਉਦੋਂ ਤੱਕ ਮਰੀਜ਼ ਰਾਜ਼ੀ ਨਹੀਂ ਹੋਵੇਗਾ। ਤੇ ਅਸੀਂ "ਹੁੱਰਾ!" ਦੇ ਨਾਅਰੇ ਲਾ ਲਾ ਕੇ ਜਰਮਨ ਧਾੜਵੀ ਨਾਲ ਨਜਿੱਠਣ ਦੇ ਯੋਗ ਨਹੀਂ ਹੋ ਸੱਕਾਂਗੇ; ਅਸੀਂ ਉਸਨੂੰ ਏਨੀਂ ਸੌਖੀ ਤਰ੍ਹਾਂ ਨਾਲ ਨਹੀਂ ਪਟਕਾ ਕੇ ਮਾਰ ਸਕਾਂਗੇ, ਜਿੰਨੀਂ ਸੌਖੀ ਤਰ੍ਹਾਂ ਅਸੀਂ ਕੇਰੇਂਸਕੀ ਤੇ ਕੋਰਨੀਲੋਵ ਨੂੰ ਪਟਕਾ ਮਾਰਿਆ ਸੀ। ਇਹ ਹੈ ਸਬਕ ਜਿਹੜਾ ਜਨਤਾ ਨੇ ਸਿੱਖਿਆ ਹੈ, ਬਿਨਾਂ ਉਹਨਾਂ ਬਹਾਨਿਆਂ ਦੇ ਜਿਹੜੇ ਉਹਨਾਂ ਵਿਚੋਂ ਕੁਝ ਨੇ, ਜਿਹੜੇ ਕੌੜੀ ਸਚਾਈ ਤੋਂ ਬਚਣਾ ਚਾਹੁੰਦੇ ਹਨ, ਉਹਨਾਂ ਸਾਮ੍ਹਣੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪਹਿਲਾਂ ਅਕਤੂਬਰ ਤੇ ਨਵੰਬਰ ਵਿਚ ਲਗਾਤਾਰ ਜੇਤੂ ਮਾਰਚ — ਫਿਰ, ਇਕਦਮ, ਕੁਝ ਹਫਤਿਆਂ ਦੇ ਅਰਸੇ ਵਿਚ, ਰੂਸੀ ਇਨਕਲਾਬ ਨੂੰ ਜਰਮਨ ਧਾੜਵੀ ਹਰਾ ਦੇਂਦਾ ਹੈ; ਰੂਸੀ ਇਨਕਲਾਬ ਧਾੜਵੀ ਸੰਧੀ ਦੀਆਂ ਸ਼ਰਤਾਂ ਪ੍ਰਵਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਹਾਂ, ਇਤਿਹਾਸ ਵਲੋਂ ਕੱਟੇ ਗਏ ਮੋੜ ਬੜੇ ਦੁਖਦਾਈ ਹਨ। ਇਹੋ ਜਿਹੇ ਸਭ ਮੋੜਾਂ ਦਾ ਸਾਡੇ ਉਪਰ ਦੁਖਦਾਈ ਅਸਰ ਹੁੰਦਾ ਹੈ। ੧੯੦੭ ਵਿਚ, ਜਦੋਂ ਅਸੀਂ ਸਤੋਲੀਪਿਨ ਨਾਲ ਯਕੀਨੋਂ-ਬਾਹਰੀ ਸ਼ਰਮਨਾਕ ਘਰੇਲੂ ਸੰਧੀ ਕੀਤੀ, ਜਦੋਂ ਅਸੀਂ ਸਤੋਲੀਪਿਨ ਦੂਮਾ ਦੇ ਗੰਦੇ ਵਾੜੇ ਦੇ ਵਿਚੋਂ ਦੀ ਲੰਘਣ ਲਈ ਮਜਬੂਰ ਹੋ ਗਏ ਤੇ ਸ਼ਾਹਵਾਦੀ ਕਾਗਜ਼ ਦੇ ਟੁਕੜਿਆਂ[37] ਉਪਰ ਦਸਖਤ ਕਰਕੇ ਆਪਣੇ ਉੱਪਰ ਜ਼ਿਮੇਵਾਰੀਆਂ ਲਈਆਂ, ਤਾਂ ਅਸੀਂ

ਉਹ ਸਭ ਕੁਝ ਬਰਦਾਸ਼ਤ ਕੀਤਾ ਜੋ ਕੁਝ ਅਸੀਂ ਹੁਣ ਸਹਿ ਰਹੇ ਹਾਂ ਪਰ ਛੋਟੀ ਪੱਧਰ ਉੱਤੇ। ਉਸ ਵੇਲੇ, ਜਿਹੜੇ ਲੋਕ ਇਨਕਲਾਬ ਦੇ ਹਰਾਵਲ ਦਸਤੇ ਵਿਚ ਸਭ ਤੋਂ ਚੰਗੇ ਸਨ, ਉਹ ਕਹਿੰਦੇ ਸਨ (ਤੇ ਉਹਨਾਂ ਨੂੰ ਆਪ ਵੀ ਰਤਾ ਸ਼ੱਕ ਨਹੀਂ ਸੀ ਕਿ ਉਹ ਠੀਕ ਹਨ), "ਅਸੀਂ ਮਾਨ ਵਾਲੇ ਇਨਕਲਾਬੀ ਹਾਂ, ਅਸੀਂ ਰੂਸੀ ਇਨਕਲਾਬ ਵਿਚ ਯਕੀਨ ਰੱਖਦੇ ਹਾਂ, ਅਸੀਂ ਕਾਨੂੰਨੀ ਸਤੋਲੀਪਿਨ ਸੰਸਥਾਵਾਂ ਵਿਚ ਕਦੀ ਵੀ ਦਾਖਲ ਨਹੀਂ ਹੋਵਾਂਗੇ।" ਹਾਂ, ਤੁਸੀਂ ਹੋਵੋਗੇ, ਅਸੀਂ ਕਿਹਾ। ਜਨਤਾ ਦਾ ਜੀਵਨ, ਇਤਿਹਾਸ, ਤੁਹਾਡੇ ਰੋਸ-ਪ੍ਰਗਟਾਵਾਂ ਨਾਲੋਂ ਵਧੇਰੇ ਤਗੜੇ ਹਨ। ਜੇ ਤੁਸੀਂ ਨਾ ਗਏ, ਅਸੀਂ ਕਿਹਾ, ਤਾਂ ਇਤਿਹਾਸ ਤੁਹਾਨੂੰ ਜਾਣ ਲਈ ਮਜਬੂਰ ਕਰ ਦੇਵੇਗਾ। ਇਹ ਬਹੁਤ ਖੱਬੇ ਲੋਕ ਸਨ ਤੇ ਇਤਿਹਾਸ ਵਿਚਲੇ ਪਹਿਲੇ ਮੋੜ ਤੋਂ ਪਿਛੋਂ ਉਹਨਾਂ ਦਾ ਟੋਲੀ ਦੇ ਤੌਰ ਤੇ ਸਿਵਾਏ ਧੂਏਂ ਦੇ ਕੁਝ ਨਾ ਰਿਹਾ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਅਸੀਂ ਇਨਕਲਾਬੀ ਬਣੇ ਰਹਿਣ ਦੇ ਸਮਰੱਥ ਸਿਧ ਹੋਏ, ਭਿਅੰਕਰ ਹਾਲਤਾਂ ਵਿਚ ਕੰਮ ਕਰਨ ਦੇ ਤੇ ਉਹਨਾਂ ਵਿਚੋਂ ਨਿਕਲਣ ਦੇ ਸਮਰੱਥ ਸਿਧ ਹੋਏ, ਇਸੇ ਤਰ੍ਹਾਂ ਹੀ ਅਸੀਂ ਹੁਣ ਨਿਕਲਾਂਗੇ ਕਿਉਂਕਿ ਇਹ ਸਾਡਾ ਖਬਤ ਨਹੀਂ, ਬਾਹਰਮੁਖੀ ਅਟੱਲਤਾ ਹੈ ਜਿਹੜੀ ਬਿਲਕੁਲ ਤਬਾਹ ਹੋਏ ਦੇਸ ਵਿਚ ਪੈਦਾ ਹੋ ਗਈ ਹੈ, ਕਿਉਂਕਿ ਸਾਡੀਆਂ ਇਛਾਵਾਂ ਦੇ ਬਾਵਜੂਦ ਯੂਰਪੀ ਇਨਕਲਾਬ ਨੇ ਦੇਰ ਕਰਨ ਦੀ ਹਿੰਮਤ ਕੀਤੀ ਹੈ, ਤੇ ਸਾਡੀਆਂ ਖਾਹਸ਼ਾਂ ਦੇ ਬਾਵਜੂਦ ਜਰਮਨ ਸਾਮਰਾਜ ਨੇ ਹਮਲਾ ਕਰਨ ਦੀ ਹਿੰਮਤ ਕੀਤੀ ਹੈ।

ਇੱਥੇ ਪਤਾ ਹੋਣਾ ਚਾਹੀਦਾ ਹੈ ਕਿ ਪਿੱਛੇ ਕਿਵੇਂ ਹਟਣਾ ਹੈ। ਅਸੀਂ ਯਕੀਨੋਂ-ਬਾਹਰੀ ਕੌੜੀ, ਮੰਦੀ ਹਕੀਕਤ ਨੂੰ ਫੋਕੀ ਲੱਫਾਜ਼ੀ ਨਾਲ ਆਪਣੇ ਆਪ ਤੋਂ ਨਹੀਂ ਲੁਕਾ ਸੱਕਦੇ। ਸਾਨੂੰ ਕਹਿਣਾ ਚਾਹੀਦਾ ਹੈ: ਪਰਮਾਤਮਾ ਕਰੇ ਕਿ ਅਸੀਂ ਇਸ ਤਰ੍ਹਾਂ ਪਿੱਛੇ ਹਟੀਏ ਜੋ ਅੱਧ-ਪਚੱਧ ਤਰਤੀਬ ਵਿਚ ਹੋਵੇ। ਅਸੀਂ ਚੰਗੀ ਤਰ੍ਹਾਂ ਤਰਤੀਬ ਵਿਚ ਪਿੱਛੇ ਨਹੀਂ ਹਟ ਸਕਦੇ, ਪਰ ਪਰਮਾਤਮਾ ਕਰੇ ਕਿ ਅਸੀਂ ਅੱਧ-ਪਚੱਧ ਚੰਗੀ ਤਰਤੀਬ ਵਿਚ ਪਿੱਛੇ ਹਟੀਏ, ਕਿ ਸਾਨੂੰ ਕੁਝ ਵਕਫਾ ਮਿਲ ਜਾਏ ਜਿਸ ਵਿਚ ਸਾਡੇ ਸ਼ਰੀਰ ਦੇ ਬੀਮਾਰ ਅੰਗ ਨੂੰ ਘੱਟੋ-ਘਟ ਕੁਝ ਹੱਦ ਤੱਕ ਸਮਾਇਆ ਜਾ ਸੱਕੇ। ਸਮੁੱਚੇ ਤੌਰ ਤੇ ਸ਼ਰੀਰ ਸਵਸਥ ਹੈ, ਇਹ ਆਪਣੀ ਬੀਮਾਰੀ ਉਪਰ ਕਾਬੂ ਪਾ ਲਵੇਗਾ। ਪਰ ਤੁਸੀਂ ਇਹ ਆਸ ਨਹੀਂ ਰਖ ਸਕਦੇ ਕਿ ਇਹ ਬਿਲਕੁਲ ਇਕਦਮ, ਤੱਟ-ਫੱਟ ਕਾਬੂ ਪਾ ਲਵੇਗਾ; ਤੁਸੀਂ ਨੱਠ ਰਹੀ ਫੌਜ ਨੂੰ ਨਹੀਂ ਰੋਕ ਸੱਕਦੇ। ਜਦੋਂ ਮੈਂ ਆਪਣੇ ਇਕ ਨੌਜਵਾਨ ਦੋਸਤ ਨੂੰ ਕਿਹਾ, ਜੋ ਭਵਿਖ ਵਿਚ ਖੱਬਾ ਬਣਿਆ, "ਸਾਥੀ, ਮਹਾਜ਼ ਤੇ ਜਾਓ, ਦੇਖੋ ਕਿ ਫੌਜ ਵਿਚ ਕੀ ਵਾਪਰ ਰਿਹਾ ਹੈ," ਤਾਂ ਉਹ ਇਸ ਤਜਵੀਜ਼ ਉਪਰ ਖਫ਼ਾ ਹੋ ਗਿਆ। ਉਹ ਕਹਿਣ ਲੱਗਾ, "ਇਹ ਸਾਨੂੰ ਜਲਾਵਤਨ ਕਰਨਾ ਚਾਹੁੰਦੇ ਨੇ ਤਾ ਕਿ ਇਨਕਲਾਬੀ ਜੰਗ ਦੇ ਮਹਾਨ ਅਸੂਲਾਂ ਲਈ ਸਾਨੂੰ ਇਥੇ ਅੰਦੋਲਨ ਚਲਾਉਣ ਤੋਂ ਰੋਕ ਸੱਕਣ।" ਇਹ ਸੁਝਾਅ ਦੇ ਕੇ ਮੇਰੀ ਗੁੱਟਬੰਦਕ

ਦੁਸ਼ਮਨਾਂ ਨੂੰ ਦੇਸ਼-ਨਿਕਾਲਾ ਦੇਣ ਦੀ ਸਚਮੁਚ ਬਿਲਕੁਲ ਕੋਈ ਇੱਛਾ ਨਹੀਂ ਸੀ; ਮੈਂ ਸਿਰਫ ਇਹ ਸੁਝਾਅ ਦਿੱਤਾ ਸੀ ਕਿ ਉਹ ਜਾ ਕੇ ਆਪਣੀਆਂ ਅੱਖਾਂ ਨਾਲ ਦੇਖਣ ਕਿ ਫੌਜ ਨੇ ਇਸ ਤਰ੍ਹਾਂ ਨਾਲ ਨੱਠਣਾ ਸ਼ੁਰੂ ਕਰ ਦਿੱਤਾ ਹੈ ਜਿਸਦੀ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ। ਅਸੀਂ ਇਸ ਤੋਂ ਪਹਿਲਾਂ ਵੀ ਇਹ ਜਾਣਦੇ ਸਾਂ, ਇਸ ਤੋਂ ਪਹਿਲਾਂ ਵੀ ਅਸੀਂ ਇਸ ਹਕੀਕਤ ਤੋਂ ਆਪਣੀਆਂ ਅੱਖਾਂ ਨਹੀਂ ਸਾਂ ਮੀਟ ਸਕਦੇ ਕਿ ਫੌਜ ਦਾ ਖੇਰੂੰ-ਖੇਰੂੰ ਹੋਣਾ ਇਸ ਅਕਹਿ ਹੱਦ ਤੱਕ ਪੁੱਜ ਚੁੱਕਾ ਹੈ ਕਿ ਸਾਡੀਆਂ ਤੋਪਾਂ ਜਰਮਨਾਂ ਕੋਲ ਭੰਗ ਦੇ ਭਾਅ ਵੇਚੀਆਂ ਜਾ ਰਹੀਆਂ ਸਨ। ਸਾਨੂੰ ਇਹ ਪਤਾ ਸੀ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਸਾਨੂੰ ਪਤਾ ਹੈ ਕਿ ਫੌਜ ਨੂੰ ਕਾਬੂ ਵਿਚ ਨਹੀਂ ਰੱਖਿਆ ਜਾ ਸੱਕਦਾ, ਤੇ ਇਹ ਦਲੀਲ ਕਿ ਜਰਮਨ ਹਮਲਾ ਨਹੀਂ ਕਰਨਗੇ, ਇਕ ਬਹੁਤ ਵੱਡਾ ਜੂਆ ਹੈ। ਜੇ ਯੂਰਪੀ ਇਨਕਲਾਬ ਆਉਣ ਵਿਚ ਦੇਰੀ ਲਾ ਰਿਹਾ ਹੈ, ਤਾਂ ਅਤਿ ਦੀਆਂ ਗੰਭੀਰ ਹਾਰਾਂ ਸਾਡੇ ਰਾਹ ਵਿਚ ਪਈਆਂ ਹਨ ਕਿਉਂਕਿ ਸਾਡੇ ਕੋਲ ਕੋਈ ਫੌਜ ਨਹੀਂ, ਕਿਉਂਕਿ ਸਾਡੇ ਕੋਲ ਜਥੇਬੰਦੀ ਦੀ ਘਾਟ ਹੈ, ਕਿਉਂਕਿ ਇਸ ਵੇਲੇ ਸਾਡੇ ਸਾਮ੍ਹਣੇ ਇਹ ਦੋ ਮਸਲੇ ਹਨ ਜਿਹੜੇ ਅਸੀਂ ਹਲ ਨਹੀਂ ਕਰ ਸਕਦੇ। ਜੇ ਤੁਸੀਂ ਆਪਣੇ ਆਪ ਨੂੰ ਢਾਲਣ ਤੋਂ ਅਸਮਰੱਥ ਹੋ, ਜੇ ਤੁਸੀਂ ਚਿੱਕੜ ਵਿਚ ਢਿੱਡ ਭਾਰ ਰਿੜਣ ਲਈ ਤਿਆਰ ਨਹੀਂ, ਤਾਂ ਤੁਸੀਂ ਇਨਕਲਾਬੀ ਨਹੀਂ ਸਗੋਂ ਬਕਵਾਸੀ ਹੋ; ਤੇ ਮੈਂ ਇਸਦੀ ਤਜਵੀਜ਼ ਦੇਂਦਾ ਹਾਂ, ਇਸ ਲਈ ਨਹੀਂ ਕਿ ਮੈਂ ਇਸਨੂੰ ਪਸੰਦ ਕਰਦਾ ਹਾਂ, ਸਗੋਂ ਕਿਉਂਕਿ ਸਾਡੇ ਕੋਲ ਹੋਰ ਕੋਈ ਰਾਹ ਨਹੀਂ, ਕਿਉਂਕਿ ਹਰ ਥਾਂ ਤੇ ਇੱਕੋ ਵੇਲੇ ਇਨਕਲਾਬ ਨੂੰ ਪਕਿਆਈ ਤੱਕ ਪੁਚਾਉਣ ਵਿਚ ਇਤਿਹਾਸ ਕਾਫੀ ਮਿਹਰਬਾਨ ਨਹੀਂ ਰਿਹਾ।

ਜਿਸ ਤਰ੍ਹਾਂ ਨਾਲ ਹਾਲਾਤ ਰੂਪ ਧਾਰਦੇ ਜਾ ਰਹੇ ਹਨ ਉਹ ਇਹ ਹੈ ਕਿ ਸਾਮਰਾਜ ਨਾਲ ਟੱਕਰ ਲੈਣ ਦੀ ਕੋਸ਼ਿਸ਼ ਵਿਚ ਘਰੇਲੂ ਜੰਗ ਸ਼ੁਰੂ ਹੋ ਗਈ ਹੈ ਤੇ ਇਸਨੇ ਦਰਸਾਇਆ ਹੈ ਕਿ ਸਾਮਰਾਜ ਧੁਰ-ਅੰਦਰ ਤੱਕ ਗਲ-ਸੜ ਚੁੱਕਾ ਹੈ ਤੇ ਪ੍ਰੋਲਤਾਰੀ ਅਨਸਰ ਹਰ ਫੌਜ ਵਿਚ ਉਭਰ ਰਹੇ ਹਨ। ਹਾਂ, ਅਸੀਂ ਸੰਸਾਰ ਇਨਕਲਾਬ ਦੇਖਾਂਗੇ, ਪਰ ਹਾਲ ਦੀ ਘੜੀ ਇਹ ਇਕ ਚੰਗੀ ਪਰੀ-ਕਹਾਣੀ ਹੈ, ਇਕ ਬੜੀ ਸੁਹਣੀ ਪਰੀ-ਕਹਾਣੀ — ਮੈਂ ਬੱਚਿਆਂ ਨੂੰ ਸੁਹਣੀਆਂ ਪਰੀ-ਕਹਾਣੀਆਂ ਪਸੰਦ ਕਰਦਿਆਂ ਬਿਲਕੁਲ ਸਮਝ ਸਕਦਾ ਹਾਂ। ਪਰ ਮੈਂ ਪੁੱਛਦਾ ਹਾਂ, ਕੀ ਇਕ ਗੰਭੀਰ ਇਨਕਲਾਬੀ ਲਈ ਪਰੀ-ਕਹਾਣੀਆਂ ਵਿਚ ਵਿਸ਼ਵਾਸ ਕਰਨਾ ਯੋਗ ਹੈ? ਹਰ ਪਰੀ-ਕਹਾਣੀ ਵਿਚ ਯਥਾਰਥ ਦਾ ਇਕ ਅੰਸ਼ ਹੁੰਦਾ ਹੈ। ਜੇ ਤੁਸੀਂ ਬੱਚਿਆਂ ਨੂੰ ਐਸੀਆਂ ਪਰੀ-ਕਹਾਣੀਆਂ ਸੁਣਾਓ ਜਿਨ੍ਹਾਂ ਵਿਚ ਕੁੱਕੜ ਤੇ ਬਿੱਲੀ ਮਨੁਖੀ ਬੋਲੀ ਵਿਚ ਗੱਲਾਂਬਾਤਾਂ ਨਹੀਂ ਕਰਦੇ ਤਾਂ ਉਹ ਦਿਲਚਸਪੀ ਨਹੀਂ ਲੈਣਗੇ। ਇਸੇ ਤਰ੍ਹਾਂ ਹੀ, ਜੇ ਤੁਸੀਂ ਲੋਕਾਂ ਨੂੰ ਦੱਸੋ ਕਿ ਜਰਮਨੀ ਵਿਚ ਘਰੇਲੂ ਜੰਗ ਛਿੜ ਪਵੇਗੀ ਤੇ ਨਾਲ ਇਹ ਵੀ ਗਰੰਟੀ ਦਿਓ ਕਿ ਸਾਮਰਾਜ ਨਾਲ ਟੱਕਰ ਦੀ ਥਾਂ ਸੰਸਾਰ ਪੈਮਾਨੇ

ਤੇ ਰਣਭੂਮੀ ਦਾ ਇਨਕਲਾਬ[38] ਹੋਵੇਗਾ, ਤਾਂ ਲੋਕ ਕਹਿਣਗੇ ਕਿ ਤੁਸੀਂ ਉਹਨਾਂ ਨੂੰ ਧੋਖਾ ਦੇ ਰਹੇ ਹੋ। ਇਸ ਤਰ੍ਹਾਂ ਕਰਕੇ ਤੁਸੀਂ ਉਹਨਾਂ ਮੁਸ਼ਕਲਾਂ ਨੂੰ, ਜਿਹੜੀਆਂ ਇਤਿਹਾਸ ਨੇ ਸਾਡੇ ਸਾਮ੍ਹਣੇ ਲਿਆਂਦੀਆਂ ਹਨ, ਸਿਰਫ ਆਪਣੇ ਮਨਾਂ ਵਿਚ ਹੀ, ਸਿਰਫ ਆਪਣੀਆਂ ਇੱਛਾਵਾਂ ਨਾਲ ਹੀ ਸਰ ਕਰ ਰਹੇ ਹੋਵੋਗੇ। ਇਹ ਚੰਗੀ ਚੀਜ਼ ਹੋਵੇਗੀ ਜੇ ਜਰਮਨ ਪ੍ਰੋਲਤਾਰੀ ਕਾਰਵਾਈ ਕਰ ਸੱਕਣ। ਪਰ ਕੀ ਤੁਸੀਂ ਇਸਨੂੰ ਮਾਪਿਆ ਹੈ, ਤੁਹਾਨੂੰ ਕੋਈ ਐਸਾ ਯੰਤਰ ਲਭ ਪਿਆ ਹੈ, ਜਿਹੜਾ ਦੱਸੇਗਾ ਕਿ ਜਰਮਨ ਇਨਕਲਾਬ ਫਲਾਂ-ਫਲਾਂ ਦਿਨ ਸ਼ੁਰੂ ਹੋ ਜਾਵੇਗਾ? ਨਹੀਂ, ਤੁਹਾਨੂੰ ਇਹ ਨਹੀਂ ਪਤਾ, ਤੇ ਨਾ ਹੀ ਸਾਨੂੰ ਪਤਾ ਹੈ। ਤੁਸੀਂ ਸਾਰਾ ਕੁਝ ਇਸ ਪੱਤੇ ਉਪਰ ਦਾਅ ਤੇ ਲਾ ਰਹੇ ਹੋ। ਜੇ ਇਨਕਲਾਬ ਸ਼ੁਰੂ ਹੋ ਜਾਂਦਾ ਹੈ ਤਾਂ ਸਭ ਕੁਝ ਬਚ ਜਾਂਦਾ ਹੈ। ਬੇਸ਼ਕ! ਪਰ ਜੇ ਇਹ ਉਸ ਤਰ੍ਹਾਂ ਨਹੀਂ ਹੁੰਦਾ ਜਿਸ ਤਰ੍ਹਾਂ ਅਸੀਂ ਇੱਛਾ ਕਰਦੇ ਹਾਂ, ਜੇ ਇਹ ਕੱਲ ਨੂੰ ਜਿੱਤ ਪ੍ਰਾਪਤ ਨਹੀਂ ਕਰਦਾ —ਤਾਂ ਫਿਰ? ਤਾਂ ਫਿਰ ਜਨਤਾ ਤੁਹਾਨੂੰ ਕਹੇਗੀ ਕਿ ਤੁਸੀਂ ਜੂਏਬਾਜ਼ਾਂ ਵਾਂਗ ਚੱਲੇ— ਤੁਸੀਂ ਸਾਰਾ ਕੁਝ ਘਟਨਾਵਾਂ ਦੇ ਖੁਸ਼ਕਿਸਮਤ ਮੋੜ ਉਪਰ ਦਾਅ ਤੇ ਲਾ ਦਿਤਾ, ਜਿਹੜਾ ਨਾ ਵਾਪਰਿਆ, ਤੁਸੀਂ ਉਸ ਅਵਸਥਾ ਦੇ ਅਯੋਗ ਸਿਧ ਹੋਏ ਜਿਹੜੀ ਅਸਲ ਵਿਚ ਪੈਦਾ ਹੋ ਗਈ, ਉਸ ਸੰਸਾਰ ਇਨਕਲਾਬ ਦੀ ਥਾਂ, ਜਿਹੜਾ ਅਟੱਲ ਤੌਰ ਤੇ ਆਵੇਗਾ, ਪਰ ਜਿਹੜਾ ਅੱਜੇ ਪਕਿਆਈ ਤੇ ਨਹੀਂ ਪੁੱਜਾ।

ਸਖਤ ਹਾਰਾਂ ਦਾ ਦੌਰ ਸ਼ੁਰੂ ਹੋ ਗਿਆ ਹੈ, ਸਾਮਰਾਜ ਵਲੋਂ, ਜਿਹੜਾ ਪੂਰੀ ਤਰ੍ਹਾਂ ਹਥਿਆਰਬੰਦ ਹੈ, ਐਸੇ ਦੇਸ ਨੂੰ ਦਿੱਤੀਆਂ ਹਾਰਾਂ ਦਾ ਜਿਹੜਾ ਆਪਣੀ ਫੌਜ ਤੋੜ ਚੁੱਕਾ ਹੈ, ਜਿਸਨੂੰ ਫੌਜ ਤੋੜਣੀ ਪਈ। ਜਿਸਦੀ ਮੈਂ ਭਵਿਖਬਾਣੀ ਕੀਤੀ ਸੀ, ਉਹ ਵਾਪਰ ਗਿਆ ਹੈ; ਬਰੇਸਤ ਅਮਨ ਦੀ ਥਾਂ ਸਾਨੂੰ ਕਿਤੇ ਜ਼ਿਆਦਾ ਅਪਮਾਣਜਨਕ ਅਮਨ ਮਿਲਿਆ ਹੈ, ਤੇ ਇਸ ਵਾਸਤੇ ਦੋਸ਼ ਉਹਨਾਂ ਸਿਰ ਆਉਂਦਾ ਹੈ ਜਿਨ੍ਹਾਂ ਨੇ ਪਹਿਲਾ ਅਮਨ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿਤਾ ਸੀ। ਸਾਨੂੰ ਪਤਾ ਸੀ ਕਿ ਫੌਜ ਦੇ ਕਸੂਰ ਕਰਕੇ ਅਸੀਂ ਸਾਮਰਾਜ ਨਾਲ ਅਮਨ ਕਰ ਰਹੇ ਹਾਂ। ਅਸੀਂ ਹਾਫਮੈਨ[39] ਨਾਲ ਮੇਜ਼ ਤੇ ਬੈਠੇ, ਨਾ ਕਿ ਲੀਬਕਨੇਖਤ ਨਾਲ—ਤੇ ਇੰਝ ਕਰਕੇ ਅਸੀਂ ਜਰਮਨ ਇਨਕਲਾਬ ਦੀ ਸਹਾਇਤਾ ਕੀਤੀ। ਪਰ ਹੁਣ ਤੁਸੀਂ ਜਰਮਨ ਸਾਮਰਾਜ ਦੀ ਸਹਾਇਤਾ ਕਰ ਰਹੇ ਹੋ ਕਿਉਂਕਿ ਤੁਸੀਂ ਤੋਪਾਂ ਤੇ ਗੋਲਿਆਂ ਦੇ ਰੂਪ ਵਿਚ ਲੱਖਾਂ ਦੀ ਕੀਮਤ ਦਾ ਧਨ ਹਵਾਲੇ ਕਰ ਦਿੱਤਾ ਹੈ; ਤੇ ਜਿਸ ਕਿਸੇ ਨੇ ਵੀ ਫੌਜ ਦੀ ਇਹ ਅਵਸਥਾ—ਇਹ ਯਕੀਨੋਂ-ਬਾਹਰੀ ਅਵਸਥਾ—ਦੇਖੀ ਹੁੰਦੀ, ਉਹ ਇਸਦੀ ਪੇਸ਼ਗੋਈ ਕਰ ਸਕਦਾ ਸੀ। ਮਹਾਜ਼ ਤੋਂ ਆਉਣ ਵਾਲਾ ਹਰ ਈਮਾਨਦਾਰ ਆਦਮੀ ਕਹਿੰਦਾ ਸੀ ਕਿ ਜੇ ਜਰਮਨਾਂ ਨੇ ਮਾੜਾ ਜਿਹਾ ਹਮਲਾ ਵੀ ਕੀਤਾ ਹੁੰਦਾ ਤਾਂ ਅਸੀਂ ਅਟੱਲ ਤੌਰ ਉਤੇ, ਤੇ ਪੂਰੀ ਤਰ੍ਹਾਂ ਤਬਾਹ ਹੋ ਜਾਂਦੇ। ਅਸੀਂ ਕੁਝ ਹੀ ਦਿਨਾਂ ਵਿਚ ਦੁਸ਼ਮਨ ਦਾ ਸ਼ਿਕਾਰ ਬਣ ਜਾਂਦੇ।

ਇਹ ਸਬਕ ਸਿਖਾਏ ਜਾਣ ਤੋਂ ਪਿਛੋਂ, ਅਸੀਂ ਆਪਣੀ ਦੁਫੇੜ, ਆਪਣਾ ਸੰਕਟ, ਸਰ ਕਰ ਲਵਾਂਗੇ, ਬੀਮਾਰੀ ਭਾਵੇਂ ਕਿੰਨੀਂ ਵੀ ਸਖਤ ਕਿਉਂ ਨਾ ਹੋਵੇ, ਕਿਉਂਕਿ ਬੇਹੱਦ ਵਧੇਰੇ ਭਰੋਸੇਯੋਗ ਇਤਿਹਾਦੀ ਸਾਡੀ ਸਹਾਇਤਾ ਤੇ ਆਵੇਗਾ — ਸੰਸਾਰ ਇਨਕਲਾਬ। ਜਦੋਂ ਇਸ ਤਿਲਸਿਤ ਦੇ ਅਮਨ[40] ਦੀ, ਇਸ ਵਿਸ਼ਵਾਸ ਨਾ ਆਉਣ ਵਾਲੇ ਅਮਨ ਦੀ, ਬਰੇਸਤ ਅਮਨ ਨਾਲੋਂ ਵਧੇਰੇ ਅਪਮਾਣਜਨਕ ਤੇ ਧਾੜਵੀ ਅਮਨ ਦੀ ਪੁਸ਼ਟੀ ਕਰਨ ਦੀ ਗੱਲ ਕੀਤੀ ਜਾਂਦੀ ਹੈ, ਤਾਂ ਮੈਂ ਕਹਿੰਦਾ ਹਾਂ: ਯਕੀਨਨ, ਹਾਂ। ਸਾਨੂੰ ਇਹ ਕਰਨਾ ਚਾਹੀਦਾ ਹੈ ਕਿਉਂਕਿ ਅਸੀਂ ਚੀਜ਼ਾਂ ਨੂੰ ਜਨਤਾ ਦੇ ਦ੍ਰਿਸ਼ਟੀਕੋਨ ਤੋਂ ਦੇਖਦੇ ਹਾਂ। ਇਕ ਦੇਸ ਵਿਚ ਅਕਤੂਬਰ ਤੇ ਨਵੰਬਰ ਵਿਚਕਾਰ — ਇਨਕਲਾਬ ਦੇ ਜੇਤੂ ਦੌਰ ਵਿਚ — ਘਰੇਲੂ ਤੌਰ ਤੇ ਲਾਗੂ ਕੀਤੇ ਗਏ ਦਾਅ-ਪੇਚਾਂ ਨੂੰ ਆਪਣੀ ਕਲਪਣਾ ਦੀ ਸਹਾਇਤਾ ਨਾਲ ਸੰਸਾਰ ਇਨਕਲਾਬ ਵਿਚਲੀਆਂ ਘਟਣਾਵਾਂ ਦੇ ਵਿਕਾਸ ਉਪਰ ਲਾਗੂ ਕਰਨ ਦੀ ਕੋਈ ਵੀ ਕੋਸ਼ਿਸ਼ ਅਸਫਲਤਾ ਦੀ ਭਾਗੀ ਹੋਵੇਗੀ। ਜਦੋਂ ਇਹ ਕਿਹਾ ਜਾਂਦਾ ਹੈ ਕਿ ਮੁਹਲਤ ਇਕ ਕਲਪਣਾ ਹੈ, ਜਦੋਂ "ਕੋਮੂਨਿਸਤ" ਨਾਂ ਦਾ ਅਖਬਾਰ — ਲਫਜ਼ "ਕਮਿਊਨ" ਤੋਂ, ਸ਼ਾਇਦ — ਜਦੋਂ ਇਹ ਅਖਬਾਰ ਮੁਹਲਤ ਦੇ ਸਿਧਾਂਤ ਨੂੰ ਗ਼ਲਤ ਸਿਧ ਕਰਨ ਦੀ ਕੋਸ਼ਿਸ਼ ਵਿਚ ਸਫਿਆਂ ਦੇ ਸਫੇ ਭਰ ਛੱਡਦਾ ਹੈ, ਤਾਂ ਮੈਂ ਕਹਿੰਦਾ ਹਾਂ ਕਿ ਮੈਂ ਕਾਫੀ ਸਾਰੇ ਗੁੱਟਬੰਦਕ ਝਗੜਿਆਂ ਤੇ ਦੁਫੇੜਾਂ ਵਿਚੋਂ ਲੰਘ ਚੁੱਕਿਆ ਹਾਂ ਤੇ ਇਸ ਲਈ ਮੈਨੂੰ ਬਥੇਰਾ ਤਜਰਬਾ ਹੈ; ਤੇ ਮੈਂ ਇਹ ਜ਼ਰੂਰ ਕਹਾਂਗਾ ਕਿ ਮੈਨੂੰ ਇਹ ਸਪਸ਼ਟ ਹੈ ਕਿ ਇਹ ਬੀਮਾਰੀ ਗੁੱਟਬੰਦਕ ਪਾਰਟੀ ਦੁਫੇੜਾਂ ਦੇ ਪੁਰਾਣੇ ਢੰਗ ਨਾਲ ਠੀਕ ਨਹੀਂ ਹੋਵੇਗੀ ਕਿਉਂਕਿ ਘਟਣਾਵਾਂ ਇਸਨੂੰ ਵਧੇਰੇ ਤੇਜ਼ੀ ਨਾਲ ਦੂਰ ਕਰ ਦੇਣਗੀਆਂ। ਜ਼ਿੰਦਗੀ ਬੜੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਇਸ ਪਖੋਂ ਇਹ ਸ਼ਾਨਦਾਰ ਹੈ। ਇਤਿਹਾਸ ਆਪਣੇ ਇੰਜਨ ਨੂੰ ਏਨੀਂ ਤੇਜ਼ੀ ਨਾਲ ਚਲਾ ਰਿਹਾ ਹੈ ਕਿ "ਕੋਮੂਨਿਸਤ" ਦੇ ਸੰਪਾਦਕ ਜਿੰਨੇਂ ਚਿਰ ਨੂੰ ਅਗਲਾ ਅੰਕ ਕਢਦੇ ਹਨ, ਪੀਤਰੋਗਰਾਦ ਦੇ ਮਜ਼ਦੂਰਾਂ ਦੀ ਬਹੁ-ਗਿਣਤੀ ਇਸ ਦੇ ਵਿਚਾਰਾਂ ਤੋਂ ਨਿਰਾਸ਼ ਹੋਣਾ ਸ਼ੁਰੂ ਹੋ ਚੁੱਕੀ ਹੋਵੇਗੀ ਕਿਉਂਕਿ ਘਟਣਾਵਾਂ ਸਿਧ ਕਰ ਰਹੀਆਂ ਹਨ ਕਿ ਮੁਹਲਤ ਇਕ ਹਕੀਕਤ ਹੈ। ਅਸੀਂ ਹੁਣ ਅਮਨ ਸੰਧੀ ਉਤੇ ਦਸਖਤ ਕਰ ਰਹੇ ਹਾਂ, ਸਾਨੂੰ ਮੁਹਲਤ ਮਿਲ ਗਈ ਹੈ, ਅਸੀਂ ਆਪਣੀ ਪਿਤਾਭੂਮੀ ਦੀ ਰਾਖੀ ਕਰਨ ਲਈ ਇਸਦਾ ਵਧੇਰੇ ਚੰਗੀ ਤਰ੍ਹਾਂ ਲਾਭ ਉਠਾਵਾਂਗੇ — ਕਿਉਂਕਿ ਜੇ ਅਸੀਂ ਜੰਗ ਲੜ ਰਹੇ ਹੁੰਦੇ ਤਾਂ ਸਾਡੇ ਸਾਮ੍ਹਣੇ ਹਫੜਾ-ਦਫੜੀ ਵਿਚ ਨੱਠ ਰਹੀ ਫੌਜ ਹੁੰਦੀ, ਜਿਸਨੂੰ ਰੋਕਣਾ ਲਾਜ਼ਮੀ ਹੁੰਦਾ ਤੇ ਜਿਸਨੂੰ ਸਾਡੇ ਸਾਥੀ ਨਹੀਂ ਸਨ ਰੋਕ ਸਕੇ ਤੇ ਨਹੀਂ ਰੋਕ ਸਕਦੇ, ਕਿਉਂਕਿ ਜੰਗ ਉਪਦੇਸ਼ਾਂ ਨਾਲੋਂ ਵਧੇਰੇ ਜ਼ੋਰਦਾਰ ਹੈ, ਦੱਸ ਹਜ਼ਾਰ ਦਲੀਲਾਂ ਨਾਲੋਂ ਵਧੇਰੇ ਜ਼ੋਰਦਾਰ ਹੈ। ਕਿਉਂਕਿ ਉਹਨਾਂ ਨੇ ਬਾਹਰਮੁਖੀ ਅਵਸਥਾ ਨੂੰ ਨਾ ਸਮਝਿਆ, ਇਸ ਲਈ ਉਹ ਫੌਜ ਨੂੰ ਨਹੀਂ ਸਨ ਰੋਕ ਕੇ ਰਖ ਸਕਦੇ, ਤੇ ਨਾ ਹੀ ਰਖ ਸਕਦੇ ਹਨ। ਇਸ ਬੀਮਾਰ

ਫੌਜ ਨੇ ਸਾਰੇ ਸ਼ਰੀਰ ਨੂੰ ਲਾਗ ਲਾ ਦਿਤੀ, ਤੇ ਇਕ ਹੋਰ ਬੇਮਿਸਾਲ ਹਾਰ ਸਾਨੂੰ ਦਿੱਤੀ ਗਈ। ਜਰਮਨ ਸਾਮਰਾਜ ਨੇ ਇਨਕਲਾਬ ਉਪਰ ਇਕ ਹੋਰ ਸੱਟ ਮਾਰੀ, ਇਕ ਸਖਤ ਸੱਟ, ਕਿਉਂਕਿ ਅਸੀਂ ਮਸ਼ੀਨਗੱਨਾਂ ਤੋਂ ਬਿਨਾਂ ਸਾਮਰਾਜ ਦੀਆਂ ਸੱਟਾਂ ਸਹਿਣ ਦੀ ਆਪਣੇ ਆਪ ਨੂੰ ਆਗਿਆ ਦਿਤੀ। ਇਧਰ, ਅਸੀਂ ਇਸ ਸਾਹ ਲੈਣ ਦੇ ਸਮੇਂ ਦਾ ਲਾਭ ਉਠਾਵਾਂਗੇ ਤੇ ਲੋਕਾਂ ਨੂੰ ਇਕਮੁਠ ਹੋਣ ਲਈ ਤੇ ਲੜਣ ਲਈ ਪਰੇਰਾਂਗੇ, ਰੂਸੀ ਮਜ਼ਦੂਰਾਂ ਤੇ ਕਿਸਾਨਾਂ ਨੂੰ ਕਹਾਂਗੇ: "ਸਵੈ-ਡਿਸਿਪਲਿਨ ਨੂੰ ਜਥੇਬੰਦ ਕਰੋ, ਕਰੜੇ ਡਿਸਿਪਲਿਨ ਨੂੰ, ਨਹੀਂ ਤਾਂ ਤੁਹਾਨੂੰ ਜਰਮਨ ਫੌਜੀ ਬੂਟਾਂ ਦੇ ਹੇਠਾਂ ਪਿਆ ਰਹਿਣਾ ਪਵੇਗਾ ਜਿਵੇਂ ਤੁਸੀਂ ਹੁਣ ਪਏ ਹੋ, ਜਿਵੇਂ ਕਿ ਤੁਹਾਨੂੰ ਅਟੱਲ ਤੌਰ ਤੇ ਪਿਆ ਰਹਿਣਾ ਪਵੇਗਾ ਜਦੋਂ ਤੱਕ ਲੋਕ ਲੜਨਾ ਨਹੀਂ ਸਿੱਖ ਲੈਂਦੇ ਤੇ ਐਸੀ ਫੌਜ ਨਹੀਂ ਸਿਰਜ ਲੈਂਦੇ ਜਿਹੜੀ ਨੱਠਣ ਦੇ ਨਹੀਂ ਸਗੋਂ ਅਕਹਿ ਕਸ਼ਟ ਸਹਿਣ ਦੇ ਸਮਰੱਥ ਹੋਵੇ।" ਇਹ ਅਟੱਲ ਹੈ, ਕਿਉਂਕਿ ਜਰਮਨ ਇਨਕਲਾਬ ਅਜੇ ਸ਼ੁਰੂ ਨਹੀਂ ਹੋਇਆ, ਤੇ ਅਸੀਂ ਜ਼ਮਾਨਤ ਨਹੀਂ ਦੇ ਸਕਦੇ ਕਿ ਇਹ ਕੱਲ ਸ਼ੁਰੂ ਹੋ ਜਾਇਗਾ।

ਇਹੀ ਕਾਰਨ ਹੈ ਕਿ ਮੁਹਲਤ ਦਾ ਸਿਧਾਂਤ, ਜਿਸਨੂੰ "ਕੋਮੂਨਿਸਟ" ਵਿਚਲੇ ਲੇਖਾਂ ਦੇ ਹੜ੍ਹ ਵਿਚ ਪੂਰੀ ਤਰ੍ਹਾਂ ਰੱਦ ਕੀਤਾ ਗਿਆ ਹੈ, ਹਕੀਕਤ ਨੇ ਪੇਸ਼ ਕੀਤਾ ਹੈ। ਹਰ ਕੋਈ ਦੇਖ ਸਕਦਾ ਹੈ ਕਿ ਮੁਹਲਤ ਇਕ ਹਕੀਕਤ ਹੈ, ਕਿ ਹਰ ਕੋਈ ਇਸਦਾ ਲਾਭ ਉਠਾ ਰਿਹਾ ਹੈ। ਸਾਨੂੰ ਯਕੀਨ ਸੀ ਕਿ ਅਸੀਂ ਕੁਝ ਹੀ ਦਿਨਾਂ ਵਿਚ ਪੀਤਰੋਗਰਾਦ ਗੁਆ ਬੈਠਾਂਗੇ ਜਦੋਂ ਵਧ ਰਹੀਆਂ ਜਰਮਨ ਫੌਜਾਂ ਏਨੀਆਂ ਕੁ ਦੂਰ ਸਨ ਕਿ ਕੁਝ ਦਿਨਾਂ ਵਿਚ ਹੀ ਮਾਰਚ ਕਰਕੇ ਪੁੱਜ ਸਕਦੀਆਂ ਸਨ, ਤੇ ਜਦੋਂ ਸਾਡੇ ਅਤਿ ਚੰਗੇ ਜਹਾਜ਼ੀ ਤੇ ਪੂਤੀਲੋਵ[41] ਮਜ਼ਦੂਰ, ਆਪਣੇ ਸਾਰੇ ਜੋਸ਼ ਦੇ ਬਾਵਜੂਦ, ਇਕੱਲੇ ਰਹੇ, ਜਦੋਂ ਯਕੀਨੋਂ-ਬਾਹਰੀ ਹਫੜਾ-ਦਫੜੀ ਤੇ ਭੱਜ-ਦੌੜ ਫੈਲ ਗਈ, ਜਿਸਨੇ ਸਾਡੀਆਂ ਫੌਜਾਂ ਨੂੰ ਮਜਬੂਰ ਕੀਤਾ ਕਿ ਉਹ ਨਠਦੀਆਂ ਨਠਦੀਆਂ ਗਾਤਚੀਨਾ ਤੱਕ ਆ ਜਾਣ, ਤੇ ਜਦੋਂ ਸਾਡੇ ਸਾਮ੍ਹਣੇ ਉਹਨਾਂ ਟਿਕਾਣਿਆਂ ਉਪਰ ਮੁੜ ਕਬਜ਼ਾ ਕਰਨ ਦੇ ਕੇਸ ਆਏ ਜਿਨ੍ਹਾਂ ਨੂੰ ਕਦੀ ਨਹੀਂ ਸੀ ਹਾਰਿਆ ਗਿਆ—ਇਕ ਟੈਲੀਗਰਾਫ ਓਪਰੇਟਰ ਸਟੇਸ਼ਨ ਉਤੇ ਪੁਜਦਾ ਹੈ, ਕੀ-ਬੋਰਡ ਉਤੇ ਆਪਣੀ ਥਾਂ ਲੈਂਦਾ ਹੈ ਤੇ ਤਾਰ ਦੇਂਦਾ ਹੈ—"ਕੋਈ ਜਰਮਨ ਨਹੀਂ ਦਿੱਸ ਰਹੇ। ਅਸੀਂ ਸਟੇਸ਼ਨ ਮੱਲ ਲਿਆ ਹੈ।" ਕੁਝ ਘੰਟੇ ਮਗਰੋਂ ਰੇਲਵੇ ਦੇ ਕਮਿਸਰੇਤ ਵਲੋਂ ਟੈਲੀਫੂਨ ਆਉਂਦਾ ਹੈ ਤੇ ਦਸਿਆ ਜਾਂਦਾ ਹੈ "ਅਸੀਂ ਅਗਲਾ ਸਟੇਸ਼ਨ ਮੱਲ ਲਿਆ ਹੈ। ਅਸੀਂ ਯਾਮਬੁਰਗ ਪੁਜ ਰਹੇ ਹਾਂ। ਕੋਈ ਜਰਮਨ ਦਿਖਾਈ ਨਹੀਂ ਦੇ ਰਿਹਾ। ਟੈਲੀਗਰਾਫ ਓਪਰੇਟਰ ਆਪਣੀ ਥਾਂ ਉਤੇ ਹੈ।" ਇਸ ਤਰ੍ਹਾਂ ਦੀਆਂ ਚੀਜ਼ਾਂ ਸਾਡੇ ਸਾਮ੍ਹਣੇ ਆਈਆਂ। ਯਾਰ੍ਹਾਂ ਦਿਨਾਂ ਦੀ ਜੰਗ[42] ਦਾ ਇਹ ਅਸਲੀ ਇਤਿਹਾਸ ਹੈ। ਇਹ ਸਾਨੂੰ ਜਹਾਜ਼ੀਆਂ ਤੇ ਪੂਤੀਲੋਵ ਕਾਮਿਆਂ ਨੇ ਦਸਿਆ ਜਿਨ੍ਹਾਂ ਨੂੰ ਸੋਵੀਅਤਾਂ ਦੀ ਕਾਂਗਰਸ ਵਿਚ

ਲਿਆਂਦਾ ਜਾਣਾ ਚਾਹੀਦਾ ਹੈ। ਉਹਨਾਂ ਨੂੰ ਸਚਾਈ ਦੱਸਣ ਦਿਓ। ਇਹ ਭਿਆਣਕ ਤੌਰ ਤੇ ਕੌੜੀ, ਨਿਰਾਸ਼ਾਜਨਕ, ਦੁਖਦਾਈ ਤੇ ਅਪਮਾਣਜਨਕ ਸਚਾਈ ਹੈ, ਪਰ ਇਹ ਸੌ ਗੁਣਾ ਵਧੇਰੇ ਲਾਭਕਾਰੀ ਹੈ, ਇਹ ਰੂਸੀ ਲੋਕਾਂ ਵਲੋਂ ਸਮਝੀ ਜਾ ਸਕਦੀ ਹੈ।

ਸੰਸਾਰ ਪੈਮਾਨੇ ਉਤੇ ਰਣਭੂਮੀ ਵਿਚਲੇ ਇਨਕਲਾਬ ਬਾਰੇ ਕੋਈ ਸੁਪਣੇ ਲੈ ਸਕਦਾ ਹੈ ਕਿਉਂਕਿ ਇਹ ਆਵੇਗਾ। ਸਭ ਕੁਝ ਸਮਾਂ ਪਾ ਕੇ ਆਵੇਗਾ; ਪਰ ਹਾਲ ਦੀ ਘੜੀ ਸਵੈ-ਡਿਸਿਪਲਿਨ ਕਾਇਮ ਕਰਨ ਲਈ, ਸਭ ਤੋਂ ਪਹਿਲਾਂ ਹੁਕਮ ਮੰਨਣਾ ਸਥਾਪਤ ਕਰਨ ਲਈ ਕੰਮ ਕਰਨ ਵਿਚ ਜੁੱਟ ਜਾਵੋ, ਤਾ ਕਿ ਚਵੀ ਘੰਟਿਆਂ ਵਿਚੋਂ ਘਟੋ ਘਟ ਇਕ ਘੰਟਾ ਲੜਣ ਦੀ ਸਿਖਲਾਈ ਲੈ ਸੱਕੋ। ਇਹ ਸੁੰਦਰ ਪਰੀ-ਕਹਾਣੀਆਂ ਸੁਨਾਉਣ ਨਾਲੋਂ ਜ਼ਰਾ ਜ਼ਿਆਦਾ ਮੁਸ਼ਕਲ ਹੈ। ਇਹ ਹੈ ਜੋ ਅਸੀਂ ਅੱਜ ਕਰ ਸਕਦੇ ਹਾਂ; ਇਸ ਤਰ੍ਹਾਂ ਨਾਲ ਤੁਸੀਂ ਜਰਮਨ ਇਨਕਲਾਬ ਦੀ, ਸੰਸਾਰ ਇਨਕਲਾਬ ਦੀ ਮਦਦ ਕਰੋਗੇ। ਸਾਨੂੰ ਨਹੀਂ ਪਤਾ ਇਹ ਮੁਹਲਤ ਕਿੰਨੇ ਦਿਨ ਮਿਲੇਗੀ, ਪਰ ਸਾਨੂੰ ਮਿਲੀ ਹੈ। ਸਾਨੂੰ ਜਿੰਨੀ ਛੇਤੀ ਹੋ ਸੱਕੇ ਫੌਜ ਨੂੰ ਤੋੜਣਾ ਚਾਹੀਦਾ ਹੈ ਕਿਉਂਕਿ ਇਹ ਬੀਮਾਰ ਅੰਗ ਹੈ; ਏਨੇ ਚਿਰ ਵਿਚ ਅਸੀਂ ਫਿਨਲੈਂਡ ਦੇ ਇਨਕਲਾਬ ਦੀ ਸਹਾਇਤਾ ਕਰਾਂਗੇ।

ਹਾਂ, ਬੇਸ਼ਕ, ਅਸੀਂ ਸੰਧੀ ਦੀ ਉਲੰਘਣਾ ਕਰ ਰਹੇ ਹਾਂ, ਅਸੀਂ ਇਸਦੀ ਤੀਹ ਜਾਂ ਚਾਲ੍ਹੀ ਵਾਰੀ ਉਲੰਘਣਾ ਕੀਤੀ ਹੈ। ਸਿਰਫ ਬੱਚੇ ਹੀ ਇਹ ਸਮਝਣ ਤੋਂ ਅਸਮਰਥ ਰਹਿ ਸਕਦੇ ਹਨ ਕਿ ਮੌਜੂਦਾ ਦੌਰ ਵਰਗੇ ਸਮੇਂ ਵਿਚ, ਜਦੋਂ ਮੁਕਤੀ ਦਾ ਲੰਮਾਂ ਦੁਖਦਾਈ ਸਮਾਂ ਸ਼ੁਰੂ ਹੋ ਰਿਹਾ ਹੈ, ਜਿਸਨੇ ਅਜੇ ਹੁਣੇ ਹੁਣੇ ਹੀ ਸੋਵੀਅਤ ਸੱਤਾ ਨੂੰ ਸਿਰਜਿਆ ਤੇ ਵਿਕਾਸ ਦੀਆਂ ਤਿੰਨ ਪੌੜੀਆਂ ਚੜ੍ਹਾ ਦਿਤਾ ਹੈ—ਸਿਰਫ ਬੱਚੇ ਹੀ ਇਹ ਸਮਝਣ ਤੋਂ ਅਸਮਰਥ ਰਹਿ ਸੱਕਦੇ ਹਨ ਕਿ ਇਸ ਸੂਰਤ ਵਿਚ ਜ਼ਰੂਰ ਲੰਮਾਂ, ਹੁਸ਼ਿਆਰ ਘੋਲ ਹੋਵੇਗਾ। ਸ਼ਰਮਨਾਕ ਅਮਨ ਸੰਧੀ ਰੋਸ ਪੈਦਾ ਕਰ ਰਹੀ ਹੈ, ਪਰ ਜਦੋਂ "ਕੋਮੂਨਿਸਟ" ਦੇ ਸਾਥੀ ਜੰਗ ਬਾਰੇ ਗੱਲਾਂ ਕਰਦੇ ਹਨ ਤਾਂ ਉਹ ਜਜ਼ਬਿਆਂ ਨੂੰ ਅਪੀਲ ਕਰਦੇ ਹਨ ਤੇ ਭੁੱਲ ਜਾਂਦੇ ਹਨ ਕਿ ਲੋਕ ਰੋਹ ਵਿਚ ਆਪਣੀਆਂ ਮੁੱਠੀਆਂ ਵੀਟ ਰਹੇ ਹਨ, "ਲਾਲ ਪੀਲੇ" ਹੋ ਰਹੇ ਹਨ। ਉਹ ਕੀ ਕਹਿੰਦੇ ਹਨ? "ਇਕ ਜਮਾਤੀ ਚੇਤੰਨਤਾ ਵਾਲਾ ਇਨਕਲਾਬੀ ਇਸ ਵਿਚੋਂ ਕਦੀ ਨਹੀਂ ਲੰਘੇਗਾ, ਇਹੋ ਜਿਹੇ ਅਪਮਾਣ ਨੂੰ ਕਦੀ ਨਹੀਂ ਕਬੂਲੇਗਾ।" ਉਹਨਾਂ ਦੇ ਅਖਬਾਰ ਨੂੰ "ਕੋਮੂਨਿਸਟ" ਦਾ ਨਾਂ ਦਿਤਾ ਗਿਆ ਹੈ ਜਦ ਕਿ ਇਸਦਾ ਨਾਂ ਸ਼ਲਾਖਤਿਚ * ਹੋਣਾ ਚਾਹੀਦਾ ਹੈ ਕਿਉਂਕਿ ਇਹ ਚੀਜ਼ਾਂ ਨੂੰ ਸ਼ਲਾਖਤਿਚ ਦੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ ਜਿਸਨੇ ਬੜੇ ਸੁਹਣੇ ਆਸਨ ਵਿਚ ਮਰਨ ਲੱਗਿਆਂ, ਹੱਥ ਵਿਚ ਤਲਵਾਰ ਫੜੀ, ਕਿਹਾ ਸੀ: "ਅਮਨ ਅਪਮਾਣਜਨਕ ਹੈ, ਜੰਗ

---

* ਸ਼ਲਾਖਤਿਚ — ਇਕ ਪੋਲਿਸ਼ ਰਈਸ। —**ਸੰਪਾ:**

ਮਾਣਯੋਗ ਹੈ," ਉਹ ਸ਼ਲਾਖਤਿਚ ਦੇ ਦ੍ਰਿਸ਼ਟੀਕੋਨ ਤੋਂ ਦਲੀਲਾਂ ਦੇਂਦੇ ਹਨ; ਤੇ ਮੈਂ ਕਿਸਾਨ ਦਾ ਦ੍ਰਿਸ਼ਟੀਕੋਨ ਤੋਂ ਦਲੀਲ ਦੇਂਦਾ ਹਾਂ।

ਜੇ ਮੈਂ ਅਮਨ ਕਬੂਲਦਾ ਹਾਂ ਜਦੋਂ ਫੌਜ ਨੱਠ ਰਹੀ ਹੈ, ਤੇ ਇਹ ਨੱਠਣ ਤੋਂ ਨਹੀਂ ਰਹਿ ਸਕਦੀ ਜੇ ਇਸਨੇ ਹਜ਼ਾਰਾਂ ਹੀ ਸਿਪਾਹੀ ਮਰਵਾ ਨਹੀਂ ਲੈਣੇ, ਤਾਂ ਮੈਂ ਚੀਜ਼ਾਂ ਨੂੰ ਹੋਰ ਬਦਤਰ ਹੋਣ ਤੋਂ ਰੋਕਣ ਲਈ ਇਸਨੂੰ ਪ੍ਰਵਾਨ ਕਰਦਾ ਹਾਂ। ਕੀ ਸੰਧੀ ਸਚਮੁਚ ਸ਼ਰਮਨਾਕ ਹੈ? ਕਿਉਂ, ਹਰ ਹੋਸ਼ਮੰਦ ਕਿਸਾਨ ਤੇ ਮਜ਼ਦੂਰ ਕਹੇਗਾ ਕਿ ਮੈਂ ਠੀਕ ਹਾਂ, ਕਿਉਂਕਿ ਉਹ ਜਾਣਦੇ ਹਨ ਕਿ ਅਮਨ ਸ਼ਕਤੀਆਂ ਇਕੱਠੀਆਂ ਕਰਨ ਦਾ ਸਮਾਂ ਹੈ। ਇਤਿਹਾਸ ਨੂੰ ਤਿਲਸਿਤ ਦੇ ਅਮਨ ਤੋਂ ਪਿਛੋਂ ਨੈਪੋਲੀਅਨ ਤੋਂ ਜਰਮਨਾਂ ਦੀ ਆਜ਼ਾਦੀ ਦੀ ਉਦਾਹਰਣ ਦਾ ਪਤਾ ਹੈ—ਮੈਂ ਪਹਿਲਾਂ ਵੀ ਇਸਦਾ ਇਕ ਤੋਂ ਬਹੁਤੀ ਵਾਰੀ ਹਵਾਲਾ ਦੇ ਚੁੱਕਾ ਹਾਂ। ਮੈਂ ਇਸ ਅਮਨ ਨੂੰ ਜਾਣ-ਬੁੱਝ ਕੇ ਤਿਲਸਿਤ ਦਾ ਅਮਨ ਕਿਹਾ ਸੀ ਭਾਵੇਂ ਅਸੀਂ ਉਹ ਕੁਝ ਕਰਨਾ ਆਪਣੇ ਸਿਰ ਨਹੀਂ ਲਿਆ ਜੋ ਕੁਝ ਉਸ ਸੰਧੀ ਵਿਚ ਮਿਥਿਆ ਗਿਆ ਸੀ, ਅਸੀਂ ਦੂਜੀਆਂ ਕੌਮਾਂ ਜਿੱਤਣ ਲਈ ਜੇਤੂ ਨੂੰ ਫੌਜਾਂ ਮੁਹਈਆਂ ਕਰਨ ਦਾ ਜ਼ਿਮਾ ਨਹੀਂ ਲਿਆ—ਇਹੋ ਜਿਹੀਆਂ ਚੀਜ਼ਾਂ ਇਤਿਹਾਸ ਵਿਚ ਵਾਪਰੀਆਂ ਹਨ, ਤੇ ਸਾਡੇ ਨਾਲ ਵਾਪਰਣਗੀਆਂ ਜੇ ਅਸੀਂ ਸੰਸਾਰ ਪੈਮਾਨੇ ਉਪਰ ਰਣਭੂਮੀ ਦੇ ਇਨਕਲਾਬ ਵਿਚ ਆਪਣੀਆਂ ਆਸਾਂ ਰੱਖਣੀਆਂ ਜਾਰੀ ਰਖਦੇ ਹਾਂ ਤਾਂ। ਸੰਭਲੋ ਕਿ ਇਤਿਹਾਸ ਤੁਹਾਡੇ ਉਪਰ ਫੌਜੀ ਗ਼ੁਲਾਮੀ ਦਾ ਇਹ ਰੂਪ ਵੀ ਨਾ ਠੋਸ ਦੇਵੇ। ਤੇ ਇਸ ਤੋਂ ਪਹਿਲਾਂ ਕਿ ਸੋਸ਼ਲਿਸਟ ਇਨਕਲਾਬ ਸਾਰੇ ਦੇਸਾਂ ਵਿਚ ਜੇਤੂ ਹੁੰਦਾ ਹੈ, ਸੋਵੀਅਤ ਰੀਪਬਲਿਕ ਕਿਤੇ ਗੁਲਾਮੀ ਵਿਚ ਨਾ ਜਾ ਡਿੱਗੇ। ਤਿਲਸਿਤ ਵਿਚ, ਨੈਪੋਲੀਅਨ ਨੇ ਜਰਮਨਾਂ ਨੂੰ ਯਕੀਨੋਂ-ਬਾਹਰੀਆਂ ਅਪਮਾਣਭਰੀਆਂ ਅਮਨ ਸ਼ਰਤਾਂ ਮੰਨਣ ਲਈ ਮਜਬੂਰ ਕੀਤਾ ਸੀ। ਉਸ ਅਮਨ ਉਪਰ ਕਈ ਵਾਰੀ ਦਸਖਤ ਕਰਨੇ ਪਏ। ਉਹਨਾਂ ਦਿਨਾਂ ਦੇ ਹਾਫਮੈਨ—ਨੈਪੋਲੀਅਨ—ਨੇ ਜਰਮਨਾਂ ਨੂੰ ਮੁੜ ਮੁੜ ਕੇ ਅਮਨ ਸੰਧੀ ਦੀ ਉਲੰਘਣਾ ਕਰਦਿਆਂ ਫੜਿਆ, ਤੇ ਮੌਜੂਦਾ ਹਾਫਮੈਨ ਸਾਨੂੰ ਇੰਝ ਕਰਦਿਆਂ ਫੜੇਗਾ। ਸਿਰਫ ਅਸੀਂ ਖਿਆਲ ਰਖਾਂਗੇ ਕਿ ਉਹ ਸਾਨੂੰ ਛੇਤੀ ਨਾ ਫੜ ਲਵੇ।

ਪਿਛਲੀ ਜੰਗ ਰੂਸੀ ਲੋਕਾਂ ਲਈ ਕੌੜਾ, ਦੁਖਦਾਈ ਪਰ ਗੰਭੀਰ ਸਬਕ ਰਹੀ ਹੈ। ਇਸਨੇ ਉਹਨਾਂ ਨੂੰ ਜਥੇਬੰਦ ਹੋਣਾ, ਡਿਸਿਪਲਿਨ ਵਾਲੇ ਬਨਣਾ, ਹੁਕਮ ਮੰਨਣਾ, ਐਸਾ ਡਿਸਿਪਲਿਨ ਸਥਾਪਤ ਕਰਨਾ ਸਿਖਾਇਆ ਹੈ ਜਿਹੜਾ ਉਦਾਹਰਣੀ ਹੋਵੇਗਾ। ਜਰਮਨਾਂ ਤੋਂ ਡਿਸਿਪਲਿਨ ਸਿਖੋ; ਕਿਉਂਕਿ ਜੇ ਅਸੀਂ ਨਹੀਂ ਸਿੱਖਦੇ ਤਾਂ ਅਸੀਂ, ਕੌਮ ਦੇ ਤੌਰ ਤੇ, ਮਾਰੇ ਜਾਂਦੇ ਹਾਂ, ਅਸੀਂ ਸਦੀਵੀ ਗ਼ੁਲਾਮੀ ਵਿਚ ਰਹਾਂਗੇ।

ਇਤਿਹਾਸ ਦਾ ਇਹ ਰਾਹ ਰਿਹਾ ਹੈ—ਹੋਰ ਕੋਈ ਨਹੀਂ। ਇਤਿਹਾਸ ਸਾਨੂੰ ਦੱਸਦਾ ਹੈ ਕਿ ਅਮਨ ਜੰਗ ਲਈ ਮੁਹਲਤ ਹੈ, ਜੰਗ ਕੁਝ ਚੰਗੇਰਾ ਜਾਂ ਕੁਝ ਮਾੜਾ

ਅਮਨ ਪ੍ਰਾਪਤ ਕਰਨ ਦਾ ਸਾਧਨ ਹੈ। ਬਰੇਸਤ ਵਿਚ ਤਾਕਤਾਂ ਦਾ ਸੰਬੰਧ ਐਸੇ ਅਮਨ ਨਾਲ ਮੇਲ ਖਾਂਦਾ ਸੀ ਜਿਹੜਾ ਹਾਰੇ ਹੋਏ ਉਪਰ ਠੋਸਿਆ ਜਾਂਦਾ ਹੈ, ਪਰ ਇਹ ਅਪਮਾਣਜਨਕ ਅਮਨ ਨਹੀਂ ਸੀ। ਪਸਕੋਵ ਵਿਚ ਤਾਕਤਾਂ ਦਾ ਸੰਬੰਧ ਸ਼ਰਮਨਾਕ, ਵਧੇਰੇ ਅਪਮਾਣਜਨਕ ਅਮਨ ਨਾਲ ਮੇਲ ਖਾਂਦਾ ਸੀ; ਤੇ ਅਗਲੇ ਪੜਾਅ ਉਤੇ, ਪੀਤਰੋਗਰਾਦ ਤੇ ਮਾਸਕੋ ਵਿਚ ਚਾਰ ਗੁਣਾ ਵਧੇਰੇ ਅਪਮਾਣਜਨਕ ਅਮਨ ਸਾਡੇ ਉਪਰ ਠੋਸਿਆ ਜਾਵੇਗਾ। ਅਸੀਂ ਇਹ ਨਹੀਂ ਕਹਿੰਦੇ ਕਿ ਸੋਵੀਅਤ ਸੱਤਾ ਸਿਰਫ ਰਸਮੀ ਹੀ ਹੈ ਜਿਸ ਤਰ੍ਹਾਂ ਸਾਡੇ ਨੌਜਵਾਨ ਮਾਸਕੋ ਵਾਲੇ ਦੋਸਤਾਂ * ਨੇ ਕਿਹਾ ਹੈ, ਅਸੀਂ ਇਹ ਨਹੀਂ ਕਹਿੰਦੇ ਕਿ ਇਸ ਜਾਂ ਉਸ ਇਨਕਲਾਬੀ ਅਸੂਲ ਲਈ ਵਸਤੂ ਦੀ ਕੁਰਬਾਨੀ ਦਿਤੀ ਜਾ ਸਕਦੀ ਹੈ। ਅਸੀਂ ਇਹ ਜ਼ਰੂਰ ਕਹਿੰਦੇ ਹਾਂ ਕਿ ਰੂਸੀ ਲੋਕਾਂ ਨੂੰ ਇਹ ਸਮਝ ਲੈਣ ਦਿਓ ਕਿ ਉਹਨਾਂ ਨੂੰ ਡਿਸਿਪਲਿਨ ਵਾਲੇ ਤੇ ਸੰਗਠਿਤ ਹੋਣਾ ਚਾਹੀਦਾ ਹੈ, ਤੇ ਫਿਰ ਉਹ ਸਾਰੀਆਂ ਤਿਲਸਿਤ ਅਮਨ ਸੰਧੀਆਂ ਬਰਦਾਸ਼ਤ ਕਰਨ ਦੇ ਯੋਗ ਹੋ ਸੱਕਣਗੇ। ਆਜ਼ਾਦੀ ਦੀਆਂ ਜੰਗਾਂ ਦਾ ਕੁੱਲ ਇਤਿਹਾਸ ਦਰਸਾਉਂਦਾ ਹੈ ਕਿ ਜਦੋਂ ਇਹਨਾਂ ਜੰਗਾਂ ਵਿਚ ਵਿਸ਼ਾਲ ਜਨ-ਸਮੂਹ ਸ਼ਾਮਲ ਹੁੰਦੇ ਸਨ ਤਾਂ ਆਜ਼ਾਦੀ ਛੇਤੀ ਆਉਂਦੀ ਸੀ। ਅਸੀਂ ਕਹਿੰਦੇ ਹਾਂ, ਕਿਉਂਕਿ ਇਤਿਹਾਸ ਇਸ ਤਰ੍ਹਾਂ ਨਾਲ ਅੱਗੇ ਵਧਦਾ ਹੈ, ਸਾਨੂੰ ਜੰਗ ਲਈ ਅਮਨ ਛੱਡਣਾ ਪਵੇਗਾ, ਤੇ ਇਹ ਹੋ ਸਕਦਾ ਹੈ ਅਗਲੇ ਕੁਝ ਦਿਨਾਂ ਵਿਚ ਵਾਪਰ ਜਾਏ। ਹਰ ਇਕ ਨੂੰ ਤਿਆਰ ਰਹਿਣਾ ਚਾਹੀਦਾ ਹੈ। ਮੈਨੂੰ ਇਸ ਵਿਚ ਰਤਾ ਵੀ ਸ਼ੱਕ ਨਹੀਂ ਕਿ ਜਰਮਨ ਨਾਰਵਾ ਦੇ ਨੇੜੇ ਤਿਆਰੀ ਕਰ ਰਹੇ ਹਨ, ਜੇ ਇਹ ਸੱਚ ਹੈ ਕਿ ਇਸ ਉਪਰ ਕਬਜ਼ਾ ਨਹੀਂ ਕਰ ਲਿਆ ਗਿਆ, ਜਿਵੇਂ ਕਿ ਸਾਰੇ ਅਖਬਾਰ ਲਿਖਦੇ ਹਨ; ਜੇ ਨਾਰਵਾ ਦੇ ਵਿਚ ਨਹੀਂ ਤਾਂ ਨਾਰਵਾ ਦੇ ਨੇੜੇ, ਜੇ ਪਸਕੋਵ ਦੇ ਵਿਚ ਨਹੀਂ ਤਾਂ ਪਸਕੋਵ ਦੇ ਨੇੜੇ, ਜਰਮਨ ਆਪਣੀ ਬਾਕਾਇਦਾ ਫੌਜ ਦੀ ਪਰ੍ਹੇਬੰਦੀ ਕਰ ਰਹੇ ਹਨ, ਆਪਣੀ ਰੇਲਵੇ ਤਿਆਰ ਕਰ ਰਹੇ ਹਨ, ਕਿ ਅਗਲੀ ਛਾਲ ਨਾਲ ਪੀਤਰੋਗਰਾਦ ਉਤੇ ਕਬਜ਼ਾ ਕਰ ਸੱਕਣ। ਤੇ ਇਹ ਦਰਿੰਦਾ ਬੜੀ ਸੁਹਣੀ ਛਾਲ ਮਾਰ ਸਕਦਾ ਹੈ। ਉਸਨੇ ਇਹ ਸਿਧ ਕਰ ਦਿੱਤਾ ਹੈ। ਉਹ ਫਿਰ ਛਾਲ ਮਾਰੇਗਾ। ਇਸ ਬਾਰੇ ਰਤਾ ਵੀ ਸ਼ੱਕ ਨਹੀਂ। ਇਹੀ ਕਾਰਨ ਹੈ ਕਿ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ, ਸਾਨੂੰ ਫੜਾਂ ਨਹੀਂ ਮਾਰਨੀਆਂ ਚਾਹੀਦੀਆਂ ਸਗੋਂ ਮੁਹਲਤ ਦੇ ਇਕ ਦਿਨ ਦਾ ਵੀ ਲਾਭ ਉਠਾਉਣ ਦੇ ਯੋਗ ਹੋਣਾ ਚਾਹੀਦਾ ਹੈ ਕਿਉਂਕਿ ਅਸੀਂ ਇਕ ਦਿਨ ਦੀ ਮੁਹਲਤ ਦਾ ਵੀ ਪੀਤਰੋਗਰਾਦ ਨੂੰ ਖਾਲੀ ਕਰਨ ਲਈ ਲਾਭ ਉਠਾ ਸਕਦੇ ਹਾਂ, ਜਿਸ ਉਪਰ ਕਬਜ਼ਾ ਸਾਡੇ ਲੱਖਾਂ ਪ੍ਰੋਲਤਾਰੀਆਂ ਨੂੰ ਅਸਹਿ ਮੁਸੀਬਤਾਂ ਵਿਚ ਪਾਇਗਾ। ਮੈਂ ਫਿਰ ਕਹਿੰਦਾ ਹਾਂ ਕਿ ਮੈਂ ਵੀਹ ਗੁਣਾ, ਸੌ ਗੁਣਾ ਜ਼ਿਆਦਾ ਅਪਮਾਣਜਨਕ

---

* ਦੇਖੋ ਸਫੇ ੬੪-੭੩। **—ਸੰਪਾ:**

ਸੰਧੀ ਉਪਰ ਦਸਖਤ ਕਰਨ ਲਈ ਤਿਆਰ ਹਾਂ, ਤੇ ਇਸਨੂੰ ਮੈਂ ਆਪਣਾ ਫਰਜ਼ ਸਮਝਦਾ ਹਾਂ, ਤਾ ਕਿ ਮੈਂ ਕੁਝ ਦਿਨ ਘਟੋ ਘਟ ਲੈ ਸੱਕਾਂ ਜਿਸ ਵਿਚ ਪੀਤਰੋਗਰਾਦ ਨੂੰ ਖਾਲੀ ਕੀਤਾ ਜਾਏ ਕਿਉਂਕਿ ਇਸ ਤਰ੍ਹਾਂ ਮੈਂ ਮਜ਼ਦੂਰਾਂ ਦੀ ਮੁਸੀਬਤ ਦੂਰ ਕਰ ਰਿਹਾ ਹੋਵਾਂਗਾ, ਜਿਹੜੇ ਨਹੀਂ ਤਾਂ ਜਰਮਨਾਂ ਦੇ ਜੂਲੇ ਹੇਠ ਆ ਸਕਦੇ ਹਨ; ਇਸ ਤਰ੍ਹਾਂ ਨਾਲ ਮੈਂ ਪੀਤਰੋਗਰਾਦ ਤੋਂ ਸਾਰਾ ਸਾਮਾਨ, ਬਾਰੂਦ ਆਦਿ ਹਟਾਉਣਾ ਸੌਖਿਆਂ ਬਣਾਵਾਂਗਾ, ਜਿਸਦੀ ਸਾਨੂੰ ਲੋੜ ਹੈ; ਕਿਉਂਕਿ ਮੈਂ ਰੱਖਿਆਵਾਦੀ ਹਾਂ, ਕਿਉਂਕਿ ਮੈਂ ਐਸੀ ਫੌਜ ਤਿਆਰ ਕਰਨ ਦੇ ਹੱਕ ਵਿਚ ਹਾਂ, ਭਾਵੇਂ ਇਹ ਬਿਲਕੁਲ ਪਿਛਲੇ ਇਲਾਕਿਆਂ ਵਿਚ ਹੀ ਹੋਵੇ, ਜਿਥੇ ਸਾਡੀ ਮੌਜੂਦਾ, ਤੋੜੀ ਜਾ ਚੁੱਕੀ, ਬੀਮਾਰ ਫੌਜ ਦਾ ਇਲਾਜ ਕੀਤਾ ਜਾ ਰਿਹਾ ਹੈ।

ਸਾਨੂੰ ਨਹੀਂ ਪਤਾ ਮੁਹਲਤ ਦਾ ਸਮਾਂ ਕਿੰਨਾਂ ਚਿਰ ਚੱਲੇਗਾ — ਅਸੀਂ ਹਾਲਤ ਤੋਂ ਲਾਭ ਉਠਾਉਣ ਦੀ ਕੋਸ਼ਿਸ਼ ਕਰਾਂਗੇ। ਸ਼ਾਇਦ ਮੁਹਲਤ ਲੰਮਾਂ ਸਮਾਂ ਚੱਲੇ, ਸ਼ਾਇਦ ਇਹ ਕੁਝ ਹੀ ਦਿਨ ਦੀ ਹੋਵੇ। ਕੁਝ ਵੀ ਵਾਪਰ ਸਕਦਾ ਹੈ, ਕੋਈ ਨਹੀਂ ਜਾਣਦਾ ਜਾਂ ਜਾਣ ਸਕਦਾ ਕਿਉਂਕਿ ਸਾਰੀਆਂ ਵਡੀਆਂ ਤਾਕਤਾਂ ਬੱਝੀਆਂ ਹੋਈਆਂ, ਸੀਮਤ ਹੋਈਆਂ ਹੋਈਆਂ, ਕਈ ਮਹਾਜ਼ਾਂ ਉਪਰ ਲੜਣ ਲਈ ਮਜਬੂਰ ਹਨ। ਹਾਫਮੈਨ ਦੇ ਵਤੀਰੇ ਨੂੰ ਸਭ ਤੋਂ ਪਹਿਲੀ ਚੀਜ਼ ਸੋਵੀਅਤ ਰੀਪਬਲਿਕ ਨੂੰ ਖਤਮ ਕਰਨ ਦੀ ਲੋੜ ਨਿਸਚਿਤ ਕਰਦੀ ਹੈ; ਦੂਜੇ, ਇਹ ਤੱਥ, ਕਿ ਉਸਨੂੰ ਕਈ ਮਹਾਜ਼ਾਂ ਉੱਪਰ ਜੰਗ ਲੜਣੀ ਪੈ ਰਹੀ ਹੈ, ਤੇ ਤੀਜੇ, ਇਹ ਤੱਥ ਕਿ ਜਰਮਨੀ ਵਿਚ ਇਨਕਲਾਬ ਪੱਕ ਰਿਹਾ ਹੈ, ਵਧ ਰਿਹਾ ਹੈ, ਤੇ ਹਾਫਮੈਨ ਇਹ ਗੱਲ ਜਾਣਦਾ ਹੈ। ਉਹ ਪੀਤਰੋਗਰਾਦ ਤੇ ਮਾਸਕੋ ਨੂੰ ਇਸੇ ਘੜੀ ਨਹੀਂ ਲੈ ਸਕਦਾ ਜਿਵੇਂ ਕਿ ਕਈ ਦਾਅਵਾ ਕਰਦੇ ਹਨ। ਪਰ ਭਲਕ ਨੂੰ ਉਹ ਐਸਾ ਕਰ ਸਕਦਾ ਹੈ, ਇਹ ਬਿਲਕੁਲ ਸੰਭਵ ਹੈ। ਮੈਂ ਦੁਹਰਾਉਂਦਾ ਹਾਂ ਕਿ ਐਸੇ ਮੌਕੇ ਜਦੋਂ ਕਿ ਫੌਜ ਪ੍ਰਤੱਖ ਤੌਰ ਤੇ ਬੀਮਾਰ ਹੈ, ਜਦੋਂ ਅਸੀਂ ਭਾਵੇਂ ਕੁਝ ਵੀ ਹੋਵੇ, ਇਕ ਦਿਨ ਦੀ ਵੀ ਮੁਹਲਤ ਲੈਣ ਲਈ ਹਰ ਮੌਕੇ ਤੋਂ ਲਾਭ ਉਠਾ ਰਹੇ ਹਾਂ, ਅਸੀਂ ਕਹਿੰਦੇ ਹਾਂ ਕਿ ਹਰ ਇਨਕਲਾਬੀ ਨੂੰ, ਜਿਹੜਾ ਜਨਤਾ ਨਾਲ ਸੰਬੰਧ ਰਖਦਾ ਹੈ, ਤੇ ਜਿਹੜਾ ਜਾਣਦਾ ਹੈ ਕਿ ਜੰਗ ਕੀ ਹੁੰਦੀ ਹੈ, ਜਨਤਾ ਕੀ ਹੁੰਦੀ ਹੈ, ਚਾਹੀਦਾ ਹੈ ਕਿ ਜਨਤਾ ਨੂੰ ਡਿਸਿਪਲਿਨ ਵਿਚ ਲਿਆਏ, ਉਹਨਾਂ ਨੂੰ ਰੋਗ ਤੋਂ ਮੁਕਤ ਕਰੇ, ਉਹਨਾਂ ਨੂੰ ਨਵੀਂ ਜੰਗ ਲਈ ਉਭਾਰਨ ਦੀ ਕੋਸ਼ਿਸ਼ ਕਰੇ — ਹਰ ਐਸਾ ਇਨਕਲਾਬੀ ਮੰਨੇਗਾ ਕਿ ਅਸੀਂ ਠੀਕ ਹਾਂ, ਮੰਨੇਗਾ ਕਿ ਕੋਈ ਵੀ ਅਪਮਾਣਜਨਕ ਅਮਨ ਯੋਗ ਹੈ ਕਿਉਂਕਿ ਇਹ ਪ੍ਰੋਲਤਾਰੀ ਇਨਕਲਾਬ ਦੇ ਤੇ ਰੂਸ ਵਿਚ ਨਵੀਂ ਰੂਹ ਫੂਕਣ ਦੇ ਹਿਤਾਂ ਵਿਚ ਹੈ, ਕਿਉਂਕਿ ਇਹ ਇਸ ਬੀਮਾਰ ਅੰਗ ਤੋਂ ਛੁਟਕਾਰਾ ਪਾਉਣ ਵਿਚ ਸਹਾਇਤਾ ਕਰੇਗਾ। ਜਿਵੇਂ ਕਿ ਹਰ ਅਕਲਵਾਲਾ ਆਦਮੀ ਸਮਝਦਾ ਹੈ, ਇਸ ਅਮਨ ਸੰਧੀ ਉੱਪਰ ਦਸਖਤ ਕਰਕੇ ਅਸੀਂ ਆਪਣੇ ਮਜ਼ਦੂਰਾਂ ਦੇ ਇਨਕਲਾਬ ਨੂੰ ਰੋਕ ਨਹੀਂ ਦੇਂਦੇ; ਹਰ ਕੋਈ ਸਮਝਦਾ ਹੈ ਕਿ ਜਰਮਨਾਂ ਨਾਲ ਅਮਨ

ਸਮਝੌਤਾ ਕਰਕੇ ਅਸੀਂ ਫੌਜੀ ਸਹਾਇਤਾ ਦੇਣਾ ਨਹੀਂ ਰੋਕ ਦੇਂਦੇ; ਅਸੀਂ ਫਿੱਨਾਂ ਨੂੰ ਹਥਿਆਰ ਭੇਜ ਰਹੇ ਹਾਂ, ਪਰ ਫੌਜੀ ਦਸਤੇ ਨਹੀਂ ਜਿਹੜੇ ਅਯੋਗ ਸਿਧ ਹੁੰਦੇ ਹਨ।

ਸ਼ਾਇਦ ਅਸੀਂ ਜੰਗ ਸਵੀਕਾਰ ਕਰਾਂਗੇ; ਸ਼ਾਇਦ ਕੱਲ ਨੂੰ ਅਸੀਂ ਮਾਸਕੋ ਵੀ ਹਵਾਲੇ ਕਰ ਦੇਵਾਂਗੇ ਤੇ ਫਿਰ ਧਾਵਾ ਬੋਲਣ ਵੱਲ ਆਵਾਂਗੇ; ਅਸੀਂ ਆਪਣੀ ਫੌਜ ਨੂੰ ਦੁਸ਼ਮਨ ਦੀ ਫੌਜ ਦੇ ਖਿਲਾਫ ਹਰਕਤ ਵਿਚ ਲਿਆਵਾਂਗੇ ਜੇ ਲੋਕਾਂ ਦੇ ਮੂਡ ਵਿਚ ਲੁੜੀਂਦਾ ਮੋੜ ਆ ਗਿਆ ਤਾਂ। ਇਹ ਮੋੜ ਆ ਰਿਹਾ ਹੈ ਤੇ ਸ਼ਾਇਦ ਕਾਫੀ ਸਮੇਂ ਦੀ ਲੋੜ ਹੋਵੇਗੀ, ਪਰ ਇਹ ਆਵੇਗਾ, ਜਦੋਂ ਲੋਕਾਂ ਦੇ ਭਾਰੀ ਜਨਸਮੂਹ ਇਹ ਨਹੀਂ ਕਹਿਣਗੇ ਜੋ ਕੁਝ ਉਹ ਹੁਣ ਕਹਿ ਰਹੇ ਹਨ। ਮੈਂ ਕਰੜੀਆਂ ਤੋਂ ਕਰੜੀਆਂ ਅਮਨ ਸ਼ਰਤਾਂ ਮੰਨਣ ਲਈ ਮਜਬੂਰ ਹਾਂ ਕਿਉਂਕਿ ਮੈਂ ਆਪਣੇ ਆਪ ਨੂੰ ਇਹ ਨਹੀਂ ਕਹਿ ਸਕਦਾ ਕਿ ਇਹ ਸਮਾਂ ਆ ਪਹੁੰਚਾ ਹੈ। ਜਦੋਂ ਮੁੜ-ਸੁਰਜੀਤੀ ਦਾ ਇਹ ਸਮਾਂ ਆ ਗਿਆ ਤਾਂ ਹਰ ਕੋਈ ਇਸਨੂੰ ਮਹਿਸੂਸ ਕਰ ਲਵੇਗਾ, ਇਹ ਦੇਖੇਗਾ ਕਿ ਰੂਸੀ ਮੂਰਖ ਨਹੀਂ ਹੈ; ਉਹ ਦੇਖਦਾ ਹੈ, ਉਹ ਸਮਝ ਜਾਵੇਗਾ ਕਿ ਹਾਲ ਦੀ ਘੜੀ ਸਾਨੂੰ ਗ਼ੁਰੇਜ਼ ਕਰਨਾ ਚਾਹੀਦਾ ਹੈ, ਕਿ ਇਸ ਨਾਅਰੇ ਨੂੰ ਅਮਲੀ ਜਾਮਾ ਪੁਆਉਣਾ ਚਾਹੀਦਾ ਹੈ—ਤੇ ਇਹ ਹੈ ਸਾਡੀ ਪਾਰਟੀ ਕਾਂਗਰਸ ਦਾ ਤੇ ਸੋਵੀਅਤਾਂ ਦੀ ਕਾਂਗਰਸ ਦਾ ਮੁਖ ਕਾਰਜ।

ਸਾਨੂੰ ਨਵੇਂ ਤਰੀਕੇ ਨਾਲ ਕੰਮ ਕਰਨਾ ਸਿੱਖਣਾ ਚਾਹੀਦਾ ਹੈ। ਇਹ ਬੇਹਦ ਜ਼ਿਆਦਾ ਮੁਸ਼ਕਲ ਹੈ, ਪਰ ਇਹ ਕਿਸੇ ਤਰ੍ਹਾਂ ਵੀ ਨਿਰਾਸ਼ਾਜਨਕ ਨਹੀਂ। ਇਹ ਸੋਵੀਅਤ ਸੱਤਾ ਨੂੰ ਭੰਗ ਨਹੀਂ ਕਰੇਗਾ ਜੇ ਅਸੀਂ ਬਿਲਕੁਲ ਵਿਅਰਥ ਮਾਅਰਕੇਬਾਜ਼ੀ ਨਾਲ ਇਸਨੂੰ ਆਪ ਭੰਗ ਨਹੀਂ ਕਰ ਲੈਂਦੇ। ਸਮਾਂ ਆਵੇਗਾ ਜਦੋਂ ਲੋਕ ਕਹਿਣਗੇ, ਅਸੀਂ ਆਗਿਆ ਨਹੀਂ ਦੇਵਾਂਗੇ ਕਿ ਅਸੀਂ ਹੁਣ ਹੋਰ ਦੁਖ ਸਹੀਏ। ਪਰ ਇਹ ਤਾਂ ਹੀ ਹੋਵੇਗਾ ਜੇ ਅਸੀਂ ਇਸ ਮਾਅਰਕੇ ਨਾਲ ਸਹਿਮਤ ਨਾ ਹੋਈਏ ਸਗੋਂ ਕਰੜੀਆਂ ਹਾਲਤਾਂ ਵਿਚ, ਤੇ ਬੇਮਿਸਾਲ ਤੌਰ ਤੇ ਅਪਮਾਣਜਨਕ ਸੰਧੀ ਹੇਠ, ਜਿਸ ਉੱਤੇ ਅਸੀਂ ਹੁਣੇ ਜਿਹੇ ਦਸਖਤ ਕੀਤੇ ਹਨ, ਕੰਮ ਕਰਨ ਦੇ ਸਮਰੱਥ ਸਾਬਤ ਹੋਈਏ ਕਿਉਂਕਿ ਜੰਗ, ਜਾਂ ਅਮਨ ਸੰਧੀ, ਇਹੋ ਜਿਹੇ ਇਤਿਹਾਸਕ ਸੰਕਟ ਨੂੰ ਹਲ ਨਹੀਂ ਕਰ ਸਕਦੀ। ਆਪਣੇ ਤਾਜਸ਼ਾਹੀ ਸੰਗਠਨ ਕਾਰਨ ੧੮੦੭ ਵਿਚ ਜਰਮਨ ਲੋਕ ਜਕੜੇ ਹੋਏ ਸਨ ਜਦੋਂ ਕਈ ਅਪਮਾਣਭਰੀਆਂ ਅਮਨ ਸੰਧੀਆਂ ਤੋਂ ਪਿਛੋਂ, ਜਿਨ੍ਹਾਂ ਨੂੰ ਐਸੇ ਮੁਹਲਤ ਵਾਲੇ ਸਮਿਆਂ ਵਿਚ ਬਦਲਿਆ ਗਿਆ ਜਿਨ੍ਹਾਂ ਤੋਂ ਪਿਛੋਂ ਨਵੇਂ ਅਪਮਾਣ ਤੇ ਨਵੀਆਂ ਉਲੰਘਣਾਵਾਂ ਹੋਈਆਂ, ਉਹਨਾਂ ਨੂੰ ਤਿਲਸਿਤ ਦੇ ਅਮਨ ਸਮਝੌਤੇ ਉਪਰ ਦਸਖਤ ਕਰਨੇ ਪਏ। ਲੋਕਾਂ ਦਾ ਸੋਵੀਅਤ ਸੰਗਠਨ ਸਾਡੇ ਕੰਮ ਨੂੰ ਵਧੇਰੇ ਸੌਖਾ ਬਣਾ ਦੇਂਦਾ ਹੈ।

ਸਾਡਾ ਸਿਰਫ ਇਕ ਨਾਅਰਾ ਹੋਣਾ ਚਾਹੀਦਾ ਹੈ—ਜੰਗ ਦੀ ਕਲਾ ਨੂੰ ਯੋਗ ਤਰ੍ਹਾਂ ਨਾਲ ਸਿੱਖਣਾ ਤੇ ਰੇਲਵੇ ਨੂੰ ਠੀਕ ਠਾਕ ਕਰਨਾ। ਰੇਲਵੇ ਤੋਂ ਬਿਨਾਂ ਸੋਸ਼ਲਿਸਟ

ਇਨਕਲਾਬੀ ਜੰਗ ਚਲਾਉਣਾ ਪਰਲੇ ਦਰਜੇ ਦੀ ਗ਼ੱਦਾਰੀ ਹੋਵੇਗੀ। ਸਾਨੂੰ ਜ਼ਬਤ ਪੈਦਾ ਕਰਨਾ ਚਾਹੀਦਾ ਹੈ ਤੇ ਸਾਨੂੰ ਉਹ ਸਾਰੀ ਸ਼ਕਤੀ ਤੇ ਸਾਰੀ ਤਾਕਤ ਪੈਦਾ ਕਰਨੀ ਚਾਹੀਦੀ ਹੈ ਜਿਹੜੀ ਉਹ ਸਭ ਕੁਝ ਚੰਗਾ ਪੈਦਾ ਕਰੇਗੀ ਜਿਹੜਾ ਇਨਕਲਾਬ ਵਿਚ ਮੌਜੂਦ ਹੈ।

ਇਕ ਘੰਟੇ ਦੀ ਵੀ ਮੁਹਲਤ ਨੂੰ ਹੱਥੋਂ ਨਾ ਜਾਣ ਦਿਓ ਜੇ ਇਹ ਤੁਹਾਨੂੰ ਦਿੱਤੀ ਗਈ ਹੈ, ਤਾ ਕਿ ਆਪਣੇ ਦੂਰ ਦੇ ਪਿਛਵਾੜੇ ਨਾਲ ਸੰਪਰਕ ਕਾਇਮ ਰਖ ਸਕੋ ਤੇ ਉਥੇ ਨਵੀਆਂ ਫੌਜਾਂ ਤਿਆਰ ਕਰ ਸਕੋ। ਉਹਨਾਂ ਭੁਲੇਖਿਆਂ ਨੂੰ ਛੱਡੋ ਜਿਨ੍ਹਾਂ ਲਈ ਹਕੀਕੀ ਘਟਨਾਵਾਂ ਨੇ ਤੁਹਾਨੂੰ ਸਜ਼ਾ ਦਿੱਤੀ ਹੈ ਤੇ ਭਵਿਖ ਵਿਚ ਤੁਹਾਨੂੰ ਹੋਰ ਵੀ ਕਰੜੀ ਸਜ਼ਾ ਦੇਣਗੀਆਂ। ਅਤਿ ਗੰਭੀਰ ਹਾਰਾਂ ਦਾ ਦੌਰ ਸਾਡੇ ਸਾਮ੍ਹਣੇ ਪਿਆ ਹੈ, ਇਹ ਇਸ ਵੇਲੇ ਸਾਡੇ ਨਾਲ ਹੈ, ਸਾਨੂੰ ਇਸ ਨਾਲ ਨਿਪਟਣ ਦੇ ਸਮਰਥ ਹੋਣਾ ਚਾਹੀਦਾ ਹੈ, ਸਾਨੂੰ ਗੈਰਕਾਨੂੰਨੀਅਤ ਦੀਆਂ ਹਾਲਤਾਂ ਵਿਚ, ਜਰਮਨਾਂ ਦੀ ਮੁਕੰਮਲ ਗੁਲਾਮੀ ਦੀਆਂ ਹਾਲਤਾਂ ਵਿਚ ਇਕਸਾਰ ਕੰਮ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ; ਇਸ ਨੂੰ ਸ਼ੋਖ ਰੰਗਾਂ ਵਿਚ ਚਿਤਰਣ ਦਾ ਕੋਈ ਫਾਇਦਾ ਨਹੀਂ, ਫਿਰ ਅਸਲੀ ਤਿਲਸਿਤ ਦਾ ਅਮਨ ਹੈ। ਜੇ ਅਸੀਂ ਇਸ ਤਰੀਕੇ ਨਾਲ ਕੰਮ ਕਰ ਸੱਕੇ ਤਾਂ, ਹਾਰਾਂ ਦੇ ਬਾਵਜੂਦ, ਅਸੀਂ ਪੂਰੇ ਯਕੀਨ ਨਾਲ ਇਹ ਕਹਿਣ ਦੇ ਯੋਗ ਹੋ ਸਕਾਂਗੇ — ਜਿੱਤ ਸਾਡੀ ਹੋਵੇਗੀ। (ਤਾਲੀਆਂ)

ਸੰਖੇਪ ਅਖਬਾਰੀ ਰੀਪੋਰਟ
"ਪਰਾਵਦਾ" ਦੇ ਨੰ: ੪੫ ਵਿਚ
੯ ਮਾਰਚ (੨੪ ਫਰਵਰੀ),
੧੯੧੮ ਨੂੰ ਪ੍ਰਕਾਸ਼ਤ ਹੋਈ।

ਸੈਂਚੀ ੩੬,
ਸਫੇ ੩—੨੬।

# ਕੇਂਦਰੀ ਕਮੇਟੀ ਦੀ ਰਾਜਸੀ ਰੀਪੋਰਟ ਉੱਪਰ ਬਹਿਸ ਦਾ ਜਵਾਬ — ੮ ਮਾਰਚ

ਸਾਥੀਓ, ਮੈਨੂੰ ਕੁਝ ਮੁਕਾਬਲਤਨ ਛੋਟੀਆਂ ਟਿੱਪਣੀਆਂ ਤੋਂ ਸ਼ੁਰੂ ਕਰਨ ਦੀ ਆਗਿਆ ਦਿਓ, ਮੈਨੂੰ ਪਿਛਲੇ ਪਾਸਿਉਂ ਸ਼ੁਰੂ ਕਰ ਲੈਣ ਦਿਓ। ਆਪਣੀ ਤਕਰੀਰ ਦੇ ਅਖੀਰ ਵਿਚ ਸਾਥੀ ਬੁਖਾਰੀਨ ਸਾਡਾ ਮੁਕਾਬਲਾ ਪੇਤਲੀਊਰਾ[43] ਨਾਲ ਕਰਨ ਦੀ ਹੱਦ ਤੱਕ ਗਿਆ। ਜੇ ਉਸਦਾ ਖਿਆਲ ਹੈ ਕਿ ਇਹ ਇਸੇ ਤਰ੍ਹਾਂ ਹੈ, ਤਾਂ ਉਹ ਉਸੇ ਪਾਰਟੀ ਵਿਚ ਸਾਡੇ ਨਾਲ ਕਿਵੇਂ ਰਹਿ ਸਕਦਾ ਹੈ? ਕੀ ਇਹ ਫੋਕੀ ਗੱਲ ਨਹੀਂ? ਜੇ ਚੀਜ਼ਾਂ ਸਚਮੁਚ ਉਸੇ ਤਰ੍ਹਾਂ ਦੀਆਂ ਹੁੰਦੀਆਂ ਜਿਸ ਤਰ੍ਹਾਂ ਦੀਆਂ ਉਸਨੇ ਦੱਸੀਆਂ ਹਨ ਤਾਂ ਅਸੀਂ ਉਸੇ ਪਾਰਟੀ ਦੇ ਮੈਂਬਰ ਨਾ ਹੁੰਦੇ। ਇਹ ਹਕੀਕਤ, ਕਿ ਅਸੀਂ ਇਕੱਠੇ ਹਾਂ, ਦਰਸਾਉਂਦੀ ਹੈ ਕਿ ਅਸੀਂ ਬੁਖਾਰੀਨ ਨਾਲ ਨੱਬੇ ਫੀ ਸਦੀ ਸਹਿਮਤ ਹਾਂ। ਇਹ ਠੀਕ ਹੈ ਕਿ ਉਸਨੇ ਕੁਝ ਇਨਕਲਾਬੀ ਫਿਕਰੇਬਾਜ਼ੀਆਂ ਮਿਲਾ ਦਿਤੀਆਂ ਕਿ ਅਸੀਂ ਯੂਕਰੇਨ ਨਾਲ ਗ਼ੱਦਾਰੀ ਕਰਨਾ ਚਾਹੁੰਦੇ ਹਾਂ। ਮੈਨੂੰ ਯਕੀਨ ਹੈ ਕਿ ਇਹੋ ਜਿਹੀ ਪ੍ਰਤੱਖ ਬੇਹੂਦਗੀ ਦੀ ਗੱਲ ਕਰਨ ਦਾ ਕੋਈ ਫਾਇਦਾ ਨਹੀਂ। ਮੈਂ ਸਾਥੀ ਰੀਆਜ਼ਾਨੋਵ ਵੱਲ ਆਉਂਦਾ ਹਾਂ, ਤੇ ਇਥੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਦੱਸਾਂ ਸਾਲਾਂ ਵਿਚ ਇਕ ਵਾਰੀ ਵਾਪਰਣ ਵਾਲੀ ਛੋਟ ਨਿਯਮ ਨੂੰ ਸਿਧ ਕਰਦੀ ਹੈ, ਸਾਥੀ ਰੀਆਜ਼ਾਨੋਵ ਨਾਲ ਕੋਈ ਗੰਭੀਰ ਲਫਜ਼ ਕਹਿਣ ਦਾ ਸਬੱਬ ਵਾਪਰਿਆ ਹੈ। (ਤਾਲੀਆਂ।) ਉਸਨੇ ਕਿਹਾ ਹੈ ਕਿ ਲੈਨਿਨ ਸਮਾਂ ਲੈਣ ਲਈ ਥਾਂ ਛੱਡ ਰਿਹਾ ਹੈ। ਇਹ ਲਗਭਗ ਦਾਰਸ਼ਨਿਕ ਦਲੀਲਬਾਜ਼ੀ ਹੈ। ਇਸ ਵਾਰੀ ਇਹ ਵਾਪਰਿਆ ਹੈ ਕਿ ਅਸੀਂ ਸਾਥੀ ਰੀਆਜ਼ਾਨੋਵ ਤੋਂ ਇਕ ਗੰਭੀਰ ਫਿਕਰਾ ਸੁਣਿਆ ਹੈ — ਸੱਚ ਹੈ ਕਿ ਇਹ ਸਿਰਫ ਫਿਕਰਾ ਹੀ ਹੈ — ਜਿਹੜਾ ਹਾਲਤ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਦਾ ਹੈ; ਸਮਾਂ ਲੈਣ ਲਈ ਮੈਂ ਹਕੀਕੀ ਜੇਤੂ ਦੇ ਹਵਾਲੇ ਥਾਂ ਕਰਨਾ ਚਾਹੁੰਦਾ ਹਾਂ। ਇਹ, ਤੇ ਸਿਰਫ ਇਹ, ਸਾਰਾ ਝਗੜੇ ਵਾਲਾ ਨੁਕਤਾ ਹੈ। ਬਾਕੀ ਸਭ ਕੁਝ ਫੋਕੀਆਂ ਗੱਲਾਂ ਹਨ — ਇਨਕਲਾਬੀ ਜੰਗ ਦੀ ਲੋੜ, ਕਿਸਾਨੀ ਨੂੰ

(?ਗਾਰਨਾ, ਆਦਿ। ਜਦੋਂ ਸਾਥੀ ਬੁਖਾਰੀਨ ਐਸੀ ਤਸਵੀਰ ਖਿੱਚਦਾ ਹੈ ਜਿਵੇਂ ਕਿ ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਜੰਗ ਸੰਭਵ ਹੈ ਜਾਂ ਨਹੀਂ ਤੇ ਕਹਿੰਦਾ ਹੈ—"ਕਿਸੇ ਵੀ ਸਿਪਾਹੀ ਨੂੰ ਪੁੱਛ ਦੇਖੋ" (ਮੈਂ ਬਿਲਕੁਲ ਉਸੇ ਦੇ ਲਫਜ਼ ਲਿਖ ਲਏ ਸਨ)—ਕਿਉਂਕਿ ਉਹ ਸਵਾਲ ਇਸ ਤਰੀਕੇ ਨਾਲ ਪੇਸ਼ ਕਰਦਾ ਹੈ ਤੇ ਕਿਸੇ ਵੀ ਸਿਪਾਹੀ ਨੂੰ ਪੁੱਛਣਾ ਚਾਹੁੰਦਾ ਹੈ, ਮੈਂ ਉਸਦਾ ਜਵਾਬ ਦੇਵਾਂਗਾ। "ਕੋਈ ਵੀ ਸਿਪਾਹੀ" ਇਕ ਫਰਾਂਸੀਸੀ ਅਫਸਰ ਨਿਕਲਿਆ ਜਿਸ ਨਾਲ ਮੇਰੀ ਗੱਲਬਾਤ[44] ਹੋਈ। ਉਸ ਫਰਾਂਸੀਸੀ ਅਫਸਰ ਨੇ, ਬੇਸ਼ਕ ਗੁੱਸੇ ਭਰੀਆਂ ਅੱਖਾਂ ਨਾਲ, ਮੇਰੇ ਵੱਲ ਦੇਖਿਆ—ਕੀ ਮੈਂ ਰੂਸ ਨੂੰ ਜਰਮਨਾਂ ਕੋਲ ਨਹੀਂ ਸੀ ਵੇਚ ਦਿੱਤਾ?—ਤੇ ਬੋਲਿਆ: "ਮੈਂ ਸ਼ਾਹਪਸੰਦ ਹਾਂ, ਮੈਂ ਫਰਾਂਸ ਵਿਚ ਤਾਜਸ਼ਾਹੀ ਦਾ ਸਮਰਥਕ ਵੀ ਹਾਂ, ਜਰਮਨੀ ਦੀ ਹਾਰ ਦਾ ਸਮਰਥਕ ਹਾਂ, ਇਸ ਲਈ ਇਹ ਨਾ ਸਮਝ ਕਿ ਮੈਂ ਸੋਵੀਅਤ ਸੱਤਾ ਦੀ ਹਿਮਾਇਤ ਕਰਦਾ ਹਾਂ—ਕੌਣ ਕਰੇਗਾ, ਜੇ ਉਹ ਸ਼ਾਹਵਾਦੀ ਹੋਇਆ?—ਪਰ ਮੈਂ ਤੇਰੇ ਵਲੋਂ ਬਰੇਸਤ ਸੰਧੀ ਉਪਰ ਦਸਖਤ ਕਰਨ ਦੀ ਪੁਸ਼ਟੀ ਕਰਦਾ ਹਾਂ ਕਿਉਂਕਿ ਇਹ ਜ਼ਰੂਰੀ ਹੈ।" ਇਹ ਹੈ ਤੁਹਾਡੇ ਲਈ "ਕਿਸੇ ਵੀ ਸਿਪਾਹੀ ਨੂੰ ਪੁਛਣਾ।" ਕੋਈ ਵੀ ਸਿਪਾਹੀ ਇਹੀ ਕਹੇਗਾ ਜੋ ਕੁਝ ਮੈਂ ਕਿਹਾ ਹੈ—ਸਾਡੇ ਲਈ ਬਰੇਸਤ ਸੰਧੀ ਉੱਪਰ ਦਸਖਤ ਕਰਨਾ ਜ਼ਰੂਰੀ ਸੀ। ਜੇ ਹੁਣ ਬੁਖਾਰੀਨ ਦੀ ਤਕਰੀਰ ਵਿਚੋਂ ਇਹ ਨਿਕਲਦਾ ਹੈ ਕਿ ਸਾਡੇ ਮਤਭੇਦ ਬਹੁਤ ਘੱਟ ਹੋ ਗਏ ਹਨ, ਤਾਂ ਇਹ ਸਿਰਫ ਇਸ ਲਈ ਕਿ ਉਸਦੇ ਹਿਮਾਇਤੀਆਂ ਨੇ ਉਸ ਮੁਖ ਨੁਕਤੇ ਨੂੰ ਲੁਕਾ ਛੱਡਿਆ ਹੈ, ਜਿਸ ਤੇ ਸਾਡਾ ਮਤਭੇਦ ਹੈ।

ਹੁਣ ਜਦ ਬੁਖਾਰੀਨ ਸਾਡੇ ਖਿਲਾਫ ਗੱਜ ਰਿਹਾ ਹੈ ਕਿ ਅਸੀਂ ਜਨਤਾ ਨੂੰ ਢਹਿੰਦੀਆਂ ਕਲਾਂ ਵੱਲ ਲੈ ਗਏ ਹਾਂ, ਤਾਂ ਉਹ ਬਿਲਕੁਲ ਠੀਕ ਹੈ, ਸਿਵਾਏ ਇਸ ਗੱਲ ਦੇ ਕਿ ਉਹ ਸਾਡੇ ਉਤੇ ਨਹੀਂ ਆਪਣੇ ਉੱਤੇ ਹਮਲਾ ਕਰ ਰਿਹਾ ਹੈ। ਕੇਂਦਰੀ ਕਮੇਟੀ ਵਿਚ ਇਹ ਬਖੇੜਾ ਕਿਸ ਨੇ ਪਾਇਆ?—ਤੁਸੀਂ ਸਾਥੀ ਬੁਖਾਰੀਨ। (ਹਾਸਾ) ਭਾਵੇਂ ਤੁਸੀਂ ਕਿੰਨਾਂ ਵੀ "ਨਾਂਹ" "ਨਾਂਹ" ਕੂਕੋ, ਸਚਾਈ ਬਾਹਰ ਆ ਜਾਵੇਗੀ; ਅਸੀਂ ਇਥੇ ਹੀ ਹਾਂ ਆਪਣੇ ਸਾਥੀਆਂ ਵਾਲੇ ਪ੍ਰਵਾਰ ਵਿਚ, ਅਸੀਂ ਆਪਣੀ ਹੀ ਕਾਂਗਰਸ ਵਿਚ ਹਾਂ, ਸਾਡੇ ਕੋਲ ਕੁਝ ਲੁਕਾਉਣ ਜੋਗਾ ਨਹੀਂ, ਸਚਾਈ ਦੱਸੀ ਜਾਣੀ ਚਾਹੀਦੀ ਹੈ। ਤੇ ਸਚਾਈ ਇਹ ਹੈ ਕਿ ਕੇਂਦਰੀ ਕਮੇਟੀ ਵਿਚ ਤਿੰਨ ਰੁਝਾਣ ਸਨ। ੧੭ ਫਰਵਰੀ ਨੂੰ ਲੋਮੋਵ ਤੇ ਬੁਖਾਰੀਨ ਨੇ ਵੋਟ ਨਾ ਪਾਏ। ਮੈਂ ਕਿਹਾ ਕਿ ਵੋਟਾਂ ਦਾ ਰੀਕਾਰਡ ਪੇਸ਼ ਕੀਤਾ ਜਾਏ ਤੇ ਕਾਪੀਆਂ ਤਿਆਰ ਕੀਤੀਆਂ ਜਾਣ ਤਾ ਕਿ ਹਰ ਪਾਰਟੀ ਮੈਂਬਰ, ਜਿਹੜਾ ਵੀ ਦੇਖਣਾ ਚਾਹੇ, ਸਕੱਤਰੇਤ ਵਿਚ ਜਾ ਸੱਕੇ ਤੇ ਦੇਖ ਸੱਕੇ ਕਿ ਲੋਕਾਂ ਨੇ ਵੋਟਾਂ ਕਿਵੇਂ ਪਾਈਆਂ—੨੧ ਜਨਵਰੀ ਦੀਆਂ ਇਤਿਹਾਸਕ ਵੋਟਾਂ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਹ ਦੁਚਿੱਤੀਆਂ ਵਿਚ ਪਏ, ਅਸੀਂ ਨਹੀਂ, ਬਿਲਕੁਲ ਨਹੀਂ; ਅਸੀਂ ਕਿਹਾ ਸੀ, "ਆਓ ਬਰੇਸਤ ਅਮਨ

ਪ੍ਰਵਾਨ ਕਰ ਲਈਏ — ਤੁਹਾਨੂੰ ਕੁਝ ਵੀ ਚੰਗੇਰਾ ਨਹੀਂ ਮਿਲੇਗਾ — ਤਾ ਕਿ ਇਨਕਲਾਬੀ ਜੰਗ ਲਈ ਤਿਆਰੀ ਕਰ ਸੱਕੀਏ।" ਹੁਣ ਸਾਨੂੰ ਪੀਤਰੋਗਰਾਦ ਖਾਲੀ ਕਰਨ ਲਈ ਪੰਜ ਦਿਨ ਮਿਲ ਗਏ ਹਨ। ਹੁਣ ਕਰੀਲੈਨਕੋ ਤੇ ਪਦਵੋਇਸਕੀ[45] ਦੇ ਦਸਖਤਾਂ ਵਾਲਾ ਮੈਨੀਫੈਸਟੋ ਪ੍ਰਕਾਸ਼ਤ ਕਰ ਦਿੱਤਾ ਗਿਆ ਹੈ; ਉਹ ਖੱਬਿਆਂ ਵਿਚ ਨਹੀਂ ਸਨ, ਤੇ ਬੁਖਾਰੀਨ ਨੇ ਉਹਨਾਂ ਦੀ ਇਹ ਕਹਿ ਕੇ ਬੇਇਜ਼ਤੀ ਕੀਤੀ ਕਰੀਲੈਨਕੋ ਨੂੰ "ਵਿਚ ਘਸੀਟਿਆ ਗਿਆ ਹੈ," ਜਿਵੇਂ ਕਿ ਅਸੀਂ ਮਨੋਂ ਘੜਿਆ ਸੀ ਜੋ ਕੁਝ ਕਰੀਲੈਨਕੋ ਨੇ ਰੀਪੋਰਟ ਕੀਤਾ ਸੀ। ਜੋ ਕੁਝ ਉਹਨਾਂ ਨੇ ਕਿਹਾ ਅਸੀਂ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ; ਇਹ ਹੈ ਜਿਸ ਤਰ੍ਹਾਂ ਦੇ ਹਾਲਾਤ ਹਨ, ਕਿਉਂਕਿ ਇਹ ਫੌਜੀ ਸਨ ਜਿਨ੍ਹਾਂ ਨੇ ਉਸਦਾ ਸਬੂਤ ਦਿੱਤਾ ਜੋ ਕੁਝ ਮੈਂ ਕਿਹਾ ਸੀ; ਤੇ ਤੁਸੀਂ ਇਹ ਕਹਿ ਕੇ ਮਾਮਲਾ ਰਫਾ-ਦਫਾ ਕਰ ਦੇਂਦੇ ਹੋ ਕਿ ਜਰਮਨ ਹਮਲਾ ਨਹੀਂ ਕਰਨਗੇ। ਇਸ ਅਵਸਥਾ ਦੀ ਅਕਤੂਬਰ ਨਾਲ ਤੁਲਨਾ ਕਿਵੇਂ ਕੀਤੀ ਜਾ ਸਕਦੀ ਹੈ, ਜਦੋਂ ਸਾਜ਼-ਸਾਮਾਨ ਦਾ ਸਵਾਲ ਪੈਦਾ ਨਹੀਂ ਸੀ ਹੁੰਦਾ? ਜੇ ਤੁਸੀਂ ਤਥਾਂ ਨੂੰ ਧਿਆਨ ਵਿਚ ਰੱਖਣਾ ਚਾਹੁੰਦੇ ਹੋ ਤਾਂ ਇਸ ਤੱਥ ਬਾਰੇ ਸੋਚੋ — ਕਿ ਮਤਭੇਦ ਇਸ ਬਿਆਨ ਉਪਰ ਪੈਦਾ ਹੋਏ ਕਿ ਅਸੀਂ ਉਹ ਜੰਗ ਸ਼ੁਰੂ ਨਹੀਂ ਕਰ ਸਕਦੇ ਜਿਹੜੀ ਪ੍ਰਤੱਖ ਤੌਰ ਤੇ ਸਾਡੇ ਭਲੇ ਵਿਚ ਨਹੀਂ। ਜਦੋਂ ਸਾਥੀ ਬੁਖਾਰੀਨ ਨੇ ਆਪਣੀ ਸਮਾਪਤੀ ਦੀ ਤਕਰੀਰ ਇਸ ਗਰਜਵੇਂ ਸਵਾਲ ਨਾਲ ਸ਼ੁਰੂ ਕੀਤੀ ਕਿ "ਨਿਕਟ ਭਵਿਖ ਵਿਚ ਕੀ ਜੰਗ ਸੰਭਵ ਹੈ?" ਤਾਂ ਉਸਨੇ ਮੈਨੂੰ ਕਾਫੀ ਹੈਰਾਨ ਕਰ ਦਿੱਤਾ। ਮੈਂ ਬਿਨਾਂ ਝਿਜਕ ਦੇ ਜਵਾਬ ਦੇਂਦਾ ਹਾਂ — ਹਾਂ, ਇਹ ਸੰਭਵ ਹੈ, ਪਰ ਅੱਜ ਸਾਨੂੰ ਅਮਨ ਪ੍ਰਵਾਨ ਕਰਨਾ ਚਾਹੀਦਾ ਹੈ। ਇਸ ਵਿਚ ਕੋਈ ਵਿਰੋਧ ਨਹੀਂ।

ਇਹਨਾਂ ਸੰਖੇਪ ਟਿੱਪਣੀਆਂ ਤੋਂ ਪਿਛੋਂ ਮੈਂ ਪਹਿਲੇ ਬੋਲਣ ਵਾਲਿਆਂ ਦੇ ਵਿਸਥਾਰ ਵਿਚ ਜਵਾਬ ਦੇਵਾਂਗਾ। ਜਿਥੋਂ ਤੱਕ ਰਾਦੇਕ ਦਾ ਸਵਾਲ ਹੈ ਮੈਨੂੰ ਜ਼ਰੂਰ ਛੋਟ ਕਰਨੀ ਪਵੇਗੀ। ਪਰ ਇਕ ਹੋਰ ਤਕਰੀਰ ਵੀ ਸੀ, ਸਾਥੀ ਊਰਿਤਸਕੀ ਦੀ। ਇਸ ਤਕਰੀਰ ਵਿਚ ਕਾਨੋਸਾ[46], "ਧੋਖਾ", "ਪਿੱਛੇ ਹਟ ਗਏ" "ਪ੍ਰਵਾਨ ਕੀਤਾ" ਤੋਂ ਛੁੱਟ ਹੋਰ ਕੀ ਸੀ? ਇਹ ਸਭ ਕੁਝ ਕਾਹਦੇ ਬਾਰੇ ਹੈ? ਕੀ ਤੁਸੀਂ ਆਪਣੀ ਆਲੋਚਨਾ ਖੱਬੇ ਸੋਸ਼ਲਿਸਟ-ਇਨਕਲਾਬੀ ਅਖਬਾਰ ਤੋਂ ਉਧਾਰੀ ਨਹੀਂ ਲਈ? ਸਾਥੀ ਬੂਬਨੋਵ ਨੇ ਸਾਨੂੰ ਇਕ ਬਿਆਨ ਪੜ੍ਹ ਕੇ ਸੁਣਾਇਆ ਜਿਹੜਾ ਕੇਂਦਰੀ ਕਮੇਟੀ ਨੂੰ ਇਸਦੇ ਉਹਨਾਂ ਮੈਂਬਰਾਂ ਨੇ ਪੇਸ਼ ਕੀਤਾ ਸੀ ਜਿਹੜੇ ਆਪਣੇ ਆਪ ਨੂੰ ਖੱਬਾ ਪੱਖ ਸਮਝਦੇ ਹਨ ਤੇ ਜਿਨ੍ਹਾਂ ਨੇ ਸਾਰੀ ਦੁਨੀਆਂ ਦੀਆਂ ਨਜ਼ਰਾਂ ਸਾਮ੍ਹਣੇ ਮੁਜ਼ਾਹਰੇ ਦੀ ਇਕ ਉਘੜਵੀਂ ਉਦਾਹਰਣ ਸਾਨੂੰ ਦਿੱਤੀ — "ਕੇਂਦਰੀ ਕਮੇਟੀ ਦਾ ਵਤੀਰਾ ਕੌਮਾਂਤਰੀ ਪ੍ਰੋਲਤਾਰੀਆਂ ਨੂੰ ਸੱਟ ਲਾਉਂਦਾ ਹੈ।" ਕੀ ਇਹ ਫੋਕੀ ਲੱਫਾਜ਼ੀ ਤੋਂ ਛੁੱਟ ਕੁਝ ਹੋਰ ਵੀ ਹੈ? "ਸਾਰੀ ਦੁਨੀਆਂ ਦੀਆਂ ਅੱਖਾਂ ਸਾਮ੍ਹਣੇ ਕਮਜ਼ੋਰੀ ਦਿਖਾਉਂਦੇ ਹੋ।" ਅਸੀਂ ਕਿਵੇਂ ਦਿਖਾ ਰਹੇ ਹਾਂ? ਅਮਨ ਦੀ ਤਜਵੀਜ਼ ਰੱਖ

ਕੇ? ਕਿਉਂਕਿ ਸਾਡੀ ਫੌਜ ਨੱਠ ਗਈ ਹੈ? ਕੀ ਅਸੀਂ ਸਿੱਧ ਨਹੀਂ ਕਰ ਦਿੱਤਾ ਕਿ ਇਸ ਮੌਕੇ ਤੇ ਜਰਮਨੀ ਨਾਲ ਜੰਗ ਸ਼ੁਰੂ ਕਰਨ, ਤੇ ਬਰੇਸਤ ਅਮਨ ਨੂੰ ਸਵੀਕਾਰ ਨਾ ਕਰਨ, ਦਾ ਮਤਲਬ ਦੁਨੀਆਂ ਨੂੰ ਇਹ ਦਿਖਾਉਣ ਤੋਂ ਹੋਵੇਗਾ ਕਿ ਸਾਡੀ ਫੌਜ ਬੀਮਾਰ ਹੈ ਤੇ ਲੜਾਈ ਕਰਨਾ ਨਹੀਂ ਚਾਹੁੰਦੀ? ਬੂਬਨੋਵ ਦਾ ਬਿਆਨ ਬਿਲਕੁਲ ਖੋਖਲਾ ਸੀ ਜਦੋਂ ਉਸਨੇ ਦਾਅਵਾ ਕੀਤਾ ਕਿ ਦੁਚਿਤੀਆਂ ਨਿਰੋਲ ਸਾਡੀਆਂ ਪੈਦਾ ਕੀਤੀਆਂ ਹੋਈਆਂ ਹਨ—ਇਹ ਸਾਡੀ ਫੌਜ ਦੇ ਬੀਮਾਰ ਹੋਣ ਕਰਕੇ ਸਨ। ਛੇਤੀ ਜਾਂ ਸਮਾਂ ਪਾਕੇ, ਮੁਹਲਤ ਮਿਲਣੀ ਜ਼ਰੂਰੀ ਸੀ। ਜੇ ਸਾਡੀ ਰਣਨੀਤੀ ਠੀਕ ਹੁੰਦੀ, ਸਾਨੂੰ ਇਕ ਮਹੀਨੇ ਦਾ ਸਮਾਂ ਸਾਹ ਲੈਣ ਲਈ ਮਿਲ ਸਕਦਾ ਸੀ, ਪਰ ਕਿਉਂਕਿ ਤੁਹਾਡੀ ਰਣਨੀਤੀ ਗ਼ਲਤ ਸੀ ਸਾਨੂੰ ਸਿਰਫ ਪੰਜ ਦਿਨ ਮਿਲੇ—ਇਹ ਵੀ ਚੰਗਾ ਹੈ। ਜੰਗ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਘਾਬਰੀ ਹੋਈ ਫੌਜ ਨੂੰ ਰੋਕਣ ਲਈ ਦਿਨ ਵੀ ਕਦੀ ਕਦੀ ਕਾਫੀ ਹੁੰਦੇ ਹਨ। ਜਿਹੜਾ ਵੀ ਕੋਈ ਪ੍ਰਵਾਨ ਨਹੀਂ ਕਰਦਾ। ਇਹ ਸ਼ੈਤਾਨੀ ਅਮਨ ਸਮਝੌਤਾ ਨਹੀਂ ਕਰਦਾ, ਉਹ ਫੋਕੀ ਲੱਫਾਜ਼ੀ ਦਾ ਆਦਮੀ ਹੈ, ਰਣਨੀਤਕ ਨਹੀਂ। ਇਹ ਇਸਦੀ ਤਰਸਯੋਗ ਗੱਲ ਹੈ। ਜਦੋਂ ਕੇਂਦਰੀ ਕਮੇਟੀ ਦੇ ਮੈਂਬਰ ਮੈਨੂੰ "ਕਮਜ਼ੋਰੀ ਦੇ ਪ੍ਰਗਟਾਵਿਆਂ", "ਧੋਖੇਬਾਜ਼ੀ" ਬਾਰੇ ਲਿਖਦੇ ਹਨ, ਤਾਂ ਉਹ ਅਤਿ ਦੀਆਂ ਹਾਨੀਕਾਰਕ, ਫੋਕੀਆਂ, ਬੱਚਗਾਨਾ ਫਿਕਰੇਬਾਜ਼ੀਆਂ ਲਿਖ ਰਹੇ ਹਨ। ਅਸੀਂ ਐਸੇ ਸਮੇਂ ਲੜਣ ਦੀ ਕੋਸ਼ਿਸ਼ ਕਰਕੇ ਆਪਣੀ ਕਮਜ਼ੋਰੀ ਦਿਖਾਈ ਜਦੋਂ ਇਹ ਦਿਖਾਵਾ ਨਹੀਂ ਸੀ ਕੀਤਾ ਜਾਣਾ ਚਾਹੀਦਾ, ਜਦੋਂ ਸਾਡੇ ਖਿਲਾਫ ਹਮਲਾ ਅਟੱਲ ਸੀ। ਜਿਥੋਂ ਤੱਕ ਪਸਕੋਵ ਦੇ ਕਿਸਾਨਾਂ ਦਾ ਸਵਾਲ ਹੈ, ਅਸੀਂ ਉਹਨਾਂ ਨੂੰ ਸੋਵੀਅਤਾਂ ਦੀ ਕਾਂਗਰਸ ਵਿਚ ਲਿਆਵਾਂਗੇ, ਇਹ ਦੱਸਣ ਲਈ ਕਿ ਜਰਮਨ ਲੋਕਾਂ ਨਾਲ ਕੈਸਾ ਵਿਹਾਰ ਕਰਦੇ ਹਨ ਤਾਂ ਕਿ ਉਹ ਘਬਰਾਹਟ ਵਿਚ ਨੱਸ ਰਹੇ ਸਿਪਾਹੀ ਦੇ ਮੂਡ ਨੂੰ ਬਦਲ ਸੱਕਣ ਤੇ ਉਹ ਆਪਣੀ ਘਬਰਾਹਟ ਵਿਚੋਂ ਨਿਕਲਣਾ ਸ਼ੁਰੂ ਕਰੇਗਾ ਤੇ ਕਹੇਗਾ, "ਇਹ ਯਕੀਨਨ ਉਹ ਜੰਗ ਨਹੀਂ ਜਿਹੜੀ ਖਤਮ ਕਰਨ ਦਾ ਬਾਲਸ਼ਵਿਕਾਂ ਨੇ ਵਚਨ ਦਿੱਤਾ ਸੀ, ਇਹ ਨਵੀਂ ਜੰਗ ਹੈ ਜਿਹੜੀ ਜਰਮਨ ਸੋਵੀਅਤ ਸੱਤਾ ਦੇ ਖਿਲਾਫ ਲੜ ਰਹੇ ਹਨ।" ਫਿਰ ਤੰਦਰੁਸਤੀ ਆਇਗੀ। ਪਰ ਤੁਸੀਂ ਐਸਾ ਸਵਾਲ ਖੜਾ ਕਰਦੇ ਹੋ ਜਿਸਦਾ ਜਵਾਬ ਨਹੀਂ ਦਿੱਤਾ ਜਾ ਸਕਦਾ। ਕਿਸੇ ਨੂੰ ਨਹੀਂ ਪਤਾ ਕਿ ਇਹ ਮੁਹਲਤ ਕਿੰਨੇਂ ਚਿਰ ਦੀ ਹੋਵੇਗੀ।

ਹੁਣ ਮੈਨੂੰ ਸਾਥੀ ਟਰਾਟਸਕੀ ਦੀ ਪੁਜ਼ੀਸ਼ਨ ਬਾਰੇ ਕੁਝ ਕਹਿਣਾ ਚਾਹੀਦਾ ਹੈ। ਉਸਦੀਆਂ ਸਰਗਰਮੀਆਂ ਦੇ ਦੋ ਪੱਖ ਹਨ; ਜਦੋਂ ਉਸਨੇ ਬਰੇਸਤ ਵਿਚ ਗੱਲਬਾਤ ਸ਼ੁਰੂ ਕੀਤੀ ਸੀ ਤੇ ਉਹਨਾਂ ਦੀ ਅੰਦੋਲਨ ਲਈ ਸ਼ਾਨਦਾਰ ਵਰਤੋਂ ਕੀਤੀ ਸੀ, ਤਾਂ ਅਸੀਂ ਸਾਰੇ ਸਾਥੀ ਟਰਾਟਸਕੀ ਨਾਲ ਸਹਿਮਤ ਸਾਂ। ਉਸਨੇ ਮੇਰੇ ਨਾਲ ਹੋਈ ਗੱਲਬਾਤ ਦੇ ਇਕ ਹਿੱਸੇ ਦਾ ਹਵਾਲਾ ਦਿੱਤਾ ਹੈ, ਪਰ ਮੈਂ ਨਾਲ ਇਹ ਜ਼ਰੂਰ ਰਲਾਵਾਂਗਾ ਕਿ ਅਸੀਂ

ਆਪਸ ਵਿਚ ਸਹਿਮਤ ਹੋਏ ਸਾਂ ਕਿ ਸਾਨੂੰ ਉਦੋਂ ਤੱਕ ਲਮਕਾਉਣਾ ਚਾਹੀਦਾ ਹੈ ਜਦੋਂ ਤੱਕ ਜਰਮਨ ਅਲਟੀਮੇਟਮ ਨਹੀਂ ਦੇਂਦੇ, ਤੇ ਫਿਰ ਸਾਨੂੰ ਮੰਨ ਜਾਣਾ ਚਾਹੀਦਾ ਹੈ। ਜਰਮਨਾਂ ਨੇ ਸਾਨੂੰ ਧੋਖਾ ਦਿੱਤਾ—ਉਹਨਾਂ ਨੇ ਸਾਡੇ ਕੋਲੋਂ ਸੱਤਾਂ ਵਿਚੋਂ ਪੰਜ ਦਿਨ ਚੁਰਾ ਲਏ[47]। ਟਰਾਟਸਕੀ ਦੇ ਦਾਅ-ਪੇਚ ਠੀਕ ਸਨ ਜਦੋਂ ਤੱਕ ਉਹਨਾਂ ਦਾ ਨਿਸ਼ਾਨਾ ਗੱਲਬਾਤ ਨੂੰ ਲਮਕਾਉਣਾ ਸੀ; ਪਰ ਇਹ ਗ਼ਲਤ ਹੋ ਗਏ ਜਦੋਂ ਇਹ ਐਲਾਨ ਕੀਤਾ ਗਿਆ ਕਿ ਜੰਗ ਦੀ ਹਾਲਤ ਖ਼ਤਮ ਕੀਤੀ ਜਾਂਦੀ ਹੈ, ਪਰ ਅਮਨ ਸਮਝੌਤਾ ਨਹੀਂ ਕੀਤਾ ਗਿਆ। ਮੈਂ ਬਿਲਕੁਲ ਨਿਸਚਿਤ ਤਰ੍ਹਾਂ ਨਾਲ ਤਜਵੀਜ਼ ਦਿੱਤੀ ਸੀ ਕਿ ਅਮਨ ਸਮਝੌਤਾ ਕੀਤਾ ਜਾਏ। ਸਾਨੂੰ ਬਰੇਸਤ ਅਮਨ ਨਾਲੋਂ ਚੰਗੇਰਾ ਕੁਝ ਨਹੀਂ ਸੀ ਮਿਲ ਸਕਦਾ। ਹੁਣ ਹਰ ਕਿਸੇ ਨੂੰ ਇਹ ਸਪਸ਼ਟ ਹੈ ਕਿ ਸਾਨੂੰ ਇਕ ਮਹੀਨੇ ਦਾ ਵਕਫਾ ਮਿਲ ਗਿਆ ਹੁੰਦਾ ਤੇ ਸਾਡਾ ਕੁਝ ਵੀ ਨਾ ਗੁਆਚਦਾ। ਕਿਉਂਕਿ ਇਤਿਹਾਸ ਦਾ ਵਹਿਣ ਇਸ ਤਰ੍ਹਾਂ ਦਾ ਹੋ ਗਿਆ, ਇਸ ਲਈ ਇਸਨੂੰ ਯਾਦ ਕਰਨ ਦਾ ਕੋਈ ਲਾਭ ਨਹੀਂ, ਪਰ ਬੁਖਾਰੀਨ ਨੂੰ ਇਹ ਕਹਿੰਦਿਆਂ ਸੁਨਣਾ ਅਜੀਬ ਲੱਗਦਾ ਹੈ ਕਿ "ਘਟਨਾਵਾਂ ਦੱਸਣਗੀਆਂ ਕਿ ਅਸੀਂ ਠੀਕ ਸਾਂ।" ਮੈਂ ਠੀਕ ਸਾਂ ਕਿਉਂਕਿ ੧੯੧੫ ਵਿਚ ਹੀ ਇਸ ਬਾਰੇ ਲਿਖਿਆ ਸੀ— "ਸਾਨੂੰ ਜੰਗ ਲੜਣ ਦੀ ਤਿਆਰੀ ਕਰਨੀ ਚਾਹੀਦੀ ਹੈ, ਇਹ ਅਟੱਲ ਹੈ, ਇਹ ਆ ਰਹੀ ਹੈ, ਇਹ ਆਵੇਗੀ।"* ਪਰ ਸਾਨੂੰ ਅਮਨ ਪ੍ਰਵਾਨ ਕਰਨਾ ਪਿਆ ਇਸ ਨਾਲੋਂ ਕਿ ਫੋਕੇ ਦਮਗਜਿਆਂ ਨੂੰ ਅਜ਼ਮਾਉਂਦੇ। ਤੇ ਕਿਉਂਕਿ ਜੰਗ ਆ ਰਹੀ ਹੈ, ਇਸ ਲਈ ਅਮਨ ਨੂੰ ਪ੍ਰਵਾਨ ਕਰਨਾ ਹੋਰ ਵੀ ਜ਼ਰੂਰੀ ਸੀ, ਤੇ ਹੁਣ ਅਸੀਂ ਘਟੋ ਘਟ ਪੀਤਰੋਗਰਾਦ ਨੂੰ ਖਾਲੀ ਕਰਨਾ ਸੌਖਾ ਬਣਾ ਰਹੇ ਹਾਂ—ਅਸੀਂ ਇਸਨੂੰ ਸੌਖੇਰਾ ਬਣਾ ਦਿੱਤਾ ਹੈ। ਇਹ ਇਕ ਹਕੀਕਤ ਹੈ। ਤੇ ਜਦੋਂ ਸਾਥੀ ਟਰਾਟਸਕੀ ਤਾਜ਼ਾ ਮੰਗਾਂ ਕਰਦਾ ਹੈ, "ਵਾਅਦਾ ਕਰੋ ਕਿ ਵਿੰਨੀਚੈਨਕ[48] ਨਾਲ ਅਮਨ ਸਮਝੌਤਾ ਨਹੀਂ ਕਰੋਗੇ", ਮੈਂ ਕਹਿੰਦਾ ਹਾਂ ਕਿ ਕਿਸੇ ਹਾਲਤ ਵਿਚ ਵੀ ਮੈਂ ਇਹ ਫਰਜ਼ ਆਪਣੇ ਜ਼ਿਮੇ ਨਹੀਂ ਲਵਾਂਗਾ। ਜੇ ਕਾਂਗਰਸ ਇਸ ਜ਼ਿਮੇਵਾਰੀ ਨੂੰ ਪ੍ਰਵਾਨ ਕਰਦੀ ਹੈ ਤਾਂ ਨਾ ਮੈਂ ਨਾ ਹੀ ਉਹ ਜਿਹੜੇ ਮੇਰੇ ਨਾਲ ਸਹਿਮਤ ਹਨ, ਇਸ ਵਾਸਤੇ ਜ਼ਿਮੇਵਾਰੀ ਪ੍ਰਵਾਨ ਕਰਣਗੇ। ਇਸਦਾ ਮਤਲਬ ਹੋਵੇਗਾ ਕਿ ਅਸੀਂ ਯੁਧਚਾਲ ਦੀ ਸਪਸ਼ਟ ਸੇਧ—ਜਦੋਂ ਸੰਭਵ ਹੋਵੇ ਪਿੱਛੇ ਹਟ ਜਾਓ, ਤੇ ਕਦੀ ਕਦੀ ਹਮਲਾ ਕਰੋ—ਉਪਰ ਚੱਲਣ ਦੀ ਥਾਂ ਰਸਮੀ ਫੈਸਲੇ ਨਾਲ ਫਿਰ ਆਪਣੇ ਹੱਥ ਬੰਨ੍ਹ ਲਵਾਂਗੇ। ਜੰਗ ਵਿਚ ਤੁਹਾਨੂੰ ਆਪਣੇ ਆਪ ਨੂੰ ਕਦੀ ਰਸਮੀ ਫੈਸਲਿਆਂ ਨਾਲ ਨਹੀਂ ਬੰਨ੍ਹ ਲੈਣਾ ਚਾਹੀਦਾ। ਜੰਗ ਦਾ ਇਤਿਹਾਸ ਨਾ ਜਾਨਣਾ, ਇਹ ਨਾ ਜਾਨਣਾ ਕਿ ਸੰਧੀ ਤਾਕਤ ਇਕੱਠੀ ਕਰਨ ਦਾ ਸਾਧਨ ਹੁੰਦੀ ਹੈ, ਕਿੰਨੀਂ ਹਾਸੋਹੀਣੀ ਗੱਲ ਹੈ—ਮੈਂ ਪਹਿਲਾਂ

---

*ਦੇਖੋ ਕਿਰਤ ਸੰਗ੍ਰਹਿ, ਸੈਂਚੀ ੨੭, ਸਫਾ ੫੦-੫੧।—**ਸੰਪਾ:**

ਹੀ ਪਰੂਸ਼ੀਅਨ ਇਤਿਹਾਸ ਦਾ ਜ਼ਿਕਰ ਕਰ ਚੁੱਕਾ ਹਾਂ। ਕੁਝ ਲੋਕ ਹਨ ਜਿਹੜੇ ਬਿਲਕੁਲ ਬੱਚਿਆਂ ਵਾਂਗ ਹਨ, ਉਹ ਖਿਆਲ ਕਰਦੇ ਹਨ ਕਿ ਜੇ ਅਸੀਂ ਸੰਧੀ ਉਪਰ ਦਸਖਤ ਕਰ ਦਿੱਤੇ ਹਨ ਤਾਂ ਅਸੀਂ ਆਪਣੇ ਆਪ ਨੂੰ ਸ਼ੈਤਾਨ ਕੋਲ ਵੇਚ ਦਿੱਤਾ ਹੈ ਤੇ ਨਰਕਾਂ ਵਿਚ ਜਾ ਡਿੱਗੇ ਹਾਂ। ਇਹ ਬਿਲਕੁਲ ਹਾਸੋਹੀਣਾ ਹੈ ਜਦੋਂ ਜੰਗ ਦੇ ਇਤਿਹਾਸ ਤੋਂ ਇਹ ਬਿਲਕੁਲ ਪ੍ਰਤੱਖ ਹੈ ਕਿ ਹਾਰ ਤੋਂ ਪਿਛੋਂ ਸੰਧੀ ਕਰਨਾ ਤਾਕਤ ਇਕੱਠੀ ਕਰਨ ਦਾ ਸਾਧਨ ਹੁੰਦਾ ਹੈ। ਇਤਿਹਾਸ ਵਿਚ ਐਸੀਆਂ ਮਿਸਾਲਾਂ ਮਿਲਦੀਆਂ ਹਨ ਕਿ ਇਕ ਜੰਗ ਤੋਂ ਤੁਰਤ ਪਿਛੋਂ ਦੂਜੀ ਜੰਗ ਹੁੰਦੀ ਰਹੀ ਹੈ, ਅਸੀਂ ਸਾਰੇ ਇਹ ਭੁੱਲ ਗਏ ਹਾਂ, ਅਸੀਂ ਦੇਖਦੇ ਹਾਂ ਕਿ ਪੁਰਾਣੀ ਜੰਗ ਬਦਲ ਕੇ...।* ਜੇ ਤੁਸੀਂ ਚਾਹੋ ਤਾਂ ਤੁਸੀਂ ਹਮੇਸ਼ਾ ਲਈ ਆਪਣੇ ਆਪ ਨੂੰ ਬਾਕਾਇਦਾ ਫੈਸਲਿਆਂ ਨਾਲ ਬੰਨ੍ਹ ਸੱਕਦੇ ਹੋ ਤੇ ਫਿਰ ਸਾਰੀਆਂ ਜ਼ਿਮੇਵਾਰ ਪਦਵੀਆਂ ਖੱਬੇ ਸੋਸ਼ਲਿਸਟ-ਇਨਕਲਾਬੀਆਂ ਦੇ ਹਵਾਲੇ ਕਰ ਦੇਵੋ। ਅਸੀਂ ਇਸਦੀ ਜ਼ਿਮੇਵਾਰੀ ਨਹੀਂ ਲਵਾਂਗੇ। ਇਥੇ ਦੁਫੇੜ ਦੀ ਜ਼ਰਾ ਵੀ ਇੱਛਾ ਨਹੀਂ ਹੈ। ਮੈਨੂੰ ਯਕੀਨ ਹੈ ਕਿ ਘਟਣਾਵਾਂ ਤੁਹਾਨੂੰ ਸਿਖਾਉਣਗੀਆਂ—੧੨ ਮਾਰਚ ਕੋਈ ਬਹੁਤੀ ਦੂਰ ਨਹੀਂ, ਤੇ ਤੁਹਾਨੂੰ ਕਾਫੀ ਮਸਾਲਾ[49] ਮਿਲ ਜਾਇਗਾ।

ਸਾਥੀ ਟਰਾਟਸਕੀ ਦਾ ਕਹਿਣਾ ਹੈ ਕਿ ਇਹ ਸ਼ਬਦ ਦੇ ਪੂਰੇ ਅਰਥਾਂ ਵਿਚ ਧੋਖੇਬਾਜ਼ੀ ਹੋਵੇਗੀ। ਮੇਰਾ ਵਿਸ਼ਵਾਸ ਹੈ ਕਿ ਇਹ ਬਿਲਕੁਲ ਗ਼ਲਤ ਦ੍ਰਿਸ਼ਟੀਕੋਨ ਹੈ।** ਇਸਨੂੰ ਠੋਸ ਤਰ੍ਹਾਂ ਨਾਲ ਦਰਸਾਉਣ ਲਈ ਮੈਂ ਤੁਹਾਨੂੰ ਇਕ ਉਦਾਹਰਣ ਦੇਵਾਂਗਾ: ਦੋ ਆਦਮੀ ਨਾਲੋ ਨਾਲ ਤੁਰ ਰਹੇ ਹਨ ਤੇ ਉਹਨਾਂ ਉੱਪਰ ਦੱਸ ਆਦਮੀ ਹਮਲਾ ਕਰ ਦੇਂਦੇ ਹਨ, ਇਕ ਲੜਦਾ ਹੈ ਤੇ ਦੂਜਾ ਨੱਠ ਜਾਂਦਾ ਹੈ—ਇਹ ਧੋਖਾ ਹੈ; ਪਰ ਫਰਜ਼ ਕਰੋ ਸਾਡੇ ਕੋਲ ਇਕ ਇਕ ਲਖ ਦੀਆਂ ਦੋ ਫੌਜਾਂ ਹਨ ਤੇ ਉਹਨਾਂ ਦੇ ਮੁਕਾਬਲੇ ਤੇ ਪੰਜ ਫੌਜਾਂ ਹਨ; ਇਕ ਫੌਜ ਨੂੰ ਦੋ ਲਖ ਸਿਪਾਹੀ ਘੇਰ ਲੈਂਦੇ ਹਨ ਤੇ ਦੂਜੀ ਨੂੰ ਇਸਦੀ ਸਹਾਇਤਾ ਉਤੇ ਜਾਣਾ ਚਾਹੀਦਾ ਹੈ; ਇਹ ਜਾਣਦਿਆਂ ਕਿ ਦੁਸ਼ਮਨ ਦੇ ਬਾਕੀ ਤਿੰਨ ਲੱਖ ਸਿਪਾਹੀ ਇਸਨੂੰ ਫਸਾਉਣ ਲਈ ਘਾਤ ਲਾਈ ਬੈਠੇ ਹਨ, ਕੀ ਦੂਜੀ ਫੌਜ ਨੂੰ ਪਹਿਲੀ ਦੀ ਸਹਾਇਤਾ ਉੱਤੇ ਜਾਣਾ ਚਾਹੀਦਾ ਹੈ? ਨਹੀਂ ਜਾਣਾ ਚਾਹੀਦਾ। ਇਹ ਧੋਖਾ ਨਹੀਂ ਹੈ, ਇਹ ਬੁਜ਼ਦਿਲੀ ਨਹੀਂ; ਸਿਰਫ ਗਿਣਤੀ ਵਿਚ ਵਾਧੇ ਨੇ ਸਭ ਸੰਕਲਪ ਬਦਲ

---

*ਲਫਜ਼-ਬਲਫਜ਼ ਰੀਪੋਰਟ ਵਿਚੋਂ ਕਈ ਲਫਜ਼ ਮਿਟੇ ਹੋਏ ਹਨ—**ਸੰਪਾ:**

**ਸਕੱਤਰ ਦੇ ਰੀਕਾਰਡ ਵਿਚ ਇਹਨਾਂ ਸ਼ਬਦਾਂ ਨਾਲ ਸ਼ੁਰੂ ਹੁੰਦਾ ਪੈਰਾ: "...ਤਾਕਤ ਇਕੱਠੀ ਕਰਨ ਦਾ ਸਾਧਨ ਹੈ..." ਇਸ ਪ੍ਰਕਾਰ ਹੈ: "...ਤਾਕਤ ਇਕੱਠੀ ਕਰਨ ਲਈ ਹੈ। ਇਤਿਹਾਸ ਨੇ ਹਰ ਤਰ੍ਹਾਂ ਦੀਆਂ ਸੈਂਕੜੇ ਸੰਧੀਆਂ ਸਿਰਜੀਆਂ ਹਨ। ਤਾਂ ਫਿਰ ਸਰਕਾਰੀ ਪਦਵੀਆਂ ਟਰਾਟਸਕੀ ਤੇ ਦੂਜਿਆਂ ਨੂੰ ਦੇ ਦਿਓ...।"—**ਸੰਪਾ:**

ਦਿੱਤੇ ਹਨ। ਇਸ ਤਰ੍ਹਾਂ ਨਾਲ ਕਾਰਵਾਈ ਕਰ ਕੇ ਮੈਂ ਆਪਣੀ ਫੌਜ ਨੂੰ ਕਾਇਮ ਰੱਖ ਰਿਹਾ ਹਾਂ; ਦੂਜੀ ਫੌਜ ਨੂੰ ਫੜੀ ਜਾਣ ਦਿਓ, ਮੈਂ ਆਪਣੀ ਨੂੰ ਨਵਾਂ ਰੂਪ ਦੇ ਸਕਾਂਗਾ, ਮੇਰੇ ਇਤਿਹਾਦੀ ਹਨ, ਮੈਂ ਉਡੀਕ ਕਰਾਂਗਾ ਜਦੋਂ ਤੱਕ ਇਤਿਹਾਦੀ ਨਹੀਂ ਪੁੱਜ ਜਾਂਦੇ। ਇਹ ਦਲੀਲ ਦਾ ਇਕੋ ਇਕ ਤਰੀਕਾ ਹੈ; ਜਦੋਂ ਫੌਜੀ ਦਲੀਲਾਂ ਨੂੰ ਦੂਜੀਆਂ ਦਲੀਲਾਂ ਨਾਲ ਗਡ-ਮਡ ਕੀਤਾ ਜਾਂਦਾ ਹੈ, ਤਾਂ ਤੁਹਾਡੇ ਹੱਥ ਕੁਝ ਨਹੀਂ ਆਉਂਦਾ ਸਿਵਾਏ ਫੋਕੀ ਲੱਫਾਜ਼ੀ ਦੇ। ਇਹ ਸਿਆਸਤ ਚਲਾਉਣ ਦਾ ਤਰੀਕਾ ਨਹੀਂ।

ਅਸੀਂ ਜੋ ਕੁਝ ਕੀਤਾ ਜਾ ਸਕਦਾ ਸੀ, ਕੀਤਾ ਹੈ। ਸੰਧੀ ਉਪਰ ਦਸਖਤ ਕਰਕੇ ਅਸੀਂ ਪੀਤਰੋਗਰਾਦ ਨੂੰ ਬਚਾ ਲਿਆ ਹੈ, ਭਾਵੇਂ ਕੁਝ ਦਿਨਾਂ ਲਈ ਹੀ। (ਸਕੱਤਰਾਂ ਤੇ ਸਟੈਨੋਗਰਾਫਰਾਂ ਨੂੰ ਇਹ ਗੱਲ ਰੀਕਾਰਡ ਕਰਨ ਬਾਰੇ ਨਹੀਂ ਸੋਚਣਾ ਚਾਹੀਦਾ।) ਸੰਧੀ ਸਾਥੋਂ ਮੰਗ ਕਰਦੀ ਹੈ ਕਿ ਅਸੀਂ ਫਿਨਲੈਂਡ ਤੋਂ ਆਪਣੀਆਂ ਫੌਜਾਂ ਕੱਢ ਲਈਏ, ਉਹ ਫੌਜਾਂ ਜਿਨ੍ਹਾਂ ਦਾ ਸਪਸ਼ਟ ਤੌਰ ਤੇ ਕੋਈ ਲਾਭ ਨਹੀਂ, ਪਰ ਫਿਨਲੈਂਡ ਵਿਚ ਹਥਿਆਰ ਲਿਜਾਣ ਉੱਤੇ ਸਾਡੇ ਲਈ ਮਨਾਹੀ ਨਹੀਂ। ਜੇ ਕੁਝ ਦਿਨ ਪਹਿਲਾਂ ਪੀਤਰੋਗਰਾਦ ਹਾਰ ਚੁੱਕਾ ਹੁੰਦਾ ਤਾਂ ਸ਼ਹਿਰ ਹਫੜਾ-ਦਫੜੀ ਦੀ ਹਾਲਤ ਵਿਚ ਹੁੰਦਾ ਤੇ ਅਸੀਂ ਕੁਝ ਵੀ ਕੱਢਣ ਦੇ ਸਮਰੱਥ ਨਾ ਹੁੰਦੇ; ਪਰ ਉਹਨਾਂ ਪੰਜਾਂ ਦਿਨਾਂ ਵਿਚ ਅਸੀਂ ਆਪਣੇ ਫਿੱਨਿਸ਼ ਸਾਥੀਆਂ ਦੀ ਸਹਾਇਤਾ ਕੀਤੀ ਹੈ—ਕਿੰਨੀ ਕੁ, ਇਸ ਬਾਰੇ ਮੈਂ ਕੁਝ ਨਹੀਂ ਕਹਾਂਗਾ, ਉਹ ਖੁਦ ਜਾਣਦੇ ਹਨ।

ਇਹ ਬਿਆਨ ਕਿ ਅਸੀਂ ਫਿਨਲੈਂਡ ਨਾਲ ਗ਼ਦਾਰੀ ਕੀਤੀ ਹੈ, ਸਿਰਫ ਬੱਚਗਾਨਾ ਲੱਫਾਜ਼ੀ ਹੈ। ਅਸੀਂ ਜਰਮਨਾਂ ਸਾਮ੍ਹਣੇ ਵੇਲੇ ਸਿਰ ਪਿੱਛੇ ਹਟ ਕੇ ਹੀ ਫਿੱਨਾਂ ਦੀ ਸਹਾਇਤਾ ਕੀਤੀ ਹੈ। ਰੂਸ ਕਦੀ ਵੀ ਤਬਾਹ ਨਹੀਂ ਹੋ ਚੱਲਿਆ ਕਿਉਂਕਿ ਪੀਤਰੋਗਰਾਦ ਹਾਰ ਗਿਆ ਹੈ, ਸਾਥੀ ਬੁਖਾਰੀਨ ਇਸ ਵਿਚ ਹਜ਼ਾਰ ਵਾਰ ਠੀਕ ਹੈ, ਪਰ ਜੇ ਅਸੀਂ ਬੁਖਾਰੀਨ ਦੇ ਢੰਗ ਨਾਲ ਯੁੱਧ-ਚਾਲ ਚੱਲੀਏ ਤਾਂ ਹੋ ਸੱਕਦਾ ਹੈ ਅਸੀਂ ਚੰਗਾ ਇਨਕਲਾਬ ਤਬਾਹ ਕਰ ਲਈਏ। (**ਹਾਸਾ**)

ਅਸੀਂ ਨਾ ਫਿਨਲੈਂਡ ਨਾਲ ਗ਼ੱਦਾਰੀ ਕੀਤੀ ਹੈ, ਨਾ ਯੂਕਰੇਨ ਨਾਲ। ਕੋਈ ਵੀ ਜਮਾਤੀ ਚੇਤੰਨਤਾ ਵਾਲਾ ਕਾਮਾ ਸਾਨੂੰ ਇਹ ਦੋਸ਼ ਨਹੀਂ ਦੇਵੇਗਾ। ਅਸੀਂ ਜਿੰਨਾਂ ਵਧ ਤੋਂ ਵਧ ਹੋ ਸੱਕਦਾ ਹੈ, ਮਦਦ ਕਰ ਰਹੇ ਹਾਂ। ਅਸੀਂ ਆਪਣੀ ਫੌਜ ਵਿਚੋਂ ਇਕ ਵੀ ਚੰਗਾ ਆਦਮੀ ਨਹੀਂ ਕਢਿਆ ਤੇ ਨਾ ਕਢਾਂਗੇ। ਅਸੀਂ ਕਹਿੰਦੇ ਹਾਂ ਕਿ ਹਾਫਮੈਨ ਸਾਨੂੰ ਫੜ ਲਵੇਗਾ—ਬੇਸ਼ਕ ਉਹ ਫੜ ਸਕਦਾ ਹੈ, ਮੈਨੂੰ ਇਸ ਉੱਤੇ ਸ਼ੱਕ ਨਹੀਂ, ਪਰ ਉਸਨੂੰ ਇਸ ਉੱਤੇ ਕਿੰਨੇ ਦਿਨ ਲੱਗਣਗੇ, ਉਸਨੂੰ ਨਹੀਂ ਪਤਾ, ਤੇ ਕਿਸੇ ਨੂੰ ਨਹੀਂ ਪਤਾ। ਇਸ ਤੋਂ ਛੁੱਟ, ਉਸ ਵਲੋਂ ਸਾਨੂੰ ਫੜ ਲੈਣ ਬਾਰੇ ਤੁਹਾਡੀਆਂ ਦਲੀਲਾਂ ਤਾਕਤਾਂ ਦੇ ਰਾਜਸੀ ਸੰਗਮੇਲ ਦੀਆਂ ਦਲੀਲਾਂ ਹਨ, ਜਿਸ ਬਾਰੇ ਮੈਂ ਮਗਰੋਂ ਗੱਲ ਕਰਾਂਗਾ।

ਹੁਣ ਜਦ ਕਿ ਮੈਂ ਵਿਸਥਾਰ ਨਾਲ ਦੱਸ ਦਿਤਾ ਹੈ ਕਿ ਮੈਂ ਟਰਾਟਸਕੀ ਦੀ ਤਜਵੀਜ਼ ਮੰਨਣ ਤੋਂ ਕਿਉਂ ਬਿਲਕੁਲ ਅਸਮਰੱਥ ਹਾਂ—ਤੁਸੀਂ ਸਿਆਸਤ ਨੂੰ ਇਸ ਤਰ੍ਹਾਂ ਨਾਲ ਨਹੀਂ ਚਲਾ ਸਕਦੇ—ਮੈਂ ਇਹ ਜ਼ਰੂਰ ਕਹਾਂਗਾ ਕਿ ਰਾਦੇਕ ਨੇ ਸਾਨੂੰ ਇਸ ਦੀ ਇਕ ਉਦਾਹਰਣ ਦਿੱਤੀ ਹੈ ਕਿ ਸਾਡੀ ਕਾਂਗਰਸ ਵਿਚ ਸਾਥੀ ਉਸ ਤਰ੍ਹਾਂ ਦੀ ਫੋਕੀ ਲੱਫਾਜ਼ੀ ਤੋਂ ਕਿੰਨਾਂ ਲਾਂਭੇ ਹਟ ਚੁੱਕੇ ਹਨ, ਜਿਸਨੂੰ ਉਰੀਤਸਕੀ ਅਜੇ ਤੱਕ ਚੰਬੜਿਆ ਹੋਇਆ ਹੈ। ਮੈਂ ਉਸ ਤਕਰੀਰ ਵਿਚ ਉਸਨੂੰ ਫੋਕੀ ਲੱਫਾਜ਼ੀ ਦਾ ਯਕੀਨਨ ਦੋਸ਼ੀ ਨਹੀਂ ਠਹਿਰਾ ਸਕਦਾ। ਉਸਨੇ ਕਿਹਾ ਸੀ: "ਇਸ ਵਿਚ ਜ਼ਰਾ ਵੀ ਧੋਖਾ ਨਹੀਂ, ਜ਼ਰਾ ਵੀ ਅਪਮਾਣ ਨਹੀਂ, ਕਿਉਂਕਿ ਇਹ ਸਪਸ਼ਟ ਹੈ ਕਿ ਤੁਸੀਂ ਛਾ ਜਾਣ ਵਾਲੀ ਫੌਜੀ ਤਾਕਤ ਦੇ ਰੂਬਰੂ ਪਿੱਛੇ ਹਟੇ।" ਇਹ ਐਸਾ ਮੁਲੰਕਣ ਹੈ ਜਿਹੜਾ ਟਰਾਟਸਕੀ ਦੀ ਪੁਜ਼ੀਸ਼ਨ ਨੂੰ ਖਤਮ ਕਰ ਦੇਂਦਾ ਹੈ। ਜਦੋਂ ਰਾਦੇਕ ਨੇ ਕਿਹਾ ਕਿ "ਸਾਨੂੰ ਆਪਣੀਆਂ ਦੰਦੀਆਂ ਕਰੀਚਣੀਆਂ ਤੇ ਆਪਣੀਆਂ ਸ਼ਕਤੀਆਂ ਨੂੰ ਤਿਆਰ ਕਰਨਾ ਚਾਹੀਦਾ ਹੈ" ਤਾਂ ਉਹ ਠੀਕ ਸੀ—ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ—ਦਮਗਜੇ ਨਾ ਮਾਰੋ, ਕਚੀਚੀਆਂ ਵੱਟੋ ਤੇ ਤਿਆਰੀਆਂ ਕਰੋ।

ਦਮਗਜੇ ਨਾ ਮਾਰੋ, ਕਚੀਚੀਆਂ ਵੱਟੋ ਤੇ ਤਾਕਤ ਇਕੱਠੀ ਕਰੋ। ਇਨਕਲਾਬੀ ਜੰਗ ਆਵੇਗੀ, ਇਸ ਬਾਰੇ ਕੋਈ ਮਤਭੇਦ ਨਹੀਂ; ਮਤਭੇਦ ਤਿਲਸਿਤ ਦੇ ਅਮਨ ਬਾਰੇ ਹੈ—ਅਸੀਂ ਇਹ ਕਰੀਏ ਜਾਂ ਨਾਂ? ਇਸਦਾ ਸਭ ਤੋਂ ਮੰਦਾ ਪੱਖ ਇਹ ਹੈ ਕਿ ਸਾਡੇ ਕੋਲ ਬੀਮਾਰ ਫੌਜ ਹੈ, ਤੇ ਇਸ ਲਈ ਕੇਂਦਰੀ ਕਮੇਟੀ ਕੋਲ ਪੱਕੀ ਸੇਧ ਹੋਣੀ ਚਾਹੀਦੀ ਹੈ ਨਾ ਕਿ ਮਤਭੇਦ ਜਾਂ ਵਿਚ-ਵਿਚਾਲੇ ਦੀ ਸੇਧ ਜਿਸਦੀ ਸਾਥੀ ਬੁਖਾਰੀਨ ਵੀ ਹਿਮਾਇਤ ਕਰਦਾ ਹੈ। ਮੈਂ ਮੁਹਲਤ ਦੇ ਸਮੇਂ ਨੂੰ ਸ਼ੋਖ ਰੰਗਾਂ ਵਿਚ ਨਹੀਂ ਚਿਤਰ ਰਿਹਾ; ਕਿਸੇ ਨੂੰ ਨਹੀਂ ਪਤਾ ਕਿ ਇਹ ਕਿੰਨਾਂ ਚਿਰ ਚੱਲੇਗਾ, ਤੇ ਮੈਨੂੰ ਵੀ ਨਹੀਂ ਪਤਾ। ਮੈਨੂੰ ਇਹ ਕਹਿਣ ਲਈ ਮਜਬੂਰ ਕਰਨ ਵਾਸਤੇ ਜਿਹੜੇ ਯਤਨ ਕੀਤੇ ਜਾ ਰਹੇ ਹਨ ਕਿ ਇਹ ਕਿੰਨਾਂ ਚਿਰ ਚੱਲੇਗਾ, ਉਹ ਹਾਸੋਹੀਣੇ ਹਨ। ਜਦੋਂ ਤੱਕ ਮੁਖ ਲਾਈਨਾਂ ਉੱਪਰ ਸਾਡਾ ਕਬਜ਼ਾ ਹੈ, ਅਸੀਂ ਯੂਕਰੇਨ ਤੇ ਫਿਨਲੈਂਡ ਦੀ ਸਹਾਇਤਾ ਕਰ ਰਹੇ ਹਾਂ। ਅਸੀਂ ਮੁਹਲਤ ਤੋਂ ਲਾਭ ਉਠਾ ਰਹੇ ਹਾਂ, ਯੁਧ-ਚਾਲਾਂ ਚੱਲ ਰਹੇ ਹਾਂ ਤੇ ਪਿੱਛੇ ਹਟ ਰਹੇ ਹਾਂ।

ਜਰਮਨ ਮਜ਼ਦੂਰ ਨੂੰ ਹੁਣ ਇਹ ਨਹੀਂ ਦੱਸਿਆ ਜਾ ਸਕਦਾ ਕਿ ਰੂਸੀ ਹਾਸੋਹੀਣੇ ਬਣ ਰਹੇ ਹਨ, ਕਿਉਂਕਿ ਇਹ ਹੁਣ ਸਪਸ਼ਟ ਹੈ ਕਿ ਜਰਮਨ ਤੇ ਜਾਪਾਨੀ ਸਾਮਰਾਜ ਹਮਲਾ ਕਰ ਰਹੇ ਹਨ—ਹਰ ਇਕ ਨੂੰ ਇਹ ਸਪਸ਼ਟ ਹੋ ਜਾਵੇਗਾ; ਬਾਲਸ਼ਵਿਕਾਂ ਦਾ ਗਲਾ ਘੁੱਟਣ ਦੀ ਇੱਛਾ ਤੋਂ ਛੁੱਟ, ਜਰਮਨ ਪੱਛਮ ਵਿਚ ਵੀ ਕੁਝ ਗਲੇ ਘੁੱਟਣੇ ਚਾਹੁੰਦੇ ਹਨ, ਸਭ ਕੁਝ ਗਡ-ਮਡ ਹੋਇਆ ਪਿਆ ਹੈ, ਤੇ ਇਸ ਜੰਗ ਵਿਚ ਸਾਨੂੰ ਯੁਧ-ਚਾਲਾਂ ਚੱਲਣੀਆਂ ਪੈਣਗੀਆਂ ਤੇ ਇਸਦੇ ਯੋਗ ਹੋਣਾ ਪਵੇਗਾ।

ਸਾਥੀ ਬੁਖਾਰੀਨ ਦੀ ਤਕਰੀਰ ਦੇ ਸੰਬੰਧ ਵਿਚ, ਮੈਂ ਜ਼ਰੂਰ ਕਹਾਂਗਾ ਕਿ ਜਦੋਂ ਉਸ ਕੋਲੋਂ ਦਲੀਲਾਂ ਮੁੱਕ ਜਾਂਦੀਆਂ ਹਨ ਤਾਂ ਉਹ ਉਰੀਤਸਕੀ ਦੇ ਅੰਦਾਜ਼ ਵਿਚ ਕੁਝ ਸਾਮ੍ਹਣੇ ਰਖਦਾ ਹੈ ਤੇ ਕਹਿੰਦਾ ਹੈ, "ਸੰਧੀ ਸਾਡਾ ਅਪਮਾਣ ਕਰਦੀ ਹੈ।" ਇਥੇ ਕਿਸੇ ਦਲੀਲ ਦੀ ਲੋੜ ਨਹੀਂ; ਜੇ ਸਾਡਾ ਅਪਮਾਣ ਕੀਤਾ ਗਿਆ ਹੈ ਤਾਂ ਸਾਨੂੰ ਆਪਣੇ ਕਾਗ਼ਜ਼ ਸਮੇਟਣੇ ਤੇ ਨੱਠ ਉੱਠਣਾ ਚਾਹੀਦਾ ਹੈ, ਪਰ ਭਾਵੇਂ ਸਾਡਾ "ਅਪਮਾਣ ਹੋਇਆ ਹੈ," ਮੇਰਾ ਨਹੀਂ ਖਿਆਲ ਕਿ ਸਾਡੀ ਪੁਜ਼ੀਸ਼ਨ ਡਾਵਾਂਡੋਲ ਹੋ ਗਈ ਹੈ। ਸਾਥੀ ਬੁਖਾਰੀਨ ਨੇ ਸਾਡੀ ਪੁਜ਼ੀਸ਼ਨ ਦੇ ਜਮਾਤੀ ਆਧਾਰ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਸ ਤਰ੍ਹਾਂ ਕਰਨ ਦੀ ਥਾਂ ਸਾਨੂੰ ਇਕ ਮਰ ਚੁੱਕੇ ਮਾਸਕੋ ਅਰਥ-ਵਿਗਿਆਨੀ ਬਾਰੇ ਇਕ ਚੁਟਕਲਾ ਸੁਣਾ ਦਿੱਤਾ। ਜਦੋਂ ਤੁਹਾਨੂੰ ਸਾਡੇ ਦਾਅ-ਪੇਚਾਂ ਤੇ ਖੁਰਾਕ ਦੀ ਸੱਟੇਬਾਜ਼ੀ ਵਿਚਕਾਰ ਕੋਈ ਸੰਬੰਧ ਲੱਭਾ — ਇਹ ਸਚਮੁਚ ਹਾਸੋਹੀਣਾ ਹੈ — ਤਾਂ ਤੁਸੀਂ ਭੁੱਲ ਗਏ ਕਿ ਸਮੁੱਚੇ ਤੌਰ ਤੇ ਜਮਾਤ ਦਾ ਵਤੀਰਾ, ਜਮਾਤ ਦਾ, ਨਾ ਕਿ ਅੰਨ ਦੇ ਸੱਟੇਬਾਜ਼ਾਂ ਦਾ ਵਤੀਰਾ, ਦਰਸਾਉਂਦਾ ਹੈ ਕਿ ਰੂਸੀ ਬੁਰਜੂਆਜ਼ੀ ਤੇ ਉਹਨਾਂ ਦੇ ਪਿਛਲੱਗ — "ਦੀਏਲੋ ਨਰੋਦਾ" ਤੇ "ਨੋਵਾਯਾ ਜਿਜ਼ਨ" ਦੇ ਲੇਖਕ — ਸਾਨੂੰ ਜੰਗ ਵਿਚ ਧੱਕਣ ਲਈ ਆਪਣੀ ਪੂਰੀ ਵਾਹ ਲਾ ਰਹੇ ਹਨ। ਤੁਸੀਂ ਇਸ ਜਮਾਤੀ ਤੱਥ ਉਪਰ ਜ਼ੋਰ ਨਹੀਂ ਦੇਂਦੇ। ਇਸ ਵੇਲੇ ਜਰਮਨੀ ਦੇ ਖਿਲਾਫ ਜੰਗ ਦਾ ਐਲਾਨ ਕਰਨ ਦਾ ਮਤਲਬ ਰੂਸੀ ਬੁਰਜੂਆਜ਼ੀ ਦੀ ਭੜਕਾਹਟ ਵਿਚ ਆਉਣਾ ਹੋਵੇਗਾ। ਇਹ ਨਵਾਂ ਨਹੀਂ ਕਿਉਂਕਿ ਇਹ ਅੱਜ ਸਾਡੇ ਤੋਂ ਛੁਟਕਾਰਾ ਪਾਉਣ ਦਾ ਸਭ ਤੋਂ ਵਧ ਯਕੀਨੀ — ਮੈਂ ਨਹੀਂ ਕਹਿੰਦਾ ਕਿ ਬਿਲਕੁਲ ਯਕੀਨੀ, ਕਿਉਂਕਿ ਕੁਝ ਵੀ ਬਿਲਕੁਲ ਯਕੀਨੀ ਨਹੀਂ — ਸਭ ਤੋਂ ਵਧ ਯਕੀਨੀ ਤਰੀਕਾ ਹੈ। ਜਦੋਂ ਸਾਥੀ ਬੁਖਾਰੀਨ ਇਹ ਕਹਿੰਦਾ ਹੈ ਕਿ ਘਟਣਾਵਾਂ ਉਹਨਾਂ ਦੇ ਪਾਸੇ ਹਨ, ਕਿ ਅਖੀਰ ਅਸੀਂ ਇਨਕਲਾਬੀ ਜੰਗ ਨੂੰ ਮੰਨ ਲਵਾਂਗੇ, ਤਾਂ ਉਹ ਸੌਖੀ ਜਿੱਤ ਮਣਾ ਰਿਹਾ ਹੈ ਕਿਉਂਕਿ ਅਸੀਂ ੧੯੧੫ ਵਿਚ ਹੀ ਇਨਕਲਾਬੀ ਜੰਗ ਦੀ ਅਟੱਲਤਾ ਬਾਰੇ ਭਵਿੱਖਬਾਣੀ ਕੀਤੀ ਸੀ। ਸਾਡੇ ਮਤਭੇਦ ਇਸ ਬਾਰੇ ਸਨ — ਜਰਮਨ ਹਮਲਾ ਕਰਨਗੇ ਜਾਂ ਨਹੀਂ; ਕਿ ਸਾਨੂੰ ਐਲਾਨ ਕਰ ਦੇਣਾ ਚਾਹੀਦਾ ਸੀ ਕਿ ਜੰਗ ਦੀ ਅਵਸਥਾ ਖਤਮ ਹੋ ਗਈ ਹੈ; ਕਿ ਇਨਕਲਾਬੀ ਜੰਗ ਦੇ ਹਿਤਾਂ ਵਿਚ ਸਾਨੂੰ ਪਿੱਛੇ ਹੱਟਣਾ ਪਵੇਗਾ, ਸਮਾਂ ਲੈਣ ਲਈ ਇਲਾਕਾ ਹਵਾਲੇ ਕਰਦਿਆਂ। ਰਣਨੀਤੀ ਤੇ ਸਿਆਸਤ ਕਲਪਣਾ ਵਿਚ ਆ ਸੱਕਣ ਵਾਲੀ ਸਭ ਤੋਂ ਘਿਣਾਉਣੀ ਅਮਨ ਸੰਧੀ ਕਰਨ ਬਾਰੇ ਕਹਿੰਦੀਆਂ ਹਨ। ਇਕ ਵਾਰੀ ਅਸੀਂ ਇਹ ਦਾਅ-ਪੇਚ ਮੰਨ ਲਏ ਤਾਂ ਸਾਡੇ ਸਾਰੇ ਮਤਭੇਦ ਖਤਮ ਹੋ ਜਾਣਗੇ।

ਸੰਖੇਪ ਰੀਪੋਰਟ "ਰਾਬੋਚੇ-ਕਰੇਸਤੇਆਂਸਕੀ ਨੀਜੇਗੋਰੋਦਸਕੀ ਲਿਸਤੋਕ" ਨੰ: ੫੪ ਵਿਚ ਛਪੀ ੧੯ (੬) ਮਾਰਚ, ੧੯੧੮

ਸੈਂਚੀ ੩੬, ਸਫੇ ੨੭—੩੪।

# "ਖੱਬੇ ਕਮਿਊਨਿਸਟਾਂ" ਵਲੋਂ ਕੇਂਦਰੀ ਕਮੇਟੀ ਦੇ ਮੈਂਬਰ ਬਨਣ ਤੋਂ ਇਨਕਾਰ ਕਰਨ ਬਾਰੇ ਮਤਾ

ਕਾਂਗਰਸ ਇਸ ਰਾਇ ਦੀ ਹੈ ਕਿ ਪਾਰਟੀ ਵਿਚ ਇਸ ਵੇਲੇ ਜੋ ਅਵਸਥਾ ਹੈ, ਉਸ ਵਿਚ ਕੇਂਦਰੀ ਕਮੇਟੀ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਨਾ ਖਾਸ ਕਰਕੇ ਅਣ-ਉਚਿੱਤ ਹੈ ਕਿਉਂਕਿ ਇਹੋ ਜਿਹੇ ਇਨਕਾਰ ਦੀ ਅਸੂਲੀ ਤੌਰ ਉਤੇ ਉਹਨਾਂ ਨੂੰ ਆਗਿਆ ਨਹੀਂ ਹੋ ਸਕਦੀ ਜਿਹੜੇ ਪਾਰਟੀ ਦੀ ਏਕਤਾ ਦੀ ਇੱਛਾ ਰੱਖਦੇ ਹਨ, ਤੇ ਅੱਜ ਏਕਤਾ ਨੂੰ ਦੂਹਰਾ ਖਤਰਾ ਹੋਵੇਗਾ।

ਕਾਂਗਰਸ ਐਲਾਨ ਕਰਦੀ ਹੈ ਕਿ ਕੇਂਦਰੀ ਕਮੇਟੀ ਵਲੋਂ ਚੁੱਕੇ ਗਏ ਕਿਸੇ ਕਦਮ ਲਈ, ਜੇ ਕੋਈ ਇਸ ਨਾਲ ਸਹਿਮਤ ਨਹੀਂ ਹੁੰਦਾ ਤਾਂ, ਇਸ ਤਰ੍ਹਾਂ ਦਾ ਐਲਾਨ ਕਰਕੇ, ਨਾ ਕਿ ਕੇਂਦਰੀ ਕਮੇਟੀ ਨੂੰ ਛੱਡ ਕੇ, ਕੋਈ ਆਪਣੀ ਜ਼ਿਮੇਵਾਰੀ ਤੋਂ ਇਨਕਾਰ ਕਰ ਸੱਕਦਾ ਹੈ ਤੇ ਉਸਨੂੰ ਕਰਨਾ ਚਾਹੀਦਾ ਹੈ।

ਕਾਂਗਰਸ ਪੱਕੀ ਆਸ ਰੱਖਦੀ ਹੈ ਕਿ ਜਨਤਕ ਜਥੇਬੰਦੀਆਂ ਨਾਲ ਸਲਾਹ ਮਸ਼ਵਰਾ ਕਰਨ ਪਿਛੋਂ ਸਾਥੀ ਆਪਣੇ ਅਸਤੀਫੇ ਵਾਪਸ ਲੈ ਲੈਣਗੇ; ਇਸ ਲਈ ਕਾਂਗਰਸ ਅਸਤੀਫੇ ਬਾਰੇ ਬਿਆਨ ਨੂੰ ਧਿਆਨ ਵਿਚ ਰੱਖੇ ਬਿਨਾਂ ਚੋਣਾਂ ਪੂਰੀਆਂ ਕਰੇਗੀ।

੮ ਮਾਰਚ, ੧੯੧੮ ਨੂੰ
ਲਿਖਿਆ ਗਿਆ

ਸੈਂਚੀ ੩੬,
ਸਫਾ ੬੯।

# "ਖੱਬੇ ਕਮਿਊਨਿਸਟਾਂ" ਦੇ ਵਤੀਰੇ ਬਾਰੇ ਟਿੱਪਣੀ

ਬਰੇਸਤ ਅਮਨ ਸਮਝੌਤਾ ਕਰਨ ਤੋਂ ਲੈ ਕੇ, ਕੁਝ ਸਾਥੀਆਂ ਨੇ, ਜਿਹੜੇ ਆਪਣੇ ਆਪ ਨੂੰ "ਖੱਬੇ ਕਮਿਊਨਿਸਟ" ਕਹਿੰਦੇ ਹਨ, ਪਾਰਟੀ ਵਿਚ "ਵਿਰੋਧੀਦਲ" ਬਣਾ ਲਿਆ ਹੈ ਤੇ ਇਸਦੇ ਸਿੱਟੇ ਵਜੋਂ ਉਹਨਾਂ ਦੀ ਸਰਗਰਮੀ ਦਿਨੋ ਦਿਨ ਵਧੇਰੇ ਪੂਰਨ ਗੈਰਵਫਾਦਾਰੀ ਤੇ ਪਾਰਟੀ ਜ਼ਬਤ ਦੀ ਅਣ-ਆਗਿਆਯੋਗ ਉਲੰਘਣਾਂ ਵੱਲ ਜਾਈ ਜਾ ਰਹੀ ਹੈ।

ਸਾਥੀ ਬੁਖਾਰੀਨ ਨੇ ਕੇਂਦਰੀ ਕਮੇਟੀ ਦੇ ਮੈਂਬਰ ਦੀ ਪਦਵੀ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਉੱਤੇ ਉਸਨੂੰ ਪਾਰਟੀ ਕਾਂਗਰਸ ਵਲੋਂ ਨਿਯੁਕਤ ਕੀਤਾ ਗਿਆ ਸੀ।

ਸਾਥੀ ਸਮਿਰਨੋਵ, ਓਬੋਲੇਨਸਕੀ ਤੇ ਯਾਕੋਵਲੇਵਾ ਨੇ ਆਪਣੇ ਲੋਕ ਕੋਮੀਸਾਰਾਂ ਤੇ ਸਰਵੁਚ ਆਰਥਕ ਕੌਂਸਲ ਦੇ ਕਾਰੋਬਾਰੀ ਮੈਨੇਜਰਾਂ ਦੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ।

ਇਹ ਬਿਲਕੁਲ ਗੈਰਵਫਾਦਾਰ, ਗੈਰ ਸਾਥੀਆਂ ਵਾਲੀਆਂ ਕਾਰਵਾਈਆਂ ਹਨ ਜਿਹੜੀਆਂ ਪਾਰਟੀ ਦੇ ਜ਼ਬਤ ਨੂੰ ਭੰਗ ਕਰਦੀਆਂ ਹਨ ਤੇ ਇਹੋ ਜਿਹਾ ਵਤੀਰਾ ਉਪੋ੍ਕਤ ਸਾਥੀਆਂ ਵਲੋਂ **ਦੁਫੇੜ ਵੱਲ ਇਕ ਕਦਮ** ਸੀ ਤੇ ਹੈ...*

੮ ਤੇ ੧੮ ਮਾਰਚ, ੧੯੧੮, ਦੇ
ਵਿਚਕਾਰ ਲਿਖਿਆ ਗਿਆ।

ਸੈਂਚੀ ੩੬,
ਸਫਾ ੭੭।

---

* ਹਥਲਿਖਤ ਇਸ ਤੋਂ ਅਗੇ ਨਹੀਂ ਜਾਂਦੀ। — **ਸੰਪਾ:**

# ਸਾਡੇ ਸਮੇਂ ਦਾ ਮੁਖ ਕਾਰਜ

ਤੂੰ ਕੰਗਾਲ, ਤੂੰ ਛੁੱਟੜ ਏਂ
ਤੂੰ ਬਲਵਾਨ, ਤੂੰ ਨਿਰਬਲ ਏਂ,
—ਹੇ ਮਾਂ ਰੂਸ![50]

ਮਨੁੱਖਾ ਇਤਿਹਾਸ ਅੱਜ ਕੱਲ ਜ਼ਬਰਦਸਤ ਤੇ ਸਭ ਤੋਂ ਵਧ ਮੁਸ਼ਕਲ ਮੋੜ ਕੱਟ ਰਿਹਾ ਹੈ, ਜਿਸ ਮੋੜ ਬਾਰੇ ਬਿਨਾਂ ਜ਼ਰਾ ਵੀ ਵਧਾਅ-ਚੜ੍ਹਾ ਦੇ ਕਿਹਾ ਜਾ ਸੱਕਦਾ ਹੈ, ਦੁਨੀਆਂ ਦੀ ਮੁਕਤੀ ਲਈ ਬੇਹੱਦ ਮਹੱਤਤਾ ਰੱਖਦਾ ਹੈ। ਜੰਗ ਵਲੋਂ ਅਮਨ ਵੱਲ ਮੋੜ; ਲੁਟੇਰਿਆਂ ਵਿਚਕਾਰ ਜੰਗ ਵਲੋਂ, ਜਿਹੜੇ ਉਹਨਾਂ ਵਿਚੋਂ ਸਭ ਤੋਂ ਵਧ ਤਗੜਿਆਂ ਵਲੋਂ ਲੁੱਟੇ ਗਏ ਮਾਲ ਨੂੰ ਵੰਡਣ ਦੀ ਨਵੀਂ ਪ੍ਰਣਾਲੀ ਸਥਾਪਤ ਕਰਨ ਲਈ ਲੱਖਾਂ ਹੀ ਮਜ਼ਦੂਰ ਤੇ ਦੱਬੇ-ਕੁਚਲੇ ਲੋਕਾਂ ਨੂੰ ਤਬਾਹੀ ਦੇ ਮੂੰਹ ਸੁੱਟਦੇ ਹਨ, ਸਰਮਾਏ ਦੇ ਜੂਲੇ ਤੋਂ ਮੁਕਤੀ ਲਈ ਜਾਬਰਾਂ ਦੇ ਖਿਲਾਫ ਦੱਬਿਆਂ-ਕੁਚਲਿਆਂ ਦੀ ਜੰਗ ਵੱਲ ਮੋੜ; ਦੁੱਖ, ਕਲੇਸ਼, ਭੁੱਖ ਤੇ ਨਿੱਘਰੀ ਅਵੱਸਥਾ ਵਲੋਂ ਕਮਿਊਨਿਸਟ ਸਮਾਜ, ਸਰਬ-ਵਿਆਪਕ ਖੁਸ਼ਹਾਲੀ ਤੇ ਪਾਇਦਾਰ ਅਮਨ ਵੱਲ ਮੋੜ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਇਸ ਤਿੱਖੇ ਮੋੜ ਦੇ ਸਭ ਤੋਂ ਵਧ ਤਿੱਖੇ ਨੁਕਤੇ ਉਪਰ, ਜਦੋਂ ਚਾਰ ਚੁਫੇਰੇ ਭਿਆਣਕ ਪੀੜਵੀਂ ਆਵਾਜ਼ ਦੇ ਨਾਲ ਪੁਰਾਣਾ ਨਿਜ਼ਾਮ ਟੁੱਟ ਰਿਹਾ ਤੇ ਢਹਿ-ਢੇਰੀ ਹੋ ਰਿਹਾ ਹੈ, ਤੇ ਅਕਹਿ ਮੁਸੀਬਤਾਂ ਦੇ ਦਰਮਿਆਨ ਨਵਾਂ ਨਿਜ਼ਾਮ ਜਨਮ ਲੈ ਰਿਹਾ ਹੈ, ਕੁਝ ਲੋਕ ਹਨ ਜਿਨ੍ਹਾਂ ਦੇ ਸਿਰ ਚਕਰਾ ਗਏ ਹਨ, ਕੁਝ ਹਨ ਜਿਹੜੇ ਨਿਰਾਸ਼ਾ ਵਿਚ ਡੁੱਬ ਗਏ ਹਨ, ਕੁਝ ਹਨ ਜਿਹੜੇ ਇਸ ਵੇਲੇ ਦੀ ਬਹੁਤ ਕੌੜੀ ਅਸਲੀਅਤ ਤੋਂ ਸੁਹਣੇ-ਸੁਣੀਂਦੇ ਤੇ ਖਿੱਚ-ਪਾਉਂਦੇ ਲਫਜ਼ਾਂ ਵਿਚ ਮੁਕਤੀ ਲੱਭਦੇ ਹਨ।

ਇਹ ਰੂਸ ਦੇ ਵੰਡੇ ਆਇਆ ਹੈ ਕਿ ਇਤਿਹਾਸ ਵਿਚਲੇ ਤੇਜ਼ ਮੋੜਾਂ ਵਿਚੋਂ ਸਭ ਤੋਂ ਤੇਜ਼ ਮੋੜ ਨੂੰ, ਜਿਸ ਵੇਲੇ ਇਹ ਸਾਮਰਾਜ ਵਲੋਂ ਕਮਿਊਨਿਸਟ ਇਨਕਲਾਬ ਵੱਲ ਘੁੰਮ ਰਿਹਾ ਹੈ, ਸਭ ਤੋਂ ਵਧ ਸਪਸ਼ਟਤਾ ਨਾਲ ਦੇਖੇ ਤੇ ਸਭ ਤੋਂ ਵਧ ਤੀਖਣਤਾ ਨਾਲ ਤੇ ਕਸ਼ਟ ਨਾਲ ਇਸ ਨੂੰ ਸਹਿਣ ਕਰੇ। ਕੁਝ ਦਿਨਾਂ ਦੇ ਅਰਸੇ ਵਿਚ ਅਸੀਂ ਸਭ ਤੋਂ ਵਧ ਪੁਰਾਣੀਆਂ, ਸਭ ਤੋਂ ਵਧ ਸ਼ਕਤੀਸ਼ਾਲੀ, ਬੇਕਿਰਕ ਤੇ ਵਹਿਸ਼ੀ ਤਾਜਸ਼ਾਹੀਆਂ ਵਿਚੋਂ ਇਕ ਨੂੰ ਤਬਾਹ

ਕਰ ਦਿੱਤਾ। ਕੁਝ ਮਹੀਨਿਆਂ ਦੇ ਅਰਸੇ ਵਿਚ ਅਸੀਂ ਬੁਰਜੂਆਜ਼ੀ ਨਾਲ ਗੰਢ-ਸੰਢ ਤੇ ਪੈਟੀ-ਬੁਰਜੂਆ ਭੁਲੇਖਿਆਂ ਨੂੰ ਲਾਹ ਮਾਰਨ ਦੇ ਕਈ ਪੜਾਵਾਂ ਵਿਚੋਂ ਲੰਘੇ, ਜਿਸ ਲਈ ਦੂਜੇ ਦੇਸਾਂ ਨੂੰ ਕਈ ਦਹਾਕੇ ਲੱਗੇ। ਕੁਝ ਹਫਤਿਆਂ ਦੇ ਅਰਸੇ ਵਿਚ, ਬੁਰਜੂਆਜ਼ੀ ਦਾ ਤਖਤਾ ਉਲਟਾਉਣ ਪਿਛੋਂ, ਅਸੀਂ ਘਰੇਲੂ ਜੰਗ ਵਿਚ ਇਸਦੇ ਖੁਲ੍ਹਮ-ਖੁਲ੍ਹਾ ਵਿਰੋਧ ਨੂੰ ਕੁਚਲ ਦਿਤਾ। ਅਸੀਂ ਵਿਸ਼ਾਲ ਦੇਸ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਬਾਲਸ਼ਵਿਕਵਾਦ ਦੀ ਜੇਤੂ ਮਾਰਚ ਵਿਚੋਂ ਲੰਘੇ। ਅਸੀਂ ਜ਼ਾਰਸ਼ਾਹੀ ਤੇ ਬੁਰਜੂਆਜ਼ੀ ਵਲੋਂ ਦਬਾਏ ਗਏ ਮਜ਼ਦੂਰ ਲੋਕਾਂ ਦੇ ਸਭ ਤੋਂ ਹੇਠਲੇ ਵਰਗਾਂ ਨੂੰ ਆਜ਼ਾਦੀ ਤੇ ਸਵੈਧੀਨ ਜ਼ਿੰਦਗੀ ਤੱਕ ਉੱਪਰ ਚੁੱਕਿਆ। ਅਸੀਂ ਸੋਵੀਅਤ ਰਾਜ ਨੂੰ, ਇਕ ਨਵੀਂ ਤਰ੍ਹਾਂ ਦੇ ਰਾਜ ਨੂੰ, ਸਥਾਪਤ ਕੀਤਾ ਤੇ ਪੱਕੇ ਪੈਰੀਂ ਕੀਤਾ, ਜਿਹੜਾ ਸਭ ਤੋਂ ਚੰਗੀ ਬੁਰਜੂਆ-ਪਾਰਲੀਮੈਂਟਰੀ ਰੀਪਬਲਿਕ ਨਾਲੋਂ ਵੀ ਕਿਤੇ ਜ਼ਿਆਦਾ ਉਚੇਰੀ ਤੇ ਵਧੇਰੇ ਜਮਹੂਰੀ ਹੈ। ਅਸੀਂ ਪ੍ਰੋਲਤਾਰੀਆਂ ਦੀ ਡਿਕਟੇਟਰਸ਼ਿਪ ਕਾਇਮ ਕੀਤੀ ਜਿਸਦੀ ਹਿਮਾਇਤ ਗ਼ਰੀਬ ਕਿਸਾਨੀ ਕਰਦੀ ਹੈ, ਤੇ ਸੋਸ਼ਲਿਸਟ ਸੁਧਾਰਾਂ ਦਾ ਵਿਸ਼ਾਲ ਤੌਰ ਤੇ ਕਲਪਿਆ ਗਿਆ ਪ੍ਰਬੰਧ ਸ਼ੁਰੂ ਕੀਤਾ। ਅਸੀਂ ਸਾਰੇ ਦੇਸਾਂ ਦੇ ਲੱਖਾਂ ਕਰੋੜਾਂ ਮਜ਼ਦੂਰਾਂ ਦਾ ਆਪਣੀ ਤਾਕਤ ਵਿਚ ਵਿਸ਼ਵਾਸ ਜਗਾਇਆ ਤੇ ਉਹਨਾਂ ਵਿਚ ਜੋਸ਼ ਦੀਆਂ ਲਾਟਾਂ ਬਾਲੀਆਂ। ਹਰ ਥਾਂ ਅਸੀਂ ਸੰਸਾਰ ਮਜ਼ਦੂਰ ਇਨਕਲਾਬ ਦਾ ਨਾਅਰਾ ਦਿਤਾ। ਅਸੀਂ ਸਾਰੇ ਦੇਸਾਂ ਦੇ ਸਾਮਰਾਜੀ ਲੁਟੇਰਿਆਂ ਨੂੰ ਵੰਗਾਰਿਆ।

ਫਿਰ ਕੁਝ ਦਿਨਾਂ ਵਿਚ ਹੀ ਇਕ ਸਾਮਰਾਜੀ ਲੁਟੇਰੇ ਨੇ ਜਿਹੜਾ ਬੇਹਥਿਆਰਾਂ ਉਪਰ ਆ ਪਿਆ, ਸਾਨੂੰ ਜ਼ਮੀਨ ਉੱਤੇ ਪਟਕਾ ਮਾਰਿਆ। ਉਸਨੇ ਸਾਨੂੰ ਯਕੀਨੋਂ-ਬਾਹਰੀ ਬੋਝਲ ਤੇ ਅਪਮਾਨਭਰੀ ਅਮਨ ਸੰਧੀ ਉਪਰ ਦਸਖਤ ਕਰਨ ਲਈ ਮਜਬੂਰ ਕਰ ਦਿਤਾ — ਜੋ ਸਾਨੂੰ ਆਪਣੇ ਆਪਨੂੰ, ਭਾਵੇਂ ਥੋਹੜੇ ਜਿਹੇ ਵਕਫੇ ਲਈ ਹੀ, ਸਾਮਰਾਜੀ ਜੰਗ ਦੇ ਆਹਿਣੀ ਪੰਜਿਆਂ ਤੋਂ ਕੱਢ ਲੈਣ ਦੀ ਹਿੰਮਤ ਕਰਨ ਦਾ ਦੰਡ ਸੀ। ਕਿਸੇ ਲੁਟੇਰੇ ਸਾਮ੍ਹਣੇ ਆਪਣੇ ਦੇਸ ਵਿਚ ਮਜ਼ਦੂਰ ਇਨਕਲਾਬ ਦਾ ਪ੍ਰਛਾਵਾਂ ਜਿਉਂ ਜਿਉਂ ਵਧੇਰੇ ਪ੍ਰਤੱਖਤਾ ਨਾਲ ਉਭਰਦਾ ਆਉਂਦਾ ਹੈ, ਰੂਸ ਨੂੰ ਕੁਚਲਣ ਤੇ ਇਸਦਾ ਗਲਾ ਘੁਟਣ, ਤੇ ਇਸਨੂੰ ਟੁਕੜੇ ਟੁਕੜੇ ਕਰਨ ਲਈ ਇਸ ਦਾ ਰੋਹ ਓਨਾ ਹੀ ਵਧਦਾ ਜਾਂਦਾ ਹੈ।

ਅਸੀਂ "ਤਿਲਸਿਤ" ਅਮਨ ਉਪਰ ਦਸਖਤ ਕਰਨ ਲਈ ਮਜਬੂਰ ਹੋ ਗਏ। ਸਾਨੂੰ ਸਵੈ-ਭੁਲੇਖੇ ਦੀ ਕੋਈ ਲੋੜ ਨਹੀਂ। ਸਾਨੂੰ ਕੌੜੀ, ਅਣਸ਼ਿੰਗਾਰੀ ਸਚਾਈ ਨੂੰ ਦਲੇਰੀ ਨਾਲ ਸਿਧਿਆਂ ਦੇਖਣਾ ਚਾਹੀਦਾ ਹੈ। ਸਾਨੂੰ ਹਾਰ, ਟੋਟੇ ਟੋਟੇ ਹੋਣ, ਗ਼ੁਲਾਮੀ ਤੇ ਅਪਮਾਣ ਦੀ ਉਸ ਖਾਈ ਨੂੰ ਪੂਰੀ ਤਰ੍ਹਾਂ, ਤਹਿ ਤੱਕ, ਮਿਨਣਾ ਚਾਹੀਦਾ ਹੈ ਜਿਸ ਵਿਚ ਸਾਨੂੰ ਹੁਣ ਧੱਕ ਦਿੱਤਾ ਗਿਆ ਹੈ। ਜਿੰਨੀਂ ਵਧੇਰੇ ਸਪਸ਼ਟਤਾ ਨਾਲ ਅਸੀਂ ਇਹ ਸਮਝਾਂਗੇ, ਆਜ਼ਾਦੀ ਲਈ ਸਾਡੀ ਦ੍ਰਿੜ੍ਹਤਾ, ਗ਼ੁਲਾਮੀ ਤੋਂ ਸਵੈਧੀਨਤਾ ਵੱਲ ਮੁੜ ਉਠੱਣ ਦੀ ਸਾਡੀ ਆਸ਼ਾ, ਤੇ ਇਹ ਯਕੀਨੀ ਬਨਾਉਣ ਲਈ ਸਾਡੀ ਅਝੁਕ ਦ੍ਰਿੜ੍ਹਤਾ ਓਨੀ ਵਧੇਰੇ ਪੱਕੀ,

ਵਧੇਰੇ ਮਜ਼ਬੂਤ ਤੇ ਪਾਣ-ਚੜ੍ਹੀ ਹੋਵੇਗੀ, ਕਿ ਕਿਸੇ ਕੀਮਤ 'ਤੇ ਵੀ ਰੂਸ ਕੰਗਾਲ ਤੇ ਨਿਰਬਲ ਨਹੀਂ ਰਿਹਾ ਤੇ ਲਫਜ਼ਾਂ ਦੇ ਪੂਰੇ ਅਰਥਾਂ ਵਿਚ ਸ਼ਕਤੀਸ਼ਾਲੀ ਤੇ ਭਰਪੂਰ ਹੋ ਗਿਆ ਹੈ।

ਤੇ ਸ਼ਕਤੀਸ਼ਾਲੀ ਤੇ ਭਰਪੂਰ ਇਹ ਬਣ ਸਕਦਾ ਹੈ, ਕਿਉਂਕਿ, ਆਖਰ, ਸਾਡੇ ਕੋਲ ਅਜੇ ਵੀ ਹਰ ਇਕ ਨੂੰ ਮੁਹਈਆ ਕਰਨ ਲਈ ਬਥੇਰਾ ਇਲਾਕਾ ਤੇ ਕੁਦਰਤੀ ਧਨ ਹੈ, ਜੇ ਭਰਪੂਰਤਾ ਨਾਲ ਨਹੀਂ ਤਾਂ ਘਟੋ ਘਟ ਜੀਵਨ ਦੇ ਲੁੜੀਂਦੇ ਸਾਧਨ ਮੁਹਈਆ ਕਰਨ ਲਈ ਹੀ ਸਹੀ। ਸਾਡਾ ਕੁਦਰਤੀ ਧਨ, ਸਾਡੀ ਮਨੁਖ-ਸ਼ਕਤੀ ਤੇ ਲੋਕਾਂ ਦੀਆਂ ਰਚਣੇਈ ਸ਼ਕਤੀਆਂ ਨੂੰ ਮਹਾਨ ਇਨਕਲਾਬ ਵਲੋਂ ਦਿੱਤਾ ਗਿਆ ਸ਼ਾਨਦਾਰ ਹੁਲਾਰਾ ਸਚਮੁਚ ਦਾ ਸ਼ਕਤੀਸ਼ਾਲੀ ਤੇ ਭਰਪੂਰ ਰੂਸ ਉਸਾਰਨ ਲਈ ਬਥੇਰਾ ਮਸਾਲਾ ਹਨ।

ਰੂਸ ਸ਼ਕਤੀਸ਼ਾਲੀ ਤੇ ਭਰਪੂਰ ਬਣ ਜਾਇਗਾ ਜੇ ਇਹ ਸਭ ਨਿਰਾਸ਼ਾ ਤੇ ਫਿਕਰੇਬਾਜ਼ੀ ਨੂੰ ਤਿਆਗ ਦੇਵੇ, ਜੇ, ਵੱਟੀਆਂ ਕਚੀਚੀਆਂ ਨਾਲ, ਉਹ ਆਪਣੀਆਂ ਸਾਰੀਆਂ ਸ਼ਕਤੀਆਂ ਇਕੱਠਿਆਂ ਕਰੇ ਤੇ ਅੰਗ ਅੰਗ ਹਰਕਤ ਵਿਚ ਲਿਆਏ, ਜੇ ਉਹ ਸਮਝ ਲਵੇ ਕਿ ਮੁਕਤੀ **ਸਿਰਫ** ਸੰਸਾਰ ਸੋਸ਼ਲਿਸਟ ਇਨਕਲਾਬ ਦੇ ਉਸ ਰਾਹ ਉਪਰ ਹੈ ਜਿਸ ਰਾਹ ਉਪਰ ਅਸੀਂ ਕਦਮ ਧਰ ਲਿਆ ਹੈ। ਉਸ ਰਾਹ ਉੱਪਰ ਅੱਗੇ ਨੂੰ ਵਧੋ, ਹਾਰਾਂ ਤੋਂ ਨਿਰਾਸ਼ ਹੋਏ ਬਿਨਾਂ, ਇਕ ਇਕ ਪੱਥਰ ਕਰਕੇ ਸੋਸ਼ਲਿਸਟ ਸਮਾਜ ਦੀਆਂ ਪੱਕੀਆਂ ਬੁਨਿਆਦਾਂ ਰੱਖੋ, ਡਿਸਿਪਲਿਨ ਤੇ ਸਵੈ-ਡਿਸਿਪਲਿਨ ਕਾਇਮ ਕਰਨ ਲਈ ਪੂਰੇ ਜ਼ੋਰ ਨਾਲ ਕੰਮ ਕਰੋ, ਹਰ ਥਾਂ ਸੰਗਠਣ, ਸੁਯੋਗਤਾ ਤੇ ਲੋਕਾਂ ਦੀਆਂ ਸਾਰੀਆਂ ਸ਼ਕਤੀਆਂ ਦੀ ਇਕਸੁਰ ਮਿਲਵਰਤਣ ਨੂੰ ਮਜ਼ਬੂਤ ਬਣਾਓ, ਉਤਪਾਦਨ ਤੇ ਵੰਡ ਉਪਰ ਕੰਟਰੋਲ ਤੇ ਇਸਦਾ ਸਰਬੰਗੀ ਲੇਖਾ-ਪੱਤਾ ਲਾਗੂ ਕਰੋ—ਇਹੋ ਜਿਹਾ ਹੈ ਤਰੀਕਾ ਫੌਜੀ ਸ਼ਕਤੀ ਤੇ ਸੋਸ਼ਲਿਸਟ ਸ਼ਕਤੀ ਉਸਾਰਨ ਦਾ।

ਇਹ ਸੱਚੇ ਸੋਸ਼ਲਿਸਟ ਦੀ, ਜਿਸਨੂੰ ਗੰਭੀਰ ਹਾਰ ਹੋਈ ਹੋਵੇ, ਸ਼ਾਨ ਦੇ ਛਾਇਆਂ ਨਹੀਂ ਹੋਵੇਗਾ, ਕਿ ਉਹ ਦਮਗਜੇ ਮਾਰੇ ਜਾਂ ਨਿਰਾਸ਼ ਹੋ ਜਾਏ। ਇਹ ਠੀਕ ਨਹੀਂ ਕਿ ਸਾਡੀ ਹਾਲਤ ਨਿਰਾਸ਼ਾਜਨਕ ਹੈ ਤੇ ਸਾਡੇ ਲਈ ਸਿਰਫ ਇਹ ਰਹਿ ਗਿਆ ਹੈ ਕਿ ਅਸੀਂ "ਅਪਮਾਣਭਰੀ" ਮੌਤ (ਸ਼ਲਾਖਤਿਚ ਦੇ ਦ੍ਰਿਸ਼ਟੀਕੋਣ ਤੋਂ ਅਪਮਾਣਭਰੀ) ਜੋ ਕਿ ਇਹ ਕਰੜੀ ਸੰਧੀ ਸਾਮ੍ਹਣੇ ਰੱਖਦੀ ਹੈ, ਤੇ ਨਿਰਾਸ਼ਾਮਈ ਲੜਾਈ ਵਿਚ "ਬਹਾਦਰਾਂ ਵਾਲੀ" ਮੌਤ ਵਿਚ ਚੋਣ ਕਰੀਏ। ਇਹ ਠੀਕ ਨਹੀਂ ਕਿ "ਤਿਲਸਿਤ" ਅਮਨ ਉਪਰ ਦਸਖਤ ਕਰਕੇ ਅਸੀਂ ਆਪਣੇ ਆਦਰਸ਼ਾਂ ਜਾਂ ਆਪਣੇ ਦੋਸਤਾਂ ਨਾਲ ਗ਼ੱਦਾਰੀ ਕੀਤੀ ਹੈ। ਅਸੀਂ ਕਿਸੇ ਚੀਜ਼ ਨਾਲ ਤੇ ਕਿਸੇ ਬੰਦੇ ਨਾਲ ਗ਼ੱਦਾਰੀ ਨਹੀਂ ਕੀਤੀ, ਅਸੀਂ ਕਿਸੇ ਝੂਠ ਨੂੰ ਪਵਿੱਤਰ ਨਹੀਂ ਬਣਾਇਆ ਜਾਂ ਲੁਕਾਇਆ ਨਹੀਂ, ਅਸੀਂ ਮੁਸੀਬਤ ਵਿਚ ਫਸੇ ਇਕ ਵੀ ਦੋਸਤ ਜਾਂ ਸਾਥੀ ਦੀ ਹਰ ਤਰੀਕੇ ਨਾਲ, ਜਿਸ ਤਰ੍ਹਾਂ ਵੀ ਅਸੀਂ ਕਰ ਸਕਦੇ ਹਾਂ, ਤੇ

ਹਰ ਚੀਜ਼ ਨਾਲ, ਜਿਹੜੀ ਵੀ ਸਾਡੇ ਕੋਲ ਹੈ, ਮਦਦ ਕਰਨ ਤੋਂ ਇਨਕਾਰ ਨਹੀਂ ਕੀਤਾ। ਇਕ ਜਰਨੈਲ, ਜਿਹੜਾ ਆਪਣੀ ਫੌਜ ਦੇ ਬਚੇ-ਖੁਚੇ ਟੁਕੜਿਆਂ ਨੂੰ ਦੇਸ ਦੇ ਧੁਰ ਅੰਦਰ ਕੱਢ ਕੇ ਲੈ ਜਾਂਦਾ ਹੈ ਜਦੋਂ ਇਸਨੂੰ ਹਾਰ ਹੋ ਚੁੱਕੀ ਹੈ ਜਾਂ ਇਹ ਘਬਰਾਹਟ ਵਿਚ ਦੌੜ ਰਹੀ ਹੈ, ਜਾਂ ਜਿਹੜਾ, ਅਤਿ ਦੀਆਂ ਹਾਲਤਾਂ ਵਿਚ, ਕੁਰੜੇ ਤੇ ਅਪਮਾਣਭਰੇ ਅਮਨ ਨਾਲ ਇਸਦੇ ਪਿੱਛੇ ਮੁੜਣ ਨੂੰ ਓਟ ਦੇਂਦਾ ਹੈ, ਉਹ ਆਪਣੀ ਫੌਜ ਦੇ ਉਸ ਹਿੱਸੇ ਵੱਲ ਧੋਖੇਬਾਜ਼ੀ ਦਾ ਗੁਨਾਹ ਨਹੀਂ ਕਰ ਰਿਹਾ, ਜਿਸਦੀ ਸਹਾਇਤਾ ਕਰਨ ਤੋਂ ਉਹ ਅਸਮਰਥ ਹੈ ਤੇ ਜਿਸਨੂੰ ਦੁਸ਼ਮਨ ਨੇ ਟੋਟੇ ਟੋਟੇ ਕਰ ਦਿੱਤਾ ਹੋਇਆ ਹੈ। ਇਹੋ ਜਿਹਾ ਜਰਨੈਲ ਆਪਣਾ ਫਰਜ਼ ਅਦਾ ਕਰ ਰਿਹਾ ਹੈ, ਜੋ ਕੁਝ ਬਚਾਇਆ ਜਾ ਸੱਕਦਾ ਹੈ, ਉਸਨੂੰ ਬਚਾਉਣ ਦਾ ਇਕੋ ਇਕ ਤਰੀਕਾ ਚੁਣ ਕੇ, ਅੰਧਾਧੁੰਦ ਜੂਆ ਖੇਡਣ ਤੋਂ ਇਨਕਾਰ ਕਰਕੇ, ਲੋਕਾਂ ਲਈ ਕੌੜੀ ਸਚਾਈ ਦਾ ਹਾਰ-ਸ਼ਿੰਗਾਰ ਨਾ ਕਰਕੇ, "ਸਮਾਂ ਜਿੱਤਣ ਲਈ ਥਾਂ ਹਵਾਲੇ ਕਰਕੇ", **ਕਿਸੇ ਵੀ ਤੇ ਹਰ ਇਕ** ਮੁਹਲਤ ਦੇ ਸਮੇਂ ਦਾ ਲਾਭ ਉਠਾ ਕੇ, ਭਾਵੇਂ ਇਹ ਕਿੰਨਾਂ ਵੀ ਛੋਟਾ ਕਿਉਂ ਨਾ ਹੋਵੇ, ਜਿਸ ਵਿਚ ਉਹ ਆਪਣੀਆਂ ਫੌਜਾਂ ਇਕੱਠੀਆਂ ਕਰ ਸਕੇ ਤੇ ਆਪਣੀ ਫੌਜ ਨੂੰ ਆਰਾਮ ਕਰਨ ਜਾਂ ਆਪਣੇ ਆਪ ਵਿਚ ਆਉਣ ਦੀ ਆਗਿਆ ਦੇ ਸਕੇ ਜੇ ਇਹ ਖੇਰੂੰ ਖੇਰੂੰ ਹੋ ਚੁੱਕੀ ਹੈ ਜਾਂ ਦਿਲ ਢਾਹ ਚੁੱਕੀ ਹੈ ਤਾਂ।

ਅਸੀਂ "ਤਿਲਸਿਤ" ਅਮਨ ਉੱਪਰ ਦਸਖਤ ਕੀਤੇ ਹਨ। ਜਦੋਂ ਨੈਪੋਲੀਅਨ ਪਹਿਲੇ ਨੇ ੧੮੦੭ ਵਿਚ ਪਰੂਸ਼ੀਆ ਨੂੰ ਤਿਲਸਿਤ ਦੇ ਅਮਨ ਉਪਰ ਦਸਖਤ ਕਰਨ ਲਈ ਮਜਬੂਰ ਕੀਤਾ ਸੀ ਤਾਂ ਜੇਤੂ ਨੇ ਜਰਮਨਾਂ ਦੀ ਸਾਰੀ ਫੌਜ ਨੂੰ ਤਹਿਸ਼-ਨਹਿਸ਼ ਕਰ ਦਿੱਤਾ ਸੀ, ਉਹਨਾਂ ਦੀ ਰਾਜਧਾਨੀ ਤੇ ਸਾਰੇ ਵਡੇ ਵਡੇ ਸ਼ਹਿਰਾਂ ਉਪਰ ਕਬਜ਼ਾ ਕਰ ਲਿਆ ਸੀ, ਆਪਣੀ ਪੁਲੀਸ ਲੈ ਆਇਆ ਸੀ, ਹਾਰੇ ਹੋਏ ਨੂੰ ਮਜਬੂਰ ਕੀਤਾ ਸੀ ਕਿ ਉਸਨੂੰ, ਜੇਤੂ ਨੂੰ, ਤਾਜ਼ਾ ਧਾੜਵੀਆਨਾ ਜੰਗਾਂ ਲਈ ਸਹਾਇਕ ਦਸਤੇ ਮੁਹਈਆ ਕਰੇ, ਤੇ ਕੁਝ ਜਰਮਨ ਰਾਜਾਂ ਨਾਲ ਦੂਜਿਆਂ ਦੇ ਖਿਲਾਫ ਗਠਜੋੜ ਕਰਕੇ ਜਰਮਨੀ ਨੂੰ ਵੰਡ ਦਿੱਤਾ ਸੀ। ਤਾਂ ਵੀ, ਜਰਮਨ ਲੋਕ **ਇਹੋ ਜਿਹੇ** ਅਮਨ ਸਮਝੌਤੇ ਪਿਛੋਂ ਵੀ ਜਿਊਂਦੇ ਰਹੇ, ਆਪਣੀਆਂ ਸ਼ਕਤੀਆਂ ਇਕੱਠੀਆਂ ਕਰਨ ਦੇ, ਉੱਠਣ ਦੇ ਤੇ ਆਜ਼ਾਦੀ ਤੇ ਸਵੈਧੀਨਤਾ ਦਾ ਹੱਕ ਜਿੱਤਣ ਦੇ ਸਮਰੱਥ ਸਿਧ ਹੋਏ।

ਉਹਨਾਂ ਸਾਰਿਆਂ ਲਈ ਜਿਹੜੇ ਸੋਚਣ ਦੇ ਸਮਰੱਥ ਹਨ ਤੇ ਸੋਚਣ ਲਈ ਤਿਆਰ ਹਨ, ਤਿਲਸਿਤ ਦੇ ਅਮਨ ਦੀ ਮਿਸਾਲ (ਜਿਹੜੀ ਕਿ ਉਸ ਦੌਰ ਵਿਚ ਜਰਮਨਾਂ ਉੱਪਰ ਠੋਸੀਆਂ ਗਈਆਂ ਕਈ ਕਰੜੀਆਂ ਤੇ ਅਪਮਾਣਜਨਕ ਸੰਧੀਆਂ ਵਿਚੋਂ ਸਿਰਫ ਇਕ ਸੀ) ਸਪਸ਼ਟ ਤੌਰ ਤੇ ਦਰਸਾਉਂਦੀ ਹੈ ਕਿ ਇਹ ਵਿਚਾਰ ਕਿੰਨਾਂ ਬੱਚਗਾਨਾ ਤਰ੍ਹਾਂ ਦਾ ਅਹਿਮਕ ਹੈ ਕਿ ਸਭ ਹਾਲਤਾਂ ਵਿਚ ਕਰੜੇ ਅਮਨ ਦਾ ਮਤਲਬ ਬਰਬਾਦੀ ਦੇ ਕੜ-

ਪਾਟੇ ਟੋਏ ਤੋਂ ਹੁੰਦਾ ਹੈ ਜਦ ਕਿ ਜੰਗ ਬਹਾਦਰੀ ਤੇ ਮੁਕਤੀ ਦਾ ਇਕੋ ਇਕ ਰਾਹ ਹੁੰਦੀ ਹੈ। ਜੰਗ ਦੇ ਦੌਰ ਸਾਨੂੰ ਸਿਖਾਉਂਦੇ ਹਨ ਕਿ ਅਮਨ ਨੇ ਇਤਿਹਾਸ ਵਿਚ ਮੁਹਲਤ ਦਾ, ਨਵੀਆਂ ਲੜਾਈਆਂ ਲਈ ਤਾਕਤਾਂ ਇਕੱਠੀਆਂ ਕਰਨ ਦੇ ਸਾਧਨ ਦਾ, ਕੋਈ ਥੋਹੜੀ ਵਾਰੀ ਕੰਮ ਨਹੀਂ ਕੀਤਾ। ਤਿਲਸਿਤ ਦਾ ਅਮਨ ਜਰਮਨੀ ਲਈ ਸਭ ਤੋਂ ਵੱਡਾ ਅਪਮਾਣ ਸੀ, ਪਰ ਇਸਦੇ ਨਾਲ ਹੀ ਇਹ ਸਰਵੁੱਚ ਕੌਮੀ ਉਭਾਰ ਵੱਲ ਮੋੜ ਵੀ ਸਿਧ ਹੋਇਆ। ਉਸ ਵੇਲੇ ਇਤਿਹਾਸਕ ਹਾਲਤਾਂ ਐਸੀਆਂ ਸਨ ਕਿ ਇਸ ਜਾਗ੍ਰਿਤੀ ਨੂੰ ਸਿਰਫ **ਬੁਰਜੂਆ** ਰਾਜ ਦੇ ਪਾਸੇ ਵੱਲ ਦਾ ਹੀ ਰੁਖ ਦਿੱਤਾ ਜਾ ਸਕਦਾ ਸੀ। ਉਸ ਵੇਲੇ, ਸੌ ਸਾਲ ਤੋਂ ਵਧ ਸਮਾਂ ਪਹਿਲਾਂ, ਇਤਿਹਾਸ ਨੂੰ ਮੁੱਠੀ ਭਰ ਨਵਾਬ ਤੇ ਆਟੇ ਵਿਚ ਲੂਣ ਜਿੰਨੇ ਬੁਧੀਮਾਨ ਬਣਾਉਂਦੇ ਸਨ ਜਦ ਕਿ ਮਜ਼ਦੂਰ ਤੇ ਕਿਸਾਨ ਜਨਤਾ ਸੁੱਤੀ ਹੋਈ ਤੇ ਨਿਰ-ਚੇਤਨ ਸੀ। ਇਸਦੇ ਸਿੱਟੇ ਵਜੋਂ ਇਤਿਹਾਸ ਉਦੋਂ ਬੇਹਦ ਸੁਸਤ ਕਦਮਾਂ ਨਾਲ ਹੀ ਰੀਂਘ ਸੱਕਦਾ ਸੀ।

ਪਰ ਹੁਣ ਸਰਮਾਇਦਾਰੀ ਨੇ ਆਮ ਕਰਕੇ ਸਭਿਆਚਾਰ ਨੂੰ, ਤੇ ਜਨਤਾ ਦੇ ਸਭਿਆਚਾਰ ਨੂੰ ਖਾਸ ਕਰਕੇ, ਕਿਤੇ ਉਚੇਰੀ ਪੱਧਰ ਤੱਕ ਉੱਚਾ ਚੁੱਕ ਦਿੱਤਾ ਹੈ। ਜੰਗ ਨੇ ਜਨਤਾ ਨੂੰ ਹਿਲੂਣ ਦਿੱਤਾ ਹੈ, ਇਸਦੀਆਂ ਅਕਹਿ ਬਿਪਤਾਵਾਂ ਤੇ ਕਸ਼ਟਾਂ ਨੇ ਉਹਨਾਂ ਨੂੰ ਜਗਾ ਦਿੱਤਾ ਹੈ। ਜੰਗ ਨੇ ਇਤਿਹਾਸ ਨੂੰ ਤੇਜ਼ੀ ਦੇ ਦਿੱਤੀ ਹੈ ਤੇ ਹੁਣ ਇਹ ਇੰਜਣ ਦੀ ਰਫਤਾਰ ਨਾਲ ਉੱਡ ਰਿਹਾ ਹੈ। ਇਤਿਹਾਸ ਨੂੰ ਹੁਣ ਲਖਾਂ, ਕਰੋੜਾਂ ਲੋਕ ਆਜ਼ਾਦ ਤੌਰ ਤੇ ਬਣਾ ਰਹੇ ਹਨ। ਸਰਮਾਇਦਾਰੀ ਹੁਣ ਸੋਸ਼ਲਿਜ਼ਮ ਲਈ ਪੱਕ ਚੁੱਕੀ ਹੈ।

ਇਸਦੇ ਸਿੱਟੇ ਵਜੋਂ ਰੂਸ ਹੁਣ "ਤਿਲਸਿਤ" ਅਮਨ ਤੋਂ ਕੌਮੀ ਉਭਾਰ ਵੱਲ ਨੂੰ, ਮਹਾਨ ਦੇਸ਼ਭਗਤਕ ਜੰਗ ਵੱਲ ਨੂੰ ਜਾ ਰਿਹਾ ਹੈ — ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ — ਇਸ ਵਿਚੋਂ ਨਿਕਲਦਾ ਰਾਹ ਬੁਰਜੂਆ ਰਾਜ ਦੇ ਪਾਸੇ ਵੱਲ ਨਹੀਂ ਸਗੋਂ ਸੰਸਾਰ ਸੋਸ਼ਲਿਸਟ ਇਨਕਲਾਬ ਦੇ ਪਾਸੇ ਵੱਲ ਜਾਂਦਾ ਹੈ। ੨੫ ਅਕਤੂਬਰ, ੧੯੧੭ ਤੋਂ ਲੈ ਕੇ, ਅਸੀਂ ਰੱਖਿਆਵਾਦੀ ਰਹੇ ਹਾਂ। ਅਸੀਂ "ਪਿਤਾਭੂਮੀ ਦੀ ਰਾਖੀ" ਦੇ ਹੱਕ ਵਿਚ ਹਾਂ; ਪਰ ਜਿਸ ਦੇਸ਼ਭਗਤਕ ਜੰਗ ਵੱਲ ਅਸੀਂ ਵਧ ਰਹੇ ਹਾਂ, ਉਹ ਸੋਸ਼ਲਿਸਟ ਪਿਤਾਭੂਮੀ ਲਈ, ਪਿਤਾਭੂਮੀ ਦੇ ਤੌਰ ਤੇ ਸੋਸ਼ਲਿਜ਼ਮ ਲਈ, ਸੋਸ਼ਲਿਜ਼ਮ ਦੀ ਸੰਸਾਰ ਫੌਜ ਦੇ **ਦਸਤੇ** ਦੇ ਤੌਰ ਤੇ ਸੋਵੀਅਤ ਰੀਪਬਲਿਕ ਲਈ ਜੰਗ ਹੋਵੇਗੀ।

"ਜਰਮਨਾਂ ਨੂੰ ਨਫਰਤ ਕਰੋ, ਜਰਮਨਾਂ ਨੂੰ ਮਾਰੋ" — ਇਹ ਸੀ, ਤੇ ਹੈ, ਆਮ, ਅਰਥਾਤ, ਬੁਰਜੂਆ ਦੇਸ਼ਭਗਤੀ ਦਾ ਨਾਅਰਾ। ਪਰ ਅਸੀਂ ਕਹਾਂਗੇ "ਸਾਮਰਾਜੀ ਲੁਟੇਰਿਆਂ ਨੂੰ ਨਫਰਤ ਕਰੋ, ਸਰਮਾਇਦਾਰੀ ਨੂੰ ਨਫਰਤ ਕਰੋ, ਸਰਮਾਇਦਾਰੀ ਨੂੰ ਮੌਤ ਦੇ ਘਾਟ ਉਤਾਰੋ," ਤੇ ਇਸਦੇ ਨਾਲ ਹੀ "ਜਰਮਨਾਂ ਤੋਂ ਸਿੱਖੋ! ਜਰਮਨ ਮਜ਼ਦੂਰਾਂ ਨਾਲ ਭਰਾਤਰੀ ਗਠਜੋੜ ਵੱਲ ਵਫਾਦਾਰ ਰਹੋ। ਉਹ ਸਾਡੀ ਸਹਾਇਤਾ ਲਈ ਬਹੁੜਨ ਵਿਚ ਲੇਟ ਹਨ।

ਅਸੀਂ ਸਮਾਂ ਲਵਾਂਗੇ, ਅਸੀਂ ਉਹਨਾਂ ਨੂੰ ਆਉਂਦਿਆਂ ਦੇਖਣ ਲਈ ਜਿਊਂਦੇ ਰਹਾਂਗੇ, ਤੇ ਉਹ ਸਾਡੀ ਸਹਾਇਤਾ ਲਈ **ਆਉਣਗੇ**।"

ਹਾਂ, ਜਰਮਨਾਂ ਤੋਂ ਸਿੱਖੋ! ਇਤਿਹਾਸ ਵਿੰਗੇ-ਟੇਢੇ ਤੇ ਵਲ-ਵਲੇਵੇਂ ਵਾਲੇ ਰਾਹਾਂ ਉੱਪਰ ਚੱਲ ਰਿਹਾ ਹੈ। ਕੁਝ ਵਾਪਰਿਆ ਇੰਝ ਹੈ ਕਿ ਜਰਮਨ ਹਨ ਜਿਹੜੇ, ਵਹਿਸ਼ੀ ਸਾਮਰਾਜ ਤੋਂ ਛੁੱਟ, ਜ਼ਬਤ, ਸੰਗਠਨ, ਆਧੁਨਿਕ ਮਸ਼ੀਨ ਸਨਅਤ, ਤੇ ਕਰੜੇ ਲੇਖੇ-ਪੱਤੇ ਤੇ ਕੰਟਰੋਲ ਦੇ ਆਧਾਰ ਉਤੇ ਇਕਸੁਰ ਮਿਲਵਰਤਣ ਦੇ ਅਸੂਲ ਨੂੰ ਸਾਕਾਰ ਕਰਦੇ ਹਨ।

ਤੇ ਬਿਲਕੁਲ ਇਹੀ ਚੀਜ਼ ਹੈ ਜਿਸਦੀ ਸਾਡੇ ਵਿਚ ਘਾਟ ਹੈ। ਬਿਲਕੁਲ ਇਹੀ ਚੀਜ਼ ਹੈ ਜਿਹੜੀ ਸਾਨੂੰ ਸਿੱਖਣੀ ਚਾਹੀਦੀ ਹੈ। ਬਿਲਕੁਲ ਇਹੀ ਚੀਜ਼ ਹੈ ਜਿਸਦੀ ਸਾਡੇ ਇਨਕਲਾਬ ਨੂੰ ਜੇਤੂ ਆਰੰਭ ਤੋਂ, ਸਖਤ ਅਜ਼ਮਾਇਸ਼ਾਂ ਦੀ ਲੜੀ ਦੇ ਵਿਚੋਂ ਦੀ ਹੁੰਦੇ ਹੋਏ, ਆਪਣੇ ਜੇਤੂ ਟੀਚੇ ਤੱਕ ਪੁੱਜਣ ਲਈ ਲੋੜ ਹੈ। ਬਿਲਕੁਲ ਇਹੀ ਚੀਜ਼ ਹੈ ਜਿਸਦੀ ਸਾਡੀ ਰੂਸੀ ਸੋਵੀਅਤ ਸੋਸ਼ਲਿਸਟ ਰੀਪਬਲਿਕ ਨੂੰ ਲੋੜ ਹੈ ਤਾ ਕਿ ਇਹ ਕੰਗਾਲ ਤੇ ਨਿਰਬਲ ਨਾ ਰਹੇ ਤੇ ਹਮੇਸ਼ਾ ਲਈ ਸ਼ਕਤੀਸ਼ਾਲੀ ਤੇ ਭਰਪੂਰ ਹੋ ਜਾਵੇ।

੧੧ ਮਾਰਚ, ੧੯੧੮

"ਇਜ਼ਵੇਸਤੀਆ ਵ. ਤਸ. ਇ. ਕ.",
ਨੰ: ੪੬, ੧੨ ਮਾਰਚ, ੧੯੧੮
ਦਸਖਤ: **ਨ. ਲੈਨਿਨ**

ਸੈਂਚੀ ੩੬,
ਸਫੇ ੭੮—੮੨।

# ਸੋਵੀਅਤਾਂ ਦੀ ਅਸਾਧਾਰਨ ਚੌਥੀ ਕੁੱਲ-ਰੂਸ ਕਾਂਗਰਸ —

# ੧੪-੧੬ ਮਾਰਚ, ੧੯੧੮

## ੨

## ਅਮਨ ਸੰਧੀ ਦੇ ਪੁਸ਼ਟੀ-ਕਰਨ ਬਾਰੇ ਰੀਪੋਰਟ — ੧੪ ਮਾਰਚ

ਸਾਥੀਓ, ਅੱਜ ਅਸੀਂ ਉਸ ਸਵਾਲ ਨੂੰ ਨਜਿੱਠਣਾ ਹੈ ਜਿਸ ਨਾਲ ਰੂਸੀ ਇਨਕਲਾਬ ਵਿਚ, ਤੇ ਸਿਰਫ ਰੂਸੀ ਇਨਕਲਾਬ ਵਿਚ ਹੀ ਨਹੀਂ ਸਗੋਂ ਕੌਮਾਂਤਰੀ ਇਨਕਲਾਬ ਵਿਚ ਵੀ ਮੋੜ ਸ਼ੁਰੂ ਹੁੰਦਾ ਹੈ, ਤੇ ਇਸ ਬੜੇ ਕਰੜੇ ਅਮਨ ਸਮਝੌਤੇ ਬਾਰੇ, ਜਿਹੜਾ ਸੋਵੀਅਤ ਸੱਤਾ ਦੇ ਪ੍ਰਤਿਨਿਧਾਂ ਨੇ ਬਰੇਸਤ-ਲਿਤੋਵਸਕ ਵਿਚ ਕੀਤਾ ਹੈ , ਤੇ ਜਿਸਦੀ ਪੁਸ਼ਟੀ ਕਰਨ ਲਈ ਸੋਵੀਅਤ ਸੱਤਾ ਤੁਹਾਨੂੰ ਕਹਿੰਦੀ ਹੈ, ਠੀਕ ਠੀਕ ਫੈਸਲਾ ਕਰਨ ਲਈ, ਇਸ ਸਵਾਲ ਨੂੰ ਠੀਕ ਤਰ੍ਹਾਂ ਨਾਲ ਨਜਿੱਠਣ ਲਈ ਸਾਡੇ ਲਈ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਜ਼ਰੂਰੀ ਹੈ ਕਿ ਜਿਸ ਮੋੜ ਉਪਰ ਅਸੀਂ ਖੜੇ ਹਾਂ ਇਸਦਾ ਇਤਿਹਾਸਕ ਅਰਥ ਸਮਝ ਲਈਏ, ਹੁਣ ਤਕ ਇਨਕਲਾਬ ਦੇ ਮੁਖ ਲੱਛਣ ਤੇ ਸਖਤ ਹਾਰ ਦਾ ਮੁਖ ਕਾਰਨ ਤੇ ਕਰੜੀਆਂ ਅਜ਼ਮਾਇਸ਼ਾਂ ਦੇ ਦੌਰ ਨੂੰ ਸਮਝ ਲਈਏ ਜਿਸ ਵਿਚੋਂ ਅਸੀਂ ਲੰਘੇ ਹਾਂ।

ਮੈਨੂੰ ਇੰਝ ਲਗਦਾ ਹੈ ਕਿ ਇਸ ਸਵਾਲ ਉਪਰ ਸੋਵੀਅਤ ਪਾਰਟੀਆਂ[51] ਵਿਚਕਾਰ ਮਤਭੇਦ ਦਾ ਮੁਖ ਸੋਮਾ ਇਹ ਹੈ ਕਿ ਕੁਝ ਲੋਕ ਸਾਮਰਾਜ ਹਥੋਂ ਸੋਵੀਅਤ ਰੀਪਬਲਿਕ ਦੀ ਹਾਰ ਉਪਰ ਨਿਆਈਂ ਤੇ ਹੱਕੀ ਗੁੱਸੇ ਦੀ ਭਾਵਨਾ ਅੱਗੇ ਬੜੀ ਸੌਖੀ ਤਰ੍ਹਾਂ ਹਥਿਆਰ ਸੁੱਟ ਦੇਂਦੇ ਹਨ, ਇਨਕਲਾਬ ਦੀਆਂ ਇਤਿਹਾਸਕ ਹਾਲਤਾਂ ਬਾਰੇ ਸੋਚਣ ਦੀ ਥਾਂ, ਜਿਵੇਂ ਕਿ ਉਹਨਾਂ ਮੌਜੂਦਾ ਅਮਨ ਦੇ ਵੇਲੇ ਤਕ ਵਿਕਾਸ ਕੀਤਾ ਤੇ ਜਿਵੇਂ ਕਿ ਉਹ ਸਾਨੂੰ ਅਮਨ ਤੋਂ ਪਿਛੋਂ ਲੱਗਦੀਆਂ ਹਨ, ਬੜੀ ਸੌਖੀ ਤਰ੍ਹਾਂ ਨਿਰਾਸ਼ਾ ਵਿਚ ਡਿੱਗ ਪੈਂਦੇ ਹਨ; ਇਸ ਤਰ੍ਹਾਂ ਕਰਨ ਦੀ ਥਾਂ ਉਹ ਆਪਣੀਆਂ ਫੌਰੀ ਭਾਵਨਾਵਾਂ ਦੇ ਆਧਾਰ ਉਤੇ ਇਨਕਲਾਬ ਦੇ ਦਾਅ-ਪੇਚਾਂ ਦੇ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦੇ ਹਨ। ਪਰ ਇਨਕਲਾਬਾਂ

ਦਾ ਕੁੱਲ ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਜਦੋਂ ਅਸੀਂ ਵਿਸ਼ਾਲ ਲਹਿਰ ਨਾਲ ਜਾਂ ਜਮਾਤੀ ਘੋਲ ਨਾਲ ਨਿਪਟਣਾ ਹੁੰਦਾ ਹੈ, ਖਾਸ ਕਰਕੇ ਐਸੇ ਘੋਲ ਨਾਲ ਜਿਹੜਾ ਇਸ ਵੇਲੇ ਸਿਰਫ ਇਕ ਪੂਰੇ ਦੇ ਪੂਰੇ ਦੇਸ ਵਿਚ ਵਿਕਾਸ ਨਹੀਂ ਕਰ ਰਿਹਾ, ਭਾਵੇਂ ਕਿ ਉਹ ਬਹੁਤ ਵੱਡਾ ਦੇਸ ਹੈ, ਸਗੋਂ ਜਿਸ ਵਿਚ ਕੌਮਾਂਤਰੀ ਸੰਬੰਧ ਵੀ ਸ਼ਾਮਲ ਹਨ—ਇਹੋ ਜਿਹੀ ਸੂਰਤ ਵਿਚ ਸਾਨੂੰ ਆਪਣੇ ਦਾਅਪੇਚ, ਪਹਿਲੀ ਥਾਂ ਤੇ, ਬਾਹਰਮੁਖੀ ਅਵਸਥਾ ਦੇ ਮੁਲੰਕਣ ਉਪਰ ਆਧਾਰਤ ਕਰਨੇ ਚਾਹੀਦੇ ਹਨ, ਸਾਨੂੰ ਹੁਣ ਤੱਕ ਇਨਕਲਾਬ ਦੇ ਵਹਿਣ ਦੀ, ਤੇ ਇਸ ਕਾਰਨ ਦੀ ਵਿਸ਼ਲੇਸ਼ਨਾਤਮਕ ਨਿਰਖ-ਪਰਖ ਕਰਨੀ ਚਾਹੀਦੀ ਹੈ, ਕਿ ਇਸਨੇ ਏਨਾਂ ਡਰਾਉਣਾ ਤੇ ਏਨਾਂ ਤਿੱਖਾ ਮੋੜ, ਤੇ ਏਨਾਂ ਸਾਡੇ ਵਿਰੁਧ ਜਾਂਦਾ ਮੋੜ ਕਿਉਂ ਕੱਟਿਆ ਹੈ।

ਜੇ ਅਸੀਂ ਆਪਣੇ ਇਨਕਲਾਬ ਦੇ ਵਿਕਾਸ ਦੀ ਨਿਰਖ-ਪਰਖ ਉਸ ਦ੍ਰਿਸ਼ਟੀਕੋਨ ਤੋਂ ਕਰੀਏ ਤਾਂ ਅਸੀਂ ਸਪਸ਼ਟ ਤਰ੍ਹਾਂ ਨਾਲ ਦੇਖ ਲੈਂਦੇ ਹਾਂ ਕਿ ਇਹ ਹੁਣ ਤੱਕ ਮੁਕਾਬਲਤਨ ਤੇ ਵਧੇਰੇ ਕਰਕੇ ਕਾਲਪਣਿਕ ਸਵੈ-ਨਿਰਭਰਤਾ ਦੇ, ਤੇ ਕੌਮਾਂਤਰੀ ਸੰਬੰਧਾਂ ਤੋਂ ਆਰਜ਼ੀ ਤੌਰ ਤੇ ਆਜ਼ਾਦ ਹੋਣ ਦੇ ਦੌਰ ਵਿਚੋਂ ਲੰਘਿਆ ਹੈ। ਫਰਵਰੀ ੧੯੧੭ ਦੇ ਅਖੀਰ ਤੋਂ ਲੈ ਕੇ ਇਸ ਸਾਲ ੧੧ ਫਰਵਰੀ ਤੱਕ, ਜਦੋਂ ਜਰਮਨ ਹਮਲਾ ਸ਼ੁਰੂ ਹੋਇਆ, ਸਾਡੇ ਇਨਕਲਾਬ ਵਲੋਂ ਤੈਅ ਕੀਤਾ ਗਿਆ ਰਾਹ ਕਾਫੀ ਹੱਦ ਤੱਕ ਸੌਖੀਆਂ ਤੇ ਤੇਜ਼ ਸਫਲਤਾਵਾਂ ਦਾ ਰਾਹ ਸੀ। ਜੇ ਅਸੀਂ ਉਸ ਇਨਕਲਾਬ ਦੇ ਵਿਕਾਸ ਦਾ ਕੌਮਾਂਤਰੀ ਪੈਮਾਨੇ ਉੱਤੇ ਅਧਿਅਨ ਕਰੀਏ, ਸਿਰਫ ਰੂਸੀ ਇਨਕਲਾਬ ਦੇ ਦ੍ਰਿਸ਼ਟੀਕੋਨ ਤੋਂ, ਤਾਂ ਅਸੀਂ ਦੇਖਾਂਗੇ ਕਿ ਪਿਛਲੇ ਸਾਲ ਵਿਚ ਅਸੀਂ ਤਿੰਨਾਂ ਦੌਰਾਂ ਵਿਚੋਂ ਲੰਘੇ ਹਾਂ। ਪਹਿਲਾ ਦੌਰ ਉਹ ਹੈ ਜਿਸ ਵਿਚ ਰੂਸ ਦੀ ਮਜ਼ਦੂਰ ਜਮਾਤ ਨੇ ਸਾਰੇ ਉੱਨਤ, ਜਮਾਤੀ ਚੇਤੰਨਤਾ ਵਾਲੇ ਤੇ ਸਰਗਰਮ ਕਿਸਾਨਾਂ ਨਾਲ ਮਿਲ ਕੇ, ਸਿਰਫ ਪੈਟੀ ਬੁਰਜੂਆਜ਼ੀ ਦੀ ਹੀ ਨਹੀਂ, ਸਗੋਂ ਬੁਰਜੂਆਜ਼ੀ ਦੀ ਵੀ ਸਹਾਇਤਾ ਨਾਲ, ਕੁਝ ਹੀ ਦਿਨਾਂ ਵਿਚ ਤਾਜਸ਼ਾਹੀ ਨੂੰ ਹੂੰਝ ਮਾਰਿਆ। ਇਸ ਅਚੰਭਾਜਨਕ ਸਫਲਤਾ ਦੀ ਵਿਆਖਿਆ ਇਸ ਤੱਥ ਨਾਲ ਕੀਤੀ ਜਾ ਸੱਕਦੀ ਹੈ ਕਿ ਇਕ ਪਾਸੇ, ਰੂਸੀ ਲੋਕਾਂ ਨੇ ੧੯੦੫ ਦੇ ਤਜਰਬੇ ਤੋਂ ਇਨਕਲਾਬੀ ਲੜਾਈ ਦੀ ਸਮਰੱਥਾ ਦਾ ਇਕ ਵੱਡਾ ਰਾਖਵਾਂ ਭੰਡਾਰ ਪ੍ਰਾਪਤ ਕਰ ਲਿਆ ਸੀ, ਜਦ ਕਿ ਦੂਜੇ ਪਾਸੇ, ਰੂਸ, ਇਕ ਅਤਿ ਪੱਛੜੇ ਦੇਸ, ਨੇ ਹੋਰ ਕਿਸੇ ਦੇਸ ਨਾਲੋਂ ਵੀ ਵਧੇਰੇ ਜੰਗ ਤੋਂ ਨੁਕਸਾਨ ਉਠਾਇਆ ਸੀ ਤੇ, ਖਾਸ ਕਰਕੇ ਪਹਿਲਾਂ ਹੀ, ਐਸੇ ਪੜਾਅ ਉੱਤੇ ਪੁੱਜ ਗਿਆ ਸੀ ਜਦੋਂ ਪੁਰਾਣੇ ਨਿਜ਼ਾਮ ਹੇਠ ਜੰਗ ਨੂੰ ਜਾਰੀ ਰੱਖਣਾ ਬਿਲਕੁਲ ਅਸੰਭਵ ਹੋ ਗਿਆ ਸੀ।

ਇਸ ਛੋਟੀ ਹੰਗਾਮੀ ਸਫਲਤਾ ਤੋਂ ਪਿਛੋਂ ਜਦੋਂ ਨਵੀਂ ਜਥੇਬੰਦੀ—ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਦੀਆਂ ਸੋਵੀਅਤਾਂ—ਸਿਰਜੀ ਗਈ, ਸਾਡੇ ਇਨਕਲਾਬ ਦੀ

ਕਾਇਆ-ਪਲਟ ਦੇ ਦੌਰ ਦੇ ਲੰਮੇਂ ਮਹੀਨੇ ਆਏ, ਐਸੇ ਦੌਰ ਦੇ ਜਿਸ ਵਿਚ ਬੁਰਜੂਆਜ਼ੀ ਦੀ ਸਰਕਾਰ ਨੂੰ, ਜਿਸਨੂੰ ਸੋਵੀਅਤਾਂ ਤੁਰਤ ਢਾਹ ਲਾ ਰਹੀਆਂ ਸਨ, ਪੈਟੀ-ਬੁਰਜੂਆ ਸਮਝੌਤਾ-ਪਸੰਦ ਪਾਰਟੀਆਂ, ਮੇਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ, ਨੇ, ਜਿਹੜੇ ਇਸਦੀ ਹਿਮਾਇਤ ਕਰਦੇ ਸਨ, ਚੱਲਦਿਆਂ ਰੱਖਿਆ ਤੇ ਮਜ਼ਬੂਤ ਕੀਤਾ। ਇਹ ਐਸੀ ਸਰਕਾਰ ਸੀ ਜਿਹੜੀ ਸਾਮਰਾਜੀ ਜੰਗ ਤੇ ਸਾਮਰਾਜੀ ਖੁਫੀਆ ਸੰਧੀਆਂ ਦੀ ਹਿਮਾਇਤ ਕਰਦੀ ਸੀ, ਮਜ਼ਦੂਰ ਜਮਾਤ ਨੂੰ ਲਾਰਿਆਂ ਉੱਤੇ ਪਾਲਦੀ ਸੀ, ਜਿਸਨੇ ਬਿਲਕੁਲ ਕੁਝ ਨਾ ਕੀਤਾ ਤੇ ਆਰਥਕ ਤਬਾਹੀ ਦੀ ਅਵਸਥਾ ਨੂੰ ਕਾਇਮ ਰਖਿਆ। ਇਸ ਦੌਰ ਵਿਚ ਸੋਵੀਅਤਾਂ ਨੇ ਆਪਣੀਆਂ ਸ਼ਕਤੀਆਂ ਇਕੱਠੀਆਂ ਕੀਤੀਆਂ; ਇਹ ਦੌਰ ਸਾਡੇ ਲਈ, ਰੂਸੀ ਇਨਕਲਾਬ ਲਈ, ਲੰਮਾਂ ਦੌਰ ਸੀ; ਰੂਸੀ ਇਨਕਲਾਬ ਲਈ ਇਹ ਲੰਮਾਂ ਦੌਰ ਸੀ, ਪਰ ਕੌਮਾਂਤਰੀ ਦ੍ਰਿਸ਼ਟੀਕੋਣ ਤੋਂ ਇਹ ਛੋਟਾ ਦੌਰ ਸੀ ਕਿਉਂਕਿ ਬਹੁਤੇ ਸਿਰਕੱਢ ਦੇਸਾਂ ਵਿਚ ਪੈਟੀ-ਬੁਰਜੂਆ ਝਾਵਲਿਆਂ, ਵਖੋ ਵਖਰੀਆਂ ਪਾਰਟੀਆਂ, ਗਰੁਪਾਂ ਤੇ ਰੁਝਾਣਾਂ ਦੀ ਸਮਝੌਤਾਪਸੰਦੀ ਉਪਰ ਕਾਬੂ ਪਾਉਣ ਦਾ ਦੌਰ ਮਹੀਨੇ ਨਹੀਂ, ਦਹਾਕਿਆਂ ਤੱਕ ਲੈ ਜਾਂਦਾ ਰਿਹਾ ਸੀ। ੨੦ ਅਪਰੈਲ ਤੋਂ ਲੈ ਕੇ ਕੇਰੇਂਸਕੀ ਵਲੋਂ ਜੂਨ ਵਿਚ ਸਾਮਰਾਜੀ ਜੰਗ ਮੁੜ ਸ਼ੁਰੂ ਕਰਨ ਤੱਕ ਦਾ ਸਮਾਂ (ਉਸਦੀ ਜੇਬ ਵਿਚ ਖੁਫੀਆ ਸਾਮਰਾਜੀ ਸੰਧੀਆਂ ਪਈਆਂ ਸਨ) ਫੈਸਲਾਕੁਨ ਸੀ। ਇਸ ਦੂਜੇ ਦੌਰ ਵਿਚ ਸਾਡੀ ਜੁਲਾਈ ਦੀ ਹਾਰ ਤੇ ਕੋਰਨੀਲੋਵ ਦੀ ਬਗ਼ਾਵਤ ਵੀ ਸ਼ਾਮਲ ਹੈ, ਤੇ ਸਿਰਫ ਜਨਤਕ ਘੋਲ ਦੇ ਤਜਰਬੇ ਰਾਹੀਂ ਹੀ, ਸਿਰਫ ਉਦੋਂ ਹੀ ਜਦੋਂ ਮਜ਼ਦੂਰ ਜਮਾਤ ਤੇ ਕਿਸਾਨ ਜਨਤਾ ਨੇ ਆਪਣੇ ਤਜਰਬੇ ਤੋਂ, ਨਾ ਕਿ ਵਖਿਆਨਾਂ ਰਾਹੀਂ, ਸਮਝ ਲਿਆ ਸੀ ਕਿ ਪੈਟੀ ਬੁਰਜੂਆ ਸਮਝੌਤਾਪਸੰਦੀ ਫਜ਼ੂਲ ਹੈ—ਸਿਰਫ ਉਦੋਂ ਹੀ, ਲੰਮੇਂ ਰਾਜਸੀ ਵਿਕਾਸ ਤੋਂ ਪਿਛੋਂ, ਲੰਮੀਆਂ ਤਿਆਰੀਆਂ ਤੇ ਪਾਰਟੀ ਗਰੁੱਪਾਂ ਦੀਆਂ ਮਨੋਅਵਸਥਾਵਾਂ ਤੇ ਵਿਚਾਰਾਂ ਵਿਚ ਤਬਦੀਲੀਆਂ ਤੋਂ ਪਿਛੋਂ, ਅਕਤੂਬਰ ਇਨਕਲਾਬ ਲਈ ਜ਼ਮੀਨ ਤਿਆਰ ਹੋਈ; ਸਿਰਫ ਉਦੋਂ ਹੀ ਰੂਸੀ ਇਨਕਲਾਬ ਆਪਣੇ ਮੁਢਲੇ ਪੜਾਅ ਦੇ, ਵਖਰੇਵੇਂ, ਜਾਂ ਸੰਸਾਰ ਇਨਕਲਾਬ ਤੋਂ ਆਰਜ਼ੀ ਅਲਹਿਦਗੀ ਦੇ ਪੜਾਅ ਦੇ ਤੀਜੇ ਦੌਰ ਵਿਚ ਦਾਖਲ ਹੋਇਆ।

ਇਹ ਤੀਜਾ, ਜਾਂ ਅਕਤੂਬਰ ਦਾ ਦੌਰ, ਸੰਗਠਨ ਦਾ ਦੌਰ, ਸਭ ਤੋਂ ਵਧ ਮੁਸ਼ਕਲ ਸੀ, ਇਸਦੇ ਨਾਲ ਹੀ ਇਹ ਸਭ ਤੋਂ ਵੱਡੀਆਂ ਤੇ ਸਭ ਤੋਂ ਤੇਜ਼ ਜਿੱਤਾਂ ਦਾ ਦੌਰ ਸੀ। ਅਕਤੂਬਰ ਤੋਂ ਪਿਛੋਂ ਸਾਡੇ ਇਨਕਲਾਬ ਨੇ—ਉਸ ਇਨਕਲਾਬ ਨੇ ਜਿਸਨੇ ਸੱਤਾ ਇਨਕਲਾਬੀ ਪ੍ਰੋਲਤਾਰੀਆਂ ਦੇ ਹੱਥਾਂ ਵਿਚ ਦੇ ਦਿੱਤੀ ਸੀ, ਇਸਦੀ ਡਿਕਟੇਟਰਸ਼ਿਪ ਸਥਾਪਤ ਕਰ ਦਿਤੀ ਤੇ ਇਸ ਵਾਸਤੇ ਪ੍ਰੋਲਤਾਰੀਆਂ ਤੇ ਗ਼ਰੀਬ ਕਿਸਾਨਾਂ ਦੀ ਵਿਸ਼ਾਲ ਬਹੁ-ਗਿਣਤੀ ਦੀ ਹਿਮਾਇਤ ਪ੍ਰਾਪਤ ਕਰ ਲਈ—ਅਕਤੂਬਰ ਤੋਂ ਪਿਛੋਂ ਸਾਡੇ ਇਨਕਲਾਬ ਨੇ ਜੇਤੂ, ਵਿਜਈਆਂ ਵਾਲੀ ਉੱਨਤੀ ਕੀਤੀ। ਰੂਸ ਭਰ ਵਿਚ ਲੋਟੂਆਂ, ਭੂਮੀਪਤੀਆਂ

ਤੇ ਬੁਰਜੂਆਜ਼ੀ ਵਲੋਂ, ਜਿਸਦੀ ਹਮਾਇਤ ਸਾਮਰਾਜੀ ਬੁਰਜੂਆਜ਼ੀ ਦਾ ਇਕ ਹਿੱਸਾ ਵੀ ਕਰ ਰਿਹਾ ਸੀ, ਵਿਰੋਧ ਦੇ ਰੂਪ ਵਿਚ ਘਰੇਲੂ ਜੰਗ ਸ਼ੁਰੂ ਹੋ ਗਈ।

ਘਰੇਲੂ ਜੰਗ ਛਿੜ ਪਈ ਤੇ ਉਸ ਜੰਗ ਵਿਚ ਸੋਵੀਅਤ ਸੱਤਾ ਦੇ ਦੁਸ਼ਮਨਾਂ ਦੀਆਂ ਸ਼ਕਤੀਆਂ, ਮਜ਼ਦੂਰ ਤੇ ਲੁੱਟੀ-ਪੁੱਟੀ ਜਾਂਦੀ ਜਨਤਾ ਦੇ ਦੁਸ਼ਮਨਾਂ ਦੀਆਂ ਸ਼ਕਤੀਆਂ ਨਿਗੂਣੀਆਂ ਸਿਧ ਹੋਈਆਂ; ਘਰੇਲੂ ਜੰਗ ਸੋਵੀਅਤ ਸੱਤਾ ਲਈ ਇਕ ਨਿਰੰਤਰ ਜਿੱਤ ਸੀ ਕਿਉਂਕਿ ਇਸਦੇ ਵਿਰੋਧੀਆਂ, ਲੋਟੂਆਂ, ਭੂਮੀਪਤੀਆਂ ਤੇ ਬੁਰਜੂਆਜ਼ੀ, ਕੋਲ ਨਾ ਰਾਜਸੀ ਆਸਰਾ ਸੀ ਤੇ ਨਾ ਆਰਥਕ, ਤੇ ਉਹਨਾਂ ਦਾ ਹਮਲਾ ਠੁੱਸ ਹੋ ਗਿਆ। ਉਹਨਾਂ ਦੇ ਖਿਲਾਫ ਘੋਲ ਏਨੀਂ ਫੌਜੀ ਕਾਰਵਾਈ ਨਹੀਂ ਸੀ ਜਿੰਨਾਂ ਕਿ ਅੰਦੋਲਨ ਸੀ; ਇਕ ਇਕ ਕਰਕੇ ਤਬਕੇ, ਇਕ ਇਕ ਕਰਕੇ ਜਨਸਮੂਹ, ਬਿਲਕੁਲ ਮਜ਼ਦੂਰ ਕੱਸਾਕਾਂ ਤੱਕ, ਲੋਟੂਆਂ ਨੂੰ ਛਡ ਗਏ, ਜਿਹੜੇ ਉਹਨਾਂ ਨੂੰ ਸੋਵੀਅਤ ਸੱਤਾਂ ਤੋਂ ਦੂਰ ਖੜਣ ਦੀ ਕੋਸ਼ਿਸ਼ ਕਰ ਰਹੇ ਸਨ।

ਪ੍ਰੋਲਤਾਰੀਆਂ ਦੀ ਡਿਕਟੇਟਰਸ਼ਿਪ ਤੇ ਸੋਵੀਅਤ ਸੱਤਾ ਦੇ ਜੇਤੂ, ਵਿਜਈਆਂ ਵਾਲੇ ਵਾਧੇ ਦਾ ਇਹ ਦੌਰ ਜਦੋਂ ਰੂਸ ਦੇ ਮਜ਼ਦੂਰ ਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਦੇ ਭਾਰੀ ਜਨਸਮੂਹ ਨਿਸਚਿਤ ਤੌਰ ਉਤੇ ਤੇ ਪੱਕੀ ਤਰ੍ਹਾਂ ਨਾਲ ਸੋਵੀਅਤ ਸੱਤਾ ਵਾਲੇ ਪਾਸੇ ਖਿੱਚੇ ਗਏ — ਇਹ ਦੌਰ ਰੂਸੀ ਇਨਕਲਾਬ ਦੇ, ਜਿਹੜਾ ਕਿ ਇਹ ਸਾਰਾ ਸਮਾਂ, ਪ੍ਰਤੱਖ ਤੌਰ ਤੇ, ਸੰਸਾਰ ਸਾਮਰਾਜ ਤੋਂ ਆਜ਼ਾਦ ਤਰੱਕੀ ਕਰਦਾ ਰਿਹਾ ਸੀ, ਵਿਕਾਸ ਦਾ ਅੰਤਮ ਤੇ ਸਰਵੁਚ ਨੁਕਤਾ ਸੀ। ਇਹੀ ਕਾਰਨ ਸੀ ਕਿ ਕਿਉਂ ਐਸਾ ਦੇਸ਼, ਜਿਹੜਾ ਬੇਹੱਦ ਪਛੜਿਆ ਹੋਇਆ ਸੀ ਤੇ ੧੯੦੫ ਦੇ ਤਜਰਬੇ ਤੋਂ ਇਨਕਲਾਬ ਲਈ ਸਭ ਤੋਂ ਵਧ ਤਿਆਰ ਸੀ, ਇਕ ਤੋਂ ਬਾਅਦ ਦੂਜੀ ਜਮਾਤ ਨੂੰ ਤੇਜ਼ ਤੇਜ਼, ਸੌਖੀ ਤਰ੍ਹਾਂ ਤੇ ਬਾਕਾਇਦਗੀ ਨਾਲ ਸੱਤਾ ਵਿਚ ਲਿਆਉਣ ਦੇ, ਵਖੋ-ਵਖਰੇ ਰਾਜਨੀਤਕ ਸੰਗਮੇਲਾਂ ਤੋਂ ਛੁਟਕਾਰਾ ਪਾਉਣ ਦੇ ਯੋਗ ਹੋ ਸਕਿਆ ਜਦੋਂ ਤੱਕ ਕਿ ਆਖਰ ਉਸ ਰਾਜਸੀ ਬਣਤਰ ਤੱਕ ਨਾ ਪੁੱਜ ਗਿਆ ਜਿਹੜੀ ਕਿ ਸਿਰਫ ਰੂਸੀ ਇਨਕਲਾਬ ਵਿਚ ਨਹੀਂ, ਸਗੋਂ ਪੱਛਮੀ ਯੂਰਪੀ ਮਜ਼ਦੂਰ ਇਨਕਲਾਬਾਂ ਵਿਚ ਵੀ ਆਖਰੀ ਲਫਜ਼ ਸੀ, ਕਿਉਂਕਿ ਰੂਸ ਵਿਚ ਸੋਵੀਅਤ ਸੱਤਾ ਪੱਕੇ ਪੈਰੀਂ ਕੀਤੀ ਜਾ ਚੁੱਕੀ ਹੈ ਤੇ ਇਹ ਮਜ਼ਦੂਰ ਤੇ ਲੁੱਟ-ਪੁੱਟੇ ਜਾਂਦੇ ਲੋਕਾਂ ਦੀ ਪੂਰਨ ਹਮਦਰਦੀ ਜਿੱਤ ਚੁੱਕੀ ਹੈ ਕਿਉਂਕਿ ਇਸਨੇ ਪੁਰਾਣੀ ਰਾਜਕੀ ਮਸ਼ੀਨਰੀ ਖਤਮ ਕਰ ਦਿੱਤੀ ਹੈ ਜਿਹੜੀ ਜਬਰ ਦਾ ਸਾਧਨ ਸੀ, ਤੇ ਨਵੇਂ ਤੇ ਉਚੇਰੇ ਰੂਪ ਦੇ ਰਾਜ ਦੀ ਬੁਨਿਆਦ ਰੱਖ ਦਿੱਤੀ ਹੈ, ਜਿਸਦਾ ਕਿ ਪੈਰਿਸ ਕਮਿਊਨ ਇਕ ਆਦਿ-ਰੂਪ ਸੀ। ਕਮਿਊਨ ਨੇ ਪੁਰਾਣੀ ਰਾਜਕੀ ਮਸ਼ੀਨਰੀ ਤਬਾਹ ਕਰ ਦਿੱਤੀ ਤੇ ਇਸਦੀ ਥਾਂ ਖੁਦ ਜਨਤਾ ਦੀਆਂ ਹਥਿਆਰਬੰਦ ਫੌਜਾਂ ਨੂੰ ਦੇ ਦਿੱਤੀ, ਬੁਰਜੂਆ ਪਾਰਲੀਮੈਂਟਰੀ ਜਮਹੂਰੀਅਤ ਦੀ ਥਾਂ

ਮਜ਼ਦੂਰ ਲੋਕਾਂ ਦੀ ਜਮਹੂਰੀਅਤ ਨੂੰ ਦੇ ਦਿੱਤੀ, ਜਿਸ ਵਿਚ ਲੋਟੂ ਨਹੀਂ ਸਨ ਆਉਂਦੇ ਤੇ ਬਾਕਾਇਦਗੀ ਨਾਲ ਉਹਨਾਂ ਦੇ ਵਿਰੋਧ ਨੂੰ ਖਤਮ ਕੀਤਾ।

ਇਹ ਹੈ ਜੋ ਕੁਝ ਰੂਸੀ ਇਨਕਲਾਬ ਨੇ ਇਸ ਸਮੇਂ ਵਿਚ ਕੀਤਾ ਤੇ ਇਹੀ ਕਾਰਨ ਹੈ ਕਿ ਰੂਸੀ ਇਨਕਲਾਬ ਦਾ ਇਕ ਛੋਟਾ ਹਰਾਵਲ-ਦਸਤਾ ਇਸ ਪ੍ਰਭਾਵ ਹੇਠ ਹੈ ਕਿ ਇਸ ਤੇਜ਼ ਜੇਤੂ ਵਾਧੇ ਤੋਂ ਹੇਠ ਜਿੱਤ ਵਿਚ ਜਾਰੀ ਰਹਿਣ ਦੀ ਆਸ ਕੀਤੀ ਜਾ ਸਕਦੀ ਹੈ। ਇਹ ਹੈ ਸਹੀ ਤੌਰ ਤੇ ਉਹਨਾਂ ਦੀ ਗ਼ਲਤੀ ਕਿਉਂਕਿ ਉਹ ਦੌਰ, ਜਦੋਂ ਰੂਸੀ ਇਨਕਲਾਬ ਵਿਕਾਸ ਕਰ ਰਿਹਾ ਸੀ, ਰੂਸ ਵਿਚ ਰਾਜਕੀ ਸੱਤਾ ਇਕ ਜਮਾਤ ਤੋਂ ਦੂਜੀ ਜਮਾਤ ਦੇ ਹੱਥ ਦੇ ਰਿਹਾ ਸੀ ਤੇ ਸਿਰਫ ਰੂਸ ਦੀਆਂ ਹੱਦਾਂ ਦੇ ਅੰਦਰ ਅੰਦਰ ਜਮਾਤੀ ਸਮਝੌਤਾਪਸੰਦੀ ਤੋਂ ਛੁਟਕਾਰਾ ਪਾ ਰਿਹਾ ਸੀ—ਇਹ ਦੌਰ ਇਤਿਹਾਸਕ ਤੌਰ ਤੇ ਕਾਇਮ ਰਹਿਣ ਦੇ ਯੋਗ ਸਿਰਫ ਇਸ ਲਈ ਹੋ ਸੱਕਿਆ ਕਿਉਂਕਿ ਸੰਸਾਰ ਸਾਮਰਾਜ ਦੇ ਧਾੜਵੀ ਦੈਂਤ ਸੋਵੀਅਤ ਸੱਤਾ ਦੇ ਖਿਲਾਫ ਆਪਣੀ ਚੜ੍ਹਾਈ ਵਿਚ ਆਰਜ਼ੀ ਤੌਰ ਤੇ ਰੁਕੇ ਪਏ ਸਨ। ਐਸਾ ਇਨਕਲਾਬ ਜਿਸਨੇ ਕੁਝ ਦਿਨਾਂ ਵਿਚ ਹੀ ਤਾਜਸ਼ਾਹੀ ਨੂੰ ਪਟਕਾ ਦਿਤਾ, ਕੁਝ ਮਹੀਨਿਆਂ ਵਿਚ ਹੀ ਬੁਰਜੂਆਜ਼ੀ ਨਾਲ ਸਮਝੌਤੇ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਮੁਕਾ ਦਿੱਤਾ ਤੇ ਕੁਝ ਹਫਤਿਆਂ ਵਿਚ ਹੀ ਘਰੇਲੂ ਜੰਗ ਵਿਚ ਬੁਰਜੂਆਜ਼ੀ ਦੇ ਸਾਰੇ ਵਿਰੋਧ ਉਪਰ ਕਾਬੂ ਪਾ ਲਿਆ, ਇਹ ਇਨਕਲਾਬ, ਸੋਸ਼ਲਿਸਟ ਰੀਪਬਲਿਕ ਦਾ ਇਨਕਲਾਬ, ਸਾਮਰਾਜੀ ਤਾਕਤਾਂ ਦੇ ਨਾਲੋਂ ਨਾਲ, ਕੌਮਾਂਤਰੀ ਲੁਟੇਰਿਆਂ, ਕੌਮਾਂਤਰੀ ਸਾਮਰਾਜ ਦੇ ਜਾਂਗਲੀ ਦਰਿੰਦਿਆਂ ਵਿਚਕਾਰ ਸਿਰਫ ਉਦੋਂ ਤਕ ਰਹਿ ਸਕਦਾ ਸੀ ਜਦੋਂ ਤਕ ਬੁਰਜੂਆਜ਼ੀ, ਇਕ ਦੂਜੇ ਨਾਲ ਮਾਰੂ ਘੋਲ ਵਿਚ ਗੁੱਥਮ-ਗੁੱਥਾ, ਰੂਸ ਵਿਰੁਧ ਆਪਣੀ ਚੜ੍ਹਾਈ ਵਿਚ ਸ਼ਕਤੀਹੀਣ ਹੋਈ ਹੋਈ ਸੀ।

ਫਿਰ ਉਹ ਦੌਰ ਸ਼ੁਰੂ ਹੋਇਆ ਜਿਸਨੂੰ ਅਸੀਂ ਏਨੀਂ ਤੀਖਣਤਾ ਨਾਲ ਮਹਿਸੂਸ ਕਰਦੇ ਹਾਂ ਤੇ ਜਿਸਨੂੰ ਅਸੀਂ ਆਪਣੀਆਂ ਅੱਖਾਂ ਸਾਮ੍ਹਣੇ ਦੇਖਦੇ ਹਾਂ—ਰੂਸੀ ਇਨਕਲਾਬ ਲਈ ਤਬਾਹਕੁਨ ਹਾਰਾਂ ਦਾ, ਕਰੜੀਆਂ ਅਜ਼ਮਾਇਸ਼ਾਂ ਦਾ ਦੌਰ, ਐਸਾ ਦੌਰ ਜਿਸ ਵਿਚ ਇਨਕਲਾਬ ਦੇ ਦੁਸ਼ਮਨਾਂ ਦੇ ਖਿਲਾਫ ਤੇਜ਼, ਸਿਧਾ ਤੇ ਖੁਲ੍ਹਮ-ਖੁਲ੍ਹਾ ਹਮਲਾ ਖਤਮ ਹੋ ਚੁੱਕਾ ਹੈ ਜਦ ਕਿ ਇਸਦੀ ਥਾਂ ਅਸੀਂ ਤਬਾਹਕੁਨ ਹਾਰਾਂ ਵਿਚੋਂ ਲੰਘ ਰਹੇ ਹਾਂ ਤੇ ਐਸੀਆਂ ਸ਼ਕਤੀਆਂ ਸਾਮ੍ਹਣੇ, ਜਿਹੜੀਆਂ ਸਾਡੀਆਂ ਸ਼ਕਤੀਆਂ ਨਾਲੋਂ ਅਥਾਹ ਤੌਰ ਤੇ ਵਧੇਰੇ ਹਨ, ਕੌਮਾਂਤਰੀ ਸਾਮਰਾਜ ਤੇ ਵਿੱਤੀ ਸਰਮਾਏ ਦੀਆਂ ਸ਼ਕਤੀਆਂ ਸਾਮ੍ਹਣੇ, ਉਸ ਫੌਜੀ ਸ਼ਕਤੀ ਸਾਮ੍ਹਣੇ ਜਿਹੜੀ ਕੁੱਲ ਬੁਰਜੂਆਜ਼ੀ ਨੇ, ਆਪਣੇ ਆਧੁਨਿਕ ਹਥਿਆਰਾਂ ਤੇ ਆਪਣੀ ਜਥੇਬੰਦੀ ਨਾਲ, ਲੁੱਟ, ਜਬਰ ਤੇ ਛੋਟੀਆਂ ਕੌਮਾਂ ਦਾ ਗਲਾ ਘੁੱਟਣ ਦੇ ਹਿਤਾਂ ਵਿਚ ਸਾਡੇ ਖਿਲਾਫ ਇਕੱਠੀ ਕਰ ਲਈ ਹੈ, ਸਾਨੂੰ ਪਿੱਛੇ ਹਟਣਾ ਪੈ ਰਿਹਾ ਹੈ; ਸਾਨੂੰ ਆਪਣੀਆਂ ਸ਼ਕਤੀਆਂ ਉਹਨਾਂ ਦੀ ਪੱਧਰ ਤੱਕ ਲਿਆਉਣ ਬਾਰੇ ਸੋਚਣਾ ਪਿਆ; ਸਾਨੂੰ ਬੇਹਦ

ਮੁਸ਼ਕਲ ਕੰਮ ਨਾਲ ਨਿਪਟਣਾ ਪਿਆ, ਐਸੇ ਦੁਸ਼ਮਨਾਂ ਨਾਲ ਸਿੱਧੀ ਟੱਕਰ ਦੇ ਕੰਮ ਨਾਲ, ਜਿਹੜੇ ਰੋਮਾਨੋਵ ਤੇ ਕੇਰੇਂਸਕੀ ਨਾਲੋਂ ਵਖਰੇ ਸਨ ਜਿਨ੍ਹਾਂ ਨੂੰ ਕਿ ਗੰਭੀਰਤਾ ਨਾਲ ਲਿਆ ਹੀ ਨਹੀਂ ਸੀ ਜਾ ਸਕਦਾ; ਸਾਨੂੰ ਕੌਮਾਂਤਰੀ ਸਾਮਰਾਜੀ ਬੁਰਜੂਆਜ਼ੀ ਦੀਆਂ ਸ਼ਕਤੀਆਂ, ਇਸਦੀ ਸਾਰੀ ਫੌਜੀ ਤਾਕਤ ਦਾ, ਮੁਕਾਬਲਾ ਕਰਨਾ ਪਿਆ, ਸਾਨੂੰ ਸੰਸਾਰ ਲੁਟੇਰਿਆਂ ਨਾਲ ਆਮ੍ਹੋ-ਸਾਮ੍ਹਣੇ ਖੜੇ ਹੋਣਾ ਪਿਆ। ਕੌਮਾਂਤਰੀ ਸੋਸ਼ਲਿਸਟ ਪ੍ਰੋਲਤਾਰੀਆਂ ਤੋਂ ਸਹਾਇਤਾ ਮਿਲਣ ਵਿਚ ਦੇਰ ਹੋਣ ਨੂੰ ਸਾਮ੍ਹਣੇ ਰਖਦਿਆਂ, ਸਾਨੂੰ ਕੁਦਰਤੀ ਤੌਰ ਤੇ ਇਹਨਾਂ ਸ਼ਕਤੀਆਂ ਨਾਲ ਟੱਕਰ ਦਾ ਕੰਮ ਆਪਣੇ ਸਿਰ ਲੈਣਾ ਪਿਆ ਤੇ ਸਾਨੂੰ ਤਬਾਹਕੁਨ ਹਾਰ ਹੋਈ।

ਤੇ ਇਹ ਦੌਰ ਤਬਾਹਕੁਨ ਹਾਰਾਂ ਦਾ ਦੌਰ ਹੈ, ਪਿੱਛੇ ਹਟਣ ਦਾ ਦੌਰ ਹੈ, ਐਸਾ ਦੌਰ ਜਿਸ ਵਿਚ ਸਾਮਰਾਜ ਦੇ ਸਾਮ੍ਹਣਿਉਂ ਪਿੱਛੇ ਹਟ ਕੇ, ਉਸ ਸਮੇਂ ਦਾ ਇੰਤਜ਼ਾਰ ਕਰਕੇ ਜਦੋਂ ਆਮ ਤੌਰ ਤੇ ਸੰਸਾਰ ਅਵਸਥਾ ਵਿਚ ਤਬਦੀਲੀਆਂ ਹੋ ਜਾਣਗੀਆਂ, ਜਦੋਂ ਯੂਰਪੀ ਪ੍ਰੋਲਤਾਰੀਆਂ ਦੀਆਂ ਫੌਜਾਂ ਪੁੱਜ ਜਾਣਗੀਆਂ, ਉਹ ਫੌਜਾਂ ਜਿਹੜੀਆਂ ਮੌਜੂਦ ਹਨ ਤੇ ਪੱਕ ਰਹੀਆਂ ਹਨ ਪਰ ਜਿਹੜੀਆਂ ਆਪਣੇ ਦੁਸ਼ਮਨ ਨਾਲ ਏਨੀਂ ਸੌਖੀ ਤਰ੍ਹਾਂ ਨਹੀਂ ਨਜਿੱਠ ਸੱਕੀਆਂ ਜਿੰਨੀ ਸੌਖੀ ਤਰ੍ਹਾਂ ਅਸੀਂ ਆਪਣੇ ਦੁਸ਼ਮਨ ਨਾਲ ਨਜਿੱਠ ਲਿਆ ਹੈ, ਸਾਨੂੰ ਆਪਣੀ ਪੁਜ਼ੀਸ਼ਨ ਦਾ ਘਟੋ ਘਟ ਕੁਝ ਹਿੱਸਾ ਜ਼ਰੂਰ ਬਚਾ ਲੈਣਾ ਚਾਹੀਦਾ ਹੈ; ਇਹ ਭੁੱਲਣਾ ਬਹੁਤ ਭਾਰੀ ਭੁਲੇਖਾ ਹੋਵੇਗਾ, ਬਹੁਤ ਭਾਰੀ ਗ਼ਲਤੀ ਹੋਵੇਗੀ ਕਿ ਰੂਸੀ ਇਨਕਲਾਬ ਲਈ ਸ਼ੁਰੂ ਹੋਣਾ ਸੌਖਾ ਸੀ ਪਰ ਅੱਗੇ ਕਦਮ ਪੁੱਟਣੇ ਮੁਸ਼ਕਲ ਸੀ। ਇਹ ਅਟੱਲ ਸੀ ਕਿਉਂਕਿ ਸਾਨੂੰ ਸਭ ਤੋਂ ਵਧ ਪੱਛੜੇ ਤੇ ਸਭ ਤੋਂ ਵਧ ਗਲੇ-ਸੜੇ ਰਾਜਸੀ ਪ੍ਰਬੰਧ ਨਾਲ ਸ਼ੁਰੂ ਕਰਨਾ ਪਿਆ। ਯੂਰਪੀ ਇਨਕਲਾਬ ਨੂੰ ਬੁਰਜੂਆਜ਼ੀ ਦੇ ਖਿਲਾਫ, ਕਿਤੇ ਜ਼ਿਆਦਾ ਗੰਭੀਰ ਦੁਸ਼ਮਨ ਦੇ ਖਿਲਾਫ ਤੇ ਬੇਹਦ ਜ਼ਿਆਦਾ ਮੁਸ਼ਕਲ ਹਾਲਤਾਂ ਵਿਚ ਸ਼ੁਰੂ ਹੋਣਾ ਪਵੇਗਾ। ਯੂਰਪੀ ਇਨਕਲਾਬ ਲਈ ਸ਼ੁਰੂ ਹੋਣਾ ਕਿਤੇ ਜ਼ਿਆਦਾ ਮੁਸ਼ਕਲ ਹੋਵੇਗਾ। ਅਸੀਂ ਦੇਖਦੇ ਹਾਂ ਕਿ ਐਸੇ ਪ੍ਰਬੰਧ ਵਿਚ, ਜਿਹੜਾ ਇਨਕਲਾਬ ਨੂੰ ਰੋਕੀ ਖੜਾ ਹੈ, ਪਹਿਲੀ ਤਰੇੜ ਪਾਉਣਾ ਬੇਹਦ ਮੁਸ਼ਕਲ ਹੈ। ਯੂਰਪੀ ਇਨਕਲਾਬ ਲਈ ਦੂਜੇ ਤੇ ਤੀਜੇ ਪੜਾਅ ਵੱਲ ਵਧਣਾ ਕਿਤੇ ਜ਼ਿਆਦਾ ਸੌਖਾ ਹੋਵੇਗਾ। ਦੁਨੀਆਂ ਵਿਚ ਇਸ ਵੇਲੇ ਜੋ ਇਨਕਲਾਬੀ ਤੇ ਪਿਛਾਂਹਖਿਚੂ ਜਮਾਤਾਂ ਦਾ ਸੰਗ-ਮੇਲ ਹੋਇਆ ਹੋਇਆ ਹੈ, ਉਸ ਵਿਚ ਕਿਸੇ ਹੋਰ ਤਰ੍ਹਾਂ ਹੋ ਵੀ ਨਹੀਂ ਸਕਦਾ। ਇਹ ਘਟਣਾਵਾਂ ਵਿਚਲਾ ਮੁਖ ਮੋੜ ਹੈ ਜਿਸਨੂੰ ਉਹ ਲੋਕ ਹਮੇਸ਼ਾ ਅੱਖੋਂ ਉਹਲੇ ਕਰ ਦੇਂਦੇ ਹਨ ਜਿਹੜੇ ਮੌਜੂਦਾ ਅਵਸਥਾ ਨੂੰ, ਇਨਕਲਾਬ ਦੀ ਬੇਹੱਦ ਗੰਭੀਰ ਸਥਿਤੀ ਨੂੰ, ਆਪਣੀਆਂ ਭਾਵਨਾਵਾਂ ਤੇ ਆਪਣੇ ਹੀ ਰੋਹ ਦੇ ਪੱਖ ਤੋਂ ਦੇਖਦੇ ਹਨ, ਨਾ ਕਿ ਇਤਿਹਾਸਕ ਦ੍ਰਿਸ਼ਟੀ ਤੋਂ। ਇਤਿਹਾਸਕ ਤਜਰਬਾ ਸਾਨੂੰ ਸਿਖਾਉਂਦਾ ਹੈ ਕਿ ਹਮੇਸ਼ਾ ਹੀ, ਸਾਰੇ ਇਨਕਲਾਬਾਂ ਵਿਚ, ਐਸੇ ਸਮੇਂ ਜਦੋਂ ਇਨਕਲਾਬ ਤੇਜ਼ ਜਿੱਤ

ਤੋਂ ਸਖਤ ਹਾਰ ਵੱਲ ਨੂੰ ਮੋੜ ਕੱਟਦਾ ਹੈ ਤਾਂ ਨਕਲੀ-ਇਨਕਲਾਬੀ ਫਿਕਰੇਬਾਜ਼ੀ ਦਾ ਇਕ ਦੌਰ ਆਉਂਦਾ ਹੈ ਜਿਹੜਾ ਆਮ ਤੌਰ ਤੇ ਇਨਕਲਾਬ ਦੇ ਵਿਕਾਸ ਨੂੰ ਭਾਰੀ ਨੁਕਸਾਨ ਪੁਚਾਉਂਦਾ ਹੈ। ਤੇ ਇਸ ਵਾਸਤੇ, ਸਾਥੀਓ, ਅਸੀਂ ਆਪਣੇ ਦਾਅ-ਪੇਚਾਂ ਦਾ ਠੀਕ ਠੀਕ ਮੁਲੰਕਣ ਤਾਂ ਹੀ ਕਰ ਸਕਾਂਗੇ ਜਦੋਂ ਅਸੀਂ ਘਟਣਾਵਾਂ ਵਿਚਲੇ ਮੋੜ ਨੂੰ ਵਿਚਾਰਣਾ ਸ਼ੁਰੂ ਕਰੀਏ ਜਿਸਨੇ ਸਾਨੂੰ ਤੇਜ਼, ਸੌਖੀਆਂ ਤੇ ਪੂਰਨ ਜਿੱਤਾਂ ਤੋਂ ਗੰਭੀਰ ਹਾਰਾਂ ਵੱਲ ਨੂੰ ਵਗਾਹ ਮਾਰਿਆ ਹੈ। ਇਹ ਬੇਹਦ ਮੁਸ਼ਕਲ ਤੇ ਅਤਿ ਦਾ ਗੰਭੀਰ ਸਵਾਲ ਹੈ ਜਿਹੜਾ ਇਨਕਲਾਬ ਦੇ ਵਿਕਾਸ ਵਿਚਲੇ ਮੌਜੂਦਾ ਮੋੜ ਵਿਚੋਂ, ਦੇਸ ਵਿਚ ਸੌਖੀਆਂ ਜਿੱਤਾਂ ਤੋਂ ਬਦੇਸ ਵਿਚ ਅਸਾਧਾਰਨ ਤੌਰ ਤੇ ਜ਼ਬਰਦਸਤ ਹਾਰਾਂ ਵੱਲ ਮੋੜ ਤੋਂ ਪੈਦਾ ਹੁੰਦਾ ਹੈ; ਇਹ ਕੁੱਲ ਸੰਸਾਰ ਇਨਕਲਾਬ ਵਿਚ ਵੀ ਮੋੜ ਹੈ, ਰੂਸੀ ਇਨਕਲਾਬ ਵਲੋਂ ਪ੍ਰਚਾਰ ਤੇ ਅੰਦੋਲਨ ਦੇ ਦੌਰ ਤੋਂ, ਜਦ ਕਿ ਸਾਮਰਾਜ ਸਮੇਂ ਦੀ ਉਡੀਕ ਕਰ ਰਿਹਾ ਹੈ, ਸਾਮਰਾਜ ਵਲੋਂ ਸੋਵੀਅਤ ਸੱਤਾ ਦੇ ਖਿਲਾਫ ਹਮਲੇ ਵੱਲ ਮੋੜ, ਤੇ ਇਹ ਮੋੜ ਪੱਛਮੀ ਯੂਰਪ ਵਿਚਲੀ ਕੌਮਾਂਤਰੀ ਲਹਿਰ ਸਾਮ੍ਹਣੇ ਖਾਸ ਤੌਰ ਤੇ ਮੁਸ਼ਕਲ ਤੇ ਤੀਖਣ ਸਵਾਲ ਪੇਸ਼ ਕਰਦਾ ਹੈ। ਜੇ ਅਸੀਂ ਅਵਸਥਾ ਦੇ ਇਸ ਇਤਿਹਾਸਕ ਪੱਖ ਨੂੰ ਅੱਖੋਂ ਉਹਲੇ ਨਹੀਂ ਕਰਨਾ ਤਾਂ ਸਾਨੂੰ ਇਹ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਮੌਜੂਦਾ ਕਰੜੇ, ਜਾਂ ਗੰਦੇ, ਜਿਵੇਂ ਕਿ ਇਸਨੂੰ ਕਿਹਾ ਜਾਂਦਾ ਹੈ, ਅਮਨ ਦੇ ਸਵਾਲ ਵਿਚ ਰੂਸ ਦੇ ਬੁਨਿਆਦੀ ਹਿਤਾਂ ਨੇ ਕਿਵੇਂ ਰੂਪ ਧਾਰਿਆ।

ਉਹਨਾਂ ਲੋਕਾਂ ਦੇ ਖਿਲਾਫ ਦਲੀਲ ਦੇਂਦਿਆਂ, ਜਿਨ੍ਹਾਂ ਨੇ ਉਸ ਅਮਨ ਨੂੰ ਪ੍ਰਵਾਨ ਕਰਨ ਦੀ ਲੋੜ ਸਮਝਣ ਤੋਂ ਇਨਕਾਰ ਕਰ ਦਿਤਾ, ਮੇਰੇ ਸਾਮ੍ਹਣੇ ਅਕਸਰ ਇਹ ਬਿਆਨ ਆਇਆ ਹੈ ਕਿ ਅਮਨ ਸਮਝੌਤਾ ਕਰਨ ਦਾ ਵਿਚਾਰ ਜਿਵੇਂ ਸਿਰਫ ਥੱਕੀ-ਹਾਰੀ ਕਿਸਾਨ ਜਨਤਾ ਦੇ, ਜਮਾਤ-ਹੀਣ ਹੋਏ ਸਿਪਾਹੀਆਂ ਵਗੈਰਾ ਵਗੈਰਾ ਦੇ ਹਿਤਾਂ ਨੂੰ ਹੀ ਪ੍ਰਗਟ ਕਰਦਾ ਹੈ। ਜਦੋਂ ਵੀ ਕਦੀ ਮੈਂ ਇਹੋ ਜਿਹੇ ਬਿਆਨ ਸੁਣਦਾ ਹਾਂ, ਜਦੋਂ ਵੀ ਮੈਂ ਇਹੋ ਜਿਹੀਆਂ ਚੀਜ਼ਾਂ ਦਾ ਹਵਾਲਾ ਦਿੱਤਾ ਜਾਂਦਾ ਸੁਣਦਾ ਹਾਂ, ਤਾਂ ਮੈਂ ਹਮੇਸ਼ਾ ਹੈਰਾਨ ਰਹਿ ਜਾਂਦਾ ਹਾਂ ਕਿ ਸਾਥੀਆਂ ਵਲੋਂ — ਉਹਨਾਂ ਲੋਕਾਂ ਵਲੋਂ ਜਿਹੜੇ ਆਪਣੇ ਆਪ ਨੂੰ ਨਿਰੋਲ ਵਿਆਖਿਆਵਾਂ ਲੱਭਣ ਤੱਕਣ ਸੀਮਤ ਰਖਦੇ ਹਨ — ਕੌਮੀ ਵਿਕਾਸ ਦਾ ਜਮਾਤੀ ਪੱਖ ਭੁਲਾ ਦਿਤਾ ਜਾਂਦਾ ਹੈ। ਜਿਵੇਂ ਕਿ ਪ੍ਰੋਲਤਾਰੀਆਂ ਦੀ ਪਾਰਟੀ ਨੇ ਸੱਤਾ ਨੂੰ ਹੱਥ ਵਿਚ ਲੈਣ ਲਗਿਆਂ ਪ੍ਰੋਲਤਾਰੀਆਂ ਤੇ ਅਰਧ-ਪ੍ਰੋਲਤਾਰੀਆਂ, ਅਰਥਾਤ, ਗ਼ਰੀਬ ਕਿਸਾਨਾਂ ਅਰਥਾਤ, ਰੂਸ ਦੇ ਕਿਸਾਨਾਂ ਦੀ ਬਹੁ-ਗਿਣਤੀ ਦੇ ਗਠਜੋੜ ਉਪਰ ਆਸ ਨਹੀਂ ਸੀ ਰੱਖੀ, ਜਿਵੇਂ ਇਸਨੂੰ ਇਹ ਪਤਾ ਹੀ ਨਹੀਂ ਸੀ ਕਿ ਸਿਰਫ ਇਹੋ ਜਿਹਾ ਗਠਜੋੜ ਹੀ ਰੂਸ ਦੀ ਸਰਕਾਰ ਸੋਵੀਅਤਾਂ ਦੀ ਇਨਕਲਾਬੀ ਸੱਤਾ ਦੇ, ਬਹੁ-ਗਿਣਤੀ, ਲੋਕਾਂ ਦੀ ਅਸਲ ਬਹੁ-ਗਿਣਤੀ ਦੀ ਸੱਤਾ ਦੇ ਹੱਥ ਦੇ ਸੱਕੇਗਾ, ਤੇ ਇਹ ਕਿ ਇਸ ਗਠਜੋੜ ਤੋਂ

ਬਿਨਾਂ ਸੱਤਾ ਸਥਾਪਤ ਕਰਨ ਦੀ ਕੋਈ ਵੀ ਕੋਸ਼ਿਸ਼ ਕਰਨਾ, ਖਾਸ ਕਰਕੇ ਇਤਿਹਾਸ ਵਿਚਲੇ ਮੁਸ਼ਕਲ ਮੋੜਾਂ ਤੇ, ਵਿਅਰਥ ਹੋਵੇਗਾ। ਜਿਵੇਂ ਕਿ ਅਸੀਂ ਹੁਣ ਇਸ ਅਸਲੀਅਤ ਦਾ ਤਿਆਗ ਕਰ ਸਕਦੇ ਹਾਂ, ਜਿਸਨੂੰ ਅਸੀਂ ਸਾਰਿਆਂ ਨੇ ਪ੍ਰਵਾਨ ਕੀਤਾ ਸੀ, ਤੇ ਕਿਸਾਨਾਂ ਦੀ ਥੱਕੀ-ਹਾਰੀ ਅਵਸਥਾ ਵੱਲ ਤੇ ਜਮਾਤ-ਹੀਨ ਹੋਏ ਸਿਪਾਹੀਆਂ ਵੱਲ ਨਫਰਤ ਭਰੇ ਹਵਾਲੇ ਤੱਕ ਆਪਣੇ ਆਪ ਨੂੰ ਸੀਮਤ ਕਰ ਸਕਦੇ ਹਾਂ। ਜਿਥੋਂ ਤਕ ਕਿਸਾਨੀ ਦੀ ਥੱਕੀ-ਹਾਰੀ ਅਵਸਥਾ ਦਾ ਤੇ ਜਮਾਤ-ਹੀਨ ਹੋਏ ਸਿਪਾਹੀਆਂ ਦਾ ਸਵਾਲ ਹੈ, ਅਸੀਂ ਇਹ ਜ਼ਰੂਰ ਕਹਾਂਗੇ ਕਿ ਦੇਸ ਮੁਕਾਬਲਾ ਕਰੇਗਾ, ਤੇ ਗ਼ਰੀਬ ਕਿਸਾਨ ਸਿਰਫ ਉਥੋਂ ਤੱਕ ਮੁਕਾਬਲਾ ਕਰ ਸੱਕਣ ਦੇ ਸਮਰੱਥ ਹੋਣਗੇ ਜਿਥੋਂ ਤੱਕ ਗ਼ਰੀਬ ਕਿਸਾਨ ਆਪਣੀਆਂ ਸ਼ਕਤੀਆਂ ਨੂੰ ਘੋਲ ਵੱਲ ਮੋੜਣ ਦੇ ਸਮਰੱਥ ਹਨ।

ਜਦੋਂ ਅਸੀਂ ਅਕਤੂਬਰ ਵਿਚ ਸੱਤਾ ਹੱਥ ਲੈਣ ਵਾਲੇ ਸਾਂ ਤਾਂ ਇਹ ਪ੍ਰਤੱਖ ਸੀ ਕਿ ਘਟਨਾਵਾਂ ਅਟੱਲ ਤੌਰ ਤੇ ਇਧਰ ਲਿਜਾ ਰਹੀਆਂ ਸਨ, ਕਿ ਸੋਵੀਅਤਾਂ ਵਿਚ ਬਾਲਸ਼ਵਿਕਾਂ ਵੱਲ ਨੂੰ ਮੋੜਾ ਦੇਸ ਭਰ ਵਿਚ ਮੋੜ ਦਾ ਸੂਚਕ ਸੀ, ਤੇ ਇਸ ਗੱਲ ਦਾ ਸੂਚਕ ਸੀ ਕਿ ਬਾਲਸ਼ਵਿਕਾਂ ਨੂੰ ਸੱਤਾ ਆਪਣੇ ਹੱਥ ਲੈਣੀ ਚਾਹੀਦੀ ਹੈ। ਜਦੋਂ ਇਸ ਗੱਲ ਨੂੰ ਸਮਝਦਿਆਂ ਅਸੀਂ ਅਕਤੂਬਰ ਵਿਚ ਸੱਤਾ ਹੱਥ ਲਈ ਤਾਂ ਅਸੀਂ ਆਪਣੇ ਆਪ ਨੂੰ ਤੇ ਸਾਰੇ ਲੋਕਾਂ ਨੂੰ ਕਿਹਾ ਸੀ, ਬੜੀ ਸਪਸ਼ਟਤਾ ਨਾਲ ਤੇ ਸਾਫ ਸਾਫ ਲਫਜ਼ਾਂ ਵਿਚ, ਕਿ ਇਹ ਪ੍ਰੋਲਤਾਰੀਆਂ ਤੇ ਗ਼ਰੀਬ ਕਿਸਾਨਾਂ ਨੂੰ ਸੱਤਾ ਦੇਣਾ ਹੈ, ਕਿ ਪ੍ਰੋਲਤਾਰੀਆਂ ਨੂੰ ਪਤਾ ਸੀ ਕਿ ਕਿਸਾਨੀ ਹਿਮਾਇਤ ਕਰੇਗੀ — ਤੁਹਾਨੂੰ ਆਪ ਨੂੰ ਪਤਾ ਹੈ ਕਿ ਕਿਸ ਚੀਜ਼ ਵਿਚ — ਅਮਨ ਲਈ ਇਸਦੇ ਸਰਗਰਮ ਘੋਲ ਵਿਚ ਤੇ ਵਿੱਤੀ ਸਰਮਾਏ ਦੇ ਖਿਲਾਫ ਲੜਾਈ ਜਾਰੀ ਰੱਖਣ ਵਿਚ ਇਸਦੀ ਤਤਪਰਤਾ ਵਿਚ। ਇਸ ਵਿਚ ਅਸੀਂ ਕੋਈ ਗ਼ਲਤੀ ਨਹੀਂ ਕਰ ਰਹੇ, ਤੇ ਕੋਈ ਵੀ ਜਿਹੜਾ ਜਮਾਤੀ ਸ਼ਕਤੀਆਂ ਤੇ ਜਮਾਤੀ ਗਠਜੋੜਾਂ ਦੇ ਸੰਕਲਪ ਉਪਰ ਡਟਦਾ ਹੈ, ਇਸ ਨਿਰਵਿਵਾਦ ਸਚਾਈ ਤੋਂ ਨੱਠ ਨਹੀਂ ਸਕਦਾ ਕਿ ਅਸੀਂ ਛੋਟੇ ਕਿਸਾਨਾਂ ਦੇ ਦੇਸ ਨੂੰ, ਐਸੇ ਦੇਸ ਨੂੰ ਜਿਸਨੇ ਯੂਰਪੀ ਤੇ ਸੰਸਾਰ ਇਨਕਲਾਬ ਲਈ ਬਹੁਤ ਕੁਝ ਦਿੱਤਾ ਹੈ, ਇਹ ਨਹੀਂ ਕਹਿ ਸਕਦੇ ਕਿ ਉਹ ਉਸ ਮੁਸ਼ਕਲ ਹਾਲਤ ਵਿਚ, ਅਤਿ ਦੀ ਮੁਸ਼ਕਲ ਹਾਲਤ ਵਿਚ ਘੋਲ ਜਾਰੀ ਰੱਖੇ, ਜਦੋਂ ਕਿ ਪੱਛਮੀ ਯੂਰਪੀ ਪ੍ਰੋਲਤਾਰੀਆਂ ਵਲੋਂ ਸਹਾਇਤਾ ਨੂੰ, ਨਿਰਸੰਦੇਹ ਤੌਰ ਤੇ, ਦੇਰ ਹੋ ਗਈ ਹੈ, ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸਾਡੇ ਵੱਲ ਆ ਰਹੀ ਹੈ ਜਿਵੇਂ ਕਿ ਤੱਥਾਂ, ਹੜਤਾਲਾਂ ਆਦਿ ਤੋਂ ਪਤਾ ਲੱਗਦਾ ਹੈ। ਇਸੇ ਕਰਕੇ ਹੀ ਮੈਂ ਕਹਿੰਦਾ ਹਾਂ ਕਿ ਕਿਸਾਨ ਜਨਤਾ ਦਾ ਸਾਹ-ਸਤ ਮੁਕੇ ਹੋਣ ਆਦਿ ਦੇ ਹਵਾਲੇ ਉਹੀ ਲੋਕ ਦੇਂਦੇ ਹਨ ਜਿਨ੍ਹਾਂ ਕੋਲ ਸਿਰਫ ਦਲੀਲਾਂ ਹਨ, ਜਿਹੜੇ ਬਿਲਕੁਲ ਮਜਬੂਰ ਹੁੰਦੇ ਹਨ ਜਦੋਂ ਉਹ ਇਹੋ ਜਿਹੀਆਂ ਦਲੀਲਾਂ

ਢੂੰਡਦੇ ਹਨ, ਤੇ ਜਿਹੜੇ ਸਮੁੱਚੇ ਤੌਰ ਉਤੇ ਜਮਾਤੀ ਸੰਬੰਧਾਂ ਨੂੰ, ਉਹਨਾਂ ਦੀ ਸਮੂਲਤਾ ਵਿਚ, ਪ੍ਰੋਲਤਾਰੀਆਂ ਦੇ ਤੇ ਕਿਸਾਨ ਜਨਤਾ ਦੇ ਇਨਕਲਾਬ ਦੇ ਸੰਬੰਧਾਂ ਨੂੰ ਸਮਝਣ ਤੋਂ ਅਸਮਰੱਥ ਹਨ; ਜਦੋਂ ਇਤਿਹਾਸ ਵਿਚਲੇ ਹਰ ਤਿੱਖੇ ਮੋੜ ਉਤੇ ਅਸੀਂ ਸਮੁੱਚੇ ਤੌਰ ਉਤੇ ਜਮਾਤੀ ਸੰਬੰਧਾਂ ਦਾ, ਸਾਰੀਆਂ ਜਮਾਤਾਂ ਦੇ ਸੰਬੰਧਾਂ ਦਾ ਮੁਲੰਕਣ ਕਰਦੇ ਹਾਂ ਤੇ ਵਿਕੋਲਿਤਰੀਆਂ ਉਦਾਹਰਣਾਂ ਤੇ ਵਿਅਕਤੀਗਤ ਕੇਸ ਨਹੀਂ ਚੁਣਦੇ, ਸਿਰਫ ਉਦੋਂ ਹੀ ਅਸੀਂ ਮਹਿਸੂਸ ਕਰਦੇ ਹਾਂ ਕਿ ਸੰਭਵ ਤੱਥ ਸਾਡੀ ਪੱਕੀ ਤਰ੍ਹਾਂ ਪ੍ਰੋੜ੍ਹਤਾ ਕਰ ਰਹੇ ਹਨ। ਮੈਂ ਬਿਲਕੁਲ ਚੰਗੀ ਤਰ੍ਹਾਂ ਮਹਿਸੂਸ ਕਰਦਾ ਹਾਂ ਕਿ ਰੂਸੀ ਬੁਰਜੂਆਜ਼ੀ ਅੱਜ ਸਾਨੂੰ ਇਨਕਲਾਬੀ ਜੰਗ ਵੱਲ ਧੱਕ ਰਹੀ ਹੈ ਜਦੋਂ ਸਾਡੇ ਲਈ ਇਹੋ ਜਿਹੀ ਜੰਗ ਲੜਣਾ ਬਿਲਕੁਲ ਅਸੰਭਵ ਹੈ। ਇਹ ਬੁਰਜੂਆਜ਼ੀ ਦੇ ਜਮਾਤੀ ਹਿਤਾਂ ਲਈ ਲਾਜ਼ਮੀ ਹੈ।

ਜਦੋਂ ਉਹ ਗੰਦੇ ਅਮਨ ਬਾਰੇ ਚੀਕਦੇ ਹਨ ਤੇ ਇਸ ਬਾਰੇ ਇਕ ਲਫਜ਼ ਵੀ ਨਹੀਂ ਕਹਿੰਦੇ ਕਿ ਫੌਜ ਨੂੰ ਇਸਦੀ ਮੌਜੂਦਾ ਅਵਸਥਾ ਤਕ ਕਿਸ ਨੇ ਪੁਚਾਇਆ, ਤਾਂ ਮੈਂ ਬੜੀ ਚੰਗੀ ਤਰ੍ਹਾਂ ਸਮਝ ਜਾਂਦਾ ਹਾਂ ਕਿ ਬੁਰਜੂਆਜ਼ੀ ਹੀ ਹਨ ਜਿਹੜੇ "ਦੀਏਲੋ ਨਾਰੋਦਾ" ਦੇ ਲੋਕਾਂ, ਸੇਰੇਤੇਲੀ ਤੇ ਚੇਰਨੋਵ ਮੇਨਸ਼ਵਿਕਾਂ ਤੇ ਉਹਨਾਂ ਦੇ ਜੀ-ਹਜ਼ੂਰੀਆਂ ਨਾਲ ਮਿਲ ਕੇ (**ਤਾਲੀਆਂ**) — ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਬੁਰਜੂਆਜ਼ੀ ਹਨ ਜਿਹੜੇ ਇਨਕਲਾਬੀ ਜੰਗ ਬਾਰੇ ਬਕੜਵਾਹ ਕਰ ਰਹੇ ਹਨ। ਉਹਨਾਂ ਦੇ ਜਮਾਤੀ ਹਿਤ ਇਸਦੀ ਮੰਗ ਕਰਦੇ ਹਨ, ਉਹਨਾਂ ਦਾ ਇਹ ਦੇਖਣ ਦਾ ਫਿਕਰ, ਕਿ ਸੋਵੀਅਤ ਸੱਤਾ ਕੋਈ ਗ਼ਲਤ ਹਰਕਤ ਕਰੇ, ਇਸਦੀ ਮੰਗ ਕਰਦਾ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਇਹ ਗੱਲ ਉਹਨਾਂ ਲੋਕਾਂ ਵਲੋਂ ਕਹੀ ਜਾ ਰਹੀ ਹੈ ਜਿਹੜੇ, ਇਕ ਪਾਸੇ, ਆਪਣੇ ਅਖਬਾਰਾਂ ਦੇ ਸਫੇ ਉਲਟ-ਇਨਕਲਾਬੀ ਲਿਖਤਾਂ ਨਾਲ ਭਰਦੇ ਹਨ... (**ਆਵਾਜ਼ਾਂ**: "ਉਹ ਸਭ ਦਬਾਏ ਜਾਂ ਚੁੱਕੇ ਹਨ!") ਬਦਕਿਸਮਤੀ ਨੂੰ, ਅਜੇ ਉਹ ਸਾਰੇ ਨਹੀਂ, ਪਰ ਅਸੀਂ ਉਹਨਾਂ ਸਾਰਿਆਂ ਨੂੰ ਬੰਦ ਕਰ ਦੇਵਾਂਗੇ। (**ਤਾਲੀਆਂ**) ਮੈਂ ਐਸੇ ਪ੍ਰੋਲਤਾਰੀਆਂ ਨੂੰ ਦੇਖਣਾ ਚਾਹਾਂਗਾ ਜਿਹੜੇ ਉਲਟ-ਇਨਕਲਾਬੀਆਂ ਨੂੰ, ਉਹਨਾਂ ਨੂੰ ਜਿਹੜੇ ਬੁਰਜੂਆਜ਼ੀ ਦੀ ਹਿਮਾਇਤ ਕਰਦੇ ਹਨ ਤੇ ਉਹਨਾਂ ਨਾਲ ਗੰਢ-ਸੰਢ ਕਰਦੇ ਹਨ, ਇਸ ਗੱਲ ਦੀ ਆਗਿਆ ਦੇਣਗੇ ਕਿ ਉਹ ਧਨ ਦੀ ਅਜਾਰੇਦਾਰੀ ਦੀ ਵਰਤੋਂ ਲੋਕਾਂ ਨੂੰ ਆਪਣੀ ਬੁਰਜੂਆ ਅਫੀਮ ਦੇਣਾ ਜਾਰੀ ਰੱਖਣ ਲਈ ਕਰਨ। (**ਤਾਲੀਆਂ**)

ਮੈਂ, ਬੇਸ਼ਕ, ਸਮਝਦਾ ਹਾਂ ਕਿ ਉਹਨਾਂ ਪ੍ਰਕਾਸ਼ਨਾਵਾਂ ਵਲੋਂ ਗੰਦੇ ਅਮਨ ਦੇ ਬਾਰੇ ਚੀਖਾਂ, ਤੇ ਹਾਲ-ਪਾਹਰਿਆ ਦੇ ਸਿਵਾ ਹੋਰ ਕੁਝ ਨਹੀਂ ਆਉਂਦਾ, ਮੈਂ ਪੂਰੀ ਤਰ੍ਹਾਂ ਸਮਝਦਾ ਹਾਂ ਕਿ ਜਿਹੜੇ ਲੋਕ ਇਸ ਇਨਕਲਾਬੀ ਜੰਗ ਦੇ ਹੱਕ ਵਿਚ ਹਨ — ਕੈਡਿਟਾਂ[52] ਤੋਂ ਲੈ ਕੇ ਸੱਜੇ ਸੋਸ਼ਲਿਸਟ-ਇਨਕਲਾਬੀਆਂ ਤੱਕ — ਉਹ ਲੋਕ ਹਨ ਜਿਹੜੇ ਜਰਮਨਾਂ ਨੂੰ ਵਧਦਿਆਂ ਨੂੰ ਅੱਗੋਂ ਮਿਲਦੇ ਹਨ ਤੇ ਜੇਤੂ-ਭਾਵ ਨਾਲ ਕਹਿੰਦੇ ਹਨ, ਔਹ ਜਰਮਨ ਆ

ਰਹੇ ਹਨ, ਤੇ ਫਿਰ ਆਪਣੇ ਅਫਸਰਾਂ ਨੂੰ, ਫਿਰ ਆਪਣੇ ਅਹੁਦਿਆਂ ਦੀਆਂ ਫੀਤੀਆਂ ਲਾਈ, ਉਹਨਾਂ ਥਾਵਾਂ ਤੇ ਮਟਕ ਨਾਲ ਚੱਲਣ ਦੀ ਆਗਿਆ ਦੇਂਦੇ ਹਨ, ਜਿਹੜੀਆਂ ਥਾਵਾਂ ਜਰਮਨ ਸਾਮਰਾਜੀ ਹਮਲਾਵਰਾਂ ਨੇ ਮੱਲ ਲਈਆਂ ਹਨ। ਓ, ਨਹੀਂ, ਮੈਨੂੰ ਇਹਨਾਂ ਬੁਰਜੂਆ, ਇਹਨਾਂ ਗੰਢ-ਸੰਢ ਕਰਨ ਵਾਲਿਆਂ ਉਪਰ ਜ਼ਰਾ ਹੈਰਾਨੀ ਨਹੀਂ ਹੁੰਦੀ, ਜਦੋਂ ਉਹ ਇਨਕਲਾਬੀ ਜੰਗ ਦਾ ਪ੍ਰਚਾਰ ਕਰਦੇ ਹਨ। ਉਹ ਚਾਹੁੰਦੇ ਹਨ ਕਿ ਸੋਵੀਅਤ ਸੱਤਾ ਜਾਲ ਵਿਚ ਫਸ ਜਾਏ। ਉਹਨਾਂ ਨੇ, ਇਹਨਾਂ ਬੁਰਜੂਆ ਤੇ ਗੰਢ-ਸੰਢ ਕਰਨ ਵਾਲਿਆ ਨੇ, ਆਪਣਾ ਹੱਥ ਦਿਖਾ ਦਿੱਤਾ ਹੈ। ਅਸੀਂ ਉਹਨਾਂ ਨੂੰ ਦੇਖਿਆ ਹੋਇਆ ਹੈ ਤੇ ਅਜੇ ਵੀ ਜਿਉਂਦੀਆਂ ਜਾਗਦੀਆਂ ਵੰਨਗੀਆਂ ਦੇਖ ਸਕਦੇ ਹਾਂ, ਅਸੀਂ ਜਾਣਦੇ ਹਾਂ ਕਿ ਯੂਕਰੇਨ ਵਿਚ ਯੂਕਰੇਨੀ ਕੇਰੇਂਸਕੀ, ਯੂਕਰੇਨੀ ਚੇਰਨੋਵ ਤੇ ਯੂਕਰੇਨੀ ਸੇਰੇਤੇਲੀ ਹਨ — ਉਥੇ ਉਹ ਵਿੱਨੀਚੈਨਕੋ ਹਨ। ਉਹਨਾਂ ਭੱਦਰਪੁਰਸ਼ਾਂ ਨੇ, ਯੂਕਰੇਨੀ ਕੇਰੇਂਸਕੀਆਂ, ਚੇਰਨੋਵਾਂ ਤੇ ਸੇਰੇਤੇਲੀਆਂ ਨੇ, ਲੋਕਾਂ ਤੋਂ ਉਸ ਅਮਨ ਸਮਝੌਤੇ ਨੂੰ ਲੁਕਾ ਛੱਡਿਆ ਜਿਹੜਾ ਉਹਨਾਂ ਨੇ ਜਰਮਨ ਸਾਮਰਾਜੀਆਂ ਨਾਲ ਕੀਤਾ ਸੀ ਤੇ ਅੱਜ ਉਹ ਜਰਮਨ ਸੰਗੀਨਾਂ ਦੀ ਸਹਾਇਤਾ ਨਾਲ ਯੂਕਰੇਨ ਵਿਚ ਸੋਵੀਅਤ ਸੱਤਾ ਉਲਟਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਹੈ ਜੋ ਕੁਝ ਉਹਨਾਂ ਬੁਰਜੂਆ ਤੇ ਉਹਨਾਂ ਗੰਢ-ਸੰਢ ਕਰਨ ਵਾਲਿਆਂ ਤੇ ਉਹਨਾਂ ਦੇ ਚਾਟੜਿਆਂ ਨੇ ਕੀਤਾ ਹੈ। (**ਤਾਲੀਆਂ**) ਇਹ ਹੈ ਜੋ ਕੁਝ ਉਹਨਾਂ ਨੇ ਕੀਤਾ ਹੈ, ਉਹਨਾਂ ਯੂਕਰੇਨੀ ਬੁਰਜੂਆ ਤੇ ਗੰਢ-ਸੰਢ ਕਰਨ ਵਾਲਿਆਂ ਨੇ, ਜਿਨ੍ਹਾਂ ਦੀ ਮਿਸਾਲ ਤੁਹਾਡੇ ਸਾਮ੍ਹਣੇ ਹੈ; ਉਹਨਾਂ ਨੇ ਆਪਣੀਆਂ ਖੁਫੀਆ ਸੰਧੀਆਂ ਲੋਕਾਂ ਤੋਂ ਲੁਕਾਈਆਂ ਤੇ ਅਜੇ ਵੀ ਲੁਕਾ ਰਹੇ ਹਨ, ਉਹ ਜਰਮਨ ਸੰਗੀਨਾਂ ਦੀ ਸਹਾਇਤਾ ਨਾਲ ਸੋਵੀਅਤ ਸੱਤਾ ਉਪਰ ਹਮਲਾ ਕਰ ਰਹੇ ਹਨ। ਇਹ ਕੁਝ ਹੈ ਜੋ ਰੂਸੀ ਬੁਰਜੂਆਜ਼ੀ ਚਾਹੁੰਦੀ ਹੈ, ਇਹ ਹੈ ਜਿਧਰ ਨੂੰ ਬੁਰਜੂਆ ਜੀ-ਹਜ਼ੂਰੀਏ, ਜਾਣ ਕੇ ਜਾਂ ਅਣਜਾਣੇ, ਸੋਵੀਅਤ ਸੱਤਾ ਨੂੰ ਧੱਕਣ ਦੀ ਕੋਸ਼ਿਸ਼ ਕਰ ਰਹੇ ਹਨ; ਉਹ ਜਾਣਦੇ ਹਨ ਕਿ ਇਸ ਵੇਲੇ ਕਿਸੇ ਹਾਲਤ ਵਿਚ ਵੀ ਸੋਵੀਅਤ ਸੱਤਾ, ਸਾਮਰਾਜ ਦੀ ਸ਼ਕਤੀ ਦੇ ਖਿਲਾਫ ਸਾਮਰਾਜੀ ਜੰਗ ਸ਼ੁਰੂ ਨਹੀਂ ਕਰ ਸਕਦੀ। ਇਸੇ ਕਰਕੇ, ਸਿਰਫ ਇਸ ਕੌਮਾਂਤਰੀ ਅਵਸਥਾ ਵਿਚ ਹੀ, ਇਸ ਆਮ ਜਮਾਤੀ ਅਵਸਥਾ ਵਿਚ ਹੀ ਅਸੀਂ ਉਹਨਾਂ ਲੋਕਾਂ ਦੀ ਗ਼ਲਤੀ ਦੀ ਪੂਰੀ ਡੂੰਘਾਈ ਨੂੰ ਸਮਝ ਸਕਦੇ ਹਾਂ ਜਿਨ੍ਹਾਂ ਨੇ, ਖੱਬੀ ਸੋਸ਼ਲਿਸਟ-ਇਨਕਲਾਬੀ ਪਾਰਟੀ ਵਾਂਗ, ਉਸ ਸਿਧਾਂਤ ਨਾਲ ਆਪਣੇ ਆਪ ਨੂੰ ਵਹਿ ਜਾਣ ਦਿੱਤਾ ਹੈ, ਜਿਹੜਾ ਮੁਸ਼ਕਲ ਦੇ ਸਮਿਆਂ ਵਿਚ ਸਾਰੇ ਇਨਕਲਾਬਾਂ ਦੇ ਇਤਿਹਾਸ ਲਈ ਸਾਂਝਾ ਹੈ, ਐਸੇ ਸਿਧਾਂਤ ਨਾਲ ਜਿਹੜਾ ਅੱਧਾ ਮਾਯੂਸੀ ਹੈ ਤੇ ਅੱਧਾ ਫੋਕੀ ਲੱਫਾਜ਼ੀ; ਇਸ ਸਿਧਾਂਤ ਅਨੁਸਾਰ ਹਕੀਕਤ ਨੂੰ ਸਿਆਣੀ ਤਰ੍ਹਾਂ ਦੇਖਣ ਦੀ ਥਾਂ, ਤੇ ਅੰਦਰਲੇ ਤੇ ਬਾਹਰਲੇ ਦੁਸ਼ਮਨਾਂ ਦੇ ਸੰਬੰਧ ਵਿਚ ਜਮਾਤੀ ਸ਼ਕਤੀਆਂ ਦੇ ਦ੍ਰਿਸ਼ਟੀਕੋਣ ਤੋਂ ਇਨਕਲਾਬ ਦੇ ਕਾਰਜਾਂ ਦਾ ਮੁਲੰਕਣ ਕਰਨ ਦੀ ਥਾਂ, ਤੁਹਾਨੂੰ ਗੰਭੀਰ

ਤੇ ਬਹੁਤ ਸੰਗੀਨ ਮਸਲੇ ਨੂੰ ਸਿਰਫ ਆਪਣੇ ਭਾਵਾਂ ਦੇ ਅਸਰ ਹੇਠ, ਸਿਰਫ ਭਾਵਾਂ ਦੇ ਦ੍ਰਿਸ਼ਟੀਕੋਣ ਤੋਂ ਨਿਪਟਾਉਣ ਲਈ ਕਿਹਾ ਜਾਂਦਾ ਹੈ। ਅਮਨ ਯਕੀਨੋਂ-ਬਾਹਰਾ ਕਰੜਾ ਤੇ ਸ਼ਰਮਨਾਕ ਹੈ। ਆਪਣੇ ਬਿਆਨਾਂ ਤੇ ਤਕਰੀਰਾਂ ਵਿਚ ਮੈਨੂੰ ਇਸਦੀ ਤੁਲਨਾ ਤਿਲਸਿਤ ਦੇ ਅਮਨ ਨਾਲ ਕਰਨ ਦਾ ਮੌਕਾ ਮਿਲਿਆ ਜਿਹੜਾ ਜੇਤੂ ਨੈਪੋਲੀਅਨ ਨੇ ਪਰੂਸ਼ੀਅਨ ਤੇ ਜਰਮਨ ਲੋਕਾਂ ਉਪਰ ਉਹਨਾਂ ਦੀਆਂ ਕਈ ਭਾਰੀ ਹਾਰਾਂ ਪਿਛੋਂ ਠੋਸਿਆ ਸੀ। ਹਾਂ, ਇਹ ਅਮਨ ਗੰਭੀਰ ਹਾਰ ਹੈ ਤੇ ਸੋਵੀਅਤ ਸੱਤਾ ਲਈ ਅਪਮਾਣਜਨਕ ਹੈ, ਪਰ ਜੇ ਤੁਸੀਂ, ਇਸ ਗੱਲ ਤੋਂ ਤੁਰਦਿਆਂ ਤੇ ਇਸ ਤੱਕ ਆਪਣੇ ਆਪ ਨੂੰ ਸੀਮਤ ਰਖਦਿਆਂ, ਭਾਵਨਾਵਾਂ ਨੂੰ ਅਪੀਲ ਕਰੋ ਤੇ ਦੇਵਕੱਦ ਇਤਿਹਾਸਕ ਮਸਲੇ ਨੂੰ ਹਰ ਕਰਨ ਦੀ ਕੋਸ਼ਿਸ਼ ਵਿਚ ਅਸੰਤੋਖ ਪੈਦਾ ਕਰੋ, ਤਾਂ ਤੁਸੀਂ ਉਸ ਹਾਸੋਹੀਣੀ ਤੇ ਤਰਸਯੋਗ ਅਵਸਥਾ ਵਿਚ ਫਸ ਜਾਵੋਗੇ, ਜਿਸ ਵਿਚ ਇਕ ਵੇਲੇ ਸੋਸ਼ਲਿਸਟ ਇਨਕਲਾਬੀ ਪਾਰਟੀ ਨੇ ਆਪਣੇ ਆਪ ਨੂੰ ਫਸਾ ਲਿਆ ਸੀ (**ਤਾਲੀਆਂ**), ਜਦੋਂ ੧੯੦੭ ਵਿਚ, ਐਸੀ ਅਵਸਥਾ ਵਿਚ ਜਿਹੜੀ ਕੁਝ ਪੱਖਾਂ ਤੋਂ ਕੁਝ ਮਿਲਦੀ-ਜੁਲਦੀ ਸੀ, ਉਸ ਪਾਰਟੀ ਨੇ ਵੀ ਇਨਕਲਾਬੀਆਂ ਦੀਆਂ ਭਾਵਨਾਵਾਂ ਨੂੰ ਅਪੀਲ ਕੀਤੀ ਸੀ, ਜਦੋਂ ੧੯੦੬ ਤੇ ੧੯੦੭ ਵਿਚ ਸਾਡੇ ਇਨਕਲਾਬ ਦੇ ਭਾਰੀ ਹਾਰਾਂ ਖਾਣ ਪਿਛੋਂ, ਸਤੋਲੀਪਿਨ ਨੇ ਤੀਜੀ ਦੂਮਾ ਬਾਰੇ ਕਾਨੂੰਨ ਸਾਡੇ ਸਾਮ੍ਹਣੇ ਰੱਖੇ ਸਨ — ਇਕ ਅਤਿ ਦੀ ਗਲੀ-ਸੜੀ ਪ੍ਰਤਿਨਿਧ ਸੰਸਥਾ ਵਿਚ ਕੰਮ ਦੀਆਂ ਸ਼ਰਮਨਾਕ ਤੇ ਅਤਿ ਦੀਆਂ ਮੁਸ਼ਕਲ ਹਾਲਤਾਂ — ਜਦੋਂ ਸਾਡੀ ਪਾਰਟੀ ਨੇ, ਕੁਝ ਸਮੇਂ ਦੀ ਅੰਦਰੂਨੀ ਦੁਚਿਤੀ ਪਿਛੋਂ (ਉਸ ਸਵਾਲ ਉਪਰ ਦੁਚਿਤੀ ਅੱਜ ਨਾਲੋਂ ਜ਼ਿਆਦਾ ਸੀ), ਇਸ ਸਵਾਲ ਬਾਰੇ ਇਸ ਤਰੀਕੇ ਨਾਲ ਫੈਸਲਾ ਕੀਤਾ: ਸਾਨੂੰ ਭਾਵਨਾਵਾਂ ਦੇ ਗ਼ਲਬੇ ਹੇਠ ਆਉਣ ਦਾ ਕੋਈ ਅਧਿਕਾਰ ਨਹੀਂ; ਸ਼ਰਮਨਾਕ ਤੀਜੀ ਦੂਮਾ ਨਾਲ ਸਾਡਾ ਅਸੰਤੋਖ ਤੇ ਸਾਡਾ ਕਰੋਧ ਕਿੰਨਾਂ ਵੀ ਜ਼ਿਆਦਾ ਕਿਉਂ ਨਾ ਹੋਵੇ, ਸਾਨੂੰ ਇਹ ਮੰਨਣਾ ਪਵੇਗਾ ਕਿ ਇਹ ਕੋਈ ਸਬੱਬ ਨਹੀਂ ਸੀ ਸਗੋਂ ਵਿਕਾਸ ਕਰ ਰਹੇ ਜਮਾਤੀ ਘੋਲ ਦੀ ਇਤਿਹਾਸਕ ਜ਼ਰੂਰਤ ਸੀ ਜਿਸ ਘੋਲ ਵਿਚ ਜਾਰੀ ਰਹਿਣ ਜੋਗੀ ਤਾਕਤ ਨਹੀਂ ਸੀ, ਪਰ ਜਿਹੜਾ ਤਾਕਤ ਫੜ ਲਵੇਗਾ, ਉਹਨਾਂ ਸ਼ਰਮਨਾਕ ਹਾਲਤਾਂ ਵਿਚ ਵੀ ਜਿਹੜੀਆਂ ਠੋਸੀਆਂ ਗਈਆਂ ਹਨ। ਅਸੀਂ ਠੀਕ ਸਿਧ ਹੋਏ। ਜਿਨ੍ਹਾਂ ਨੇ ਲੋਕਾਂ ਨੂੰ ਇਨਕਲਾਬੀ ਫਿਕਰੇਬਾਜ਼ੀਆਂ ਨਾਲ, ਇਨਸਾਫ ਦੇ ਨਾਂ ਅਪੀਲਾਂ ਨਾਲ (ਕਿਉਂਕਿ ਉਹ ਐਸੀਆਂ ਭਾਵਨਾਵਾਂ ਪ੍ਰਗਟ ਕਰ ਰਹੇ ਸਨ ਜਿਹੜੀਆਂ ਤਿਗਣੀਆਂ ਕਾਨੂੰਨੀ ਸਨ), ਲੋਕਾਂ ਨੂੰ ਖਿੱਚਣ ਦੀ ਕੋਸ਼ਿਸ਼ ਕੀਤੀ, ਉਹਨਾਂ ਲੋਕਾਂ ਨੂੰ ਐਸਾ ਸਬਕ ਮਿਲਿਆ ਜਿਸਨੂੰ ਕੋਈ ਵੀ ਸੋਚਣ ਦੀ ਸਮਰੱਥਾ ਰਖਦਾ ਤੇ ਵਿਚਾਰਾਂ ਵਾਲਾ ਇਨਕਲਾਬੀ ਨਹੀਂ ਭੁੱਲੇਗਾ।

ਇਨਕਲਾਬ ਏਨੀਂ ਪੱਧਰੀ ਤਰ੍ਹਾਂ ਨਹੀਂ ਚੱਲਦੇ ਕਿ ਤੇਜ਼ ਤੇ ਸੌਖੀ ਉੱਨਤੀ ਨੂੰ ਯਕੀਨੀ ਬਨਾਉਣ। ਕਦੀ ਵੀ ਕੋਈ ਮਹਾਨ ਇਨਕਲਾਬ ਐਸਾ ਨਹੀਂ ਹੋਇਆ, ਇਥੋਂ

ਤੱਕ ਕਿ ਕੌਮੀ ਪੱਧਰ ਤੇ ਵੀ, ਜਿਸਨੂੰ ਹਾਰ ਦਾ ਮੁਸ਼ਕਲ ਸਮਾਂ ਨਾ ਦੇਖਣਾ ਪਿਆ ਹੋਵੇ, ਤੇ ਵਿਸ਼ਾਲ ਲਹਿਰਾਂ ਦੇ, ਵਿਕਾਸ ਕਰਦੇ ਇਨਕਲਾਬਾਂ ਦੇ, ਗੰਭੀਰ ਸਵਾਲ ਵੱਲ ਇਕ ਇਨਕਲਾਬੀ ਦਾ ਵਤੀਰਾ ਅਮਨ ਨੂੰ ਗੰਦਾ ਤੇ ਅਪਮਾਣਜਨਕ ਦੱਸਣ ਵਾਲਾ ਤੇ ਫਿਰ ਇਹ ਕਹਿਣ ਵਾਲਾ ਨਹੀਂ ਹੋਣਾ ਚਾਹੀਦਾ ਕਿ ਉਹ ਇਸ ਨਾਲ ਰਾਜ਼ੀ ਨਹੀਂ ਹੋ ਸਕਦਾ; ਅਮਨ ਕਾਰਨ — ਜਿਹੜਾ ਇਨਕਲਾਬ ਦਾ ਜਾਣਿਆਂ ਜਾਂਦਾ ੳ ਅ ਹੈ, ਸਾਰੇ ਇਨਕਲਾਬਾਂ ਦਾ ਤਜਰਬਾ ਹੈ — ਅੰਦੋਲਨਾਤਮਕ ਫਿਕਰਿਆਂ ਦਾ ਹਵਾਲਾ ਦੇਣਾ, ਸਾਡੇ ਉੱਤੇ ਗਾਲ੍ਹਾਂ ਦੀ ਬੁਛਾੜ ਲਾਉਣਾ ਕਾਫੀ ਨਹੀਂ। ੧੯੦੫ ਤੋਂ ਲੈ ਕੇ ਸਾਡਾ ਤਜਰਬਾ — ਤੇ ਜੇ ਅਸੀਂ ਕਿਸੇ ਚੀਜ਼ ਵਿਚ ਅਮੀਰ ਹਾਂ, ਜੇ ਕੋਈ ਵੀ ਕਾਰਨ ਹੈ ਕਿ ਕਿਉਂ ਰੂਸੀ ਮਜ਼ਦੂਰ ਜਮਾਤ ਤੇ ਗ਼ਰੀਬ ਕਿਸਾਨੀ ਨੇ ਸੰਸਾਰ ਸੋਸ਼ਲਿਸਟ ਇਨਕਲਾਬ ਨੂੰ ਸ਼ੁਰੂ ਕਰਨ ਦਾ ਅਤਿ ਮੁਸ਼ਕਲ ਤੇ ਸਤਿਕਾਰਯੋਗ ਕੰਮ ਆਪਣੇ ਸਿਰ ਲਿਆ ਹੈ, ਤਾਂ ਉਹ ਇਹ ਹੈ ਕਿ ਰੂਸੀ ਲੋਕ, ਵਿਸ਼ੇਸ਼ ਇਤਿਹਾਸਕ ਹਾਲਤਾਂ ਕਰਕੇ, ਵੀਹਵੀਂ ਸਦੀ ਦੇ ਸ਼ੁਰੂ ਵਿਚ ਦੋ ਮਹਾਨ ਇਨਕਲਾਬ ਕਰਨ ਦੇ ਯੋਗ ਹੋ ਸਕੇ ਹਨ — ਸਾਨੂੰ ਉਹਨਾਂ ਇਨਕਲਾਬਾਂ ਦੇ ਤਜਰਬੇ ਤੋਂ ਸਿੱਖਣਾ ਚਾਹੀਦਾ ਹੈ, ਸਾਨੂੰ ਇਹ ਸਮਝਣਾ ਸਿੱਖਣਾ ਚਾਹੀਦਾ ਹੈ ਕਿ ਇਕ ਤੇ ਦੂਜੇ ਦੇਸ ਵਿਚਕਾਰ ਜਮਾਤੀ ਸੰਬੰਧਾਂ ਵਿਚਲੀਆਂ ਤਬਦੀਲੀਆਂ ਦਾ ਅਧਿਅਨ ਕਰਨ ਨਾਲ ਹੀਂ ਇਹ ਨਿਸਚਿਤ ਤੌਰ ਤੇ ਸਿਧ ਕਰਨਾ ਸੰਭਵ ਹੈ ਕਿ ਅਸੀਂ ਇਸ ਵੇਲੇ ਲੜਾਈ ਕਬੂਲ ਕਰਨ ਦੀ ਹਾਲਤ ਵਿਚ ਨਹੀਂ; ਸਾਡੇ ਲਈ ਇਸਨੂੰ ਧਿਆਨ ਵਿਚ ਰੱਖਣਾ ਤੇ ਆਪਣੇ ਆਪ ਨੂੰ ਇਹ ਕਹਿਣਾ ਜ਼ਰੂਰੀ ਹੈ ਕਿ ਅਮਨ ਭਾਵੇਂ ਕਿੰਨਾਂ ਵੀ ਸੰਖੇਪ, ਕਰੜਾ ਤੇ ਅਪਮਾਣਜਨਕ ਕਿਉਂ ਨਾ ਹੋਵੇ, ਇਹ ਜੰਗ ਨਾਲੋਂ ਚੰਗੇਰਾ ਹੈ, ਕਿਉਂਕਿ ਇਹ ਜਨਤਾ ਨੂੰ ਸਾਹ ਲੈਣ ਦਾ ਸਮਾਂ ਦੇਂਦਾ ਹੈ, ਕਿਉਂਕਿ ਇਹ ਸਾਨੂੰ ਉਹ ਕੁਝ ਠੀਕ ਕਰਨ ਦਾ ਮੌਕਾ ਦੇਂਦਾ ਹੈ, ਜੋ ਬੁਰਜੂਆਜ਼ੀ ਨੇ ਵਿਗਾੜਿਆ ਹੈ, ਉਸ ਬੁਰਜੂਆਜ਼ੀ ਨੇ ਜਿਹੜੀ ਹਾਲ-ਪਾਹਰਿਆ ਮਚਾ ਰਹੀ ਹੈ ਜਿਥੇ ਵੀ ਕਿਤੇ ਇਸਨੂੰ ਇਸਦਾ ਮੌਕਾ ਮਿਲਦਾ ਹੈ, ਖਾਸ ਕਰਕੇ ਮਕਬੂਜ਼ਾ ਇਲਾਕਿਆਂ ਵਿਚ ਜਰਮਨਾਂ ਦੀ ਓਟ ਹੇਠ। (**ਤਾਲੀਆਂ**)

ਬੁਰਜੂਆਜ਼ੀ ਚੀਖ ਰਹੀ ਹੈ ਕਿ ਬਾਲਸ਼ਵਿਕਾਂ ਨੇ ਫੌਜ ਨੂੰ ਖੇਰੂੰ-ਖੇਰੂੰ ਕਰ ਦਿਤਾ ਹੈ, ਕਿ ਫੌਜ ਕੋਈ ਨਹੀਂ, ਤੇ ਇਸਦਾ ਦੋਸ਼ ਬਾਲਸ਼ਵਿਕਾਂ ਸਿਰ ਹੈ; ਪਰ ਸਾਥੀਓ, ਆਓ ਜ਼ਰਾ ਬੀਤੇ ਉਤੇ ਝਾਤੀ ਮਾਰੀਏ, ਆਓ ਪਹਿਲਾਂ ਆਪਣੇ ਇਨਕਲਾਬ ਦੇ ਵਿਕਾਸ ਉਤੇ ਝਾਤੀ ਮਾਰੀਏ। ਤੁਹਾਨੂੰ ਇਹ ਨਹੀਂ ਪਤਾ ਕਿ ਸਾਡੀ ਫੌਜ ਵਿਚ ਭਗੌੜਾਪਣ ਤੇ ਖੇਰੂੰ-ਖੇਰੂੰ ਹੋਣ ਦੀ ਅਵਸਥਾ ਇਨਕਲਾਬ ਤੋਂ ਬਹੁਤ ਪਹਿਲਾਂ, ੧੯੧੬ ਵਿਚ, ਸ਼ੁਰੂ ਹੋ ਗਈ ਸੀ, ਤੇ ਜਿਸਨੇ ਵੀ ਕਿਸੇ ਨੇ ਫੌਜ ਨੂੰ ਦੇਖਿਆ ਹੈ, ਉਸਨੂੰ ਇਹ ਮੰਨਣਾ ਪਵੇਗਾ। ਤੇ ਇਸਨੂੰ ਰੋਕਣ ਲਈ ਸਾਡੀ ਬੁਰਜੂਆਜ਼ੀ ਨੇ ਕੀ ਕੀਤਾ? ਕੀ ਇਹ ਸਪਸ਼ਟ ਨਹੀਂ ਕਿ ਉਸ ਵੇਲੇ ਸਾਮਰਾਜੀਆਂ ਤੋਂ ਮੁਕਤੀ ਦਾ ਇਕੋ ਇਕ ਮੌਕਾ ਉਹਨਾਂ ਹੱਥ ਸੀ,

ਕਿ ਇਹ ਮੌਕਾ ਮਾਰਚ ਵਿਚ ਤੇ ਅਪਰੈਲ ਵਿਚ ਆਇਆ ਜਦੋਂ ਬੁਰਜੂਆਜ਼ੀ ਦੇ ਖਿਲਾਫ ਹੱਥ ਦੀ ਮਾੜੀ ਜਿਹੀ ਹਰਕਤ ਨਾਲ ਹੀ ਸੋਵੀਅਤ ਜਥੇਬੰਦੀਆਂ ਸੱਤਾ ਲੈ ਸਕਦੀਆਂ ਸਨ। ਤੇ ਜੇ ਸੋਵੀਅਤਾਂ ਨੇ ਉਦੋਂ ਸੱਤਾ ਹੱਥ ਲਈ ਹੁੰਦੀ, ਜੇ ਬੁਰਜੂਆ ਤੇ ਪੈਟੀ-ਬੁਰਜੂਆ ਬੁਧੀਜੀਵੀਆਂ ਨੇ, ਸੋਸ਼ਲਿਸਟ-ਇਨਕਲਾਬੀਆਂ ਤੇ ਮੇਨਸ਼ਵਿਕਾਂ ਨਾਲ ਰਲ ਕੇ, ਲੋਕਾਂ ਨੂੰ ਧੋਖਾ ਦੇਣ ਵਿਚ, ਖੁਫੀਆ ਸੰਧੀਆਂ ਨੂੰ ਲੁਕਾਉਣ ਵਿਚ ਤੇ ਫੌਜ ਨੂੰ ਧਾਵਾ ਬੋਲਣ ਵੱਲ ਲਿਜਾਣ ਵਿਚ ਕੇਰੇਂਸਕੀ ਦੀ ਸਹਾਇਤਾ ਕਰਨ ਦੀ ਥਾਂ — ਜੇ ਉਹ ਉਦੋਂ ਫੌਜ ਦੀ ਸਹਾਇਤਾ ਲਈ ਬਹੁੜੇ ਹੁੰਦੇ, ਇਸਨੂੰ ਸਿੱਕਾ-ਬਾਰੂਦ ਤੇ ਰਾਸ਼ਨ ਸਪਲਾਈ ਕੀਤਾ ਹੁੰਦਾ, ਤੇ ਬੁਰਜੂਆਜ਼ੀ ਨੂੰ ਪਿਤਾਭੂਮੀ ਦੀ ਸਹਾਇਤਾ ਕਰਨ ਲਈ ਮਜਬੂਰ ਕੀਤਾ ਹੁੰਦਾ — ਸੌਦੇਬਾਜ਼ਾਂ ਦੀ ਪਿਤਾਭੂਮੀ ਨਹੀਂ, ਉਹਨਾਂ ਸੰਧੀਆਂ ਦੀ ਪਿਤਾਭੂਮੀ ਨਹੀਂ ਜਿਹੜੀਆਂ ਲੋਕਾਂ ਦੇ ਕਤਲਾਮ ਵਿਚ ਸਹਾਇਤਾ ਕਰਦੀਆਂ ਹਨ (**ਤਾਲੀਆਂ** — ) ਤੇ ਆਪ ਵਿਚ ਹਿੱਸਾ ਲਿਆ ਹੁੰਦਾ; ਜੇ ਸੋਵੀਅਤਾਂ ਨੇ ਮਜ਼ਦੂਰਾਂ ਦੀ ਤੇ ਸਾਰੇ ਕਾਮੇ ਲੋਕਾਂ ਦੀ ਪਿਤਾਭੂਮੀ ਦੀ ਸਹਾਇਤਾ ਕਰਨ ਲਈ ਬੁਰਜੂਆਜ਼ੀ ਨੂੰ ਮਜਬੂਰ ਕੀਤਾ ਹੁੰਦਾ, ਤੇ ਚੀਥੜਿਆਂ ਵਿਚ, ਨੰਗੇ ਪੈਰੀਂ ਤੇ ਭੁਖੀ ਫੌਜ ਦੀ ਸਹਾਇਤਾ ਕੀਤੀ ਹੁੰਦੀ, ਤਾਂ, ਸ਼ਾਇਦ, ਸਾਨੂੰ ਦੱਸ ਮਹੀਨੇ ਦਾ ਸਮਾਂ ਮਿਲ ਜਾਂਦਾ ਜਿਹੜਾ ਫੌਜ ਦੇ ਆਰਾਮ ਲਈ ਤੇ ਇਸ ਵਾਸਤੇ ਸਰਬਸੰਮਤੀ ਨਾਲ ਸਮਰਥਣ ਪ੍ਰਾਪਤ ਕਰਨ ਲਈ ਕਾਫੀ ਹੁੰਦਾ, ਕਿ ਫੌਜ ਨੂੰ ਮਹਾਜ਼ ਤੋਂ ਇਕ ਵੀ ਕਦਮ ਹਿਲਾਏ ਤੋਂ ਬਿਨਾਂ ਆਮ, ਜਮਹੂਰੀ ਅਮਨ ਦੀ ਤਜਵੀਜ਼ ਦਿੱਤੀ ਜਾ ਸਕਦੀ ਤੇ ਖੁਫੀਆ ਸੰਧੀਆਂ ਪਾੜੀਆਂ ਜਾ ਸਕਦੀਆਂ ਤੇ ਇਕ ਵੀ ਕਦਮ ਪਿੱਛੇ ਹਟਣ ਤੋਂ ਬਿਨਾਂ ਮਹਾਜ਼ ਰੇਖਾ ਉਪਰ ਡਟਿਆ ਜਾ ਸਕਦਾ। ਉਦੋਂ ਐਸੇ ਅਮਨ ਦਾ ਸਬੱਬ ਹੋ ਸਕਦਾ ਸੀ ਜਿਸਨੂੰ ਮਜ਼ਦੂਰ ਤੇ ਕਿਸਾਨ ਖੁਸ਼ੀ ਖੁਸ਼ੀ ਹਿਮਾਇਤ ਤੇ ਪ੍ਰਵਾਨਗੀ ਦੇਂਦੇ। ਉਹ ਪਿਤਾਭੂਮੀ ਦੀ — ਰੋਮਾਨੋਵਾਂ, ਕੇਰੇਂਸਕੀਆਂ, ਜਾਂ ਚੇਰਨੋਵਾਂ ਦੀ ਪਿਤਾਭੂਮੀ ਨਹੀਂ, ਖੁਫੀਆ ਸੰਧੀਆਂ ਦੀ ਪਿਤਾਭੂਮੀ ਨਹੀਂ, ਧੋਖੇਬਾਜ਼ ਬੁਰਜੂਆਜ਼ੀ ਦੀ ਪਿਤਾਭੂਮੀ ਨਹੀਂ — ਉਸ ਪਿਤਾਭੂਮੀ ਦੀ ਨਹੀਂ ਸਗੋਂ ਮਜ਼ਦੂਰ ਲੋਕਾਂ ਦੀ ਪਿਤਾਭੂਮੀ ਦੀ ਰਾਖੀ ਦੇ ਦਾਅਪੇਚ ਹੋਣੇ ਚਾਹੀਦੇ ਸਨ। ਇਹ ਹਨ ਜਿਹੜੇ ਜੰਗ ਤੋਂ ਇਨਕਲਾਬ ਵੱਲ ਤੇ ਰੂਸੀ ਇਨਕਲਾਬ ਤੋਂ ਸੰਸਾਰ ਇਨਕਲਾਬ ਵੱਲ ਤਬਦੀਲੀ ਨੂੰ ਸਖਤ ਅਜ਼ਮਾਇਸ਼ਾਂ ਦਾ ਦੌਰ ਬਨਾਉਣ ਦੇ ਜ਼ਿਮੇਵਾਰ ਹਨ। ਇਸੇ ਕਰਕੇ ਹੀ ਇਨਕਲਾਬੀ ਜੰਗ ਵਰਗੀਆਂ ਤਜਵੀਜ਼ਾਂ ਫੋਕੀਆਂ ਫਿਕਰੇਬਾਜ਼ੀਆਂ ਲੱਗਦੀਆਂ ਹਨ, ਜਦੋਂ ਸਾਨੂੰ ਪਤਾ ਹੈ ਕਿ ਸਾਡੇ ਕੋਲ ਕੋਈ ਫੌਜ ਨਹੀਂ, ਜਦੋਂ ਸਾਨੂੰ ਪਤਾ ਹੈ ਕਿ ਫੌਜ ਨੂੰ ਕਾਬੂ ਰੱਖਣਾ ਅਸੰਭਵ ਹੁੰਦਾ, ਤੇ ਅਵਸਥਾ ਦਾ ਗਿਆਨ ਰਖਦੇ ਲੋਕ ਇਹ ਦੇਖੇ ਬਿਨਾਂ ਨਹੀਂ ਸਨ ਰਹਿ ਸਕਦੇ ਕਿ ਫੌਜ ਤੋੜਣ ਬਾਰੇ ਸਾਡਾ ਫ਼ਰਮਾਨ ਕੋਈ ਕਾਢ ਨਹੀਂ ਸੀ ਸਗੋਂ ਪ੍ਰਤੱਖ ਲੋੜ ਦਾ ਸਿੱਟਾ ਸੀ, ਕਿਉਂਕਿ ਫੌਜ ਨੂੰ ਕਾਬੂ ਵਿਚ ਰੱਖਣਾ ਅਸੰਭਵ ਹੁੰਦਾ। ਫੌਜ ਨੂੰ ਕਾਬੂ ਨਹੀਂ ਸੀ ਰਖਿਆ ਜਾ ਸਕਦਾ। ਉਹ

ਅਫਸਰ, ਬਾਲਸ਼ਵਿਕ ਨਹੀਂ ਸੀ ਉਹ, ਠੀਕ ਸੀ ਜਿਸਨੇ, ਅਕਤੂਬਰ ਇਨਕਲਾਬ ਤੋਂ ਪਹਿਲਾਂ, ਕਿਹਾ ਸੀ ਕਿ ਫੌਜ ਨਹੀਂ ਲੜ ਸਕਦੀ ਤੇ ਨਹੀਂ ਲੜੇਗੀ। ਇਹ ਹੈ ਜੋ ਕੁਝ ਬੁਰਜੂਆਜ਼ੀ ਨਾਲ ਕਈ ਮਹੀਨਿਆਂ ਦੀ ਸੌਦੇਬਾਜ਼ੀ ਤੇ ਜੰਗ ਨੂੰ ਜਾਰੀ ਰੱਖਣ ਦੀ ਲੋੜ ਬਾਰੇ ਸਾਰੀਆਂ ਤਕਰੀਰਾਂ ਵਿਚੋਂ ਨਿਕਲਿਆ ਹੈ; ਭਾਵੇਂ ਉਹ ਉੱਤਮ ਭਾਵ ਕੋਈ ਵੀ ਹੋਣ ਜਿਨ੍ਹਾਂ ਨੇ ਕਈ ਇਨਕਲਾਬੀਆਂ, ਜਾਂ ਕੁਝ ਇਨਕਲਾਬੀਆਂ ਨੂੰ ਹਿਲੂਣਿਆ ਹੋਵੇ, ਉਹ ਫੋਕੀਆਂ ਇਨਕਲਾਬੀ ਫਿਕਰੇਬਾਜ਼ੀਆਂ ਸਿਧ ਹੋਈਆਂ ਜਿਹੜੀਆਂ ਕੌਮਾਂਤਰੀ ਸਾਮਰਾਜ ਦੇ ਹੱਥਾਂ ਵਿਚ ਖੇਡੀਆਂ ਕਿ ਇਹ ਮੁੜ ਕੇ ਓਨਾ ਹੀ ਤੇ ਵਧੇਰੇ ਲੁੱਟ ਸੱਕੇ, ਜਿਸ ਤਰ੍ਹਾਂ ਇਹ ਉਦੋਂ ਤੋਂ ਕਰ ਰਿਹਾ ਹੈ ਜਦੋਂ ਅਸੀਂ ਦਾਅਪੇਚਾਂ ਦੀ ਜਾਂ ਡਿਪ੍ਰਲੋਮੈਟਿਕ ਗ਼ਲਤੀ ਕੀਤੀ, ਜਿਸ ਸਮੇਂ ਤੋਂ ਕਿ ਅਸੀਂ ਬਰੇਸਤ ਸੰਧੀ ਉੱਪਰ ਦਸਖਤ ਨਾ ਕੀਤੇ। ਜਦੋਂ ਅਸੀਂ ਉਹਨਾਂ ਨੂੰ, ਜਿਹੜੇ ਅਮਨ ਸਮਝੌਤਾ ਕਰਨ ਦੇ ਵਿਰੁਧ ਸਨ, ਇਹ ਦੱਸਿਆ ਕਿ ਜੇ ਸਾਨੂੰ ਕੁਝ ਵੀ ਮੁਹਲਤ ਮਿਲ ਜਾਏ ਤਾਂ ਉਹ ਸਮਝ ਜਾਣਗੇ ਕਿ ਫੌਜ ਦਾ ਠੀਕ ਠਾਕ ਹੋਣਾ ਤੇ ਮਜ਼ਦੂਰ ਜਮਾਤ ਦੇ ਹਿਤ ਹੋਰ ਕਿਸੇ ਵੀ ਚੀਜ਼ ਨਾਲੋਂ ਵਧੇਰੇ ਮਹਤਵਪੂਰਨ ਹਨ, ਤੇ ਇਸੇ ਕਰਕੇ ਹੀ ਅਮਨ ਸਮਝੌਤਾ ਕੀਤਾ ਜਾਣਾ ਚਾਹੀਦਾ ਹੈ—ਤਾਂ ਉਹ ਅੜੇ ਰਹੇ ਕਿ ਮੁਹਲਤ ਦਾ ਸਮਾਂ ਮਿਲ ਹੀ ਨਹੀਂ ਸਕਦਾ।

ਪਰ ਸਾਡਾ ਇਨਕਲਾਬ ਪਿਛਲੇ ਸਾਰੇ ਇਨਕਲਾਬਾਂ ਨਾਲੋਂ ਇਸ ਗੱਲ ਵਿਚ ਵੱਖਰਾ ਹੈ ਕਿ ਇਸਨੇ ਜਨਤਾ ਵਿਚ ਉਸਾਰਨ ਤੇ ਸਿਰਜਣ ਦੀ ਇੱਛਾ ਜਗਾ ਦਿਤੀ ਹੈ, ਤੇ ਬੇਹਦ ਦੂਰ-ਦੁਰਾਡੇ ਦੇ ਪਿੰਡਾਂ ਵਿਚਲੇ ਮਜ਼ਦੂਰ ਲੋਕ, ਜ਼ਾਰਾਂ, ਭੂਮੀਪਤੀਆਂ ਤੇ ਬੁਰਜੂਆਜ਼ੀ ਦੇ ਅਪਮਾਣਿਤ ਕੀਤੇ, ਲਿਤਾੜੇ ਤੇ ਦਬਾਏ ਲੋਕ ਜਾਗ ਪਏ ਹਨ; ਇਹ ਉਸ ਇਨਕਲਾਬ ਦਾ ਦੌਰ ਹੈ ਜਿਹੜਾ ਸਿਰਫ ਹੁਣ ਹੀ ਨੇਪਰੇ ਚੜ੍ਹਾਇਆ ਜਾ ਰਿਹਾ ਹੈ, ਹੁਣ ਜਦ ਕਿ ਪੇਂਡੂ ਇਨਕਲਾਬ ਸ਼ੁਰੂ ਹੋ ਰਿਹਾ ਹੈ, ਉਹ ਇਨਕਲਾਬ ਜਿਹੜਾ ਜੀਵਨ ਦਾ ਨਵਾਂ ਤਰੀਕਾ ਉਸਾਰ ਰਿਹਾ ਹੈ। ਤੇ ਇਸ ਮੁਹਲਤ ਵਾਸਤੇ, ਭਾਵੇਂ ਇਹ ਕਿੰਨੀਂ ਸੰਖੇਪ ਤੇ ਕਿੰਨੀ ਥੋਹੜੀ ਹੋਵੇ ਸੰਧੀ ਉੱਪਰ ਦਸਖਤ ਕਰਨਾ ਸਾਡਾ ਫਰਜ਼ ਸੀ, ਕਿਉਂਕਿ ਅਸੀਂ ਮਜ਼ਦੂਰ ਲੋਕਾਂ ਦੇ ਹਿਤਾਂ ਨੂੰ ਬੁਰਜੂਆ ਸੂਰਮਿਆਂ ਦੇ ਹਿਤਾਂ ਨਾਲੋਂ ਉਪਰ ਰੱਖਦੇ ਹਾਂ, ਜਿਹੜੇ ਆਪਣੀਆਂ ਤਲਵਾਰਾਂ ਖੜਕਾਉਂਦੇ ਤੇ ਸਾਨੂੰ ਲੜਣ ਲਈ ਵੰਗਾਰਦੇ ਹਨ। ਇਹ ਹੈ ਜੋ ਇਨਕਲਾਬ ਸਿਖਾਉਂਦਾ ਹੈ। ਇਨਕਲਾਬ ਸਿਖਾਉਂਦਾ ਹੈ ਕਿ ਜਦੋਂ ਅਸੀਂ ਡਿਪਲੋਮੈਟਿਕ ਗ਼ਲਤੀਆਂ ਕਰਦੇ ਹਾਂ, ਜਦੋਂ ਅਸੀਂ ਫਰਜ਼ ਕਰ ਲੈਂਦੇ ਹਾਂ ਕਿ ਭਲਕੇ ਹੀ ਜਰਮਨ ਮਜ਼ਦੂਰ ਸਾਡੀ ਸਹਾਇਤਾ ਲਈ ਆ ਜਾਣਗੇ, ਜਦੋਂ ਅਸੀਂ ਆਸ ਰੱਖਦੇ ਹਾਂ ਕਿ ਲੀਬਕਨੇਖਤ ਤੁਰਤ ਹੀ ਜੇਤੂ ਹੋ ਜਾਵੇਗਾ (ਤੇ ਸਾਨੂੰ ਪਤਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਲੀਬਕਨੇਖਤ ਜਿੱਤੇਗਾ, ਮਜ਼ਦੂਰ ਜਮਾਤ ਲਹਿਰ ਦੇ ਵਿਕਾਸ ਵਿਚ ਇਹ ਅਟੱਲ ਹੈ **(ਤਾਲੀਆਂ)**), ਤਾਂ ਇਸਦਾ ਮਤਲਬ ਹੈ ਕਿ, ਮੁਸ਼ਕਲ ਸੋਸ਼ਲਿਸਟ

ਲਹਿਰ ਦੇ ਇਨਕਲਾਬੀ ਨਾਅਰੇ, ਜਦੋਂ ਬਿਨਾਂ ਸੋਚਣ ਦੇ ਵਰਤੇ ਜਾਣ ਫੋਕੀ ਲੱਫਾਜ਼ੀ ਹੀ ਨਿੱਬੜਦੇ ਹਨ। ਮਜ਼ਦੂਰ ਲੋਕਾਂ ਦਾ ਇਕ ਵੀ ਪ੍ਰਤਿਨਿਧ ਨਹੀਂ, ਇਕ ਵੀ ਈਮਾਨਦਾਰ ਮਜ਼ਦੂਰ ਨਹੀਂ ਜਿਹੜਾ ਜਰਮਨੀ ਦੀ ਸੋਸ਼ਲਿਸਟ ਲਹਿਰ ਦੀ ਸਹਾਇਤਾ ਕਰਨ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਤੋਂ ਇਨਕਾਰ ਕਰੇ, ਕਿਉਂਕਿ ਇਹ ਸਾਰਾ ਸਮਾਂ ਮਹਾਜ਼ ਉਪਰ ਉਸਨੇ ਜਰਮਨ ਸਾਮਰਾਜੀਆਂ ਤੇ ਜਰਮਨ ਡਿਸਿਪਲਿਨ ਦੀ ਮੁਸੀਬਤ ਸਹਿ ਰਹੇ ਸਿਪਾਹੀਆਂ ਵਿਚਕਾਰ, ਜਿਨ੍ਹਾਂ ਵਿਚੋਂ ਬਹੁਤੇ ਸਾਡੇ ਨਾਲ ਹਮਦਰਦੀ ਰਖਦੇ ਹਨ, ਨਿਖੇੜ ਕਰਨਾ ਸਿਖਿਆ ਹੈ। ਇਸੇ ਕਰਕੇ ਮੈਂ ਕਹਿੰਦਾ ਹਾਂ ਕਿ ਰੂਸੀ ਇਨਕਲਾਬ ਨੇ ਸਾਡੀ ਗ਼ਲਤੀ ਨੂੰ ਅਮਲ ਵਿਚ ਠੀਕ ਕੀਤਾ ਹੈ, ਸਾਨੂੰ ਮੁਹਲਤ ਦਾ ਸਮਾਂ ਦੇ ਕੇ ਇਸਨੂੰ ਠੀਕ ਕੀਤਾ ਹੈ। ਇਹ ਬੜਾ ਸੰਭਵ ਹੈ ਕਿ ਇਹ ਬੇਹਦ ਸੰਖੇਪ ਸਮਾਂ ਹੋਵੇਗਾ, ਪਰ ਸਾਨੂੰ ਘਟੋ ਘਟ ਸੰਖੇਪ ਮੁਹਲਤ ਦੇ ਸਮੇਂ ਦਾ ਮੌਕਾ ਮਿਲੇਗਾ ਜਿਸ ਵਿਚ ਫ਼ੌਜ, ਜੋ ਕਿ ਥੱਕੀ ਹੋਈ ਤੇ ਭੁੱਖ ਦੀ ਮਾਰੀ ਹੋਈ ਹੈ, ਇਸ ਤੱਥ ਤੋਂ ਚੇਤੰਨ ਹੋ ਜਾਵੇਗੀ ਕਿ ਇਸਨੂੰ ਸਾਹ ਲੈਣ ਦਾ ਮੌਕਾ ਦਿੱਤਾ ਗਿਆ ਹੈ। ਸਾਨੂੰ ਇਹ ਸਪਸ਼ਟ ਹੈ ਕਿ ਪੁਰਾਣੀਆਂ ਸਾਮਰਾਜੀ ਜੰਗਾਂ ਦਾ ਦੌਰ ਲੰਘ ਚੁੱਕਾ ਹੈ ਤੇ ਨਵੀਆਂ ਜੰਗਾਂ ਛਿੜਣ ਦਾ ਹੋਰ ਖਤਰਾ ਸਾਡੇ ਸਿਰ ਤੇ ਮੰਡਲਾ ਰਿਹਾ ਹੈ, ਪਰ ਕਈ ਇਤਿਹਾਸਕ ਦੌਰਾਂ ਵਿਚ ਜੰਗ ਦੇ ਇਹੋ ਜਿਹੇ ਸਮੇਂ ਰਹੇ ਹਨ, ਤੇ ਅਖੀਰ ਵਿਚ ਜਾ ਕੇ ਉਹ ਹਮੇਸ਼ਾ ਹੀ ਸਭ ਤੋਂ ਵਧ ਭਿਅੰਕਰ ਬਣ ਜਾਂਦੇ ਰਹੇ ਹਨ। ਇਹ ਗੱਲ ਸਮਝ ਲੈਣੀ ਚਾਹੀਦੀ ਹੈ, ਸਿਰਫ ਪੀਤਰੋਗਰਾਦ ਤੇ ਮਾਸਕੋ ਵਿਚਲੀਆਂ ਮੀਟਿੰਗਾਂ ਵਿਚ ਹੀ ਨਹੀਂ; ਪਿੰਡਾਂ ਵਿਚ ਲੱਖਾਂ ਕਰੋੜਾਂ ਲੋਕਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ; ਤੇ ਪੇਂਡੂ ਵਸੋਂ ਦੇ ਵਧੇਰੇ ਵਧੇਰੇ ਚਾਨਣ ਪਾ ਚੁੱਕੇ ਹਿੱਸੇ ਨੂੰ, ਮਹਾਜ਼ ਤੋਂ ਵਾਪਸ ਆ ਰਹੇ ਲੋਕਾਂ ਨੂੰ, ਉਹਨਾਂ ਨੂੰ ਜਿਹੜੇ ਜੰਗ ਦੀਆਂ ਭਿਅੰਕਰਤਾਵਾਂ ਵਿਚੋਂ ਲੰਘੇ ਹਨ, ਚਾਹੀਦਾ ਹੈ ਕਿ ਉਹਨਾਂ ਦੀ ਇਹ ਸਮਝਣ ਵਿਚ ਸਹਾਇਤਾ ਕਰਨ; ਕਿਸਾਨਾਂ ਤੇ ਮਜ਼ਦੂਰਾਂ ਦੇ ਵਿਸ਼ਾਲ ਸਮੂਹਾਂ ਨੂੰ ਇਨਕਲਾਬੀ ਮਹਾਜ਼ ਦੀ ਲੋੜ ਨੂੰ ਚੰਗੀ ਤਰ੍ਹਾਂ ਮੰਨ ਲੈਣਾ ਚਾਹੀਦਾ ਹੈ—ਫਿਰ ਉਹ ਕਹਿਣਗੇ ਕਿ ਅਸੀਂ ਠੀਕ ਕੰਮ ਕੀਤਾ ਹੈ।

ਉਹ ਸਾਨੂੰ ਕਹਿੰਦੇ ਹਨ ਕਿ ਅਸੀਂ ਯੂਕਰੇਨ ਤੇ ਫਿਨਲੈਂਡ ਨਾਲ ਗ਼ੱਦਾਰੀ ਕੀਤੀ ਹੈ—ਕਿੰਨੀਂ ਸ਼ਰਮ ਵਾਲੀ ਗੱਲ ਹੈ! ਪਰ ਜਿਹੜੀ ਹਾਲਤ ਪੈਦਾ ਹੋ ਗਈ ਹੈ, ਐਸੀ ਹੈ ਕਿ ਅਸੀਂ ਫਿਨਲੈਂਡ ਨਾਲੋਂ ਕੱਟੇ ਗਏ ਹਾਂ, ਜਿਸ ਨਾਲ ਅਸੀਂ ਇਨਕਲਾਬ ਤੋਂ ਪਹਿਲਾਂ ਅਣਲਿਖੀ ਸੰਧੀ ਕੀਤੀ ਸੀ ਤੇ ਹੁਣ ਠੀਕ ਰੂਪ ਵਿਚ ਸੰਧੀ ਕੀਤੀ ਹੈ। ਉਹ ਕਹਿੰਦੇ ਹਨ ਕਿ ਅਸੀਂ ਯੂਕਰੇਨ ਨੂੰ ਛੱਡ ਰਹੇ ਹਾਂ ਜਿਸਨੂੰ ਚੇਰਨੋਵ, ਕੇਰੇਂਸਕੀ ਤੇ ਸੇਰੇਤੇਲੀ ਤਬਾਹ ਕਰ ਦੇਣਗੇ; ਉਹ ਕਹਿੰਦੇ ਹਨ ਕਿ ਅਸੀਂ ਗ਼ੱਦਾਰ ਹਾਂ, ਅਸੀਂ ਯੂਕਰੇਨ ਨਾਲ ਗ਼ੱਦਾਰੀ ਕੀਤੀ ਹੈ! ਮੈਂ ਕਹਿੰਦਾ ਹਾਂ: ਸਾਥੀਓ, ਮੈਂ ਇਨਕਲਾਬ ਦੇ ਇਤਿਹਾਸ ਨੂੰ ਏਨਾਂ ਕੁ ਵਾਚਿਆ ਹੋਇਆ ਹੈ ਕਿ ਉਹਨਾਂ ਲੋਕਾਂ ਦੀਆਂ, ਜਿਹੜੇ ਆਪਣੀਆਂ ਭਾਵਨਾਵਾਂ

ਅੱਗੇ ਹਥਿਆਰ ਸੁੱਟ ਦੇਂਦੇ ਹਨ ਤੇ ਸਪਸ਼ਟ ਨਿਰਣੇ ਦੇ ਅਸਮਰਥ ਹਨ, ਕਹਿਰੀਆਂ ਨਜ਼ਰਾਂ ਤੇ ਚੀਖਾਂ ਤੋਂ ਨਹੀਂ ਘਬਰਾਉਂਦਾ। ਮੈਂ ਤੁਹਾਨੂੰ ਸਿਧੀ ਜਿਹੀ ਮਿਸਾਲ ਦੇਂਦਾ ਹਾਂ। ਫਰਜ਼ ਕਰੋ ਕਿ ਦੋ ਦੋਸਤ ਰਾਤ ਵੇਲੇ ਬਾਹਰ ਸੈਰ ਕਰ ਰਹੇ ਹਨ ਤੇ ਉਹਨਾਂ ਉਪਰ ਦੱਸ ਆਦਮੀ ਹਮਲਾ ਬੋਲ ਦੇਂਦੇ ਹਨ। ਜੇ ਬਦਮਾਸ਼ ਇੱਕ ਨੂੰ ਵੱਖ ਕਰ ਲੈਣ ਤਾਂ ਦੂਜਾ ਕੀ ਕਰੇ ? ਉਹ ਸਹਾਇਤਾ ਨਹੀਂ ਕਰ ਸਕਦਾ, ਤੇ ਜੇ ਉਹ ਨੱਠ ਜਾਂਦਾ ਹੈ ਤਾਂ ਕੀ ਉਹ ਗ਼ੱਦਾਰ ਹੈ ? * ਤੇ ਫਰਜ਼ ਕਰੋ ਇਹ ਵਿਅਕਤੀਆਂ ਦਾ ਜਾਂ ਐਸੇ ਖੇਤਰਾਂ ਦਾ ਅਮਲਾ ਨਹੀਂ ਜਿਨ੍ਹਾਂ ਵਿਚ ਸਿੱਧੀਆਂ ਭਾਵਨਾਵਾਂ ਦੇ ਸਵਾਲ ਨਿਪਟਾਏ ਜਾ ਰਹੇ ਹਨ, ਸਗੋਂ ਪੰਜ ਫੌਜਾਂ ਦਾ ਮਾਮਲਾ ਹੈ ਜਿਨ੍ਹਾਂ ਵਿਚੋਂ ਹਰ ਇਕ ਵਿਚ ਇਕ ਇਕ ਲੱਖ ਸਿਪਾਹੀ ਹਨ, ਜਿਹੜੀਆਂ ਦੋ ਲਖ ਦੀ ਇਕ ਫੌਜ ਨੂੰ ਘੇਰ ਲੈਂਦੀਆਂ ਹਨ, ਤੇ ਇਕ ਹੋਰ ਫੌਜ ਵੀ ਹੈ ਜਿਸਨੂੰ ਲੜਾਈ ਵਿਚ ਫਸੀ ਫੌਜ ਦੀ ਸਹਾਇਤਾ ਤੇ ਆਉਣਾ ਚਾਹੀਦਾ ਹੈ। ਪਰ ਜੇ ਉਹ ਦੂਜੀ ਫੌਜ ਜਾਣਦੀ ਹੈ ਕਿ ਇਹ ਯਕੀਨਨ ਜਾਲ ਵਿਚ ਫਸ ਜਾਵੇਗੀ, ਤਾਂ ਇਸਨੂੰ ਪਿੱਛੇ ਹਟ ਜਾਣਾ ਚਾਹੀਦਾ ਹੈ; ਇਸਨੂੰ ਜ਼ਰੂਰ ਪਿੱਛੇ ਹਟ ਜਾਣਾ ਚਾਹੀਦਾ ਹੈ, ਭਾਵੇਂ ਪਿੱਛੇ ਹਟਣ ਨੂੰ ਗੰਦਾ, ਭੈੜਾ ਅਮਨ ਸਮਝੌਤਾ ਕਰਕੇ ਓਟ ਕਿਉਂ ਨਾ ਦੇਣੀ ਪਵੇ — ਜਿੰਨੀਆਂ ਚਾਹੋ ਲਾਅਨਤਾਂ ਪਾ ਲਵੋ, ਪਰ ਅਮਨ ਸਮਝੌਤਾ ਕਰਨਾ ਜ਼ਰੂਰੀ ਹੈ। ਉਸ ਜਾਨਬਾਜ਼ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਣ ਦੀ ਕੋਈ ਵਜਾ ਨਹੀਂ, ਜਿਹੜਾ ਆਪਣੀ ਤਲਵਾਰ ਖਿੱਚ ਲੈਂਦਾ ਹੈ ਤੇ ਕਹਿੰਦਾ ਹੈ ਕਿ ਮੈਂ ਤਾਂ ਜ਼ਰੂਰ ਮਰਾਂਗਾ ਕਿਉਂਕਿ ਮੈਨੂੰ ਅਪਮਾਣਜਨਕ ਅਮਨ ਸਮਝੌਤਾ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਪਰ ਅਸੀਂ ਸਾਰੇ ਜਾਣਦੇ ਹਾਂ ਕਿ ਅਸੀਂ ਭਾਵੇਂ ਕੋਈ ਫੈਸਲਾ ਵੀ ਕਰ ਲਈਏ, ਸਾਡੇ ਕੋਲ ਕੋਈ ਫੌਜ ਨਹੀਂ ਤੇ ਕੋਈ ਵੀ ਹਰਕਤ ਸਾਨੂੰ ਸਮਾਂ ਪ੍ਰਾਪਤ ਕਰਨ ਤੇ ਫੌਜ ਨੂੰ ਥਕਾਵਟ ਲਾਹੁਣ ਦੇ ਯੋਗ ਬਨਾਉਣ ਲਈ ਪਿੱਛੇ ਹਟਣ ਦੀ ਲੋੜ ਤੋਂ ਨਹੀਂ ਬਚਾਇਗੀ; ਜਿਹੜਾ ਵੀ ਕੋਈ ਹਕੀਕਤ ਨੂੰ ਸਿੱਧੀ ਤਰ੍ਹਾਂ ਦੇਖਦਾ ਹੈ ਤੇ ਇਨਕਲਾਬੀ ਫਿਕਰੇਬਾਜ਼ੀ ਨਾਲ ਆਪਣੇ ਆਪ ਨੂੰ ਧੋਖਾ ਨਹੀਂ ਦੇਂਦਾ, ਉਹ ਇਸ ਨਾਲ ਸਹਿਮਤ ਹੋਵੇਗਾ। ਆਪਣੇ ਆਪ ਨੂੰ ਫਿਕਰੇਬਾਜ਼ੀ ਤੇ ਹੈਂਕੜ ਨਾਲ ਅੰਨ੍ਹਿਆਂ ਕਰਨ ਤੋਂ ਬਿਨਾਂ ਹਕੀਕਤਾਂ ਦਾ ਸਾਮ੍ਹਣਾ ਕਰਨ ਵਾਲੇ ਹਰ ਕਿਸੇ ਨੂੰ ਇਸਦਾ ਪਤਾ ਹੋਣਾ ਚਾਹੀਦਾ ਹੈ।

ਜੇ ਸਾਨੂੰ ਇਹ ਪਤਾ ਹੈ ਤਾਂ ਇਹ ਕਰੜੀ, ਬੇਹਦ ਕਰੜੀ ਤੇ ਹਾਬੜੀ ਹੋਈ

---

* ਲੱਗਦਾ ਹੈ ਕਿ ਆਖਰੀ ਫਿਕਰਾ ਗ਼ਲਤ ਰੀਕਾਰਡ ਹੋਇਆ ਹੋਇਆ ਹੈ। ਇਹ ਇਸ ਪ੍ਰਕਾਰ ਹੋਣਾ ਚਾਹੀਦਾ ਹੈ: "ਉਹ ਸਹਾਇਤਾ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਕਰ ਸਕਦਾ, ਤੇ ਜੇ ਉਹ ਨੱਠ ਜਾਂਦਾ ਹੈ, ਤਾਂ ਕੀ ਉਹ ਗ਼ੱਦਾਰ ਨਹੀਂ ?" (ਦੇਖੋ ਸਫ਼ਾ ੧੧੩) — **ਸੰਪਾ :**

ਧੀ ਵੀ ਕਰਨਾ ਸਾਡਾ ਇਨਕਲਾਬੀ ਫਰਜ਼ ਹੈ ਕਿਉਂਕਿ ਇਸ ਤਰ੍ਹਾਂ ਕਰਕੇ ਅਸੀਂ ਆਪਣੇ ਲਈ ਤੇ ਆਪਣੇ ਇਤਿਹਾਦੀਆਂ ਲਈ ਚੰਗੇਰੀ ਅਵਸਥਾ ਵਿਚ ਆ ਜਾਵਾਂਗੇ। ਕੀ ਅਸੀਂ ੩ ਮਾਰਚ ਦੀ ਅਮਨ ਸੰਧੀ ਕਰਕੇ ਕੁਝ ਵੀ ਅਸਲ ਵਿਚ ਗੁਆਇਆ ਹੈ? ਜਿਹੜਾ ਵੀ ਕੋਈ ਚੀਜ਼ਾਂ ਨੂੰ ਵਿਸ਼ਾਲ ਸੰਬੰਧਾਂ ਦੇ ਦ੍ਰਿਸ਼ਟੀਕੋਣ ਤੋਂ, ਨਾ ਕਿ ਅਮੀਰਜ਼ਾਦੇ ਜਾਨਬਾਜ਼ ਦੇ ਦ੍ਰਿਸ਼ਟੀਕੋਨ ਤੋਂ, ਦੇਖਣਾ ਚਾਹੁੰਦਾ ਹੈ, ਉਹ ਸਮਝ ਜਾਵੇਗਾ ਕਿ ਬਿਨਾਂ ਫੌਜ ਦੇ, ਜਾਂ ਫੌਜ ਦੇ ਬਾਕੀ ਰਹਿ ਗਏ ਬੀਮਾਰ ਹਿੱਸੇ ਨਾਲ ਲੜਾਈ ਪ੍ਰਵਾਨ ਕਰਨਾ ਤੇ ਇਨਕਲਾਬੀ ਜੰਗ ਦਾ ਨਾਅਰਾ ਦੇਣਾ ਸਵੈ-ਧੋਖਾ ਹੋਵੇਗਾ, ਲੋਕਾਂ ਨਾਲ ਸਭ ਤੋਂ ਵੱਡਾ ਧੋਖਾ ਹੋਵੇਗਾ। ਲੋਕਾਂ ਨੂੰ ਸੱਚ ਦੱਸਣਾ ਸਾਡਾ ਫਰਜ਼ ਹੈ; ਹਾਂ, ਅਮਨ ਕਰੜਾ ਹੈ। ਯੂਕਰੇਨ ਤੇ ਫਿਨਲੈਂਡ ਤਬਾਹ ਹੋ ਰਹੇ ਹਨ, ਪਰ ਸਾਡੇ ਲਈ ਇਹ ਅਮਨ ਪ੍ਰਵਾਨ ਕਰਨਾ ਜ਼ਰੂਰੀ ਹੈ ਤੇ ਰੂਸ ਦੇ ਸਾਰੇ ਜਮਾਤੀ ਚੇਤਨਤਾ ਵਾਲੇ ਕਾਮੇ ਲੋਕ ਇਸਨੂੰ ਪ੍ਰਵਾਨ ਕਰਣਗੇ ਕਿਉਂਕਿ ਉਹ ਅਣ-ਸ਼ਿੰਗਾਰੀ ਸਚਾਈ ਨੂੰ ਜਾਣਦੇ ਹਨ, ਉਹ ਜੰਗ ਦਾ ਅਰਥ ਜਾਣਦੇ ਹਨ, ਉਹ ਜਾਣਦੇ ਹਨ ਕਿ ਸਿਰਫ ਇਕ ਪੱਤੇ ਉਤੇ, ਇਹ ਫਰਜ਼ ਕਰਦਿਆਂ ਕਿ ਜਰਮਨ ਇਨਕਲਾਬ ਤੁਰਤ ਸ਼ੁਰੂ ਹੋ ਜਾਵੇਗਾ, ਸਭ ਕੁਝ ਦਾਅ ਉਪਰ ਲਾ ਦੇਣਾ ਸਵੈ-ਧੋਖਾ ਹੈ। ਅਮਨ ਸੰਧੀ ਕਰਕੇ ਅਸੀਂ ਉਹ ਕੁਝ ਪ੍ਰਾਪਤ ਕੀਤਾ ਹੈ ਜੋ ਕੁਝ ਅਸੀਂ ਆਪਣੇ ਫਿੱਨਿਸ਼ ਦੋਸਤਾਂ ਨੂੰ ਦਿੱਤਾ ਸੀ—ਮੁਹਲਤ, ਸਹਾਇਤਾ, ਨਾ ਕਿ ਤਬਾਹੀ।

ਇਤਿਹਾਸ ਵਿਚੋਂ ਮੈਨੂੰ ਕੀਤੀਆਂ ਗਈਆਂ ਕਿਤੇ ਜ਼ਿਆਦਾ ਹੜੱਪ ਕਰਨ ਵਾਲੀਆਂ ਸੰਧੀਆਂ ਦੀਆਂ ਉਦਾਹਰਣਾਂ ਦਾ ਪਤਾ ਹੈ, ਐਸੀਆਂ ਸੰਧੀਆਂ ਜਿਨ੍ਹਾਂ ਨੇ ਪਲ੍ਹਰਣਯੋਗ ਕੌਮਾਂ ਨੂੰ ਜੇਤੂ ਦੇ ਰਹਿਮ ਉੱਤੇ ਛੱਡ ਦਿਤਾ। ਆਓ ਜ਼ਰਾ ਆਪਣੇ ਅਮਨ ਸਮਝੌਤੇ ਦੀ ਤੁਲਨਾ ਤਿਲਸਿਤ ਦੇ ਅਮਨ ਸਮਝੌਤੇ ਨਾਲ ਕਰੀਏ; ਤਿਲਸਿਤ ਦਾ ਅਮਨ ਇਕ ਜੇਤੂ ਵਲੋਂ ਪਰੂਸ਼ੀਆ ਤੇ ਜਰਮਨੀ ਉਪਰ ਠੋਸਿਆ ਗਿਆ ਸੀ। ਉਹ ਅਮਨ ਏਨਾਂ ਕਰੜਾ ਸੀ ਕਿ ਨਾ ਸਿਰਫ ਸਾਰੇ ਜਰਮਨ ਰਾਜਾਂ ਦੇ ਸਾਰੇ ਵੱਡੇ ਸ਼ਹਿਰ ਹੀ ਕਬਜ਼ੇ ਹੇਠ ਲੈ ਲਏ ਗਏ, ਨਾ ਸਿਰਫ ਇਹ ਕਿ ਪਰੂਸ਼ੀਅਨਾਂ ਨੂੰ ਤਿਲਸਿਤ ਤੱਕ ਪਿੱਛੇ ਸੁੱਟ ਦਿਤਾ ਗਿਆ, ਜੋ ਕਿ ਸਾਨੂੰ ਓਮਸਕ ਜਾਂ ਤੋਮਸਕ ਤੱਕ ਪਿੱਛੇ ਸੁੱਟ ਦੇਣ ਦੇ ਬਰਾਬਰ ਹੋਵੇਗਾ; ਸਿਰਫ ਇਹ ਨਹੀਂ—ਸਭ ਤੋਂ ਭੈੜੀ ਗੱਲ ਇਹ ਸੀ ਕਿ ਨੈਪੋਲੀਅਨ ਨੇ ਹਾਰੀਆਂ ਕੌਮਾਂ ਨੂੰ ਮਜਬੂਰ ਕੀਤਾ ਕਿ ਉਹ ਉਸਦੀਆਂ ਜੰਗਾਂ ਲਈ ਸਹਾਇਕ ਫੌਜਾਂ ਮੁਹਈਆ ਕਰਨ; ਪਰ ਫਿਰ ਵੀ, ਜਦੋਂ ਅਵਸਥਾ ਐਸੀ ਹੋ ਗਈ ਕਿ ਜਰਮਨ ਲੋਕਾਂ ਨੂੰ ਜੇਤੂ ਦੇ ਹਮਲੇ ਸਹਿਣੇ ਪਏ, ਜਦੋਂ ਫਰਾਂਸ ਵਿਚ ਇਨਕਲਾਬੀ ਜੰਗਾਂ ਦੇ ਦੌਰ ਦੀ ਥਾਂ ਮੱਲਾਂ ਮਾਰਨ ਦੀਆਂ ਸਾਮਰਾਜੀ ਜੰਗਾਂ ਦੇ ਦੌਰ ਨੇ ਲੈ ਲਈ, ਉਦੋਂ ਇਹ ਗਿਆਨ ਹੋਇਆ ਜਿਸਨੂੰ ਉਹ ਲੋਕ, ਜਿਹੜੇ ਫੋਕੀ ਲੱਫਾਜ਼ੀ ਉਪਰ ਜੋਸ਼ ਨਾਲ ਕਮਲੇ ਹੋ ਰਹੇ ਹਨ, ਸਮਝਣਾ ਨਹੀਂ ਚਾਹੁੰਦੇ, ਉਹ ਲੋਕ, ਅਰਥਾਤ, ਜਿਹੜੇ ਅਮਨ ਸਮਝੌਤਾ ਕਰਨ ਨੂੰ ਪੱਤਣ ਵਜੋਂ ਦੇਖਦੇ

ਹਨ। ਇਹ ਮਨੋਵਸਥਾ ਅਮੀਰਜ਼ਾਦੇ ਜਾਨਬਾਜ਼ ਵਿਚ ਤਾਂ ਸਮਝ ਵਿਚ ਆਉਂਦੀ ਹੈ, ਪਰ ਮਜ਼ਦੂਰ ਜਾਂ ਕਿਸਾਨ ਵਿਚ ਨਹੀਂ। ਮਜ਼ਦੂਰ ਜਾਂ ਕਿਸਾਨ ਜੰਗ ਦੇ ਕਰੜੇ ਸਕੂਲ ਵਿਚੋਂ ਲੰਘ ਚੁੱਕਾ ਹੈ ਤੇ ਉਸਨੇ ਹਿਸਾਬ ਲਾਉਣਾ ਸਿੱਖ ਲਿਆ ਹੈ। ਹੋਰ ਵੀ ਵਡੇਰੀਆਂ ਅਜ਼ਮਾਇਸ਼ਾਂ ਆਉਂਦੀਆਂ ਰਹੀਆਂ ਹਨ, ਤੇ ਹੋਰ ਵੀ ਜ਼ਿਆਦਾ ਪੱਛੜੀਆਂ ਕੌਮਾਂ ਇਹਨਾਂ ਵਿਚੋਂ ਨਿਕਲ ਆਉਂਦੀਆਂ ਰਹੀਆਂ ਹਨ। ਹੋਰ ਵੀ ਜ਼ਿਆਦਾ ਕਰੜੀਆਂ ਅਮਨ ਸੰਧੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ, ਜਰਮਨਾਂ ਨੇ ਇਕ ਸੰਧੀ ਕੀਤੀ ਸੀ, ਉਸ ਦੌਰ ਵਿਚ ਜਦੋਂ ਉਹਨਾਂ ਕੋਲ ਕੋਈ ਫੌਜ ਨਹੀਂ ਸੀ ਜਾਂ ਜਦੋਂ ਉਹਨਾਂ ਦੀ ਫੌਜ ਸਾਡੀ ਫੌਜ ਵਾਂਗ ਬੀਮਾਰ ਸੀ। ਉਹਨਾਂ ਨੇ ਨੈਪੋਲੀਅਨ ਨਾਲ ਬਹੁਤ ਕਰੜਾ ਅਮਨ ਸਮਝੌਤਾ ਕੀਤਾ ਸੀ। ਪਰ ਉਹ ਅਮਨ ਸਮਝੌਤਾ ਜਰਮਨੀ ਦਾ ਪੱਤਣ ਨਹੀਂ ਸੀ—ਇਸਦੇ ਉਲਟ, ਇਹ ਮੋੜ ਸੀ, ਕੌਮੀ ਰਾਖੀ, ਮੁੜ-ਨਵਿਆਉਣਾ ਸੀ। ਅਸੀਂ ਬਿਲਕੁਲ ਐਸੇ ਮੋੜ ਤੇ ਖੜੇ ਹਾਂ ਤੇ ਬਿਲਕੁਲ ਉਹੋ ਜਿਹੀਆਂ ਹਾਲਤਾਂ ਵਿਚੋਂ ਲੰਘ ਰਹੇ ਹਾਂ। ਸਾਨੂੰ ਸਚਾਈ ਨੂੰ ਸਾਫ ਸਾਫ ਦੇਖਣਾ ਚਾਹੀਦਾ ਹੈ ਤੇ ਸਭ ਫੋਕੀਆਂ ਫਿਕਰੇਬਾਜ਼ੀਆਂ ਤੇ ਐਲਾਨਾਂ ਨੂੰ ਤਿਲਾਂਜਲੀ ਦੇ ਦੇਣੀ ਚਾਹੀਦੀ ਹੈ। ਸਾਨੂੰ ਇਹ ਕਹਿਣਾ ਚਾਹੀਦਾ ਹੈ ਕਿ ਅਮਨ, ਜੇ ਇਹ ਜ਼ਰੂਰੀ ਹੈ ਤਾਂ, ਕੀਤਾ ਜਾਣਾ ਚਾਹੀਦਾ ਹੈ। ਆਜ਼ਾਦੀ ਦੀ ਜੰਗ, ਜਮਾਤੀ ਜੰਗ, ਲੋਕਾਂ ਦੀ ਜੰਗ ਨੈਪੋਲੀਅਨੀ ਜੰਗਾਂ ਦੀ ਥਾਂ ਲੈ ਲਵੇਗੀ। ਨੈਪੋਲੀਅਨੀ ਜੰਗਾਂ ਦੀ ਪ੍ਰਣਾਲੀ ਬਦਲੇਗੀ, ਜੰਗ ਦੀ ਥਾਂ ਅਮਨ ਲੈ ਲਵੇਗਾ ਤੇ ਅਮਨ ਦੀ ਥਾਂ ਜੰਗ, ਤੇ ਹਰ ਕਰੜੇ ਅਮਨ ਵਿਚੋਂ ਹਮੇਸ਼ਾ ਹੀ ਜੰਗ ਲਈ ਵਧੇਰੇ ਵਿਸ਼ਾਲ ਤਿਆਰੀਆਂ ਨਿਕਲੀਆਂ ਹਨ। ਸਭ ਤੋਂ ਵਧ ਕਰੜੀ ਅਮਨ ਸੰਧੀ—ਤਿਲਸਿਤ ਦੀ ਅਮਨ ਸੰਧੀ—ਇਤਿਹਾਸ ਵਿਚ ਉਸ ਸਮੇਂ ਵੱਲ ਮੋੜ ਵਜੋਂ ਅੰਕਿਤ ਹੋ ਚੁਕੀ ਹੈ ਜਦੋਂ ਜਰਮਨ ਲੋਕਾਂ ਨੇ ਮੋੜ ਕੱਟਣਾ ਸ਼ੁਰੂ ਕੀਤਾ; ਜਦੋਂ ਉਹ ਤਿਲਸਿਤ ਤਕ, ਰੂਸ ਤੱਕ ਪਿੱਛੇ ਹਟ ਗਏ, ਅਸਲ ਵਿਚ ਉਹ ਸਮਾਂ ਲੈ ਰਹੇ ਸਨ, ਉਸ ਕੌਮਾਂਤਰੀ ਅਵਸਥਾ ਦੀ ਉਡੀਕ ਕਰ ਰਹੇ ਸਨ ਜਿਸਨੇ ਇਕ ਸਮੇਂ ਨੈਪੋਲੀਅਨ ਦਾ ਪੱਖ ਲਿਆ ਸੀ—ਉਹ ਹੋਹਨਜ਼ੋਲਰਨ ਜਾਂ ਹਿੰਡਨਬਰਗ ਵਰਗਾ ਇਕ ਹੋਰ ਲੁਟੇਰਾ ਸੀ ਜਿਹੜਾ ਉਡੀਕ ਕਰ ਰਿਹਾ ਸੀ ਜਦੋਂ ਤਕ ਕਿ ਅਵਸਥਾ ਬਦਲ ਨਹੀਂ ਜਾਂਦੀ, ਜਦੋਂ ਤੱਕ ਨੈਪੋਲੀਅਨੀ ਜੰਗਾਂ ਤੇ ਹਾਰਾਂ ਦੇ ਦਹਾਕਿਆਂ ਨਾਲ ਕੋਹੇ ਹੋਏ ਜਰਮਨ ਲੋਕਾਂ ਦੀ ਮਨੋਵਸਥਾ ਨਹੀਂ ਬਦਲ ਜਾਂਦੀ, ਤੇ ਜਰਮਨ ਲੋਕਾਂ ਵਿਚ ਮੁੜ ਜਾਨ ਨਹੀਂ ਪੈ ਜਾਂਦੀ। ਇਹ ਹੈ ਜੋ ਇਤਿਹਾਸ ਸਾਨੂੰ ਸਿਖਾਉਂਦਾ ਹੈ, ਇਸੇ ਕਰਕੇ ਸਾਰੀ ਮਾਯੂਸੀ ਤੇ ਫੋਕੀ ਲੱਫਾਜ਼ੀ ਮੁਜਰਮਾਨਾ ਹੈ, ਇਸੇ ਕਰਕੇ ਹਰ ਕੋਈ ਕਹੇਗਾ ਹਾਂ, ਪੁਰਾਣੀਆਂ ਸਾਮਰਾਜੀ ਜੰਗਾਂ ਖਤਮ ਹੋ ਰਹੀਆਂ ਹਨ—ਇਤਿਹਾਸਕ ਮੋੜ ਆ ਚੁੱਕਾ ਹੈ।

ਸਾਡਾ ਇਨਕਲਾਬ ਅਕਤੂਬਰ ਤੋਂ ਲੈ ਕੇ ਇਕ ਲੰਮੀਂ ਜਿੱਤ ਰਿਹਾ ਹੈ, ਤੇ ਹੁਣ ਮੁਸ਼ਕਲਾਂ ਦੇ ਲੰਮੇਂ ਸਮੇਂ ਆਏ ਹਨ, ਸਾਨੂੰ ਨਹੀਂ ਪਤਾ ਕਿੰਨੇਂ ਸਮੇਂ ਲਈ, ਪਰ

ਸਾਨੂੰ ਇਹ ਪਤਾ ਹੈ ਕਿ ਇਹ ਹਾਰਾਂ ਦਾ ਤੇ ਪਿੱਛੇ ਹਟਣ ਦਾ ਲੰਮਾਂ ਤੇ ਮੁਸ਼ਕਲ ਸਮਾਂ ਹੋਵੇਗਾ, ਕਿਉਂਕਿ ਤਾਕਤਾਂ ਦਾ ਸੰਗਮੇਲ ਐਸਾ ਹੈ, ਕਿਉਂਕਿ ਪਿੱਛੇ ਹਟਣ ਨਾਲ ਅਸੀਂ ਲੋਕਾਂ ਨੂੰ ਮੁੜ ਤਾਕਤ ਫੜਣ ਦਾ ਮੌਕਾ ਦੇ ਰਹੇ ਹੋਵਾਂਗੇ। ਅਸੀਂ ਹਰ ਮਜ਼ਦੂਰ ਤੇ ਕਿਸਾਨ ਲਈ ਸੱਚ ਸਮਝਣਾ ਸੰਭਵ ਬਣਾ ਦੇਵਾਂਗੇ ਜਿਹੜਾ ਉਸਨੂੰ ਇਹ ਸਮਝਣ ਦੇ ਯੋਗ ਬਣਾਇਗਾ ਕਿ ਸਾਮਰਾਜੀ ਲੁਟੇਰਿਆਂ ਵਲੋਂ ਦੱਬੀਆਂ ਹੋਈਆਂ ਕੌਮਾਂ ਦੇ ਖਿਲਾਫ ਚਲਾਈਆਂ ਗਈਆਂ ਨਵੀਆਂ ਜੰਗਾਂ ਸ਼ੁਰੂ ਹੋ ਰਹੀਆਂ ਹਨ, ਤੇ ਹਰ ਮਜ਼ਦੂਰ ਤੇ ਕਿਸਾਨ ਸਮਝ ਜਾਵੇਗਾ ਕਿ ਸਾਨੂੰ ਪਿਤਾਭੂਮੀ ਦੀ ਰਾਖੀ ਲਈ ਉੱਠਣਾ ਚਾਹੀਦਾ ਹੈ ਕਿਉਂਕਿ ਅਕਤੂਬਰ ਤੋਂ ਪਿਛੋਂ ਅਸੀਂ ਰੱਖਿਆਵਾਦੀ ਬਣ ਚੁੱਕੇ ਹਾਂ। ੨੫ ਅਕਤੂਬਰ ਤੋਂ ਲੈ ਕੇ ਅਸੀਂ ਖੁਲ੍ਹਮ-ਖੁਲ੍ਹਾ ਕਹਿੰਦੇ ਰਹੇ ਹਾਂ ਕਿ ਅਸੀਂ ਪਿਤਾਭੂਮੀ ਦੀ ਰਾਖੀ ਦੇ ਹੱਕ ਵਿਚ ਹਾਂ, ਕਿਉਂਕਿ ਸਾਡੀ ਇਕ ਪਿਤਾਭੂਮੀ ਹੈ, ਉਹ ਪਿਤਾਭੂਮੀ ਜਿਸ ਵਿਚੋਂ ਅਸੀਂ ਕੇਰੇਂਸਕੀਆਂ ਤੇ ਚੇਰਨੋਵਾਂ ਨੂੰ ਕੱਢ ਚੁੱਕੇ ਹਾਂ, ਕਿਉਂਕਿ ਅਸੀਂ ਖੁਫੀਆ ਸੰਧੀਆਂ ਪਾੜ ਦਿੱਤੀਆਂ ਹਨ, ਕਿਉਂਕਿ ਅਸੀਂ ਬੁਰਜੂਆਜ਼ੀ ਨੂੰ ਕੁਚਲ ਦਿੱਤਾ ਹੈ—ਹੁਣ ਤਕ ਭੈੜੀ ਤਰ੍ਹਾਂ, ਪਰ ਅਸੀਂ ਚੰਗੇਰੀ ਤਰ੍ਹਾਂ ਕਰਨਾ ਵੀ ਸਿੱਖ ਲਵਾਂਗੇ।

ਸਾਥੀਓ, ਜਰਮਨ ਲੋਕਾਂ ਤੇ ਰੂਸੀ ਲੋਕਾਂ ਵਿਚਕਾਰ, ਜਿਨ੍ਹਾਂ ਨੇ ਜਰਮਨ ਹਮਲਾਵਰਾਂ ਦੇ ਹਥੋਂ ਸਖਤ ਹਾਰ ਖਾਧੀ ਹੈ, ਇਕ ਹੋਰ ਮਹਤਵਪੂਰਨ ਫਰਕ ਹੈ—ਇਕ ਹੋਰ ਬਹੁਤ ਵੱਡਾ ਫਰਕ ਹੈ ਜਿਸਦਾ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ, ਭਾਵੇਂ ਕਿ ਆਪਣੀ ਤਕਰੀਰ ਦੇ ਪਹਿਲੇ ਹਿੱਸੇ ਵਿਚ ਮੈਂ ਇਸਦਾ ਸੰਖੇਪ ਜਿਹਾ ਜ਼ਿਕਰ ਕੀਤਾ ਹੈ। ਸਾਥੀਓ, ਜਦੋਂ ਸੌ ਸਾਲ ਤੋਂ ਵਧ ਸਮਾਂ ਪਹਿਲਾਂ ਜਰਮਨ ਲੋਕ ਮੱਲਾਂ ਮਾਰਨ ਦੀਆਂ ਅਤਿ ਜ਼ਾਲਮ ਜੰਗਾਂ ਦੇ ਦੌਰ ਵਿਚ ਦਾਖਲ ਹੋਏ, ਉਸ ਦੌਰ ਵਿਚ ਜਦੋਂ ਉਹਨਾਂ ਨੂੰ ਪਿੱਛੇ ਹਟਣਾ ਪਿਆ ਤੇ ਇਕ ਤੋਂ ਪਿਛੋਂ, ਇਸ ਤੋਂ ਪਹਿਲਾਂ ਕਿ ਉਹ ਹੋਸ਼ ਵਿਚ ਆਉਣ, ਉਹਨਾਂ ਨੂੰ ਹੋਰ ਸ਼ਰਮਨਾਕ ਸੰਧੀ ਕਰਨੀ ਪੈਂਦੀ—ਉਸ ਸਮੇਂ ਜਰਮਨ ਲੋਕ ਕਮਜ਼ੋਰ ਤੇ ਪੱਛੜੇ ਹੋਏ ਸਨ, ਸਿਰਫ ਏਨਾਂ ਤੇ ਹੋਰ ਕੁਝ ਨਹੀਂ। ਉਹਨਾਂ ਦੇ ਖਿਲਾਫ ਜੇਤੂ ਨੈਪੋਲੀਅਨ ਦੀਆਂ ਸਿਰਫ ਫੌਜਾਂ ਤੇ ਤਾਕਤ ਹੀ ਨਹੀਂ ਸੀ, ਉਹਨਾਂ ਦੇ ਖਿਲਾਫ ਐਸਾ ਦੇਸ ਸੀ ਜਿਹੜਾ ਇਨਕਲਾਬੀ ਤੇ ਰਾਜਸੀ ਅਰਥਾਂ ਵਿਚ ਤੇ ਹਰ ਦੂਜੇ ਪੱਖ ਤੋਂ ਜਰਮਨੀ ਨਾਲੋਂ ਕਿਤੇ ਉੱਚਾ ਸੀ, ਐਸਾ ਦੇਸ ਜਿਹੜਾ ਦੂਜੇ ਸਾਰੇ ਦੇਸਾਂ ਨਾਲੋਂ ਉੱਚਾ ਉੱਠ ਚੁੱਕਾ ਸੀ, ਐਸਾ ਦੇਸ ਜਿਹੜਾ ਸਿਖਰ ਤੇ ਪੁੱਜ ਚੁੱਕਾ ਸੀ। ਉਹ ਦੇਸ ਉਹਨਾਂ ਲੋਕਾਂ ਨਾਲੋਂ ਕਿਤੇ ਉੱਚਾ ਸੀ ਜਿਹੜੇ ਸਾਮਰਾਜੀਆਂ ਤੇ ਭੂਮੀਪਤੀਆਂ ਦੀ ਗ਼ੁਲਾਮੀ ਹੇਠ ਸਿੱਥਲ ਹੋਏ ਪਏ ਸਨ। ਐਸੇ ਲੋਕ ਜਿਹੜੇ, ਮੈਂ ਦੁਹਰਾਉਂਦਾ ਹਾਂ, ਸਿਵਾਏ ਕਮਜ਼ੋਰ ਤੇ ਪੱਛੜੇ ਲੋਕਾਂ ਦੇ ਹੋਰ ਕੁਝ ਨਹੀਂ ਸਨ, ਆਪਣੇ ਕੌੜੇ ਸਬਕਾਂ ਤੋਂ ਸਿਖਿਆ ਲੈਣ ਦੇ ਤੇ ਆਪਣੇ ਆਪ ਨੂੰ ਉੱਚਾ ਚੁੱਕਣ ਦੇ ਯੋਗ ਹੋ ਸੱਕੇ। ਅਸੀਂ ਚੰਗੇਰੀ ਅਵਸਥਾ ਵਿਚ ਹਾਂ; ਅਸੀਂ ਸਿਰਫ

ਕਮਜ਼ੋਰ ਤੇ ਪੱਛੜੀ ਹੋਈ ਕੌਮ ਨਹੀਂ, ਅਸੀਂ ਉਹ ਕੌਮ ਹਾਂ ਜਿਹੜੀ—ਕਿਸੇ ਵਿਸ਼ੇਸ਼ ਸੇਵਾਵਾਂ ਕਰਕੇ ਜਾਂ ਇਤਿਹਾਸਕ ਪਰਾਲਬਧ ਕਾਰਨ ਨਹੀਂ, ਸਗੋਂ ਇਤਿਹਾਸਕ ਘਟਣਾਵਾਂ ਦੇ ਨਿਸਚਿਤ ਸੁਮੇਲ ਕਰਕੇ—ਕੌਮਾਂਤਰੀ ਸੋਸ਼ਲਿਸਟ ਇਨਕਲਾਬ ਦਾ ਝੰਡਾ ਚੁੱਕਣ ਦਾ ਸਨਮਾਣ ਪ੍ਰਵਾਨ ਕਰਨ ਦੇ ਯੋਗ ਹੋ ਸੱਕੀ ਹੈ। (ਤਾਲੀਆਂ)

ਸਾਥੀਓ, ਮੈਂ ਚੰਗੀ ਤਰ੍ਹਾਂ ਚੌਕਸ ਹਾਂ ਕਿ ਇਹ ਝੰਡਾ ਕਮਜ਼ੋਰ ਹਥਾਂ ਵਿਚ ਹੈ, ਮੈਂ ਇਹ ਪਹਿਲਾਂ ਹੀ ਸਾਫ ਸਾਫ ਕਈ ਵਾਰੀ ਕਹਿ ਚੁੱਕਾ ਹਾਂ, ਤੇ ਅਤਿ ਦੇ ਪੱਛੜੇ ਹੋਏ ਦੇਸ ਦੇ ਮਜ਼ਦੂਰ ਓਨਾ ਵਿਚ ਇਸ ਨਿਸ਼ਾਨ ਨੂੰ ਚੁੱਕੀ ਰੱਖਣ ਦੇ ਯੋਗ ਨਹੀਂ ਹੋ ਸੱਕਣਗੇ ਜਿੰਨਾਂ ਚਿਰ ਤੱਕ ਸਾਰੇ ਉੱਨਤ ਦੇਸਾਂ ਦੇ ਮਜ਼ਦੂਰ ਉਹਨਾਂ ਦੀ ਸਹਾਇਤਾ ਉਤੇ ਨਹੀਂ ਆਉਂਦੇ। ਅਸੀਂ ਜਿਹੜੇ ਸੋਸ਼ਲਿਸਟ ਸੁਧਾਰ ਨੇਪਰੇ ਚੜ੍ਹਾਏ ਹਨ ਉਹ ਪਰੀ-ਪੂਰਨ ਹੋਣ ਤੋਂ ਬਹੁਤ ਦੂਰ ਹਨ, ਉਹ ਕਮਜ਼ੋਰ ਤੇ ਨਾਕਾਫੀ ਹਨ; ਉਹ ਉੱਨਤ ਪੱਛਮੀ ਯੂਰਪੀ ਮਜ਼ਦੂਰਾਂ ਲਈ ਰਾਹ-ਦਿਖਾਵੇ ਦਾ ਕੰਮ ਕਰਨਗੇ ਜਿਹੜੇ ਆਪਣੇ ਆਪ ਨੂੰ ਕਹਿਣਗੇ, "ਰੂਸੀਆਂ ਨੇ ਉਸ ਕੰਮ ਦਾ ਕੋਈ ਬਹੁਤਾ ਚੰਗਾ ਆਰੰਭ ਨਹੀਂ ਕੀਤਾ ਜਿਹੜਾ ਕੰਮ ਕਿ ਕੀਤਾ ਜਾਣਾ ਜ਼ਰੂਰੀ ਸੀ;" ਮਹਤਵਪੂਰਨ ਗੱਲ ਇਹ ਹੈ ਕਿ ਸਾਡੇ ਲੋਕ ਜਰਮਨ ਲੋਕਾਂ ਦੇ ਮੁਕਾਬਲੇ ਤੇ ਸਿਰਫ ਕਮਜ਼ੋਰ ਤੇ ਪੱਛੜੇ ਹੋਏ ਲੋਕ ਹੀ ਨਹੀਂ, ਉਹ ਐਸੇ ਲੋਕ ਹਨ ਜਿਨ੍ਹਾਂ ਨੇ ਇਨਕਲਾਬ ਦਾ ਝੰਡਾ ਉੱਚਾ ਚੁੱਕਿਆ ਹੈ। ਭਾਵੇਂ ਸਭ ਦੇਸਾਂ ਦੀ, ਭਾਵੇਂ ਕਿਸੇ ਨੂੰ ਵੀ ਲੈ ਲਵੋ, ਬੁਰਜੂਆਜ਼ੀ ਬਾਲਸ਼ਵਿਕਾਂ ਨੂੰ ਗਾਲ੍ਹੀ-ਗਲੋਚ ਨਾਲ ਆਪਣੇ ਅਖਬਾਰਾਂ ਦੇ ਸਫੇ ਭਰ ਰਹੀ ਹੈ, ਭਾਵੇਂ ਫਰਾਂਸ, ਬਰਤਾਨੀਆ, ਜਰਮਨੀ ਆਦਿ ਵਿਚਲੀ ਸਾਮਰਾਜੀ ਪਰੈਸ ਦੀ ਆਵਾਜ਼ ਇਕਸੁਰ ਹੋ ਕੇ ਬਾਲਸ਼ਵਿਕਾਂ ਨੂੰ ਲਾਅਨਤਾਂ ਪਾ ਰਹੀ ਹੈ, ਤੁਸੀਂ ਕਿਸੇ ਵੀ ਦੇਸ ਵਿਚ ਮਜ਼ਦੂਰਾਂ ਦੀ ਐਸੀ ਮੀਟਿੰਗ ਹੋਈ ਨਹੀਂ ਦੇਖੋਗੇ, ਜਿਸ ਵਿਚ ਸਾਡੀ ਸੋਸ਼ਲਿਸਟ ਸਰਕਾਰ ਦੇ ਨਾਂ ਤੇ ਨਾਅਰਿਆਂ ਨੇ ਰੋਹ ਨੂੰ ਭੜਕਾਇਆ ਹੋਵੇ। (**ਆਵਾਜ਼**: "ਇਹ ਝੂਠ ਏ!") ਨਹੀਂ, ਇਹ ਝੂਠ ਨਹੀਂ, ਇਹ ਸੱਚ ਹੈ, ਤੇ ਜਿਹੜਾ ਵੀ ਕੋਈ ਪਿਛਲੇ ਕੁਝ ਮਹੀਨਿਆਂ ਵਿਚ ਜਰਮਨੀ, ਆਸਟਰੀਆ, ਸਵਿਟਜ਼ਰਲੈਂਡ ਜਾਂ ਅਮਰੀਕਾ ਗਿਆ ਹੈ, ਉਹ ਤੁਹਾਨੂੰ ਦੱਸੇਗਾ ਕਿ ਇਹ ਸੱਚ ਹੈ, ਝੂਠ ਨਹੀਂ, ਕਿ ਰੂਸ ਵਿਚਲੀ ਸੋਵੀਅਤ ਸੱਤਾ ਦੇ ਪ੍ਰਤਿਨਿਧਾਂ ਦੇ ਨਾਵਾਂ ਤੇ ਨਾਅਰਿਆਂ ਦਾ ਸੁਆਗਤ ਮਜ਼ਦੂਰਾਂ ਵਲੋਂ ਵਧ ਤੋਂ ਵਧ ਜੋਸ਼ ਨਾਲ ਕੀਤਾ ਜਾਂਦਾ ਹੈ ਤੇ ਜਰਮਨੀ, ਫਰਾਂਸ ਆਦਿ ਦੀ, ਬੁਰਜੂਆਜ਼ੀ ਦੇ ਸਾਰੇ ਝੂਠਾਂ ਦੇ ਬਾਵਜੂਦ, ਮਜ਼ਦੂਰ-ਜਮਾਤ ਜਨਤਾ ਸਮਝ ਗਈ ਹੈ ਕਿ ਅਸੀਂ ਭਾਵੇਂ ਕਿੰਨੇਂ ਕਮਜ਼ੋਰ ਵੀ ਕਿਉਂ ਨਾ ਹੋਈਏ, ਉਹਨਾਂ ਦੇ ਉਦੇਸ਼ ਦੀ ਇਥੇ ਰੂਸ ਵਿਚ ਸੇਵਾ ਹੋ ਰਹੀ ਹੈ। ਹਾਂ, ਸਾਡੇ ਲੋਕਾਂ ਦੇ ਸਿਰ ਉਪਰ ਭਾਰੀ ਬੋਝ ਹੈ, ਐਸਾ ਬੋਝ ਜਿਹੜਾ ਉਹਨਾਂ ਆਪ ਆਪਣੇ ਸਿਰ ਲਿਆ ਹੈ; ਪਰ ਜਿਹੜੇ ਲੋਕ ਸੋਵੀਅਤ ਸੱਤਾ ਸਥਾਪਤ ਕਰਨ ਦੇ ਯੋਗ ਹੋ ਸੱਕੇ ਹਨ, ਉਹ ਤਬਾਹ ਨਹੀਂ ਹੋ ਸਕਦੇ। ਮੈਂ ਫਿਰ

ਕਹਿੰਦਾ ਹਾਂ—ਇਨਕਲਾਬ ਦੇ ਇਤਿਹਾਸ ਉਪਰ ਵਿਚਾਰ ਕਰਨ ਵਾਲਿਆਂ ਵਿਚੋਂ ਇਕ ਵੀ ਰਾਜਸੀ ਤੌਰ ਤੇ ਚੇਤੰਨ ਸੋਸ਼ਲਿਸਟ ਨਹੀਂ, ਇਕ ਵੀ ਮਜ਼ਦੂਰ ਨਹੀਂ ਜਿਹੜਾ ਇਸ ਤੱਥ ਉਪਰ ਸ਼ੱਕ ਕਰ ਸਕਦਾ ਹੋਵੇ ਕਿ ਸੋਵੀਅਤ ਸੱਤਾ—ਬਾਵਜੂਦ ਉਹਨਾਂ ਸਾਰੇ ਨੁਕਸਾਂ ਦੇ ਜਿਨ੍ਹਾਂ ਨੂੰ ਮੈਂ ਬਹੁਤ ਚੰਗੀ ਤਰ੍ਹਾਂ ਜਾਣਦਾ ਤੇ ਪੂਰੀ ਤਰ੍ਹਾਂ ਸਮਝਦਾ ਹਾਂ—ਰਾਜ ਦੀ ਸਰਵੁੱਚ ਕਿਸਮ ਹੈ, ਪੈਰਿਸ ਕਮਿਊਨ ਦੀ ਸਿਧੀ ਵਾਰਸ ਹੈ। ਇਹ ਦੂਜੇ ਯੂਰਪੀ ਇਨਕਲਾਬਾਂ ਨਾਲੋਂ ਇਕ ਪੌੜੀ ਉਪਰ ਚੜ੍ਹ ਗਈ ਹੈ ਕਿ ਅਸੀਂ ਉਹਨਾਂ ਮੁਸ਼ਕਲ ਹਾਲਤਾਂ ਵਿਚੋਂ ਨਹੀਂ ਲੰਘ ਰਹੇ ਜਿਨ੍ਹਾਂ ਵਿਚੋਂ ਜਰਮਨ ਲੋਕ ਸੌ ਸਾਲ ਪਹਿਲਾਂ ਲੰਘੇ ਸਨ; ਲੁਟੇਰਿਆਂ ਵਿਚਕਾਰ ਤਾਕਤਾਂ ਦੇ ਸੰਤੁਲਨ ਵਿਚ ਤਬਦੀਲੀ, ਲੁਟੇਰੇ ਨੈਪੋਲੀਅਨ, ਲੁਟੇਰੇ ਸਿਕੰਦਰ ਪਹਿਲੇ ਤੇ ਲੁਟੇਰੀ ਬਰਤਾਨਵੀ ਤਾਜਸ਼ਾਹੀ ਦੀਆਂ ਮੰਗਾਂ ਨੂੰ ਸੰਤੁਸ਼ਟ ਕਰਨਾ ਤੇ ਉਹਨਾਂ ਵਿਚਲੇ ਵਿਰੋਧ ਤੋਂ ਲਾਭ ਉਠਾਉਣਾ—ਸਾਮੰਤਸ਼ਾਹੀ ਦੇ ਦਬਾਏ ਹੋਏ ਜਰਮਨ ਲੋਕਾਂ ਕੋਲ ਸਿਰਫ ਇਹੀ ਇਕ ਚੀਜ਼ ਰਹਿ ਗਈ ਸੀ, ਸਿਰਫ ਇਹੀ ਇਕ ਰਾਹ ਰਹਿ ਗਿਆ ਸੀ; ਤਾਂ ਵੀ ਜਰਮਨ ਲੋਕ ਤਿਲਸਿਤ ਦੇ ਅਮਨ ਨਾਲ ਤਬਾਹ ਨਹੀਂ ਹੋਏ। ਪਰ ਅਸੀਂ, ਮੈਂ ਫਿਰ ਕਹਿੰਦਾ ਹਾਂ, ਚੰਗੇਰੀਆਂ ਹਾਲਤਾਂ ਵਿਚ ਹਾਂ, ਸਾਰੇ ਪੱਛਮੀ ਯੂਰਪੀ ਦੇਸਾਂ ਵਿਚ ਸਾਡਾ ਇਕ ਸ਼ਕਤੀਸ਼ਾਲੀ ਇਤਿਹਾਦੀ ਹੈ, ਕੌਮਾਂਤਰੀ ਸੋਸ਼ਲਿਸਟ ਪ੍ਰੋਲਤਾਰੀ, ਉਹ ਪ੍ਰੋਲਤਾਰੀ ਜਿਹੜੇ ਸਾਡੇ ਵੱਲ ਹਨ, ਸਾਡੇ ਦੁਸ਼ਮਨ ਭਾਵੇਂ ਕੁਝ ਵੀ ਕਹਿੰਦੇ ਫਿਰਨ। (**ਤਾਲੀਆਂ**) ਇਹ ਠੀਕ ਹੈ ਕਿ ਉਸ ਇਤਿਹਾਦੀ ਲਈ ਆਪਣੀ ਆਵਾਜ਼ ਉਠਾਉਣਾ ਸੌਖਾ ਨਹੀਂ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਫਰਵਰੀ ੧੯੧੭ ਦੇ ਅਖੀਰ ਤੱਕ ਸਾਡੇ ਲਈ ਸੌਖਾ ਨਹੀਂ ਸੀ। ਉਹ ਇਤਿਹਾਦੀ ਰੂਪੋਸ਼ੀ ਦੀਆਂ ਹਾਲਤਾਂ ਵਿਚ, ਫੌਜੀ ਜੇਲ੍ਹ ਦੀਆਂ ਹਾਲਤਾਂ ਵਿਚ ਰਹਿ ਰਿਹਾ ਹੈ, ਜਿਸ ਵਿਚ ਸਾਰੇ ਸਾਮਰਾਜੀ ਦੇਸ ਬਦਲ ਦਿਤੇ ਗਏ ਹਨ, ਪਰ ਉਹ ਸਾਨੂੰ ਜਾਣਦਾ ਹੈ ਤੇ ਸਾਡੇ ਉਦੇਸ਼ ਨੂੰ ਸਮਝਦਾ ਹੈ; ਉਸ ਲਈ ਸਾਡੀ ਸਹਾਇਤਾ ਵਾਸਤੇ ਬਹੁੜਨਾ ਮੁਸ਼ਕਲ ਹੈ ਤੇ, ਇਸ ਵਾਸਤੇ, ਸੋਵੀਅਤ ਫੌਜਾਂ ਨੂੰ ਬਹੁਤ ਸਮੇਂ ਤੇ ਸਬਰ ਦੀ ਲੋੜ ਪਵੇਗੀ ਤੇ ਉਹਨਾਂ ਨੂੰ ਕਈ ਅਜ਼ਮਾਇਸ਼ਾਂ ਵਿਚੋਂ ਲੰਘਣਾ ਪਵੇਗਾ ਉਸ ਤੋਂ ਪਹਿਲਾਂ ਕਿ ਉਹ ਸਮਾਂ ਆਵੇ ਜਦੋਂ ਉਹ ਸਾਡੀ ਸਹਾਇਤਾ ਕਰੇਗਾ—ਅਸੀਂ ਟਾਲ-ਮਟੋਲ ਦੇ ਮਾੜੇ ਜਿਹੇ ਮੌਕੇ ਦੀ ਵੀ ਵਰਤੋਂ ਕਰਾਂਗੇ, ਕਿਉਂਕਿ ਵਕਤ ਸਾਡੇ ਵੱਲ ਕੰਮ ਕਰ ਰਿਹਾ ਹੈ, ਸਾਡਾ ਉਦੇਸ਼ ਜ਼ੋਰ ਫੜ ਰਿਹਾ ਹੈ, ਸਾਮਰਾਜੀਆਂ ਦੀਆਂ ਤਾਕਤਾਂ ਕਮਜ਼ੋਰ ਹੋ ਰਹੀਆਂ ਹਨ, ਤੇ "ਤਿਲਸਿਤ" ਅਮਨ ਵਿਚੋਂ ਭਾਵੇਂ ਕੋਈ ਵੀ ਅਜ਼ਮਾਇਸ਼ਾਂ ਤੇ ਹਾਰਾਂ ਕਿਉਂ ਨਾ ਨਿਕਲਣ, ਅਸੀਂ ਪਿੱਛੇ ਹਟਣ ਦੇ ਦਾਅਪੇਚ ਸ਼ੁਰੂ ਕਰ ਰਹੇ ਹਾਂ ਤੇ, ਮੈਂ ਇਕ ਵਾਰੀ ਫਿਰ ਇਹ ਕਹਿੰਦਾ ਹਾਂ, ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਜਸੀ ਤੌਰ ਤੇ ਚੇਤੰਨ ਪ੍ਰੋਲਤਾਰੀ ਤੇ, ਇਸੇ ਤਰ੍ਹਾਂ, ਰਾਜਸੀ ਤੌਰ ਤੇ ਚੇਤੰਨ ਕਿਸਾਨ ਸਾਡੇ ਵੱਲ ਹਨ, ਤੇ ਅਸੀਂ ਨਾ

ਸਿਰਫ ਬਹਾਦਰਾਨਾ ਹਮਲੇ ਕਰਨ ਦੇ ਹੀ ਯੋਗ ਹੋ ਸਕਾਂਗੇ ਸਗੋਂ ਬਹਾਦਰਾਨਾ ਤੌਰ ਤੇ ਪਿੱਛੇ ਹਟਣ ਦੇ ਵੀ ਯੋਗ ਹੋ ਸਕਾਂਗੇ, ਤੇ ਅਸੀਂ ਉਡੀਕਾਂਗੇ ਜਦੋਂ ਤੱਕ ਕੌਮਾਂਤਰੀ ਸੋਸ਼ਲਿਸਟ ਪ੍ਰੋਲਤਾਰੀ ਸਾਡੀ ਸਹਾਇਤਾ ਉਤੇ ਨਹੀਂ ਆ ਜਾਂਦੇ, ਤੇ ਫਿਰ ਅਸੀਂ ਦੂਜਾ ਸੋਸ਼ਲਿਸਟ ਇਨਕਲਾਬ ਸ਼ੁਰੂ ਕਰਾਂਗੇ ਜਿਹੜਾ ਆਪਣੀ ਵਿਸ਼ਾਲਤਾ ਵਿਚ ਸੰਸਾਰ ਪੈਮਾਨੇ ਦਾ ਹੋਵੇਗਾ। (**ਤਾਲੀਆਂ**)

"ਪਰਾਵਦਾ" ("ਸੋਤਸਿਆਲ ਦਿਮੋਕਰਾਤ")
ਨੰ: ੪੭ ਤੇ ੪੮, ੧੬ ਤੇ ੧੭
(੩ ਤੇ ੪) ਮਾਰਚ, ੧੯੧੮

ਸੈਂਚੀ ੩੬,
ਸਫੇ ੯੨—੧੧੧।

## ੩

# ਅਮਨ ਸੰਧੀ ਦੇ ਪੁਸ਼ਟੀ-ਕਰਨ ਬਾਰੇ ਰੀਪੋਰਟ ਉੱਪਰ ਬਹਿਸ ਦਾ ਜਵਾਬ — ੧੫ ਮਾਰਚ

ਸਾਥੀਓ, ਇਨਕਲਾਬੀ ਜੰਗ ਦੇ, ਜਿਸ ਦੀ ਕਿ ਸਾਨੂੰ ਤਜਵੀਜ਼ ਦਿੱਤੀ ਗਈ ਸੀ, ਖਾਸੇ ਬਾਰੇ ਆਪਣੀ ਪਹਿਲੀ ਤਕਰੀਰ ਵਿਚ ਮੈਂ ਜੋ ਕੁਝ ਕਿਹਾ ਸੀ, ਜੇ ਮੈਂ ਉਸਦੀ ਪੁਸ਼ਟੀ ਲੱਭਣ ਦੀ ਇੱਛਾ ਕੀਤੀ ਹੁੰਦੀ, ਤਾਂ ਸਭ ਤੋਂ ਚੰਗੀ ਤੇ ਸਭ ਤੋਂ ਸਪਸ਼ਟ ਪੁਸ਼ਟੀ ਮੈਨੂੰ ਖੱਬੇ ਸੋਸ਼ਲਿਸਟ-ਇਨਕਲਾਬੀਆਂ ਦੇ ਪ੍ਰਤਿਨਿਧ[53] ਦੀ ਰੀਪੋਰਟ ਤੋਂ ਮਿਲਦੀ। ਮੇਰਾ ਖਿਆਲ ਹੈ ਕਿ ਇਹ ਸਭ ਤੋਂ ਵਧ ਉਚਿਤ ਹੋਵੇਗਾ ਜੇ ਮੈਂ ਉਸਦੀ ਤਕਰੀਰ ਦਾ ਹਵਾਲਾ ਲਫਜ਼-ਬਲਫਜ਼ ਰੀਪੋਰਟ ਵਿਚੋਂ ਦੇਵਾਂ ਤੇ ਅਸੀਂ ਦੇਖਾਂਗੇ ਕਿ ਉਹ ਆਪਣੀਆਂ ਤਜਵੀਜ਼ਾਂ ਦੀ ਪੁਸ਼ਟੀ ਵਿਚ ਕੀ ਕੀ ਦਲੀਲਾਂ ਪੇਸ਼ ਕਰਦੇ ਹਨ। (**ਲਫਜ਼-ਬਲਫਜ਼ ਰੀਪੋਰਟ ਪੜ੍ਹਦਾ ਹੈ।**)

ਇਹ ਹੈ ਉਹਨਾਂ ਦਲੀਲਾਂ ਦੀ ਵੰਨਗੀ ਜਿਨ੍ਹਾਂ ਉਪਰ ਉਹ ਭਰੋਸਾ ਰਖਦੇ ਹਨ। ਇਥੇ ਵੋਲੋਸਤ ਇਕੱਠ[54] ਬਾਰੇ ਕੁਝ ਕਿਹਾ ਗਿਆ ਹੈ। ਜਿਹੜੇ ਲੋਕ ਇਸ ਮੀਟਿੰਗ ਨੂੰ ਵੋਲੋਸਤ ਇਕੱਠ ਸਮਝਦੇ ਹਨ, ਉਹੀ ਇਹੋ ਜਿਹੀਆਂ ਦਲੀਲਾਂ ਦਾ ਆਸਰਾ ਲੈ ਸਕਦੇ ਹਨ, ਪਰ ਇਹ ਸਪਸ਼ਟ ਹੈ ਕਿ ਇਹ ਲੋਕ ਸਾਡੇ ਲਫਜ਼ ਦੁਹਰਾਅ ਰਹੇ ਹਨ ਪਰ ਉਹਨਾਂ ਨੂੰ ਸੋਚਣ ਦੇ ਅਸਮਰਥ ਹਨ। ਲੋਕ ਉਹ ਕੁਝ ਦੁਹਰਾਅ ਰਹੇ ਹਨ ਜੋ ਕੁਝ ਬਾਲਸ਼ਵਿਕਾਂ ਨੇ ਖੱਬੇ ਸੋਸ਼ਲਿਸਟ-ਇਨਕਲਾਬੀਆਂ ਨੂੰ ਸਿਖਾਇਆ ਸੀ ਜਦੋਂ ਉਹ ਅਜੇ ਸੱਜਿਆਂ ਵਿਚ ਸਨ, ਤੇ ਜਦੋਂ ਉਹ ਗੱਲ ਕਰਦੇ ਹਨ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਅਸੀਂ ਜੋ ਕੁਝ ਕਿਹਾ ਸੀ ਉਹਨਾਂ ਨੇ ਉਸਨੂੰ ਰੱਟਾ ਲਾਇਆ ਹੈ ਪਰ ਉਹਨਾਂ ਨੇ ਸਮਝਿਆ ਨਹੀਂ ਕਿ ਇਹ ਕਿਸ ਚੀਜ਼ ਉਪਰ ਆਧਾਰਤ ਸੀ, ਤੇ ਹੁਣ ਉਹ ਇਸ ਨੂੰ ਦੁਹਰਾਉਂਦੇ ਹਨ। ਸੇਰੇਤੇਲੀ ਤੇ ਚੇਰਨੋਵ ਰੱਖਿਆਵਾਦੀ ਸਨ ਤੇ ਹੁਣ ਅਸੀਂ ਰੱਖਿਆਵਾਦੀ ਹਾਂ, ਅਸੀਂ "ਗੱਦਾਰ" ਹਾਂ, ਅਸੀਂ "ਧੋਖਾ ਦੇਣ ਵਾਲੇ" ਹਾਂ। ਬੁਰਜੂਆਜ਼ੀ ਦੇ ਪਿੱਠੂ ਇਥੇ ਵੋਲੋਸਤ ਇੱਕਠ ਦੀ ਗੱਲ ਕਰਦੇ ਹਨ — ਇਹ ਕਹਿੰਦੇ ਹੋਏ ਉਹ ਅੱਖਾਂ ਮਾਰਦੇ ਹਨ — ਪਰ ਹਰ ਮਜ਼ਦੂਰ ਰਖਿਆਵਾਦ ਦੇ ਨਿਸ਼ਾਨਿਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ

ਜਿਨ੍ਹਾਂ ਤੋਂ ਸੇਰੇਤੇਲੀ ਤੇ ਚੇਰਨੋਵ ਅਗਵਾਈ ਲੈਂਦੇ ਸਨ ਤੇ ਉਹਨਾਂ ਬੁਨਿਆਦਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਜਿਹੜੀਆਂ ਸਾਨੂੰ ਰੱਖਿਆਵਾਦੀ ਬਣਾਉਂਦੀਆਂ ਹਨ।

ਜੇ ਅਸੀਂ ਰੂਸੀ ਸਰਮਾਇਦਾਰਾਂ ਦੀ ਹਿਮਾਇਤ ਕਰਦੇ ਜਿਹੜੇ ਦਾਰਦਾਨੇਲਜ਼, ਆਰਮੀਨੀਆ ਤੇ ਗਾਲੀਸ਼ੀਆ ਦਿੱਤੇ ਜਾਣ ਦੀ ਮੰਗ ਕਰਦੇ ਸਨ, ਜਿਵੇਂ ਕਿ ਇਹ ਖੁਫੀਆ ਸੰਧੀ ਵਿਚ ਲਿਖਿਆ ਹੋਇਆ ਸੀ, ਤਾਂ ਉਹ ਚੇਰਨੋਵ ਤੇ ਸੇਰੇਤੇਲੀ ਦੀ ਭਾਸ਼ਾ ਵਿਚ ਰਖਿਆਵਾਦ ਹੁੰਦਾ, ਤੇ ਉਹ ਰਖਿਆਵਾਦ ਉਦੋਂ ਅਪਮਾਣਜਨਕ ਸੀ, ਪਰ ਹੁਣ ਸਾਡਾ ਰਖਿਆਵਾਦ ਸਨਮਾਨ-ਯੋਗ ਹੈ। (**ਤਾਲੀਆਂ**)

ਤੇ ਜਦੋਂ, ਇਹੋ ਜਿਹੀਆਂ ਦਲੀਲਾਂ ਦੇ ਨਾਲ ਨਾਲ, ਕਾਮਕੋਵ ਦੀ ਤਕਰੀਰ ਦੀ ਲਫਜ਼-ਬਲਫਜ਼ ਰੀਪੋਰਟ ਵਿਚ ਮੈਂ ਦੋ ਵਾਰੀ ਇਹ ਬਿਆਨ ਦੁਹਰਾਇਆ ਹੋਇਆ ਦੇਖਦਾ ਹਾਂ ਕਿ ਬਾਲਸ਼ਵਿਕ ਜਰਮਨ ਸਾਮਰਾਜ ਦੇ ਏਜੰਟ ਹਨ (**ਸੱਜੇ ਵੱਲੋਂ ਤਾਲੀਆਂ**) — ਕਰੜਾ ਸ਼ਬਦ ਹੈ — ਮੈਨੂੰ ਬੜੀ ਖੁਸ਼ੀ ਹੈ ਕਿ ਕੇਰੇਂਸਕੀ ਦੀ ਨੀਤੀ ਉੱਤੇ ਚੱਲਣ ਵਾਲੇ ਸਾਰੇ ਆਪਣੀਆਂ ਤਾਲੀਆਂ ਨਾਲ ਇਸਨੂੰ ਉਘਾੜਦੇ ਹਨ। (**ਤਾਲੀਆਂ**) ਤੇ, ਸਾਥੀਓ, ਸਚਮੁਚ ਬੇਸ਼ਕ, ਕਰੜੇ ਲਫਜ਼ਾਂ ਉਪਰ ਇਤਰਾਜ਼ ਕਰਨਾ ਮੇਰਾ ਕੰਮ ਨਹੀਂ। ਮੈਂ ਇਸ ਉੱਪਰ ਕਦੀ ਵੀ ਇਤਰਾਜ਼ ਨਹੀਂ ਕਰਾਂਗਾ। ਸਿਰਫ, ਕਰੜੇ ਬੋਲ ਬੋਲਣ ਵਾਸਤੇ ਬੰਦੇ ਨੂੰ ਐਸਾ ਹੋਣ ਦਾ ਹੱਕ ਹੋਣਾ ਚਾਹੀਦਾ ਹੈ, ਤੇ ਕਰੜੇ ਬੋਲ ਬੋਲਣ ਦਾ ਹੱਕ ਬੰਦੇ ਨੂੰ ਉਹਨਾਂ ਲਫ਼ਜ਼ਾਂ ਤੋਂ ਮਿਲਦਾ ਹੈ ਜਿਹੜੇ ਉਸਦੇ ਕੰਮਾਂ ਤੋਂ ਵੱਖਰੇ ਨਾ ਹੋਣਾ। ਇਹ ਛੋਟੀ ਜਿਹੀ ਸ਼ਰਤ ਹੈ ਜਿਸਨੂੰ ਕਈ ਬੁਧੀਮਾਨ ਪਸੰਦ ਨਹੀਂ ਕਰਦੇ, ਪਰ ਜਿਸਨੂੰ ਮਜ਼ਦੂਰਾਂ ਤੇ ਕਿਸਾਨਾਂ ਨੇ ਵੋਲੋਸਤ ਇਕੱਠਾਂ ਵਿਚ ਵੀ ਸਮਝ ਲਿਆ ਹੋਇਆ ਹੈ — ਇਹ ਏਨੀਂ ਛੋਟੀ ਜਿਹੀ ਚੀਜ਼ ਹੈ, ਵੋਲੋਸਤ ਇਕੱਠ — ਉਹਨਾਂ ਨੇ ਇਹ ਵੋਲੋਸਤ ਇਕੱਠਾਂ ਵਿਚ ਵੀ ਤੇ ਸੋਵੀਅਤ ਜਥੇਬੰਦੀਆਂ ਵਿਚ ਵੀ ਸਮਝ ਲਿਆ ਹੋਇਆ ਹੈ ਤੇ ਉਹਨਾਂ ਦੀ ਕਥਨੀ ਉਹਨਾਂ ਦੀ ਕਰਨੀ ਨਾਲੋਂ ਵਖ ਨਹੀਂ ਹੁੰਦੀ। ਪਰ ਅਸੀਂ ਬੜੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਉਹ, ਖੱਬੇ ਸੋਸ਼ਲਿਸਟ ਇਨਕਲਾਬੀ, ਅਕਤੂਬਰ ਤੱਕ ਸੱਜੇ ਸੋਸ਼ਲਿਸਟ ਇਨਕਲਾਬੀਆਂ ਦੀ ਪਾਰਟੀ ਵਿਚ ਰਹੇ, ਉਸ ਸਮੇਂ ਤੱਕ ਜਦੋਂ ਤੱਕ ਸੱਜੇ ਸੋਸ਼ਲਿਸਟ ਇਨਕਲਾਬੀ ਸੱਤਾ ਦੇ ਫਲਾਂ ਵਿਚ ਭਿਆਲ ਸਨ, ਜਦੋਂ ਉਹਨਾਂ ਨੇ ਏਜੰਟਾਂ ਵਜੋਂ ਕੰਮ ਕੀਤਾ ਕਿਉਂਕਿ ਖੁਫੀਆ ਸੰਧੀਆਂ ਬਾਰੇ ਚੁੱਪ ਰਹਿਣ ਦੇ ਇਵਜ਼ਾਨੇ ਵਜੋਂ ਉਹਨਾਂ ਨੂੰ ਮੰਤਰੀ-ਪਦ ਦਾ ਵਾਅਦਾ ਕੀਤਾ ਗਿਆ ਸੀ। (**ਤਾਲੀਆਂ**) ਪਰ ਉਹਨਾਂ ਲੋਕਾਂ ਨੂੰ ਸਾਮਰਾਜ ਦੇ ਏਜੰਟ ਕਹਿਣਾ ਬਿਲਕੁਲ ਅਸੰਭਵ ਹੈ ਜਿਨ੍ਹਾਂ ਨੇ ਅਸਲ ਵਿਚ ਇਸਦੇ ਖਿਲਾਫ ਜੰਗ ਦਾ ਐਲਾਨ ਕੀਤਾ, ਸੰਧੀਆਂ ਨੂੰ ਪਾੜਿਆ ਤੇ ਉਹ ਖਤਰਾ ਸਹੇੜਿਆ ਜਿਹੜਾ ਇਸ ਤਰ੍ਹਾਂ ਕਰਨ ਵਿਚ ਸੀ, ਬਰੇਸਤ ਵਿਚ ਗੱਲਬਾਤ ਨੂੰ ਲਮਕਾਉਣ ਦਾ ਕੰਮ ਹੱਥ ਲਿਆ, ਇਹ ਜਾਣਦਿਆਂ ਕਿ ਇਹ ਦੇਸ ਨੂੰ ਤਬਾਹ ਕਰ ਦੇਵੇਗਾ, ਫੌਜੀ

ਹਮਲੇ ਨੂੰ ਤੇ ਕਈ ਬੇਮਿਸਾਲ ਹਾਰਾਂ ਨੂੰ ਬਰਦਾਸ਼ਤ ਕੀਤਾ, ਤੇ ਲੋਕਾਂ ਤੋਂ ਮਾੜੀ ਜਿਹੀ ਗੱਲ ਵੀ ਨਾ ਲੁਕਾਈ।

ਮਾਰਤੋਵ ਨੇ ਸਾਨੂੰ ਇਥੇ ਯਕੀਨ ਦੁਆਇਆ ਹੈ ਕਿ ਉਸਨੇ ਸੰਧੀ ਨਹੀਂ ਪੜ੍ਹੀ। ਜਿਹੜੇ ਚਾਹੁੰਦੇ ਹਨ, ਉਸ ਉਪਰ ਯਕੀਨ ਕਰ ਲੈਣ। ਸਾਨੂੰ ਪਤਾ ਹੈ ਕਿ ਇਹ ਲੋਕ ਅਖਬਾਰ ਬਥੇਰੇ ਪੜ੍ਹਣ ਦੇ ਆਦੀ ਹਨ, ਪਰ ਉਹਨਾਂ ਨੇ ਸੰਧੀ ਨਹੀਂ ਪੜ੍ਹੀ। (**ਤਾਲੀਆਂ**) ਜਿਹੜੇ ਚਾਹੁੰਦੇ ਹਨ, ਇਸ ਗੱਲ ਉਤੇ ਯਕੀਨ ਕਰ ਲੈਣ। ਪਰ ਮੈਂ ਤੁਹਾਨੂੰ ਇਹ ਦੱਸਦਾ ਹਾਂ ਕਿ ਜਦ ਸੋਸ਼ਲਿਸਟ ਇਨਕਲਾਬੀਆਂ ਦੀ ਪਾਰਟੀ ਬੜੀ ਚੰਗੀ ਤਰ੍ਹਾਂ ਜਾਣਦੀ ਹੈ ਕਿ ਅਸੀਂ ਹਿੰਸਾ ਦੇ ਸਨਮੁਖ ਹਥਿਆਰ ਸੁੱਟ ਰਹੇ ਹਾਂ, ਜਿਸਦਾ ਅਸੀਂ ਪੂਰੀ ਤਰ੍ਹਾਂ ਪਾਜ ਉਘਾੜਿਆ ਹੈ, ਕਿ ਅਸੀਂ ਜਾਣਬੁਝ ਕੇ ਇੰਝ ਕਰ ਰਹੇ ਹਾਂ, ਸਾਫ ਸਾਫ ਇਹ ਕਹਿੰਦਿਆਂ ਕਿ ਅਸੀਂ ਇਸ ਵੇਲੇ ਲੜਣ ਤੋਂ ਅਸਮਰਥ ਹਾਂ ਪਰ ਹਥਿਆਰ ਸੁੱਟ ਰਹੇ ਹਾਂ—ਇਤਿਹਾਸ ਵਿਚ ਕਈ ਅਤਿ ਦੀਆਂ ਸ਼ਰਮਨਾਕ ਸੰਧੀਆਂ ਦਾ ਤੇ ਕਈ ਜੰਗਾਂ ਦਾ ਜ਼ਿਕਰ ਆਉਂਦਾ ਹੈ—ਜਦੋਂ ਲੋਕ ਇਸਦੇ ਜਵਾਬ ਵਿਚ ਲਫਜ਼ "ਏਜੰਟ" ਪੇਸ਼ ਕਰਦੇ ਹਨ ਤਾਂ ਇਹ ਕੁਰਖਤ ਵਿਹਾਰ ਉਹਨਾਂ ਦਾ ਪਾਜ ਉਘਾੜਦਾ ਹੈ ਤੇ ਜਦੋਂ ਉਹ ਸਾਨੂੰ ਯਕੀਨ ਦੁਆਉਂਦੇ ਹਨ ਕਿ ਉਹ ਜੋ ਕੁਝ ਕਰ ਰਹੇ ਹਨ ਉਸਦੀ ਜ਼ਿੰਮੇਵਾਰੀ ਨਹੀਂ ਲੈਂਦੇ—ਕੀ ਇਹ ਦੰਭ ਨਹੀਂ, ਜਦੋਂ ਲੋਕ ਜ਼ਿੰਮੇਵਾਰੀ ਨਹੀਂ ਲੈਂਦੇ ਪਰ ਸਰਕਾਰ ਵਿਚ ਰਹਿਣਾ ਜਾਰੀ ਰਖਦੇ ਹਨ? ਮੇਰਾ ਇਹ ਵਿਸ਼ਵਾਸ ਹੈ ਜਦੋਂ ਉਹ ਕਹਿੰਦੇ ਹਨ ਕਿ ਅਸੀਂ ਜ਼ਿੰਮੇਵਾਰੀ ਨਹੀਂ ਲੈਂਦੇ—ਉਹ ਇਸਤੋਂ ਆਪਣੇ ਆਪ ਨੂੰ ਵਾਂਝਿਆਂ ਨਹੀਂ ਕਰਦੇ, ਤੇ ਉਹ ਬਿਲਕੁਲ ਗ਼ਲਤ ਹਨ ਜਦੋਂ ਉਹ ਇਹ ਸੋਚਦੇ ਹਨ ਕਿ ਇਹ ਇਕ ਵੋਲੋਸਤ ਇਕੱਠ ਹੈ। ਨਹੀਂ, ਇਹ ਉਹ ਸਭ ਕੁਝ ਹੈ ਜੋ ਕੁਝ ਮਜ਼ਦੂਰ ਜਨਤਾ ਵਿਚ ਈਮਾਨਦਾਰ ਤੇ ਸਭ ਤੋਂ ਚੰਗਾ ਹੈ। (**ਤਾਲੀਆਂ**) ਇਹ ਕੋਈ ਬੁਰਜੂਆ ਪਾਰਲੀਮੈਂਟ ਨਹੀਂ ਜਿਸ ਲਈ ਲੋਕ ਸਾਲ ਵਿਚ ਇਕ ਜਾਂ ਦੋ ਵਾਰੀ ਚੁਣੇ ਜਾਂਦੇ ਹਨ, ਆਪਣੀ ਥਾਂ ਮਲੱਣ ਲਈ ਤੇ ਤਨਖਾਹ ਲੈਣ ਲਈ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਸੂਬਿਆਂ ਤੋਂ ਭੇਜਿਆ ਗਿਆ ਹੈ ਤੇ ਭਲਕ ਨੂੰ ਉਹ ਸੂਬਿਆਂ ਵਿਚ ਹੋਣਗੇ ਤੇ ਦੱਸਣਗੇ ਕਿ ਜੇ ਖੱਬੇ ਸੋਸ਼ਲਿਸਟ-ਇਨਕਲਾਬੀਆਂ ਦੀ ਪਾਰਟੀ ਦੀਆਂ ਵੋਟਾਂ ਘਟੀ ਜਾ ਰਹੀਆਂ ਹਨ ਤਾਂ ਇਹ ਇਸੇ ਦੀ ਹੱਕਦਾਰ ਹੈ, ਕਿਉਂਕਿ ਜਿਹੜੀ ਪਾਰਟੀ ਇਸ ਤਰ੍ਹਾਂ ਨਾਲ ਕੰਮ ਕਰਦੀ ਹੈ ਉਹ ਕਿਸਾਨੀ ਵਿਚਕਾਰ ਵੀ ਉਸੇ ਤਰ੍ਹਾਂ ਦਾ ਸਾਬਣ ਦਾ ਬੁਲਬੁਲਾ ਹੈ ਜਿਸ ਤਰ੍ਹਾਂ ਦਾ ਇਹ ਮਜ਼ਦੂਰ ਜਮਾਤ ਵਿਚਕਾਰ ਸਿੱਧ ਹੋਈ ਸੀ। (**ਤਾਲੀਆਂ**, **ਆਵਾਜ਼ਾਂ**: "ਬਿਲਕੁਲ ਠੀਕ।")

ਫਿਰ, ਮੈਂ ਕਾਮਕੋਵ ਦੀ ਤਕਰੀਰ ਵਿਚੋਂ ਇਕ ਪੈਰੇ ਦਾ ਹੋਰ ਹਵਾਲਾ ਦੇਵਾਂਗਾ, ਇਹ ਦੱਸਣ ਲਈ ਕਿ ਮਜ਼ਦੂਰ ਤੇ ਲੁੱਟੀਪੁੱਟੀ ਜਾਂਦੀ ਜਨਤਾ ਦਾ ਹਰ ਪ੍ਰਤਿਨਿਧ ਇਸ ਵੱਲ ਕੀ ਪ੍ਰਤਿਕਰਮ ਰਖਦਾ ਹੈ। "ਜਦੋਂ ਕੱਲ ਸਾਥੀ ਲੈਨਿਨ ਨੇ ਇਥੇ ਦਾਅਵਾ ਕੀਤਾ

ਸੀ ਕਿ ਸਾਥੀ ਸੇਰੇਤੇਲੀ ਤੇ ਚੇਰਨੋਵ ਆਦਿ ਨੇ ਫੌਜ ਨੂੰ ਢਹਿੰਦੀਆਂ ਕਲਾ ਵਿਚ ਖੜਿਆ ਸੀ, ਤਾਂ ਕੀ ਅਸੀਂ ਸਚਮੁਚ ਇਹ ਕਹਿਣ ਦੀ ਹਿੰਮਤ ਨਹੀਂ ਕਰ ਸਕਦੇ ਕਿ ਲੈਨਿਨ ਨੇ ਤੇ ਮੈਂ ਵੀ ਫੌਜ ਨੂੰ ਢਹਿੰਦੀਆਂ ਕਲਾਂ ਵਿਚ ਖੜਿਆ ਸੀ ?" ਉਹ ਨੁਕਤੇ ਤੋਂ ਕਾਫੀ ਜ਼ਿਆਦਾ ਦੂਰ ਹੈ। (**ਤਾਲੀਆਂ**) ਉਸਨੇ ਸੁਣਿਆ ਹੋਇਆ ਹੈ ਕਿ ਅਸੀਂ ਭਾਂਜਵਾਦੀ ਸਾਂ, ਤੇ ਉਸਨੂੰ ਇਹ ਗੱਲ ਉਦੋਂ ਯਾਦ ਆਈ ਹੈ ਜਾਦੋਂ ਅਸੀਂ ਭਾਂਜਵਾਦੀ ਨਹੀਂ ਰਹੇ। ਉਸਨੂੰ ਇਹ ਗ਼ਲਤ ਵੇਲੇ ਯਾਦ ਆਇਆ ਹੈ। ਉਹਨਾਂ ਨੇ ਲਫਜ਼ ਨੂੰ ਮੂੰਹ-ਜ਼ਬਾਨੀ ਯਾਦ ਕਰ ਲਿਆ ਹੈ, ਉਹਨਾਂ ਕੋਲ ਖੇਡਣ ਲਈ ਇਨਕਲਾਬੀ ਆਵਾਜ਼ ਵਾਲਾ ਇਕ ਛਨਕਣਾ ਹੈ, ਪਰ ਉਹ ਅਸਲ ਹਾਲਾਤ ਬਾਰੇ ਸੋਚਣ ਤੋਂ ਅਸਮਰਥ ਹਨ। (**ਤਾਲੀਆਂ**) ਮੈਂ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਹਜ਼ਾਰ ਵੋਲੋਸਤ ਇਕੱਠਾਂ ਵਿਚੋਂ, ਜਿਥੇ ਸੋਵੀਅਤ ਸੱਤਾ ਪੱਕੇ ਪੈਰੀਂ ਹੋ ਚੁੱਕੀ ਹੈ, ਨੌਂ ਸੌ ਤੋਂ ਵਧ ਵਿਚ ਐਸੇ ਲੋਕ ਹਨ ਜਿਹੜੇ ਖੱਬੇ ਸੋਸ਼ਲਿਸਟ-ਇਨਕਲਾਬੀਆਂ ਦੀ ਪਾਰਟੀ ਨੂੰ ਦੱਸਣਗੇ ਕਿ ਉਹ ਕਿਸੇ ਵਿਸ਼ਵਾਸ ਦੇ ਹੱਕਦਾਰ ਨਹੀਂ। ਉਹ ਕਹਿਣਗੇ—ਠੀਕ ਹੈ, ਅਸੀਂ ਫੌਜ ਨੂੰ ਢਹਿੰਦੀਆਂ ਕਲਾਂ ਵਿਚ ਖੜਿਆ ਤੇ ਅਸੀਂ ਹੁਣ ਉਹ ਜ਼ਰੂਰ ਯਾਦ ਕਰਾਂਗੇ। ਪਰ ਅਸੀਂ ਕਿਵੇਂ ਫੌਜ ਦਾ ਦਿਲ ਤੋੜਿਆ ? ਅਸੀਂ ਜ਼ਾਰ ਦੇ ਵੇਲੇ ਭਾਂਜਵਾਦੀ ਸਾਂ, ਪਰ ਸੇਰੇਤੇਲੀ ਤੇ ਚੇਰਨੋਵ ਦੇ ਵੇਲੇ ਅਸੀਂ ਭਾਂਜਵਾਦੀ ਨਹੀਂ ਸਾਂ। ਅਸੀਂ "ਪਰਾਵਦਾ" ਵਿਚ ਉਹ ਐਲਾਨ ਛਾਪਿਆ ਜਿਹੜਾ ਕਰੀਲੇਨਕੋ ਨੇ ਜਿਸਨੂੰ ਅਜੇ ਵੀ ਜ਼ਿੱਚ ਕੀਤਾ ਜਾ ਰਿਹਾ ਸੀ, ਫੌਜ ਨੂੰ ਸੰਬੋਧਨ ਕੀਤਾ ਸੀ: "ਮੈਂ ਕਿਉਂ ਪੀਤਰੋਗਰਾਦ ਜਾ ਰਿਹਾ ਹਾਂ।" ਉਸਨੇ ਕਿਹਾ ਸੀ: "ਅਸੀਂ ਤੁਹਾਨੂੰ ਬਗ਼ਾਵਤਾਂ ਦਾ ਸੱਦਾ ਨਹੀਂ ਦੇ ਰਹੇ।" ਇਹ ਫੌਜ ਦਾ ਦਿਲ ਢਾਹੁਣਾ ਨਹੀਂ ਸੀ। ਜਿਹੜੇ ਲੋਕ ਇਸ ਜੰਗ ਦੇ ਮਹਾਨ ਜੰਗ ਹੋਣ ਦਾ ਐਲਾਨ ਕਰਦੇ ਸਨ, ਉਹ ਲੋਕ ਸਨ ਜਿਨ੍ਹਾਂ ਨੇ ਫੌਜ ਦਾ ਦਿਲ ਢਾਹਿਆ।

ਸੇਰੇਤੇਲੀ ਤੇ ਚੇਰਨੋਵ ਸਨ ਜਿਨ੍ਹਾਂ ਨੇ ਫੌਜ ਦਾ ਦਿਲ ਢਾਹਿਆ ਕਿਉਂਕਿ ਉਹਨਾਂ ਨੇ ਲੋਕਾਂ ਨੂੰ ਸ਼ਾਨਦਾਰ ਲਫਜ਼ ਕਹੇ, ਐਸੇ ਲਫਜ਼ ਜਿਹੜੇ ਖੱਬੇ ਸੋਸ਼ਲਿਸਟ-ਇਨਕਲਾਬੀ ਐਵੇਂ ਹੀ ਵਗਾਹ ਮਾਰਨ ਦੇ ਆਦੀ ਸਨ। ਲਫਜ਼ਾਂ ਨਾਲ ਖੇਡਣਾ ਸੌਖਾ ਹੈ, ਪਰ ਵੋਲੋਸਤ ਇਕੱਠਾਂ ਵਿਚਲੇ ਰੂਸੀ ਲੋਕ ਉਹਨਾਂ ਉੱਪਰ ਵਿਚਾਰ ਕਰਨ ਦੇ ਆਦੀ ਹਨ ਤੇ ਉਹਨਾਂ ਨੂੰ ਗੰਭੀਰਤਾ ਨਾਲ ਲੈਂਦੇ ਹਨ। ਪਰ ਜੇ ਲੋਕਾਂ ਨੂੰ ਦੱਸਿਆ ਜਾਂਦਾ ਕਿ ਅਸੀਂ ਅਮਨ ਲਈ ਯਤਨ ਕਰ ਰਹੇ ਹਾਂ ਤੇ ਸਾਮਰਾਜੀ ਜੰਗ ਦੀਆਂ ਸ਼ਰਤਾਂ ਉੱਪਰ ਵਿਚਾਰ ਕਰ ਰਹੇ ਹਾਂ, ਤਾਂ ਮੈਂ ਪੁੱਛਦਾ ਹਾਂ: ਤੇ ਖੁਫੀਆ ਸੰਧੀਆ ਬਾਰੇ ਤੇ ਜੂਨ ਦੇ ਧਾਵੇ ਬਾਰੇ ਕੀ ਖਿਆਲ ਹੈ ? ਇਹ ਹੈ ਜਿਸ ਤਰ੍ਹਾਂ ਉਹਨਾਂ ਨੇ ਫੌਜ ਦਾ ਦਿਲ ਢਾਹਿਆ। ਜੇ ਉਹ ਲੋਕਾਂ ਨਾਲ ਸਾਮਰਾਜੀਆਂ ਦੇ ਖਿਲਾਫ ਲੜਾਈ ਦੀ, ਮਾਤਭੂਮੀ ਦੀ ਰਾਖੀ ਦੀ ਗੱਲ ਕਰਦੇ ਸਨ, ਤਾਂ ਲੋਕ ਆਪਣੇ ਆਪ ਨੂੰ ਪੁੱਛਦੇ ਸਨ: ਕੀ ਇਹ ਸਰਮਾਇਦਾਰਾਂ ਨੂੰ ਕਿਤੇ

ਧੌਣੋਂ ਫੜ ਲੈਂਦੇ ਹਨ ?—ਇਹ ਹੈ ਜਿਸ ਤਰ੍ਹਾਂ ਉਹਨਾਂ ਫੌਜ ਦਾ ਦਿਲ ਢਾਹਿਆ, ਤੇ ਇਸੇ ਕਰਕੇ ਮੈਂ ਕਿਹਾ ਸੀ, ਤੇ ਕਿਸੇ ਨੇ ਇਸਨੂੰ ਗ਼ਲਤ ਸਿਧ ਨਹੀਂ ਕੀਤਾ, ਫੌਜ ਦੀ ਮੁਕਤੀ ਹੁੰਦੀ ਜੇ ਅਸੀਂ ਮਾਰਚ ਜਾਂ ਅਪਰੈਲ ਵਿਚ ਸੱਤਾ ਹੱਥ ਲੈ ਚੁੱਕੇ ਹੁੰਦੇ, ਤੇ ਜੇ ਲੋਟੂਆਂ ਲਈ ਭਿਆਣਕ ਨਫਰਤ ਦੀ ਥਾਂ, ਕਿਉਂਕਿ ਅਸੀਂ ਉਹਨਾਂ ਨੂੰ ਦਬਾਇਆ—ਉਹ ਬਿਲਕੁਲ ਠੀਕ ਹੀ ਸਾਨੂੰ ਨਫਰਤ ਕਰਦੇ ਹਨ—ਜੇ ਇਸ ਦੀ ਥਾਂ ਉਹਨਾਂ ਨੇ ਮਜ਼ਦੂਰ ਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਦੀ ਮਾਤਭੂਮੀ ਦੇ ਹਿਤਾਂ ਨੂੰ ਕੇਰੇਂਸਕੀ ਤੇ ਰੀਆਬੂਸ਼ਿੰਸਕੀ ਦੀਆਂ ਖੁਫੀਆ ਸੰਧੀਆਂ, ਤੇ ਆਰਮੀਨੀਆ, ਗਾਲੀਸ਼ੀਆ ਤੇ ਦਾਰਦੇਨਲਜ਼ ਬਾਰੇ ਮਨਸੂਬਿਆਂ ਦੀ ਮਾਤਭੂਮੀ ਦੇ ਹਿਤਾਂ ਨਾਲੋਂ ਉਚੇਰਾ ਰਖਿਆ ਹੁੰਦਾ, ਤਾਂ ਇਸ ਨਾਲ ਮੁਕਤੀ ਮਿਲ ਜਾਂਦੀ। ਤੇ ਇਸ ਸੰਬੰਧ ਵਿਚ—ਮਹਾਨ ਰੂਸੀ ਇਨਕਲਾਬ ਤੋਂ, ਤੇ ਖਾਸ ਕਰਕੇ ਮਾਰਚ ਤੋਂ ਸ਼ੁਰੂ ਕਰਕੇ ਜਦੋਂ ਸਾਰੇ ਦੇਸਾਂ ਦੇ ਲੋਕਾਂ ਦੇ ਨਾਂ ਬੇਦਿਲੀ ਜਿਹੀ ਅਪੀਲ ਜਾਰੀ ਕੀਤੀ ਗਈ ਸੀ—ਜਿਸ ਸਰਕਾਰ ਨੇ ਅਪੀਲ ਜਾਰੀ ਕੀਤੀ ਸੀ ਜਿਸ ਵਿਚ ਸਾਰੇ ਦੇਸਾਂ ਦੇ ਸਾਹੂਕਾਰਾਂ ਨੂੰ ਲਾਹ ਮਾਰਨ ਲਈ ਕਿਹਾ ਗਿਆ ਸੀ, ਉਹ ਖ਼ੁਦ ਸਾਹੂਕਾਰਾਂ ਦੇ ਮੁਨਾਫਿਆਂ ਤੇ ਰਿਆਇਤਾਂ ਵਿਚ ਭਿਆਲ ਸੀ—ਇਹ ਸੀ ਜਿਸ ਨੇ ਫੌਜ ਦਾ ਦਿਲ ਢਾਹਿਆ, ਤੇ ਜਿਸ ਕਰਕੇ ਫੌਜ ਕਿਉਂ ਨਾ ਚੱਲਦੀ ਰਹਿ ਸੱਕੀ। (**ਤਾਲੀਆਂ**)

ਤੇ ਮੈਂ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਅਸੀਂ—ਕਰੀਲੇਨਕੋ ਦੀ ਇਸ ਅਪੀਲ ਤੋਂ ਸ਼ੁਰੂ ਕਰਕੇ, ਜਿਹੜੀ ਪਹਿਲੀ ਅਪੀਲ ਨਹੀਂ ਸੀ, ਤੇ ਜਿਸਨੂੰ ਮੈਂ ਯਾਦ ਕਰ ਰਿਹਾ ਹਾਂ—ਅਸੀਂ ਫੌਜ ਦਾ ਦਿਲ ਨਹੀਂ ਢਾਹਿਆ ਸਗੋਂ ਕਿਹਾ: ਮਹਾਜ਼ ਉਪਰ ਡਟੇ ਰਹੋ—ਜਿੰਨੀ ਛੇਤੀ ਤੁਸੀਂ ਸੱਤਾ ਨੂੰ ਹੱਥ ਵਿਚ ਲੈ ਲਵੋ, ਇਸਨੂੰ ਹੱਥ ਵਿਚ ਰੱਖਣਾ ਓਨਾ ਹੀ ਜ਼ਿਆਦਾ ਸੌਖਾ ਹੋਵੇਗਾ, ਤੇ ਹੁਣ ਇਹ ਕਹਿਣਾ: ਅਸੀਂ ਘਰੇਲੂ ਜੰਗ ਦੇ ਖਿਲਾਫ ਹਾਂ ਤੇ ਬਗ਼ਾਵਤ ਦੇ ਹੱਕ ਵਿਚ ਹਾਂ—ਕੁਝ ਲੋਕਾਂ ਲਈ ਇਹ ਕਿੰਨਾਂ ਅਯੋਗ ਹੈ ਤੇ ਉਹਨਾਂ ਦੀ ਇਹ ਬੜਬੜ ਕਿੰਨੀਂ ਘਿਣਾਉਣੀ ਹੈ। ਜਦੋਂ ਇਹ ਗੱਲ ਪਿੰਡਾਂ ਵਿਚ ਪੁਜਦੀ ਹੈ ਤੇ ਜਦੋਂ ਉਥੇ ਸਿਪਾਹੀ, ਜਿਨ੍ਹਾਂ ਨੇ ਜੰਗ ਨੂੰ ਉਸ ਤਰ੍ਹਾਂ ਨਹੀਂ ਦੇਖਿਆ ਜਿਸ ਤਰ੍ਹਾਂ ਬੁਧੀਮਾਨਾਂ ਨੇ ਦੇਖਿਆ ਹੈ, ਤੇ ਜਿਨ੍ਹਾਂ ਨੂੰ ਪਤਾ ਹੈ ਕਿ ਸਿਰਫ ਗੱਤੇ ਦੀ ਤਲਵਾਰ ਹਿਲਾਉਣਾ ਸੌਖਾ ਹੈ, ਜਦੋਂ ਉਹ ਕਹਿੰਦੇ ਹਨ ਕਿ ਨਾਜ਼ੁਕ ਮੌਕੇ ਉਤੇ ਉਹਨਾਂ ਦੀ, ਬਿਨਾਂ ਜੁੱਤੀਆਂ, ਭੈੜੇ ਕਪੜਿਆਂ ਤੇ ਕਸ਼ਟ ਸਹਿ ਰਿਹਾਂ ਦੀ, ਸਹਾਇਤਾ ਹਮਲੇ ਵਿਚ ਧੱਕਣ ਨਾਲ ਕੀਤੀ ਗਈ ਸੀ—ਹੁਣ ਉਹਨਾਂ ਨੂੰ ਦਸਿਆ ਜਾ ਰਿਹਾ ਹੈ ਕਿ ਇਸ ਗਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਫੌਜ ਨਹੀਂ ਹੋਵੇਗੀ, ਇਸਦੀ ਥਾਂ ਬਗ਼ਾਵਤ ਹੋਵੇਗੀ। ਉਚੇਰੇ ਟੈਕਨੀਕਲ ਸਾਜ਼-ਸਾਮਾਨ ਵਾਲੀ ਬਾਕਾਇਦਾ ਫੌਜ ਦੇ ਖਿਲਾਫ ਲੋਕਾਂ ਨੂੰ ਧੱਕਣਾ—ਇਹ ਮੁਜਰਮਾਨਾ ਹੈ, ਤੇ ਅਸੀਂ ਸੋਸ਼ਲਿਸਟਾਂ ਦੇ ਤੌਰ ਤੇ, ਸਿਖਾਇਆ ਸੀ ਕਿ ਇਹ ਮੁਜਰਮਾਨਾ ਹੈ। ਸਚਮੁਚ ਜੰਗ ਨੇ ਬਹੁਤ ਕੁਝ ਸਿਖਾਇਆ ਹੈ, ਸਿਰਫ ਇਹ ਨਹੀਂ ਕਿ ਲੋਕਾਂ ਨੇ ਮੁਸੀਬਤਾਂ ਝਾਗੀਆਂ

ਹਨ, ਸਗੋਂ ਇਹ ਵੀ ਕਿ ਜਿਨ੍ਹਾਂ ਕੋਲ ਸਭ ਤੋਂ ਵਧ ਟੈਕਨੀਕਲ ਸਾਜ਼-ਸਾਮਾਨ, ਸੰਗਠਨ ਤੇ ਡਿਸਿਪਲਿਨ ਹੈ, ਤੇ ਸਭ ਤੋਂ ਚੰਗੀਆਂ ਮਸ਼ੀਨਾਂ ਹਨ, ਉਹ ਉਪਰਲਾ ਹੱਥ ਲੈ ਲੈਣਗੇ; ਜੰਗ ਨੇ ਇਹ ਸਿਖਾਇਆ, ਤੇ ਇਹ ਬੜੀ ਸ਼ਾਨਦਾਰ ਗੱਲ ਹੈ ਕਿ ਇਸਨੇ ਇਹ ਸਿਖਾਇਆ। ਇਹ ਸਿੱਖਣਾ ਹੀ ਚਾਹੀਦਾ ਹੈ ਕਿ ਬਿਨਾਂ ਮਸ਼ੀਨਾਂ ਦੇ, ਬਿਨਾਂ ਡਿਸਿਪਲਿਨ ਦੇ ਆਧੁਨਿਕ ਸਮਾਜ ਵਿਚ ਰਹਿਣਾ ਅਸੰਭਵ ਹੈ—ਜਾਂ ਤਾਂ ਆਧੁਨਿਕ ਤਕਨੀਕਾਂ ਵਿਚ ਨਿਪੁੰਨਤਾ ਪ੍ਰਾਪਤ ਕੀਤੀ ਜਾਏ, ਜਾਂ ਦਰੜੇ ਜਾਇਆ ਜਾਏ। ਅਤਿ ਦੇ ਦੁਖਦਾਈ ਕਸ਼ਟਾਂ ਦੇ ਕਈ ਸਾਲਾਂ ਨੇ ਕਿਸਾਨਾਂ ਨੂੰ ਸਿਖਾਇਆ ਹੈ ਕਿ ਜੰਗ ਕੀ ਹੁੰਦੀ ਹੈ, ਤੇ ਜਦੋਂ ਕੋਈ ਵੀ ਵੋਲੋਸਤ ਇਕੱਠਾਂ ਵਿਚ ਤਕਰੀਰਬਾਜ਼ੀ ਲਈ ਜਾਂਦਾ ਹੈ, ਜਦੋਂ ਖੱਬੇ ਸੋਸ਼ਲਿਸਟ-ਇਨਕਲਾਬੀਆਂ ਦੀ ਪਾਰਟੀ ਉਥੇ ਜਾਇਗੀ ਤਾਂ ਇਸਨੂੰ ਚੰਗੀ ਯੋਗ ਸਜ਼ਾ ਮਿਲੇਗੀ। (**ਤਾਲੀਆਂ**)

ਇਕ ਹੋਰ ਮਿਸਾਲ, ਕਾਮਕੋਵ ਦੀ ਤਕਰੀਰ ਵਿਚੋਂ ਇਕ ਹੋਰ ਟੂਕ। (**ਪੜ੍ਹਦਾ ਹੈ।**)

ਸਵਾਲ ਖੜੇ ਕਰਨਾ ਕਦੀ ਕਦੀ ਹੈਰਾਨੀ ਦੀ ਹੱਦ ਤੱਕ ਸੌਖਾ ਹੁੰਦਾ ਹੈ, ਸਿਰਫ ਇਕ ਕਹਾਵਤ ਹੈ—ਅਸ਼ਿਸ਼ਟ, ਗੰਵਾਰੂ ਜਿਹੀ ਕਹਾਵਤ—ਜਿਹੜੀ ਇਹੋ ਜਿਹੇ ਸਵਾਲਾਂ ਬਾਰੇ ਹੈ—ਮੈਨੂੰ ਡਰ ਹੈ, ਮੈਂ ਕਹਾਵਤ ਨਹੀਂ ਬਦਲ ਸਕਦਾ—ਮੈਂ ਤੁਹਾਨੂੰ ਇਹ ਯਾਦ ਕਰਾਵਾਂਗਾ: ਇਕ ਮੂਰਖ ਵਧੇਰੇ ਸਵਾਲ ਪੁੱਛ ਸੱਕਦਾ ਹੈ, ਜਿਸਦਾ ਜਵਾਬ ਦੱਸ ਸਿਆਣੇ ਨਹੀਂ ਦੇ ਸਕਦੇ। (**ਤਾਲੀਆਂ। ਰੌਲਾ।**)

ਸਾਥੀਓ, ਜਿਹੜੀ ਟੂਕ ਮੈਂ ਹੁਣੇ ਪੜ੍ਹੀ ਹੈ, ਉਸ ਵਿਚ ਮੈਨੂੰ ਇਸ ਸਵਾਲ ਦਾ ਜਵਾਬ ਦੇਣ ਦਾ ਨਿਮੰਤਰਨ ਦਿੱਤਾ ਗਿਆ ਹੈ: ਕੀ ਮੁਹਲਤ ਦਾ ਸਮਾਂ ਇਕ ਹਫਤਾ ਚੱਲੇਗਾ, ਦੋ ਹਫਤੇ ਜਾਂ ਜ਼ਿਆਦਾ ਦੇਰ? ਮੈਂ ਪੂਰੇ ਜ਼ੋਰ ਨਾਲ ਕਹਿੰਦਾ ਹਾਂ ਕਿ ਕਿਸੇ ਵੀ ਵੋਲੋਸਤ ਇਕੱਠ ਵਿਚ ਜਾਂ ਕਿਸੇ ਵੀ ਫੈਕਟਰੀ ਵਿਚ ਜਿਹੜਾ ਬੰਦਾ ਗੰਭੀਰ ਪਾਰਟੀ ਦੇ ਨਾਂ ਉਤੇ ਇਹੋ ਜਿਹਾ ਸਵਾਲ ਪੇਸ਼ ਕਰਦਾ ਹੈ, ਉਸਦਾ ਲੋਕਾਂ ਵਲੋਂ ਮਜ਼ਾਕ ਉਡਾਇਆ ਜਾਵੇਗਾ ਤੇ ਉਸਨੂੰ ਨਠਾ ਦਿੱਤਾ ਜਾਵੇਗਾ, ਕਿਉਂਕਿ ਕਿਸੇ ਵੀ ਵੋਲੋਸਤ ਇਕੱਠ ਵਿਚ ਉਹ ਸਮਝ ਲੈਣਗੇ ਕਿ ਐਸੀ ਚੀਜ਼ ਬਾਰੇ ਸਵਾਲ ਖੜੇ ਕਰਨ ਦਾ ਕੋਈ ਮਤਲਬ ਨਹੀਂ ਜਿਸ ਬਾਰੇ ਪਤਾ ਨਹੀਂ ਲਾਇਆ ਜਾ ਸੱਕਦਾ। ਕੋਈ ਵੀ ਮਜ਼ਦੂਰ ਤੇ ਕਿਸਾਨ ਇਹ ਗੱਲ ਸਮਝ ਜਾਵੇਗਾ। (**ਤਾਲੀਆਂ।**) ਜੇ ਤੁਸੀਂ ਜਵਾਬ ਲਈ ਜ਼ਰੂਰ ਜ਼ਿਦ ਕਰਦੇ ਹੋ, ਤਾਂ ਮੈਂ ਤੁਹਾਨੂੰ ਦੱਸਾਂਗਾ ਕਿ ਬੇਸ਼ਕ ਕੋਈ ਵੀ ਖੱਬਾ ਸੋਸ਼ਲਿਸਟ-ਇਨਕਲਾਬੀ ਜਿਹੜਾ ਅਖਬਾਰਾਂ ਵਿਚ ਲਿਖਦਾ ਹੈ, ਜਾਂ ਮੀਟਿੰਗਾਂ ਵਿਚ ਤਕਰੀਰਾਂ ਕਰਦਾ ਹੈ, ਦੱਸੇਗਾ ਕਿ ਇਹ ਵਕਫਾ ਕਿਸ ਚੀਜ਼ ਉਪਰ ਨਿਰਭਰ ਕਰਦਾ ਹੈ: ਇਹ ਇਸ ਉਪਰ ਨਿਰਭਰ ਕਰਦਾ ਹੈ ਕਿ ਜਾਪਾਨ ਕਦੋਂ ਹਮਲਾ ਕਰਦਾ ਹੈ, ਕਿੰਨੀਆਂ ਫੌਜਾਂ ਨਾਲ,

ਤੇ ਇਸ ਦਾ ਵਿਰੋਧ ਕਿੰਨਾਂ ਕੁ ਹੁੰਦਾ ਹੈ; ਉਸ ਹੱਦ ਤੱਕ, ਜਿਸ ਹੱਦ ਤੱਕ ਜਰਮਨ ਫਿਨਲੈਂਡ ਵਿਚ, ਯੂਕਰੇਨ ਵਿਚ, ਮੁਸ਼ਕਲਾਂ ਵਿਚ ਫਸ ਜਾਂਦੇ ਹਨ; ਇਸ ਗੱਲ ਉਪਰ ਕਿ ਸਾਰੇ ਮਹਾਜ਼ਾਂ ਉਪਰ ਹਮਲਾ ਕਦੋਂ ਸ਼ੁਰੂ ਹੁੰਦਾ ਹੈ, ਇਹ ਕਿਵੇਂ ਵਿਕਾਸ ਕਰਦਾ ਹੈ; ਇਸ ਗੱਲ ਉਪਰ ਕਿ ਆਸਟਰੀਆ ਤੇ ਜਰਮਨੀ ਵਿਚ ਅੰਦਰੂਨੀ ਟੱਕਰ ਕਿਵੇਂ ਅੱਗੇ ਵਧਦੀ ਹੈ, ਤੇ ਹੋਰ ਕਈ ਚੀਜ਼ਾਂ ਉਪਰ ਵੀ। (**ਤਾਲੀਆਂ।**)

ਇਸ ਲਈ, ਜਦੋਂ ਕਿਸੇ ਗੰਭੀਰ ਸਭਾ ਵਿਚ ਜੇਤੂ ਹਾਵਭਾਵ ਨਾਲ ਲੋਕ ਇਹ ਸਵਾਲ ਖੜਾ ਕਰਦੇ ਹਨ: ਮੈਨੂੰ ਜਵਾਬ ਦਿਓ, ਇਹ ਕਿਸ ਤਰ੍ਹਾਂ ਦੀ ਮੁਹਲਤ ਹੋਵੇਗੀ?—ਤਾਂ ਮੈਂ ਕਹਿੰਦਾ ਹਾਂ ਕਿ ਇਹੋ ਜਿਹੇ ਲੋਕਾਂ ਨੂੰ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਇਕੱਤਰਤਾਵਾਂ ਵਿਚੋਂ ਨਠਾ ਦਿਤਾ ਜਾਵੇਗਾ, ਉਹਨਾਂ ਲੋਕਾਂ ਵਲੋਂ ਜਿਹੜੇ ਸਮਝਦੇ ਹਨ ਕਿ ਜੰਗ ਦੇ ਤਸੀਹਿਆਂ ਦੇ ਤਿੰਨ ਸਾਲਾਂ ਪਿਛੋਂ, ਮੁਹਲਤ ਦਾ ਹਰ ਹਫਤਾ ਬਹੁਤ ਵੱਡੀ ਨਿਆਮਤ ਹੈ। (**ਤਾਲੀਆਂ।**) ਤੇ ਮੈਂ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਇਥੇ ਸਾਡੇ ਉਪਰ ਗਾਲ੍ਹਾਂ ਦੀ ਜੋ ਵੀ ਵਰਸ਼ਾ ਕੀਤੀ ਜਾਏ, ਜੇ ਭਲਕ੍ਹ ਨੂੰ ਸੱਜਿਆਂ, ਲਗਭਗ ਸੱਜਿਆਂ, ਸੱਜਿਆਂ ਦੇ ਨੇੜਲਿਆਂ, ਖੱਬੇ ਸੋਸ਼ਲਿਸਟ-ਇਨਕਲਾਬੀਆਂ, ਕੈਡਟਾਂ ਤੇ ਮੇਨਸ਼ਵਿਕਾਂ ਵਲੋਂ ਸਾਨੂੰ ਦਿੱਤੀਆਂ ਗਈਆਂ ਸਾਰੀਆਂ ਗਾਲ੍ਹਾਂ ਇਕਠੀਆਂ ਕਰ ਲਈਆਂ ਜਾਣ ਤੇ ਛਾਪ ਦਿੱਤੀਆਂ ਜਾਣ, ਭਾਵੇਂ ਇਸਦਾ ਸਿੱਟਾ ਕੁਝ ਸੌ ਪੂਡ ਭਾਰ ਵਿਚ ਹੀ ਕਿਉਂ ਨਾ ਨਿਕਲੇ, ਜਿਥੋਂ ਤੱਕ ਮੇਰਾ ਸਵਾਲ ਹੈ, ਇਹ ਸਾਰਾ ਕੁਝ ਬਿਲਕੁਲ ਹਲਕਾ ਫੁੱਲ ਹੋਵੇਗਾ, ਇਸ ਤੱਥ ਦੇ ਮੁਕਾਬਲੇ ਉਤੇ ਕਿ ਬਾਲਸ਼ਵਿਕ ਗਰੁਪ ਵਿਚ ਸਾਡੇ ਵਿਚਕਾਰ ਇਸਦੇ ੯/੧੦ ਪ੍ਰਤਿਨਿਧਾਂ ਨੇ ਕਿਹਾ ਹੈ: ਅਸੀਂ ਜੰਗ ਨੂੰ ਜਾਣਦੇ ਹਾਂ ਤੇ ਅਸੀਂ ਦੇਖਦੇ ਹਾਂ ਕਿ ਹੁਣ, ਜਦੋਂ ਅਸੀਂ ਇਹ ਛੋਟਾ ਜਿਹਾ ਮੁਹਲਤ ਦਾ ਸਮਾਂ ਯਕੀਨੀ ਬਣਾ ਲਿਆ ਹੈ, ਤਾਂ ਇਹ ਸਾਡੀ ਬੀਮਾਰ ਫੌਜ ਦੇ ਮੁੜ-ਸਵਸਥ ਹੋਣ ਲਈ ਲਾਭਕਾਰੀ ਹੈ। ਤੇ ਹਰ ਕਿਸਾਨ ਇਕੱਤਰਤਾ ਵਿਚ ੯/੧੦ ਹਿੱਸਾ ਕਿਸਾਨ ਉਹੋ ਕੁਝ ਕਹਿਣਗੇ ਜੋ ਕੁਝ ਇਸ ਮਾਮਲੇ ਨਾਲ ਸੰਬੰਧ ਰੱਖਣ ਵਾਲਾ ਹਰ ਬੰਦਾ ਜਾਣਦਾ ਹੈ, ਤੇ ਜਦੋਂ ਅਸੀਂ ਕਿਸੇ ਤਰ੍ਹਾਂ ਵੀ ਸਹਾਇਤਾ ਕਰਨ ਦੇ ਯੋਗ ਹੋ ਸੱਕੇ ਹਾਂ ਅਸੀਂ ਕਿਸੇ ਵੀ ਅਮਲੀ ਤਜਵੀਜ਼ ਨੂੰ ਰੱਦ ਨਹੀਂ ਕੀਤਾ ਤੇ ਰੱਦ ਨਹੀਂ ਕਰਦੇ।

ਅਸੀਂ ਮੁਹਲਤ ਦੇ ਸਮੇਂ ਦੀ, ਭਾਵੇਂ ਇਹ ਬਾਰ੍ਹਾਂ ਦਿਨਾਂ ਲਈ ਹੀ ਕਿਉਂ ਨਾ ਹੋਵੇ, ਸੰਭਾਵਨਾ ਉਸ ਨੀਤੀ ਸਦਕਾ ਪ੍ਰਾਪਤ ਕੀਤੀ ਹੈ ਜਿਸਨੂੰ ਇਨਕਲਾਬੀ ਫਿਕਰੇਬਾਜ਼ੀ ਤੇ "ਲੋਕ" ਰਾਇ ਦਾ ਮੁਕਾਬਲਾ ਕਰਨਾ ਪਿਆ ਹੈ। ਜਦੋਂ ਕਾਮਕੋਵ ਤੇ ਖੱਬੇ ਸੋਸ਼ਲਿਸਟ-ਇਨਕਲਾਬੀ ਤੁਹਾਡੇ ਨਾਲ ਖੇਡ ਖੇਡਦੇ ਹਨ, ਤੇ ਤੁਹਾਨੂੰ ਅੱਖਾਂ ਮਾਰਦੇ ਹਨ ਤਾਂ ਇਕ ਪਾਸੇ ਉਹ ਤੁਹਾਨੂੰ ਅੱਖਾਂ ਮਾਰ ਰਹੇ ਹਨ ਤੇ ਦੂਜੇ ਪਾਸੇ ਉਹ ਵਿਧਾਨਕ-ਜਨਵਾਦੀਆਂ ਨੂੰ ਕਹਿ ਰਹੇ ਹਨ: ਇਹ ਸਾਡੇ ਹੱਕ ਵਿਚ ਲਿਖ ਲਵੋ, ਸਚਮੁਚ ਅਸੀਂ ਤਨੋਂ-ਮਨੋਂ ਤੁਹਾਡੇ ਨਾਲ ਹਾਂ। (**ਹਾਲ ਵਿਚ ਇਕ ਆਵਾਜ਼**: "ਇਹ ਝੂਠ ਹੈ।") ਤੇ ਜਦੋਂ ਖੱਬੇ ਸੋਸ਼ਲਿਸਟ-

ਇਨਕਲਾਬੀਆਂ ਦਾ, ਪ੍ਰਤੱਖ ਤੌਰ ਉੱਤੇ ਖਬਿਆਂ ਦਾ ਵੀ ਨਹੀਂ, ਸਗੋਂ ਪੜ-ਖੱਬਿਆਂ ਦਾ, ਇਕ ਪ੍ਰਤਿਨਿਧ, ਇਕ ਵਧ-ਤੋਂ-ਵਧ-ਵਾਦੀ ਫਿਕਰੇਬਾਜ਼ੀ ਬਾਰੇ ਬੋਲਿਆ ਤਾਂ ਉਸਨੇ ਕਿਹਾ ਕਿ ਫਿਕਰੇਬਾਜ਼ੀ ਹੀ ਸਭ ਕੁਝ ਹੈ ਜਿਸਦਾ ਇੱਜ਼ਤ ਨਾਲ ਸੰਬੰਧ ਹੈ। (**ਇਕ ਆਵਾਜ਼**: "ਬਿਲਕੁਲ ਠੀਕ।") ਠੀਕ, ਬੇਸ਼ਕ ਸੱਜੇ-ਪੱਖੀ ਧੜੇ ਵਿਚ ਉਹ ਕੂਕਦੇ ਹਨ "ਬਿਲਕੁਲ ਠੀਕ"; ਇਹ ਕੂਕ ਮੇਰੇ ਲਈ "ਇਹ ਝੂਠ ਹੈ" ਦੀ ਕੂਕ ਨਾਲੋਂ ਵਧੇਰੇ ਸੁਖਦਾਈ ਹੈ, ਭਾਵੇਂ ਕਿ ਅਸਰ ਮੇਰੇ ਉਪਰ ਇਸਦਾ ਵੀ ਰਤਾ ਨਹੀਂ ਹੁੰਦਾ। ਪਰ ਜੇ ਮੈਂ ਇਸਦੀ ਬਿਨਾਂ ਸਪਸ਼ਟ ਤੇ ਠੀਕ ਠੀਕ ਪੁਸ਼ਟੀ ਦੇਣ ਦੇ ਉਹਨਾਂ ਉਪਰ ਫਿਕਰੇਬਾਜ਼ੀ ਦਾ ਦੋਸ਼ ਲਾਇਆ ਹੁੰਦਾ, ਪਰ ਹਕੀਕਤ ਇਹ ਹੈ ਕਿ ਮੈਂ ਦੋ ਉਦਾਹਰਣਾਂ ਦਾ ਹਵਾਲਾ ਦਿੱਤਾ ਹੈ ਤੇ ਮੈਂ ਇਹ ਆਪਣੀ ਕਲਪਨਾ ਵਿਚੋਂ ਨਹੀਂ ਕੱਢੀਆਂ ਸਗੋਂ ਹਕੀਕੀ ਘਟਣਾ ਤੋਂ ਲਈਆਂ ਹਨ।

ਯਾਦ ਕਰੋ, ਕੀ ਸੋਸ਼ਲਿਸਟ-ਇਨਕਲਾਬੀਆਂ ਦੇ ਪ੍ਰਤਿਨਿਧ ਉਸੇ ਅਵਸਥਾ ਵਿਚ ਨਹੀਂ ਸਨ, ਜਦੋਂ ੧੯੦੭ ਵਿਚ ਉਹਨਾਂ ਨੇ ਸਤੋਲੀਪਿਨ ਨੂੰ ਆਪਣੇ ਦਸਖਤ ਕਰ ਕੇ ਦਿੱਤੇ ਸਨ ਕਿ ਉਹ ਸ਼ਹਿਨਸ਼ਾਹ ਨਿਕੋਲਸ ਦੂਜੇ ਦੀ ਵਫਾਦਾਰੀ ਨਾਲ ਤੇ ਸੱਚੇ ਦਿਲੋਂ ਸੇਵਾ ਕਰਨਗੇ? ਮੈਨੂੰ ਆਸ ਹੈ ਕਿ ਮੈਂ ਇਨਕਲਾਬ ਦੇ ਲੰਮੇ ਸਾਲਾਂ ਤੋਂ ਕੁਝ ਸਿੱਖਿਆ ਹੈ, ਤੇ ਜਦੋਂ ਧੋਖੇਬਾਜ਼ੀ ਦੇ ਦੂਸ਼ਨਾਂ ਨਾਲ ਮੈਨੂੰ ਬਦਨਾਮ ਕੀਤਾ ਜਾਂਦਾ ਹੈ ਤਾਂ ਮੈਂ ਕਹਿੰਦਾ ਹਾਂ: ਸਭ ਤੋਂ ਪਹਿਲਾਂ ਬੰਦੇ ਨੂੰ ਇਤਿਹਾਸ ਵਿਚ ਆਪਣਾ ਰਾਹ ਲੱਭਣ ਦੇ ਯੋਗ ਹੋਣਾ ਚਾਹੀਦਾ ਹੈ। ਜੇ ਅਸੀਂ ਇਤਿਹਾਸ ਦਾ ਰਾਹ ਬਦਲਣਾ ਚਾਹੁੰਦੇ ਸਾਂ ਤੇ ਨਿਕਲਿਆ ਇਹ ਕਿ ਰਾਹ ਅਸੀਂ ਬਦਲਿਆ ਨਾ ਕਿ ਇਤਿਹਾਸ ਨੇ—ਤਾਂ ਸਾਨੂੰ ਫਾਹੇ ਲਾ ਦੇਵੋ। ਇਤਿਹਾਸ ਤਕਰੀਰਾਂ ਨਾਲ ਨਹੀਂ ਮੰਨਦਾ, ਤੇ ਇਤਿਹਾਸ ਦਰਸਾ ਦੇਵੇਗਾ ਕਿ ਅਸੀਂ ਠੀਕ ਸਾਂ ਕਿ ਅਸੀਂ ੧੯੧੭ ਦੇ ਮਹਾਨ ਅਕਤੂਬਰ ਇਨਕਲਾਬ ਵਿਚ ਮਜ਼ਦੂਰ ਜਥੇਬੰਦੀਆਂ ਨੂੰ ਸਾਮ੍ਹਣੇ ਲਿਆਂਦਾ, ਪਰ ਸਿਰਫ ਇਸ ਤੱਥ ਸਦਕਾ ਕਿ ਅਸੀਂ ਫਿਕਰੇਬਾਜ਼ੀ ਤੋਂ ਉੱਚਾ ਉੱਠੇ ਤੇ ਜਾਣਦੇ ਸਾਂ ਕਿ ਤਥਾਂ ਵੱਲ ਕਿਵੇਂ ਦੇਖਣਾ ਹੈ, ਉਹਨਾਂ ਤੋਂ ਕਿਵੇਂ ਸਿੱਖਣਾ ਹੈ, ਤੇ ਜਦੋਂ ਹੁਣ, ੧੪-੧੫ ਮਾਰਚ ਨੂੰ, ਇਹ ਸਪਸ਼ਟ ਹੋ ਗਿਆ ਹੈ ਕਿ ਜੇ ਅਸੀਂ ਲੜਦੇ ਤਾਂ ਅਸੀਂ ਸਾਮਰਾਜ ਦੀ ਸਹਾਇਤਾ ਕਰਦੇ, ਅਸੀਂ ਅਖੀਰ ਆਵਾਜਾਈ ਦੇ ਪ੍ਰਬੰਧ ਨੂੰ ਤਬਾਹ ਕਰ ਲੈਂਦੇ ਤੇ ਪੀਤਰੋਗਰਾਦ ਹਾਰ ਜਾਂਦੇ—ਅਸੀਂ ਦੇਖਦੇ ਹਾਂ ਕਿ ਲਫਜ਼ਾਂ ਨਾਲ ਖੇਡਣਾ ਤੇ ਗੱਤੇ ਦੀਆਂ ਤਲਵਾਰਾਂ ਵਾਹੁਣੀਆਂ ਵਿਅਰਥ ਹਨ। ਪਰ ਜਦੋਂ ਕਾਮਕੋਵ ਮੇਰੇ ਕੋਲ ਆਉਂਦਾ ਹੈ ਤੇ ਪੁੱਛਦਾ ਹੈ "ਕੀ ਇਹ ਮੁਹਲਤ ਲੰਮੇਂ ਸਮੇਂ ਲਈ ਹੋਵੇਗੀ?", ਤਾਂ ਜਵਾਬ ਦੇਣਾ ਅਸੰਭਵ ਹੈ ਕਿਉਂਕਿ ਕੌਮਾਂਤਰੀ ਤੌਰ ਤੇ ਬਾਹਰਮੁਖੀ ਵਿਆਪਕ ਅਵਸਥਾ ਨਹੀਂ ਰਹੀ। ਪਿਛਾਖੜ ਲਈ ਹੁਣ ਲੰਮੀਂ ਮੁਹਲਤ ਦਾ ਸਮਾਂ ਨਹੀਂ, ਕਿਉਂਕਿ ਬਾਹਰਮੁਖੀ ਅਵਸਥਾ ਇਸ ਵੇਲੇ ਹਰ ਥਾਂ ਇਨਕਲਾਬੀ ਹੈ, ਕਿਉਂਕਿ ਹਰ

ਮਾਂ ਮਜ਼ਦੂਰ ਜਮਾਤ ਜਨਤਾ ਰੋਹ ਵਿਚ ਹੈ, ਆਪਣੇ ਸਬਰ ਦੀ ਹੱਦ ਤੱਕ ਪੁੱਜ ਚੁੱਕੀ ਹੈ, ਜੰਗ ਨਾਲ ਖੀਣਤਾ ਦੀ ਹੱਦ ਤੱਕ ਪੁੱਜ ਚੁੱਕੀ ਹੈ; ਇਹ ਇਕ ਹਕੀਕਤ ਹੈ, ਇਸ ਹਕੀਕਤ ਤੋਂ ਪੱਲਾ ਛੁਡਾਉਣਾ ਅਸੰਭਵ ਹੈ, ਤੇ ਇਸ ਲਈ ਮੈਂ ਤੁਹਾਡੇ ਸਾਮ੍ਹਣੇ ਇਹ ਸਿਧ ਕਰਦਾ ਰਿਹਾ ਹਾਂ ਕਿ ਐਸਾ ਸਮਾਂ ਸੀ ਜਦੋਂ ਇਨਕਲਾਬ ਅੱਗੇ ਵਧਿਆ ਤੇ ਅਸੀਂ ਇਸਦੇ ਮੂਹਰੇ ਹੋਕੇ ਚੱਲੇ ਤੇ ਖੱਬੇ ਸੋਸ਼ਲਿਸਟ-ਇਨਕਲਾਬੀ ਧੌਣ ਅਕੜਾ ਕੇ ਸਾਡੇ ਪਿੱਛੇ ਪਿੱਛੇ ਕਦਮ ਧਰਦੇ ਰਹੇ। (**ਤਾਲੀਆਂ।**) ਪਰ ਹੁਣ ਐਸਾ ਦੌਰ ਸ਼ੁਰੂ ਹੋ ਗਿਆ ਹੈ ਜਦੋਂ ਸਾਨੂੰ ਅਥਾਹ ਸ਼ਕਤੀ ਦੇ ਸਨਮੁਖ ਪਿੱਛੇ ਹਟਣਾ ਪੈ ਰਿਹਾ ਹੈ। ਟਿਹ ਬਿਲਕੁਲ ਠੋਸ ਵਰਨਣ ਹੈ। ਕੋਈ ਵੀ ਮੈਨੂੰ ਇਸ ਬਾਰੇ ਗ਼ਲਤ ਨਹੀਂ ਕਹੇਗਾ। ਇਤਿਹਾਸਕ ਵਿਸ਼ਲੇਸ਼ਣ ਲਾਜ਼ਮੀ ਤੌਰ ਤੇ ਇਸਦੀ ਪੁਸ਼ਟੀ ਕਰੇਗਾ। ਇਥੇ ਤੁਹਾਡੇ ਸਾਮ੍ਹਣੇ ਸਾਡਾ ਮਾਰਕਸਵਾਦੀ, ਲਗਭਗ-ਮਾਰਕਸਵਾਦੀ ਹੈ, ਮਾਰਤੋਵ, ਜਿਹੜਾ ਵੋਲੋਸਤ ਇਕੱਠ ਦੀ ਬਦਖੋਈ ਕਰ ਰਿਹਾ ਹੈ; ਉਹ ਅਖਬਾਰਾਂ ਨੂੰ ਬੰਦ ਕਰਨ ਬਾਰੇ ਚੰਗਾ-ਮੰਦਾ ਕਹਿੰਦਾ ਹੈ; ਉਹ ਫੜ੍ਹਾਂ ਮਾਰਦਾ ਹੈ ਕਿ ਦਬਾਏ ਹੋਏ ਤੇ ਨਾਰਾਜ਼ ਅਖਬਾਰ ਬੰਦ ਕੀਤੇ ਗਏ ਹਨ ਕਿਉਂਕਿ ਉਹ ਸੋਵੀਅਤ ਸੱਤਾ ਨੂੰ ਉਲਟਾਉਣ ਵਿਚ ਸਹਾਇਤਾ ਕਰ ਰਹੇ ਸਨ, ਉਹ ਇਸ ਬਾਰੇ ਚੰਗਾ-ਮੰਦਾ ਬੋਲਦਾ ਹੈ ਕਿ... (**ਤਾਲੀਆਂ।**) ਇਸ ਬਾਰੇ ਉਹ ਚੁੱਪ ਨਹੀਂ ਰਹਿੰਦਾ। ਇਹੋ ਜਿਹੀਆਂ ਚੀਜ਼ਾਂ ਉਹ ਤੁਹਾਡੇ ਸਾਮ੍ਹਣੇ ਪੇਸ਼ ਕਰਦਾ ਹੈ, ਪਰ ਮੇਰੇ ਵਲੋਂ ਸਾਫ ਸਾਫ ਪੇਸ਼ ਕੀਤੇ ਗਏ ਇਤਿਹਾਸਕ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਨਾ ਕਿ ਕੀ ਇਹ ਸਚਾਈ ਹੈ ਜਾਂ ਨਹੀਂ ਕਿ ਅਕਤੂਬਰ ਤੋਂ ਲੈਕੇ ਅਸੀਂ ਜੇਤੂ ਢੰਗ ਨਾਲ ਵਧੇ ਹਾਂ... (**ਸੱਜੇ ਵਲੋਂ ਆਵਾਜ਼ਾਂ**: "ਨਹੀਂ।") ਤੁਸੀਂ ਕਹਿੰਦੇ ਹੋ, "ਨਹੀਂ," ਪਰ ਇਹ ਸਾਰੇ ਕਹਿੰਦੇ ਹਨ, "ਹਾਂ"। ਮੈਂ ਪੁਛੱਦਾ ਹਾਂ: ਕੀ ਅਸੀਂ ਹੁਣ ਸੰਸਾਰ ਸਾਮਰਾਜ ਦੇ ਖਿਲਾਫ ਹਮਲੇ ਵਿਚ ਜੇਤੂ ਚੜ੍ਹਾਈ ਕਰ ਸਕਦੇ ਹਾਂ? ਅਸੀਂ ਨਹੀਂ ਕਰ ਸਕਦੇ, ਤੇ ਹਰ ਕੋਈ ਇਹ ਜਾਣਦਾ ਹੈ। ਜਦੋਂ ਇਹ ਸਿਧਾ ਸਾਦਾ ਬਿਆਨ ਲੋਕਾਂ ਨੂੰ ਇਨਕਲਾਬ ਸਿਖਾਉਣ ਲਈ—ਇਨਕਲਾਬ ਇਕ ਡੂੰਘੀ, ਮੁਸ਼ਕਲ ਤੇ ਜਟਿਲ ਸਾਇੰਸ ਹੈ—ਸਪਸ਼ਟ ਤਰ੍ਹਾਂ ਨਾਲ ਰੱਖਿਆ ਜਾਂਦਾ ਹੈ, ਮਜ਼ਦੂਰਾਂ ਤੇ ਕਿਸਾਨਾਂ ਦੋਹਾਂ ਨੂੰ ਸਿਖਾਉਣ ਲਈ, ਉਹਨਾਂ ਲੋਕਾਂ ਨੂੰ, ਜਿਹੜੇ ਇਨਕਲਾਬ ਲਿਆਉਂਦੇ ਹਨ, ਸਿਖਾਉਣ ਲਈ ਕਿ ਇੰਝ ਕਿਵੇਂ ਕਰਨਾ ਹੈ, ਤਾਂ ਸਾਡੇ ਦੁਸ਼ਮਨ ਚੀਕ ਉੱਠਦੇ ਹਨ: ਬੁਜ਼ਦਿਲ, ਗ਼ੱਦਾਰ, ਨਿਸ਼ਾਨ ਸੁੱਟ ਦਿੱਤਾ ਹੈ, ਉਹ ਲਫਜ਼ਾਂ ਨਾਲ ਹੀ ਸਾਰਦੇ ਹਨ, ਉਹ ਆਪਣੀਆਂ ਬਾਹਵਾਂ ਹਿਲਾਉਂਦੇ ਹਨ। ਨਹੀਂ। ਇਨਕਲਾਬਾਂ ਦੇ ਸਾਰੇ ਇਤਿਹਾਸ ਨੇ ਇਹੋ ਜਿਹੇ ਕਈ ਇਨਕਲਾਬੀ ਫਿਕਰੇਬਾਜ਼ ਦਰਸਾਏ ਹਨ, ਤੇ ਉਹਨਾਂ ਦਾ ਕੁਝ ਨਹੀਂ ਬਚਿਆ ਸਿਵਾਏ ਬੋ ਤੇ ਧੂਏਂ ਦੇ। (**ਤਾਲੀਆਂ।**)

ਸਾਥੀਓ, ਇਕ ਹੋਰ ਮਿਸਾਲ ਮੈਂ ਜਰਮਨੀ ਦੀ ਦਿੱਤੀ ਸੀ, ਉਸ ਜਰਮਨੀ ਦੀ ਜਿਹੜਾ ਨੈਪੋਲੀਅਨ ਨੇ ਦਰੜ ਸੁੱਟਿਆ ਸੀ, ਉਸ ਜਰਮਨੀ ਦੀ ਜਿਸਨੇ ਜੰਗਾਂ ਤੋਂ ਪਿਛੋਂ

ਸ਼ਰਮਨਾਕ ਅਮਨ ਨੂੰ ਦੇਖਿਆ ਸੀ। ਮੈਨੂੰ ਪੁੱਛਿਆ ਗਿਆ ਹੈ: ਕੀ ਅਸੀਂ ਲੰਮ ਸਮੇਂ ਲਈ ਸੰਧੀਆਂ ਦੀ ਪਾਲਣਾ ਕਰਾਂਗੇ? ਜੇ ਇਹ ਤਿੰਨ ਸਾਲ ਦਾ ਬੱਚਾ ਹੁੰਦਾ ਜਿਸਨੇ ਮੈਨੂੰ ਪੁੱਛਿਆ ਹੁੰਦਾ: ਕੀ ਤੂੰ ਸੰਧੀ ਦੀ ਪਾਲਣਾ ਕਰੇਂਗਾ ਜਾਂ ਨਹੀਂ?—ਤਾਂ ਇਹ ਖੁਸ਼ੀ ਦੇਣ ਵਾਲਾ ਵੀ ਹੁੰਦਾ ਤੇ ਸਿੱਧੜ ਵੀ। ਪਰ ਜਦੋਂ ਖੱਬੇ ਸੋਸ਼ਲਿਸਟ-ਇਨਕਲਾਬੀਆਂ ਦੀ ਪਾਰਟੀ ਦਾ ਬਾਲਗ ਕਾਮਕੋਵ ਇਹ ਪੁੱਛਦਾ ਹੈ, ਤਾਂ ਮੈਂ ਜਾਣਦਾ ਹਾਂ ਕਿ ਕੁਝ ਬਾਲਗ ਮਜ਼ਦੂਰ ਤੇ ਕਿਸਾਨ ਸਿੱਧੜਪੁਣੇ ਵਿਚ ਯਕੀਨ ਕਰ ਲੈਣਗੇ ਪਰ ਉਹਨਾਂ ਵਿਚੋਂ ਬਹੁ-ਗਿਣਤੀ ਇਹ ਕਹਿਣਗੇ: "ਮਕਰਬਾਜ਼ੀ ਛੱਡੋ।" ਕਿਉਂਕਿ ਜਿਹੜੀ ਇਤਿਹਾਸਕ ਮਿਸਾਲ ਮੈਂ ਦਿੱਤੀ ਹੈ, ਉਹ ਵਧ ਤੋਂ ਵਧ ਸਪਸ਼ਟਤਾ ਨਾਲ ਦਰਸਾਉਂਦੀ ਹੈ ਕਿ ਫੌਜ ਗੁਆ ਚੁੱਕੇ ਲੋਕਾਂ ਦੀਆਂ—ਤੇ ਇਹ ਇਕ ਤੋਂ ਬਹੁਤੀ ਵਾਰੀ ਵਾਪਰਿਆ—ਮੁਕਤੀ ਦੀਆਂ ਜੰਗਾਂ, ਆਪਣਾ ਸਾਰਾ ਇਲਾਕਾ ਪੂਰੀ ਤਰ੍ਹਾਂ ਗੁਆ ਬੈਠਣ ਦੀ ਹੱਦ ਤੱਕ ਕੁਚਲੇ ਗਏ, ਇਸ ਹੱਦ ਤੱਕ ਕੁਚਲੇ ਗਏ, ਕਿ ਉਹਨਾਂ ਨੇ ਨਵੀਆਂ ਅਲਹਾਕਵਾਦੀ ਮੁਹਿੰਮਾਂ ਲਈ ਜੇਤੂਆਂ ਨੂੰ ਸਹਾਇਕ ਫੌਜੀ ਦਸਤੇ ਦਿੱਤੇ, ਲੋਕਾਂ ਦੀਆਂ ਮੁਕਤੀ ਦੀਆਂ ਜੰਗਾਂ ਨੂੰ ਇਤਿਹਾਸ ਵਿਚੋਂ ਕਢਿਆ ਨਹੀਂ ਜਾ ਸਕਦਾ ਤੇ ਕਿਸੇ ਤਰ੍ਹਾਂ ਵੀ ਮਿਟਾਇਆ ਨਹੀਂ ਜਾ ਸਕਦਾ। ਪਰ ਜੇ ਖੱਬਾ ਸੋਸ਼ਲਿਸਟ ਇਨਕਲਾਬੀ ਕਾਮਕੋਵ ਮੈਨੂੰ ਜਵਾਬ ਦੇਣ ਲਈ ਕਹਿੰਦਾ ਹੈ, ਜਿਵੇਂ ਕਿ ਮੈਂ ਲਫਜ਼-ਬਲਫਜ਼ ਰੀਪੋਰਟ ਵਿਚ ਦੇਖਿਆ: "ਪਰ ਸਪੇਨ ਵਿਚ, ਇਨਕਲਾਬੀ ਜੰਗਾਂ ਹੋਈਆ," ਤਾਂ ਇਸ ਨਾਲ ਉਸਨੇ ਉਸਦੀ ਪੁਸ਼ਟੀ ਕੀਤੀ ਹੈ ਜੋ ਮੈਂ ਕਹਿ ਰਿਹਾ ਹਾਂ, ਸਚਮੁਚ ਉਸਨੇ ਆਪਣੇ ਉੱਪਰ ਹੀ ਵਾਰ ਕੀਤਾ ਹੈ। ਸਪੇਨ ਤੇ ਜਰਮਨ ਬਿਲਕੁਲ ਮੇਰੀ ਉਦਾਹਰਣ ਦੀ ਪੁਸ਼ਟੀ ਕਰਦੇ ਹਨ ਕਿ ਇਸ ਆਧਾਰ ਉੱਤੇ ਕਿ "ਕੀ ਤੁਸੀਂ ਸੰਧੀ ਦੀ ਪਾਲਣਾ ਕਰੋਗੇ, ਤੇ ਜਦੋਂ ਤੁਸੀਂ ਇਸਦੀ ਉਲੰਘਣਾ ਕਰਦੇ ਹੋ ਤਾਂ ਉਹ ਤੁਹਾਨੂੰ ਕਦੋਂ ਫੜ ਲੈਣਗੇ?" ਅਲਹਾਕਵਾਦੀ ਜੰਗਾਂ ਦੇ ਇਤਿਹਾਸਕ ਦੌਰ ਦੇ ਸਵਾਲ ਦਾ ਫੈਸਲਾ ਕਰਨਾ ਸਚਮੁਚ ਬੱਚਿਆਂ ਵਾਲੀ ਗੱਲ ਹੈ। ਇਤਿਹਾਸ ਸਾਨੂੰ ਦੱਸਦਾ ਹੈ ਕਿ ਹਰ ਸੰਧੀ ਘੋਲ ਦੇ ਰੁਕਣ ਦਾ ਤੇ ਤਾਕਤਾਂ ਦੇ ਸੰਬੰਧ ਵਿਚ ਤਬਦੀਲੀ ਦਾ ਸਿੱਟਾ ਹੁੰਦੀ ਹੈ, ਕਿ ਐਸੀਆਂ ਵੀ ਅਮਨ ਸੰਧੀਆਂ ਸਨ ਜਿਹੜੀਆਂ ਕੁਝ ਦਿਨਾਂ ਵਿਚ ਟੁੱਟ ਗਈਆਂ, ਕਿ ਐਸੀਆਂ ਵੀ ਅਮਨ ਸੰਧੀਆਂ ਸਨ ਜਿਹੜੀਆਂ ਇਕ ਮਹੀਨੇ ਪਿਛੋਂ ਟੁੱਟੀਆਂ, ਕਿ ਕਈ ਸਾਲਾਂ ਦਾ ਸਮਾਂ ਸੀ ਜਦੋਂ ਜਰਮਨੀ ਤੇ ਸਪੇਨ ਨੇ ਅਮਨ ਕੀਤਾ ਤੇ ਕੁਝ ਮਹੀਨਿਆਂ ਪਿਛੋਂ ਹੀ ਇਸਦੀ ਉਲੰਘਣਾ ਕਰ ਦਿਤੀ, ਇਸਦੀ ਕਈ ਵਾਰੀ ਉਲੰਘਣਾ ਕੀਤੀ, ਤੇ ਕਈ ਜੰਗਾਂ ਦੀ ਲੜੀ ਵਿਚ ਲੋਕਾਂ ਨੇ ਸਿੱਖਿਆ ਕਿ ਜੰਗ ਲੜਣ ਦਾ ਕੀ ਮਤਲਬ ਹੁੰਦਾ ਹੈ। ਜਦੋਂ ਨੈਪੋਲੀਅਨ ਨੇ ਦੂਜੀਆਂ ਕੌਮਾਂ ਦਾ ਗਲਾ ਘੁਟੱਣ ਲਈ ਜਰਮਨ ਫੌਜਾਂ ਨੂੰ ਮਗਰ ਲਾਇਆ ਤਾਂ ਉਸਨੇ ਉਹਨਾਂ ਨੂੰ ਇਨਕਲਾਬੀ ਜੰਗ ਸਿਖਾਈ। ਇਹੋ ਜਿਹਾ ਸੀ ਇਤਿਹਾਸ ਦਾ ਵਹਿਣ।

ਇਸੇ ਕਰਕੇ ਹੀ, ਸਾਥੀਓ, ਮੈਂ ਤੁਹਾਨੂੰ ਕਹਿੰਦਾ ਹਾਂ ਕਿ ਮੈਨੂੰ ਪੱਕਾ ਯਕੀਨ ਹੈ ਕਿ ਸਾਡੇ ਬਾਲਸ਼ਵਿਕ ਗਰੁਪ ਦੇ ੯/੧੦ ਹਿੱਸੇ ਵਲੋਂ ਲਏ ਗਏ ਫੈਸਲੇ ਨੂੰ ਰੂਸ ਦੇ ਸਾਰੇ ਰਾਜਸੀ ਤੌਰ ਤੇ ਚੇਤੰਨ ਕਾਮੇ ਲੋਕਾਂ — ਮਜ਼ਦੂਰਾਂ ਤੇ ਕਿਸਾਨਾਂ — ਦੇ ੯/੧੦ ਹਿੱਸੇ ਵਲੋਂ ਪ੍ਰਵਾਨਗੀ ਦਿੱਤੀ ਜਾਇਗੀ। (**ਤਾਲੀਆਂ**)

ਸਾਡੇ ਕੋਲ ਇਸ ਗੱਲ ਦੀ ਪੜਤਾਲ ਕਰਨ ਦਾ ਇਕ ਸਾਧਨ ਹੈ ਕਿ ਮੈਂ ਸੱਚ ਬੋਲਿਆ ਹੈ ਜਾਂ ਮੈਨੂੰ ਗ਼ਲਤੀ ਲੱਗੀ ਹੈ, ਕਿਉਂਕਿ ਤੁਸੀਂ ਸੂਬਿਆਂ ਵਿਚ ਜਾਵੋਗੇ ਤੇ ਤੁਹਾਡੇ ਵਿਚੋਂ ਹਰ ਕੋਈ ਸਥਾਨਕ ਸੋਵੀਅਤਾਂ ਨੂੰ ਰੀਪੋਰਟ ਦੇਵੇਗਾ, ਤੇ ਹਰ ਥਾਂ ਉਤੇ ਸਥਾਨਕ ਫੈਸਲੇ ਲਏ ਜਾਣਗੇ। ਮੈਂ ਅਖੀਰ ਵਿਚ ਕਹਾਂਗਾ: ਭੜਕਾਹਟ ਅੱਗੇ ਗੋਡੇ ਨਾ ਟੇਕੋ। (**ਤਾਲੀਆਂ**।) ਬੁਰਜੂਆਜ਼ੀ ਜਾਣਦੀ ਹੈ, ਉਹ ਕੀ ਕਰ ਰਹੀ ਹੈ, ਬੁਰਜੂਆਜ਼ੀ ਜਾਣਦੀ ਹੈ ਕਿ ਉਸਨੇ ਪਸਕੋਵ ਵਿਚ ਕਿਉਂ ਖੁਸ਼ੀਆਂ ਮਣਾਈਆਂ ਸਨ, ਹੁਣੇ ਜਿਹੇ ਓਦੇਸਾ ਵਿਚ ਖੁਸ਼ੀਆਂ ਮਣਾਈਆਂ ਸਨ, ਵਿੱਨੀਚੋਨਕੋਆਂ ਦੀ, ਯੂਕਰੇਨੀ ਕੇਰੇਂਸਕੀਆਂ, ਜਾਂ ਸੇਰੇਤੇਲੀ ਤੇ ਚੇਰਨੋਵ ਦੀ ਬੁਰਜੂਆਜ਼ੀ। ਇਸਨੇ ਖੁਸ਼ੀਆਂ ਮਣਾਈਆਂ ਕਿਉਂਕਿ ਇਹ ਪੂਰੀ ਤਰ੍ਹਾਂ ਸਮਝਦੀ ਸੀ ਕਿ ਨੱਠ ਰਹੀ, ਬੀਮਾਰ ਫੌਜ ਨਾਲ ਲੜਾਈ ਲੜਨ ਦੀ ਕੋਸ਼ਿਸ਼ ਕਰਕੇ ਸੋਵੀਅਤ ਸੱਤਾ ਨੇ ਡਿਪਲੋਮੇਸੀ ਵਿਚ, ਅਵਸਥਾ ਦਾ ਜਾਇਜ਼ਾ ਲੈਣ ਵਿਚ ਕਿੰਨੀ ਵੱਡੀ ਗ਼ਲਤੀ ਕੀਤੀ ਸੀ। ਬੁਰਜੂਆਜ਼ੀ ਤੁਹਾਨੂੰ ਜੰਗ ਦੇ ਖੱਡੇ ਵੱਲ ਖਿਚੱਣ ਦੀ ਕੋਸ਼ਿਸ਼ ਕਰ ਰਹੀ ਹੈ। ਬੰਦੇ ਨੇ ਸਿਰਫ ਹਮਲਾ ਹੀ ਨਹੀਂ ਕਰਨਾ ਹੁੰਦਾ, ਪਿੱਛੇ ਵੀ ਹਟਣਾ ਹੁੰਦਾ ਹੈ। ਹਰ ਸਿਪਾਹੀ ਇਹ ਜਾਣਦਾ ਹੈ.। ਇਹ ਸਮਝ ਲਵੋ ਕਿ ਬੁਰਜੂਆਜ਼ੀ ਤੁਹਾਨੂੰ ਤੇ ਸਾਨੂੰ ਦੋਹਾਂ ਨੂੰ ਜਾਲ ਵਿਚ ਫਸਾਉਣ ਦੀ ਕੋਸ਼ਿਸ ਕਰ ਰਹੀ ਹੈ। ਇਹ ਸਮਝ ਲਵੋ ਕਿ ਸਾਰੀ ਬੁਰਜੂਆਜ਼ੀ ਤੇ ਇਸਦੇ ਸਾਰੇ ਇੱਛਾ ਅਨੁਸਾਰ ਤੇ ਇੱਛਾ ਬਿਨਾਂ ਬਣੇ ਪਿੱਠੂ ਇਹ ਜਾਲ ਵਿਛਾਉਣ ਵਿਚ ਲੱਗੇ ਹੋਏ ਹਨ। ਸਮਾਂ ਲੈਣ ਲਈ ਪਿੱਛੇ ਹਟ ਕੇ ਤੁਸੀਂ ਅਤਿ ਦੀਆਂ ਸਖਤ ਹਾਰਾਂ ਨੂੰ ਬਰਦਾਸ਼ਤ ਕਰਨ ਤੇ ਅਤਿ ਦੀਆਂ ਮੁਸ਼ਕਲ ਪੁਜ਼ੀਸ਼ਨਾਂ ਕਾਇਮ ਰੱਖਣ ਦੇ ਯੋਗ ਹੋ ਸਕੋਗੇ। ਸਮਾਂ ਸਾਡੇ ਵੱਲ ਹੈ। ਸਾਮਰਾਜੀਏ, ਆਪਣੇ ਆਪ ਨੂੰ ਤੂਸ ਲੈਣ ਪਿਛੋਂ, ਫਟ ਜਾਣਗੇ ਤੇ ਉਹਨਾਂ ਦੀ ਕੁਖ ਵਿਚ ਨਵਾਂ ਦੇਓ ਪਲ ਰਿਹਾ ਹੈ; ਇਹ ਜਿਵੇਂ ਅਸੀਂ ਚਾਹੁੰਦੇ ਹਾਂ, ਉਸ ਨਾਲੋਂ ਵਧੇਰੇ ਹੌਲੀ ਤਰ੍ਹਾਂ ਵਧ ਰਿਹਾ ਹੈ, ਪਰ ਇਹ ਵਧ ਰਿਹਾ ਹੈ, ਇਹ ਸਾਡੀ ਸਹਾਇਤਾ ਲਈ ਆਇਗਾ, ਤੇ ਜਦੋਂ ਅਸੀਂ ਦੇਖਾਂਗੇ ਕਿ ਇਸਨੇ ਆਪਣੀਆਂ ਪਹਿਲੀਆਂ ਸੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ, ਤਾਂ ਅਸੀਂ ਕਹਾਂਗੇ: ਪਿਛੇ ਹਟਣ ਦਾ ਸਮਾਂ ਖਤਮ ਹੋ ਗਿਆ ਹੈ, ਸੰਸਾਰ ਪੈਮਾਨੇ ਤੇ ਚੜ੍ਹਾਈ ਦਾ ਯੁਗ ਤੇ ਸੰਸਾਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਦਾ ਯੁਗ ਸ਼ੁਰੂ ਹੋ ਰਿਹਾ ਹੈ। (**ਗੂੰਜਵੀਆਂ ਤਾਲੀਆਂ, ਜਿਹੜੀਆਂ ਕਾਫੀ ਦੇਰ ਤੱਕ ਜਾਰੀ ਰਹਿੰਦੀਆਂ ਹਨ।**)

"ਪਰਾਵਦਾ": ਨੰ: ੪੯
੧੯ (੬) ਮਾਰਚ, ੧੯੧੮

ਸੈਂਚੀ ੩੬,
ਸਫ਼ੇ ੧੧੨ — ੧੨੧।

## ੪

# ਬਰੇਸਤ ਸੰਧੀ ਦੇ ਪੁਸ਼ਟੀ-ਕਰਨ ਬਾਰੇ ਮਤਾ

ਕਾਂਗਰਸ ੩ ਮਾਰਚ, ੧੯੧੮ ਨੂੰ ਬਰੇਸਤ-ਲਿਤੋਵਸਕ ਵਿਖੇ ਸਾਡੇ ਪ੍ਰਤਿਨਿਧ ਵਲੋਂ ਕੀਤੀ ਗਈ ਅਮਨ ਸੰਧੀ ਦੀ ਪੋੜ੍ਹਤਾ (ਪੁਸ਼ਟੀ) ਕਰਦੀ ਹੈ।

ਕਾਂਗਰਸ ਕੇਂਦਰੀ ਕਾਰਜ ਕਰਨੀ ਕਮੇਟੀ ਤੇ ਲੋਕ ਕੋਮੀਸਾਰਾਂ ਦੀ ਕੌਂਸਲ ਵਲੋਂ ਇਸ ਗੱਲ ਨੂੰ ਸਾਮ੍ਹਣੇ ਰਖਦਿਆਂ ਕਿ ਸਾਡੇ ਕੋਲ ਕੋਈ ਫ਼ੌਜ ਨਹੀਂ ਤੇ ਲੋਕ ਜੰਗ ਤੋਂ ਬੇਹੱਦ ਥੱਕੇ ਹੋਏ ਹਨ, ਜਿਨ੍ਹਾਂ ਲੋਕਾਂ ਨੂੰ ਕਿ ਮੁਸੀਬਤ ਵਿਚ ਬੁਰਜੂਆਜ਼ੀ ਤੇ ਬੁਰਜੂਆ ਬੁਧੀਜੀਵੀਆਂ ਤੋਂ ਕੋਈ ਸਹਾਇਤਾ ਨਹੀਂ ਮਿਲੀ, ਸਗੋਂ ਜਿਨ੍ਹਾਂ ਨੇ ਇਸ ਮੁਸੀਬਤ ਨੂੰ ਖ਼ੁਦਗਰਜ਼ ਜਮਾਤੀ ਮਨੋਰਥਾਂ ਲਈ ਵਰਤਿਆ ਜਾਂਦਾ ਦੇਖਿਆ ਹੈ, ਮੌਜੂਦਾ ਯਕੀਨੋਂ-ਬਾਹਰੀ ਕਰੜੀ, ਹੜੱਪ ਕਰਨ ਵਾਲੀ ਤੇ ਅਪਮਾਣਜਨਕ ਸੰਧੀ ਕਰਨ ਦਾ ਫ਼ੈਸਲਾ ਕਰਨ ਵਿਚ ਉਹਨਾਂ ਦੀਆਂ ਕਾਰਵਾਈਆਂ ਨੂੰ ਠੀਕ ਹੋਣ ਦੇ ਤੌਰ ਤੇ ਮਾਣਤਾ ਦੇਂਦੀ ਹੈ।

ਕਾਂਗਰਸ ਅਮਨ ਪ੍ਰਤਿਨਿਧ ਮੰਡਲ ਦੀਆਂ ਕਾਰਵਾਈਆਂ ਦੇ ਨਿਰਵਿਵਾਦ ਤੌਰ ਤੇ ਠੀਕ ਹੋਣ ਨੂੰ ਵੀ ਮਾਣਤਾ ਦੇਂਦੀ ਹੈ, ਜਿਸਨੇ ਜਰਮਨ ਅਮਨ ਸ਼ਰਤਾਂ ਬਾਰੇ ਵਿਸਤ੍ਰਿਤ ਬਹਿਸ ਵਿਚ ਪੈਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਸ਼ਰਤਾਂ ਸਾਡੇ ਉਤੇ ਪ੍ਰਤੱਖ ਅਲਟੀਮੇਟਮ ਦੇ ਰੂਪ ਵਿਚ ਤੇ ਸਾਫ ਦਿਸੱਦੀ ਤਾਕਤ ਨਾਲ ਠੋਸੀਆਂ ਗਈਆਂ ਸਨ।

ਕਾਂਗਰਸ ਸਾਰੇ ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਨੂੰ, ਸਾਰੀ ਕੰਮ ਕਰਦੀ ਤੇ ਦਬਾਈ ਹੋਈ ਜਨਤਾ ਨੂੰ ਇਸ ਮੌਕੇ ਦੇ ਮੁਖ, ਤੁਰਤ ਤੇ ਅਤਿ ਜ਼ਰੂਰੀ ਕੰਮ ਲਈ ਅਤਿ ਜ਼ੋਰਦਾਰ ਅਪੀਲ ਕਰਦੀ ਹੈ — ਮਜ਼ਦੂਰ ਲੋਕਾਂ ਦੇ ਡਿਸਿਪਲਿਨ ਤੇ ਸਵੈ-ਡਿਸਿਪਲਿਨ ਨੂੰ ਬਿਹਤਰ ਬਣਾਇਆਂ ਜਾਏ; ਦੇਸ ਭਰ ਵਿਚ ਤਗੜੀਆਂ, ਚੰਗੀਆਂ ਬੁਨਿਆਦਾਂ ਵਾਲੀਆਂ ਜਥੇਬੰਦੀਆ ਬਣਾਈਆਂ ਜਾਣ ਜਿਹੜੀਆਂ, ਜਿਥੋਂ ਤੱਕ ਹੋ ਸੱਕੇ, ਸਾਰੇ

ਉਤਪਾਦਨ ਤੇ ਵੰਡ ਨੂੰ ਆਪਣੇ ਹੱਥ ਵਿਚ ਲੈਣ; ਹਫੜਾ-ਦਫੜੀ, ਬਦਇੰਤਜ਼ਾਮੀ ਤੇ ਆਰਥਕ ਤਬਾਹੀ ਦੇ ਖਿਲਾਫ ਬੇਕਿਰਕ ਘੋਲ ਕੀਤਾ ਜਾਏ, ਜੋ ਕਿ, ਅਤਿ ਦੀ ਦੁਖਦਾਈ ਜੰਗ ਦੇ ਵਿਰਸੇ ਵਜੋਂ ਇਤਿਹਾਸਕ ਤੌਰ ਤੇ ਅਟੱਲ ਹਨ, ਪਰ ਜੋ, ਨਾਲ ਹੀ, ਸੋਸ਼ਲਿਜ਼ਮ ਦੀ ਪੂਰਨ ਜਿੱਤ ਤੇ ਸੋਸ਼ਲਿਸਟ ਸਮਾਜ ਦੀਆਂ ਬੁਨਿਆਦਾਂ ਨੂੰ ਪੱਕਿਆਂ ਕਰਨ ਦੇ ਰਾਹ ਵਿਚ ਮੁੱਖ ਰੁਕਾਵਟ ਹਨ।

ਅੱਜ, ਅਕਤੂਬਰ ਇਨਕਲਾਬ ਤੋਂ ਪਿਛੋਂ, ਰੂਸ ਵਿਚ ਬੁਰਜੂਆਜ਼ੀ ਦੀ ਰਾਜਨੀਤਕ ਸੱਤਾ ਦਾ ਤਖਤਾ ਉਲਟਾਉਣ ਤੋਂ ਪਿਛੋਂ, ਸਾਰੀਆਂ ਖੁਫੀਆ ਸਾਮਰਾਜੀ ਸੰਧੀਆਂ ਦੀ ਸਾਡੇ ਵਲੋਂ ਨਿਖੇਧੀ ਕੀਤੇ ਜਾਣ ਤੇ ਪ੍ਰਕਾਸ਼ਤ ਕੀਤੇ ਜਾਣ ਪਿਛੋਂ, ਬਦੇਸ਼ੀ ਕਰਜ਼ਿਆਂ ਨੂੰ ਮਨਸੂਖ ਕਰਨ ਪਿਛੋਂ, ਮਜ਼ਦੂਰਾਂ ਤੇ ਕਿਸਾਨਾਂ ਦੀ ਸਰਕਾਰ ਵਲੋਂ ਸਾਮੀਆਂ ਕੌਮਾਂ ਨੂੰ, ਬਿਨਾਂ ਕਿਸੇ ਛੋਟ ਦੇ, ਨਿਆਈਂ ਅਮਨ ਦੀ ਤਜਵੀਜ਼ ਦਿੱਤੇ ਜਾਣ ਪਿਛੋਂ, ਸਾਮਰਾਜੀ ਜੰਗ ਦੇ ਪੰਜਿਆਂ ਵਿਚੋਂ ਆਪਣੇ ਆਪ ਨੂੰ ਛੁਡਾ ਲੈਣ ਪਿਛੋਂ, ਰੂਸ ਨੂੰ ਇਹ ਐਲਾਨ ਕਰਨ ਦਾ ਹੱਕ ਹੈ ਕਿ ਉਹ ਦੂਜੇ ਦੇਸਾਂ ਦੀ ਲੁੱਟ ਤੇ ਉਹਨਾਂ ਉਪਰ ਜਬਰ ਵਿਚ ਹਿੱਸੇਦਾਰ ਨਹੀਂ।

ਰੂਸੀ ਸੋਵੀਅਤ ਫੈਡਰੇਟਿਵ ਰੀਪਬਲਿਕ, ਧਾੜਵੀ ਜੰਗਾਂ ਦੀ ਸਰਬ-ਸੰਮਤੀ ਨਾਲ ਨਿਖੇਧੀ ਕਰਨ ਪਿਛੋਂ, ਹੁਣ ਤੋਂ ਲੈਕੇ ਸੋਸ਼ਲਿਸਟ ਪਿਤਾਭੂਮੀ ਦੀ ਸਾਮਰਾਜੀ ਤਾਕਤਾਂ ਵਿਚੋਂ ਕਿਸੇ ਦੇ ਵੀ ਸਾਰੇ ਸੰਭਵ ਹਮਲਿਆਂ ਤੋਂ ਰਾਖੀ ਕਰਨਾ ਆਪਣਾ ਹੱਕ ਤੇ ਆਪਣਾ ਫਰਜ਼ ਸਮਝਦੀ ਹੈ।

ਇਸ ਲਈ ਕਾਂਗਰਸ ਸਾਰੇ ਕਾਮੇ ਲੋਕਾਂ ਦਾ ਇਹ ਬਿਨਾਂ ਸ਼ਰਤ ਦੇ ਫਰਜ਼ ਸਮਝਦੀ ਹੈ ਕਿ ਉਹ ਸਾਡੇ ਦੇਸ਼ ਦੀ ਰੱਖਿਆ ਸਮਰਥਾ ਨੂੰ ਮੁੜ-ਸਥਾਪਤ ਕਰਨ ਤੇ ਸੁਧਾਰਨ ਲਈ, ਸੋਸ਼ਲਿਸਟ ਮਿਲੀਸ਼ੀਆ ਤੇ ਦੋਹਾਂ ਲਿੰਗਾਂ ਦੇ ਜਵਾਨ ਹੋ ਰਹੇ ਤੇ ਬਾਲਗਾਂ ਦੀ ਸਰਬ-ਵਿਆਪਕ ਫੌਜੀ ਸਿਖਲਾਈ ਦੇ ਆਧਾਰ ਤੇ ਇਸਦੀ ਫੌਜੀ ਤਾਕਤ ਨੂੰ ਮੁੜ-ਸਥਾਪਤ ਕਰਨ।

ਕਾਂਗਰਸ ਪੂਰਨ ਵਿਸ਼ਵਾਸ ਪ੍ਰਗਟ ਕਰਦੀ ਹੈ ਕਿ ਸੋਵੀਅਤ ਸੱਤਾ, ਜਿਸਨੇ ਸੋਸ਼ਲਿਜ਼ਮ ਵਾਸਤੇ ਤੇ ਸਰਮਾਏ ਦੇ ਜੂਲੇ ਦੇ ਖਿਲਾਫ ਸਾਰੇ ਦੇਸਾਂ ਦੇ ਮਜ਼ਦੂਰਾਂ ਦੇ ਘੋਲ ਵਿਚ ਉਹਨਾਂ ਦੀ ਕੌਮਾਂਤਰੀ ਇਕਮੁਠਤਾ ਦੇ ਸਾਰੇ ਫਰਜ਼ਾਂ ਨੂੰ ਬਹਾਦਰੀ ਨਾਲ ਪੂਰਿਆਂ ਕੀਤਾ ਹੈ, ਭਵਿਖ ਵਿਚ ਕੌਮਾਂਤਰੀ ਸੋਸ਼ਲਿਸਟ ਲਹਿਰ ਨੂੰ ਅੱਗੇ ਖੜਣ ਵਿਚ, ਮਨੁਖਤਾ ਨੂੰ ਸਰਮਾਏ ਦੇ ਜੂਲੇ ਤੋਂ ਤੇ ਉਜਰਤ-ਗ਼ੁਲਾਮੀ ਤੋਂ ਛੁਟਕਾਰੇ ਵੱਲ, ਸੋਸ਼ਲਿਸਟ ਸਮਾਜ ਦੀ ਸਿਰਜਣਾ ਤੇ ਕੌਮਾਂ ਵਿਚਕਾਰ ਸਥਾਈ, ਨਿਆਈਂ ਅਮਨ ਵੱਲ ਲਿਜਾਂਦੇ ਰਾਹ ਨੂੰ ਯਕੀਨੀ ਤੇ ਛੋਟਾ ਬਨਾਉਣ ਲਈ ਹਾਰ ਸੰਭਵ ਚੀਜ਼ ਕਰੇਗੀ।

ਕਾਂਗਰਸ ਨੂੰ ਪੱਕਾ ਵਿਸ਼ਵਾਸ ਹੈ ਕਿ ਕੌਮਾਂਤਰੀ ਮਜ਼ਦੂਰ ਇਨਕਲਾਬ ਦੂਰ ਨਹੀਂ, ਕਿ ਬਾਵਜੂਦ ਇਸ ਤੱਥ ਦੇ ਕਿ ਸਾਰੇ ਦੇਸਾਂ ਦੇ ਸਾਮਰਾਜੀਏ ਸੋਸ਼ਲਿਸਟ ਲਹਿਰ ਨੂੰ ਦਬਾਉਣ ਲਈ ਅਤਿ ਵਹਿਸ਼ੀ ਸਾਧਨਾਂ ਦੀ ਵਰਤੋਂ ਕਰਨ ਤੋਂ ਝਿਜਕਦੇ ਨਹੀਂ, ਸੋਸ਼ਲਿਸਟ ਪ੍ਰੋਲਤਾਰੀਆਂ ਦੀ ਮੁਕੰਮਲ ਜਿੱਤ ਯਕੀਨੀ ਹੈ।

੧੩ ਜਾਂ ੧੪ ਮਾਰਚ , ੧੯੧੮
ਨੂੰ ਲਿਖਿਆ।
"ਪਰਾਵਦਾ" ("ਸੋਤਸਿਆਲ ਦਿਮੋਕਰਾਤ")
ਨੰ: ੪੭, ੧੬(੩) ਮਾਰਚ,
੧੯੧੮ ਨੂੰ ਛਪਿਆ।

ਸੈਂਚੀ ੩੬,
ਸਫੇ ੧੨੨ — ੧੨੩।

# ਮਜ਼ਦੂਰਾਂ, ਕਿਸਾਨਾਂ ਤੇ ਲਾਲ ਫੌਜ ਦੇ ਡਿਪਟੀਆਂ ਦੀ ਮਾਸਕੋ ਸੋਵੀਅਤ ਵਿਚ ਤਕਰੀਰ ਵਿਚੋਂ — ੨੩ ਅਪਰੈਲ, ੧੯੧੮

ਮੈਂ ਫਿਰ ਦੁਹਰਾਉਂਦਾ ਹਾਂ ਕਿ ਸਾਡੇ ਇਨਕਲਾਬ ਦੇ ਜੀਵਨ ਵਿਚ ਸਭ ਤੋਂ ਵਧ ਮੁਸ਼ਕਲ, ਸਭ ਤੋਂ ਵਧ ਗੰਭੀਰ ਦੌਰ ਹੁਣ ਸ਼ੁਰੂ ਹੋਇਆ ਹੈ। ਸਾਡੇ ਸਾਮ੍ਹਣੇ ਕੰਮ ਇਹ ਹੈ ਕਿ ਆਪਣੀ ਸਾਰੀ ਤਾਕਤ ਦੀ ਅਝੁਕ ਵਰਤੋਂ ਕਰੀਏ ਤੇ ਇਸ ਨੂੰ ਨਵੇਂ ਰਚਣੇਈ ਕੰਮ ਉਪਰ ਲਾਈਏ, ਕਿਉਂਕਿ ਸਿਰਫ ਫੌਲਾਦੀ ਸਹਿਣ-ਸ਼ਕਤੀ ਤੇ ਕਿਰਤ ਡਿਸਿਪਲਿਨ ਹੀ ਇਨਕਲਾਬੀ ਰੂਸੀ ਪ੍ਰੋਲਤਾਰੀਆਂ ਨੂੰ, ਜਿਹੜੇ ਅਜੇ ਆਪਣੇ ਬੇਹੱਦ ਵੱਡੇ ਇਨਕਲਾਬੀ ਕੰਮ ਵਿਚ ਇੱਕਲੇ ਹਨ, ਛੁਟਕਾਰੇ ਦੇ ਸਮੇਂ ਤੱਕ ਡਟੇ ਰਹਿਣ ਦੇ ਯੋਗ ਬਣਾਇਗਾ, ਜਦੋਂ ਕੌਮਾਂਤਰੀ ਪ੍ਰੋਲਤਾਰੀ ਸਾਡੀ ਸਹਾਇਤਾ ਲਈ ਆ ਪਹੁੰਚਣਗੇ।

ਅਸੀਂ ਮਜ਼ਦੂਰ ਜਮਾਤ ਦਾ ਇਨਕਲਾਬੀ ਦਸਤਾ ਹਾਂ ਜਿਹੜਾ ਵਧ ਕੇ ਸਭ ਤੋਂ ਮੂਹਰੇ ਆ ਗਿਆ ਹੈ, ਇਸ ਲਈ ਨਹੀਂ ਕਿ ਅਸੀਂ ਦੂਜੇ ਮਜ਼ਦੂਰਾਂ ਨਾਲੋਂ ਚੰਗੇਰੇ ਹਾਂ, ਇਸ ਲਈ ਨਹੀਂ ਕਿ ਰੂਸੀ ਪ੍ਰੋਲਤਾਰੀ ਦੂਜੇ ਦੇਸਾਂ ਦੀ ਮਜ਼ਦੂਰ ਜਮਾਤ ਨਾਲੋਂ ਜ਼ਿਆਦਾ ਉੱਤਮ ਹਨ, ਸਗੋਂ ਸਿਰਫ ਇਸ ਲਈ ਕਿ ਅਸੀਂ ਦੁਨੀਆਂ ਦੇ ਸਭ ਤੋਂ ਪੱਛੜੇ ਦੇਸਾਂ ਵਿਚੋਂ ਸਾਂ। ਅਸੀਂ ਅੰਤਮ ਜਿੱਤ ਉਦੋਂ ਹੀ ਪ੍ਰਾਪਤ ਕਰਾਂਗੇ ਜਦੋਂ ਅਸੀਂ ਅਖੀਰ ਕੌਮਾਂਤਰੀ ਸਾਮਰਾਜ ਨੂੰ, ਜਿਹੜਾ ਆਪਣੇ ਸਾਜ਼-ਸਾਮਾਨ ਤੇ ਡਿਸਿਪਲਿਨ ਦੀ ਬੇਹੱਦ ਸ਼ਕਤੀ ਉਪਰ ਭਰੋਸਾ ਰਖਦਾ ਹੈ, ਪੱਕੀ ਤਰ੍ਹਾਂ ਚੂਰ-ਚੂਰ ਕਰ ਸੁੱਟਣ ਵਿਚ ਸਫਲ ਹੋ ਜਾਵਾਂਗੇ। ਪਰ ਅਸੀਂ ਬਾਕੀ ਦੇਸਾਂ ਦੇ, ਸਾਰੀ ਦੁਨੀਆਂ ਦੇ ਸਾਰੇ ਮਜ਼ਦੂਰਾਂ ਨਾਲ ਮਿਲ ਕੇ ਹੀ ਜਿੱਤ ਪ੍ਰਾਪਤ ਕਰਾਂਗੇ।

ਹਾਲਾਤ ਦੇ ਦਬਾਅ ਹੇਠ, ਸਾਨੂੰ ਬਰੇਸਤ ਵਿਚ ਬੋਝਲ ਅਮਨ ਸਮਝੌਤਾ ਕਰਨਾ ਪਿਆ, ਤੇ ਅਸੀਂ ਇਹ ਤੱਥ ਲੁਕਾਉਂਦੇ ਨਹੀਂ ਕਿ ਕਿਸੇ ਵੀ ਘੜੀ ਇਸ ਅਮਨ ਸਮਝੌਤੇ ਦੀ ਇਨਕਲਾਬ ਦੇ ਅਣਗਿਣਤ ਦੁਸ਼ਮਨਾਂ ਵਲੋਂ ਵਿਸਾਹਘਾਤੀ ਢੰਗ ਨਾਲ ਉਲੰਘਣਾ ਹੋ ਸਕਦੀ ਹੈ, ਜਿਹੜੇ ਸਾਡੇ ਉੱਪਰ ਸਭ ਪਾਸਿਆਂ ਵਲੋਂ ਚੜ੍ਹੀ ਆ ਰਹੇ ਹਨ, ਤੇ ਜਿਨ੍ਹਾਂ ਦੇ ਖਿਲਾਫ਼ ਇਸ ਘੜੀ ਅਸੀਂ ਸਰਗਰਮ ਘੋਲ ਕਰਨ ਤੋਂ ਅਸਮਰਥ ਹਾਂ। ਯਾਦ

ਰਖੋ ਕਿ ਜਿਹੜਾ ਵੀ ਕੌਮਾਂਤਰੀ ਧਾੜਵੀ ਸਾਮਰਾਜ ਦੇ ਖਿਲਾਫ ਇਸੇ ਵੇਲੇ ਇਸ ਸਰਗਰਮ, ਹਥਿਆਰਬੰਦ, ਖੁਲ੍ਹਮ-ਖੁਲ੍ਹਾ ਘੋਲ ਲਈ ਕਹੇਗਾ, ਉਹ ਲੋਕਾਂ ਨਾਲ ਧੋਖੇ ਵਾਲੀ ਕਾਰਵਾਈ ਕਰੇਗਾ, ਜਾਣਬੁੱਝ ਕੇ ਜਾਂ ਅਣਜਾਣੇ ਹੀ ਭੜਕਾਊ ਏਜੰਟ ਦਾ ਤੇ ਸਾਮਰਾਜੀਆਂ ਦੀ ਇਕ ਜਾਂ ਦੂਜੀ ਜੁੰਡਲੀ ਦੇ ਦਾਸ ਦਾ ਕੰਮ ਕਰ ਰਿਹਾ ਹੋਵੇਗਾ। ਤੇ ਜਿਹੜਾ ਵੀ ਕੋਈ ਉਹਨਾਂ ਦਾਅ-ਪੇਚਾਂ ਦੇ ਉਲਟ ਕੰਮ ਕਰਦਾ ਹੈ, ਜਿਨ੍ਹਾਂ ਉਪਰ ਅਸੀਂ ਪਿਛਲੇ ਕੁਝ ਸਮੇਂ ਵਿਚ ਚਲਦੇ ਰਹੇ ਹਾਂ — ਭਾਵੇਂ ਉਹ ਆਪਣੇ ਆਪ ਨੂੰ ਸਭ ਤੋਂ ਵਧ ਖੱਬਾ, ਇਥੋਂ ਤੱਕ ਕਿ ਪੜ-ਖੱਬਾ, ਕਮਿਊਨਿਸਟ ਹੀ ਕਹੇ — ਉਹ ਭੈੜਾ ਇਨਕਲਾਬੀ ਹੈ, ਮੈਂ ਤਾਂ ਸਗੋਂ ਹੋਰ ਵੀ ਕਹਾਂਗਾ, ਉਹ ਇਨਕਲਾਬੀ ਹੈ ਹੀ ਨਹੀਂ। (**ਤਾਲੀਆਂ।**)

੨੪ ਅਪਰੈਲ, ੧੯੧੮
ਨੂੰ "ਪਰਾਵਦਾ" ਨੰ: ੭੯
ਤੇ "ਇਜ਼ਵੇਸਤੀਆ
ਵ. ਤਸ. ਏ. ਕ." ਨੰ: ੮੧
ਵਿਚ ਛਪਿਆ।

ਸੈਂਚੀ ੩੬,
ਸਫੇ ੨੩੪ — ੨੩੫।

# ਸੋਵੀਅਤ ਸਰਕਾਰ ਦੇ ਫੌਰੀ ਕੰਮਾਂ ਬਾਰੇ ਰੀਪੋਰਟ ਵਿਚੋਂ, ਜਿਹੜੀ ਕੁੱਲ-ਰੂਸ ਕੇਂਦਰੀ ਕਾਰਜ-ਕਰਨੀ ਕਮੇਟੀ ਦੀ ਮੀਟਿੰਗ ਵਿਚ ਪੇਸ਼ ਕੀਤੀ ਗਈ, ੨੯ ਅਪਰੈਲ, ੧੯੧੮

ਪੈਟੀ-ਬੁਰਜੂਆ ਧੜੇ ਵਿਚਲੇ ਸਾਡੇ ਵਿਰੋਧੀਆਂ ਵਾਸਤੇ ਸਾਡੇ ਖਿਲਾਫ ਘੋਲ ਦਾ ਮੁਖ ਅਖਾੜਾ ਘਰੇਲੂ ਨੀਤੀ ਤੇ ਆਰਥਕ ਉਸਾਰੀ ਦਾ ਖੇਤਰ ਹੈ; ਉਹਨਾਂ ਦਾ ਹਥਿਆਰ ਉਸ ਸਭ ਕੁਝ ਦੀ ਜੜ੍ਹੀਂ ਤੇਲ ਦੇਣਾ ਹੈ ਜਿਸ ਬਾਰੇ ਪ੍ਰੋਲਤਾਰੀ ਕਾਨੂੰਨ ਬਣਾਉਂਦੇ ਤੇ ਜਿਸਨੂੰ ਉਹ ਸੰਗਠਿਤ, ਸੋਸ਼ਲਿਸਟ ਆਰਥਕਤਾ ਉਸਾਰਨ ਦੇ ਮਾਮਲੇ ਵਿਚ ਲਿਆਉਣ ਦੀ ਕੋਸ਼ਿਸ਼ ਕਰਦੇ ਹਨ। ਇਥੇ ਪੈਟੀ-ਬੁਰਜੂਆ ਅਨਸਰ — ਨਿੱਕੇ ਕਾਰੋਬਾਰ-ਮਾਲਕਾਂ ਤੇ ਬੇਲਗ਼ਾਮ ਖ਼ੁਦਗ਼ਰਜ਼ੀ ਦਾ ਅਨਸਰ — ਪ੍ਰੋਲਤਾਰੀਆਂ ਦੇ ਕੱਟੜ ਦੁਸ਼ਮਨ ਵਜੋਂ ਕੰਮ ਕਰਦਾ ਹੈ।

ਤੇ ਇਨਕਲਾਬ ਦੀਆਂ ਸਾਰੀਆਂ ਘਟਨਾਵਾਂ ਦੇ ਦੌਰਾਨ ਪੈਟੀ-ਬੁਰਜੂਆਜ਼ੀ ਵਲੋਂ ਦਿਖਾਏ ਗਏ ਗਰਾਫ ਤੋਂ ਅਸੀਂ ਦੇਖਦੇ ਹਾਂ ਕਿ ਉਹ ਅਤਿ ਉਘੜਵੇਂ ਢੰਗ ਨਾਲ ਸਾਡੇ ਤੋਂ ਪਿੱਛੇ ਹਟੇ ਹਨ। ਕੁਦਰਤੀ ਤੌਰ ਤੇ ਅਸੀਂ ਇਸ ਧੜੇ ਵਿਚ ਮੌਕੇ ਦੇ ਤੁਰਤ ਤੇ ਮੌਜੂਦਾ ਕੰਮਾਂ ਵੱਲ ਮੁਖ ਵਿਰੋਧ ਦੇਖਦੇ ਹਾਂ, ਲਫਜ਼ ਦੇ ਵਧੇਰੇ ਠੀਕ ਠੀਕ ਅਰਥਾਂ ਵਿਚ ਵਿਰੋਧ; ਇਥੇ ਸਾਡੇ ਸਾਮ੍ਹਣੇ ਉਹਨਾਂ ਲੋਕਾਂ ਦਾ ਵਿਰੋਧ ਹੈ ਜਿਹੜੇ ਅਸੂਲ ਵਿਚ ਸਾਡੇ ਨਾਲ ਸਹਿਮਤ ਹੋਣ ਨੂੰ ਰੱਦ ਨਹੀਂ ਕਰਦੇ, ਜਿਹੜੇ ਉਹਨਾਂ ਸਵਾਲਾਂ ਨਾਲੋਂ, ਜਿਨ੍ਹਾਂ ਉਪਰ ਉਹ ਸਾਡੀ ਆਲੋਚਨਾ ਕਰਦੇ ਹਨ, ਵਧੇਰੇ ਬੁਨਿਆਦੀ ਸਵਾਲਾਂ ਉਪਰ ਸਾਡੀ ਹਿਮਾਇਤ ਕਰਦੇ ਹਨ, ਐਸਾ ਵਿਰੋਧ ਜਿਹੜਾ ਹਿਮਾਇਤ ਨਾਲ ਜੁੜਿਆ ਹੋਇਆ ਹੈ।

ਸਾਨੂੰ ਹੈਰਾਨੀ ਨਹੀਂ ਹੋਵੇਗੀ ਜੇ ਖੱਬੇ ਸੋਸ਼ਲਿਸਟ-ਇਨਕਲਾਬੀਆਂ ਦੇ ਅਖਬਾਰਾਂ ਦੇ ਸਫਿਆਂ ਵਿਚ ਸਾਨੂੰ ਇਹੋ ਜਿਹੇ ਬਿਆਨ ਦਿੱਸਣ ਵਿਚ ਆਉਣ ਜਿਹੋ ਜਿਹੇ ੨੫ ਅਪਰੈਲ ਦੇ "ਜ਼ਨਾਮੀਆ ਤਰੂਦਾ" ਵਿਚ ਮੈਨੂੰ ਮਿਲੇ ਸਨ। ਇਸ ਵਿਚ ਲਿਖਿਆ ਸੀ: "ਸੱਜੇ-ਪੱਖੀ ਬਾਲਸ਼ਵਿਕ ਪੁਸ਼ਟੀਵਾਦੀਏ ਹਨ" (ਇਕ ਭਿਅੰਕਰ ਤੌਰ ਤੇ ਹਕਾਰਤ ਵਾਲਾ ਨਿੱਕਾ-ਨਾਂ)। ਕੀ ਹੋਵੇਗਾ ਜੇ ਯੋਧਿਆਂ ਨੂੰ ਇਸਤੋਂ ਉਲਟ ਨਿੱਕਾ-ਨਾਂ ਦੇ ਦਿੱਤਾ ਜਾਏ

ਤਾਂ ? ਕੀ ਇਹ ਘਟ ਭਿਅੰਕਰ ਪ੍ਰਭਾਵ ਪੈਦਾ ਕਰੇਗਾ ? ਤਾਂ, ਜੋ ਬਾਲਸ਼ਵਿਕਵਾਦ ਵਿਚ ਸਾਨੂੰ ਇਹੋ ਜਿਹੇ ਰੁਝਾਣ ਮਿਲਦੇ ਹਨ ਤਾਂ ਇਹ ਕਿਸੇ ਚੀਜ਼ ਦਾ ਸੂਚਕ ਹਨ। ੨੫ ਅਪਰੈਲ ਨੂੰ ਮੇਰੀ ਨਜ਼ਰ ਇਕ ਅਖਬਾਰ ਵਿਚ ਪ੍ਰਸਤਾਵ ਉੱਤੇ ਪਈ ਜਿਸ ਵਿਚ ਸਾਡੇ ਲੱਛਣਾਂ ਦਾ ਵੇਰਵਾ ਦਿੱਤਾ ਗਿਆ ਸੀ। ਜਦੋਂ ਮੈਂ ਇਹ ਪ੍ਰਸਤਾਵ ਪੜ੍ਹਿਆ ਤਾਂ ਮੈਂ ਸੋਚਿਆ ਕਿ ਇਹ ਜ਼ਰੂਰ "ਖੱਬੇ ਕਮਿਊਨਿਸਟਾਂ" ਦੇ ਅਖਬਾਰ "ਕੋਮੂਨਿਸਤ" ਵਿਚੋਂ ਜਾਂ ਉਹਨਾਂ ਦੇ ਰਸਾਲੇ ਵਿਚੋਂ ਕੋਈ ਹੋਵੇਗਾ — ਇਹਨਾਂ ਵਿਚ ਕਿੰਨਾਂ ਕੁਝ ਸਾਂਝਾ ਹੈ; ਪਰ ਮੇਰੇ ਭਾਗਾਂ ਵਿਚ ਭੁਲੇਖਾ-ਨਵਿਰਤੀ ਲਿਖੀ ਹੋਈ ਸੀ ਕਿਉਂਕਿ ਨਿਕਲਿਆ ਇਹ ਕਿ ਇਹ ਇਸੂਵ ਦੇ ਪ੍ਰਸਤਾਵ ਸਨ ਜੋ "ਵਪੀਰੀਓਦ"[55] ਅਖਬਾਰ ਵਿਚ ਛਪੇ ਸਨ। (**ਹਾਸਾ, ਤਾਲੀਆਂ।**)

ਤੇ ਇਸ ਲਈ, ਸਾਥੀਓ, ਜਦੋਂ ਅਸੀਂ ਇਹੋ ਜਿਹਾ ਰਾਜਸੀ ਵਰਤਾਰਾ ਦੇਖਦੇ ਹਾਂ, ਜਿਵੇਂ ਕਿ "**ਜ਼ਨਾਮੀਆ ਤਰੂਦਾ**" ਦੀ ਬਾਲਸ਼ਵਿਕਵਾਦ ਦੇ ਇਕ ਖਾਸ ਰੁਝਾਣ ਨਾਲ, ਬਿਲਕੁਲ ਉਸ ਪਾਰਟੀ ਦੇ ਮੇਨਸ਼ਵਿਕ ਪ੍ਰਸਤਾਵਾਂ ਦੇ ਇਕ ਤਰ੍ਹਾਂ ਦੇ ਸੂਤਰ ਨਾਲ ਇਕਮੁਠਤਾ ਦੇਖਦੇ ਹਾਂ, ਜਿਹੜੀ ਪਾਰਟੀ ਕੇਰੇਂਸਕੀ ਨਾਲ ਗਠਜੋੜ ਦੀ ਨੀਤੀ ਉਪਰ ਚੱਲਦੀ ਸੀ, ਉਸੇ ਪਾਰਟੀ ਦੇ ਜਿਸ ਵਿਚ ਸੇਰੇਤੇਲੀ ਨੇ ਬੁਰਜੂਆਜ਼ੀ ਨਾਲ ਸਮਝੌਤਾ ਕੀਤਾ ਸੀ, ਜਦੋਂ ਅਸੀਂ ਐਸੇ ਹਮਲੇ ਕੀਤੇ ਜਾਂਦੇ ਦੇਖਦੇ ਹਾਂ ਜਿਹੜੇ ਖੱਬੇ ਕਮਿਊਨਿਸਟਾਂ ਦੀ ਟੋਲੀ ਵਲੋਂ ਤੇ ਨਵੇਂ ਰਸਾਲੇ ਵਲੋਂ ਕੀਤੇ ਜਾ ਰਹੇ ਹਮਲਿਆਂ ਨਾਲ ਬਿਲਕੁਲ ਮਿਲਦੇ ਹਨ — ਤਾਂ ਕਿਤੇ ਨਾ ਕਿਤੇ ਜ਼ਰੂਰ ਗੜਬੜ ਹੈ। ਇਸ ਵਿਚ ਕੋਈ ਐਸੀ ਚੀਜ਼ ਹੈ ਜਿਹੜੀ ਇਹਨਾਂ ਹਮਲਿਆਂ ਦੀ ਅਸਲੀ ਮਹੱਤਤਾ ਉਪਰ ਰੌਸ਼ਨੀ ਸੁੱਟਦੀ ਹੈ, ਤੇ ਇਹਨਾਂ ਹਮਲਿਆਂ ਵੱਲ ਧਿਆਨ ਦੇਣਾ ਵਿਅਰਥ ਨਹੀਂ, ਭਾਵੇਂ ਇਸੇ ਲਈ ਹੀ ਕਿ ਇਥੇ ਸਾਨੂੰ ਸੋਵੀਅਤ ਸਰਕਾਰ ਦੇ ਮੁਖ ਕਾਰਜਾਂ ਨੂੰ ਨਿਸਚਿਤ ਕਰਨ ਦਾ ਮੌਕਾ ਮਿਲਦਾ ਹੈ, ਉਹਨਾਂ ਲੋਕਾਂ ਨਾਲ ਝਗੜਾ ਕਰਦਿਆਂ ਜਿਨ੍ਹਾਂ ਨਾਲ ਝਗੜਾ ਕਰਨਾ ਵਿਅਰਥ ਨਹੀਂ, ਕਿਉਂਕਿ ਇਥੇ ਸਾਮ੍ਹਣੇ ਮਾਰਕਸਵਾਦੀ ਸਿਧਾਂਤ ਹੈ, ਤੇ ਅਸੀਂ ਇਨਕਲਾਬ ਦੀਆਂ ਘਟਣਾਵਾਂ ਦੀ ਮਹੱਤਤਾ ਨੂੰ ਤੇ ਸੱਚ ਲੱਭਣ ਦੀ ਸ਼ੱਕੋਂ-ਬਾਹਰੀ ਇੱਛਾ ਨੂੰ ਧਿਆਨ ਵਿਚ ਰਖ ਸੱਕਦੇ ਹਾਂ। ਇਥੇ ਠੋਸ ਬਹਿਸ ਲਈ ਮੁਖ ਆਧਾਰ ਸੋਸ਼ਲਿਜ਼ਮ ਵੱਲ ਵਫਾਦਾਰੀ ਤੇ ਪ੍ਰੋਲਤਾਰੀਆਂ ਦੇ ਹੱਕ ਵਿਚ, ਬੁਰਜੂਆਜ਼ੀ ਦੇ ਖਿਲਾਫ ਹੋਣ ਦਾ ਪ੍ਰੱਤਖ ਨਿਸਚਾ ਮੁਹਈਆ ਕਰਦਾ ਹੈ, ਭਾਵੇਂ ਇਸ ਪਖੋਂ ਬੁਰਜੂਆਜ਼ੀ ਦੇ ਖਿਲਾਫ ਲੜਾਈ ਵਿਚ ਪ੍ਰੋਲਤਾਰੀਆਂ ਵਲੋਂ — ਖਾਸ ਬੰਦਿਆਂ, ਟੋਲੀਆਂ ਜਾਂ ਰੁਝਾਣਾਂ ਦੀ ਰਾਇ ਵਿਚ — ਕੋਈ ਵੀ ਗ਼ਲਤੀਆਂ ਕਿਉਂ ਨਾ ਕੀਤੀਆਂ ਗਈਆਂ ਹੋਣ।

ਜਦੋਂ ਮੈਂ ਕਹਿੰਦਾ ਹਾਂ ਉਹਨਾਂ ਨਾਲ ਝਗੜਣਾ ਵਿਅਰਥ ਨਹੀਂ ਤਾਂ ਮੇਰਾ ਮਤਲਬ, ਬੇਸ਼ਕ, ਸਾਰਥਕ ਝਗੜੇ ਤੋਂ ਹੈ, ਵਾਦ-ਵਿਵਾਦ ਤੋਂ ਨਹੀਂ ਸਗੋਂ ਇਸ ਤਥ ਤੋਂ ਹੈ ਕਿ

ਸਵਾਲ ਮੌਜੂਦਾ ਸਮੇਂ ਦੇ ਅਤਿ ਜ਼ਰੂਰੀ, ਬੁਨਿਆਦੀ ਮਸਲੇ ਉਪਰ ਝਗੜੇ ਨਾਲ ਸੰਬੰਧ ਰਖਦਾ ਹੈ। ਬਾਹਰਮੁਖੀ ਤੌਰ ਤੇ, ਇਹੀ ਲੀਹ ਹੈ ਜਿਸ ਉਤੇ ਅਜ ਦੇ ਸਮੇਂ ਦਾ ਮੁਖ ਕੰਮ ਪਿਆ ਹੈ — ਪ੍ਰੋਲਤਾਰੀਆਂ ਦੇ ਇਨਕਲਾਬੀ ਘੋਲ ਦਾ ਕੰਮ ਜਿਸਨੂੰ ਰੂਸ ਵਿਚਲੀਆਂ ਮੌਜੂਦਾ ਹਾਲਤਾਂ ਜ਼ਰੂਰੀ ਬਣਾਉਂਦੀਆਂ ਹਨ, ਤੇ ਜਿਸਨੂੰ ਅਤਿ ਦੇ ਭਿੰਨ-ਭਿੰਨ ਪੈਟੀ-ਬੁਰਜੂਆ ਰੁਝਾਣਾਂ ਦੀ ਬਹੁਲਤਾ ਦੀ ਮੌਜੂਦਗੀ ਵਿਚ, ਹਰ ਤਰੀਕੇ ਨਾਲ ਪੂਰਾ ਕਰਨਾ ਜ਼ਰੂਰੀ ਹੈ ਤੇ ਜਦੋਂ ਪ੍ਰੋਲਤਾਰੀਆਂ ਨੂੰ ਆਪਣੇ ਆਪ ਨੂੰ ਇਹ ਕਹਿਣ ਦੀ ਪੂਰੀ ਲੋੜ ਹੈ ਕਿ ਇਸ ਨੁਕਤੇ ਉੱਤੇ ਇਹ ਕੋਈ ਛੋਟ ਨਹੀਂ ਦੇ ਸਕਦੇ ਕਿਉਂਕਿ ਸੋਸ਼ਲਿਸਟ ਇਨਕਲਾਬ, ਜਿਹੜਾ ਬੁਰਜੂਆਜ਼ੀ ਤੋਂ ਤਾਕਤ ਖੋਹਣ ਨਾਲ ਸ਼ੁਰੂ ਹੋਇਆ ਤੇ ਬੁਰਜੂਆਜ਼ੀ ਦੇ ਸਾਰੇ ਵਿਰੋਧ ਨੂੰ ਭੰਨਣ ਨਾਲ ਜਾਰੀ ਰਿਹਾ, ਪ੍ਰੋਲਤਾਰੀ ਡਿਸਿਪਲਿਨ ਦੇ ਤੇ ਕਾਮੇ ਲੋਕਾਂ ਦੇ ਸੰਗਠਨ ਦੇ ਤੇ ਕੰਮ ਨੂੰ ਪੂਰੀ ਤਰ੍ਹਾਂ ਕਾਰੋਬਾਰੀ ਢੰਗਾਂ ਨਾਲ ਤੇ ਵਡੇ ਪੈਮਾਨੇ ਦੀ ਸਨਅਤ ਦੇ ਹਿਤਾਂ ਦੇ ਗਿਆਨ ਨਾਲ ਨਜਿੱਠਣ ਦੀ ਯੋਗਤਾ ਦੇ ਮਸਲਿਆਂ ਨੂੰ ਪੱਕੀ ਤਰ੍ਹਾਂ ਸਭ ਤੋਂ ਅੱਗੇ ਲੈ ਆਉਂਦਾ ਹੈ। ਇਹ ਮਸਲੇ ਪ੍ਰੋਲਤਾਰੀਆਂ ਲਈ ਅਮਲ ਵਿਚ ਨਜਿੱਠਣੇ ਜ਼ਰੂਰੀ ਹਨ, ਨਹੀਂ ਤਾਂ ਇਹਨਾਂ ਦੀ ਹਾਰ ਹੋਵੇਗੀ। — ਇਹ ਹੈ ਸੋਸ਼ਲਿਸਟ ਇਨਕਲਾਬੀ ਦੀ ਮੁਖ, ਅਸਲੀ ਮੁਸ਼ਕਲ। — ਇਹ ਹੀ ਕਾਰਨ ਹੈ ਕਿ ਖੱਬੇ ਕਮਿਊਨਿਸਟਾਂ ਦੇ ਟੋਲੇ ਦੇ ਪ੍ਰਤਿਨਿਧਾਂ ਨਾਲ ਬਹਿਸ ਕਰਨਾ, ਸ਼ਬਦ ਦੇ ਇਤਿਹਾਸਕ ਤੇ ਰਾਜਸੀ ਅਰਥਾਂ ਵਿਚ, ਏਨਾ ਸਾਰਥਕ, ਏਨਾ ਮਹਤਵਪੂਰਨ ਕਿਉਂ ਹੈ, ਬਾਵਜੂਦ ਇਸ ਤੱਥ ਦੇ ਕਿ ਉਹਨਾਂ ਦੀ ਪੁਜ਼ੀਸ਼ਨ ਤੇ ਸਿਧਾਂਤ ਨੂੰ ਲੈਂਦਿਆਂ ਤੇ ਇਸਦੀ ਨਿਰਖ-ਪਰਖ ਕਰਦਿਆਂ, ਸਾਨੂੰ ਇਥੇ, ਮੈਂ ਦੁਹਰਾਉਂਦਾ ਹਾਂ — ਤੇ ਇਕ ਘੜੀ ਵਿਚ ਮੈਂ ਇਸਨੂੰ ਸਿਧ ਕਰ ਦੇਵਾਂਗਾ — ਬਿਲਕੁਲ ਕੁਝ ਨਹੀਂ ਮਿਲਦਾ, ਸਿਵਾਏ ਉਹਨਾਂ ਹੀ ਪੈਟੀ-ਬੁਰਜੂਆ ਦੁਚਿਤੀਆਂ ਦੇ। "ਖੱਬੇ ਕਮਿਊਨਿਸਟਾਂ" ਦੇ ਟੋਲੇ ਦੇ ਸਾਥੀ, ਉਹ ਆਪਣੇ ਆਪ ਨੂੰ ਜੋ ਵੀ ਕਹਿੰਦੇ ਹਨ, ਪਹਿਲੀ ਥਾਂ ਤੇ ਆਪਣੇ ਹੀ ਪ੍ਰਸਤਾਵਾਂ ਉੱਪਰ ਸੱਟ ਮਾਰਦੇ ਹਨ। ਮੈਂ ਖਿਆਲ ਕਰਦਾ ਹਾਂ ਕਿ ਇਸ ਮੀਟਿੰਗ ਵਿਚ ਹਾਜ਼ਰ ਭਾਰੀ ਬਹੁ-ਗਿਣਤੀ ਉਹਨਾਂ ਦੇ ਵਿਚਾਰਾਂ ਤੋਂ ਜਾਣੂ ਹੈ, ਕਿਉਂਕਿ, ਮਾਰਚ ਦੇ ਸ਼ੁਰੂ ਤੋਂ ਆਰੰਭ ਕਰਦਿਆਂ, ਅਸੀਂ ਬਾਲਸ਼ਵਿਕ ਹਲਕਿਆਂ ਵਿਚ ਉਹਨਾਂ ਦੇ ਤੱਤ ਉਪਰ ਵਿਚਾਰ ਕਰਦੇ ਰਹੇ ਹਾਂ, ਜਦ ਕਿ ਜਿਨ੍ਹਾਂ ਨੇ ਮੁਖ ਰਾਜਸੀ ਸਾਹਿਤ ਵਿਚ ਦਿਲਚਸਪੀ ਨਹੀਂ ਦਿਖਾਈ, ਉਹਨਾਂ ਨੂੰ ਸੋਵੀਅਤਾਂ ਦੀ ਪਿਛਲੀ ਕੁੱਲ-ਰੂਸ ਕਾਂਗਰਸ ਵਿਚ ਪੈਦਾ ਹੋਏ ਝਗੜਿਆਂ ਦੇ ਸੰਬੰਧ ਵਿਚ ਇਹਨ ਦੀ ਜਾਣਕਾਰੀ ਹਾਸਲ ਕਰਨੀ ਪਈ ਹੋਵੇਗੀ ਤੇ ਇਹਨਾਂ ਉੱਪਰ ਵਿਚਾਰ ਕਰਨੀ ਪਈ ਹੋਵੇਗੀ।

ਤੇ ਇਸ ਲਈ, ਅਸੀਂ ਉਹਨਾਂ ਦੇ ਪ੍ਰਸਤਾਵਾਂ ਵਿਚ ਪਹਿਲੀ ਥਾਂ ਉਤੇ ਉਹੀ ਚੀਜ਼ ਦੇਖਦੇ ਹਾਂ ਜਿਹੜੀ ਅਸੀਂ ਇਸ ਵੇਲੇ ਸਾਰੀ ਸੋਸ਼ਲਿਸਟ-ਇਨਕਲਾਬੀ ਪਾਰਟੀ ਵਿਚ

ਦੇਖਦੇ ਹਾਂ, ਉਹੀ ਚੀਜ਼ ਜਿਹੜੀ ਅਸੀਂ ਇਸ ਵੇਲੇ ਸੱਜੇ-ਪਖੀ ਧੜੇ ਵਿਚ ਵੀ ਤੇ ਮੀਲੀਊਕੋਵ ਤੋਂ ਮਾਰਤੋਵ ਤੱਕ ਬੁਰਜੂਆਜ਼ੀ ਦੇ ਕੈਂਪ ਵਿਚ ਵੀ ਦੇਖਦੇ ਹਾਂ, ਜਿਨ੍ਹਾਂ ਲਈ ਰੂਸ ਵਾਸਤੇ ਹਾਲਤ ਦੀਆਂ ਇਹ ਮੌਜੂਦਾ ਮੁਸ਼ਕਲਾਂ ਖਾਸ ਕਰਕੇ ਦੁਖਦਾਈ ਹਨ— ਵੱਡੀ ਤਾਕਤ ਦੇ ਤੌਰ ਤੇ ਉਸਦੀ ਪੁਜ਼ੀਸ਼ਨ ਚਲੀ ਜਾਣ ਦੇ ਪੱਖੋਂ, ਉਸਦੇ ਪੁਰਾਣੀ ਕੌਮ, ਦਬਾਉਣ ਵਾਲੇ ਰਾਜ ਤੋਂ ਦਬਾਏ ਦੇਸ਼ ਵਿਚ ਬਦਲ ਜਾਣ ਦੇ ਪੱਖੋਂ, ਕਾਗਜ਼ ਉੱਪਰ ਨਹੀਂ ਸਗੋਂ ਅਮਲ ਵਿਚ ਇਹ ਫੈਸਲਾ ਕਰਨ ਦੇ ਪੱਖੋਂ ਕਿ ਕੀ ਸੋਸ਼ਲਿਜ਼ਮ ਵੱਲ ਜਾਂਦੇ ਰਾਹ ਦੀਆਂ ਮੁਸ਼ਕਲਾਂ ਸਕਾਰਥੀਆਂ ਹਨ, ਕੀ ਨਵੇਂ ਨਵੇਂ ਸ਼ੁਰੂ ਕੀਤੇ ਸੋਸ਼ਲਿਸਟ ਇਨਕਲਾਬ ਦੀਆਂ ਮੁਸ਼ਕਲਾਂ ਸਕਾਰਥੀਆਂ ਹਨ, ਕੀ ਇਹ ਗੱਲ ਸਕਾਰਥੀ ਹੈ ਕਿ ਆਪਣੇ ਰਾਜਤਵ ਦੇ ਸੰਬੰਧ ਵਿਚ, ਆਪਣੀ ਕੌਮੀ ਸਵੈਧੀਨਤਾ ਦੇ ਸੰਬੰਧ ਵਿਚ ਦੇਸ ਅਤਿ ਮੁਸ਼ਕਲ ਅਵਸਥਾਵਾਂ ਵਿਚੋਂ ਲੰਘੇ।

ਇਥੇ ਸਭ ਤੋਂ ਡੂੰਘੀ ਜਾਂਦੀ ਵੰਡ ਉਹਨਾਂ ਵਿਚਕਾਰ ਹੈ ਜਿਨ੍ਹਾਂ ਲਈ ਉਹ ਰਾਜਕੀ ਸਵੈਧੀਨਤਾ, ਜਿਵੇਂ ਕਿ ਸਭ ਬੁਰਜੂਆਜ਼ੀ ਲਈ ਹੁੰਦੀ ਹੈ, ਇਕ ਆਦਰਸ਼ ਤੇ ਇਕ ਹੱਦ ਹੈ, ਸਭ ਤੋਂ ਵਧ ਪਵਿੱਤਰ ਚੀਜ਼ ਹੈ—ਐਸੀ ਹੱਦ ਹੈ ਜਿਸਨੂੰ ਪਾਰ ਨਹੀਂ ਕੀਤਾ ਜਾਣਾ ਚਾਹੀਦਾ ਤੇ ਜਿਸਦੀ ਉਲੰਘਣਾ ਸੋਸ਼ਲਿਜ਼ਮ ਨੂੰ ਰੱਦ ਕਰਨਾ ਹੈ—ਤੇ ਉਹਨਾਂ ਵਿਚਕਾਰ ਜਿਹੜੇ ਕਹਿੰਦੇ ਹਨ ਕਿ ਦੁਨੀਆਂ ਦੀ ਮੁੜ-ਵੰਡ ਵਾਸਤੇ ਪਾਗਲਾਨਾ ਸਾਮਰਾਜੀ ਕਤਲਾਮ ਦੇ ਯੁਗ ਵਿਚ ਸੋਸ਼ਲਿਸਟ ਇਨਕਲਾਬ ਉਹਨਾਂ ਕਈ ਕੌਮਾਂ ਲਈ ਬਹੁਤ ਭਾਰੀ ਹਾਰਾਂ ਤੋਂ ਬਿਨਾਂ ਨਹੀਂ ਅੱਗੇ ਵਧ ਸਕਦਾ ਜਿਨ੍ਹਾਂ ਕੌਮਾਂ ਨੂੰ ਪਹਿਲਾਂ ਦਬਾਉਣ ਵਾਲੀਆਂ ਕੌਮਾਂ ਸਮਝਿਆ ਜਾਂਦਾ ਸੀ। ਤੇ ਇਸ ਲਈ, ਮਨੁਖਤਾ ਵਾਸਤੇ ਇਹ ਭਾਵੇਂ ਕਿੰਨਾਂ ਵੀ ਦੁਖਦਾਈ ਹੋਵੇ, ਸੋਸ਼ਲਿਸਟ, ਜਮਾਤੀ ਚੇਤੰਨਤਾ ਵਾਲੇ ਸੋਸ਼ਲਿਸਟ ਇਹੋ ਜਿਹੀਆਂ ਸਭ ਅਜ਼ਮਾਇਸ਼ਾਂ ਵਿਚੋਂ ਲੰਘਣ ਲਈ ਤਿਆਰ ਹਨ।

ਖੱਬੇ ਸੋਸ਼ਲਿਸਟ-ਇਨਕਲਾਬੀ ਸਭ ਤੋਂ ਵਧ ਇਸ ਆਧਾਰ ਉੱਤੇ ਥਿੜਕੇ ਹਨ, ਜਿਹੜਾ ਆਧਾਰ ਉਹਨਾਂ ਨੂੰ ਪ੍ਰਵਾਨ ਨਹੀਂ, ਤੇ ਬਿਲਕੁਲ ਇਸੇ ਹੀ ਆਧਾਰ ਤੇ ਅਸੀਂ "ਖੱਬੇ ਕਮਿਊਨਿਸਟਾਂ" ਵਿਚਕਾਰ ਸਭ ਤੋਂ ਵਧ ਥਿੜਕਣ ਦੇਖਦੇ ਹਾਂ।

ਉਹਨਾਂ ਦੇ ਪ੍ਰਸਤਾਵਾਂ ਵਿਚ ਜਿਨ੍ਹਾਂ ਉਪਰ, ਜਿਵੇਂ ਕਿ ਸਾਨੂੰ ਪਤਾ ਹੈ, ਉਹਨਾਂ ਨੇ ੪ ਅਪਰੈਲ ਨੂੰ ਸਾਡੇ ਨਾਲ ਵਿਚਾਰ ਕੀਤੀ, ਤੇ ਜਿਸਨੂੰ ਉਹਨਾਂ ਨੇ ੨੦ ਅਪਰੈਲ ਨੂੰ ਪ੍ਰਕਾਸ਼ਤ ਕੀਤਾ, ਉਹ ਮੁੜ ਮੁੜ ਕੇ ਅਮਨ ਦੇ ਸਵਾਲ ਵੱਲ ਆਉਂਦੇ ਹਨ।

ਉਹ ਅਮਨ ਦੇ ਸਵਾਲ ਦਾ ਮੁਲੰਕਣ ਕਰਨ ਵੱਲ ਸਭ ਤੋਂ ਵਧ ਧਿਆਨ ਦੇਂਦੇ ਹਨ ਤੇ ਇਸ ਤਰ੍ਹਾਂ ਇਹ ਸਿਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਅਮਨ ਥੱਕੀ-ਮਾਂਦੀ ਤੇ ਜਮਾਤਹੀਣ ਹੋਈ ਹੋਈ ਜਨਤਾ ਦੀ ਮਨੋਵਸਥਾ ਦਾ ਪ੍ਰਗਟਾ ਹੈ।

ਉਹਨਾਂ ਦੀਆਂ ਦਲੀਲਾਂ ਕਿੰਨੀਆਂ ਹਾਸੋਹੀਣੀਆਂ ਲੱਗਦੀਆਂ ਹਨ ਜਦੋਂ ਉਹ

ਆਪਣੇ ਅੰਕੜਿਆਂ ਦਾ ਹਵਾਲਾ ਦੇਂਦੇ ਹਨ: ਕਿ ਅਮਨ ਸਮਝੌਤੇ ਦੇ ੧੨ ਖਿਲਾਫ ਤੇ ੨੮ ਹੱਕ ਵਿਚ ਹਨ। ਪਰ ਜੇ ਅੰਕੜੇ ਇੱਕਠੇ ਕਰਨੇ ਹੋਣ, ਤੇ ਜੇ ਡੇਢ ਮਹੀਨਾ ਪਹਿਲਾਂ ਦੀਆਂ ਵੋਟਾਂ ਨੂੰ ਯਾਦ ਕੀਤਾ ਜਾਣਾ ਹੈ, ਤਾਂ ਵਧੇਰੇ ਤਾਜ਼ਾ ਅੰਕੜਿਆਂ ਨੂੰ ਕਿਉਂ ਨਾ ਲਿਆ ਜਾਏ। ਜੇ ਰਾਜਸੀ ਮਹੱਤਤਾ ਉਹਨਾਂ ਵੋਟਾਂ ਨੂੰ ਦਿੱਤੀ ਜਾਣੀ ਹੈ, ਤਾਂ ਇਹ ਕਹਿਣ ਤੋਂ ਪਹਿਲਾਂ ਕਿ ਸਵਸਥ ਦੱਖਣ ਅਮਨ ਦੇ ਖਿਲਾਫ ਸੀ, ਜਦੋਂ ਕਿ ਥੱਕਿਆ-ਹਾਰਿਆ, ਜਮਾਤ-ਹੀਣ, ਸਨਅਤੀ ਤੌਰ ਤੇ ਕਮਜ਼ੋਰ ਹੋਇਆ ਉੱਤਰ ਕਥਿਤ ਤੌਰ ਤੇ ਅਮਨ ਦੇ ਹੱਕ ਵਿਚ ਸੀ, ਸੋਵੀਅਤਾਂ ਦੀ ਕੁੱਲ-ਯੂਕਰੇਨ ਕਾਂਗਰਸ ਵਿਚ ਪਈਆਂ ਵੋਟਾਂ ਨੂੰ ਯਾਦ ਨਹੀਂ ਕਰ ਲੈਣਾ ਚਾਹੀਦਾ? ਕੀ ਸੋਵੀਅਤਾਂ ਦੀ ਕੁੱਲ-ਰੂਸ ਕਾਂਗਰਸ ਵਿਚ ਗਰੁੱਪ ਦੀ ਬਹੁ-ਗਿਣਤੀ ਦੀਆਂ ਵੋਟਾਂ ਨੂੰ ਯਾਦ ਨਹੀਂ ਕਰ ਲੈਣਾ ਚਾਹੀਦਾ, ਜਿਸ ਵਿਚ ਦਸਵਾਂ ਹਿੱਸਾ ਵੀ ਅਮਨ ਦੇ ਖਿਲਾਫ ਨਹੀਂ ਸਨ। ਜੇ ਅੰਕੜੇ ਯਾਦ ਕੀਤੇ ਜਾਣੇ ਹਨ ਤੇ ਉਹਨਾਂ ਨੂੰ ਰਾਜਸੀ ਮਹੱਤਤਾ ਦਿੱਤੀ ਜਾਣੀ ਹੈ ਤਾਂ ਰਾਜਸੀ ਵੋਟਾਂ ਨੂੰ ਸਮੁੱਚੇ ਤੌਰ ਤੇ ਲੈਣ ਦੀ ਲੋੜ ਹੈ, ਤੇ ਫਿਰ ਤੁਸੀਂ ਇਕਦਮ ਦੇਖੋਗੇ ਕਿ ਜਿਨ੍ਹਾਂ ਪਾਰਟੀਆਂ ਨੇ ਕੁਝ ਨਾਅਰੇ ਰਟ ਲਏ ਹੋਏ ਹਨ, ਜਿਨ੍ਹਾਂ ਨੇ ਇਹਨਾਂ ਨਾਅਰਿਆਂ ਨੂੰ ਪੂਜਣਯੋਗ ਬਣਾ ਲਿਆ ਹੈ, ਉਹ ਪਾਰਟੀਆਂ ਪੈਟੀ ਬੁਰਜੂਆਜ਼ੀ ਦੀ ਧਿਰ ਲੈਂਦੀਆਂ ਸਿਧ ਹੋਈਆਂ ਜਦ ਕਿ ਕੰਮ ਕਰਦੇ ਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਦੇ ਵਿਸ਼ਾਲ ਸਮੂਹਾਂ, ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਦੇ ਵਿਸ਼ਾਲ ਸਮੂਹਾਂ ਨੇ ਅਮਨ ਨੂੰ ਰੱਦ ਨਾ ਕੀਤਾ।

ਤੇ ਹੁਣ, ਜਦ ਕਿ ਅਮਨ ਲਈ ਇਸ ਸਟੈਂਡ ਦੀ ਆਲੋਚਨਾ ਦੇ ਨਾਲ ਨਾਲ ਇਹ ਇਲਜ਼ਾਮ ਲਾਇਆ ਜਾਂਦਾ ਹੈ ਕਿ ਇਸ ਵਾਸਤੇ ਥੱਕੀ-ਹਾਰੀ, ਜਮਾਤਹੀਣ ਹੋਈ ਜਨਤਾ ਨੇ ਜ਼ਿਦ ਕੀਤੀ ਸੀ, ਜਦ ਕਿ ਅਸੀਂ ਸਪਸ਼ਟ ਤੌਰ ਤੇ ਦੇਖਦੇ ਹਾਂ ਕਿ ਜਮਾਤਹੀਣ ਹੋਏ ਬੁਧੀਜੀਵੀ ਸਨ ਜਿਹੜੇ ਅਮਨ ਦੇ ਖਿਲਾਫ ਸਨ, ਜਦੋਂ ਸਾਨੂੰ ਘਟਨਾਵਾਂ ਦਾ ਐਸਾ ਮੁਲੰਕਣ ਦਿੱਤਾ ਜਾਂਦਾ ਹੈ, ਜਿਸ ਤਰ੍ਹਾਂ ਦਾ ਮੈਂ ਅਖਬਾਰਾਂ ਵਿਚ ਪੜ੍ਹਦਾ ਹਾਂ — ਇਹ ਤੱਥ ਸਾਨੂੰ ਦਰਸਾਉਂਦਾ ਹੈ ਕਿ ਅਮਨ ਸਮਝੌਤਾ ਕਰਨ ਦੇ ਸਵਾਲ ਉੱਪਰ ਸਾਡੀ ਪਾਰਟੀ ਦੀ ਬਹੁ-ਗਿਣਤੀ ਬਿਲਕੁਲ ਠੀਕ ਸੀ ਕਿ ਜਦੋਂ ਸਾਨੂੰ ਦਸਿਆ ਗਿਆ ਸੀ ਕਿ ਕਸ਼ਟ ਕਰਨ ਦਾ ਕੋਈ ਲਾਭ ਨਹੀਂ, ਕਿ ਸਾਰੇ ਸਾਮਰਾਜੀ ਪਹਿਲਾਂ ਹੀ ਸਾਡੇ ਖਿਲਾਫ ਇਕਮੁੱਠ ਹੋ ਚੁਕੇ ਹਨ ਤੇ ਹਰ ਹਾਲਤ ਵਿਚ ਸਾਡਾ ਗਲਾ ਘੁੱਟ ਦੇਣਗੇ, ਸਾਡੀ ਬੇਇਜ਼ਤੀ ਕਰਣਗੇ ਆਦਿਕ — ਅਸੀਂ ਤਾਂ ਵੀ ਅਮਨ ਸਮਝੌਤਾ ਕੀਤਾ। ਇਹ ਉਹਨਾਂ ਨੂੰ ਸਿਰਫ ਅਪਮਾਣਜਨਕ ਹੀ ਨਾ ਲੱਗਾ, ਇਹ ਉਹਨਾਂ ਨੂੰ ਵਿਅਰਥ ਵੀ ਲੱਗਦਾ ਹੈ। ਉਹਨਾਂ ਨੇ ਸਾਨੂੰ ਦਸਿਆ ਕਿ ਸਾਨੂੰ ਸਾਹ ਲੈਣ ਦਾ ਸਮਾਂ ਨਹੀਂ ਮਿਲੇਗਾ। ਤੇ ਜਦੋਂ ਅਸੀਂ ਜਵਾਬ ਦਿਤਾ: ਇਹ ਜਾਨਣਾ ਅਸੰਭਵ ਹੈ ਕਿ ਕੌਮਾਂਤਰੀ ਸੰਬੰਧ ਕਿਵੇਂ ਵਿਕਾਸ ਕਰਣਗੇ, ਪਰ ਅਸੀਂ ਇਹ ਜ਼ਰੂਰ ਜਾਣਦੇ ਹਾਂ ਕਿ ਸਾਮਰਾਜੀ ਦੁਸ਼ਮਨ ਇਕ ਦੂਜੇ ਨਾਲ ਲੜ ਰਹੇ ਹਨ, ਘਟਨਾਵਾਂ

ਨੇ ਇਸ ਗੱਲ ਦੀ ਪੁਸ਼ਟੀ ਕੀਤੀ, ਤੇ ਖੱਬੇ ਕਮਿਊਨਿਸਟਾਂ ਦੇ, ਵਿਚਾਰਧਾਰਾ ਤੇ ਅਸੂਲ ਵਿਚ ਸਾਡੇ ਵਿਰੋਧੀਆਂ ਦੇ ਟੋਲੇ ਨੇ ਇਸਨੂੰ ਮੰਨਿਆਂ, ਜਿਹੜੇ ਕਿ ਕਾਫੀ ਹੱਦ ਤੱਕ ਕਮਿਊਨਿਜ਼ਮ ਦਾ ਦ੍ਰਿਸ਼ਟੀਕੋਨ ਅਪਣਾਉਂਦੇ ਹਨ।

ਸਿਰਫ ਇਹ ਲੱਫਾਜ਼ੀ ਹੀ ਸਾਡੇ ਦਾਅ-ਪੇਚਾਂ ਦੇ ਠੀਕ ਹੋਣ ਦੀ ਪੂਰੀ ਮਾਣਤਾ ਹੈ ਤੇ ਅਮਨ ਦੇ ਸਵਾਲ ਉਤੇ ਉਹਨਾਂ ਦੇ ਡੱਕੋ-ਡੋਲਿਆਂ ਦੀ ਪੂਰੀ ਤੋਂ ਪੂਰੀ ਨਿਖੇਧੀ ਹੈ ਜਿਨ੍ਹਾਂ ਨੇ ਸਾਡੇ ਹਿਮਾਇਤੀਆਂ ਦੇ ਖਾਸ ਹਿਸੇ ਨੂੰ ਸਾਡੇ ਤੋਂ ਪਰੇ ਧੱਕ ਦਿੱਤਾ ਹੈ, ਖੱਬੇ ਸੋਸ਼ਲਿਸਟ-ਇਨਕਲਾਬੀਆਂ ਦੀ ਪਾਰਟੀ ਵਿਚ ਇਕੱਠੇ ਹੋਏ ਸਾਰੇ ਧੜੇ ਨੂੰ ਵੀ, ਤੇ ਉਸ ਧੜੇ ਨੂੰ ਵੀ ਜਿਹੜਾ ਸਾਡੀ ਪਾਰਟੀ ਵਿਚ ਮੌਜੂਦ ਰਿਹਾ ਹੈ, ਤੇ ਅਜੇ ਤੱਕ ਵੀ ਇਸ ਵਿਚ ਮੌਜੂਦ ਹੈ, ਤੇ ਜਿਹੜਾ, ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਉਥੇ ਰਹੇਗਾ, ਤੇ ਜਿਹੜਾ ਆਪਣੀਆਂ ਦੁਚਿਤੀਆਂ ਵਿਚ ਖਾਸ ਕਰਕੇ ਸਪਸ਼ਟ ਤੌਰ ਤੇ ਇਹਨਾਂ ਦੁਚਿਤੀਆਂ ਦੇ ਸੋਮੇ ਨੂੰ ਪ੍ਰਗਟ ਕਰਦਾ ਹੈ। ਹਾਂ, ਜਿਸ ਅਮਨ ਸਮਝੌਤੇ ਉਤੇ ਅਸੀਂ ਪੁੱਜੇ ਹਾਂ ਉਹ ਵਧ ਤੋਂ ਵਧ ਹੱਦ ਤੱਕ ਅਸਥਿਰ ਹੈ; ਜਿਹੜੀ ਮੁਹਲਤ ਅਸੀਂ ਲਈ ਹੈ ਉਹ ਕਿਸੇ ਦਿਨ ਵੀ ਪੱਛਮ ਵਲੋਂ ਵੀ ਤੇ ਪੂਰਬ ਵਲੋਂ ਵੀ ਖਤਮ ਕੀਤੀ ਜਾ ਸਕਦੀ ਹੈ — ਇਸ ਬਾਰੇ ਕੋਈ ਸ਼ੱਕ ਨਹੀਂ। ਸਾਡੀ ਕੌਮਾਂਤਰੀ ਅਵਸਥਾ ਏਨੀਂ ਨਾਜ਼ਕ ਹੈ ਕਿ ਸਾਨੂੰ ਜਿੰਨਾ ਚਿਰ ਤੱਕ ਸੰਭਵ ਹੋ ਸਕੇ ਕਾਇਮ ਰਹਿਣ ਲਈ ਆਪਣੀ ਸਾਰੀ ਵਾਹ ਲਾਉਣੀ ਚਾਹੀਦੀ ਹੈ ਜਦੋਂ ਤੱਕ ਕਿ ਪੱਛਮੀ ਇਨਕਲਾਬ ਪੱਕ ਨਹੀਂ ਜਾਂਦਾ, ਪੱਛਮੀ ਇਨਕਲਾਬ ਜਿਹੜਾ ਕਿ ਸਾਡੀ ਆਸ ਜਾਂ ਇੱਛਾ ਨਾਲੋਂ ਕਿਤੇ ਜ਼ਿਆਦਾ ਹੌਲੀ ਹੌਲੀ ਪੱਕ ਰਿਹਾ ਹੈ, ਪਰ ਨਿਰਸੰਦੇਹ ਤੌਰ ਤੇ ਪੱਕ ਰਿਹਾ ਹੈ; ਇਹ ਨਿਰਸੰਦੇਹ ਤੌਰ ਤੇ ਦਿਨੋ ਦਿਨ ਵਧੇਰੇ ਭੜਕਵਾਂ ਮਸਾਲਾ ਆਪਣੇ ਵਿਚ ਸਮਾਅ ਰਿਹਾ ਤੇ ਇਕੱਠਾ ਕਰ ਰਿਹਾ ਹੈ।

ਜੇ ਅਸੀਂ, ਸੰਸਾਰ ਪ੍ਰੋਲਤਾਰੀਆਂ ਦੇ ਵਖਰੇ ਦਸਤੇ ਵਜੋਂ, ਅੱਗੇ ਜਾਣ ਵਿਚ ਪਹਿਲੇ ਰਹੇ ਹਾਂ, ਤਾਂ ਇਸਦਾ ਕਾਰਨ ਇਹ ਨਹੀਂ ਕਿ ਇਹ ਦਸਤਾ ਦੂਜਿਆਂ ਨਾਲੋਂ ਵਧੇਰੇ ਪੱਕੀ ਤਰ੍ਹਾਂ ਸੰਗਠਿਤ ਹੈ। ਨਹੀਂ, ਦੂਜਿਆਂ ਨਾਲੋਂ ਇਹ ਭੈੜੀ ਤਰ੍ਹਾਂ, ਵਧੇਰੇ ਕਮਜ਼ੋਰ ਤੇ ਘਟ ਸੰਗਠਿਤ ਹੈ, ਪਰ ਇਸ ਤਰ੍ਹਾਂ ਦਲੀਲ ਕਰਨਾ, ਜਿਵੇਂ ਕਿ ਕਈ ਕਰਦੇ ਹਨ, ਮੂਰਖਤਾ ਤੇ ਪੜ੍ਹ-ਗਿਆਨ ਦੀ ਹੱਦ ਹੋਵੇਗੀ: ਅੱਛਾ, ਜੇ ਚੀਜ਼ਾਂ ਸਭ ਤੋਂ ਵਧ ਸੰਗਠਿਤ ਦਸਤੇ ਵਲੋਂ ਸ਼ੁਰੂ ਕੀਤੀਆਂ ਗਈਆਂ ਹੁੰਦੀਆਂ, ਤੇ ਜੇ ਇਸਦੇ ਪਿੱਛੇ ਘੱਟ ਸੰਗਠਿਤ ਦਸਤਾ ਆਉਂਦਾ, ਤੇ ਉਸਤੋਂ ਪਿੱਛੇ ਤੀਜੇ ਦਰਜੇ ਦੇ ਸੰਗਠਨ ਵਾਲਾ ਦਰਜਾ, ਤਾਂ ਅਸੀਂ ਬੜੀ ਖੁਸ਼ੀ ਨਾਲ ਸੋਸ਼ਲਿਸਟ ਇਨਕਲਾਬ ਦੇ ਹਿਮਾਇਤੀ ਹੁੰਦੇ। ਪਰ ਕਿਉਂਕਿ ਚੀਜ਼ਾਂ ਉਸ ਤਰ੍ਹਾਂ ਨਹੀਂ ਚੱਲੀਆਂ ਜਿਸ ਤਰ੍ਹਾਂ ਕਿਤਾਬ ਵਿਚ ਲਿਖਿਆ ਹੋਇਆ ਸੀ, ਕਿਉਂਕਿ ਹੋਇਆ ਇਹ ਕਿ ਮੁਹਰਲੇ ਦਸਤੇ ਦੇ ਪਿੱਛੇ ਦੂਜੇ ਦਸਤੇ ਨਹੀਂ ਹਨ, ਇਸ ਲਈ ਸਾਡਾ

ਇਨਕਲਾਬ ਜ਼ਰੂਰ ਤਬਾਹ ਹੋਵੇਗਾ। ਅਸੀਂ, ਦੂਜੇ ਪਾਸੇ, ਕਹਿੰਦੇ ਹਾਂ: ਨਹੀਂ, ਸਾਡਾ ਮਸਲਾ ਆਮ ਤੌਰ ਤੇ ਜਥੇਬੰਦੀ ਨੂੰ ਬਦਲਣਾ ਹੈ; ਸਾਡਾ ਮਸਲਾ, ਕਿਉਂਕਿ ਅਸੀਂ ਇਕੱਲੇ ਹਾਂ, ਇਨਕਲਾਬ ਨੂੰ ਕਾਇਮ ਰੱਖਣਾ ਹੈ, ਇਸ ਵਾਸਤੇ ਘੱਟੋ ਘੱਟ ਸੋਸ਼ਲਿਜ਼ਮ ਦੀ ਕਿਸੇ ਓਟ ਨੂੰ ਸੰਭਾਲ ਕੇ ਰੱਖਣਾ ਹੈ, ਭਾਵੇਂ ਇਹ ਕਿੰਨੀਂ ਵੀ ਕਮਜ਼ੋਰ ਤੇ ਮਾਮੂਲੀ ਕੱਦ-ਕਾਠ ਦੀ ਹੋਵੇ, ਜਦੋਂ ਤੱਕ ਕਿ ਇਨਕਲਾਬ ਦੂਜੇ ਦੇਸਾਂ ਵਿਚ ਨਹੀਂ ਪੱਕ ਜਾਂਦਾ, ਜਿੰਨਾਂ ਚਿਰ ਤੱਕ ਦੂਜੇ ਦਸਤੇ ਸਾਡੇ ਨਾਲ ਨਹੀਂ ਆ ਰਲਦੇ। ਪਰ ਬਿਲਕੁਲ ਤਰਤੀਬ ਵਿਚ ਤੇ ਮਨਸੂਬੇ ਅਨੁਸਾਰ ਵਖੋ ਵਖਰੇ ਦੇਸਾਂ ਦੇ ਸੋਸ਼ਲਿਸਟ ਦਸਤਿਆਂ ਨੂੰ ਹਰਕਤ ਵਿਚ ਲਿਆਉਣ ਦੀ ਇਤਿਹਾਸ ਤੋਂ ਉਮੀਦ ਕਰਨ ਦਾ ਮਤਲਬ ਇਨਕਲਾਬ ਬਾਰੇ ਸੰਕਲਪ ਦੀ ਘਾਟ ਹੈ, ਜਾਂ ਮੂਰਖਤਾ ਕਾਰਨ, ਸੋਸ਼ਲਿਸਟ ਇਨਕਲਾਬ ਦੀ ਹਿਮਾਇਤ ਦਾ ਤਿਆਗ ਕਰਨਾ ਹੈ।

ਐਸੇ ਸਮੇਂ ਜਦੋਂ ਅਸੀਂ ਆਪ ਇਹ ਪਤਾ ਲਾ ਲਿਆ ਹੈ ਤੇ ਸਿਧ ਕਰ ਦਿੱਤਾ ਹੈ ਕਿ ਰੂਸ ਵਿਚ ਸਾਡੀ ਪੁਜ਼ੀਸ਼ਨ ਮਜ਼ਬੂਤ ਹੈ ਪਰ ਕੌਮਾਂਤਰੀ ਸਾਮਰਾਜ ਦਾ ਵਿਰੋਧ ਕਰਨ ਜੋਗੀਆਂ ਸਾਡੇ ਕੋਲ ਸ਼ਕਤੀਆਂ ਨਹੀਂ, ਸਾਡੇ ਸਾਮ੍ਹਣੇ ਸਿਰਫ ਇਕ ਕੰਮ ਹੈ, ਸਾਡੇ ਦਾਅ-ਪੇਚ ਜੁਗਤ ਨਾਲ ਚਾਲਾਂ ਚੱਲਣ, ਉਡੀਕਣ ਤੇ ਪਿੱਛੇ ਹਟਣ ਦੇ ਹੋ ਜਾਂਦੇ ਹਨ। ਮੈਂ ਪੂਰੀ ਤਰ੍ਹਾਂ ਚੌਕਸ ਹਾਂ ਕਿ ਇਹ ਲਫਜ਼ ਹਰਮਨਪਿਆਰੇ ਹੋਣ ਦਾ ਦਾਅਵਾ ਨਹੀਂ ਕਰ ਸਕਦੇ ਤੇ ਜੇ ਇਹਨਾਂ ਨੂੰ ਢੁਕਵਾਂ ਮੋੜ ਦਿੱਤਾ ਜਾਏ ਤੇ ਲਫਜ਼ "ਗੰਢ-ਤੁੱਪ" ਦੇ ਨਾਲ ਇਸਨੂੰ ਰੱਖ ਦਿੱਤਾ ਜਾਏ ਤਾਂ ਫਿਰ ਕਟਵੀਆਂ ਤੁਲਨਾਵਾਂ ਤੇ ਹਰ ਤਰ੍ਹਾਂ ਦੇ ਗਾਲ੍ਹੀ-ਗਲੋਚ ਤੇ ਮਜ਼ਾਕ ਉਡਾਉਣ ਲਈ ਰਾਹ ਖੁਲ੍ਹ ਜਾਂਦਾ ਹੈ। ਪਰ ਸਾਡੇ ਵਿਰੋਧੀ—ਬੁਰਜੂਆਜ਼ੀ—ਸੱਜੇ ਪਾਸੇ ਤੇ ਖੱਬੇ ਪਾਸੇ ਸਾਡੇ ਕੱਲ ਦੇ ਮਿੱਤਰ ਖੱਬੇ ਸੋਸ਼ਲਿਸਟ-ਇਨਕਲਾਬੀ, ਤੇ ਸਾਡੇ ਮਿੱਤਰ—ਮੈਨੂੰ ਯਕੀਨ ਹੈ ਕਿ ਕੱਲ ਦੇ, ਅੱਜ ਦੇ ਤੇ ਭਲਕ ਦੇ ਮਿੱਤਰ—"ਖੱਬੇ ਕਮਿਊਨਿਸਟ", ਭਾਵੇਂ ਆਪਣੀ ਬੁਧੀ ਦੇ ਤੀਰਾਂ ਨੂੰ ਕਿੰਨਾਂ ਵੀ ਇਸ ਉੱਪਰ ਕੱਸਣ, ਤੇ ਆਪਣੇ ਪੈਟੀ-ਬੁਰਜੂਆ ਡੱਕੋ-ਡੋਲਿਆਂ ਦੇ ਭਾਵੇਂ ਕੋਈ ਵੀ ਸਬੂਤ ਦੇਣ, ਉਹ ਇਹਨਾਂ ਤਥਾਂ ਨੂੰ ਗਲਤ ਸਿਧ ਨਹੀਂ ਕਰ ਸੱਕਦੇ। ਘਟਨਾਵਾਂ ਨੇ ਸਾਡੀ ਪ੍ਰੋੜ੍ਹਤਾ ਕੀਤੀ ਹੈ, ਅਸੀਂ ਸਾਹ ਲੈਣ ਦਾ ਸਮਾਂ ਪ੍ਰਾਪਤ ਕੀਤਾ ਹੈ ਸਿਰਫ ਇਸ ਲਈ ਕਿ ਪੱਛਮ ਵਿਚ ਸਾਮਰਾਜੀ ਕਤਲਾਮ ਜਾਰੀ ਹੈ, ਤੇ ਦੂਰ ਪੂਰਬ ਵਿਚ ਸਾਮਰਾਜੀ ਟੱਕਰ ਦਿਨੋ ਦਿਨ ਵਧੇਰੇ ਵਿਸ਼ਾਲਤਾ ਵਿਚ ਭੜਕ ਰਹੀ ਹੈ—ਸਿਰਫ ਇਹੀ ਗੱਲ ਸੋਵੀਅਤ ਰੀਪਬਲਿਕ ਦੀ ਹੋਂਦ ਦੀ ਵਿਆਖਿਆ ਕਰਦੀ ਹੈ, ਜਿਹੜੀ ਕਿ ਹਾਲ ਦੀ ਘੜੀ ਕਮਜ਼ੋਰ ਤੋਂ ਕਮਜ਼ੋਰ ਧਾਗੇ ਨਾਲ ਲਟਕੀ ਹੋਈ ਹੈ, ਜਿਸਨੂੰ ਅਸੀਂ ਇਸ ਰਾਜਸੀ ਅਵਸਥਾ ਵਿਚ ਘੁੱਟ ਕੇ ਫੜਿਆ ਹੋਇਆ ਹੈ। ਬੇਸ਼ਕ, ਕਾਗਜ਼ ਦਾ ਕੋਈ ਟੁਕੜਾ, ਕੋਈ ਅਮਨ ਸੰਧੀ, ਸਾਡੀ ਰਾਖੀ ਨਹੀਂ ਕਰੇਗੀ, ਨਾ ਹੀ ਇਹ ਅਵਸਥਾ ਕਿ ਅਸੀਂ ਜਾਪਾਨ ਦੇ ਖਿਲਾਫ ਲੜਣਾ

ਨਹੀਂ ਚਾਹੁੰਦੇ; ਇਹ ਠੀਕ ਹੈ ਕਿ ਉਹ ਸਾਨੂੰ ਲੁੱਟ ਰਿਹਾ ਹੈ, ਬਿਨਾਂ ਕਿਸੇ ਵੀ ਸੰਧੀਆਂ ਜਾਂ ਰਹੁ-ਰੀਤਾਂ ਨਾਲ ਰੁਕਣ ਦੇ। ਸਾਡੀ ਰਾਖੀ, ਬੇਸ਼ਕ, ਕੋਈ ਕਾਗਜ਼ੀ ਸੰਧੀ ਜਾਂ "ਅਮਨ ਦੀ ਹਾਲਤ" ਨਹੀਂ ਕਰੇਗੀ, ਸਗੋਂ ਪੱਛਮ ਵਿਚ ਸਾਮਰਾਜ ਦੇ ਦੋ "ਦੈਂਤਾਂ" ਵਿਚਕਾਰ ਘੋਲ ਦਾ ਜਾਰੀ ਰਹਿਣਾ, ਤੇ ਸਾਡੀ ਆਪਣੀ ਸਹਿਣ-ਸ਼ਕਤੀ ਸਾਡੀ ਰਾਖੀ ਕਰੇਗੀ। ਅਸੀਂ ਬੁਨਿਆਦੀ ਮਾਰਕਸਵਾਦੀ ਸਬਕ ਨੂੰ ਭੁੱਲੇ ਨਹੀਂ ਜਿਸਦੀ ਰੂਸੀ ਇਨਕਲਾਬ ਨੇ ਏਨੀਂ ਸਪਸ਼ਟਤਾ ਨਾਲ ਪੁਸ਼ਟੀ ਕੀਤੀ ਹੈ: ਕਿ ਕਰੋੜਾਂ ਦੀ ਗਿਣਤੀ ਵਿਚ ਸ਼ਕਤੀਆਂ ਦਾ ਮੁਕਾਬਲਾ ਕਰਨਾ ਜ਼ਰੂਰੀ ਹੈ; ਇਸ ਤੋਂ ਘਟ ਕਿਸੇ ਚੀਜ਼ ਦਾ ਰਾਜਨੀਤੀ ਵਿਚ ਖਿਆਲ ਨਹੀਂ ਰਖਿਆ ਜਾਂਦਾ; ਕਿਸੇ ਵੀ ਘਟ ਚੀਜ਼ ਨੂੰ ਰਾਜਨੀਤੀ ਮਹੱਤਤਾ-ਹੀਣ ਕੱਦ-ਬੁੱਤ ਵਾਲੀ ਚੀਜ਼ ਵਜੋਂ ਰੱਦ ਕਰਦੀ ਹੈ। ਜੇ ਅਸੀਂ ਕੌਮਾਂਤਰੀ ਇਨਕਲਾਬ ਵੱਲ ਇਸ ਪੱਖੋਂ ਦੇਖੀਏ, ਤਾਂ ਮਾਮਲਾ ਏਨਾਂ ਸਪਸ਼ਟ ਹੋ ਜਾਂਦਾ ਹੈ ਜਿੰਨਾਂ ਕਿ ਸੰਭਵ ਹੈ: ਇਕ ਪੱਛੜਿਆ ਦੇਸ ਸੌਖੀ ਤਰ੍ਹਾਂ ਸ਼ੁਰੂ ਕਰ ਸਕਦਾ ਹੈ ਕਿਉਂਕਿ ਇਸਦਾ ਵਿਰੋਧੀ ਗਲ-ਸੜ ਚੁੱਕਾ ਹੈ, ਕਿਉਂਕਿ ਇਸਦੀ ਬੁਰਜੂਆਜ਼ੀ ਸੰਗਠਿਤ ਨਹੀਂ, ਪਰ ਇਸ ਲਈ ਜਾਰੀ ਰੱਖ ਸੱਕਣਾ ਉਸ ਦੇਸ ਤੋਂ ਹਜ਼ਾਰਾਂ ਲਖਾਂ ਗੁਣਾ ਵਧੇਰੇ ਚੌਕਸੀ, ਸਾਵਧਾਨੀ ਤੇ ਸਹਿਨ-ਸ਼ਕਤੀ ਦੀ ਮੰਗ ਕਰਦਾ ਹੈ। ਪੱਛਮੀ ਯੂਰਪ ਵਿਚ ਗੱਲ ਵੱਖਰੀ ਹੋਵੇਗੀ; ਉਥੇ ਸ਼ੁਰੂ ਕਰਨਾ ਅਥਾਹ ਤੌਰ ਤੇ ਜ਼ਿਆਦਾ ਮੁਸ਼ਕਲ ਹੋਵੇਗਾ ਪਰ ਜਾਰੀ ਰੱਖਣਾ ਅਥਾਹ ਤੌਰ ਤੇ ਸੌਖਾ। ਇਹ ਹੋਰ ਕਿਸੇ ਤਰ੍ਹਾਂ ਹੋ ਵੀ ਨਹੀਂ ਸਕਦਾ; ਕਿਉਂਕਿ ਉਥੇ ਪ੍ਰੋਲਤਾਰੀਆਂ ਦੇ ਸੰਗਠਨ ਤੇ ਇਕਮੁਠਤਾ ਦੀ ਮਾਤਰਾ ਵਧੇਰੇ ਹੈ। ਜਦੋਂ ਤੱਕ ਅਸੀਂ ਇਕੱਠੇ ਹਾਂ, ਸਾਰੀਆਂ ਸ਼ਕਤੀਆਂ ਨੂੰ ਜਾਂਚਦਿਆਂ ਸਾਡੇ ਲਈ ਆਪਣੇ ਆਪ ਨੂੰ ਇਹ ਕਹਿਣਾ ਜ਼ਰੂਰੀ ਹੈ; ਜਦੋਂ ਤੱਕ ਯੂਰਪੀ ਇਨਕਲਾਬ ਸ਼ੁਰੂ ਨਹੀਂ ਹੋ ਜਾਂਦਾ, ਉਦੋਂ ਤੱਕ ਸਾਡੇ ਕੋਲ ਸਿਰਫ ਇੱਕੋ ਸਬੱਬ ਹੈ ਜਿਹੜਾ ਸਾਡੀਆਂ ਸਾਰੀਆਂ ਮੁਸ਼ਕਲਾਂ ਹਲ ਕਰ ਦੇਵੇਗਾ, ਸਾਡੇ ਕੋਲ ਇਕ ਮੌਕਾ ਹੈ—ਕੌਮਾਂਤਰੀ ਸਾਮਰਾਜੀ ਦੈਂਤਾਂ ਦੀ ਲੜਾਈ ਦਾ ਜਾਰੀ ਰਹਿਣਾ; ਅਸੀਂ ਇਸ ਸਬੱਬ ਦਾ ਠੀਕ ਤਰ੍ਹਾਂ ਨਾਲ ਅੰਦਾਜ਼ਾ ਲਾਇਆ ਹੈ, ਅਸੀਂ ਕਈ ਹਫਤਿਆਂ ਤੋਂ ਇਸਨੂੰ ਫੜਿਆ ਹੋਇਆ ਹੈ, ਪਰ ਹੋ ਸਕਦਾ ਹੈ ਇਹ ਕੱਲ ਨੂੰ ਖਤਮ ਹੋ ਜਾਏ। ਇਸ ਲਈ ਸਿੱਟਾ ਇਹ ਨਿਕਲਦਾ ਹੈ: ਆਪਣੀ ਬਦੇਸ਼ ਨੀਤੀ ਨੂੰ ਜਾਰੀ ਰੱਖਣਾ ਜਿਹੜੀ ਅਸੀਂ ਮਾਰਚ ਵਿਚ ਸ਼ੁਰੂ ਕੀਤੀ ਸੀ, ਤੇ ਜਿਸਨੂੰ ਇਹਨਾਂ ਲਫਜ਼ਾਂ ਵਿਚ ਸੂਤ੍ਰਿਤ ਕੀਤਾ ਜਾ ਸਕਦਾ ਹੈ: ਜੁਗਤ ਨਾਲ ਚਾਲਾਂ ਚੱਲਣੀਆਂ, ਪਿੱਛੇ ਹਟਣਾ, ਉਡੀਕਣਾ। ਜਦੋਂ ਖੱਬੇ-ਪੱਖੀ "**ਕੋਮੂਨਿਸਤ**" ਵਿਚ ਲਫਜ਼ "ਸਰਗਰਮ ਬਦੇਸ਼ ਨੀਤੀ" ਦੇਖਣ ਵਿਚ ਆਉਂਦੇ ਹਨ, ਜਦੋਂ ਸੋਸ਼ਲਿਸਟ ਪਿਤਾਭੂਮੀ ਦੀ ਰਾਖੀ ਸ਼ਬਦਾਂ ਨੂੰ ਕਾਮਿਆਂ ਵਿਚ ਲਿਖਿਆ ਜਾਂਦਾ ਹੈ, ਜੋ ਕਿ ਲਾਜ਼ਮੀ ਤੌਰ ਤੇ ਵਿਅੰਗਮਈ ਹੋ ਜਾਂਦੇ ਹਨ, ਤਾਂ ਮੈਂ ਆਪਣੇ ਆਪ ਨੂੰ ਕਹਿੰਦਾ ਹਾਂ: ਇਹਨਾਂ ਲੋਕਾਂ ਨੇ ਪੱਛਮੀ ਪ੍ਰੋਲਤਾਰੀਆਂ ਦੀ ਪੁਜ਼ੀਸ਼ਨ ਬਾਰੇ ਬਿਲਕੁਲ ਕੁਝ ਨਹੀਂ ਸਮਝਿਆ।

ਜਦੋਂ ਉਹ ਆਪਣੇ ਆਪ ਨੂੰ "ਖੱਬੇ ਕਮਿਊਨਿਸਟ" ਕਹਿ ਰਹੇ ਹਨ, ਉਹ ਦੁਚਿਤੀਆਂ ਵਿਚ ਪਈ ਪੈਟੀ-ਬੁਰਜੂਆਜ਼ੀ ਦੇ ਦ੍ਰਿਸ਼ਟੀਕੋਨ ਵੱਲ ਜਾ ਰਹੇ ਹਨ, ਜਿਹੜੀ ਇਨਕਲਾਬ ਨੂੰ ਆਪਣੇ ਵਿਸ਼ੇਸ਼ ਪ੍ਰਬੰਧ ਨੂੰ ਯਕੀਨੀ ਬਨਾਉਣ ਦਾ ਇਕ ਸਾਧਨ ਸਮਝਦੀ ਹੈ। ਕੌਮਾਂਤਰੀ ਸੰਬੰਧ ਜਿਥੋਂ ਤੱਕ ਹੋ ਸਕਦਾ ਹੈ ਸਪਸ਼ਟਤਾ ਨਾਲ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ: ਕੋਈ ਵੀ ਰੂਸੀ ਜਿਹੜਾ ਰੂਸੀ ਸ਼ਕਤੀਆਂ ਦੇ ਆਧਾਰ ਉਤੇ ਕੌਮਾਂਤਰੀ ਸਾਮਰਾਜ ਨੂੰ ਉਲਟਾਉਣ ਦੇ ਕੰਮ ਬਾਰੇ ਸੋਚਦਾ ਹੈ, ਪਾਗਲ ਹੋਵੇਗਾ। ਜਦ ਕਿ ਉਥੇ, ਪੱਛਮ ਵਿਚ, ਇਨਕਲਾਬ ਪੱਕ ਰਿਹਾ ਹੈ, ਭਾਵੇਂ ਕਿ ਕੱਲ ਨਾਲੋਂ ਇਹ ਹੁਣ ਵਧੇਰੇ ਤੇਜ਼ੀ ਨਾਲ ਪੱਕ ਰਿਹਾ ਹੈ, ਸਾਡਾ ਮਸਲਾ ਸਿਰਫ ਇਹ ਹੈ; ਸਾਨੂੰ, ਐਸਾ ਦਸਤਾ ਹੋਣ ਦੇ ਨਾਤੇ ਜਿਹੜਾ ਆਪਣੀ ਕਮਜ਼ੋਰੀ ਦੇ ਬਾਵਜੂਦ ਮੂਹਰੇ ਆ ਗਿਆ ਹੈ, ਸਭ ਕੁਝ ਕਰਨਾ ਚਾਹੀਦਾ ਹੈ, ਹਰ ਸਬੱਬ ਤੋਂ ਲਾਭ ਉਠਾਉਣਾ ਚਾਹੀਦਾ ਹੈ, ਤਾਂ ਕਿ ਉਹਨਾਂ ਪੁਜ਼ੀਸ਼ਨਾਂ ਨੂੰ ਕਾਇਮ ਰੱਖ ਸੱਕੀਏ ਜਿਹੜੀਆਂ ਅਸੀਂ ਜਿੱਤੀਆਂ ਹਨ। ਬਾਕੀ ਸਭ ਵਿਚਾਰ ਇਸ ਦੇ ਅਧੀਨ, ਆਪਣੇ ਮੌਕੇ ਤੋਂ ਪੂਰਾ ਲਾਭ ਉਠਾਉਣ ਦੇ ਅਧੀਨ ਕਰ ਦੇਣੇ ਚਾਹੀਦੇ ਹਨ, ਤਾਂ ਕਿ ਅਸੀਂ ਉਸ ਘੜੀ ਨੂੰ ਕੁਝ ਹਫਤਿਆਂ ਲਈ ਟਾਲ ਸੱਕੀਏ ਜਦੋਂ ਕੌਮਾਂਤਰੀ ਸਾਮਰਾਜ ਸਾਡੇ ਖਿਲਾਫ ਇਕਮੁੱਠ ਹੋ ਜਾਵੇਗਾ। ਜੇ ਅਸੀਂ ਇਸ ਤਰੀਕੇ ਨਾਲ ਚੱਲਦੇ ਹਾਂ ਤਾਂ ਅਸੀਂ ਐਸੇ ਰਾਹ ਉੱਪਰ ਅੱਗੇ ਵਧਾਂਗੇ ਜਿਸਨੂੰ ਯੂਰਪੀ ਦੇਸਾਂ ਵਿਚਲਾ ਹਰ ਜਮਾਤੀ ਚੇਤੰਨਤਾ ਵਾਲਾ ਮਜ਼ਦੂਰ ਪ੍ਰਵਾਨਗੀ ਦੇਵੇਗਾ, ਕਿਉਂਕਿ ਉਸਨੂੰ ਪਤਾ ਹੈ ਕਿ ਅਸੀਂ ੧੯੦੫ ਤੋਂ ਲੈਕੇ ਕੀ ਸਿੱਖਿਆ ਹੈ, ਜਦ ਕਿ ਫਰਾਂਸ ਤੇ ਬਰਤਾਨੀਆਂ ਸਦੀਆਂ ਤੋਂ ਇਸਨੂੰ ਸਿੱਖਦੇ ਆ ਰਹੇ ਹਨ — ਉਸਨੂੰ ਪਤਾ ਹੈ ਕਿ ਇਕਮੁਠ ਬੁਰਜੂਆਜ਼ੀ ਦੇ ਆਜ਼ਾਦ ਸਮਾਜ ਵਿਚ ਇਨਕਲਾਬ ਕਿੰਨੀਂ ਹੌਲੀ ਹੌਲੀ ਵਧਦਾ ਹੈ, ਉਸਨੂੰ ਪਤਾ ਹੈ ਕਿ ਇਹੋ ਜਿਹੀਆਂ ਸ਼ਕਤੀਆਂ ਦੇ ਖਿਲਾਫ ਇਕ ਅੰਦੋਲਨਕਾਰੀ ਬਿਊਰੋ ਹਰਕਤ ਵਿਚ ਲਿਆਉਣਾ ਜ਼ਰੂਰੀ ਹੋਵੇਗਾ, ਜਿਹੜਾ ਸ਼ਬਦ ਦੇ ਅਸਲੀ ਅਰਥਾਂ ਵਿਚ ਪਰਚਾਰ ਚਲਾਇਗਾ ਜਦੋਂ ਅਸੀਂ ਜਰਮਨ, ਫਰਾਂਸੀਸੀ ਤੇ ਬਰਤਾਨਵੀ ਪ੍ਰੋਲਤਾਰੀਆਂ ਦੇ ਮੋਢੇ ਨਾਲ ਮੋਢਾ ਡਾਹ ਕੇ ਖੜੇ ਹਾਂ ਜਿਹੜੇ ਕਿ ਬਗ਼ਾਵਤ ਵਿਚ ਉੱਠ ਖੜੇ ਹੋਏ ਹਨ। ਉਦੋਂ ਤੱਕ, ਭਾਵੇਂ ਇਹ ਕਿੰਨਾਂ ਵੀ ਤਕਲੀਫਦਿਹ ਕਿਉਂ ਨਾ ਹੋਵੇ, ਇਨਕਲਾਬੀ ਪ੍ਰੰਪਰਾਵਾਂ ਲਈ ਇਹ ਕਿੰਨਾਂ ਵੀ ਘਿਨਾਉਣਾ ਕਿਉਂ ਨਾ ਹੋਵੇ, ਇਕੋ ਇਕ ਦਾਅ-ਪੇਚ ਇਹ ਹਨ: ਉਡੀਕਣਾ, ਜੁਗਤ ਨਾਲ ਚਾਲਾਂ ਚੱਲਣਾ ਤੇ ਪਿੱਛੇ ਹਟਣਾ।

ਜਦੋਂ ਲੋਕ ਕਹਿੰਦੇ ਹਨ ਕਿ ਸਾਡੀ ਕੋਈ ਬਦੇਸ਼ੀ, ਕੌਮਾਂਤਰੀ ਨੀਤੀ ਨਹੀਂ, ਤਾਂ ਮੈਂ ਕਹਿੰਦਾ ਹਾਂ: ਹਰ ਦੂਜੀ ਨੀਤੀ ਚੇਤੰਨ ਜਾਂ ਅਚੇਤ ਤੌਰ ਉਤੇ ਫਿਸਲ ਕੇ ਭੜਕਾਊ ਰੋਲ ਅਦਾ ਕਰਨ ਵੱਲ ਚਲੀ ਜਾਂਦੀ ਹੈ ਤੇ ਰੂਸ ਨੂੰ ਸਾਮਰਾਜ ਨਾਲ ਗਠਜੋੜ ਦੇ ਚਖੇਨਕੇਲੀ ਜਾਂ ਸੇਮੀਓਨੋਵ ਦੀ ਤਰ੍ਹਾਂ ਦਾ ਹੱਥ ਠੋਕਾ ਬਣਾ ਦੇਂਦੀ ਹੈ।

ਤੇ ਅਸੀਂ ਕਹਿੰਦੇ ਹਾਂ: ਬਰਦਾਸ਼ਤ ਕਰਨਾ ਤੇ ਸੰਤੋਖ ਕਰਨਾ, ਅਥਾਹ ਤੌਰ ਤੇ ਜ਼ਿਆਦਾ ਕੌਮੀ ਤੇ ਰਾਜਕੀ ਅਪਮਾਣਾਂ ਤੇ ਕਠਿਨਾਈਆਂ ਨੂੰ ਸਹਿਣਾ, ਪਰ ਐਸੇ ਸੋਸ਼ਲਿਸਟ ਦਸਤੇ ਦੇ ਤੌਰ ਤੇ ਆਪਣੀ ਚੌਕੀ ਉਪਰ ਡਟੇ ਰਹਿਣਾ ਵਧੇਰੇ ਚੰਗਾ ਹੈ, ਜਿਹੜਾ ਘਟਣਾਵਾਂ ਦੇ ਜ਼ੋਰ ਹੇਠ ਸੋਸ਼ਲਿਸਟ ਫੌਜ ਦੀਆਂ ਸਫਾਂ ਨਾਲੋਂ ਕੱਟਿਆ ਗਿਆ ਹੈ ਤੇ ਉਡੀਕਣ ਲਈ ਮਜਬੂਰ ਹੋ ਗਿਆ ਹੈ ਜਦੋਂ ਤੱਕ ਕਿ ਦੂਜੇ ਦੇਸਾਂ ਵਿਚਲਾ ਸੋਸ਼ਲਿਸਟ ਇਨਕਲਾਬ ਇਸਦੀ ਮਦਦ ਲਈ ਨਹੀਂ ਆ ਬਹੁੜਦਾ। ਤੇ ਇਹ ਸਾਡੀ ਮਦਦ ਲਈ ਬਹੁੜ ਰਿਹਾ ਹੈ। ਇਹ ਹੌਲੀ ਹੌਲੀ ਆ ਰਿਹਾ ਹੈ, ਪਰ ਇਹ ਆ ਰਿਹਾ ਹੈ। ਪੱਛਮ ਵਿਚ ਜਿਹੜੀ ਜੰਗ ਹੁਣ ਚੱਲ ਰਹੀ ਹੈ ਉਹ ਜਨਤਾ ਵਿਚ ਪਹਿਲਾਂ ਨਾਲੋਂ ਵਧੇਰੇ ਇਨਕਲਾਬ ਲਿਆ ਰਹੀ ਹੈ ਤੇ ਬਗ਼ਾਵਤ ਦੀ ਘੜੀ ਨੂੰ ਨੇੜੇ ਲਿਆ ਰਹੀ ਹੈ।

ਹੁਣ ਤੱਕ ਕੀਤੇ ਗਏ ਪਰਚਾਰ ਵਿਚ ਕਿਹਾ ਗਿਆ ਹੈ ਕਿ ਸਾਮਰਾਜੀ ਜੰਗ ਅਲਹਾਕਾਂ ਦੇ ਵਾਸਤੇ ਸਭ ਤੋਂ ਵਧ ਮੁਜਰਮਾਨਾ ਤੇ ਸਭ ਤੋਂ ਵਧ ਪਿਛਾਂਹਖਿਚੂ ਜੰਗ ਹੈ। ਪਰ ਹੁਣ ਇਸ ਗੱਲ ਦੀ ਪੁਸ਼ਟੀ ਹੋ ਰਹੀ ਹੈ ਕਿ ਪੱਛਮੀ ਮਹਾਜ਼ ਉਤੇ, ਜਿਥੇ ਲੱਖਾਂ, ਕਰੋੜਾਂ ਫਰਾਂਸੀਸੀ ਤੇ ਜਰਮਨ ਸਿਪਾਹੀ ਕਤਲਾਮ ਵਿਚ ਜੁੱਟੇ ਹੋਏ ਹਨ, ਇਨਕਲਾਬ ਹੁਣ ਤੱਕ ਨਾਲੋਂ ਵਧੇਰੇ ਤੇਜ਼ੀ ਨਾਲ ਪੱਕਣ ਤੋਂ ਬਿਨਾਂ ਨਹੀਂ ਰਹਿ ਸਕਦਾ, ਭਾਵੇਂ ਕਿ ਇਹ ਇਨਕਲਾਬ ਸਾਡੀ ਉਮੀਦ ਨਾਲੋਂ ਵਧੇਰੇ ਹੌਲੀ ਹੌਲੀ ਆ ਰਿਹਾ ਹੈ।

ਮੈਂ ਆਪਣੀ ਇੱਛਾ ਨਾਲੋਂ ਵਧੇਰੇ ਬਦੇਸ਼ ਨੀਤੀ ਦੇ ਸਵਾਲ ਉਪਰ ਬੋਲਿਆ ਹਾਂ, ਪਰ ਮੈਨੂੰ ਲੱਗਦਾ ਹੈ ਕਿ ਅਸੀਂ ਇਥੇ ਬੜੀ ਸਪਸ਼ਟ ਤਰ੍ਹਾਂ ਦੇਖਦੇ ਹਾਂ ਕਿ ਇਸ ਸਵਾਲ ਵਿਚ, ਠੀਕ ਠੀਕ ਗੱਲ ਕੀਤਿਆਂ, ਸਾਡੇ ਸਾਮ੍ਹਣੇ ਦੋ ਮੁੱਖ ਲੀਹਾਂ ਹਨ—ਪ੍ਰੋਲਤਾਰੀ ਲੀਹ, ਜਿਹੜੀ ਕਹਿੰਦੀ ਹੈ ਕਿ ਸੋਸ਼ਲਿਸਟ ਇਨਕਲਾਬ ਉਹ ਚੀਜ਼ ਹੈ ਜਿਹੜੀ ਸਾਨੂੰ ਸਭ ਤੋਂ ਵਧ ਪਿਆਰੀ ਤੇ ਸਭ ਤੋਂ ਵਧ ਉੱਚੀ ਹੈ ਤੇ ਸਾਨੂੰ ਇਸ ਗੱਲ ਨੂੰ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇਹ ਪੱਛਮ ਵਿਚ ਛੇਤੀ ਹੀ ਸ਼ੁਰੂ ਹੋ ਜਾਵੇਗਾ ਜਾਂ ਨਹੀਂ, ਤੇ ਦੂਜੀ ਲੀਹ ਹੈ ਬੁਰਜੂਆ ਲੀਹ—ਜਿਹੜੀ ਕਹਿੰਦੀ ਹੈ ਕਿ ਇਸ ਵਾਸਤੇ ਮਹਾਨ ਤਾਕਤ ਦੇ ਤੌਰ ਤੇ ਰਾਜ ਦਾ ਖਾਸਾ ਤੇ ਕੌਮੀ ਸਵੈਧੀਨਤਾ ਹੋਰ ਕਿਸੇ ਵੀ ਚੀਜ਼ ਨਾਲੋਂ ਵਧੇਰੇ ਪਿਆਰੀ ਤੇ ਉਚੇਰੀ ਹੈ।

ਪਹਿਲਾਂ ੧੯੨੦ ਵਿਚ ਪ੍ਰਕਾਸ਼ਤ ਹੋਇਆ
"ਕੁੱਲ-ਰੂਸ ਕੇਂਦਰੀ
ਕਾਰਜਕਰਨੀ ਕਮੇਟੀ
ਦੀ ਚੌਥੀ ਕਾਨਵੋਕੇਸ਼ਨ
ਦੀਆਂ ਮੀਟਿੰਗਾਂ ਦੀਆਂ
ਕਾਰਵਾਈਆਂ। ਲਫ਼ਜ਼-
ਬਲਫਜ਼ ਰੀਪੋਰਟ।" ਵਿਚ
ਮਾਸਕੋ।

ਸੈਂਚੀ ੩੬,
ਸਫੇ ੨੪੬—੨੫੪।

# "'ਖੱਬ-ਪੱਖੀ' ਬਚਗਾਨਾਪਣ ਤੇ ਪੈਟੀ-ਬੁਰਜੂਆ ਜ਼ਿਹਨੀਅਤ" ਵਿਚੋਂ

"ਖੱਬੇ ਕਮਿਊਨਿਸਟਾਂ" ਦੇ ਇਕ ਛੋਟੇ ਜਿਹੇ ਧੜੇ ਵਲੋਂ ਆਪਣੇ ਰਸਾਲੇ "ਕੋਮੂਨਿਸਤ" ( ਨੰ: ੧, ੨੦ ਅਪਰੈਲ, ੧੯੧੮ ) ਦੀ, ਤੇ ਉਹਨਾਂ ਦੇ "ਪ੍ਰਸਤਾਵਾਂ" ਦੀ ਪ੍ਰਕਾਸ਼ਨਾ "ਸੋਵੀਅਤ ਸਰਕਾਰ ਦੇ ਫੌਰੀ ਕੰਮ" ਪੈਮਫਲਟ* ਵਿਚ ਪ੍ਰਗਟ ਕੀਤੇ ਗਏ ਮੇਰੇ ਵਿਚਾਰਾਂ ਦੀ ਉਘੜਵੇਂ ਢੰਗ ਨਾਲ ਪੁਸ਼ਟੀ ਕਰਦੀ ਹੈ। ਰਾਜਸੀ ਸਾਹਿਤ ਵਿਚ ਪੈਟੀ ਬੁਰਜੂਆ ਉਪਭਾਵਕਤਾ ਦੀ, ਜਿਸਨੂੰ ਕਦੀ ਕਦੀ "ਖੱਬੇ" ਨਾਅਰੇ ਲੁਕਾ ਰਖਦੇ ਹਨ, ਰਾਖੀ ਕਰਨ ਦੇ ਨਿਰੋਲ ਮੂਰਖਪੁਣੇ ਦੀ ਚੰਗੇਰੀ ਪੁਸ਼ਟੀ ਨਹੀਂ ਹੋ ਸਕਦੀ। "ਖੱਬੇ ਕਮਿਊਨਿਸਟਾਂ" ਦੀਆਂ ਦਲੀਲਾਂ ਨਾਲ ਨਜਿੱਠਣਾ ਲਾਭਕਾਰੀ ਤੇ ਜ਼ਰੂਰੀ ਹੈ ਕਿਉਂਕਿ ਉਹ ਉਸ ਦੌਰ ਦੀ ਵਿਲੱਖਣਤਾ ਹਨ ਜਿਸ ਵਿਚੋਂ ਅਸੀਂ ਲੰਘ ਰਹੇ ਹਾਂ। ਉਹ ਇਸ ਦੌਰ ਦੇ "ਧੁਰੇ" ਦੇ ਨਫੀ ਪਾਸੇ ਨੂੰ ਅਸਾਧਾਰਨ ਸਪਸ਼ਟਤਾ ਨਾਲ ਦਰਸਾਉਂਦੀਆਂ ਹਨ। ਇਹ ਸਿੱਖਿਆ ਦੇਣ ਵਾਲੀਆਂ ਹਨ ਕਿਉਂਕਿ ਅਸੀਂ ਜਿਨ੍ਹਾਂ ਲੋਕਾਂ ਨਾਲ ਨਜਿੱਠ ਰਹੇ ਹਾਂ ਉਹ ਉਹਨਾਂ ਵਿਚੋਂ ਸਭ ਤੋਂ ਚੰਗੇ ਹਨ ਜਿਹੜੇ ਮੌਜੂਦਾ ਦੌਰ ਨੂੰ ਸਮਝਣ ਤੋਂ ਅਸਮਰਥ ਰਹੇ ਹਨ, ਜਿਹੜੇ ਲੋਕ ਆਪਣੇ ਗਿਆਨ ਤੇ ਵਫਾਦਾਰੀ ਕਾਰਨ ਉਹਨਾਂ ਹੀ ਗ਼ਲਤ ਵਿਚਾਰਾਂ ਦੇ **ਸਾਧਾਰਨ** ਪ੍ਰਤਿਨਿਧਾਂ, ਅਰਥਾਤ, ਖੱਬੇ ਸੋਸ਼ਲਿਸਟ-ਇਨਕਲਾਬੀਆਂ ਨਾਲੋਂ ਕਿਤੇ, ਕਿਤੇ ਜ਼ਿਆਦਾ ਉਪਰ ਹਨ।

## ੧

ਰਾਜਨੀਤਕ ਵਜੂਦ ਦੇ ਤੌਰ ਤੇ ਜਾਂ ਰਾਜਨੀਤਕ ਰੋਲ ਅਦਾ ਕਰਨ ਦਾ ਦਾਅਵਾ ਕਰਦੇ ਗਰੁੱਪ ਦੇ ਤੌਰ ਤੇ, "ਖੱਬੇ ਕਮਿਊਨਿਸਟਾਂ" ਦੇ ਗਰੁੱਪ ਨੇ ਆਪਣਾ "ਮੌਜੂਦਾ ਅਵਸਥਾ ਬਾਰੇ ਪ੍ਰਸਤਾਵ" ਪੇਸ਼ ਕੀਤਾ ਹੈ। ਆਪਣੇ ਵਿਚਾਰਾਂ ਤੇ ਦਾਅ-ਪੇਚਾਂ ਦੇ ਪਿੱਛੇ

ਕੰਮ ਕਰਦੇ ਅਸੂਲਾਂ ਦੀ ਗੁਟਵੀਂ ਤੇ ਪੂਰੀ ਵਿਆਖਿਆ ਦੇਣਾ ਇਕ ਚੰਗੀ ਮਾਰਕਸਵਾਦੀ ਰਸਮ ਹੈ। ਤੇ ਇਸ ਚੰਗੀ ਮਾਰਕਸਵਾਦੀ ਰਸਮ ਨੇ ਸਾਡੇ "ਖੱਬਿਆਂ" ਵਲੋਂ ਕੀਤੀ ਗਈ ਗ਼ਲਤੀ ਨੂੰ ਪ੍ਰਗਟ ਕਰਨ ਵਿਚ ਸਹਾਇਤਾ ਕੀਤੀ ਹੈ ਕਿਉਂਕਿ ਜੋਸ਼ੀਲੇ ਢੰਗ ਨਾਲ ਨਾ ਕਹਿਣਾ ਸਗੋਂ ਸਿਰਫ ਦਲੀਲਬਾਜ਼ੀ ਕਰਨ ਦੀ ਕੋਸ਼ਿਸ਼ ਕਰਨਾ ਉਹਨਾਂ ਦੀ ਦਲੀਲ ਦੇ ਅਢੁਕਵੇਂਪਣ ਨੂੰ ਨੰਗਿਆਂ ਕਰਦਾ ਹੈ।

ਪਹਿਲੀ ਚੀਜ਼ ਜਿਹੜੀ ਖੁੜਕਦੀ ਹੈ, ਉਹ ਹੈ ਇਸ ਪੁਰਾਣੇ ਸਵਾਲ ਬਾਰੇ ਹਵਾਲਿਆਂ, ਇਸ਼ਾਰਿਆਂ ਤੇ ਝਕਾਨੀਆਂ ਦੀ ਬਹੁਲਤਾ ਕਿ ਬਰੇਸਤ ਸੰਧੀ ਕਰਨਾ ਠੀਕ ਸੀ ਜਾਂ ਨਹੀਂ। "ਖੱਬੇ" ਸਿਧੀ ਤਰ੍ਹਾਂ ਇਹ ਸਵਾਲ ਪੇਸ਼ ਕਰਨ ਦੀ ਹਿੰਮਤ ਨਹੀਂ ਕਰਦੇ। ਉਹ ਹਸਾਉਣੇ ਅੰਦਾਜ਼ ਵਿਚ ਭੰਬਲ-ਭੂਸੇ ਖਾਂਦੇ ਹਨ, ਦਲੀਲ ਉਤੇ ਦਲੀਲ ਜੜੀ ਜਾਂਦੇ ਹਨ, ਕਾਰਨਾਂ ਲਈ ਚੁਭੀਆਂ ਲਾਉਂਦੇ ਹਨ, ਵਕਾਲਤ ਕਰਦੇ ਹਨ ਕਿ "ਇਕ ਪਾਸੇ" ਇਹ ਇੰਝ ਹੋ ਸਕਦਾ ਹੈ, ਪਰ "ਦੂਜੇ ਪਾਸੇ" ਇਹ ਹੋ ਸਕਦਾ ਹੈ ਇੰਝ ਨਾ ਹੋਵੇ, ਉਹਨਾਂ ਦੇ ਖਿਆਲ ਸਭ ਨਿੱਕੀਆਂ ਮੋਟੀਆਂ ਚੀਜ਼ਾਂ ਵੱਲ ਭਟਕਦੇ ਫਿਰਦੇ ਹਨ, ਉਹ ਸਾਰਾ ਸਮਾਂ ਇਹ ਨਾ ਦੇਖਣ ਦੀ ਕੋਸ਼ਿਸ਼ ਕਰਦੇ ਹਨ ਕਿ ਉਹ ਆਪਣੇ ਆਪ ਨੂੰ ਹਰਾ ਰਹੇ ਹਨ। "ਖੱਬੇ" ਅੰਕੜਿਆਂ ਦਾ ਹਵਾਲਾ ਦੇਣ ਵਿਚ ਬੜੇ ਚੌਕਸ ਹਨ: ਪਾਰਟੀ ਕਾਂਗਰਸ ਵਿਚ ੧੨ ਵੋਟਾਂ ਅਮਨ ਦੇ ਖਿਲਾਫ, ੨੮ ਵੋਟਾਂ ਹੱਕ ਵਿਚ, ਪਰ ਉਹ ਬੜੇ ਧਿਆਨ ਨਾਲ ਇਹ ਜ਼ਿਕਰ ਕਰਨ ਤੋਂ ਕਤਰਾ ਜਾਂਦੇ ਹਨ ਕਿ ਸੋਵੀਅਤਾਂ ਦੀ ਕਾਂਗਰਸ ਦੇ ਬਾਲਸ਼ਵਿਕ ਗਰੁਪ ਦੀ ਮੀਟਿੰਗ ਵਿਚ ਪਈਆਂ ਸੈਂਕੜੇ ਵੋਟਾਂ ਵਿਚੋਂ ਉਹਨਾਂ ਨੂੰ ਦਸਵੇਂ ਹਿੱਸੇ ਨਾਲੋਂ ਵੀ ਘਟ ਮਿਲੀਆਂ। ਉਹਨਾਂ ਨੇ ਇਕ "ਸਿਧਾਂਤ" ਘੜਿਆ ਹੈ ਕਿ ਅਮਨ "ਥੱਕੇ-ਹਾਰੇ ਤੇ ਜਮਾਤ-ਹੀਨ ਹੋਏ ਅਨਸਰਾਂ" ਵਲੋਂ ਕੀਤਾ ਗਿਆ ਜਦ ਕਿ "ਦੱਖਣੀ ਖੰਡਾਂ ਦੇ ਮਜ਼ਦੂਰਾਂ ਤੇ ਕਿਸਾਨਾਂ ਤੇ ਕਿਸਾਨਾਂ ਨੇ ਇਸਦੀ ਵਿਰੋਧਤਾ ਕੀਤੀ ਜਿਥੇ ਆਰਥਕ ਜੀਵਨ ਵਿਚ ਵਧੇਰੇ ਸਜੀਵਤਾ ਸੀ ਤੇ ਰੋਟੀ ਦੀ ਸਪਲਾਈ ਵਧੇਰੇ ਯਕੀਨੀ ਸੀ।"...ਕੀ ਕੋਈ ਇਸ ਉੱਪਰ ਹੱਸਣ ਤੋਂ ਸਿਵਾ ਕੁਝ ਹੋਰ ਕਰ ਸਕਦਾ ਹੈ? ਸੋਵੀਅਤਾਂ ਦੀ ਕੁੱਲ-ਯੂਕਰੇਨ ਕਾਂਗਰਸ ਵਿਚ ਅਮਨ ਦੇ ਹੱਕ ਵਿਚ ਪਈਆਂ ਵੋਟਾਂ ਦਾ ਕੋਈ ਜ਼ਿਕਰ ਨਹੀਂ, ਨਾ ਹੀ ਰੂਸ ਵਿਚ ਵਿਲੱਖਣ ਤੌਰ ਤੇ ਪੈਟੀ-ਬੁਰਜੂਆ ਤੇ ਜਮਾਤ-ਹੀਨ ਰਾਜਨੀਤਕ ਇਕੱਠ (ਖੱਬੀ ਸੋਸ਼ਲਿਸਟ-ਇਨਕਲਾਬੀ ਪਾਰਟੀ) ਦੇ ਸਮਾਜਕ ਤੇ ਜਮਾਤੀ ਖਾਸੇ ਬਾਰੇ ਇਕ ਵੀ ਲਫਜ਼ ਹੈ, ਜਿਹੜੇ ਕਿ ਅਮਨ ਦੇ ਵਿਰੁਧ ਸਨ। ਬਿਲਕੁਲ ਬਚਗਾਨਾ ਅੰਦਾਜ਼ ਵਿਚ, ਹਸਾਉਣੀਆਂ "ਵਿਗਿਆਨਕ" ਵਿਆਖਿਆਵਾਂ ਰਾਹੀਂ, ਉਹ ਆਪਣਾ ਦੀਵਾਲੀਆਪਣ ਲੁਕਾਉਣ ਦੀ, ਤੱਥਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦੇ ਹਨ, ਜਿਨ੍ਹਾਂ ਉਪਰ ਸਿਰਫ ਨਜ਼ਰ ਮਾਰਨਾ ਹੀ ਦਰਸਾ ਦੇਵੇਗਾ ਕਿ ਇਹ ਪਾਰਟੀ ਦੀ ਬਿਲਕੁਲ ਜਮਾਤ-ਹੀਨ, ਬੁਧੀਮਾਨ "ਕਰੀਮ", ਪ੍ਰਤਿਸ਼ਟ ਸੱਜਣ ਹੀ ਸਨ ਜਿਨ੍ਹਾਂ ਨੇ ਇਨਕਲਾਬੀ ਪੈਟੀ-

**ਬੁਰਜੂਆ** ਫਿਕਰਿਆਂ ਵਿਚ ਲਪੇਟੇ ਨਾਅਰਿਆਂ ਨਾਲ ਅਮਨ ਦੀ ਵਿਰੋਧਤਾ ਕੀਤੀ, ਕਿ ਇਹ ਬਿਲਕੁਲ ਮਜ਼ਦੂਰਾਂ ਤੇ ਲੁੱਟੇ-ਪੁੱਟੇ ਜਾਂਦੇ ਕਿਸਾਨਾਂ ਦਾ **ਸਮੂਹ** ਸੀ ਜਿਸਨੇ ਅਮਨ ਕੀਤਾ।

ਤਾਂ ਵੀ, ਜੰਗ ਤੇ ਅਮਨ ਦੇ ਸਵਾਲ ਬਾਰੇ "ਖੱਬਿਆਂ" ਦੇ ਸਾਰੇ ਉਪ੍ਰੋਕਤ ਐਲਾਨਾਂ ਤੇ ਝਕਾਨੀਆਂ ਦੇ ਬਾਵਜੂਦ, ਸਾਦੀ ਤੇ ਸਿੱਧੀ ਸਚਾਈ ਸਾਮ੍ਹਣੇ ਆ ਹੀ ਜਾਂਦੀ ਹੈ। ਪ੍ਰਸਤਾਵਾਂ ਦੇ ਲੇਖਕ ਇਹ ਮੰਨਣ ਲਈ ਮਜਬੂਰ ਹੋ ਜਾਂਦੇ ਹਨ ਕਿ "ਅਮਨ ਸਮਝੌਤਾ ਕਰਨ ਨੇ ਸਾਮਰਾਜੀਆਂ ਦੇ ਸੰਸਾਰ ਪੈਮਾਨੇ ਉੱਤੇ ਸੌਦਾ ਕਰਨ ਦੇ ਯਤਨਾਂ ਨੂੰ ਹਾਲ ਦੀ ਘੜੀ ਕਮਜ਼ੋਰ ਕਰ ਦਿੱਤਾ ਹੈ"। (ਇਸਨੂੰ "ਖੱਬਿਆਂ" ਨੇ ਗ਼ਲਤ ਤਰ੍ਹਾਂ ਨਾਲ ਸੂਤ੍ਰਿਤ ਕੀਤਾ ਹੈ, ਪਰ ਇਹ ਅਸ਼ੁਧੀਆਂ ਨਾਲ ਨਜਿੱਠਣ ਦੀ ਥਾਂ ਨਹੀਂ।) "ਅਮਨ ਸਮਝੌਤਾ ਕਰਨਾ ਪਹਿਲਾਂ ਹੀ ਸਾਮਰਾਜੀ ਤਾਕਤਾਂ ਵਿਚਲੀ ਟੱਕਰ ਨੂੰ ਹੋਰ ਤੀਖਣ ਹੋਣ ਵੱਲ ਲੈ ਗਿਆ ਹੈ।"

ਹੁਣ, ਇਹ ਹਕੀਕਤ ਹੈ। ਇਹ ਹੈ ਕੋਈ ਚੀਜ਼ ਜਿਸਦੀ **ਫੈਸਲਾਕੁਨ** ਮਹੱਤਤਾ ਹੈ। ਇਹੀ ਕਾਰਨ ਹੈ ਕਿ ਜਿਹੜੇ ਅਮਨ ਸਮਝੌਤਾ ਕਰਨ ਦਾ ਵਿਰੋਧ ਕਰਦੇ ਸਨ, ਉਹ ਅਨਜਾਣੇ ਤੌਰ ਤੇ ਸਾਮਰਾਜੀਆਂ ਦੇ ਹਥਾਂ ਵਿਚ ਖੇਡ ਰਹੇ ਸਨ ਤੇ ਉਹ ਉਸ ਜਾਲ ਵਿਚ ਫਸ ਗਏ ਜਿਹੜਾ ਸਾਮਰਾਜੀਆਂ ਨੇ ਉਹਨਾਂ ਲਈ ਵਿਛਾਇਆ ਸੀ। ਕਿਉਂਕਿ, ਜਦੋਂ ਤੱਕ ਸੰਸਾਰ ਸੋਸ਼ਲਿਸਟ ਇਨਕਲਾਬ ਨਹੀਂ ਛਿੜ ਪੈਂਦਾ, ਜਦੋਂ ਤੱਕ ਇਹ ਕਈ ਦੇਸਾਂ ਨੂੰ ਆਪਣੀ ਲਪੇਟ ਵਿਚ ਨਹੀਂ ਲੈ ਲੈਂਦਾ ਤੇ ਏਨਾਂ ਤਗੜਾ ਨਹੀਂ ਹੋ ਜਾਂਦਾ ਕਿ **ਕੌਮਾਂਤਰੀ ਸਾਮਰਾਜ** ਉੱਪਰ ਹਾਵੀ ਹੋ ਜਾਵੇ, ਇਹ ਸੋਸ਼ਲਿਸਟਾਂ ਦਾ, ਜਿਹੜੇ ਇਕ ਦੇਸ ਵਿਚ ਜਿੱਤ ਗਏ ਹਨ (ਖਾਸ ਕਰਕੇ ਇਕ ਪੱਛੜੇ ਦੇਸ ਵਿਚ) ਸਿਧਾ ਫਰਜ਼ ਬਣ ਜਾਂਦਾ ਹੈ ਕਿ ਉਹ ਸਾਮਰਾਜ ਦੇ ਦੈਂਤਾਂ ਦੇ ਖਿਲਾਫ ਲੜਾਈ ਨੂੰ ਪ੍ਰਵਾਨ **ਨਾ** ਕਰਨ। ਉਹਨਾਂ ਦਾ ਫਰਜ਼ ਲੜਾਈ ਨੂੰ ਟਾਲਣ ਦੀ ਕੋਸ਼ਿਸ਼ ਕਰਨਾ ਹੈ, ਓਨਾ ਚਿਰ ਤੱਕ ਉਡੀਕਣਾ ਹੈ ਜਿੰਨਾਂ ਚਿਰ ਤੱਕ ਸਾਮਰਾਜੀਆਂ ਵਿਚਲੇ ਵਿਰੋਧ ਉਹਨਾਂ ਨੂੰ **ਹੋਰ ਵੀ** ਕਮਜ਼ੋਰ ਨਹੀਂ ਕਰ ਦੇਂਦੇ, ਤੇ ਦੂਜੇ ਦੇਸਾਂ ਵਿਚ ਇਨਕਲਾਬ ਨੂੰ ਹੋਰ ਵੀ ਨੇੜੇ ਨਹੀਂ ਲੈ ਆਉਂਦੇ। ਸਾਡੇ "ਖੱਬਿਆਂ" ਨੇ ਇਸ ਸਾਦੀ ਸਚਾਈ ਨੂੰ ਜਨਵਰੀ, ਫਰਵਰੀ ਤੇ ਮਾਰਚ ਵਿਚ ਨਾ ਸਮਝਿਆ। ਹੁਣ ਵੀ ਉਹ ਇਸਨੂੰ ਖੁਲ੍ਹਮ-ਖੁਲ੍ਹਾ ਮੰਨਣ ਤੋਂ ਡਰਦੇ ਹਨ। ਪਰ ਉਹਨਾਂ ਦੀ ਸਾਰੀ ਘਚੋਲੇ ਭਰੀ ਦਲੀਲਬਾਜ਼ੀ ਰਾਹੀਂ ਇਹ ਸਾਮ੍ਹਣੇ ਆਉਂਦੀ ਹੈ, ਜਿਵੇਂ ਕਿ "ਇਕ ਪਾਸੇ ਇਹ ਮੰਨਿਆਂ ਜਾਣਾ ਚਾਹੀਦਾ ਹੈ, ਦੂਜੇ ਪਾਸੇ ਕਬੂਲ ਕਰਨਾ ਚਾਹੀਦਾ ਹੈ।"

"ਆਉਂਦੀ ਬਸੰਤ ਤੇ ਹੁਨਾਲ ਦੇ ਦੌਰਾਣ", "ਖੱਬੇ" ਆਪਣੇ ਪ੍ਰਸਤਾਵਾਂ ਵਿਚ ਲਿਖਦੇ ਹਨ, "ਸਾਮਰਾਜੀ ਪ੍ਰਬੰਧ ਦੇ ਢਹਿ-ਢੇਰੀ ਹੋਣ ਦਾ ਆਰੰਭ ਹੋ

ਜਾਣਾ ਚਾਹੀਦਾ ਹੈ। ਜੰਗ ਦੇ ਮੌਜੂਦਾ ਪੜਾਅ ਤੇ ਜਰਮਨ ਸਾਮਰਾਜ ਦੀ ਜਿੱਤ ਹੋ ਜਾਣ ਦੀ ਸੂਰਤ ਵਿਚ ਇਹ ਢਹਿ-ਢੇਰੀ ਹੋਣਾ ਪਿੱਛੇ ਪੈ ਸਕਦਾ ਹੈ, ਪਰ ਫਿਰ ਇਹ ਵਧੇਰੇ ਤੀਖਣ ਰੂਪਾਂ ਵਿਚ ਆਪਣੇ ਆਪ ਨੂੰ ਪ੍ਰਗਟ ਕਰੇਗਾ।"

ਇਹ ਸੂਤਰ ਸਾਇੰਸ ਨਾਲ ਖੇਡਣ ਦੇ ਬਾਵਜੂਦ ਹੋਰ ਵੀ ਵਧੇਰੇ ਬੱਚਗਾਨਾ ਢੰਗ ਨਾਲ ਅਸ਼ੁਧ ਹੈ। ਬੱਚਿਆਂ ਲਈ ਸਾਇੰਸ ਨੂੰ ਕੋਈ ਐਸੀ ਚੀਜ਼ "**ਸਮਝਣਾ**" ਕੁਦਰਤੀ ਹੈ ਜਿਹੜੀ ਇਹ ਨਿਸਚਿਤ ਕਰ ਸਕਦੀ ਹੈ ਕਿ ਕਿਸ ਸਾਲ ਵਿਚ, ਬਸੰਤ, ਗਰਮੀਆਂ, ਪਤਝੜ ਜਾਂ ਸਿਆਲ ਵਿਚ "ਢਹਿ-ਢੇਰੀ ਹੋਣ ਦਾ ਆਰੰਭ ਹੋਣਾ ਜ਼ਰੂਰੀ ਹੈ।"

ਇਹ ਐਸੀਆਂ ਚੀਜ਼ਾਂ ਨੂੰ ਨਿਸਚਿਤ ਕਰਨ ਦਾ ਹਾਸੋਹੀਣਾ, ਵਿਅਰਥ ਯਤਨ ਹੈ, ਜਿਨ੍ਹਾਂ ਨੂੰ ਨਿਸਚਿਤ ਨਹੀਂ ਕੀਤਾ ਜਾ ਸਕਦਾ। ਕੋਈ ਗੰਭੀਰ ਨੀਤੀਵਾਨ ਕਦੀ ਵੀ ਇਹ ਨਹੀਂ ਕਹੇਗਾ ਕਿ "ਪ੍ਰਬੰਧ" ਦਾ ਇਕ ਜਾਂ ਦੂਜਾ ਢਹਿ-ਢੇਰੀ ਹੋਣਾ **ਕਦੋਂ** "ਸ਼ੁਰੂ ਹੋ ਜਾਣਾ ਚਾਹੀਦਾ ਹੈ" (ਵਧੇਰੇ ਇਸ ਕਰਕੇ ਵੀ ਕਿ **ਪ੍ਰਬੰਧ ਦਾ** ਢਹਿ-ਢੇਰੀ ਹੋਣਾ ਸ਼ੁਰੂ ਹੋ ਵੀ ਚੁੱਕਾ ਹੈ ਤੇ ਸਵਾਲ ਹੁਣ ਉਸ ਘੜੀ ਦਾ ਹੈ ਜਦੋਂ **ਖਾਸ** ਦੇਸਾਂ ਵਿਚ ਇਨਕਲਾਬ ਸ਼ੁਰੂ ਹੋ ਜਾਇਗਾ)। ਪਰ ਇਸ ਬੱਚਿਆਂ ਵਰਗੇ ਲਾਚਾਰਗੀ ਵਾਲੇ ਸੂਤਰ ਵਿਚੋਂ ਇਕ ਨਿਰਵਿਵਾਦ ਸੱਚਾਈ ਜ਼ੋਰਦਾਰ ਢੰਗ ਨਾਲ ਨਿਕਲਦੀ ਹੈ ਕਿ ਦੂਜੇ, ਵਧੇਰੇ ਉੱਨਤ, ਦੇਸਾਂ ਵਿਚ ਇਨਕਲਾਬਾਂ ਦਾ ਛਿੜਨਾ ਹੁਣ ਵਧੇਰੇ **ਨੇੜੇ** ਹੈ, ਅਮਨ ਸਮਝੌਤਾ ਕਰਨ ਤੋਂ ਪਿੱਛੋਂ ਮਿਲੇ "ਸਾਹ ਲੈਣ ਦੇ ਸਮੇਂ" ਦੇ ਸ਼ੁਰੂ ਹੋਣ ਤੋਂ ਲੈ ਕੇ ਇਕ ਮਹੀਨਾ ਵਧੇਰੇ ਨੇੜੇ ਹੈ, ਜਿੰਨਾਂ ਕਿ ਇਹ ਇਕ ਜਾਂ ਡੇਢ ਮਹੀਨਾ ਪਹਿਲਾਂ ਨਹੀਂ ਸੀ।

ਨਤੀਜਾ ਕੀ ਨਿਕਲਦਾ ਹੈ?

ਨਤੀਜਾ ਇਹ ਨਿਕਲਦਾ ਹੈ ਕਿ ਅਮਨ ਦੇ ਹਿਮਾਇਤੀ ਬਿਲਕੁਲ ਠੀਕ ਸਨ ਤੇ ਘਟਨਾਵਾਂ ਦੇ ਪ੍ਰਵਾਹ ਨੇ, ਉਹਨਾਂ ਦੇ ਸਟੈਂਡ ਨੂੰ ਠੀਕ ਸਿਧ ਕੀਤਾ ਹੈ। ਉਹ ਅਡੰਬਰ ਦੇ ਪ੍ਰੇਮੀਆਂ ਦੇ ਮਨਾਂ ਵਿਚ ਇਹ ਭਰਨ ਵਿਚ ਠੀਕ ਸਨ ਕਿ ਬੰਦੇ ਨੂੰ ਤਾਕਤਾਂ ਦੇ ਸੰਤੁਲਨ ਦਾ ਹਿਸਾਬ ਲਾਉਣ ਦੇ ਯੋਗ ਹੋਣਾ ਚਾਹੀਦਾ ਹੈ ਤੇ ਸੋਸ਼ਲਿਜ਼ਮ ਦੇ ਖਿਲਾਫ ਲੜਾਈ ਨੂੰ ਸਾਮਰਾਜੀਆਂ ਲਈ ਸੌਖੀ ਬਣਾ ਕੇ ਉਹਨਾਂ ਦੀ **ਸਹਾਇਤਾ ਨਹੀਂ ਕਰਨੀ ਚਾਹੀਦੀ**, ਜਾਦੋਂ ਸੋਸ਼ਲਿਜ਼ਮ ਅਜੇ ਕਮਜ਼ੋਰ ਹੈ, ਤੇ ਜਦੋਂ ਲੜਾਈ ਦੇ ਸੰਭਵ ਸਿੱਟੇ ਸਪਸ਼ਟ ਤੌਰ ਤੇ ਸੋਸ਼ਲਿਜ਼ਮ **ਦੇ ਖਿਲਾਫ** ਜਾਂਦੇ ਹਨ।

ਪਰ ਸਾਡੇ "ਖੱਬੇ" ਕਮਿਊਨਿਸਟ, ਜਿਹੜੇ ਆਪਣੇ ਆਪ ਨੂੰ "ਪ੍ਰੋਲਤਾਰੀ" ਕਮਿਊਨਿਸਟ ਕਹਿਣ ਦੇ ਵੀ ਸ਼ੌਕੀਨ ਹਨ, ਕਿਉਂਕਿ ਉਹਨਾਂ ਬਾਰੇ ਬਹੁਤ ਥੋਹੜਾ ਕੁਝ ਹੈ ਜਿਹੜਾ ਪ੍ਰੋਲਤਾਰੀ ਹੈ ਤੇ ਬਹੁਤ ਜ਼ਿਆਦਾ ਹੈ ਜਿਹੜਾ ਪੈਟੀ-ਬੁਰਜੂਆ ਹੈ, ਤਾਕਤਾਂ ਦੇ ਸੰਤੁਲਨ ਵੱਲ ਧਿਆਨ ਦੇਣ ਦੇ, ਇਸਦਾ ਹਿਸਾਬ-ਕਿਤਾਬ ਲਾਉਣ ਦੇ ਅਸਮਰਥ ਹਨ। ਇਹ ਮਾਰਕਸਵਾਦ ਦਾ ਤੇ ਮਾਰਕਸਵਾਦੀ ਦਾਅ-ਪੇਚਾਂ ਦਾ ਧੁਰਾ ਹੈ,

ਪਰ ਉਹ "ਮਾਨ ਭਰੀਆਂ" ਫਿਕਰੇਬਾਜ਼ੀਆਂ ਨਾਲ ਇਸ "ਧੁਰੇ" ਨੂੰ ਹਿਕਾਰਤ ਨਾਲ ਹੂੰਝ ਕੇ ਲਾਂਭੇ ਕਰ ਦੇਂਦੇ ਹਨ, ਜਿਵੇਂ ਕਿ:

"...ਰਾਜਸੀ ਅਵਸਥਾ ਦੀ ਬਾਹਰਮੁਖੀ ਹਕੀਕਤ ਇਹ ਹੈ ਕਿ ਜਨਤਾ ਗੈਰ-ਸਰਗਰਮ 'ਅਮਨ ਜ਼ਿਹਨੀਅਤ' ਨਾਲ ਪੂਰੀ ਤਰ੍ਹਾਂ ਭਰ ਗਈ ਹੈ..."

ਕਿਆ ਹੀਰਾ-ਵਿਚਾਰ ਹੈ? ਅਤਿ ਦੀ ਤਸੀਹੇ ਦੇਣ ਵਾਲੀ ਤੇ ਪਿਛਾਂਖਿਚੂ ਜੰਗ ਦੇ ਤਿੰਨ ਸਾਲਾਂ ਪਿਛੋਂ, ਸੋਵੀਅਤ ਸੱਤਾ ਤੇ ਇਸ ਦੇ ਠੀਕ ਦਾਅ-ਪੇਚਾਂ ਸਦਕਾ, ਜੋ ਕਿ ਕਦੀ ਸਿਰਫ ਫਿਕਰੇਬਾਜ਼ੀ ਵਿਚ ਨਹੀਂ ਡਿੱਗੇ, ਲੋਕਾਂ ਨੂੰ ਬਹੁਤ, ਬਹੁਤ ਸੰਖੇਪ, ਗੈਰ-ਯਕੀਨੀ ਤੇ ਬੇਹਦ ਨਾਕਾਫੀ ਸਾਹ ਲੈਣ ਦਾ ਸਮਾਂ ਪ੍ਰਾਪਤ ਹੋਇਆ ਹੈ। ਪਰ "ਖੱਬੇ" ਬੁਧੀਮਾਨ ਛੋਕਰੇ, ਸਵੈ-ਮੋਹਿਤ ਨਾਰਸੀਸਸ[56] ਦੀ ਸ਼ਾਨ ਨਾਲ, ਗੰਭੀਰਤਾ ਨਾਲ ਐਲਾਨ ਕਰਦੇ ਹਨ "ਕਿ ਜਨਤਾ (???) ਗੈਰ-ਸਰਗਰਮ (!!!???) ਅਮਨ ਜ਼ਿਹਨੀਅਤ ਨਾਲ ਪੂਰੀ ਤਰ੍ਹਾਂ ਭਰ ਗਈ (!!!) ਹੈ।" ਕੀ ਮੈਂ ਠੀਕ ਨਹੀਂ ਸਾਂ ਜਦੋਂ ਮੈਂ ਪਾਰਟੀ ਕਾਂਗਰਸ ਵਿਚ ਕਿਹਾ ਸੀ "ਖੱਬਿਆਂ" ਦੇ ਅਖਬਾਰ ਜਾਂ ਰਸਾਲੇ ਦਾ ਨਾਂ "**ਕੋਮੂਨਿਸਤ**" ਨਹੀਂ ਸਗੋਂ "ਸ਼ਲਾਖਤਿਚ" (ਅਰਥਾਤ — "ਛੋਟਾ ਨਵਾਬ" — ਅਨੁ:) ਹੋਣਾ ਚਾਹੀਦਾ ਸੀ। *

ਕੀ ਮਿਹਨਤਕਸ਼ ਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਦੀ ਜ਼ਿਹਨੀਅਤ ਤੇ ਜੀਵਨ-ਹਾਲਤਾਂ ਦੀ ਰਤਾ ਵੀ ਸੂਝ ਰੱਖਣ ਵਾਲਾ ਕਮਿਊਨਿਸਟ ਇਕ ਨਵਾਬ ਜਾਂ ਸ਼ਲਾਖਤਿਚ ਵਾਲੇ ਦਿਮਾਗ਼ੀ ਸੋਚਨੀ ਵਾਲੇ ਪ੍ਰਤਿਨਿਧ ਜਮਾਤਹੀਨ ਪੈਟੀ-ਬੁਰਜੂਆ ਬੁਧੀਮਾਨ ਦੇ ਦ੍ਰਿਸ਼ਟੀਕੋਨ ਤੱਕ ਹੇਠਾਂ ਲਹਿ ਸਕਦਾ ਹੈ, ਜਿਹੜਾ ਐਲਾਨ ਕਰਦਾ ਹੈ ਕਿ "ਅਮਨ ਜ਼ਿਹਨੀਅਤ" "ਗੈਰ-ਸਰਗਰਮ" ਹੈ, ਤੇ ਵਿਸ਼ਵਾਸ ਕਰਦਾ ਹੈ ਕਿ ਗੱਤੇ ਦੀਆਂ ਤਲਵਾਰਾਂ ਘੁਮਾਉਣੀਆਂ "ਸਰਗਰਮੀ" ਹੈ? ਕਿਉਂਕਿ ਸਾਡੇ "ਖੱਬੇ" ਸਿਰਫ ਗੱਤੇ ਦੀ ਤਲਵਾਰ ਹੀ ਘੁਮਾਉਂਦੇ ਹਨ ਜਦੋਂ ਉਹ ਆਮ ਜਾਣੇ ਜਾਂਦੇ ਤੱਥ ਨੂੰ ਅੱਖੋਂ ਓਹਲੇ ਕਰਦੇ ਹਨ, ਜਿਸ ਲਈ ਯੂਕਰੇਨ ਵਿਚਲੀ ਜੰਗ ਨੇ ਇਕ ਹੋਰ ਸਬੂਤ ਦਾ ਕੰਮ ਦਿੱਤਾ ਹੈ, ਕਿ ਤਿੰਨ ਸਾਲ ਦੇ ਬੁੱਚੜਪੁਣੇ ਨਾਲ ਪੂਰੀ ਤਰ੍ਹਾਂ ਸਾਹ-ਸਤਹੀਨ ਹੋ ਚੁੱਕੇ ਲੋਕ ਬਿਨਾਂ ਸਾਹ ਲੈਣ ਦੇ ਸਮੇਂ ਦੇ ਲੜਾਈ ਜਾਰੀ ਨਹੀਂ ਰਖ ਸਕਦੇ; ਤੇ ਜੰਗ ਨੂੰ ਜੇ ਕੌਮੀ ਪੈਮਾਨੇ ਉਤੇ ਜਥੇਬੰਦ ਨਹੀਂ ਕੀਤਾ ਜਾ ਸਕਦਾ, ਤਾਂ ਇਹ ਅਕਸਰ ਪ੍ਰੋਲਤਾਰੀਆਂ ਦੇ ਫੌਲਾਦੀ ਜ਼ਬਤ ਦੀ ਥਾਂ ਪਾਟੋ-ਧਾੜ ਦੀ ਜ਼ਿਹਨੀਅਤ ਪੈਦਾ ਕਰਦੀ ਹੈ, ਜੋ ਕਿ ਨਿੱਕੇ ਕਾਰੋਬਾਰ-ਮਾਲਕਾਂ ਦੀ ਵਿਸ਼ੇਸ਼ਤਾ ਹੁੰਦੀ ਹੈ। ਕੋਮੂਨਿਸਤ' ਦਾ ਹਰ ਸਫਾ ਦਰਸਾਉਂਦਾ ਹੈ ਕਿ ਸਾਡੇ

---

* **ਦੇਖੋ** ਸਫਾ ੧੦੨। — **ਸੰਪਾ:**

ਖੱਬਿਆਂ ਨੂੰ ਫੌਲਾਦੀ ਪ੍ਰੋਲਤਾਰੀ ਡਿਸਿਪਲਿਨ ਦਾ, ਤੇ ਇਸਦਾ ਕਿ ਇਹ ਕਿਵੇਂ ਪ੍ਰਾਪਤ ਕੀਤਾ ਜਾਂਦਾ ਹੈ, ਕੋਈ ਪਤਾ ਨਹੀਂ, ਕਿ ਉਹ ਜਮਾਤਹੀਨ ਪੈਟੀ-ਬੁਰਜੂਆ ਬੁਧੀਮਾਨ ਦੀ ਜ਼ਿਹਨੀਅਤ ਨਾਲ ਪੂਰੀ ਤਰ੍ਹਾਂ ਭਰ ਚੁੱਕੇ ਹਨ।

## ੨

ਸ਼ਾਇਦ ਜੰਗ ਬਾਰੇ "ਖੱਬਿਆਂ" ਦੀਆਂ ਇਹਨਾਂ ਸਾਰੀਆਂ ਫਿਕਰੇਬਾਜ਼ੀਆਂ ਨੂੰ ਬੱਚਗਾਨਾ ਡੁਲ੍ਹ-ਡੁਲ੍ਹ ਪੈਣਾ ਦਸਿਆ ਜਾ ਸਕਦਾ ਹੈ, ਜਿਸਦਾ, ਇਸਤੋਂ ਛੁਟ, ਬੀਤੇ ਨਾਲ ਸੰਬੰਧ ਹੈ, ਤੇ ਇਸ ਲਈ ਜਿਸਦੀ ਜ਼ਰਾ ਵੀ ਰਾਜਨੀਤਕ ਮਹੱਤਤਾ ਨਹੀਂ? ਇਹ ਹੈ ਦਲੀਲ ਜਿਹੜੀ ਕੁਝ ਲੋਕ ਸਾਡੇ "ਖੱਬਿਆਂ" ਦੀ ਵਕਾਲਤ ਕਰਦਿਆਂ ਦੇਂਦੇ ਹਨ। ਪਰ ਇਹ ਗ਼ਲਤ ਹੈ। ਰਾਜਸੀ ਆਗੂ ਬਨਣ ਦੀ ਲਾਲਸਾ ਰਖਦੇ ਕਿਸੇ ਵੀ ਬੰਦੇ ਨੂੰ ਰਾਜਸੀ ਮਸਲੇ **ਸੋਚ ਕੇ ਹਲ ਕਰ ਸਕਣ** ਦੇ ਯੋਗ ਹੋਣਾ ਚਾਹੀਦਾ ਹੈ, ਤੇ ਇਸ ਯੋਗਤਾ ਦੀ ਘਾਟ "ਖੱਬਿਆਂ" ਨੂੰ ਡਿੱਕੋ-ਡੋਲਿਆਂ ਦੀ ਨੀਤੀ ਦੇ ਨਿਰਬਲ ਪਰਚਾਰਕਾਂ ਵਿਚ ਬਦਲ ਦੇਂਦੀ ਹੈ, ਇਸਦਾ ਬਾਹਰਮੁਖੀ ਤੌਰ ਤੇ ਸਿਰਫ ਇੱਕ ਹੀ ਸਿੱਟਾ ਨਿਕਲ ਸਕਦਾ ਹੈ, ਅਰਥਾਤ, ਆਪਣੇ ਡਿੱਕੋ-ਡੋਲਿਆਂ ਨਾਲ "ਖੱਬੇ" ਰੂਸੀ ਸੋਵੀਅਤ ਰੀਪਬਲਿਕ ਨਾਲ ਐਸੀ ਲੜਾਈ ਸ਼ੁਰੂ ਕਰਨ ਵਿਚ ਸਾਮਰਾਜੀਆਂ ਦੀ **ਸਹਾਇਤਾ ਕਰ ਰਹੇ ਹਨ**, ਜਿਹੜੀ ਪ੍ਰਤੱਖ ਤੌਰ ਤੇ ਇਸ ਵਾਸਤੇ ਘਾਟੇਵੰਦੀ ਰਹੇਗੀ, ਉਹ ਸਾਨੂੰ ਜਾਲ ਵਿਚ ਫਸਾ ਲੈਣ ਵਿਚ ਸਾਮਰਾਜੀਆਂ ਦੀ **ਮਦਦ ਕਰ ਰਹੇ ਹਨ**। ਜ਼ਰਾ ਇਸਨੂੰ ਸੁਣੋ:

> "...ਰੂਸੀ ਮਜ਼ਦੂਰ ਇਨਕਲਾਬ ਸੰਸਾਰ ਇਨਕਲਾਬ ਦੇ ਰਾਹ ਨੂੰ ਛੱਡ ਕੇ, ਲੜਾਈ ਤੋਂ ਲਗਾਤਾਰ ਕਤਰਾ ਕੇ ਤੇ ਕੌਮਾਂਤਰੀ ਸਰਮਾਏ ਦੇ ਦਬਾਅ ਹੇਠ ਝੁਕ ਕੇ, 'ਘਰੇਲੂ ਸਰਮਾਏ' ਨੂੰ ਛੋਟਾਂ ਦੇ ਕੇ 'ਆਪਣੇ ਆਪ ਨੂੰ ਬਚਾਅ' ਨਹੀਂ ਸਕਦਾ।
>
> "ਇਸ ਦ੍ਰਿਸ਼ਟੀਕੋਨ ਤੋਂ ਇਹ ਜ਼ਰੂਰੀ ਹੈ ਕਿ ਦ੍ਰਿੜ੍ਹ ਜਮਾਤੀ ਕੌਮਾਂਤਰੀ ਨੀਤੀ ਅਪਣਾਈ ਜਾਏ ਜਿਹੜੀ ਕੌਮਾਂਤਰੀ ਇਨਕਲਾਬੀ ਪਰਚਾਰ ਨੂੰ ਕਥਨੀ ਤੇ ਕਰਨੀ ਨਾਲ ਇੱਕਠਿਆਂ ਕਰੇਗੀ, ਤੇ ਕੌਮਾਂਤਰੀ ਸੋਸ਼ਲਿਜ਼ਮ ਨਾਲ (ਨਾ ਕਿ ਕੌਮਾਂਤਰੀ ਬੁਰਜੂਆਜ਼ੀ ਨਾਲ) ਸਜੀਵ ਸੰਬੰਧ ਮਜ਼ਬੂਤ ਕੀਤੇ ਜਾਣ...

ਇਸ ਪੈਰੇ ਵਿਚ ਘਰੇਲੂ ਨੀਤੀ ਉਪਰ ਲਾਈਆਂ ਗਈਆਂ ਚੋਟਾਂ ਨੂੰ ਮੈਂ ਵੱਖਰਿਆਂ ਲਵਾਂਗਾ। ਪਰ ਬਦੇਸ਼ ਨੀਤੀ ਦੇ ਖੇਤਰ ਵਿਚ ਫਿਕਰੇਬਾਜ਼ੀ ਦੇ ਇਸ ਘੜਮੱਸ ਨੂੰ — ਤੇ ਕਰਨੀ ਵਿਚਲੀ ਬੁਜ਼ਦਿਲੀ ਨੂੰ ਜ਼ਰਾ ਦੇਖੋ। ਉਹਨਾਂ ਸਾਰਿਆਂ ਲਈ ਜਿਹੜੇ ਸਾਮਰਾਜੀ ਭੜਕਾਹਟ ਦੇ ਹਥਿਆਰ ਨਹੀਂ ਬਨਣਾ ਚਾਹੁੰਦੇ ਤੇ ਜਿਹੜੇ ਜਾਲ ਵਿਚ ਨਹੀਂ ਫਸਣਾ ਚਾਹੁੰਦੇ, **ਵਰਤਮਾਨ ਸਮੇਂ ਵਿਚ** ਕਿਹੜੇ ਦਾਅ-ਪੇਚ **ਲਾਜ਼ਮੀ** ਹਨ? ਹਰ ਸਿਆਸਤਦਾਨ

ਨੂੰ ਇਸ ਸਵਾਲ ਦਾ ਸਪਸ਼ਟ, ਸਿਧਾ ਸਿਧਾ ਜਵਾਬ ਦੇਣਾ ਚਾਹੀਦਾ ਹੈ। ਸਾਡੀ ਪਾਰਟੀ ਦਾ ਜਵਾਬ ਸਾਰੇ ਜਾਣਦੇ ਹਨ: **ਵਰਤਮਾਨ** ਸਮੇਂ ਵਿਚ ਸਾਨੂੰ **ਪਿੱਛੇ ਹਟਣਾ** ਤੇ ਲੜਾਈ ਨੂੰ ਟਾਲਣਾ ਚਾਹੀਦਾ ਹੈ। ਸਾਡੇ "ਖੱਬੇ" ਇਸਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਕਰਦੇ ਤੇ ਹਵਾ ਵਿਚ ਵਗਾਹ ਮਾਰਦੇ ਹਨ: "ਦ੍ਰਿੜ੍ਹ ਜਮਾਤੀ ਕੌਮਾਂਤਰੀ ਨੀਤੀ"!!

ਇਹ ਲੋਕਾਂ ਨੂੰ ਧੋਖਾ ਦੇਣਾ ਹੈ। ਜੇ ਤੁਸੀਂ ਹੁਣ ਲੜਣਾ ਚਾਹੁੰਦੇ ਹੋ, ਤਾਂ ਖੁਲ੍ਹਮ-ਖੁਲ੍ਹਾ ਇਹ ਕਹੋ। ਜੇ ਤੁਸੀਂ ਹੁਣ **ਪਿੱਛੇ ਹਟਣਾ** ਨਹੀਂ ਚਾਹੁੰਦੇ, ਤਾਂ ਖੁਲ੍ਹਮ-ਖੁਲ੍ਹਾ ਕਹੋ। ਨਹੀਂ ਤਾਂ ਆਪਣੇ ਬਾਹਰਮੁਖੀ ਰੋਲ ਵਿਚ ਤੁਸੀਂ ਸਾਮਰਾਜੀ ਭੜਕਾਹਟ ਦੇ ਹਥਠੋਕੇ ਹੋ। ਤੇ ਤੁਹਾਡੀ ਅੰਤਰਮੁਖੀ "ਜ਼ਿਹਨੀਅਤ" ਪਾਗ਼ਲ ਹੋਏ ਹੋਏ ਪੈਟੀ-ਬੁਰਜੂਆ ਵਾਲੀ ਹੈ ਜਿਹੜਾ ਆਕੜਦਾ ਤੇ ਡੀਂਗਾਂ ਮਾਰਦਾ ਹੈ ਪਰ ਬਿਲਕੁਲ ਠੀਕ ਠੀਕ ਸਮਝਦਾ ਹੈ ਕਿ ਪ੍ਰੋਲਤਾਰੀ ਸੰਗਠਿਤ ਤਰੀਕੇ ਨਾਲ ਪਿੱਛੇ ਹਟਣ ਦੀ ਕੋਸ਼ਿਸ਼ ਕਰਨ ਵਿਚ ਤੇ ਪਿੱਛੇ ਹਟਣ ਵਿਚ **ਠੀਕ** ਹਨ। ਉਹ ਸੋਝੀ ਰਖਦਾ ਹੈ ਕਿ ਪ੍ਰੋਲਤਾਰੀ ਇਹ ਦਲੀਲ ਦੇਣ ਵਿਚ ਬਿਲਕੁਲ ਠੀਕ ਹਨ ਕਿ ਕਿਉਂਕਿ ਸਾਡੇ ਕੋਲ ਤਾਕਤ ਨਹੀਂ ਇਸ ਲਈ ਸਾਨੂੰ (ਪੱਛਮੀ ਤੇ ਪੂਰਬੀ ਸਾਮਰਾਜ ਦੇ ਸਾਮ੍ਹਣੇ) ਭਾਵੇਂ ਯੂਰਾਲਜ਼ ਤੱਕ ਵੀ, ਪਿੱਛੇ ਹਟ ਜਾਣਾ ਚਾਹੀਦਾ ਹੈ ਕਿਉਂਕਿ ਇਸ ਗੱਲ ਵਿਚ ਹੀ ਸਾਡੇ ਕੋਲ ਸਮਾਂ ਲੈਣ ਦਾ **ਇਕੋ ਇਕ** ਮੌਕਾ ਹੈ ਜਦੋਂ ਤੱਕ ਕਿ ਪੱਛਮ ਵਿਚ ਇਨਕਲਾਬ ਪੱਕਦਾ ਹੈ, ਉਹ ਇਨਕਲਾਬ ਜਿਹੜਾ ("ਖੱਬਿਆਂ" ਦੀ ਬੜ-ਬੜ ਦੇ ਬਾਵਜੂਦ) "ਲਾਜ਼ਮੀ" ਨਹੀਂ "ਬਸੰਤ ਜਾਂ ਗਰਮੀਆਂ" ਵਿਚ ਸ਼ੁਰੂ ਹੋ ਜਾਏ, ਪਰ ਜਿਹੜਾ ਵਧੇਰੇ ਨੇੜੇ ਆ ਰਿਹਾ ਹੈ **ਹਰ ਮਹੀਨੇ ਨਾਲ** ਵਧੇਰੇ ਸੰਭਵ ਬਣਦਾ ਜਾ ਰਿਹਾ ਹੈ।

"ਖੱਬਿਆਂ" ਦੀ "ਆਪਣੀ" ਕੋਈ ਨੀਤੀ ਨਹੀਂ। ਉਹਨਾਂ ਵਿਚ ਇਹ ਐਲਾਨ ਕਰਨ ਦੀ **ਹਿੰਮਤ ਨਹੀਂ** ਕਿ **ਵਰਤਮਾਨ ਸਮੇਂ** ਪਿੱਛੇ ਹਟਣਾ ਗ਼ੈਰ-ਜ਼ਰੂਰੀ ਹੈ। ਉਹ ਮਰੋੜੇ ਖਾਂਦੇ, ਲਫਜ਼ੀ ਹੇਰਾਫੇਰੀਆਂ ਕਰਦੇ, **ਵਰਤਮਾਨ ਸਮੇਂ** ਲੜਾਈ ਟਾਲਣ ਦੇ ਸਵਾਲ ਦੀ ਥਾਂ "ਲਗਾਤਾਰ" ਲੜਾਈ ਟਾਲਣ ਦੇ ਸਵਾਲ ਨੂੰ ਦੇਂਦੇ ਹਨ। ਉਹ "ਕਰਨੀ ਰਾਹੀਂ ਕੌਮਾਂਤਰੀ ਇਨਕਲਾਬੀ ਪਰਚਾਰ ਵਰਗੇ" ਬੁਲਬੁਲੇ ਉਡਾਉਂਦੇ ਹਨ!! ਇਸ ਦਾ ਮਤਲਬ ਕੀ ਹੈ?

ਇਸਦਾ ਮਤਲਬ ਇਹਨਾਂ ਦੋ ਚੀਜ਼ਾਂ ਵਿਚੋਂ ਕੋਈ ਇਕ ਹੋ ਸਕਦਾ ਹੈ: ਜਾਂ ਤਾਂ ਇਹ ਨਿਰੋਲ ਨਾਜ਼ਦਰੀਓਵਵਾਦ[57] ਹੈ, ਜਾਂ ਇਸਦਾ ਮਤਲਬ ਕੌਮਾਂਤਰੀ ਸਾਮਰਾਜ ਨੂੰ ਉਲਟਾਉਣ ਲਈ ਜੰਗੀ ਚੜ੍ਹਾਈ ਕਰਨਾ ਹੈ। ਇਹੋ ਜਿਹੀ ਬਕਵਾਸ ਖੁਲ੍ਹਮ-ਖੁਲ੍ਹਾ ਨਹੀਂ ਕੀਤੀ ਜਾ ਸਕਦੀ ਤੇ ਇਸੇ ਕਰਕੇ ਹੀ "ਖੱਬੇ" ਕਮਿਊਨਿਸਟ ਹਰ ਜਮਾਤੀ ਤੌਰ ਤੇ ਚੇਤੰਨ ਪ੍ਰੋਲਤਾਰੀ ਦੇ ਮਜ਼ਾਕ ਤੋਂ ਬਚਣ ਲਈ ਵਡ-ਬੋਲੀ ਤੇ ਫੋਕੀ ਲੱਫਾਜ਼ੀ ਪਿੱਛੇ ਸ਼ਰਨ ਲੈਂਦੇ ਹਨ। ਉਹ ਆਸ ਰਖਦੇ ਹਨ ਕਿ ਬੇਧਿਆਨ ਪਾਠਕ "ਕਰਨੀ ਰਾਹੀਂ ਕੌਮਾਂਤਰੀ

ਇਨਕਲਾਬੀ ਪਰਚਾਰ" ਦੀ ਲੱਫਾਜ਼ੀ ਦੇ ਅਸਲੀ ਅਰਥਾਂ ਵੱਲ ਧਿਆਨ ਨਹੀਂ ਦੇਵੇਗਾ।

ਵਡ-ਬੋਲੇ ਫਿਕਰਿਆਂ ਦਾ ਵਿਖਾਵਾ ਕਰਨਾ ਜਮਾਤ-ਹੀਨ ਹੋਏ ਪੈਟੀ-ਬੁਰਜੂਆ ਬੁਧੀਮਾਨਾਂ ਦਾ ਲੱਛਣ ਹੈ। ਜਥੇਬੰਦ ਪ੍ਰੋਲਤਾਰੀ ਕਮਿਊਨਿਸਟ ਯਕੀਨਨ ਇਸ "ਆਦਤ" ਦੀ ਘਟੋ ਘਟ ਸਜ਼ਾ ਇਸਦੀ ਖਿੱਲੀ ਉਡਾਉਣ ਤੇ ਸਾਰੀਆਂ ਜ਼ਿਮੇਵਾਰ ਪਦਵੀਆਂ ਤੋਂ ਕੱਢ ਦੇਣ ਨਾਲ ਦੇਣਗੇ। ਲੋਕਾਂ ਨੂੰ ਕੌੜੀ ਸਚਾਈ ਸਾਦੀ ਤਰ੍ਹਾਂ, ਸਪਸ਼ਟਤਾ ਨਾਲ ਤੇ ਬਿਲਕੁਲ ਸਿੱਧੇ ਢੰਗ ਨਾਲ ਦੱਸੀ ਜਾਣੀ ਚਾਹੀਦੀ ਹੈ: ਇਹ ਹੋ ਸਕਦਾ ਹੈ, ਸਗੋਂ ਸੰਭਵ ਹੈ, ਕਿ ਜੰਗੀ ਪਾਰਟੀ ਦਾ ਜਰਮਨੀ ਵਿਚ ਹੱਥ ਉੱਪਰ ਹੋ ਜਾਏ (ਅਰਥਾਤ, ਸਾਡੇ ਉੱਪਰ ਹਮਲਾ ਇਕਦਮ ਸ਼ੁਰੂ ਹੋ ਜਾਇਗਾ), ਤੇ ਜਾਪਾਨ ਨਾਲ ਰਲ ਕੇ ਜਰਮਨੀ, ਸਰਕਾਰੀ ਸਮਝੌਤੇ ਰਾਹੀਂ ਜਾਂ ਲੁਕਵੀਂ ਸਮਝ ਰਾਹੀਂ, ਸਾਨੂੰ ਵੰਡ ਦੇਵੇ ਤੇ ਗਲਾ ਘੁੱਟ ਦੇਵੇ। ਜੇ ਅਸੀਂ ਰੌਲਾ ਪਾਉਣ ਵਾਲਿਆਂ ਨੂੰ ਸੁਨਣਾ ਨਹੀਂ ਚਾਹੁੰਦੇ ਤਾਂ ਸਾਡੇ ਦਾਅ-ਪੇਚ ਹੋਣੇ ਚਾਹੀਦੇ ਹਨ — ਉਡੀਕੋ, ਲਮਕਾਓ, ਲੜਾਈ ਟਾਲੋ ਤੇ ਪਿੱਛੇ ਹਟ ਜਾਓ। ਜੇ ਅਸੀਂ ਰੌਲਾ ਪਾਉਣ ਵਾਲਿਆਂ ਨੂੰ ਹਿਲੂਣ ਕੇ ਕਢ ਦੇਈਏ ਤੇ ਸਚਮੁਚ ਦਾ ਫੌਲਾਦੀ, ਸਚਮੁਚ ਦਾ ਪ੍ਰੋਲਤਾਰੀ, ਸਚਮੁਚ ਦਾ ਕਮਿਊਨਿਸਟ ਡਿਸਿਪਲਿਨ ਪੈਦਾ ਕਰਕੇ "ਆਪਣੇ ਆਪ ਨੂੰ ਕੱਸ ਲਈਏ", ਤਾਂ ਸਾਡੇ ਕੋਲ ਮਹੀਨੇ ਲੈ ਲੈਣ ਦਾਂ ਚੰਗਾ ਮੌਕਾ ਹੋਵੇਗਾ। ਤੇ ਫਿਰ, ਜੇ ਹਾਲਤ ਭੈੜੀ ਤੋਂ ਭੈੜੀ ਵੀ ਹੋ ਜਾਂਦੀ ਹੈ ਤਾਂ, ਯੂਰਾਲਜ਼ ਤੱਕ ਵੀ ਪਿੱਛੇ ਹਟ ਕੇ ਅਸੀਂ ਆਪਣੇ ਇਤਿਹਾਦੀ (ਕੌਮਾਂਤਰੀ ਪ੍ਰੋਲਤਾਰੀਆਂ) ਲਈ ਸਾਡੀ ਸਹਾਇਤਾ ਲਈ ਬਹੁੜਨਾ, ਇਨਕਲਾਬੀ ਵਿਦ੍ਰੋਹਾਂ ਦੇ ਸ਼ੁਰੂ ਹੋਣ ਤੇ ਇਨਕਲਾਬ ਵਿਚਲੇ ਫਾਸਲੇ ਨੂੰ **ਮੁਕਾ ਕੇ "ਨਾਲ ਰਲਣਾ"** (ਖੇਡਾਂ ਦੀ ਬੋਲੀ ਵਿਚ) ਵਧੇਰੇ **ਸੌਖਾ ਬਣਾ ਦੇਵਾਂਗੇ।**

ਇਹ, ਤੇ ਸਿਰਫ ਇਹ, ਹਨ ਦਾਅ-ਪੇਚ ਜਿਹੜੇ ਅਸਲ ਵਿਚ ਕੌਮਾਂਤਰੀ ਸੋਸ਼ਲਿਜ਼ਮ ਤੇ ਇਕ ਆਰਜ਼ੀ ਤੌਰ ਤੇ ਨਿੱਖੜੇ ਹੋਏ ਹਿੱਸੇ ਤੇ ਦੂਜੇ ਹਿੱਸਿਆਂ ਵਿਚਲੇ ਸੰਬੰਧ ਨੂੰ ਮਜ਼ਬੂਤ ਕਰ ਸਕਦੇ ਹਨ। ਪਰ ਸਚਾਈ ਇਹ ਹੈ ਕਿ ਤੁਹਾਡੀਆਂ ਸਾਰੀਆਂ ਦਲੀਲਾਂ, ਪਿਆਰੇ "ਖੱਬੇ ਕਮਿਊਨਿਸਟੋ", ਜਿਧਰ ਨੂੰ ਲਿਜਾਂਦੀਆਂ ਹਨ ਉਹ ਹੈ ਇਕ ਵਡ-ਬੋਲੇ ਫਿਕਰੇ ਤੇ ਦੂਜੇ ਵਿਚਕਾਰ "ਸਜੀਵ ਸੰਬੰਧ ਨੂੰ ਮਜ਼ਬੂਤ ਬਨਾਉਣਾ।" ਭੈੜੀ ਤਰ੍ਹਾਂ ਦਾ "ਸਜੀਵ ਸੰਬੰਧ" ਹੈ, ਇਹ!

ਮੇਰੇ ਮਿਲਾਪੜੇ ਦੋਸਤੋ, ਮੈਂ ਤੁਹਾਨੂੰ ਚਾਨਣ ਪਾਵਾਂਗਾ ਕਿ ਇਹੋ ਜਿਹਾ ਭਾਣਾ ਤੁਹਾਡੇ ਨਾਲ ਕਿਉਂ ਵਾਪਰਿਆ। ਇਸਦਾ ਕਾਰਨ ਇਹ ਹੈ ਕਿ ਤੁਸੀਂ ਇਨਕਲਾਬੀ ਨਾਅਰਿਆਂ ਨੂੰ ਯਾਦ ਕਰਨ ਤੇ ਰੱਟ ਲਾਉਣ ਦੀ ਉਹਨਾਂ ਬਾਰੇ ਸੋਚਣ ਨਾਲੋਂ ਵਧੇਰੇ ਕੋਸ਼ਿਸ਼ ਕਰਦੇ ਹੋ। ਇਹ ਗੱਲ ਤੁਹਾਨੂੰ "ਸੋਸ਼ਲਿਸਟ ਪਿਤਾਭੂਮੀ ਦੀ ਰਾਖੀ" ਸ਼ਬਦਾਂ ਨੂੰ ਕਾਮਿਆਂ ਵਿਚ ਲਿਖਣ ਵੱਲ ਲੈ ਜਾਂਦੀ ਹੈ ਜਿਨ੍ਹਾਂ ਦਾ ਮਤਲਬ ਸ਼ਾਇਦ ਤੁਹਾਡੇ ਵਿਅੰਗਮਈ ਹੋਣ ਦੇ ਯਤਨਾਂ ਦਾ ਸੰਕੇਤ ਦੇਣਾ ਹੈ, ਪਰ ਜਿਹੜੇ ਸਚਮੁਚ ਸਿਧ ਕਰਦੇ

ਹਨ ਕਿ ਤੁਸੀਂ ਘਚੋਲੇ ਭਰੀ ਸੋਚਨੀ ਵਾਲੇ ਹੋ। ਤੁਸੀਂ "ਰਖਿਆਵਾਦ" ਨੂੰ ਕੋਈ ਘਟੀਆ ਤੇ ਘਿਨਾਉਣੀ ਚੀਜ਼ ਸਮਝਣ ਦੇ ਆਦੀ ਹੋ; ਤੁਸੀਂ ਇਹ ਸਿੱਖ ਲਿਆ ਤੇ ਰੱਟਾ ਲਾ ਲਿਆ ਹੈ। ਤੁਸੀਂ ਇਸਨੂੰ ਏਨੀਂ ਪੱਕੀ ਤਰ੍ਹਾਂ ਮੂੰਹ-ਜ਼ਬਾਨੀ ਯਾਦ ਕਰ ਲਿਆ ਹੈ ਕਿ ਤੁਹਾਡੇ ਵਿਚੋਂ ਕਈਆਂ ਨੇ ਝੱਖਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਕਿ ਸਾਮਰਾਜੀ **ਦੌਰ ਵਿਚ** ਪਿਤਾਭੂਮੀ ਦੀ ਰਾਖੀ ਦੀ ਆਗਿਆ ਨਹੀਂ ਹੋ ਸਕਦੀ (ਅਸਲ ਵਿਚ, ਇਸਦੀ ਬੁਰਜੂਆਜ਼ੀ ਵਲੋਂ ਲੜੀ ਜਾ ਰਹੀ ਸਾਮਰਾਜੀ, ਪਿਛਾਂਹਖਿਚੂ ਜੰਗ ਵਿਚ ਹੀ ਆਗਿਆ ਨਹੀਂ ਹੋ ਸੱਕਦੀ)। ਪਰ ਤੁਸੀਂ ਇਹ ਨਹੀਂ ਸੋਚਿਆ ਕਿ "ਰਖਿਆਵਾਦ" ਕਿਉਂ ਤੇ ਕਦੋਂ ਨਫਰਤਯੋਗ ਹੈ।

ਪਿਤਾਭੂਮੀ ਦੀ ਰਾਖੀ ਨੂੰ ਮਾਣਤਾ ਦੇਣ ਦਾ ਮਤਲਬ ਜੰਗ ਦੇ ਕਾਨੂੰਨੀ ਤੇ ਨਿਆਈਂ ਹੋਣ ਨੂੰ ਮਾਣਤਾ ਦੇਣਾ ਹੈ। ਕਿਸ ਦ੍ਰਿਸ਼ਟੀਕੋਨ ਤੋਂ ਕਾਨੂੰਨੀ ਤੇ ਨਿਆਈਂ ਹੋਣਾ? ਸਿਰਫ ਸੋਸ਼ਲਿਸਟ ਪ੍ਰੋਲਤਾਰੀਆਂ ਦੇ ਤੇ ਆਪਣੀ ਮੁਕਤੀ ਲਈ ਇਸਦੇ ਘੋਲ ਦੇ ਦ੍ਰਿਸ਼ਟੀਕੋਨ ਤੋਂ। ਅਸੀਂ ਹੋਰ ਕਿਸੇ ਦ੍ਰਿਸ਼ਟੀਕੋਨ ਨੂੰ ਨਹੀਂ ਮੰਨਦੇ। ਜੇ ਜੰਗ ਲੋਟੂ ਜਮਾਤ ਵਲੋਂ ਜਮਾਤ ਦੇ ਤੌਰ ਤੇ ਆਪਣੀ ਹਕੂਮਤ ਮਜ਼ਬੂਤ ਕਰਨ ਦੇ ਨਿਸ਼ਾਨੇ ਨਾਲ ਲੜੀ ਜਾਂਦੀ ਹੈ, ਤਾਂ ਇਹੋ ਜਿਹੀ ਜੰਗ ਮੁਜਰਮਾਨਾ ਜੰਗ ਹੈ, ਤੇ **ਇਹੋ ਜਿਹੀ** ਜੰਗ ਵਿਚ "ਰਖਿਆਵਾਦ" ਸੋਸ਼ਲਿਜ਼ਮ ਨਾਲ ਨੀਚ ਗ਼ੱਦਾਰੀ ਹੈ। ਜੇ ਜੰਗ ਪ੍ਰੋਲਤਾਰੀਆਂ ਵਲੋਂ ਆਪਣੇ ਦੇਸ ਵਿਚ ਬੁਰਜੂਆਜ਼ੀ ਉਪੱਰ ਜਿੱਤ ਪ੍ਰਾਪਤ ਕਰ ਲੈਣ ਪਿਛੋਂ ਲੜੀ ਜਾਂਦੀ ਹੈ, ਤੇ ਸੋਸ਼ਲਿਜ਼ਮ ਨੂੰ ਮਜ਼ਬੂਤ ਕਰਨ ਤੇ ਅਗੇ ਖੜਣ ਦੇ ਨਿਸ਼ਾਨੇ ਨਾਲ ਲੜੀ ਜਾਂਦੀ ਹੈ, ਤਾਂ ਇਹੋ ਜਿਹੀ ਜੰਗ ਕਾਨੂੰਨੀ ਤੇ "ਪਵਿੱਤਰ" ਹੈ।

੨੫ ਅਕਤੂਬਰ, ੧੯੧੭ ਤੋਂ ਅਸੀਂ "ਰਖਿਆਵਾਦੀ" ਹਾਂ। ਮੈਂ ਇਹ ਕਈ ਵਾਰੀ ਬਹੁਤ ਸਾਫ ਸਾਫ ਕਿਹਾ ਹੈ, ਤੇ ਤੁਸੀਂ ਇਸਤੋਂ ਇਨਕਾਰ ਨਹੀਂ ਕਰ ਸਕਦੇ। ਕੌਮਾਂਤਰੀ ਸੋਸ਼ਲਿਜ਼ਮ ਨਾਲ "ਸੰਬੰਧ ਮਜ਼ਬੂਤ ਕਰਨ" ਦੇ ਹਿਤਾਂ ਵਿਚ ਹੀ, **ਆਪਣੀ ਸੋਸ਼ਲਿਸਟ** ਪਿਤਾਭੂਮੀ ਦੀ ਰਾਖੀ ਕਰਨਾ ਸਾਡਾ **ਫਰਜ਼** ਬਣਦਾ ਹੈ, ਜਿਹੜੇ ਲੋਕ ਉਸ ਦੇਸ ਦੀ ਰਾਖੀ ਨੂੰ, ਜਿਸ ਵਿਚ ਪ੍ਰੋਲਤਾਰੀ ਪਹਿਲਾਂ ਹੀ ਜਿੱਤ ਪ੍ਰਾਪਤ ਕਰ ਚੁੱਕੇ ਹਨ, ਹਲਕੀ ਤਰ੍ਹਾਂ ਨਾਲ ਲੈਂਦੇ ਹਨ, ਉਹ ਐਸੇ ਲੋਕ ਹਨ ਜਿਹੜੇ ਕੌਮਾਂਤਰੀ ਸੋਸ਼ਲਿਜ਼ਮ ਨਾਲ ਸੰਬੰਧ ਤਬਾਹ ਕਰਦੇ ਹਨ। ਜਦੋਂ ਅਸੀਂ ਦਬਾਈ ਹੋਈ ਜਮਾਤ ਦੇ ਪ੍ਰਤਿਨਿਧ ਸਾਂ, ਉਦੋਂ ਅਸੀਂ ਸਾਮਰਾਜੀ ਜੰਗ ਵਿਚ ਪਿਤਾਭੂਮੀ ਦੀ ਰਾਖੀ ਵੱਲ ਹੋਛਾ ਵਤੀਰਾ ਨਹੀਂ ਸੀ ਅਪਣਾਇਆ। ਅਸੀਂ ਇਹੋ ਜਿਹੀ ਰਾਖੀ ਦੀ ਅਸੂਲ ਉਪਰ ਵਿਰੋਧਤਾ ਕੀਤੀ ਸੀ। ਹੁਣ, ਜਦ ਅਸੀਂ ਹਾਕਮ ਜਮਾਤ ਦੇ ਪ੍ਰਤਿਨਿਧ ਬਣ ਗਏ ਹਾਂ, ਜਿਸਨੇ ਸੋਸ਼ਲਿਜ਼ਮ ਨੂੰ ਜਥੇਬੰਦ ਕਰਨਾ ਸ਼ੁਰੂ ਕੀਤਾ ਹੈ, ਅਸੀਂ ਮੰਗ ਕਰਦੇ ਹਾਂ ਕਿ ਹਰ ਕੋਈ ਦੇਸ ਦੀ **ਰਾਖੀ ਵੱਲ ਗੰਭੀਰ** ਵਤੀਰਾ ਅਪਣਾਏ। ਦੇਸ ਦੀ ਰਾਖੀ ਵੱਲ ਗੰਭੀਰ ਵਤੀਰਾ ਅਪਨਾਉਣ ਦਾ **ਮਤਲਬ**

ਇਸ ਲਈ ਪੂਰੀ ਤਰ੍ਹਾਂ ਤਿਆਰੀ ਕਰਨਾ, ਤੇ ਤਾਕਤਾਂ ਦੇ ਸੰਤੁਲਨ ਦਾ ਪੂਰੀ ਪੂਰੀ ਤਰ੍ਹਾਂ ਹਿਸਾਬ ਲਾਉਣਾ ਹੈ। ਜੇ ਸਾਡੀਆਂ ਤਾਕਤਾਂ ਪ੍ਰਤੱਖ ਤੌਰ ਉਤੇ ਘਟ ਹਨ, ਤਾਂ ਰਾਖੀ ਦਾ ਸਭ ਤੋਂ ਚੰਗਾ ਤਰੀਕਾ **ਦੇਸ ਦੇ ਅੰਦਰ ਵੱਲ ਪਿੱਛੇ ਹਟ ਜਾਣਾ** ਹੈ। (ਜਿਹੜਾ ਵੀ ਕੋਈ ਇਸਨੂੰ ਬਣਾਵਟੀ ਫਾਰਮੂਲਾ ਸਮਝਦਾ ਹੈ ਜਿਹੜਾ ਮੌਕੇ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਘੜਿਆ ਗਿਆ ਹੈ, ਉਸਨੂੰ ਇਸ ਸੰਬੰਧ ਵਿਚ ਇਤਿਹਾਸ ਦੇ ਸਬਕ ਸਿਖਣ ਦੇ ਸੰਬੰਧ ਵਿਚ ਪੁਰਾਣੇ ਕਲਾਸੇਵਿਤਜ਼ ਨੂੰ ਪੜ੍ਹਨਾ ਚਾਹੀਦਾ ਹੈ, ਜੋ ਕਿ ਫੌਜੀ ਮਾਮਲਿਆਂ ਬਾਰੇ ਸਭ ਤੋਂ ਵਡੀਆਂ ਪ੍ਰਮਾਣੀਕ ਹਸਤੀਆਂ ਵਿਚੋਂ ਇਕ ਹੈ।) ਪਰ "ਖੱਬੇ ਕਮਿਊਨਿਸਟ ਮਾੜਾ ਜਿਹਾ ਸੰਕੇਤ ਵੀ ਨਹੀਂ ਦੇਂਦੇ ਕਿ ਉਹ ਤਾਕਤਾਂ ਦੇ ਸੰਤੁਲਨ ਦੇ ਸਵਾਲ ਦੀ ਮਹੱਤਤਾ ਨੂੰ ਸਮਝਦੇ ਹਨ।

ਜਦੋਂ ਅਸੀਂ ਅਸੂਲ ਉੱਪਰ ਰਖਿਆਵਾਦ ਦੇ ਵਿਰੁਧ ਸਾਂ ਅਸੀਂ ਉਹਨਾਂ ਲੋਕਾਂ ਦਾ ਮਜ਼ਾਕ ਉਡਾਉਣ ਵਿਚ ਠੀਕ ਸਾਂ ਜਿਹੜੇ, ਦੰਭੀ ਤਰ੍ਹਾਂ ਨਾਲ ਸੋਸ਼ਲਿਜ਼ਮ ਦੇ ਹਿਤਾਂ ਵਿਚ, ਆਪਣੀ ਪਿਤਾਭੂਮੀ ਦੀ "ਰਾਖੀ" ਕਰਨਾ ਚਾਹੁੰਦੇ ਸਨ। ਜਦੋਂ ਅਸੀਂ ਪ੍ਰੋਲਤਾਰੀ ਰੱਖਿਆਵਾਦੀ ਹੋਣ ਦਾ ਹੱਕ ਪ੍ਰਾਪਤ ਕਰ ਲਿਆ ਤਾਂ ਸਾਰਾ ਸਵਾਲ ਬੁਨਿਆਦੀ ਤੌਰ ਤੇ ਬਦਲ ਗਿਆ। ਸੰਬੰਧਤ ਵਖੋ ਵਖਰੀਆਂ ਤਾਕਤਾਂ ਦਾ ਬਿਲਕੁਲ ਸ਼ੁਧਤਾਈ ਨਾਲ ਹਿਸਾਬ ਲਾਉਣਾ, ਆਪਣੇ ਇਤਿਹਾਦੀ (ਕੌਮਾਂਤਰੀ ਪ੍ਰੋਲਤਾਰੀਆਂ) ਦੇ ਵੇਲੇ ਸਿਰ ਸਾਡੀ ਸਹਾਇਤਾ ਲਈ ਬਹੁੜ ਸੱਕਣ ਦੇ ਮੌਕਿਆਂ ਨੂੰ ਬੇਹਦ ਧਿਆਨ ਨਾਲ ਤੋਲਣਾ ਸਾਡਾ ਫਰਜ਼ ਬਣ ਗਿਆ ਹੈ। ਇਹ ਸਰਮਾਏ ਦੇ ਹਿਤਾਂ ਵਿਚ ਹੈ ਕਿ ਇਸਤੋਂ ਪਹਿਲਾਂ ਕਿ ਸਾਰੇ ਦੇਸਾਂ ਵਿਚਲੇ ਮਜ਼ਦੂਰ ਇਕਮੁਠ ਹੋ ਜਾਣ (ਸਚਮੁਚ ਇਕਮੁਠ, ਅਰਥਾਤ, ਇਨਕਲਾਬ ਸ਼ੁਰੂ ਕਰ ਕੇ), ਆਪਣੇ ਦੁਸ਼ਮਨ (ਇਨਕਲਾਬੀ ਪ੍ਰੋਲਤਾਰੀ) ਨੂੰ ਇਕ ਇਕ ਟੋਟਾ ਕਰਕੇ ਤਬਾਹ ਕਰ ਦੇਵੇ। ਇਹ ਸਾਡੇ ਹਿਤਾਂ ਵਿਚ ਹੈ ਕਿ ਅਸੀਂ ਫੈਸਲਾਕੁਨ ਲੜਾਈ ਨੂੰ ਪਿੱਛੇ ਪਾਉਣ ਲਈ ਨਿੱਕੇ ਤੋਂ ਨਿੱਕੇ ਮੌਕੇ ਦਾ ਵੀ ਲਾਭ ਉਠਾਉਣ ਵਾਸਤੇ ਜੋ ਵੀ ਸੰਭਵ ਹੋਵੇ ਕਰੀਏ, ਉਸ ਘੜੀ ਤੱਕ (ਜਾਂ ਉਸ ਘੜੀ ਦੇ "**ਪਿਛੋਂ ਤੱਕ**") ਜਦੋਂ ਤੱਕ ਕਿ ਇਨਕਲਾਬੀ ਮਜ਼ਦੂਰਾਂ ਦੇ ਦਸਤੇ ਇਕੋ ਇਕ ਮਹਾਨ ਕੌਮਾਂਤਰੀ ਫੌਜ ਵਿਚ ਇਕਮੁਠ ਨਹੀਂ ਹੋ ਜਾਂਦੇ।

੯,੧੦ ਤੇ ੧੧ ਮਈ,
੧੯੧੮ ਨੂੰ "ਪਰਾਵਦਾ"
ਦੇ ਨੰ: ੮੮, ੮੯ ਤੇ ੯੦
ਵਿਚ ਪ੍ਰਕਾਸ਼ਤ ਹੋਇਆ।
ਦਸਖਤ: ਨ. ਲੈਨਿਨ

ਸੈਂਚੀ ੩੬,
ਸਫੇ ੨੮੫—੨੯੩।

# "'ਖੱਬ-ਪੱਖੀ' ਕਮਿਊਨਿਜ਼ਮ ਇਕ ਬੱਚਗਾਨਾ ਰੋਗ" ਵਿਚੋਂ

ਬਾਲਸ਼ਵਿਕਵਾਦ ਨੇ ਜਿਹੜਾ ਘੋਲ ਆਪਣੀ ਪਾਰਟੀ ਵਿਚਲੇ "ਖੱਬੇ" ਕੁਰਾਹਿਆਂ ਦੇ ਖਿਲਾਫ ਲੜਿਆ, ਉਹ ਦੋ ਮੌਕਿਆਂ ਤੇ ਖਾਸ ਕਰਕੇ ਵੱਡਾ ਆਕਾਰ ਇਖਤਿਆਰ ਕਰ ਗਿਆ: ੧੯੦੮ ਵਿਚ, ਇਸ ਸਵਾਲ ਉੱਤੇ ਕਿ ਅਤਿ ਦੀ ਪਿੱਛਾਂਹਖਿਚੂ "ਪਾਰਲੀਮੈਂਟ" ਵਿਚ ਤੇ ਕਾਨੂੰਨੀ ਮਜ਼ਦੂਰ ਸਭਾਵਾਂ ਵਿਚ ਸ਼ਾਮਲ ਹੋਇਆ ਜਾਏ ਜਾਂ ਨਾ, ਜਿਨ੍ਹਾਂ ਨੂੰ ਅਤਿ ਦੇ ਪਿਛਾਂਹਖਿਚੂ ਕਾਨੂੰਨਾਂ ਨਾਲ ਬੰਨ੍ਹ ਕੇ ਰਖਿਆ ਜਾ ਰਿਹਾ ਸੀ; ਤੇ ਫਿਰ ੧੯੧੮ ਵਿਚ (ਬਰੇਸਤ-ਲਿਤੋਵਸਕ ਸੰਧੀ), ਇਸ ਸਵਾਲ ਉੱਤੇ ਕਿ ਇਕ ਹੋਰ "ਸਮਝੌਤੇ" ਦੀ ਆਗਿਆ ਦਿਤੀ ਜਾ ਸਕਦੀ ਹੈ ਜਾਂ ਨਹੀਂ।

੧੯੦੮ ਵਿਚ ਅਤਿ ਦੀ ਪਿਛਾਂਹਖਿਚੂ "ਪਾਰਲੀਮੈਂਟ"[58] ਵਿਚ ਸ਼ਾਮਲ ਹੋਣ ਦੀ ਲੋੜ ਨੂੰ ਸਮਝਣ ਤੋਂ ਢੀਠਤਾਈ ਨਾਲ ਇਨਕਾਰ ਕਰਨ ਲਈ "ਖੱਬੇ" ਬਾਲਸ਼ਵਿਕਾਂ ਨੂੰ ਸਾਡੀ ਪਾਰਟੀ ਵਿਚੋਂ ਕਢਿਆ ਗਿਆ। ਉਹਨਾਂ "ਖੱਬਿਆਂ" ਨੇ ਜਿਨ੍ਹਾਂ ਵਿਚ ਕਈ ਸ਼ਾਨਦਾਰ ਇਨਕਲਾਬੀ ਸਨ ਜਿਨ੍ਹਾਂ ਨੇ ਮਗਰੋਂ ਕਮਿਊਨਿਸਟ ਪਾਰਟੀ ਦੇ ਮੈਂਬਰ ਹੋਣ ਦੇ ਨਾਂ ਨੂੰ ਸੁਹਣੀ ਤਰ੍ਹਾਂ ਨਿਭਾਹਿਆ (ਤੇ ਅਜੇ ਵੀ ਨਿਭਾ ਰਹੇ ਹਨ)—ਆਪਣੇ ਆਪ ਨੂੰ ਖਾਸ ਕਰਕੇ ੧੯੦੫ ਵਿਚਲੇ ਬਾਈਕਾਟ ਦੇ ਸਫਲ ਤਜਰਬੇ ਉੱਪਰ ਆਧਾਰਤ ਕੀਤਾ। ਜਦੋਂ ਅਗਸਤ ੧੯੦੫ ਵਿਚ ਜ਼ਾਰ ਨੇ ਸਲਾਹਕਾਰੀ "ਪਾਰਲੀਮੈਂਟ"[59] ਸੱਦਣ ਦਾ ਐਲਾਨ ਕੀਤਾ ਤਾਂ ਬਾਲਸ਼ਵਿਕਾਂ ਨੇ ਸਾਰੀਆਂ ਵਿਰੋਧੀ ਪਾਰਟੀਆਂ ਤੇ ਮੇਨਸ਼ਵਿਕਾਂ ਦੇ ਬਾਵਜੂਦ ਬਾਈਕਾਟ ਦਾ ਨਾਅਰਾ ਦਿੱਤਾ ਤੇ "ਪਾਰਲੀਮੈਂਟ" ਨੂੰ ਸਚਮੁਚ ਅਕਤੂਬਰ ੧੯੦੫ ਦੇ ਇਨਕਲਾਬ ਨੇ ਹੂੰਝ ਮਾਰਿਆ। ਉਸ ਵੇਲੇ ਬਾਈਕਾਟ ਠੀਕ ਸਿਧ ਹੋਇਆ, ਇਸ ਲਈ ਨਹੀਂ ਕਿ ਪਿਛਾਂਹਖਿਚੂ ਪਾਰਲੀਮੈਂਟਾਂ ਵਿਚ ਹਿੱਸਾ ਨਾ ਲੈਣਾ ਆਮ ਤੌਰ ਤੇ ਠੀਕ ਹੈ, ਸਗੋਂ ਇਸ ਲਈ ਕਿ ਅਸੀਂ ਵਿਆਪਕ ਅਵਸਥਾ ਨੂੰ ਠੀਕ ਠੀਕ ਮਾਪਿਆ ਜਿਹੜੀ ਆਮ ਹੜਤਾਲਾਂ ਦੀ ਰਾਜਸੀ ਹੜਤਾਲ ਵਿਚ, ਤੇ ਫਿਰ ਇਨਕਲਾਬੀ ਹੜਤਾਲ ਵਿਚ ਤੇ ਫਿਰ ਬਗ਼ਾਵਤ ਵਿਚ ਤੇਜ਼ ਤਬਦੀਲੀ ਵੱਲ ਲਿਜਾ ਰਹੀ ਸੀ। ਇਸ ਤੋਂ ਛੁੱਟ

ਘੋਲ ਇਸ ਸਵਾਲ ਦੁਆਲੇ ਕੇਂਦਰਿਤ ਸੀ ਕਿ ਕੀ ਪਹਿਲੀ ਪ੍ਰਤਿਨਿਧ ਸਭਾ ਦਾ ਬੁਲਾਇਆ ਜਾਣਾ ਜ਼ਾਰ ਦੇ ਹੱਥ ਛੱਡ ਦਿੱਤਾ ਜਾਏ, ਜਾਂ ਇਸ ਦੇ ਬੁਲਾਏ ਜਾਣ ਨੂੰ ਪੁਰਾਣੇ ਨਿਜ਼ਾਮ ਦੇ ਹਥੋਂ ਖੋਹਣ ਦੀ ਕੋਸ਼ਿਸ਼ ਕੀਤੀ ਜਾਏ। ਜਦੋਂ ਇਸ ਗੱਲ ਦਾ ਕੋਈ ਯਕੀਨ ਨਹੀਂ ਸੀ ਤੇ ਨਾ ਹੋ ਸੱਕਦਾ ਸੀ ਕਿ ਵਿਆਪਕ ਅਵਸਥਾ ਉਹੋ ਜਿਹੀ ਹੀ ਹੈ, ਜਦੋਂ ਉਹੋ ਜਿਹੇ ਹੀ ਰੁਝਾਣ ਦਾ ਤੇ ਵਿਕਾਸ ਦੀ ਉਸੇ ਗਤੀ ਦਾ ਯਕੀਨ ਨਹੀਂ ਸੀ, ਤਾਂ ਬਾਈਕਾਟ ਠੀਕ ਨਾ ਰਿਹਾ।

੧੯੦੫ ਵਿਚ "ਪਾਰਲੀਮੈਂਟ" ਦੇ ਬਾਲਸ਼ਵਿਕ ਬਾਈਕਾਟ ਨੇ ਇਨਕਲਾਬੀ ਪ੍ਰੋਲਤਾਰੀਆਂ ਨੂੰ ਅਤਿਅੰਤ ਕੀਮਤੀ ਰਾਜਨੀਤਕ ਤਜਰਬੇ ਨਾਲ ਅਮੀਰ ਬਣਾਇਆ ਤੇ ਦਰਸਾਇਆ ਕਿ ਘੋਲ ਦੇ ਕਾਨੂੰਨੀ ਰੂਪਾਂ ਨੂੰ ਗ਼ੈਰ-ਕਾਨੂੰਨੀ ਰੂਪਾਂ ਨਾਲ, ਪਾਰਲੀਮੈਂਟਰੀ ਨੂੰ ਪਾਰਲੀਮੈਂਟ ਤੋਂ ਬਾਹਰਲੇ ਰੂਪਾਂ ਨਾਲ ਜੋੜਣ ਵਿਚ, ਕਦੀ ਕਦੀ ਪਾਰਲੀਮੈਂਟਰੀ ਰੂਪਾਂ ਨੂੰ ਰੱਦ ਕਰਨਾ ਲਾਹੇਵੰਦਾ, ਸਗੋਂ ਜ਼ਰੂਰੀ ਹੁੰਦਾ ਹੈ। ਪਰ ਇਸ ਤਜਰਬੇ ਨੂੰ ਅੰਨ੍ਹੇਵਾਹ, ਨਕਲਚੂ ਢੰਗ ਨਾਲ ਤੇ ਬਿਨਾਂ ਪੜਚੋਲਣ ਦੇ **ਦੂਜੀਆਂ** ਹਾਲਤਾਂ ਤੇ **ਦੂਜੀਆਂ** ਅਵਸਥਾਵਾਂ ਉਪਰ ਲਾਗੂ ਕਰਨਾ ਸਚਮੁਚ ਬਹੁਤ ਭਾਰੀ ਗ਼ਲਤੀ ਹੈ। ਪਰ ੧੯੦੬ ਵਿਚ ਬਾਲਸ਼ਵਿਕਾਂ ਵਲੋਂ ਦੂਮਾ ਦਾ ਬਾਈਕਾਟ ਇਕ ਗ਼ਲਤੀ ਸੀ ਭਾਵੇਂ ਛੋਟੀ ਤੇ ਸੌਖੀ ਤਰ੍ਹਾਂ ਠੀਕ ਹੋ ਜਾਣ ਵਾਲੀ ਗ਼ਲਤੀ ਸੀ।* ੧੯੦੭, ੧੯੦੮ ਤੇ ਮਗਰਲੇ ਸਾਲਾਂ ਵਿਚ ਦੂਮਾ ਦਾ ਬਾਈਕਾਟ ਗੰਭੀਰ ਗ਼ਲਤੀ ਸੀ, ਤੇ ਸੌਖੀ ਤਰ੍ਹਾਂ, ਠੀਕ ਨਾ ਹੋਣ ਵਾਲੀ ਗਲਤੀ ਸੀ, ਕਿਉਂਕਿ ਇਕ ਪਾਸੇ ਇਨਕਲਾਬੀ ਜਵਾਰ ਦੇ ਬਹੁਤ ਤੇਜ਼ ਉਭਾਰ ਦੀ ਤੇ ਇਸਦੇ ਇਕ ਬਗ਼ਾਵਤ ਵਿਚ ਬਦਲਣ ਦੀ ਉਮੀਦ ਨਹੀਂ ਸੀ ਕੀਤੀ ਜਾ ਸਕਦੀ, ਤੇ ਦੂਜੇ ਪਾਸੇ, ਬੁਰਜੂਆ ਤਾਜਸ਼ਾਹੀ ਦੇ ਨਵਿਆਉਣ ਨਾਲ ਪੈਦਾ ਹੋਈ ਸਾਰੀ ਇਤਿਹਾਸਕ ਅਵਸਥਾ ਕਾਨੂੰਨੀ ਤੇ ਗੈਰਕਾਨੂੰਨੀ ਸਰਗਰਮੀਆਂ ਨੂੰ ਮੇਲਣ ਦੀ ਮੰਗ ਕਰਦੀ ਸੀ। ਅੱਜ, ਜਦੋਂ ਅਸੀਂ ਇਸ ਪੂਰੇ ਹੋਏ ਇਤਿਹਾਸਕ ਦੌਰ ਵੱਲ ਪਰਤ ਕੇ ਝਾਤ ਮਾਰਦੇ ਹਾਂ, ਜਿਸਦਾ ਮਗਰਲੇ ਦੌਰਾਂ ਨਾਲ ਸੰਬੰਧ ਹੁਣ ਬਿਲਕੁਲ ਸਪਸ਼ਟ ਹੋ ਗਿਆ ਹੈ, ਤਾਂ ਇਹ ਖਾਸ ਤੌਰ ਤੇ ਸਪਸ਼ਟ ਹੋ ਜਾਂਦਾ ਹੈ ਕਿ ੧੯੦੮-੧੪ ਵਿਚ ਬਾਲਸ਼ਵਿਕ ਪ੍ਰੋਲਤਾਰੀਆਂ ਦੀ ਇਨਕਲਾਬੀ ਪਾਰਟੀ ਦੇ ਠੋਸ ਧੁਰੇ ਨੂੰ (ਮਜ਼ਬੂਤ ਕਰਨਾ, ਵਿਕਸਾਉਣਾ ਤੇ ਵਧਾਉਣਾ

---

*ਜੋ ਕੁਝ ਵਿਅਕਤੀਆਂ ਉੱਪਰ ਢੁਕਦਾ ਹੈ, ਉਹ—ਲੁੜੀਂਦੀਆਂ ਸੁਧਾਈਆਂ ਨਾਲ—ਸਿਆਸਤ ਅਤੇ ਪਾਰਟੀਆਂ ਉੱਪਰ ਵੀ ਢੁਕਦਾ ਹੈ। ਸਿਆਣਾ ਉਹ ਨਹੀਂ ਜੋ ਕੋਈ ਗ਼ਲਤੀ ਨਹੀਂ ਕਰਦਾ। ਇਹੋ ਜਿਹਾ ਕੋਈ ਆਦਮੀ ਨਹੀਂ, ਨਾ ਹੀ ਹੋ ਸਕਦਾ ਹੈ। ਸਿਆਣਾ ਉਹ ਹੈ ਜਿਹੜਾ ਬਹੁਤ ਗੰਭੀਰ ਗਲਤੀਆਂ ਨਹੀਂ ਕਰਦਾ ਤੇ ਜਿਹੜਾ ਜਾਣਦਾ ਹੈ ਕਿ ਉਹਨਾਂ ਨੂੰ ਕਿਵੇਂ ਸੌਖੀ ਤਰ੍ਹਾਂ ਤੇ ਛੇਤੀ ਜਿਹੇ ਠੀਕ ਕਰਨਾ ਹੈ।

ਤਾਂ ਇਕ ਪਾਸੇ ਰਿਹਾ) ਕਾਇਮ **ਨਹੀਂ ਸਨ ਰਖ ਸਕਦੇ**, ਜੇ ਉਹਨਾਂ ਨੇ ਸਖਤ ਘੋਲ ਵਿਚ ਇਸ ਵਿਚਾਰ ਦਾ ਸਮਰਥਣ ਨਾ ਕੀਤਾ ਹੁੰਦਾ ਕਿ ਘੋਲ ਦੇ ਕਾਨੂੰਨੀ ਤੇ ਗ਼ੈਰ-ਕਾਨੂੰਨੀ ਰੂਪਾਂ ਨੂੰ ਜੋੜਣਾ **ਲਾਜ਼ਮੀ** ਹੈ, ਕਿ ਅਤਿ ਦੀ ਪਿਛਾਂਹਖਿਚੂ ਪਾਰਲੀਮੈਂਟ ਵਿਚ ਤੇ ਪਿਛਾਂਹਖਿਚੂ ਕਾਨੂੰਨਾਂ ਨਾਲ ਬੱਝੀਆਂ ਹੋਈਆਂ ਕਈ ਦੂਜੀਆਂ ਸੰਸਥਾਵਾਂ (ਬੀਮਾਰ ਸਹਾਇਤਾ ਸਭਾਵਾਂ, ਆਦਿ) ਵਿਚ ਸ਼ਾਮਲ ਹੋਣਾ **ਲਾਜ਼ਮੀ** ਹੈ।

੧੯੧੮ ਵਿਚ ਹਾਲਤ ਦੁਫੇੜ ਤੱਕ ਨਾ ਪੁੱਜੀ। "ਖੱਬੇ" ਕਮਿਊਨਿਸਟਾਂ ਨੇ ਉਸ ਵੇਲੇ ਸਿਰਫ ਸਾਡੀ ਪਾਰਟੀ ਦੇ ਅੰਦਰ ਵਖਰਾ ਗਰੁੱਪ ਜਾਂ "ਗੁੱਟ" ਕਾਇਮ ਕਰ ਲਿਆ, ਤੇ ਉਹ ਵੀ ਬਹੁਤਾ ਸਮਾਂ ਨਹੀਂ। ਉਸੇ ਸਾਲ, ੧੯੧੮ ਵਿਚ ਹੀ, "ਖੱਬੇ ਕਮਿਊਨਿਸਟਾਂ" ਦੇ ਅਤਿ ਉਘੇ ਪ੍ਰਤਿਨਿਧਾਂ, ਜਿਵੇਂ ਕਿ ਸਾਥੀ ਰਾਦੇਕ ਤੇ ਬੁਖਾਰੀਨ ਨੇ, ਖੁਲ੍ਹਮ-ਖੁਲ੍ਹਾ ਆਪਣੀਆਂ ਗ਼ਲਤੀਆਂ ਮੰਨੀਆਂ। ਉਹਨਾਂ ਨੂੰ ਲੱਗਾ ਸੀ ਕਿ ਬਰੇਸਤ-ਲਿਤੋਵਸਕ ਸੰਧੀ ਸਾਮਰਾਜੀਆਂ ਨਾਲ ਸਮਝੌਤਾ ਸੀ; ਜੋ ਅਸੂਲਨ ਆਗਿਆਯੋਗ ਨਹੀਂ ਸੀ ਤੇ ਇਨਕਲਾਬੀ ਪ੍ਰੋਲਤਾਰੀਆਂ ਦੀ ਪਾਰਟੀ ਲਈ ਹਾਨੀਕਾਰਕ ਸੀ। ਇਹ ਸਚਮੁਚ ਸਾਮਰਾਜੀਆਂ ਨਾਲ ਸਮਝੌਤਾ ਸੀ, ਪਰ ਇਹ ਐਸਾ ਸਮਝੌਤਾ ਸੀ ਜੋ ਹਾਲਾਤ ਹੇਠ ਕੀਤਾ ਜਾਣਾ **ਜ਼ਰੂਰੀ ਸੀ।**

ਅੱਜ ਜਦੋਂ ਮੈਂ, ਉਦਾਹਰਣ ਵਜੋਂ, "ਸੋਸ਼ਲਿਸਟ-ਇਨਕਲਾਬੀਆਂ" ਵਲੋਂ ਬਰੇਸਤ-ਲਿਤੋਵਸਕ ਸੰਧੀ ਕਰਨ ਦੇ ਸਮੇਂ ਦੇ ਆਪਣੇ ਦਾਅ-ਪੇਚਾਂ ਦੀ ਆਲੋਚਨਾ ਕੀਤੀ ਜਾਂਦੀ ਸੁਣਦਾ ਹਾਂ, ਜਾਂ ਜਦੋਂ ਮੈਂ ਸਾਥੀ ਲਾਂਸਬਰੀ ਨੂੰ ਮੇਰੇ ਨਾਲ ਗੱਲਬਾਤ ਦੇ ਦੌਰਾਣ ਇਹ ਕਹਿੰਦਿਆਂ ਸੁਣਦਾ ਹਾਂ—"ਸਾਡੇ ਬਰਤਾਨਵੀ ਟਰੇਡ ਯੂਨੀਅਨ ਆਗੂ ਕਹਿੰਦੇ ਹਨ ਕਿ ਜੇ ਬਾਲਸ਼ਵਿਕਾਂ ਲਈ ਸਮਝੌਤਾ ਕਰਨਾ ਯੋਗ ਹੈ, ਤਾਂ ਸਾਡੇ ਲਈ ਵੀ ਯੋਗ ਹੈ, "ਤਾਂ ਮੈਂ ਆਮ ਤੌਰ ਤੇ ਸਭ ਤੋਂ ਪਹਿਲਾਂ ਸਾਦੀ ਤੇ "ਆਮ" ਉਦਾਹਰਣ ਨਾਲ ਜਵਾਬ ਦੇਂਦਾ ਹਾਂ:

ਫਰਜ਼ ਕਰੋ ਕਿ ਤੁਹਾਡੀ ਕਾਰ ਹਥਿਆਰਬੰਦ ਡਾਕੂਆਂ ਨੇ ਰੋਕ ਲਈ ਹੈ। ਤੁਸੀਂ ਆਪਣੇ ਪੈਸੇ, ਪਾਸਪੋਰਟ, ਪਿਸਤੌਲ ਤੇ ਕਾਰ ਉਹਨਾਂ ਦੇ ਹਵਾਲੇ ਕਰ ਦੇਂਦੇ ਹੋ। ਇਸਦੇ ਬਦਲੇ ਵਿਚ ਤੁਹਾਡਾ ਡਾਕੂਆਂ ਦੇ ਸੁਹਾਉਣੇ ਸਾਥ ਤੋਂ ਛੁਟਕਾਰਾ ਹੋ ਜਾਂਦਾ ਹੈ। ਇਹ ਨਿਰਸੰਦੇਹ ਇਕ ਸਮਝੌਤਾ ਹੈ। «Do ut des» ("ਮੈਂ" ਤੈਨੂੰ ਪੈਸੇ, ਹਥਿਆਰ ਤੇ ਕਾਰ "ਦੇਂਦਾ ਹਾਂ, ਤਾਂ ਕਿ ਤੂੰ" ਮੈਨੂੰ ਅਮਨ-ਚੈਨ ਨਾਲ ਲੰਘਣ ਦਾ ਮੌਕਾ "ਦੇਵੇਂ"।) ਪਰ ਕਿਸੇ ਅਕਲਮੰਦ ਨੂੰ ਲੱਭਣਾ ਮੁਸ਼ਕਲ ਹੈ ਜਿਹੜਾ ਇਹੋ ਜਿਹੇ ਸਮਝੌਤੇ ਬਾਰੇ "ਅਸੂਲਨ ਅਨ-ਆਗਿਆ ਯੋਗ" ਹੋਣ ਦਾ ਐਲਾਨ ਕਰੇ, ਜਾਂ ਜਿਹੜਾ ਸਮਝੌਤਾ ਕਰਨ ਵਾਲੇ ਨੂੰ ਡਾਕੂਆਂ ਦਾ ਪਿਛਲੱਗ ਦੱਸੇ (ਭਾਵੇਂ ਕਿ ਡਾਕੂ ਕਾਰ ਨੂੰ ਤੇ ਹਥਿਆਰਾਂ ਨੂੰ ਹੋਰ ਡਾਕਿਆਂ ਲਈ ਹੀ ਕਿਉਂ ਨਾ ਵਰਤਣ)। ਜਰਮਨ ਸਾਮਰਾਜ ਦੇ ਡਾਕੂਆਂ ਨਾਲ ਸਾਡਾ **ਸਮਝੌਤਾ** ਇਸ ਤਰ੍ਹਾਂ ਦਾ ਸੀ।

ਪਰ ਜਦੋਂ ੧੯੧੪-੧੮ ਵਿਚ ਤੇ ੧੯੧੮-੨੦ ਵਿਚ ਰੂਸ ਵਿਚਲੇ ਮੇਨਸ਼ਵਿਕ ਤੇ ਸੋਸ਼ਲਿਸਟ-ਇਨਕਲਾਬੀ, ਜਰਮਨੀ ਵਿਚਲੇ ਸ਼ੀਦਮਨਜ਼ (ਤੇ ਕਾਫੀ ਹੱਦ ਤੱਕ ਕਾਊਟਸੀ-ਵਾਦੀ ਵੀ), ਆਸਟਰੀਆ ਵਿਚਲੇ ਓਟੋ ਬਾਉਏਰ ਤੇ ਫਰੈਡਰਿਕ ਐਡਲਰ (ਰੇਨਰਜ਼ ਐਂਡ ਕੰਪਨੀ ਦੀ ਤਾਂ ਗੱਲ ਹੀ ਛੱਡੋ), ਫਰਾਂਸ ਵਿਚਲੇ ਰੇਨਾਦੇਲ ਤੇ ਲਾਂਗੇ ਐਂਡ ਕੰਪਨੀ, ਇੰਗਲੈਂਡ ਵਿਚਲੇ ਫੇਬੀਅਨ, ਆਜ਼ਾਦ ਤੇ "ਲੇਬਰਵਾਦੀਆਂ" ਨੇ ਆਪੋ ਆਪਣੇ ਦੇਸਾਂ ਦੇ ਇਨਕਲਾਬੀ ਪ੍ਰੋਲਤਾਰੀਆਂ ਦੇ ਖਿਲਾਫ ਆਪੋ ਆਪਣੇ ਦੇਸਾਂ ਦੀ, ਤੇ ਕਦੀ ਕਦੀ "ਇਤਿਹਾਦੀ" ਬੁਰਜੂਆਜ਼ੀ ਦੇ ਡਾਕੂਆਂ ਨਾਲ **ਸਮਝੌਤੇ** ਕੀਤੇ, ਤਾਂ ਇਹ ਸਾਰੇ ਭੱਦਰਪੁਰਸ਼ **ਡਾਕੂਪੁਣੇ ਦੇ ਪਿਛਲੱਗਾਂ** ਵਜੋਂ ਜ਼ਰੂਰ ਕੰਮ ਕਰ ਰਹੇ ਸਨ।

ਸਿੱਟਾ ਸਪਸ਼ਟ ਹੈ: ਸਮਝੌਤਿਆਂ ਨੂੰ "ਅਸੂਲਨ" ਰੱਦ ਕਰਨਾ, ਸਮਝੌਤਿਆਂ ਦੇ ਯੋਗ ਹੋਣ ਨੂੰ ਆਮ ਤੌਰ ਤੇ ਰੱਦ ਕਰਨਾ, ਭਾਵੇਂ ਉਹ ਕਿਸੇ ਤਰ੍ਹਾਂ ਦੇ ਵੀ ਹੋਣ, ਬੱਚਗਾਨਾਪਣ ਹੈ, ਜਿਸਨੂੰ ਗੰਭੀਰਤਾ ਨਾਲ ਲੈਣਾ ਵੀ ਮੁਸ਼ਕਲ ਹੈ। ਜਿਹੜਾ ਰਾਜਨੀਤਕ ਆਗੂ ਇਨਕਲਾਬੀ ਪ੍ਰੋਲਤਾਰੀਆਂ ਦੇ ਕੰਮ ਆਉਣ ਦੀ ਇੱਛਾ ਰਖਦਾ ਹੈ, ਉਸ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਉਹਨਾਂ **ਠੋਸ** ਸੂਰਤਾਂ ਨੂੰ ਕਿਵੇਂ ਨਿਖੇੜਨਾ ਹੈ ਜਦੋਂ ਸਮਝੌਤੇ ਅਨ-ਆਗਿਆਯੋਗ ਹੁੰਦੇ ਹਨ, ਜਦੋਂ ਉਹ ਮੌਕਾਪ੍ਰਸਤੀ ਤੇ **ਧੋਖੇਬਾਜ਼ੀ** ਦਾ ਪ੍ਰਗਟਾਅ ਹੁੰਦੇ ਹਨ, ਤੇ **ਉਹਨਾਂ ਠੋਸ** ਸਮਝੌਤਿਆਂ ਦੇ ਖਿਲਾਫ ਆਲੋਚਨਾ ਦੀਆਂ ਸਾਰੀਆਂ ਤਾਕਤਾਂ ਨੂੰ, ਬੇਤਰਸ ਪਾਜ-ਉਘਾੜਨ ਤੇ ਬੇਕਿਰਕ ਜੰਗ ਦੀ ਪੂਰੀ ਤੀਖਣਤਾ ਨੂੰ ਕਿਵੇਂ ਸੇਧਨਾ ਹੈ, ਤੇ "ਅਮਲੀ" ਸੋਸ਼ਲਿਜ਼ਮ ਦੇ ਗੁਰੂ-ਘੰਟਾਲਾਂ ਤੇ ਪਾਰਲੀਮੈਂਟਰੀ ਜੇਸੂਆਈਟਾਂ ਨੂੰ ਆਗਿਆ ਨਹੀਂ ਦੇਣੀ ਕਿ "ਆਮ ਤੌਰ ਤੇ ਸਮਝੌਤਿਆਂ" ਬਾਰੇ ਵਿਖਿਆਣਾਂ ਰਾਹੀਂ ਧੋਖਾ ਦੇ ਜਾਣ ਤੇ ਜ਼ਿਮੇਵਾਰੀ ਤੋਂ ਲਾਂਭੇ ਹੋ ਜਾਣ। ਬਿਲਕੁਲ ਇਹੀ ਤਰੀਕਾ ਹੈ, ਜਿਸ ਤਰ੍ਹਾਂ ਨਾਲ ਬਰਤਾਨਵੀ ਟਰੇਡ ਯੂਨੀਅਨਾਂ ਦੇ "ਆਗੂ" ਵੀ ਤੇ ਫੇਬੀਅਨ ਸੁਸਾਇਟੀ ਤੇ "ਆਜ਼ਾਦ" ਲੇਬਰ ਪਾਰਟੀ ਵਾਲੇ ਵੀ **ਆਪਣੀ ਕੀਤੀ ਗ਼ੱਦਾਰੀ ਲਈ**, **ਐਸਾ** ਸਮਝੌਤਾ ਕਰਨ ਲਈ ਜ਼ਿਮੇਵਾਰੀ ਨੂੰ ਟਾਲਦੇ ਹਨ, ਜਿਹੜਾ ਸਚਮੁਚ ਅਤਿ ਭੈੜੀ ਤਰ੍ਹਾਂ ਦੀ ਮੌਕਾਪ੍ਰਸਤੀ, ਧੋਖੇਬਾਜ਼ੀ ਤੇ ਗੱਦਾਰੀ ਹੋ ਨਿੱਬੜਦਾ ਹੈ।

ਸਮਝੌਤਿਆਂ ਦੀਆਂ ਵੀ ਵੰਨਗੀਆਂ ਹੁੰਦੀਆਂ ਹਨ। ਬੰਦੇ ਨੂੰ ਹਰ ਸਮਝੌਤੇ ਦੀਆਂ, ਜਾਂ ਸਮਝੌਤੇ ਦੀ ਹਰ ਵੰਨਗੀ ਦੀਆਂ ਠੋਸ ਹਾਲਤਾਂ ਤੇ ਅਵਸਥਾ ਦਾ ਵਿਸ਼ਲੇਸ਼ਣ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਬੰਦੇ ਨੂੰ ਉਸ ਆਦਮੀ ਵਿਚਕਾਰ ਜਿਹੜਾ ਡਾਕੂਆਂ ਨੂੰ ਪੈਸੇ ਤੇ ਹਥਿਆਰ ਦੇਂਦਾ ਹੈ ਤਾਂ ਕਿ ਉਹਨਾਂ ਵਲੋਂ ਕੀਤੇ ਜਾ ਸੱਕਣ ਵਾਲੇ ਨੁਕਸਾਨ ਨੂੰ ਘਟਾ ਦੇਵੇ ਤੇ ਉਹਨਾਂ ਨੂੰ ਫੜਣ ਤੇ ਫਾਹੇ ਲਾਉਣ ਵਿਚ ਸਹਾਈ ਹੋਵੇ, ਤੇ ਉਸ ਬੰਦੇ ਵਿਚਕਾਰ ਜਿਹੜਾ ਉਹਨਾਂ ਦੀ ਲੁੱਟਮਾਰ ਵਿਚੋਂ ਹਿੱਸਾ ਲੈਣ ਲਈ ਡਾਕੂਆਂ ਨੂੰ ਪੈਸੇ ਤੇ ਹਥਿਆਰ ਦੇਂਦਾ ਹੈ, ਨਿਖੇੜ ਕਰਨਾ ਸਿੱਖਣਾ ਚਾਹੀਦਾ ਹੈ। ਰਾਜਨੀਤੀ ਵਿਚ

ਇਹ ਕਿਸੇ ਤਰ੍ਹਾਂ ਵੀ ਹਮੇਸ਼ਾ ਏਨਾਂ ਸੌਖਾ ਨਹੀਂ ਹੁੰਦਾ ਜਿੰਨਾਂ ਇਸ ਬੱਚਿਆਂ ਵਾਲੀ ਸਾਦਾ ਉਦਾਹਰਣ ਵਿਚ ਹੈ। ਪਰ ਜਿਹੜਾ ਵੀ ਕੋਈ ਮਜ਼ਦੂਰਾਂ ਲਈ ਐਸਾ ਨੁਸਖਾ ਤਿਆਰ ਕਰਨ ਵਿਚ ਜੁੱਟ ਜਾਂਦਾ ਹੈ ਜਿਹੜਾ ਜ਼ਿੰਦਗੀ ਵਿਚਲੀਆਂ ਸਾਰੀਆਂ ਸੂਰਤਾਂ ਦਾ ਅਗੇਤਿਉਂ ਹੀ ਤਿਆਰ ਬਰ-ਤਿਆਰ ਹਲ ਪੇਸ਼ ਕਰੇਗਾ, ਜਾਂ ਜਿਹੜਾ ਵਾਅਦਾ ਕਰਦਾ ਹੈ ਕਿ ਇਨਕਲਾਬੀ ਪ੍ਰੋਲਤਾਰੀਆਂ ਦੀ ਨੀਤੀ ਨੂੰ ਕਦੀ ਵੀ ਮੁਸ਼ਕਲਾਂ ਦਾ ਜਾਂ ਗੁੰਝਲਦਾਰ ਹਾਲਤਾਂ ਦਾ ਸਾਮ੍ਹਣਾ ਨਹੀਂ ਕਰਨਾ ਪਵੇਗਾ, ਉਹ ਸਿਰਫ ਜਾਅਲਸਾਜ਼ ਹੈ।

ਤਾਂ ਕਿ ਗ਼ਲਤ ਅਰਥ ਕੱਢਣ ਦੀ ਕੋਈ ਸੰਭਾਵਨਾ ਨਾ ਰਹਿ ਜਾਏ, ਮੈਂ ਠੋਸ ਸਮਝੌਤਿਆਂ ਦਾ ਵਿਸ਼ਲੇਸ਼ਣ ਕਰਨ ਦੇ ਕੁਝ ਬੁਨਿਆਦੀ ਅਸੂਲਾਂ ਨੂੰ ਉਲ੍ਹੀਕਣ ਦੀ ਕੋਸ਼ਿਸ਼ ਕਰਾਂਗਾ, ਭਾਵੇਂ ਬਹੁਤ ਸੰਖੇਪ ਤੌਰ ਤੇ ਹੀ।

ਜਿਸ ਪਾਰਟੀ ਨੇ ਬਰੇਸਤ-ਲਿਤੋਵਸਕ ਸੰਧੀ ਉਪਰ ਦਸਖਤ ਕਰਕੇ ਜਰਮਨ ਸਾਮਰਾਜੀਆਂ ਨਾਲ ਸਮਝੌਤਾ ਕੀਤਾ, ਉਹ ੧੯੧੪ ਦੇ ਅਖੀਰ ਤੋਂ ਹੀ ਅਮਲ ਵਿਚ ਆਪਣੇ ਕੌਮਾਂਤਰੀਵਾਦ ਦਾ ਵਿਕਾਸ ਕਰਦੀ ਆ ਰਹੀ ਸੀ। ਇਹ ਜ਼ਾਰਸ਼ਾਹੀ ਤਾਜਸ਼ਾਹੀ ਦੀ ਹਾਰ ਦਾ ਨਾਅਰਾ ਦੇਣ ਤੋਂ ਤੇ ਦੋ ਸਾਮਰਾਜੀ ਲੁਟੇਰਿਆਂ ਵਿਚਕਾਰ ਜੰਗ ਵਿਚ "ਪਿਤਾਭੂਮੀ ਦੀ ਰਾਖੀ" ਦੀ ਨਿਖੇਧੀ ਕਰਨ ਤੋਂ ਡਰੀ ਨਹੀਂ ਸੀ। ਇਸ ਪਾਰਟੀ ਦੇ ਪਾਰਲੀਮੈਂਟਰੀ ਪ੍ਰਤਿਨਿਧਾਂ ਨੇ ਬੁਰਜੂਆ ਸਰਕਾਰ ਵਿਚ ਮੰਤਰੀ-ਪਦਾਂ ਵੱਲ ਜਾਂਦਾ ਰਾਹ ਅਪਨਾਉਣ ਦੀ ਥਾਂ ਸਾਇਬੇਰੀਆ[60] ਨੂੰ ਜਾਂਦਾ ਰਾਹ ਅਪਣਾਇਆ। ਜਿਸ ਇਨਕਲਾਬ ਨੇ ਜ਼ਾਰਸ਼ਾਹੀ ਦਾ ਤਖਤਾ ਉਲਟਾਇਆ ਤੇ ਜਮਹੂਰੀ ਰੀਪਬਲਿਕ ਨੂੰ ਸਥਾਪਤ ਕੀਤਾ, ਉਸਨੇ ਇਸ ਪਾਰਟੀ ਨੂੰ ਨਵੇਂ ਤੇ ਬਹੁਤ ਵਡੇ ਇਮਤਿਹਾਨ ਵਿਚ ਪਾ ਦਿਤਾ; ਇਸਨੇ "ਆਪਣੇ" ਸਾਮਰਾਜੀਆਂ ਨਾਲ ਕੋਈ ਸਮਝੌਤੇ ਨਾ ਕੀਤੇ, ਸਗੋਂ ਉਹਨਾਂ ਦਾ ਤਖਤਾ ਉਲਟਾਉਣ ਲਈ ਤਿਆਰੀ ਕੀਤੀ, ਤੇ ਤਖਤਾ ਉਲਟਾਇਆ। ਰਾਜਸੀ ਸੱਤਾ ਨੂੰ ਹੱਥ ਵਿਚ ਲੈਣ ਪਿਛੋਂ, ਇਸ ਪਾਰਟੀ ਨੇ ਭੂਮੀਪਤੀ ਜਾਂ ਸਰਮਾਇਦਾਰਾ ਮਲਕੀਅਤ ਦੀ ਕੋਈ ਰਹਿੰਦ-ਖੂੰਦ ਨਾ ਰਹਿਣ ਦਿਤੀ। ਸਾਮਰਾਜੀਆਂ ਦੀਆਂ ਖੁਫੀਆ ਸੰਧੀਆਂ ਨੂੰ ਪ੍ਰਕਾਸ਼ਤ ਕਰਕੇ ਤੇ ਉਹਨਾਂ ਦੀ ਨਿਖੇਧੀ ਕਰਕੇ, ਇਸ ਪਾਰਟੀ ਨੇ **ਸਾਰੀਆਂ** ਕੌਮਾਂ ਨੂੰ ਅਮਨ ਦੀ ਤਜਵੀਜ਼ ਦਿੱਤੀ, ਤੇ ਐਂਗਲੋ-ਫਰਾਂਸੀਸੀ ਸਾਮਰਾਜੀਆਂ ਵਲੋਂ ਅਮਨ ਸਮਝੌਤਾ ਕਰਨ ਨੂੰ ਅਸਫਲ ਬਨਾਉਣ ਤੋਂ ਪਿਛੋਂ ਹੀ, ਤੇ ਬਾਲਸ਼ਵਿਕਾਂ ਵਲੋਂ ਜਰਮਨੀ ਤੇ ਦੂਜੇ ਦੇਸਾਂ ਵਿਚ ਇਨਕਲਾਬ ਵਿਚ ਤੇਜ਼ੀ ਲਿਆਉਣ ਲਈ ਜੋ ਵੀ ਮਨੁਖੀ ਤੌਰ ਤੇ ਸੰਭਵ ਹੋ ਸੱਕਦਾ ਸੀ, ਕਰਨ ਤੋਂ ਪਿਛੋਂ ਹੀ ਇਹ ਪਾਰਟੀ ਬਰੇਸਤ-ਲਿਤੋਵਸਕ ਡਾਕੂਆਂ ਦੀ ਹਿੰਸਾ ਸਾਮ੍ਹਣੇ ਝੁਕੀ। ਇਹ ਗੱਲ ਹਰ ਇਕ ਨੂੰ ਹਰ ਲੰਘਦੇ ਦਿਨ ਨਾਲ ਵਧੇਰੇ ਸਪਸ਼ਟ ਹੁੰਦੀ ਜਾ ਰਹੀ ਹੈ, ਕਿ ਇਹੋ ਜਿਹਾ ਸਮਝੌਤਾ, ਜਿਹੜਾ ਇਹੋ ਜਿਹੀ ਪਾਰਟੀ ਨੇ ਇਹੋ ਜਿਹੀ ਅਵਸਥਾ ਵਿਚ ਕੀਤਾ, ਬਿਲਕੁਲ ਠੀਕ ਸੀ।

ਰੂਸ ਵਿਚ ਮੇਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਨੇ (੧੯੧੪-੨੦ ਵਿਚ ਦੁਨੀਆਂ ਭਰ ਵਿਚ ਦੂਜੀ ਇੰਟਰਨੈਸ਼ਨਲ ਤੇ ਸਾਰੇ ਆਗੂਆਂ ਵਾਂਗ) ਗ਼ੱਦਾਰੀ ਨਾਲ, "ਪਿਤਾਭੂਮੀ ਦੀ ਰਾਖੀ" ਨੂੰ, ਅਰਥਾਤ **ਆਪਣੀ** ਧਾੜਵੀ ਬੁਰਜੂਆਜ਼ੀ ਦੀ ਰਾਖੀ ਨੂੰ ਸਿਧੇ ਜਾਂ ਅਸਿਧੇ ਢੰਗ ਨਾਲ ਠੀਕ ਸਿਧ ਕਰਨ ਤੋਂ ਸ਼ੁਰੂ ਕੀਤਾ। ਉਹਨਾਂ ਨੇ **ਆਪਣੇ** ਦੇਸ ਦੀ ਬੁਰਜੂਆਜ਼ੀ ਨਾਲ ਕੁਲੀਸ਼ਨ ਵਿਚ ਸ਼ਾਮਲ ਹੋ ਕੇ ਤੇ **ਆਪਣੀ** ਬੁਰਜੂਆਜ਼ੀ ਨਾਲ ਰਲ ਕੇ ਖੁਦ ਆਪਣੇ ਦੇਸ ਦੇ ਇਨਕਲਾਬੀ ਪ੍ਰੋਲਤਾਰੀਆਂ ਦੇ ਖਿਲਾਫ ਲੜ ਕੇ ਇਸ ਗ਼ੱਦਾਰੀ ਨੂੰ ਜਾਰੀ ਰਖਿਆ। ਪਹਿਲਾਂ ਰੂਸ ਵਿਚ ਕੇਰੇਂਸਕੀ ਤੇ ਕੈਡਿਟਾਂ ਨਾਲ ਤੇ ਫਿਰ ਕੋਲਚਾਕ ਤੇ ਦੇਨਿਕਿਨ ਨਾਲ ਉਹਨਾਂ ਦਾ ਗਠਜੋੜ, ਬਦੇਸ਼ਾਂ ਵਿਚਲੇ ਉਹਨਾਂ ਦੇ ਹਮਰਾਹੀਆਂ ਦੇ **ਆਪੋ ਆਪਣੇ** ਦੇਸਾਂ ਦੀ ਬੁਰਜੂਆਜ਼ੀ ਨਾਲ ਗਠਜੋੜ ਵਾਂਗ, ਪ੍ਰੋਲਤਾਰੀਆਂ ਦੇ ਖਿਲਾਫ ਬੁਰਜੂਆਜ਼ੀ ਦੀ ਧਿਰ ਵੱਲ ਜਾਣਾ ਸੀ। ਸ਼ੁਰੂ ਤੋਂ ਲੈ ਕੇ ਅਖੀਰ ਤੱਕ, ਸਾਮਰਾਜ ਦੇ ਡਾਕੂਆਂ ਨਾਲ **ਉਹਨਾਂ ਦਾ** ਸਮਝੌਤਾ ਐਸਾ ਸਮਝੌਤਾ ਸੀ, ਜਿਹੜਾ ਉਹਨਾਂ ਨੂੰ ਸਾਮਰਾਜੀ ਡਾਕੂਪੁਣੇ ਵਿਚ **ਪਿਛਲੱਗ** ਬਣਾਉਂਦਾ ਸੀ।

ਅਪਰੈਲ ਤੇ ਮਈ ੧੯੨੦ ਵਿਚ ਲਿਖਿਆ। ਜੂਨ ੧੯੨੦ ਵਿਚ ਸਟੇਟ ਪਬਲਿਸ਼ਿੰਗ ਹਾਊਸ, ਪੀਤਰੋਗਰਾਦ ਵਲੋਂ ਪੈਮਫਲਟ ਰੂਪ ਵਿਚ ਪ੍ਰਕਾਸ਼ਤ ਕੀਤਾ ਗਿਆ।

ਸੈਂਚੀ ੪੧, ਸਫੇ ੧੭ — ੨੨।

# ਨੋਟ

1. ਲੈਨਿਨ ਵਲੋਂ ੮(੨੧) ਜਨਵਰੀ, ੧੯੧੮ ਨੂੰ ੬੩ ਕੇਂਦਰੀ ਕਮੇਟੀ ਦੇ ਮੈਂਬਰਾਂ ਤੇ ਪਾਰਟੀ ਕਾਰਕੁਨਾਂ ਦੀ ਮੀਟਿੰਗ ਦਾ ਕੋਈ ਰੀਕਾਰਡ ਨਹੀਂ ਮਿਲਦਾ, ਸਿਵਾਏ ਓਸਿੰਸਕੀ (ਓਬੋਲੇਂਸਕੀ), ਟਰਾਟਸਕੀ, ਲੋਮੋਵ (ਓਪੋਕੋਵ), ਕਾਮੇਨੇਵ ਆਦਿ ਦੀਆਂ ਤਕਰੀਰਾਂ ਬਾਰੇ ਲੈਨਿਨ ਦੇ ਨੋਟਾਂ ਦੇ।

ਕੇਂਦਰੀ ਕਮੇਟੀ ਦੀ ੧੧ (੨੪) ਜਨਵਰੀ ਦੀ ਮੀਟਿੰਗ ਵਿਚ ਲੈਨਿਨ ਨੇ ਦਸਿਆ ਕਿ ਮੇਰੇ ਪ੍ਰਸਤਾਵਾਂ ਨੂੰ ੧੫ ਵੋਟਾਂ ਮਿਲੀਆਂ ਸਨ; ਖੱਬੇ ਕਮਿਊਨਿਸਟਾਂ ਨੂੰ ੩੨ ਤੇ ਟਰਾਟਸਕੀ ਨੂੰ ੧੬।

ਇਹ ਪ੍ਰਸਤਾਵ ੨੪ ਫਰਵਰੀ ਨੂੰ ਪ੍ਰਕਾਸ਼ਤ ਕੀਤੇ ਗਏ ਜਦੋਂ ਕੇਂਦਰੀ ਕਮੇਟੀ ਦੀ ਬਹੁ-ਗਿਣਤੀ ਅਮਨ ਸਮਝੌਤਾ ਕਰਨ ਬਾਰੇ ਲੈਨਿਨ ਨਾਲ ਸਹਿਮਤ ਹੋ ਗਈ।

ਸਫ਼ਾ ੫

2. ਜਰਮਨੀ, ਆਸਟਰੀਆ-ਹੰਗਰੀ, ਬਲਗਾਰੀਆ ਤੇ ਤੁਰਕੀ।

ਸਫ਼ਾ ੭

3. ਇਕ ਉਲਟ-ਇਨਕਲਾਬੀ ਬੁਰਜੂਆ-ਕੌਮਪ੍ਰਸਤ ਜਥੇਬੰਦੀ ਜਿਹੜੀ ੧੯੧੭ ਵਿਚ ਬਣਾਈ ਗਈ। ਯੂਕਰੇਨੀ ਬੁਰਜੂਆਜ਼ੀ ਦਾ ਇਕ ਵਿਚਾਰਦਾਤਾ ਮ. ਸ. ਗਰੂਸ਼ੇਵਸਕੀ ਇਸ ਦਾ ਪ੍ਰਧਾਨ ਸੀ ਤੇ ਵ. ਕ. ਵਿਨੀਚੈਨਕੋ ਇਸਦਾ ਮੀਤਪ੍ਰਧਾਨ ਸੀ। ਇਹ ਸ਼ਹਿਰੀ ਤੇ ਪੇਂਡੂ ਬੁਰਜੂਆਜ਼ੀ ਦੇ, ਤੇ ਪੈਟੀ-ਬੁਰਜੂਆ ਕੌਮਪ੍ਰਸਤ ਖਿਆਲਾਂ ਵਾਲੇ ਬੁਧੀਮਾਨਾਂ ਦੇ ਸਮਾਜਕ ਆਧਾਰ ਉਪਰ ਟਿਕੀ ਹੋਈ ਸੀ। ਇਸਨੇ ਕੌਮੀ ਆਜ਼ਾਦੀ ਦੀ ਲਹਿਰ ਨੂੰ ਵਰਤਦਿਆਂ ਯੂਕਰੇਨੀ ਬੁਰਜੂਆਜ਼ੀ ਤੇ ਭੂਮੀਪਤੀਆਂ ਦੀ ਤਾਕਤ ਨੂੰ ਮਜ਼ਬੂਤ ਕਰਨ ਦੀ ਤੇ ਯੂਕਰੇਨੀ ਬੁਰਜੂਆ ਰਾਜ ਕਾਇਮ ਕਰਨ ਦੀ ਕੋਸ਼ਿਸ ਕੀਤੀ। ਯੂਕਰੇਨ ਦੀ ਖੁਦ-

ਇਖਤਿਆਰੀ ਦੇ ਮਸਲੇ ਉਪਰ ਵਿਰੋਧਤਾਈਆਂ ਦੇ ਬਾਵਜੂਦ ਰਾਦਾ ਨੇ ਆਰਜ਼ੀ ਸਰਕਾਰ ਦੀ ਹਿਮਾਇਤ ਕੀਤੀ।

ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਪਿਛੋਂ ਇਸਨੇ ਆਪਣੇ ਆਪ ਬਾਰੇ "ਯੂਕਰੇਨੀ ਲੋਕ ਰੀਪਬਲਿਕ" ਦਾ ਸਰਵੁਚ ਅਦਾਰਾ ਹੋਣ ਦਾ ਐਲਾਨ ਕਰ ਦਿਤਾ, ਖੁਲ੍ਹਮ-ਖੁਲ੍ਹਾ ਸੋਵੀਅਤ ਸੱਤਾ ਦੇ ਖਿਲਾਫ ਲੜਾਈ ਕੀਤੀ, ਤੇ ਕੁੱਲ-ਰੂਸੀ ਉਲਟ-ਇਨਕਲਾਬ ਦਾ ਇਕ ਮੁਖ ਕੇਂਦਰ ਬਣ ਗਿਆ।

ਸੋਵੀਅਤਾਂ ਦੀ ਪਹਿਲੀ ਕੁੱਲ-ਯੂਕਰੇਨ ਕਾਂਗਰਸ ਨੇ, ਜਿਹੜੀ ਦਸੰਬਰ ੧੯੧੭ ਵਿਚ ਖਾਰਕੋਵ ਵਿਚ ਹੋਈ, ਯੂਕਰੇਨ ਦੇ ਇਕ ਸੋਵੀਅਤ ਰੀਪਬਲਿਕ ਹੋਣ ਦਾ ਐਲਾਨ ਕਰ ਦਿਤਾ ਤੇ ਕੇਂਦਰੀ ਰਾਦਾ ਦੀ ਸਰਕਾਰ ਨੂੰ ਉਲਟਾ ਦਿਤਾ ਗਿਆ। ਰੂ:ਸੋ:ਫੈ:ਸੋ:ਰੀ: ਦੇ ਲੋਕ ਕੋਮੀਸਾਰਾਂ ਦੀ ਕੌਂਸਲ ਨੇ ਯੂਕਰੇਨੀ ਸੋਵੀਅਤ ਸਰਕਾਰ ਨੂੰ ਯੂਕਰੇਨ ਦੀ ਇਕੋ ਇਕ ਕਾਨੂੰਨੀ ਸਰਕਾਰ ਦੇ ਤੌਰ ਤੇ ਮਾਣਤਾ ਦਿਤੀ ਤੇ ਉਲਟ-ਇਨਕਲਾਬੀ ਰਾਦਾ ਦੇ ਖਿਲਾਫ ਇਸਦੇ ਘੋਲ ਵਿਚ ਇਸਦੀ ਤੁਰਤ ਸਹਾਇਤਾ ਕਰਨ ਲਈ ਫੈਸਲਾ ਪ੍ਰਵਾਨ ਕੀਤਾ। ਦਸੰਬਰ ੧੯੧੭ ਵਿਚ ਤੇ ਜਨਵਰੀ ੧੯੧੮ ਵਿਚ ਸਾਰੇ ਯੂਕਰੇਨ ਵਿਚ ਕੇਂਦਰੀ ਰਾਦਾ ਦੇ ਖਿਲਾਫ ਤੇ ਸੋਵੀਅਤ ਸੱਤਾ ਸਥਾਪਤ ਕਰਨ ਦੇ ਹੱਕ ਵਿਚ ਹਥਿਆਰਬੰਦ ਬਗ਼ਾਵਤ ਭੜਕ ਪਈ। ਜਨਵਰੀ ੧੯੧੮ ਵਿਚ ਯੂਕਰੇਨ ਵਿਚਲੀਆਂ ਸੋਵੀਅਤ ਫੌਜਾਂ ਨੇ ਹਮਲਾ ਸ਼ੁਰੂ ਕੀਤਾ ਤੇ ੨੬ ਜਨਵਰੀ (੮ ਫਰਵਰੀ) ਨੂੰ ਕੀਵ ਉਪਰ ਕਬਜ਼ਾ ਕਰ ਲਿਆ ਤੇ ਬੁਰਜੂਆ ਰਾਦਾ ਨੂੰ ਹੇਠਾਂ ਲਾਹ ਦਿਤਾ ਗਿਆ।

ਰਾਦਾ ਨੂੰ ਮਜ਼ਦੂਰ ਲੋਕਾਂ ਦੀ ਕੋਈ ਹਿਮਾਇਤ ਪ੍ਰਾਪਤ ਨਹੀਂ ਸੀ ਤੇ ਹੁਣ, ਹਾਰਨ ਤੋਂ ਤੇ ਸੋਵੀਅਤ ਯੂਕਰੇਨ ਦੇ ਇਲਾਕੇ ਵਿਚੋਂ ਕਢੇ ਜਾਣ ਤੋਂ ਪਿਛੋਂ, ਇਹ ਸੋਵੀਅਤ ਸੱਤਾ ਨੂੰ ਉਲਟਾਉਣ ਤੇ ਯੂਕਰੇਨ ਵਿਚ ਬੁਰਜੂਆ ਨਿਜ਼ਾਮ ਮੁੜ-ਸਥਾਪਤ ਦੀ ਕੋਸ਼ਿਸ਼ ਵਿਚ ਜਰਮਨ ਸਾਮਰਾਜੀਆਂ ਨਾਲ ਰਲ ਗਈ। ਸੋਵੀਅਤ ਰੀਪਬਲਿਕ ਤੇ ਜਰਮਨੀ ਵਿਚਕਾਰ ਅਮਨ ਗੱਲਬਾਤ ਦੇ ਦੌਰਾਣ, ਰਾਦਾ ਨੇ ਇਕ ਪ੍ਰਤਿਨਿਧ ਮੰਡਲ ਬਰੇਸਤ-ਲਿਤੋਵਸਕ ਭੇਜਿਆ ਤੇ ਜਰਮਨੀ ਨਾਲ ਚੋਰੀ ਚੋਰੀ ਇਕ ਵੱਖਰਾ ਅਮਨ ਸਮਝੌਤਾ ਕਰ ਲਿਆ, ਜਿਸ ਵਿਚ ਸੋਵੀਅਤਾਂ ਦੇ ਖਿਲਾਫ ਫੌਜੀ ਸਹਾਇਤਾ ਦੇ ਬਦਲੇ ਵਿਚ ਜਰਮਨੀ ਨੂੰ ਯੂਕਰੇਨੀ ਅਨਾਜ, ਕੋਇਲਾ, ਤੇ ਕੱਚਾ ਸਾਮਾਨ ਦੇਣ ਦਾ ਵਾਅਦਾ ਕੀਤਾ। ਮਾਰਚ ੧੯੧੮ ਵਿਚ ਰਾਦਾ ਨੂੰ ਜਰਮਨ ਤੇ ਆਸਟਰੀਅਨ ਹਮਲਾਵਰਾਂ ਦੀ ਕਠਪੁਤਲੀ ਵਜੋਂ ਕੀਵ ਵਿਚ ਫਿਰ ਤਾਕਤ ਵਿਚ ਲੈ ਆਂਦਾ ਗਿਆ। ਜਰਮਨਾਂ ਨੂੰ ਪਤਾ ਲੱਗ ਗਿਆ ਕਿ ਰਾਦਾ ਯੂਕਰੇਨ ਵਿਚਲੀ ਇਨਕਲਾਬੀ ਲਹਿਰ ਨੂੰ ਕੁਚਲਣ ਤੇ ਅਨਾਜ ਤੇ ਕੱਚੇ ਮਾਲ ਦੀ ਸਪਲਾਈ ਨੂੰ ਯਕੀਨੀ ਬਨਾਉਣ ਦੇ ਅਸਮਰਥ ਸੀ, ਤੇ ਅਖੀਰ ਇਸਨੂੰ ਖਤਮ ਕਰ ਦਿੱਤਾ।

ਸਫਾ ੧੨

4. **ਚੇਰਨੋਵ** — ਸੋਸ਼ਲਿਸਟ-ਇਨਕਲਾਬੀ ਪਾਰਟੀ ਦਾ ਇਕ ਆਗੂ ਤੇ ਸਿਧਾਂਤਕਾਰ, ਤੇ ਬੁਰਜੂਆ ਇਨਕਲਾਬੀ ਸਰਕਾਰ ਵਿਚ ਜ਼ਰਾਇਤ ਮੰਤਰੀ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਸੋਵੀਅਤ-ਵਿਰੋਧੀ ਬਗ਼ਾਵਤਾਂ ਜਥੇਬੰਦ ਕਰਨ ਵਿਚ ਹਿੱਸਾ ਲਿਆ।

ਸਫਾ ੧੨

5. **ਰਾਜ ਦੂਮਾ** — ਪ੍ਰਤਿਨਿਧ ਅਦਾਰਾ, ੧੯੦੫ ਦੀਆਂ ਇਨਕਲਾਬੀ ਘਟਨਾਵਾਂ ਤੋਂ ਪਿਛੋਂ ਜਿਸਨੂੰ ਬੁਲਾਉਣ ਲਈ ਜ਼ਾਰਸ਼ਾਹੀ ਸਰਕਾਰ ਮਜਬੂਰ ਹੋ ਗਈ। ਇਹ ਨਾਂ-ਮਾਤਰ ਵਿਧਾਨਸਾਜ਼ ਅਦਾਰਾ ਸੀ, ਪਰ ਇਸਕੋਲ ਅਸਲੀ ਤਾਕਤ ਕੋਈ ਨਹੀਂ ਸੀ। ਤੀਜੀ ਰਾਜ ਦੂਮਾ ੩ ਜੂਨ, ੧੯੦੭ ਦੇ ਚੋਣ ਕਾਨੂੰਨ ਦੇ ਆਧਾਰ ਉਤੇ ਚੁਣੀ ਗਈ ਤੇ ਹੋਈਆਂ ਚੋਣਾਂ ਨੇ ਭੂਮੀਪਤੀਆਂ ਤੇ ਵੱਡੇ ਸਨਅਤਕਾਰਾਂ ਦੇ ਪਿਛਾਂਖਿਚੂ ਧੜੇ ਨੂੰ ਬਹੁ-ਗਿਣਤੀ ਦੇ ਦਿੱਤੀ।

ਸਫਾ ੧੫

6. ਜੰਗ ਤੇ ਅਮਨ ਦੇ ਸਵਾਲ ਉਪਰ ਬਹਿਸ ੧੧ (੨੪) ਜਨਵਰੀ ੧੯੧੮ ਨੂੰ ਕੇਂਦਰੀ ਕਮੇਟੀ ਵਿਚ ਲੈਨਿਨ ਦੀ ਤਕਰੀਰ ਤੋਂ ਪਿਛੋਂ ਹੋਈ; ਲੈਨਿਨ ਦੀ ਵਿਰੋਧਤਾ ਟਰਾਟਸਕੀ ਤੇ "ਖੱਬੇ" ਕਮਿਊਨਿਸਟ ਕਰਦੇ ਸਨ, ਜਿਨ੍ਹਾਂ ਵਿਚੋਂ ਕੁਝ — ਬੁਖਾਰੀਨ, ਉਰੀਤਸਕੀ, ਲੋਮੋਵ (ਓਪੋਕੋਵ) — ਟਰਾਟਸਕੀ ਦੇ "ਨਾ ਜੰਗ, ਨਾ ਅਮਨ" ਦੇ ਸੁਝਾਅ ਦੀ ਹਿਮਾਇਤ ਕਰਦੇ ਸਨ। ਸਟਾਲਿਨ, ਸੇਰਗੇਯੇਵ (ਆਰਤੀਓਮ) ਤੇ ਸੋਕੋਲਨੀਕੋਵ ਅਮਨ ਸਮਝੌਤਾ ਕਰਨਾ ਚਾਹੁੰਦੇ ਸਨ। "ਖੱਬੇ" ਕਮਿਊਨਿਸਟਾਂ ਨੂੰ ਉਮੀਦ ਨਹੀਂ ਸੀ ਕਿ ਹੁਣੇ ਇਨਕਲਾਬੀ ਜੰਗ ਦਾ ਨਾਅਰਾ ਪਾਸ ਹੋ ਜਾਇਗਾ (ਇਸਨੂੰ ਸਿਰਫ ਦੋ ਵੋਟਾਂ ਮਿਲੀਆਂ), ਤੇ ਉਹਨਾਂ ਟਰਾਟਸਕੀ ਦੇ ਸੁਝਾਅ ਦੇ ਹੱਕ ਵਿਚ ਵੋਟਾਂ ਪਾਈਆਂ, ਜਿਸਨੂੰ ੯ ਤੇ ੭ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ। ਅਮਨ ਸਮਝੌਤਾ ਕਰਨ ਵੱਲ ਕੇਂਦਰੀ ਕਮੇਟੀ ਦੇ ਅੰਦਰਲੇ ਵਿਰੋਧ ਉਪਰ ਕਾਬੂ ਪਾਉਣ ਲਈ ਤੇ ਜਨਤਾ ਦੇ ਉਹਨਾਂ ਹਿਸਿਆਂ ਨੂੰ ਆਪਣੇ ਵੱਲ ਕਰਨ ਲਈ ਜਿਹੜੇ ਇਨਕਲਾਬੀ ਜੰਗ ਦੇ ਸਮਰਥਕਾਂ ਦੇ ਪਿੱਛੇ ਸਨ, ਲੈਨਿਨ ਨੇ ਤਜਵੀਜ਼ ਰੱਖੀ ਕਿ ਗੱਲਬਾਤ ਨੂੰ ਹਰ ਤਰੀਕੇ ਨਾਲ ਪਿੱਛੇ ਪਾਇਆ ਜਾਵੇ, ਤੇ ਇਹ ਤਜਵੀਜ਼ ੧੨ ਤੇ ੧ ਵੋਟ ਨਾਲ ਪਾਸ ਹੋ ਗਈ।

ਸਫਾ ੧੭

7. ਹਵਾਲਾ ਸਟਾਲਿਨ ਦੇ ਬਿਆਨ ਵੱਲ ਹੈ: "ਪੱਛਮ ਵਿਚ ਕੋਈ ਇਨਕਲਾਬੀ ਲਹਿਰ ਨਹੀਂ, ਕੋਈ ਤੱਥ ਨਹੀਂ, ਸਿਰਫ ਸੰਭਾਵਨਾਵਾਂ ਹਨ, ਤੇ ਇਹ ਐਸੀ ਚੀਜ਼ ਹੈ ਜਿਸਨੂੰ ਅਸੀਂ ਸਾਮ੍ਹਣੇ ਨਹੀਂ ਰੱਖ ਸਕਦੇ।"

ਦੂਜਾ ਹਵਾਲਾ ਜ਼ਿਨੋਵੀਏਵ ਵੱਲ ਹੈ: "...ਸਾਡੇ ਸਾਮ੍ਹਣੇ ਨਿਰਸੰਦੇਹ ਇਕ ਗੰਭੀਰ ਚੀਰਫਾੜ ਦਾ ਓਪਰੇਸ਼ਨ ਹੈ, ਕਿਉਂਕਿ ਅਮਨ ਕਰਕੇ ਅਸੀਂ ਜਰਮਨੀ ਵਿਚ ਅੰਧਰਾਸ਼ਟਰਵਾਦ ਨੂੰ ਮਜ਼ਬੂਤ ਕਰਾਂਗੇ ਤੇ ਸਾਰੇ ਪੱਛਮ ਵਿਚ ਆਰਜ਼ੀ ਤੌਰ ਉਤੇ ਇਨਕਲਾਬੀ ਲਹਿਰ ਨੂੰ ਕਮਜ਼ੋਰ ਕਰ ਦੇਵਾਂਗੇ। ਉਸਤੋਂ ਪਰ੍ਹੇ ਸੋਸ਼ਲਿਸਟ ਰੀਪਬਲਿਕ ਦੀ ਤਬਾਹੀ ਦੀਆਂ ਸੰਭਾਵਨਾਵਾਂ ਪਈਆਂ ਹਨ।" ("ਰੂ:ਸੋ:ਡੈ:ਲੇ:ਪਾ:(ਬਾ:) ਦੀ ਕੇਂਦਰੀ ਕਮੇਟੀ ਦੀ ਸੰਖਿਪਤ ਕਾਰਵਾਈ, ਅਗਸਤ ੧੯੧੭-ਫਰਵਰੀ ੧੯੧੮", ਮਾਸਕੋ, ੧੯੫੮, ਸਫੇ ੧੭੧-੧੭੨)

ਸਫਾ ੧੯

8. ਇਸ ਲੇਖ ਨਾਲ, ਜਿਹੜਾ ੨੧ ਫਰਵਰੀ, ੧੯੧੮ ਨੂੰ "ਪਰਾਵਦਾ" ਵਿਚ ਛਪਿਆ, ਲੈਨਿਨ ਨੇ ਅਮਨ ਸਮਝੌਤਾ ਕਰਨ ਦੇ ਹੱਕ ਵਿਚ ਪਰੈਸ ਵਿਚ ਆਮ ਮੁਹਿੰਮ ਸ਼ੁਰੂ ਕੀਤੀ।

ਸਫਾ ੨੧

9. ਹਵਾਲਾ ੧੧ (੨੪) ਜਨਵਰੀ ਤੇ ੧੭ ਫਰਵਰੀ, ੧੯੧੮ ਨੂੰ ਰੂ:ਸੋ: ਡੈ:ਲੇ:ਪਾ:(ਬਾ:) ਦੀ ਕੇਂਦਰੀ ਕਮੇਟੀ ਦੀਆਂ ਮੀਟਿੰਗਾਂ ਵਿਚ ਅਮਨ ਦੇ ਸਵਾਲ ਉੱਪਰ ਪਈਆਂ ਵੋਟਾਂ ਵੱਲ ਹੈ। ਪਹਿਲੀ ਮੀਟਿੰਗ ਵਿਚ ਇਨਕਲਾਬੀ ਜੰਗ ਦੇ ਹੱਕ ਵਿਚ ਦੋ ਵੋਟਾਂ ਪਾਈਆਂ, ਪਰ ਦੂਜੀ ਵਿਚ ਕੋਈ ਵੀ ਨਹੀਂ। (ਜੰਗ ਜਾਰੀ ਰੱਖਣ ਦੀ ਹਿਮਾਇਤ ਕਰਨ ਵਾਲਿਆਂ ਨੇ ਵੋਟਾਂ ਨਾ ਪਾਈਆਂ।)

ਸਫਾ ੨੩

10. **ਲੀਬਕਨੇਖਤ, ਕਾਰਲ** — ਜਰਮਨ ਤੇ ਕੌਮਾਂਤਰੀ ਮਜ਼ਦੂਰ ਜਮਾਤ ਲਹਿਰ ਦੀ ਪ੍ਰਸਿਧ ਹਸਤੀ, ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਖੱਬੇ ਧੜੇ ਦਾ ਆਗੂ, ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਬਾਨੀਆਂ ਵਿਚੋਂ ਇਕ; ੧੯੧੯ ਵਿਚ ਉਲਟ-ਇਨਕਲਾਬੀਆਂ ਹਥੋਂ ਬੇਰਹਿਮੀ ਨਾਲ ਕਤਲ ਕੀਤਾ ਗਿਆ।

**ਵਿਲਹੇਲਮ ਦੂਜਾ** (ਹੋਹੇਨਜ਼ੋਲੇਰਨ) (੧੮੫੯-੧੯੪੧) ਜਰਮਨੀ ਦਾ ਸ਼ਹਿਨਸ਼ਾਹ ਤੇ ਪਰੂਸ਼ੀਆ ਦਾ ਬਾਦਸ਼ਾਹ (੧੮੮੮-੧੯੧੮)।

ਸਫਾ ੨੧

11. ਇਥੇ ਹਵਾਲਾ ਬੁਰਜੂਆਜ਼ੀ ਨਾਲ ਕੁਲੀਸ਼ਨ ਦੇ ਸਵਾਲ ਉਤੇ ਜਮਹੂਰੀ ਕਾਨਫਰੰਸ ਵਿਚ ਪਈਆਂ ਵੋਟਾਂ ਵੱਲ ਹੈ।

**ਕੁੱਲ-ਰੂਸ ਜਮਹੂਰੀ ਕਾਨਫਰੰਸ** ਸੋਵੀਅਤਾਂ ਦੀ ਮੇਨਸ਼ਵਿਕ ਤੇ ਸੋਸ਼ਲਿਸਟ-ਇਨਕਲਾਬੀ ਕੇਂਦਰੀ ਕਾਰਜਕਰਨੀ ਕਮੇਟੀ ਵਲੋਂ ਪ੍ਰਤੱਖ ਤੌਰ ਤੇ ਇਹ ਫੈਸਲਾ ਕਰਨ ਲਈ ਕੀਤੀ

ਗਈ ਕਿ ਦੇਸ ਉਪਰ ਹਕੂਮਤ ਕੌਣ ਕਰੇ। ਪਰ, ਪ੍ਰਬੰਧਕਾਂ ਦਾ ਅਸਲੀ ਨਿਸ਼ਾਨਾ ਵਧਦੇ ਇਨਕਲਾਬ ਤੋਂ ਜਨਤਾ ਦੇ ਧਿਆਨ ਨੂੰ ਲਾਂਭੇ ਖੜਣਾ ਸੀ। ਕਾਨਫਰੰਸ ਪੀਤਰੋਗਰਾਦ ਵਿਚ ੧੪ ਤੋਂ ੨੨ ਸਤੰਬਰ, (੨੭ ਸਤੰਬਰ ਤੋਂ ੫ ਅਕਤੂਬਰ), ੧੯੧੭ ਨੂੰ ਹੋਈ ਤੇ ਇਸ ਵਿਚ ੧੫੦੦ ਤੋਂ ਵਧ ਲੋਕ ਸ਼ਾਮਲ ਹੋਏ। ਮਜ਼ਦੂਰਾਂ ਤੇ ਕਿਸਾਨਾਂ ਦੀ ਪ੍ਰਤਿਨਿਧਤਾ ਵਿਚ ਰੁਕਾਵਟ ਪਾਕੇ ਤੇ ਪੈਟੀ-ਬੁਰਜੂਆ ਤੇ ਬੁਰਜੂਆ ਡੈਲੀਗੇਟਾਂ ਦੀ ਗਿਣਤੀ ਵਧਾ ਕੇ ਮੇਨਸ਼ਵਿਕ ਤੇ ਸੋਸ਼ਲਿਸਟ ਇਨਕਲਾਬੀ ਆਗੂਆਂ ਨੇ ਬਹੁ-ਗਿਣਤੀ ਪ੍ਰਾਪਤ ਕਰ ਲਈ। ਬਾਲਸ਼ਵਿਕ ਇਸ ਵਿਚ ਮੇਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਦਾ ਪਾਜ ਉਘਾੜਣ ਲਈ ਸ਼ਾਮਲ ਹਏ।

ਸਫਾ ੨੯

12. ਫਰਵਰੀ ੧੯੧੭ ਦੇ ਬੁਰਜੂਆ-ਜਮਹੂਰੀ ਇਨਕਲਾਬ ਨੇ ਜ਼ਾਰ ਨੂੰ ਉਲਟਾ ਦਿਤਾ ਤੇ ਰੂਸ ਵਿਚ ਦੂਹਰੀ ਸੱਤਾ (ਬੁਰਜੂਆ ਆਰਜ਼ੀ ਸਰਕਾਰ ਤੇ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ) ਸਥਾਪਤ ਕਰ ਦਿੱਤੀ।

ਸਫਾ ੨੯

13. ਜ਼ਿਨੋਵੀਏਵ ਤੇ ਕਾਮੇਨੇਵ ਦੇ ਭਾਂਜਵਾਦ ਵੱਲ ਹਵਾਲਾ, ਜਿਨ੍ਹਾਂ ਨੇ ਅਕਤੂਬਰ ੧੯੧੭ ਵਿਚ ਹਥਿਆਰਬੰਦ ਬਗ਼ਾਵਤ ਦੀ ਵਿਰੋਧਤਾ ਕੀਤੀ ਸੀ।

ਸਫਾ ੨੯

14. **ਕੇਰੇਂਸਕੀ** — ਸੋਸ਼ਲਿਸਟ-ਇਨਕਲਾਬੀ ਪਾਰਟੀ ਦਾ ਮੈਂਬਰ। ਫਰਵਰੀ ੧੯੧੭ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿਛੋਂ ਬੁਰਜੂਆ ਆਰਜ਼ੀ ਸਰਕਾਰ ਵਿਚ ਮੰਤਰੀ, ਤੇ ਮਗਰੋਂ ਪ੍ਰਧਾਨ ਮੰਤਰੀ ਤੇ ਕਮਾਂਡਰ-ਇਨ-ਚੀਫ।

ਸਫ ੩੦

15. ਸਾਮਰਾਜੀ ਸੰਸਾਰ ਜੰਗ (੧੯੧੪-੧੮) ਛਿੜਣ ਸਮੇਂ ਬੈਲਜੀਅਮ ਨੂੰ ਜਰਮਨ ਫੌਜਾਂ ਨੇ ਮੱਲਿਆ ਹੋਇਆ ਸੀ, ਜਿਹੜੀਆਂ ਲਗਭਗ ਚਾਰ ਸਾਲ, ੧੯੧੮ ਵਿਚ ਜਰਮਨੀ ਦੀ ਹਾਰ ਹੋਣ ਤੱਕ, ਟਿਕੀਆਂ ਰਹੀਆਂ।

ਸਫਾ ੩੦

16. "**ਨੋਵੀ ਲੂਚ**" (ਨਵੀਂ ਕਿਰਨ) ਤੇ "**ਨੋਵਾਯਾ ਜਿਜ਼ਨ**" (ਨਵਾਂ ਜੀਵਨ) — ਮੇਨਸ਼ਵਿਕ ਅਖਬਾਰ।

"**ਦੀਏਲੋ ਨਰੋਦਾ**" (ਲੋਕ ਉਦੇਸ਼) — ਸੋਸ਼ਲਿਸਟ ਇਨਕਲਾਬੀ ਪਾਰਟੀ ਦਾ ਅਖਬਾਰ।

ਸਫਾ ੩੧

17. ਇਥੇ ਹਵਾਲਾ ੨੨ ਫਰਵਰੀ, ੧੯੧੮ ਨੂੰ ਰੂ:ਸੋ:ਡੈ:ਲੇ:ਪਾ:(ਬਾ:) ਦੀ ਕੇਂਦਰੀ ਕਮੇਟੀ ਦੀ ਮੀਟਿੰਗ ਵਿਚ "ਖੱਬੇ" ਕਮਿਊਨਿਸਟਾਂ ਵਲੋਂ, ਜਰਮਨ ਸਾਮਰਾਜੀਆਂ ਦੇ ਖਿਲਾਫ ਰਾਖੀ ਦੇ ਮੰਤਵ ਲਈ ਬਰਤਾਨੀਆ ਤੇ ਫਰਾਂਸ ਤੋਂ ਹਥਿਆਰ ਤੇ ਅਨਾਜ ਲੈਣ ਦੀ ਵਿਰੋਧਤਾ ਕਰਨ ਦੇ ਸੰਬੰਧ ਵਿਚ ਦਿਤੇ ਗਏ ਬਿਆਨ ਵੱਲ ਹੈ।

ਸਫਾ ੩੪

18. **ਕਾਲਾਯੇਵ** — ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਲੜਾਕਾ ਟੋਲੇ ਦਾ ਮੈਂਬਰ, ਜਿਸਨੇ ਕਈ ਦਹਿਸ਼ਤਪਸੰਦ ਕਾਰਵਾਈਆਂ ਵਿਚ ਹਿੱਸਾ ਲਿਆ। ੪(੧੭) ਫਰਵਰੀ, ੧੯੦੫ ਨੂੰ ਉਸਨੇ ਮਾਸਕੋ ਦੇ ਗਵਰਨਰ-ਜਨਰਲ, ਜ਼ਾਰ ਦੇ ਚਾਚੇ ਗਰੈਂਡ ਡਿਊਕ ਸਰਗੇਈ ਰੋਮਾਨੋਵ ਨੂੰ ਕਤਲ ਕਰ ਦਿੱਤਾ। ੧੦(੨੩) ਮਈ ਨੂੰ ਸ਼ਲੀਸਲਬਰਗ ਵਿਚ ਫਾਹੇ ਲਾਇਆ ਗਿਆ।

ਸਫਾ ੩੫

19. ਪਾਰਟੀ ਦੀ ਕੇਂਦਰੀ ਕਮੇਟੀ ੨੩ ਫਰਵਰੀ, ੧੯੧੮ ਨੂੰ ਹੋਰ ਵੀ ਵਧੇਰੇ ਬੋਝਲ ਸ਼ਰਤਾਂ ਉੱਪਰ ਵਿਚਾਰ ਕਰਨ ਲਈ ਜੁੜੀ, ਜਿਹੜੀਆਂ ਜਰਮਨਾਂ ਨੇ ੪੮ ਘੰਟੇ ਦੇ ਵਿਚ ਵਿਚ ਜਵਾਬ ਦੇਣ ਦੀ ਮੰਗ ਨਾਲ ਸੋਵੀਅਤ ਸਰਕਾਰ ਨੂੰ ਭੇਜੀਆਂ ਸਨ। ਜਰਮਨ ਸ਼ਰਤਾਂ ਨੂੰ ਤੁਰਤ ਮੰਨ ਲੈਣ ਤੇ ਹਰ ਕੀਮਤ ਉਪਰ ਸਮਝੌਤਾ ਕਰਨ ਦੀ ਲੋੜ ਉਪਰ ਲੈਨਿਨ ਨੇ ਜ਼ੋਰ ਦਿੱਤਾ, ਤੇ ਇਸਈ ਵਿਰੋਧਤਾ "ਖੱਬੇ" ਕਮਿਊਨਿਸਟਾਂ ਬੁਖਾਰੀਨ, ਊਰਿਤਸਕੀ, ਤੇ ਲੋਮੋਵ (ਓਪੋਕੋਵ) ਨੇ ਕੀਤੀ। ਲੈਨਿਨ ਨਾਲ ਮਤਭੇਦ ਹੋਣ ਕਾਰਨ ਟਰਾਟਸਕੀ ਨੇ ਬਦੇਸ਼ੀ ਮਾਮਲਿਆਂ ਲਈ ਲੋਕ ਕੋਮੀਸਾਰ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ। ਸਵੇਰਦਲੋਵ, ਜ਼ਿਨੋਵੀਏਵ ਤੇ ਸੋਕੋਲਨੀਕੋਵ ਅਮਨ ਸੰਧੀ ਕਰਨ ਦੇ ਹੱਕ ਵਿਚ ਬੋਲੇ। ਆਪਣੀ ਪਹਿਲੀ ਤਕਰੀਰ ਵਿਚ ਸਟਾਲਿਨ ਨੇ ਸੁਝਾਅ ਦਿਤਾ ਕਿ ਅਮਨ ਗੱਲਬਾਤ ਸ਼ੁਰੂ ਕੀਤੀ ਜਾਏ ਤੇ ਨਾਲ ਹੀ ਕਿਹਾ ਕਿ ਅਮਨ ਸਮਝੌਤੇ ਉੱਪਰ ਦਸਖਤ ਕਰਨੇ ਜ਼ਰੂਰੀ ਨਹੀਂ, ਲੈਨਿਨ ਨੇ ਇਸ ਵਤੀਰੇ ਦੀ ਆਲੋਚਨਾ ਕੀਤੀ। ਆਪਣੀ ਦੂਜੀ ਤਕਰੀਰ ਵਿਚ, ਸਟਾਲਿਨ ਤੁਰਤ ਅਮਨ ਸੰਧੀ ਕਰਨ ਦੇ ਹੱਕ ਵਿਚ ਬੋਲਿਆ। ਲੈਨਿਨ, ਸਤਾਸੋਵਾ, ਜ਼ਿਨੋਵੀਏਵ, ਸਵੇਰਦਲੋਵ, ਸਟਾਲਿਨ, ਸੋਕੋਲਨੀਕੋਵ ਤੇ ਸਮਿਲਗਾ ਨੇ ਜਰਮਨ ਸ਼ਰਤਾਂ ਨੂੰ ਤੁਰਤ ਪ੍ਰਵਾਨ ਕਰ ਲੈਣ ਦੇ ਹੱਕ ਵਿਚ ਵੋਟਾਂ ਪਾਈਆਂ; ਬੂਬਨੋਵ, ਊਰਿਤਸਕੀ, ਬੁਖਾਰੀਨ, ਤੇ ਲੋਮੋਵ (ਓਪੋਕੋਵ) ਖਿਲਾਫ ਸਨ; ਟਰਾਟਸਕੀ, ਕਰੇਸਤਿੰਸਕੀ, ਜੇਰਜਿੰਸਕੀ ਤੇ ਇਓਫੇ ਨੇ ਵੋਟਾਂ ਨਾ ਪਾਈਆਂ। ਵੋਟਾਂ ਤੋਂ ਪਿਛੋਂ "ਖੱਬੇ" ਕਮਿਊਨਿਟਾਂ ਦੇ ਇਕ ਟੋਲੇ — ਬੁਖਾਰੀਨ, ਲੋਮੋਵ, ਬੂਬਨੋਵ, ਪਯਾਤਕੋਵ, ਯਾਕੋਵਲੇਵਾ ਤੇ ਊਰਿਤਸਕੀ — ਨੇ ਐਲਾਨ ਕੀਤਾ ਕਿ ਅਸੀਂ ਸਾਰੀਆਂ

ਪਾਰਟੀ ਤੇ ਸਰਕਾਰ ਦੀਆਂ ਪਦਵੀਆਂ ਤੋਂ ਅਸਤੀਫਾ ਦੇਂਦੇ ਹਾਂ ਤੇ ਪਾਰਟੀ ਵਿਚ ਤੇ ਜਨਤਾ ਵਿਚ ਵਿਸ਼ਾਲ ਅੰਦੋਲਨ ਚਲਾਉਣ ਦਾ ਹੱਕ ਰਾਖਵਾਂ ਰਖਦੇ ਹਾਂ।

ਸਫਾ ੪੨

20 . **ਸਤੋਲੀਪਿਨ** — ਜ਼ਾਰਸ਼ਾਹੀ ਰਾਜਨੇਤਾ ਤੇ ਵੱਡਾ ਭੂਮੀਪਤੀ। ੧੯੦੬ ਤੋਂ ੧੯੧੧ ਤੱਕ ਮੰਤਰੀ ਪ੍ਰੀਸ਼ਦ ਦਾ ਪ੍ਰਧਾਨ ਤੇ ਗ੍ਰਿਹ ਮੰਤਰੀ। ਉਸਦਾ ਨਾਂ ਕਰੜੇ ਰਾਜਸੀ ਪਿਛਾਖੜ ਦੇ ਦੌਰ ਨਾਲ ਜੁੜਿਆ ਹੋਇਆ ਹੈ ਜਦੋਂ ਇਨਕਲਾਬੀ ਲਹਿਰ ਨੂੰ ਦਬਾਉਣ ਲਈ ਵੱਡੇ ਪੈਮਾਨੇ ਉਪਰ ਫਾਂਸੀ ਦੀਆਂ ਸਜ਼ਾਵਾਂ ਦਿਤੀਆਂ ਗਈਆਂ। (ਸਤੋਲੀਪਿਨ ਪਿਛਾਖੜ — ੧੯੦੭–੧੦)

ਸਫਾ ੪੭

21 . ਜਰਮਨੀ ਨਾਲ ਅਮਨ ਦੇ ਸਵਾਲ ਉਪਰ ਵਿਚਾਰ ਕਰਨ ਲਈ ਕੁੱਲ ਰੂਸ ਕੇਂਦਰੀ ਕਾਰਜ-ਕਰਨੀ ਕਮੇਟੀ ਦੀ ਮੀਟਿੰਗ ੨੪ ਫਰਵਰੀ, ੧੯੧੮ ਨੂੰ ਸਵੇਰ ਦੇ ਤਿੰਨ ਵਜੇ ਯ. ਮ. ਸਵੇਰਦਲੋਵ ਦੀ ਪ੍ਰਧਾਨਗੀ ਹੇਠ ਹੋਈ। ਲੈਨਿਨ ਦੀ ਰੀਪੋਰਟ ਉੱਪਰ ਬਹਿਸ ਦੇ ਦੌਰਾਣ, ਅਮਨ ਸਮਝੌਤਾ ਕਰਨ ਦਾ ਵਿਰੋਧ ਮੇਨਸ਼ਵਿਕਾਂ, ਸੱਜੇ ਤੇ ਖੱਬੇ ਸੋਸ਼ਲਿਸਟ-ਇਨਕਲਾਬੀਆਂ, ਤੇ ਅਰਾਜਕਤਾਵਾਦੀਆਂ ਨੇ ਕੀਤਾ। ਮੀਟਿੰਗ ਨੇ ਜਰਮਨ ਅਮਨ ਸ਼ਰਤਾਂ ਪ੍ਰਵਾਨ ਕਰਨ ਲਈ ਬਾਲਸ਼ਵਿਕ ਮਤੇ ਨੂੰ ੧੧੬ ਹੱਕ ਵਿਚ ਤੇ ੮੫ ਖਿਲਾਫ ਵੋਟਾਂ ਨਾਲ ਪ੍ਰਵਾਨ ਕਰ ਲਿਆ, ੨੬ ਮੈਂਬਰਾਂ ਨੇ ਵੋਟਾਂ ਨਾ ਪਾਈਆਂ। ਵੋਟਾਂ ਪੈਣ ਵੇਲੇ ਬਹੁਤੇ "ਖੱਬੇ" ਕਮਿਊਨਿਸਟ ਬਾਹਰ ਚਲੇ ਗਏ।

ਸਫਾ ੪੮

22 . ਹਵਾਲਾ ਤਿਲਸਿਤ ਦੀ ਅਮਨ ਸੰਧੀ ਵੱਲ ਹੈ ਜਿਹੜੀ ਜੁਲਾਈ ੧੮੦੭ ਨੂੰ ਫਰਾਂਸ ਤੇ ਪਰੂਸ਼ੀਆ ਵਿਚਕਾਰ ਹੋਈ ਤੇ ਜਿਸ ਨਾਲ ਪਰੂਸ਼ੀਆ ਉਪਰ ਬੋਝਲ ਤੇ ਅਪਮਾਣਜਨਕ ਸ਼ਰਤਾਂ ਠੋਸੀਆਂ ਗਈਆਂ। ਪਰੂਸ਼ੀਆ ਆਪਣੇ ਇਲਾਕੇ ਦਾ ਭਾਰੀ ਹਿਸਾ ਗੁਆ ਬੈਠਾ, ਤੇ ਉਸਨੂੰ ੧੦ ਕਰੋੜ ਫਰਾਂਕ ਹਰਜਾਨਾ ਦੇਣਾ ਪਿਆ; ਉਸਨੇ ਆਪਣੀ ਫੌਜ ਘਟਾ ਕੇ ੫੦,੦੦੦ ਸਿਪਾਹੀਆਂ ਤੱਕ ਕਰਨ ਦਾ, ਨੈਪੋਲੀਅਨ ਦੀ ਮੰਗ ਉਤੇ ਉਸਨੂੰ ਸਹਾਇਕ ਫੌਜਾਂ ਦੇਣ ਦਾ, ਤੇ ਇੰਗਲੈਂਡ ਨਾਲ ਵਪਾਰ ਬੰਦ ਕਰਨ ਦਾ ਵੀ ਵਚਨ ਦਿੱਤਾ।

ਸਫਾ ੫੩

23 . **ਸੋਸ਼ਲਿਸਟ-ਇਨਕਲਾਬੀ** — ਪੈਟੀ-ਬੁਰਜੂਆ ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਮੈਂਬਰ, ਜਿਹੜੀ ੧੯੦੧ ਦੇ ਅਖੀਰ ਤੇ ੧੯੦੨ ਦੇ ਆਰੰਭ ਵਿਚ ਰੂਸ ਵਿਚ ਬਣੀ।

ਪਹਿਲੀ ਸੰਸਾਰ ਜੰਗ ਦੇ ਦੌਰਾਣ, ਉਹਨਾਂ ਵਿਚੋਂ ਬਹੁਤੇ ਸਮਾਜੀ-ਅੰਧਰਾਸ਼ਟਰਵਾਦੀ ਵਿਚਾਰਾਂ ਦੇ ਧਾਰਨੀ ਸਨ।

ਫਰਵਰੀ, ੧੯੧੭ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿਛੋਂ, ਮੇਨਸ਼ਵਿਕਾਂ ਨਾਲ ਰਲ ਕੇ ਸੋਸ਼ਲਿਸਟ-ਇਨਕਲਾਬੀ, ਉਲਟ-ਇਨਕਲਾਬੀ ਬੁਰਜੂਆ-ਭੂਮੀਪਤੀ ਆਰਜ਼ੀ ਸਰਕਾਰ ਦੀ ਮੁਖ-ਟੇਕ ਸਨ, ਜਿਸ ਵਿਚ ਉਹਨਾਂ ਦੇ ਆਗੂਆਂ (ਅਵਕਸੇਂਤੀਏਵ, ਕੇਰੇਂਸਕੀ ਤੇ ਚੇਰਨੋਵ) ਨੇ ਅਹੁਦੇ ਸੰਭਾਲੇ ਹੋਏ ਸਨ। ਉਹਨਾਂ ਨੇ ਭੂਮੀਪਤੀ ਜਾਗੀਰਾਂ ਨੂੰ ਖਤਮ ਕਰਨ ਦੀ ਕਿਸਾਨਾਂ ਦੀ ਮੰਗ ਦੀ ਹਿਮਾਇਤ ਕਰਨ ਤੋਂ ਇਨਕਾਰ ਕਰ ਦਿਤਾ, ਤੇ ਆਰਜ਼ੀ ਸਰਕਾਰ ਵਿਚਲੇ ਉਹਨਾਂ ਦੇ ਮੰਤਰੀਆਂ ਨੇ ਉਹਨਾਂ ਕਿਸਾਨਾਂ ਦੇ ਖਿਲਾਫ, ਜਿਨ੍ਹਾਂ ਨੇ ਵਡੀਆਂ ਭੂਮੀਪਤੀ ਜਾਗੀਰਾਂ ਉਪਰ ਕਬਜ਼ਾ ਕਰ ਲਿਆ ਸੀ, ਤਾਜ਼ੀਰੀ ਮੁਹਿੰਮਾਂ ਦੀ ਆਗਿਆ ਦਿਤੀ।

ਕਿਸਾਨਾਂ ਵਿਚ ਪ੍ਰਭਾਵ ਨੂੰ ਬਰਕਰਾਰ ਰੱਖਣ ਦੇ ਯਤਨ ਵਿਚ ਨਵੰਬਰ ੧੯੧੭ ਦੇ ਅਖੀਰ ਵਿਚ ਖੱਬੇ ਧੜੇ ਨੇ ਟੁੱਟ ਕੇ ਵੱਖਰੀ ਪਾਰਟੀ ਬਣਾ ਲਈ: ਉਹਨਾਂ ਨੇ ਸੋਵੀਅਤ ਸਰਕਾਰ ਨੂੰ ਨਾਂ-ਮਾਤਰ ਮਾਣਤਾ ਦੇ ਦਿਤੀ ਤੇ ਬਾਲਸ਼ਵਿਕਾਂ ਨਾਲ ਇਕ ਸਮਝੌਤਾ ਕਰ ਲਿਆ। ਪਰ ਛੇਤੀ ਹੀ ਉਹਨਾਂ ਨੇ ਸੋਵੀਅਤ ਸੱਤਾ ਦੇ ਖਿਲਾਫ ਲੜਣਾ ਸ਼ੁਰੂ ਕਰ ਦਿੱਤਾ।

ਬਦੇਸ਼ੀ ਹਥਿਆਰਬੰਦ ਮੁਦਾਖਲਤ ਤੇ ਘਰੇਲੂ ਜੰਗ ਦੇ ਦੌਰਾਣ ਸੋਸ਼ਲਿਸਟ-ਇਨਕਲਾਬੀ ਤੋੜ-ਫੋੜ ਦੀਆਂ ਸਰਗਰਮੀਆਂ ਵਿਚ ਜੁਟ ਗਏ ਤੇ ਦਖਲਬਾਜ਼ਾਂ ਤੇ ਸਫੇਦਗਾਰਦਾਂ ਦੀ ਹਿਮਾਇਤ ਕਰਨ ਲੱਗ ਪਏ; ਉਹਨਾਂ ਨੇ ਉਲਟ-ਇਨਕਲਾਬੀ ਸਾਜ਼ਸ਼ਾਂ ਵਿਚ ਹਿੱਸਾ ਲਿਆ ਤੇ ਸੋਵੀਅਤ ਸਰਕਾਰ ਤੇ ਕਮਿਊਨਿਸਟ ਪਾਰਟੀ ਦੇ ਆਗੂਆਂ ਦੇ ਖਿਲਾਫ ਦਹਿਸ਼ਤ ਦੀਆਂ ਕਾਰਵਾਈਆਂ ਕੀਤੀਆਂ। ਘਰੇਲੂ ਜੰਗ ਤੋਂ ਪਿਛੋਂ ਉਹਨਾਂ ਨੇ ਦੇਸ ਵਿਚ ਤੇ ਸਫੇਦਗਾਰਦ ਪਰਵਾਸੀਆਂ ਵਿਚਕਾਰ ਸੋਵੀਅਤ ਰਾਜ ਦੇ ਵਿਰੁਧ ਦੁਸ਼ਮਨਾਂ ਵਾਲੀ ਸਰਗਰਮੀ ਜਾਰੀ ਰੱਖੀ।

ਸਫਾ ੫੭

24. ਜ਼ਾਰਸ਼ਾਹੀ ਰੂਸ ਵਿਚ ਖਾਸ ਫੌਜੀ ਸਕੂਲਾਂ ਦੇ ਗਰੇਜੂਏਟ।

ਸਫਾ ੫੯

25. **ਕਾਲੇਦੀਨ, ਕੋਰਨੀਲੋਵ, ਅਲੈਕਸੀਏਵ** — ਜ਼ਾਰਸ਼ਾਹੀ ਫੌਜ ਦੇ ਜਰਨੈਲ, ੧੯੧੭-੧੯੧੮ ਵਿਚ ਸੋਵੀਅਤ ਸੱਤਾ ਦੇ ਖਿਲਾਫ ਹਥਿਆਰਬੰਦ ਘੋਲ ਦੇ ਜਥੇਬੰਦਕ।

ਸਫਾ ੫੯

26. **ਨਿਕੋਲਾਸ ਰੋਮਾਨੋਵ** — ਰੂਸ ਦਾ ਆਖਰੀ ਸ਼ਹਿਨਸ਼ਾਹ (੧੮੯੪-੧੯੧੭)।

ਸਫਾ ੬੨

27. **ਪੈਰਿਸ ਕਮਿਊਨ** — ਪ੍ਰੋਲਤਾਰੀ ਇਨਕਲਾਬ ਦੇ ਦੌਰਾਣ ਮਜ਼ਦੂਰ ਜਮਾਤ ਵਲੋਂ ਪੈਰਿਸ ਵਿਚ ਕਾਇਮ ਕੀਤੀ ਗਈ ਇਨਕਲਾਬੀ ਸਰਕਾਰ ਤੇ ਪ੍ਰੋਲਤਾਰੀਆਂ ਦੀ ਡਿਕਟੇਟਰਸ਼ਿਪ ਕਾਇਮ ਕਰਨ ਦਾ ਪਹਿਲਾ ਯਤਨ। ਇਹ ੭੨ ਦਿਨ ਚੱਲੀ (੧੮ ਮਾਰਚ ਤੋਂ ੨੮ ਮਈ, ੧੮੭੧ ਤੱਕ)।

ਸਫ਼ਾ ੭੦

28. **ਹਿੰਡਨਬਰਗ, ਪਾਲ** — ੧੯੧੪-੧੮ ਦੀ ਸਾਮਰਾਜੀ ਜੰਗ ਦੇ ਦੌਰਾਣ ਪੂਰਬੀ ਮਹਾਜ਼ ਉਪਰ ਜਰਮਨ ਫੌਜ ਦਾ ਕਮਾਂਡਰ; ਮਗਰੋਂ ਚੀਫ ਆਫ ਜਨਰਲ ਸਟਾਫ। ਸੋਵੀਅਤ ਰੂਸ ਦੇ ਖਿਲਾਫ ਫੌਜੀ ਮੁਦਾਖਲਤ ਜਥੇਬੰਦ ਕਰਨ ਵਾਲਿਆਂ ਵਿਚੋਂ ਇਕ।

ਸਫ਼ਾ ੭੯

29. ੨੦-੨੧ ਅਪਰੈਲ, ੧੯੧੭ ਨੂੰ ਪੀਤਰੋਗਰਾਦ ਦੇ ਮਜ਼ਦੂਰਾਂ ਤੇ ਸਿਪਾਹੀਆਂ ਨੇ ਆਰਜ਼ੀ ਸਰਕਾਰ ਵਲੋਂ ਸਾਮਰਾਜੀ ਜੰਗ ਜਾਰੀ ਰੱਖਣ ਦੇ ਖਿਲਾਫ ਰੋਸ ਕਰਨ ਲਈ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਦੇ ਸਿੱਟੇ ਵਜੋਂ ਕੈਡਿਟਾਂ ਦੇ ਆਗੂ ਮਿਲਿਊਕੋਵ ਨੂੰ ਸਰਕਾਰ ਵਿਚੋਂ ਹਟਾ ਦਿਤਾ ਗਿਆ ਤੇ ਮੇਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਦੀ ਸ਼ਮੂਲੀਅਤ ਨਾਲ ਕੁਲੀਸ਼ਨ ਸਰਕਾਰ ਕਾਇਮ ਕਰ ਦਿਤੀ ਗਈ।

ਸਫ਼ਾ ੮੧

30. ਲੈਨਿਨ ਇਥੇ ੩-੪ (੧੬-੧੭) ਜੁਲਾਈ, ੧੯੧੭ ਨੂੰ ਪੀਤਰੋਗਰਾਦ ਵਿਚ ਹੋਏ ਮੁਜ਼ਾਹਰੇ ਦਾ ਹਵਾਲਾ ਦੇ ਰਹੇ ਹਨ।

੩ (੧੬) ਜੁਲਾਈ ਨੂੰ ਪੀਤਰੋਗਰਾਦ ਵਿਚ ਆਰਜ਼ੀ ਸਰਕਾਰ ਦੇ ਖਿਲਾਫ ਆਪ-ਮੁਹਾਰੇ ਮੁਜ਼ਾਹਰੇ ਸ਼ੁਰੂ ਹੋ ਗਏ। ਬਾਲਸ਼ਵਿਕ ਪਾਰਟੀ ਉਸ ਵੇਲੇ ਕਾਰਵਾਈਆਂ ਦੇ ਖਿਲਾਫ ਸੀ, ਕਿਉਂਕਿ ਇਸਦਾ ਵਿਚਾਰ ਸੀ ਕਿ ਇਨਕਲਾਬੀ ਸੰਕਟ ਅਜੇ ਪੱਕਾ ਨਹੀਂ ਸੀ। ਪਰ ਜਿਉਂ ਹੀ ਮੁਜ਼ਾਹਰੇ ਸ਼ੁਰੂ ਹੋਏ, ਬਾਲਸ਼ਵਿਕਾਂ ਨੇ ਇਸ ਵਿਚ ਭਾਗ ਲਿਆ, ਤਾਂ ਕਿ ਇਹਨਾਂ ਨੂੰ ਸ਼ਾਂਤਮਈ ਤੇ ਸੰਗਠਤ ਰੂਪ ਦਿਤਾ ਜਾਏ। ਪੰਜ ਲੱਖ ਤੋਂ ਵੱਧ ਲੋਕ ੪ (੧੭) ਜੁਲਾਈ ਨੂੰ ਹੋਏ ਮੁਜ਼ਾਹਰੇ ਵਿਚ ਸ਼ਾਮਲ ਹੋਏ। ਇਹ ਮੁਜ਼ਾਹਰਾ ਬਾਲਸ਼ਵਿਕਾਂ ਦੇ ਮੁਖ ਨਾਅਰੇ "ਸਾਰੀ ਸੱਤਾ ਸੋਵੀਅਤਾਂ ਹੱਥ ਦਿਓ!" ਹੇਠ ਕੀਤਾ ਗਿਆ।

ਮੇਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਦੀ ਸਲਾਹ ਤੇ ਰਜ਼ਾਮੰਦੀ ਨਾਲ ਮਜ਼ਦੂਰਾਂ ਤੇ ਸਿਪਾਹੀਆਂ ਦੇ ਖਿਲਾਫ ਅਫਸਰਾਂ ਦੇ ਦਸਤੇ ਭੇਜੇ ਗਏ। ਮੁਜ਼ਾਹਰੇ ਨੂੰ ਤਿਤਰ-ਬਿਤਰ

ਕਰ ਦਿਤਾ ਗਿਆ, ਭਾਰੇ ਪੈਮਾਨੇ ਤੇ ਗ੍ਰਿਫਤਾਰੀਆਂ ਕੀਤੀਆਂ ਗਈਆਂ, ਕਰਫਿਊ ਲਾ ਦਿਤਾ ਗਿਆ ਤੇ ਕਤਲਾਮ ਸ਼ੁਰੂ ਹੋ ਗਏ।

ਜੁਲਾਈ ਦੇ ਇਹਨਾਂ ਦਿਨਾਂ ਪਿਛੋਂ ਦੇਸ ਵਿਚਲੀ ਸੱਤਾ ਪੂਰੀ ਤਰ੍ਹਾਂ ਉਲਟ-ਇਨਕਲਾਬੀ ਆਰਜ਼ੀ ਸਰਕਾਰ ਦੇ ਹਥਾਂ ਵਿਚ ਚਲੀ ਗਈ।

ਸਫਾ ੮੨

31. **ਕੋਰਨੀਲੋਵ ਬਗ਼ਾਵਤ** — ਅਗਸਤ ੧੯੧੭ ਵਿਚ ਰੂਸੀ ਬੁਰਜੂਆਜ਼ੀ ਦੀ ਉਲਟ-ਇਨਕਲਾਬੀ ਸਾਜ਼ਸ਼। ਇਸਦੀ ਅਗਵਾਈ ਜਰਨੈਲ ਕੋਰਨੀਲੋਵ ਨੇ ਕੀਤੀ ਤੇ ਉੱਚ-ਅਹੁਦਿਆਂ ਵਾਲੇ ਅਫਸਰ ਇਸਦੀ ਹਮਾਇਤ ਕਰਦੇ ਸਨ। ਉਹਨਾਂ ਦਾ ਪਲਾਨ ਜੁਨਕਰ ਤੇ ਕੱਸਾਕ ਫੌਜਾਂ ਦੀ ਸਹਾਇਤਾ ਨਾਲ ਇਨਕਲਾਬੀ ਪੀਤਰੋਗਰਾਦ ਉਪਰ ਕਬਜ਼ਾ ਕਰਨਾ, ਬਾਲਸ਼ਵਿਕ ਪਾਰਟੀ ਨੂੰ ਕੁਚਲਣਾ, ਸੋਵੀਅਤਾਂ ਨੂੰ ਤੋੜਨਾ ਤੇ ਫੌਜੀ ਡਿਕਟੇਟਰਸ਼ਿਪ ਸਥਾਪਤ ਕਰਨਾ ਸੀ।

ਬਾਲਸ਼ਵਿਕ ਪਾਰਟੀ ਦੀ ਕੇਂਦਰੀ ਕਮੇਟੀ ਦੇ ਸੱਦੇ ਦੇ ਜਵਾਬ ਵਿਚ ਪੀਤਰੋਗਰਾਦ ਦੇ ਮਜ਼ਦੂਰ, ਇਨਕਲਾਬੀ ਜਹਾਜ਼ੀ ਤੇ ਸਿਪਾਹੀ ਇਨਕਲਾਬ ਦੀ ਰਾਖੀ ਲਈ ਉੱਠ ਖੜੇ ਹੋਏ ਤੇ ਕੋਰਨੀਲੋਵ ਬਗ਼ਾਵਤ ਨੂੰ ਹਰਾ ਦਿਤਾ। ਜਨਤਕ ਦਬਾਅ ਹੇਠ ਆਰਜ਼ੀ ਸਰਕਾਰ ਕੋਰਨੀਲੋਵ ਤੇ ਉਸਦੇ ਪਿਛਲੱਗਾਂ ਦੀ ਗ੍ਰਿਫਤਾਰੀ ਤੇ ਮੁਕਦਮੇ ਲਈ ਵਾਰੰਟ ਜਾਰੀ ਕਰਨ ਲਈ ਮਜਬੂਰ ਹੋ ਗਈ। ਇਸ ਨਾਲ ਬੁਰਜੂਆਜ਼ੀ ਤੇ ਭੂਮੀਪਤੀਆਂ ਵਲੋਂ ਇਨਕਲਾਬ ਨੂੰ ਕੁਚਲਣ ਦੇ ਯਤਨ ਦੀ ਅਸਫਲਤਾ ਹੋਈ। ਕੋਰਨੀਲੋਵ ਬਗਾਵਤ ਦੀ ਹਾਰ ਤੋਂ ਪਿਛੋਂ, ਜਨਤਾ ਵਿਚ ਬਾਲਸ਼ਵਿਕ ਪਾਰਟੀ ਦਾ ਪ੍ਰਭਾਵ ਬਹੁਤ ਜ਼ਿਆਦਾ ਵਧ ਗਿਆ ਤੇ ਸਾਰੇ ਦੇਸ ਵਿਚ ਸੋਵੀਅਤਾਂ ਵਿਚ ਬਾਲਸ਼ਵਿਕ ਪ੍ਰਤਿਨਿਧਤਾ ਵਧ ਗਈ।

ਸਫਾ ੮੨

32. ਇਥੇ ਹਵਾਲਾ ਲ. ਬ. ਕਾਮੇਨੇਵ, ਗ. ਯ. ਜ਼ਿਨੋਵੀਏਵ, ਅ. ਇ. ਰੀਕੋਵ ਤੇ ਪਾਰਟੀ ਦੀ ਕੇਂਦਰੀ ਕਮੇਟੀ ਤੇ ਸੋਵੀਅਤ ਸਰਕਾਰ ਦੇ ਕੁਝ ਹੋਰ ਮੈਂਬਰਾਂ ਦੇ ਭਾਂਜਵਾਦੀ ਵਤੀਰੇ ਵੱਲ ਹੈ ਜਿਨ੍ਹਾਂ ਨੇ, ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ, ਸੋਸ਼ਲਿਸਟ-ਇਨਕਲਾਬੀਆਂ ਦੀ "ਇਕਸਾਰ ਸੋਸ਼ਲਿਸਟ ਸਰਕਾਰ" ਦੀ ਮੰਗ ਦੀ ਹਿਮਾਇਤ ਕੀਤੀ।

ਸਫਾ ੮੨

33. **ਆਵਕਸੇਂਤੀਏਵ** — ਸੋਸ਼ਲਿਸਟ-ਇਨਕਲਾਬੀਆਂ ਦੀ ਪਾਰਟੀ ਦਾ ਇਕ ਆਗੂ, ਕੇਰੇਂਸਕੀ ਦੀ ਹਕੂਮਤ ਵਿਚ ਗ੍ਰਹਿ ਮੰਤਰੀ।

ਸਫਾ ੮੨

34. ਕਰਾਸਨੋਵ — ਜ਼ਾਰਸ਼ਾਹੀ ਫੌਜ ਦਾ ਜਰਨੈਲ, ਸੋਵੀਅਤ ਸੱਤਾ ਦੇ ਖਿਲਾਫ ਹਥਿਆਰਬੰਦ ਘੋਲ ਜਥੇਬੰਦ ਕਰਨ ਵਾਲਿਆਂ ਦਾ ਇਕ ਆਗੂ।

ਸਫਾ ੮੩

35. ਸੋਵੀਅਤ ਸਰਕਾਰ ਨੇ ਰੂਸ ਦੀ ਜ਼ਾਰਸ਼ਾਹੀ ਸਰਕਾਰ (ਤੇ ਮਗਰੋਂ ਬੁਰਜੂਆ ਆਰਜ਼ੀ ਸਰਕਾਰ) ਤੇ ਬਰਤਾਨੀਆ, ਫਰਾਂਸ, ਇਟਲੀ, ਜਾਪਾਨ, ਆਸਟਰੀਆ-ਹੰਗਰੀ ਤੇ ਦੂਜੀਆਂ ਸਾਮਰਾਜੀ ਤਾਕਤਾਂ ਦੀਆਂ ਸਰਕਾਰਾਂ ਵਿਚਕਾਰ ਖੁਫੀਆ ਡਿਪਲੋਮੈਟਿਕ ਰੀਕਾਰਡਾਂ ਤੇ ਖੁਫੀਆ ਸੰਧੀਆਂ ਨੂੰ ਪ੍ਰਕਾਸ਼ਤ ਕਰ ਦਿਤਾ।

ਸਫਾ ੯੩

36. **ਰਾਸਪੂਤੀਨ, ਗ. ਯ.** — ਇਕ ਮਾਅਰਕੇਬਾਜ਼ ਜਿਸਦਾ ਜ਼ਾਰ ਨਿਕੋਲਾਸ ਦੂਜੇ ਦੇ ਦਰਬਾਰ ਵਿਚ ਕਾਫੀ ਪ੍ਰਭਾਵ ਸੀ।

ਸਫਾ ੯੪

37. ਇਥੇ ਹਵਾਲਾ ਜ਼ਾਰ ਵੱਲ ਵਫਾਦਾਰੀ ਦੀ ਸਹੁੰ ਵੱਲ ਹੈ ਜਿਸ ਉੱਪਰ ਤੀਜੀ ਰਾਜ ਦੂਮਾ ਦੇ ਸਾਰੇ ਡਿਪਟੀਆਂ ਨੂੰ ਦਸਖਤ ਕਰਨੇ ਪੈਂਦੇ ਸਨ। ਸੋਸ਼ਲ-ਡੈਮੋਕਰੈਟ ਡਿਪਟੀਆਂ ਨੇ ਬਾਕੀਆਂ ਨਾਲ ਰਲ ਕੇ ਦਸਖਤ ਕੀਤੇ ਕਿਉਂਕਿ ਦਸਖਤ ਕਰਨ ਤੋਂ ਇਨਕਾਰ ਕਰਨ ਦਾ ਮਤਲਬ ਦੂਮਾ ਦੇ ਮੰਚ ਦਾ ਖੁੱਸਣਾ ਸੀ, ਜਿਸਦੀ ਉਹਨਾਂ ਨੂੰ ਇਨਕਲਾਬੀ ਘੋਲ ਵਾਸਤੇ ਪ੍ਰੋਲਤਾਰੀਆਂ ਨੂੰ ਲਾਮਬੰਦ ਕਰਨ ਲਈ ਲੋੜ ਸੀ।

ਸਫਾ ੯੪

38. ਇਹ ਸ਼ਬਦ ਵ. ਵ. ਓਬੋਲਿੰਸਕੀ (ਨ. ਓਸਿੰਸਕੀ) ਵਲੋਂ ੨੧ ਜਨਵਰੀ (੩ ਫਰਵਰੀ), ੧੯੧੮ ਨੂੰ ਪਾਰਟੀ ਕੇਂਦਰੀ ਕਮੇਟੀ ਦੀ ਮੀਟਿੰਗ ਲਈ ਲਿਖੇ ਆਪਣੇ "ਜੰਗ ਤੇ ਅਮਨ ਦੇ ਸਵਾਲ ਬਾਰੇ ਪ੍ਰਸਤਾਵਾਂ" ਵਿਚ ਵਰਤਿਆ ਗਿਆ ਸੀ; ਇਹ ੧੪ ਮਾਰਚ ਨੂੰ "ਖੱਬੇ" ਕਮਿਊਨਿਸਟਾਂ ਦੇ ਅਖਬਾਰ "ਕੋਮੂਨਿਸਤ" ਦੇ ਨੰ: ੮ ਵਿਚ ਪ੍ਰਕਾਸ਼ਤ ਹੋਏ। ਓਬੋਲਿੰਸਕੀ ਨੇ ਵਿਆਖਿਆ ਕੀਤੀ: "ਇਨਕਲਾਬੀ ਜੰਗ, ਰਣਭੂਮੀ

ਵਿਚ ਘਰੇਲੂ ਜੰਗ ਦੇ ਤੌਰ ਤੇ, ਰਣਨੀਤਕ ਕਾਰਜਾਂ ਵਿਚ ਜੁੱਟੀਆਂ ਕੌਮੀ ਫੌਜਾਂ ਵਲੋਂ ਕੀਤੀਆਂ ਗਈਆਂ ਬਾਕਾਇਦਾ ਫੌਜੀ ਕਾਰਵਾਈਆਂ ਦੇ ਖਾਸੇ ਵਿਚ ਨਹੀਂ ਹੋ ਸਕਦੀ... ਫੌਜੀ ਕਾਰਵਾਈ ਗੁਰੀਲਾ ਜੰਗ ਦਾ ਖਾਸਾ (ਬੈਰੀਕੇਡਾਂ ਦੀ ਲੜਾਈ ਵਰਗਾ ਹੀ) ਧਾਰਨ ਕਰ ਜਾਂਦੀ ਹੈ ਜਿਸ ਨਾਲ ਜਮਾਤੀ ਲੀਹਾਂ ਉਪਰ ਅੰਦੋਲਨ ਮਿਲ ਜਾਂਦਾ ਹੈ।"

ਸਫਾ ੯੬

39. **ਮੈਕਸ ਹਾਫਮੈਨ** — ਜਰਮਨ ਜਰਨੈਲ। ਸਤੰਬਰ ੧੯੧੬ ਵਿਚ ਉਹ ਚੀਫ ਆਫ ਸਟਾਫ ਬਣ ਗਿਆ ਤੇ ਅਸਲ ਵਿਚ ਪੂਰਬੀ ਮਹਾਜ਼ ਉਪਰ ਜਰਮਨ ਫੌਜਾਂ ਦਾ ਕਮਾਂਡਰ ਸੀ। ਉਸਨੇ ਸੋਵੀਅਤ ਰੂਸ ਤੇ ਆਸਟਰੋ-ਜਰਮਨ ਕੁਲੀਸ਼ਨ ਵਿਚਕਾਰ ਬਰੇਸਤ ਗੱਲਬਾਤ ਵਿਚ ਉਘਾ ਰੋਲ ਅਦਾ ਕੀਤਾ।

ਸਫਾ ੯੯

40. ਦੇਖੋ ਨੋਟ 22।

ਸਫਾ ੧੦੦

41. ਪੀਤਰੋਗਰਾਦ ਵਿਚ ਪੂਤੀਲੋਵ ਵਰਕਸ ਵਿਚ ਲੱਗੇ ਮਜ਼ਦੂਰ।

ਸਫਾ ੧੦੧

42. ਲਗਦਾ ਹੈ ਕਿ ਲੈਨਿਨ ੧੮ ਫਰਵਰੀ ਨੂੰ ਜਰਮਨ ਹਮਲੇ ਦੇ ਸ਼ੁਰੂ ਹੋਣ ਤੇ ੨੮ ਫਰਵਰੀ, ੧੯੧੮ ਨੂੰ ਸੋਵੀਅਤ ਪ੍ਰਤਿਨਿਧ ਮੰਡਲ ਦੇ ਬਰੇਸਤ-ਲਿਤੋਵਸਕ ਪੁੱਜਣ ਵਿਚਲੇ ਸਮੇਂ ਦਾ ਹਵਾਲਾ ਦੇ ਰਹੇ ਹਨ। ਜਰਮਨ ਹਮਲਾ ੩ ਮਾਰਚ ਤੱਕ ਜਾਰੀ ਰਿਹਾ। ਜਿਸ ਦਿਨ ਕਿ ਅਮਨ ਸੰਧੀ ਉੱਪਰ ਦਸਖਤ ਕੀਤੇ ਗਏ।

ਸਫਾ ੧੦੧

43. **ਪੇਤਲੀਊਰਾ**, — ਯੂਕਰੇਨ ਵਿਚ ਬੁਰਜੂਆ ਕੌਮ-ਪ੍ਰਸਤ ਆਗੂ।

ਸਫਾ ੧੦੮

44. ਹਵਾਲਾ ਫਰਾਂਸੀਸੀ ਅਫਸਰ ਕੋਮਤੇ ਦੇ ਲੂਬੇਰਸਾਕ ਨਾਲ ਹੋਈ ਗੱਲਬਾਤ ਵੱਲ ਹੈ, ਜਿਹੜੀ ੨੭ ਫਰਵਰੀ, ੧੯੧੮ ਨੂੰ ਹੋਈ।

ਸਫਾ ੧੦੯

45. ਹਵਾਲਾ ਫੌਜੀ ਮਾਮਲਿਆਂ ਲਈ ਲੋਕ ਕਮਿਸਰੇਤ ਵਲੋਂ ਵਾਲੰਟਰੀ ਫੌਜੀ ਸਿਖਲਾਈ ਲੈਣ ਲਈ ਸਾਰੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਜਾਰੀ ਕੀਤੀ ਗਈ ਅਪੀਲ ਵੱਲ

ਹੈ। ਇਸ ਦਈ ਵਾਲੰਟਰੀ ਰਹਿਣ ਾਲਾਜ਼ਮੀ ਸੀ ਕਿਉਂਕਿ ਬਰੇਸਤ-ਲਿਤੋਵਸਕ ਸੰਧੀ ਦੀਆਂ ਸ਼ਰਤਾਂ ਹੇਠ ਰੂਸੀ ਫੌਜ ਪੂਰੀ ਤਰ੍ਹਾਂ ਤੋੜੀ ਜਾਣੀ ਸੀ। ਇਹ ਅਪੀਲ ੫ ਮਾਰਚ, ੧੯੧੮ ਨੂੰ ਅਖਬਾਰ "ਇਜ਼ਵੇਸਤੀਆ ਵ. ਤਸ. ਇ. ਕ." ਨੰ: ੪੦ ਵਿਚ ਛਪੀ।

ਸਫਾ ੧੧੦

46. **ਕਾਨੋਸਾ**— ਉੱਤਰੀ ਇਟਲੀ ਵਿਚ ਇਕ ਕਿਲ੍ਹਾ ਜਿਹੜਾ ੧੦੭੭ ਵਿਚ ਜਰਮਨ ਸ਼ਹਿਨਸ਼ਾਹ ਹੈਨਰੀ ਚੌਥੇ ਵਲੋਂ ਪੋਪ ਗਰੈਗਰੀ ਸਤਵੇਂ ਸਾਮ੍ਹਣੇ ਕੀਤੇ ਗਏ ਤਪ ਦੀ ਥਾਂ ਵਜੋਂ ਮਸ਼ਹੂਰ ਹੈ। ਇਥੋਂ ਵਾਕੰਸ਼ "ਕਾਨੋਸਾ ਨੂੰ ਜਾਣਾ" ਬਣਿਆ, ਅਰਥਾਤ ਐਸੇ ਵਿਅਕਤੀ ਸਾਮ੍ਹਣੇ ਆਪਣੇ ਆਪ ਨੂੰ ਨੀਵਿਆਂ ਕਰਨਾ ਜਿਸਦਾ ਪਹਿਲਾਂ ਵਿਰੋਧ ਕੀਤਾ ਗਿਆ ਸੀ।

ਸਫਾ ੧੧੦

47. ਸੋਵੀਅਤ ਸਰਕਾਰ ਤੇ ਚਾਰ ਧਿਰੇ ਗਠਜੋੜ (ਜਰਮਨੀ, ਆਸਟਰੀਆ-ਹੰਗਰੀ, ਬਲਗਾਰੀਆ ਤੇ ਤੁਰਕੀ) ਦੀਆਂ ਤਾਕਤਾਂ ਵਿਚਕਾਰ ੨(੧੫) ਦਸੰਬਰ, ੧੯੧੭ ਨੂੰ ਬਰੇਸਤ-ਲਿਤੋਵਸਕ ਵਿਚ ਹੋਏ ਜੰਗਬੰਦੀ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ, ਕੋਈ ਵੀ ਧਿਰ ਸੱਤਾਂ ਦਿਨਾਂ ਦੇ ਨੋਟਿਸ ਨਾਲ ਲੜਾਈ ਮੁੜ-ਸ਼ੁਰੂ ਕਰ ਸਕਦੀ ਸੀ। ਇਸ ਮਦ ਦੀ ਉਲੰਘਣਾ ਕਰਦਿਆਂ ਜਰਮਨ ਫੌਜੀ ਕਮਾਂਡ ਨੇ ੧੮ ਫਰਵਰੀ ਨੂੰ, ਜੰਗਬੰਦੀ ਰੱਦ ਕਰਨ ਦੇ ਸਿਰਫ ਦੋ ਹੀ ਦਿਨ ਮਗਰੋਂ, ਹਮਲਾ ਸ਼ੁਰੂ ਕਰ ਦਿਤਾ।

ਸਫਾ ੧੧੨

48. ਇਥੇ ਹਵਾਲਾ ਉਲਟ-ਇਨਕਲਾਬੀ ਯੂਕਰੇਨੀਅਨ ਰਾਦਾ ਨਾਲ ਅਮਨ ਸਮਝੌਤਾ ਕਰਨ ਵੱਲ ਹੈ। (ਦੇਖੋ ਨੋਟ ੩)

ਸਫਾ ੧੧੨

49. **੧੨ ਮਾਰਚ** ਅਮਨ ਸੰਧੀ ਦੇ ਪੁਸ਼ਟੀਕਰਨ ਬਾਰੇ ਫੈਸਲਾ ਕਰਨ ਲਈ ਸੋਵੀਅਤਾਂ ਦੀ ਅਸਾਧਾਰਨ ਚੌਥੀ ਕੁੱਲ-ਰੂਸ ਕਾਂਗਰਸ ਦੀ ਮੀਟਿੰਗ ਲਈ ਆਰਜ਼ੀ ਤਰੀਕ ਸੀ। ਇਹ ਅਸਲ ਵਿਚ ੧੪-੧੬ ਮਾਚਰ, ੧੯੧੮ ਨੂੰ ਹੋਈ।

ਸਫਾ ੧੧੩

50. ਇਹ ਤੁਕਾਂ ਨਿਕੋਲਾਈ ਨੇਕਰਾਸੋਵ ਦੀ ਨਜ਼ਮ "ਰੂਸ ਵਿਚ ਕਿਸਦੀ ਜ਼ਿੰਦਗੀ ਜਿਉਣ ਯੋਗ ਹੈ" ਵਿਚੋਂ ਲਈਆਂ ਗਈਆਂ ਹਨ।

ਸਫਾ ੧੧੯

51. ਹਵਾਲਾ ਮੇਨਸ਼ਵਿਕ ਤੇ ਸੋਸ਼ਲਿਸਟ-ਇਨਕਲਾਬੀ ਪਾਰਟੀਆਂ ਵੱਲ ਹੈ, ਜਿਹੜੀਆਂ ਮਜ਼ਦੂਰਾਂ, ਕਿਸਾਨਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਵਿਚ ਪ੍ਰਤਿਨਿਧਤ ਸਨ, ਪਰ ਜਿਹੜੀਆਂ ਛੇਤੀ ਹੀ ਉਲਟ-ਇਨਕਲਾਬ ਵੱਲ ਚਲੀਆਂ ਗਈਆਂ। ੧੪ ਜੂਨ, ੧੯੧੮ ਨੂੰ ਕੁਲ-ਰੂਸ ਕੇਂਦਰੀ ਕਾਰਜ-ਕਰਨੀ ਕਮੇਟੀ ਨੇ ਉਲਟ-ਇਨਕਲਾਬੀ ਸੋਸ਼ਲਿਸਟ-ਇਨਕਲਾਬੀਆਂ (ਸੱਜੇ ਧੜੇ ਵਾਲਿਆਂ ਤੇ ਕੇਂਦਰ ਵਾਲਿਆਂ ਨੂੰ) ਤੇ ਮੇਨਸ਼ਵਿਕਾਂ ਨੂੰ ਕਮੇਟੀ ਵਿਚੋਂ ਤੇ ਸਥਾਨਕ ਸੋਵੀਅਤਾਂ ਵਿਚੋਂ ਕੱਢਣ ਦਾ ਫੈਸਲਾ ਲਿਆ। ਇਹ ਫੈਸਲਾ ੧੮ ਜੂਨ ਨੂੰ "ਇਜ਼ਵੇਸਤੀਆ ਵ. ਤਸ. ਇ. ਕ." ਦੇ ਨੰ: ੧੨੩ ਵਿਚ ਪ੍ਰਕਾਸ਼ਤ ਹੋਇਆ।

ਸਫ਼ਾ ੧੨੫

52. **ਕੈਡਿਟ** — ਵਿਧਾਨਿਕ ਜਮਹੂਰੀ ਪਾਰਟੀ ਦੇ ਮੈਂਬਰ, ਜਿਹੜੀ ਰੂਸ ਵਿਚ ਉਦਾਰਵਾਦੀ-ਸ਼ਾਹਪ੍ਰਸਤ ਬੁਰਜੂਆਜ਼ੀ ਦੀ ਮੁਖ ਰਾਜਸੀ ਜਥੇਬੰਦੀ ਸੀ, ਜਿਸਦੀ ਨੀਂਹ ਅਕਤੂਬਰ ੧੯੦੫ ਵਿਚ ਰੱਖੀ ਗਈ। ਸਰਮਾਇਦਾਰ, ਭੂਮੀਪਤੀ ਤੇ ਬੁਰਜੂਆ ਬੁਧੀਮਾਨ ਇਸਦੇ ਮੈਂਬਰ ਸਨ। ਕੈਡਿਟ ਆਖਰ ਵਿਕਾਸ ਕਰਕੇ ਸਾਮਰਾਜੀ ਬੁਰਜੂਆਜ਼ੀ ਦੀ ਪਾਰਟੀ ਬਣ ਗਏ। ਪਹਿਲੀ ਸੰਸਾਰ ਜੰਗ ਦੇ ਦੌਰਾਣ ਉਹਨਾਂ ਨੇ ਜ਼ਾਰਸ਼ਾਹੀ ਸਰਕਾਰ ਦੀ ਧਾੜਵੀਆਨਾ ਨੀਤੀ ਦੀ ਸਰਗਰਮ ਹਿਮਾਇਤ ਕੀਤੀ। ਫਰਵਰੀ ੧੯੧੭ ਦੇ ਬੁਰਜੂਆ-ਜਮਹੂਰੀ ਇਨਕਲਾਬ ਦੇ ਦੌਰਾਣ ਉਹਨਾਂ ਨੇ ਤਾਜਸ਼ਾਹੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ: ਬੁਰਜੂਆ ਆਰਜ਼ੀ ਸਰਕਾਰ ਵਿਚ ਬੁਨਿਆਦੀ ਰੋਲ ਅਦਾ ਕਰਦਿਆਂ, ਉਹਨਾਂ ਨੇ ਲੋਕ-ਹਿਤਾਂ ਦੇ ਉਲਟ ਜਾਂਦੀ ਉਲਟ-ਇਨਕਲਾਬੀ ਨੀਤੀ ਚਲਾਈ। ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ, ਉਹ ਸੋਵੀਅਤ ਸੱਤਾ ਦੇ ਕੱਟੜ ਦੁਸ਼ਮਨ ਬਣ ਗਏ ਤੇ ਸੋਵੀਅਤ ਰੂਸ ਦੇ ਖਿਲਾਫ ਸਾਰੀਆਂ ਹਥਿਆਰਬੰਦ ਉਲਟ-ਇਨਕਲਾਬੀ ਕਾਰਵਾਈਆਂ ਤੇ ਦਖਲਬਾਜ਼ ਮੁਹਿੰਮਾਂ ਵਿਚ ਹਿਸਾ ਲਿਆ। ਦਖਲਬਾਜ਼ਾਂ ਤੇ ਸਫੇਦਗਾਰਦਾਂ ਦੀ ਹਾਰ ਪਿਛੋਂ, ਕੈਡਿਟ ਆਪਣੀ ਸੋਵੀਅਤ-ਵਿਰੋਧੀ ਉਲਟ-ਇਨਕਲਾਬੀ ਸਰਗਰਮੀ ਜਾਰੀ ਰੱਖਣ ਲਈ ਬਦੇਸ਼ੀਂ ਨੱਠ ਗਏ।

ਸਫ਼ਾ ੧੩੩

53. ਬਰੇਸਤ-ਲਿਤੋਵਸਕ ਅਮਨ ਸੰਧੀ ਦੇ ਪੁਸ਼ਟੀਕਰਨ ਦੇ ਸਵਾਲ ਉਤੇ ਬ. ਦ. ਕਾਮਕੋਵ ਦੀ ਸਹਿ-ਰੀਪੋਰਟ ਵੱਲ ਹਵਾਲਾ।

ਸਫ਼ਾ ੧੪੭

54. ਮੇਨਸ਼ਵਿਕ ਲ. ਮਾਰਤੋਵ ਨੇ ਇਸ ਦਲੀਲ ਨਾਲ ਕਿ ਡੈਲੀਗੇਟਾਂ ਨੂੰ ਸੰਧੀ ਦੇ ਵਸਤੂ ਬਾਰੇ ਕੁਝ ਪਤਾ ਨਹੀਂ, ਉਹਨਾਂ ਦੀ ਤੁਲਨਾ ਉਹਨਾਂ ਕਿਸਾਨਾਂ ਨਾਲ ਕੀਤੀ

ਜਿਨ੍ਹਾਂ ਨੂੰ ਸਥਾਨਕ ਇਕੱਠਾਂ ਵਿਚ ਅਧਿਕਾਰੀ ਕਾਗਜ਼ਾਂ ਉਪਰ **ਦਸਖਤ ਕਰਨ ਲਈ ਮਜਬੂਰ** ਕਰ ਦੇਂਦੇ ਸਨ, ਬਿਨਾਂ ਇਹ ਜਾਨਿਆਂ ਕਿ ਉਹਨਾਂ ਵਿਚ **ਕੀ ਲਿਖਿਆ ਸੀ।**

**ਸਫਾ ੧੪੭**

55. "**ਵਪੀਰੀਓਦ**" ("ਅੱਗੇ ਵਧੋ")—ਮਾਰਚ ੧੯੧੭ ਤੋਂ ਮਾਸਕੋ ਤੋਂ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ ਮੇਨਸ਼ਵਿਕ ਰੋਜ਼ਾਨਾ ਅਖਬਾਰ।

ਸਫਾ ੧੬੪

56. **ਨਾਰਸੀਸਸ** — ਪੁਰਾਤਨ ਯੂਨਾਨੀ ਮਿਥਿਹਾਸ ਵਿਚ ਸੁੰਦਰ ਨੌਜਵਾਨ, ਜਿਹੜਾ ਆਪਣੇ ਪ੍ਰਤਿਬਿੰਬ ਨਾਲ ਹੀ ਪਿਆਰ ਕਰਨ ਲਗ ਪਿਆ ਸੀ। ਅਲੰਕਾਰਕ ਅਰਥਾਂ ਵਿਚ ਆਪਣੇ ਆਪ ਨੂੰ ਪਿਆਰ ਕਰਨ ਵਾਲਾ ਬੰਦਾ।

ਸਫਾ ੧੭੭

57. **ਨੋਜ਼ਦਰੀਓਵ** — ਨਿਕੋਲਾਈ ਗੋਗੋਲ ਦੇ "ਮੁਰਦਾ ਰੂਹਾਂ" ਵਿਚ ਇਕ ਪਾਤਰ, ਜੋ ਕਿ ਮੀਸਨੇ, ਬਦਮਿਜ਼ਾਜ ਤੇ ਝੂਠੇ ਵਿਅਕਤੀ ਨੂੰ ਪੇਸ਼ ਕਰਦਾ ਹੈ।

ਸਫਾ ੧੭੯

58. ਓਤਜ਼ੋਵਵਾਦ ਤੇ ਇਸਦੀ ਵੰਨਗੀ ਅਲਟੀਮੇਟਮਵਾਦ ਵੱਲ ਹਵਾਲਾ। ਇਨਕਲਾਬੀ ਲੱਫਾਜ਼ੀ ਦੇ ਪਰਦੇ ਹੇਠ ਓਤਜ਼ੋਵਵਾਦੀਆਂ ਨੇ ਸੋਸ਼ਲ-ਡੈਮੋਕਰੈਟਿਕ ਡਿਪਟੀਆਂ ਨੂੰ ਤੀਜੀ ਦੂਮਾ ਤੋਂ ਵਾਪਸ ਬੁਲਾ ਲੈਣ ਤੇ ਕਾਨੂੰਨੀ ਟਰੇਡ ਯੂਨੀਅਨਾਂ, ਸਹਿਕਾਰੀ ਸਭਾਵਾਂ ਆਦਿ ਨਾਲ ਸੰਬੰਧ ਤੋੜਣ ਦੀ ਮੰਗ ਕੀਤੀ।

ਸਫਾ ੧੮੨

59. ੬ (੧੯) ਅਗਸਤ, ੧੯੦੫ ਦਾ ਜ਼ਾਰ ਦਾ ਮੈਨੀਫੈਸਟੋ ਰਾਜਕੀ ਦੂਮਾ ਨੂੰ ਸਥਾਪਤ ਕਰਦਾ ਤੇ ਇਸ ਵਾਸਤੇ ਚੋਣਾਂ ਉਪਰ ਲਾਗੂ ਹੁੰਦੇ ਨਿਯਮਾਂ ਨੂੰ ਉਲ੍ਹੀਕਦਾ ਇਕ ਕਾਨੂੰਨ ਸੀ। ਦੂਮਾ ਦਾ ਨਾਂ ਗ੍ਰਹਿ ਮੰਤਰੀ ਬੁਲੀਗਿਨ ਦੇ ਨਾਂ ਉਤੇ ਰਖਿਆ ਗਿਆ, ਜਿਸਨੇ ਜ਼ਾਰ ਦੀਆਂ ਹਦਾਇਤਾਂ ਤੇ ਡਰਾਫਟ ਕਾਨੂੰਨ ਤਿਆਰ ਕੀਤਾ ਸੀ। ਡਰਾਫਟ ਕਾਨੂੰਨ ਅਨੁਸਾਰ, ਦੂਮਾ ਨੂੰ ਕੋਈ ਵਿਧਾਨਸਾਜ਼ ਤਾਕਤਾਂ ਨਹੀਂ ਸਨ ਮਿਲਦੀਆਂ ਸਗੋਂ ਇਹ ਜ਼ਾਰ ਦੇ ਸਲਾਹਕਾਰੀ ਅਦਾਰੇ ਵਜੋਂ ਕੁਝ ਸਵਾਲਾਂ ਉੱਪਰ ਸਿਰਫ ਵਿਚਾਰ ਕਰ ਸਕਦੀ ਸੀ। ਬਾਲਸ਼ਵਿਕਾਂ ਨੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਇਸ ਨਾਲ ਬਾਈਕਾਟ ਕਰਨ ਲਈ ਕਿਹਾ। ਕੋਈ ਚੋਣਾਂ ਨਾ ਹੋਈਆਂ ਤੇ ਸਰਕਾਰ ਦੂਮਾ ਬੁਲਾਉਣ ਤੋਂ ਅਸਮਰੱਥ ਰਹੀ।

ਸਫਾ ੧੮੩

60. ਕਿਸੇ ਭੜਕਾਊ-ਏਜੰਟ ਦੀ ਰੀਪੋਰਟ ਉਤੇ, ੫ (੧੮) ਨਵੰਬਰ, ੧੯੧੪ ਨੂੰ, ਜੰਗ ਦੇ ਸਵਾਲ ਉਪਰ ਬਾਲਸ਼ਵਿਕ ਕਾਨਫਰੰਸ ਸ਼ੁਰੂ ਹੋਣ ਤੋਂ ਅਗਲੇ ਦਿਨ, ਚੌਥੀ ਦੂਮਾ ਵਿਚ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਗਰੁਪ ਦੇ ਮੈਂਬਰ ਪੰਜ ਬਾਲਸ਼ਵਿਕ ਡਿਪਟੀਆਂ ਨੂੰ ਗਰਿਫਤਾਰ ਕਰ ਲਿਆ ਗਿਆ। ਜ਼ਾਰਸ਼ਾਹੀ ਸਰਕਾਰ ਨੇ ਬਾਲਸ਼ਵਿਕ ਡਿਪਟੀਆਂ ਉਪਰ "ਅਤਿ ਦੀ ਗ਼ੱਦਾਰੀ" ਦਾ ਦੋਸ਼ ਲਾਇਆ, ਉਹਨਾਂ ਨੂੰ ਪਾਰਲੀਮੈਂਟਰੀ ਸੁਰਖਿਆ ਦੇ ਹੱਕ ਤੋਂ ਵਾਂਝਿਆ ਕਰ ਦਿਤਾ ਗਿਆ ਤੇ ਜ਼ਿੰਦਗੀ ਭਰ ਲਈ ਪੂਰਬੀ ਸਾਇਬੇਰੀਆ ਭੇਜ ਦਿਤਾ ਗਿਆ।

ਸਫ਼ਾ ੧੮੭

## ਪਾਠਕ ਨੂੰ

ਜੇ ਤੁਸੀਂ ਸਾਨੂੰ ਲਿਖੋ ਤੇ ਦੱਸੋ, ਇਸ ਕਿਤਾਬ ਦਾ ਅਨੁਵਾਦ, ਡੀਜ਼ਾਈਨ ਤੇ ਛਪਾਈ ਤੁਹਾਨੂੰ ਕਿਹੋ ਜਿਹੀ ਲਗੀ ਹੈ, ਤਾਂ ਅਸੀਂ ਤੁਹਾਡੇ ਬਹੁਤ ਹੀ ਸ਼ੁਕਰਗੁਜ਼ਾਰ ਹੋਵਾਂਗੇ। ਆਪਣੀਆਂ ਅੱਗੋਂ ਜਾ ਕੇ ਛਾਪੀਆਂ ਜਾਣ ਵਾਲੀਆਂ ਕਿਤਾਬਾਂ ਬਾਰੇ ਤੁਹਾਡੇ ਸੁਝਾਵਾਂ ਦਾ ਵੀ ਅਸੀਂ ਸੁਆਗਤ ਕਰਾਂਗੇ। ਸਾਡਾ ਪਤਾ ਹੈ:

ਪ੍ਰਗਤੀ ਪ੍ਰਕਾਸ਼ਨ,
੨੧, ਜ਼ੂਬੋਵਸਕੀ ਬੂਲੇਵਾਰ,
ਮਾਸਕੋ, ਸੋਵੀਅਤ ਯੂਨੀਅਨ

В. И. ЛЕНИН

О РЕВОЛЮЦИОННОЙ ФРАЗЕ

*На языке панджаби*